# ਮੌਜੂਦਾ ਵਿਕਾਸ ਬਨਾਮ ਮੇਹਨਤਕਸ਼

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ.**

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਮੌਜੂਦਾ ਵਿਕਾਸ ਬਨਾਮ ਮੇਹਨਤਕਸ਼

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

**ਡਿਪਟੀ ਮੈਡੀਕਲ ਕਮਿਸ਼ਨਰ**

ਬੀਬੀ ਵਾਲਾ ਰੋਡ, ਗਲੀ ਨੰਬਰ 6,
ਬਠਿੰਡਾ।
ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ

ਫ਼ੋਨ : 01679-233244 ਫ਼ੈਕਸ : 241744

e-mail : anu_bnl@yahoo.com

www.tarksheel.com

**ਛਾਪਕ : ਸੋਨੀ ਆਫ਼ਸੈੱਟ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** 100/-

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    ਭਾਗ-1
    ਭਾਗ-2
    ਭਾਗ-3
    ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ

# ਪੂੰਜੀਵਾਦ ’ਚ ਵਿਕਾਸ ਤੇ ਮਜ਼ਦੂਰ ਜਮਾਤ

ਹਾਕਮ ਜਮਾਤ ਹਮੇਸ਼ਾ ਹੀ ਦੇਸ਼ ਤੇ ਵਿਕਾਸ ਦੀ ਗੱਲ ਕਰਦੀ ਹੈ। ਇਸ ਨਾਲ ਇਹ ਮਜ਼ਦੂਰ ਜਮਾਤ ਨੂੰ ਇਹ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਦੇਸ਼ ਦੇ ਵਿਕਾਸ ਨਾਲ ਮਜ਼ਦੂਰ ਜਮਾਤ ਦਾ ਵੀ ਵਿਕਾਸ ਹੋਵੇਗਾ। ਯਾਨੀ ਮਜ਼ਦੂਰ ਜਮਾਤ ਦੀ ਹਾਲਤ ਬੇਹਤਰ ਹੋਵੇਗੀ, ਉਸ ਦੀ ਜ਼ਿੰਦਗੀ ’ਚ ਖੁਸ਼ਹਾਲੀ ਆਵੇਗੀ। ਪੂੰਜੀਪਤੀ ਜਮਾਤ ਦੇ ਪਿਛਲੱਗ ਲੋਕ ਵੀ ਇਸ ਦਾ ਪ੍ਰਚਾਰ ਕਰਦੇ ਹਨ। ਇਸੇ ਕਾਰਨ ਸਾਰੇ ਮਿਲ ਕੇ ਦੇਸ਼ ਦੇ ਵਿਕਾਸ, ਅਰਥਚਾਰੇ ਵਿਚ ਵਾਧੇ, ਕੁਲ ਘਰੇਲੂ ਉਤਪਾਦ ’ਚ ਵਾਧੇ ਆਦਿ ਦੀ ਗੱਲ ਕਰਦੇ ਹਨ।

ਖੈਰ ਪੂੰਜੀਵਾਦ ’ਚ ਵਿਕਾਸ ਦਾ ਅਸਲੀ ਮਤਲਬ ਪੂੰਜੀ ਦਾ ਵਿਕਾਸ ਹੁੰਦਾ ਹੈ। ਪੂੰਜੀ ਦੇ ਭੰਡਾਰ ’ਚ ਵਾਧਾ ਹੁੰਦਾ ਹੈ। ਪੂੰਜੀ ਦੇ ਵਿਕਾਸ ਕਾਰਨ ਮਜ਼ਦੂਰ ਜਮਾਤ ਦੀ ਹਾਲਤ ਲਗਾਤਾਰ ਖਰਾਬ ਹੁੰਦੀ ਜਾਂਦੀ ਹੈ ਕਿਉਂਕਿ ਪੂੰਜੀ ’ਚ ਜਿਸ ਦਰ ਨਾਲ ਵਾਧਾ ਹੁੰਦਾ ਹੈ ਉਸ ਦਰ ਨਾਲ ਮਜ਼ਦੂਰ ਦੀ ਮਜ਼ਦੂਰੀ ’ਚ ਵਾਧਾ ਨਹੀਂ ਹੁੰਦਾ। ਅਕਸਰ ਤਾਂ ਮਜ਼ਦੂਰਾਂ ’ਚ ਨਿਰਪੇਖ ਤੌਰ ’ਤੇ ਗਿਰਾਵਟ ਵੀ ਆ ਜਾਂਦੀ ਹੈ। ਇਸ ਤਰ੍ਹਾਂ ਪੂੰਜੀਪਤੀ ਦੇ ਮੁਕਾਬਲੇ ਮਜ਼ਦੂਰ ਵਰਗ ਦੀ ਹਾਲਤ ਲਗਾਤਾਰ ਡਿੱਗਦੀ ਜਾਂਦੀ ਹੈ। ਦੋਹਾਂ ਵਿਚਕਾਰ ਖਾਈ ਚੌੜੀ ਹੁੰਦੀ ਚਲੀ ਜਾਂਦੀ ਹੈ। ਕਿਉਂਕਿ ਗਰੀਬੀ ਹਮੇਸ਼ਾ ਹੀ ਮੁਕਾਬਲਾਤਨ ਚੀਜ਼ ਹੁੰਦੀ ਹੈ। ਇਸ ਲਈ ਪੂੰਜੀ ਦੇ ਵਿਕਾਸ ਨਾਲ ਮਜ਼ਦੂਰ ਆਪਣੇ ਆਪ ਨੂੰ ਵੱਧ ਬੁਰੀ ਹਾਲਤ ’ਚ ਮਹਿਸੂਸ ਕਰਦਾ ਹੈ।

ਇਥੇ ਲੇਖ ਕੌਮਾਂਤਰੀ ਮਜ਼ਦੂਰ ਸੰਘ (ਪਹਿਲੀ ਇੰਟਰਨੈਸ਼ਨਲ) ਦੇ ਉਦਘਾਟਨ ਐਲਾਨ ਦਾ ਅੰਸ਼ ਹੈ ਇਸ ਨੂੰ ਕਾਰਲ ਮਾਰਕਸ ਨੇ ਲਿਖਿਆ ਸੀ। ਇਹ ਬਿਨਾ ਸ਼ੱਕ ਤਹਿ ਹੈ ਕਿ 1848 ਤੋਂ ਲੈ ਕੇ 1864 ਤੱਕ ਮਜ਼ਦੂਰ ਜਨਤਾ ਦੀ ਗਰੀਬੀ ਘੱਟ ਨਹੀਂ ਹੋਈ ਹੈ। ਹਾਲਾਂ ਕਿ ਉਦਯੋਗ ਦੇ ਵਿਕਾਸ ਤੇ ਵਪਾਰ ਦੇ ਵਾਧੇ ਸਬੰਧੀ ਇਹ ਅਰਸ਼ਾ ਇਤਿਹਾਸ ’ਚ ਬੇਮਿਸਾਲ ਹੈ। 1850 ਵਿਚ ਬ੍ਰਿਟਿਸ਼ ਪੂੰਜੀਪਤੀ ਜਮਾਤ ਦੇ ਨਰਮ ਵਿਚਾਰਾਂ ਵਾਲੇ ਅਤੇ ਅੱਛੀ ਖਾਸੀ ਜਾਣਕਾਰੀ ਰੱਖਣ ਵਾਲੇ ਇਕ ਮੁੱਖ ਪੱਤਰ ਨੇ ਭਵਿੱਖ ਬਾਣੀ ਕੀਤੀ ਸੀ ਕਿ ਇਹ ਇੰਗਲੈਂਡ ਦੀ ਦਰਾਮਦ ਬਰਾਮਦ ’ਚ 50 ਫੀਸਦੀ ਦਾ ਵਾਧਾ ਹੋ ਜਾਵੇ ਤਾਂ ਇਸ ਦੇਸ਼ ’ਚ ਦਰਿਦਰਤਾ ਅਲੋਪ ਹੋ ਜਾਵੇਗੀ ਪਰ ਅਫਸੋਸ 7 ਅਪ੍ਰੈਲ 1864 ਨੂੰ ਬ੍ਰਿਟਿਸ਼ ਰਾਜ ਸਵ ਮੰਤਰੀ ਨੇ ਆਪਣੇ ਸੰਸਦੀ ਸਰੋਤਿਆਂ ਨੂੰ ਇਸ ਬਿਆਨ ਨਾਲ ਹੈਰਾਨ ਕਰ ਦਿੱਤਾ ਕਿ ਇੰਗਲੈਂਡ ਦੀ ਕੁਲ ਦਰਾਮਦ ਬਰਾਮਦ ਵਧ ਕੇ 1863 ’ਚ 443955000 ਸਟਰਲਿੰਗ ਤੱਕ ਪਹੁੰਚ ਗਿਆ ਹੈ। ਇਹ ਵਿਸਮੇਕਾਰੀ ਰਾਸ਼ੀ 1843 ਦੀ ਹਾਲ ਦੇ ਅਰਸੇ ਦੇ ਵਪਾਰ ਨਾਲੋਂ ਲਗਭਗ ਦੁਗਣੀ ਹੈ। ਇਹ ਸਭ ਹੁੰਦੇ ਹੋਏ ਵੀ ਰਾਜਸਵ ਮੰਤਰੀ “ਦਰਿਦਰਤਾ” ਬਾਰੇ ਬਹੁਤ ਭਾਵੁਕਤਾ ਨਾਲ ਬੋਲੇ। ਉਨ੍ਹਾਂ ਨੇ ਕਿਹਾ, “ਜ਼ਰਾ ਸੋਚੋ ਉਨ੍ਹਾਂ ਬਾਰੇ ਜੋ ਗ਼ਰੀਬੀ ਦੀ ਸੀਮਾ ਰੱਖਾ ’ਤੇ ਖੜ੍ਹੇ ਹਨ” ਉਜਰਤ.... “ਬਾਰੇ ਜੋ ਨਹੀਂ ਵਧੀ ਹੈ।” “ਉਸ ਮਨੁੱਖੀ ਜੀਵਨ ਬਾਰੇ,.... ਜੋ ਦਸ ਵਿਚੋਂ ਨੌ ਕੇਸਾਂ ਵਿਚ ਹੋਂਦ ਲਈ ਸੰਘਰਸ਼ ਹੀ ਹੈ।” ਉਨ੍ਹਾਂ ਨੇ ਆਇਰਲੈਂਡ ਦੇ ਲੋਕਾਂ ਦੀ ਚਰਚਾ ਕੀਤੀ ਕਿ ਜਿਨ੍ਹਾਂ ਦੀ ਥਾਂ ਉੱਤਰ ਵਿਚ ਹੌਲੀ–

ਹੌਲੀ ਮਸ਼ੀਨਾਂ ਤੇ ਦੱਖਣ ਵਿਚ ਦੇ ਝੰਡੇ ਲੈਂਦੇ ਜਾ ਰਹੇ ਹਨ। ਇਹ ਸੱਚ ਹੈ ਕਿ ਉਸ ਬਦਨਸੀਬ ਦੇਸ਼ ਵਿਚ ਭੇਡਾਂ ਤੱਕ ਦੀ ਤੈਦਾਦ 'ਚ ਕਮੀ ਹੋ ਰਹੀ ਹੈ। ਹਾਲਾਂਕਿ ਉਸ ਰਫ਼ਤਾਰ ਨਾਲ ਨਹੀਂ ਜਿਸ ਰਫ਼ਤਾਰ ਨਾਲ ਇਨਸਾਨ ਦੀ ਗਿਣਤੀ ਵਿਚ। ਉਨ੍ਹਾਂ ਨੇ ਇਹ ਭੇਦ ਦੀ ਗੱਲ ਨਹੀਂ ਦੁਹਰਾਈ ਜਿਸ ਨੂੰ ਅਰੋਪੀਆਂ ਦੇ ਸਰਵਉੱਚ ਨੁਮਾਇੰਦਿਆਂ ਨੇ ਭੈਅ ਦਾ ਇਕ ਹੀ ਦੌਰਾ ਪੈ ਜਾਣ 'ਤੇ ਪ੍ਰਗਟ ਕਰ ਦਿੱਤਾ ਸੀ। ਜਦ "ਗਲਾ ਘੋਟਨ ਵਾਲਿਆਂ" ਦੇ ਡਰ ਨੇ ਵਧ ਕੇ ਇਕ ਨਿਸ਼ਚਤ ਅ◆ਕਾਰ ਗ੍ਰਹਿਣ ਕਰ ਲਿਆ ਹੈ ਤਾਂ ਹਾਊਸ ਆਫ ਲਾਰਡਸ ਨੇ ਨਿਰਵਾਸਨ ਤੇ ਕਠੋਰ ਮੇਹਨਤ ਕਾਰਵਾਸ ਦੀ ਜਾਂਚ ਕਰਨ ਤੇ ਇਕ ਰਿਪੋਰਟ ਪ੍ਰਕਾਸ਼ਿਤ ਕਰਨ ਦਾ ਪ੍ਰਸਤਾਵ ਮੰਜ਼ੂਰ ਕੀਤਾ। ਸੱਚਾਈ 1863 ਨੀਲੀ ਪੁਸਤਕ ਦੇ ਪੰਨਿਆਂ 'ਚ ਸਾਹਮਣੇ ਆ ਗਈ ਅਤੇ ਸਰਕਾਰੀ ਤੱਥਾਂ ਤੇ ਅੰਕੜਿਆਂ ਨਾਲ ਇਹ ਤਹਿ ਹੋ ਗਿਆ ਕਿ ਇੰਗਲੈਂਡ ਤੇ ਸਕਾਟਲੈਂਡ ਦੇ ਖੇਤ ਮਜ਼ਦੂਰਾਂ ਤੋਂ ਕਿਤੇ ਘੱਟ ਮੇਹਨਤ ਕਰਦੇ ਹਨ ਤੇ ਉਨ੍ਹਾਂ ਤੋਂ ਕਿਤੇ ਬੇਹਤਰ ਹਾਲਤ ਵਿਚ ਹਨ ਪਰ ਇਹੀ ਸਭ ਕੁਝ ਨਹੀਂ ਸੀ। ਜਦ ਅਮਰੀਕਾ 'ਚ ਘਰੇਲੂ ਯੁੱਧ ਦੇ ਸਿੱਟੇ ਵਜੋਂ ਲੰਕਾ ਸ਼ਾਇਰ ਤੇ ਚੇਸ਼ਅਰ ਦੇ ਮਜ਼ਦੂਰਾਂ ਨੂੰ ਬੇਰੁਜ਼ਗਾਰ ਬਣਾ ਕੇ ਸੜਕਾਂ 'ਤੇ ਧੱਕ ਦਿੱਤਾ ਗਿਆ ਤਾਂ ਉਸੇ ਹਾਊਸ ਆਫ ਲਾਰਡਸ ਨੇ ਇਕ ਡਾਕਟਰ ਨੂੰ ਸਨਅਤੀ ਜ਼ਿਲਿਆਂ ਵਿਚ ਭੇਜਿਆ, ਉਸ ਨੂੰ ਇਹ ਪਤਾ ਲਾਉਣ ਦਾ ਕੰਮ ਸੌਂਪਿਆ ਗਿਆ ਕਿ ਸਭ ਤੋਂ ਸਸਤੇ ਤੇ ਸਾਦੇ ਰੂਪ 'ਚ ਦਿੱਤੇ ਜਾਣ ਵਾਲੇ ਕਾਰਬਨ ਤੇ ਨਾਈਟਰੋਜਨ ਦੀ ਕਿੰਨੀ ਔਸਤ ਮਾਤਰਾ "ਭੂਮੀ ਜਨਿਤ ਰੋਗਾਂ ਨੂੰ ਰੋਕਣ" ਲਈ ਲੋੜੀਂਦੀ ਹੋਵੇਗੀ। ਮੈਡੀਕਲ ਅਧਿਕਾਰੀ ਡਾ. ਸਮਿੱਥ ਨੇ ਤਹਿ ਕੀਤਾ ਕਿ 28000 ਗ੍ਰੇਨ ਕਾਰਬਨ ਤੇ 1330 ਗ੍ਰੇਨ ਨਾਈਟਰੋਜਨ ਨਾਲ ਹਫ਼ਤੇ ਵਿਚ ਇਹ ਘੱਟੋ ਘੱਟ ਮਾਤਰਾ ਬਣਦੀ ਹੈ ਜੋ ਔਸਤ ਬਾਲਗ ਦੇ ਜੀਵਨ ਨੂੰ..... ਭੁੱਖ ਨਾਲ ਪੈਦਾ ਰੋਗਾਂ ਦੇ ਪੱਧਰ ਤੋਂ ਜਰਾ ਬਾਹਰ ਰੱਖੇਗੀ, ਉਸ ਨੇ ਇਹ ਵੀ ਪਤਾ ਲਾਇਆ ਕਿ ਇਹ ਮਾਤਰਾ ਲਗਭਗ ਪੂਰੀ ਤਰ੍ਹਾਂ ਘੱਟ ਭੋਜਨ ਦੇ ਬਰਾਬਰ ਹੈ। ਜਿਸ ਨਾਲ ਕੱਪੜਾ ਮਿਲ ਮਜ਼ਦੂਰਾਂ ਨੂੰ 'ਘੋਰ ਕਮੀ ਦੀ ਹਾਲਤ ਕਾਰਨ ਅਕਸਰ ਸੰਤੁਸ਼ਟ ਹੋਣਾ ਪੈਂਦਾ ਹੈ। ਪਰ ਹੁਣ ਜਰਾ ਧਿਆਨ ਦਿਉ। ਉਨ੍ਹਾਂ ਹੀ ਮੈਡੀਕਲ ਅਫ਼ਸਰ ਨੂੰ ਫਿਰ ਮਜ਼ਦੂਰ ਵਰਗ ਦੇ ਸਭ ਤੋਂ ਦਰਿਦਰ ਭਾਗ ਦੇ ਅਹਾਰ ਦੀ ਜਾਂਚ ਕਰਨ ਦਾ ਕੰਮ ਸੌਂਪਿਆ ਗਿਆ। ਉਨ੍ਹਾਂ ਦੀਆਂ ਖੋਜਾਂ ਦੇ ਸਿੱਟੇ, ਚਾਲੂ ਸਾਲ ਵਿੱਚ ਸੰਸਦ ਦੇ ਹੁਕਮ 'ਤੇ ਪ੍ਰਕਾਸ਼ਿਤ 'ਜਨਤਕ ਸਿਹਤ' ਸਬੰਧੀ 'ਛੇਵੀਂ ਰਿਪੋਰਟ' ਵਿਚ ਦਰਜ ਹਨ। ਡਾਕਟਰ ਨੇ ਕੀ ਖੋਜਿਆ? ਕਿ ਰੇਸ਼ਮੀ ਕੱਪੜਿਆਂ ਦੇ ਬੁਨਕਰ, ਦਰਜਨਾਂ ਦਸਤਾਨੇ ਤੇ ਮੋਜੇ ਬੁਨਕਰ ਆਦਿ ਲੋਕ ਔਸਤਨ ਸੂਤੀ ਕੱਪੜਾ ਮਿਲ ਮਜ਼ਦੂਰਾਂ ਨੂੰ ਬੇਰੁਜ਼ਗਾਰੀ ਸਮੇਂ ਦਿੱਤਾ ਜਾਣ ਵਾਲਾ ਰਾਸ਼ਣ ਤੱਕ ਨਹੀਂ ਹਾਸਲ ਕਰਦੇ। ਉਹ ਉਨੀ ਕਾਰਬਨ ਤੇ ਨਾਈਟਰੋਜਨ ਵੀ ਨਹੀਂ ਲੈ ਸਕਦੇ, "ਭੁੱਖ ਤੋਂ ਪੈਦਾ ਰੋਗਾਂ ਨੂੰ ਰੋਕਣ ਲਈ ਕਾਫੀ" ਹੁੰਦਾ ਹੈ।

"ਇਹੀ ਨਹੀਂ" ਇਸ ਰਿਪੋਰਟ ਨੂੰ ਉਜਾਗਰ ਕਰ ਰਹੇ ਹਨ, ਜਿੱਥੋਂ ਤੱਕ ਕਿਸਾਨੀ ਅਬਾਦੀ ਦੇ ਉਨ੍ਹਾਂ ਪਰਿਵਾਰਾਂ ਦਾ ਸਬੰਧ ਹੈ, ਜਿਨ੍ਹਾਂ ਬਾਰੇ ਜਾਂਚ ਕੀਤੀ ਗਈ ਹੈ। ਇਹ ਪਾਇਆ ਗਿਆ ਕਿ ਇਨ੍ਹਾਂ ਪਰਿਵਾਰਾਂ ਦੇ ਪੰਜਵੇਂ ਭਾਗ ਤੋਂ ਵੱਧ ਦਾ ਕਾਰਬਨ ਯੁਕਤ ਭੋਜਨ ਅੰਦਾਜ਼ਨ ਲੋੜੀਂਦੀ ਮਾਤਰਾ ਤੋਂ ਘੱਟ ਮਿਲਦਾ ਹੈ ਕਿ ਇਕ-ਤਿਹਾਈ ਤੋਂ ਵੱਧ ਨੂੰ ਨਾਈਟਰੋਜਨ ਯੁਕਤ ਭੋਜਨ ਅੰਦਾਜ਼ਾ ਲੋੜੀਂਦੀ ਮਾਤਰਾ ਤੋਂ ਘੱਟ

ਮਿਲਦਾ ਹੈ, ਕਿ ਤਿੰਨ ਕਾਊਂਟੀਆਂ ਬਰਕਸ਼ਾਇਰ, ਆਕਸ ਫੋਰਡ ਅਤੇ ਸੋਮਰਸੇਟਸ਼ਾਇਰ 'ਚ ਨਾ ਕਾਫੀ ਨਾਈਟਰੋਜਨ ਯੁਕਤ, ਸਧਾਰਨ ਗੱਲ ਹੈ। ਸਰਕਾਰੀ ਰਿਪੋਰਟ 'ਚ ਅੱਗੇ ਚਲ ਕੇ ਕਿਹਾ ਗਿਆ ਹੈ ਇਹ ਯਾਦ ਰਹਿਣਾ ਚਾਹੀਦਾ ਹੈ ਕਿ ਭੋਜਨ ਦੀ ਤੰਗੀ ਇੱਛਾ ਅਨੁਸਾਰ ਬਹੁਤ ਘੱਟ ਸਵੀਕਾਰ ਕੀਤੀ ਜਾਂਦੀ ਹੈ ਅਤੇ ਬਹੁਤ ਖਰਾਬ ਭੋਜਨ ਦੀ ਵਾਰੀ ਦੂਜੀਆਂ ਸਾਰੀਆਂ ਤੰਗੀਆਂ ਤੋਂ ਬਾਹਰ ਹੀ ਆਉਂਦੀ ਹੈ।... ਇੱਥੋਂ ਤੱਕ ਕਿ ਸਫ਼ਾਈ ਵੀ ਮਹਿੰਗੀ ਤੇ ਕਠਿਨ ਸਿੱਧ ਹੁੰਦੀ ਹੈ ਅਤੇ ਇਸ ਦੇ ਬਾਵਜੂਦ ਅਤੀ ਆਤਮ ਸਨਮਾਨ ਦੇ ਨਜ਼ਰੀਏ ਨਾਲ ਸਫਾਈ ਰੱਖਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਸ ਪ੍ਰਕਾਰ ਦੀ ਹਰੇਕ ਕੋਸ਼ਿਸ਼ ਭੁੱਖ ਦੀਆਂ ਨਵੀਆਂ ਪੀੜਾਂ ਪੈਦਾ ਕਰਦੀ ਹੈ। "ਇਹ ਵਿਚਾਰ ਉਸ ਸਮੇਂ ਹੋਰ ਕਸ਼ਟ ਦਾਇਕ ਬਣਦੇ ਹਨ ਕਿ ਜਦ ਇਹ ਗੱਲ ਯਾਦ ਕੀਤੀ ਜਾਂਦੀ ਹੈ ਕਿ ਜਿਸ ਗਰੀਬੀ ਦੀ ਚਰਚਾ ਹੋ ਰਹੀ ਹੈ, ਉਹ ਸਜ਼ਾ ਨਹੀਂ ਹੈ। ਇਹ ਤਾਂ ਸਾਰੇ ਕੇਸਾਂ ਵਿਚ ਮੇਹਨਤਕਸ਼ ਅਬਾਦੀ ਦੀ ਗਰੀਬੀ ਹੈ ਇਹ ਕੰਮ ਜਿਸ ਲਈ ਮਜ਼ਦੂਰ ਇਹ ਸਿੱਧਾ ਸਾਦਾ ਭੋਜਨ ਹਾਸਲ ਕਰਦੇ ਹਨ ਜ਼ਿਆਦਾਤਰ ਬਹੁਤ ਲੰਮਾ ਖਿੱਚਦਾ ਜਾਂਦਾ ਹੈ।"

ਯੁਨਾਈਟਡ ਕਿੰਗਡਮ ਦੇ ਸਾਰੇ ਭਾਗਾਂ – ਇੰਗਲੈਂਡ, ਵੇਲਸ, ਸਕਾਟ ਲੈਂਡ ਤੇ ਆਇਰਲੈਂਡ ਵਿਚੋਂ ਇੰਗਲੈਂਡ ਦੀ ਸਭ ਤੋਂ ਖੁਸ਼ਹਾਲ ਭਾਗ ਦੀ ਕਿਸਾਨ ਅਬਾਦੀ ਨੂੰ ਸਭ ਤੋਂ ਘੱਟ ਖਾਣ ਲਈ ਮਿਲਦਾ ਹੈ। ਪਰ ਵਰਕਸ਼ਾਇਰ, ਆਕਸਫੋਰਡ ਸ਼ਹਿਰ ਤੇ ਸੋਅਰਸੇਟ ਸ਼ਾਇਰ ਤੱਕ ਦੇ ਖੇਤ ਮਜ਼ਦੂਰ ਪੂਰਵੀ ਲੰਦਨ ਦੇ ਉਦਯੋਗਾਂ ਵਿਚ ਕੰਮ ਕਰਨ ਵਾਲੇ ਹੁਨਰਮੰਦ ਮਜ਼ਦੂਰਾਂ ਤੋਂ ਬੇਹਤਰ ਹਲਾਤ ਵਿਚ ਹਨ।

ਅਜਿਹੇ ਵਿਚ ਸੰਸਦ ਦੇ ਆਦੇਸ਼ ਰਾਹੀਂ 1864 ਵਿਚ ਮੁਕਤ ਬਜ਼ਾਰ ਦੇ ਪੂਰਵ ਯੁੱਗ ਵਿਚ ਅਜਿਹੇ ਸਮੇਂ ਪ੍ਰਕਾਸ਼ਿਤ ਸਰਕਾਰੀ ਅਜਿਹੇ ਸਮੇਂ ਪ੍ਰਕਾਸ਼ਿਤ ਸਰਕਾਰੀ ਬਿਆਨ ਮਾਲ ਮੰਤਰੀ ਹਾਊਸ ਆਫ ਕਾਮਨਸ 'ਚ ਕਹਿ ਰਹੇ ਸਨ – "ਬ੍ਰਿਟਿਸ਼ ਮਜ਼ਦੂਰ ਦੀ ਔਸਤ ਹਾਲਤ ਏਨੀ ਸੁਧਰੀ ਹੈ ਕਿ ਇਹ ਅਸਧਾਰਨ ਹੈ, ਬੇਮਿਸਾਲ ਹੈ।" ਇਹ ਸਰਕਾਰੀ ਲਫਾਜੀ ਦਾ ਸਰਕਾਰੀ ਜਨਤਕ ਰਿਪੋਰਟ ਦੀ ਟਿੱਪਣੀ ਖੰਡਨ ਕਰਦੀ ਹੈ, "ਕਿਸੇ ਵੀ ਦੇਸ਼ ਦੀ ਜਨਤਕ ਸਿਹਤ ਦਾ ਅਰਥ ਹੈ ਉਸ ਦੇ ਲੋਕਾਂ ਦੀ ਸਿਹਤ ਤੇ ਆਮ ਲੋਕ ਮੁਸ਼ਕਲ ਨਾਲ ਸਿਹਤਮੰਦ ਹੋਣਗੇ ਜੇ ਉਹ ਹੇਠਲੇ ਪੱਧਰਾਂ ਤੱਕ ਪੂਰੀ ਤਰ੍ਹਾਂ ਨਾਲ ਖੁਸ਼ਹਾਲ ਨਹੀਂ ਹੋਣਗੇ।"

ਆਪਣੀਆਂ ਅੱਖਾਂ ਦੇ ਸਾਹਮਣੇ ਨਾਟਕ ਕਰਦਿਆਂ 'ਦੇਸ਼ ਦੀ ਤਰੱਕੀ' ਦੇ ਅੰਕੜਿਆਂ ਨਾਲ ਚਕਾਚੌਂਧ ਮਾਲ ਮੰਤਰੀ ਬੇਹਦ ਖੁਸ਼ੀ ਨਾਲ ਕਹਿ ਉੱਠਦੇ ਹਨ – "1842 ਤੋਂ 1852 ਤੱਕ ਦੇਸ਼ ਦੀ ਟੈਕਸ ਯੋਗ ਆਮਦਨ 6 ਫੀਸਦੀ ਵਧੀ ਹੈ। 1853 ਨੂੰ ਅਧਾਰ ਮੰਨਦੇ ਹੋਇਆ 1853 ਤੋਂ 1861 ਤੱਕ 20 ਫੀਸਦੀ ਵਧੀ ਹੈ। ਇਹ ਤੱਥ ਏਨਾ ਹੈਰਾਨੀਜਨਕ ਹੈ ਕਿ ਇਤਬਾਰ ਨਹੀਂ ਆਉਂਦਾ।..." ਸ੍ਰੀ ਗਲੈਡ ਸਟਨ ਨੇ ਅੱਗੇ ਕਿਹਾ "ਖੁਸ਼ਹਾਲੀ ਤੇ ਸ਼ਕਤੀ ਦੀ ਇਹ ਵਾਧਾ ਖਾਂਦੇ ਪੀਂਦੇ ਜਾਇਦਾਦਾਂ ਵਾਲੇ ਵਰਗਾਂ ਤੱਕ ਸੀਮਤ ਹੈ।" ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਜਰਜਰ ਸਿਹਤ, ਹੌਸਲ ਪਸਤੀ ਤੇ ਮਾਨਸਿਕ ਪਤਨ ਦੀਆਂ ਕਿਨ੍ਹਾਂ ਹਾਲਤਾਂ ਤਹਿਤ ਮਜ਼ਦੂਰ ਜਮਾਤ "ਖਾਂਦੇ ਪੀਂਦੇ ਵਰਗਾਂ ਤੱਕ ਸੀਮਤ" ਇਹ ਖੁਸ਼ਹਾਲੀ ਤੇ ਸ਼ਕਤੀ ਦਾ ਵਾਧਾ ਪੈਦਾ ਕਰ ਰਹੇ ਸਨ ਜਾਂ ਕਰ ਰਹੇ ਹਨ ਤਾਂ ਜਰਾ ਦਰਜੀ ਘਰਾਂ, ਛਾਪਾਖਾਨਿਆਂ ਤੇ ਡ੍ਰੈਸਮੇਕਰਾਂ ਸਬੰਧੀ

ਪਿਛਲੀ "ਜਨਤਕ ਸਿਹਤ ਰਿਪੋਰਟ" 'ਚ ਪੇਸ਼ ਕੀਤੀ ਰਿਪੋਰਟ 'ਤੇ ਨਜ਼ਰ ਮਾਰੀਏ। ਇਸ ਰਿਪੋਰਟ ਦੀ ਤੁਲਨਾ 1863 ਦੀ 'ਬਾਲ ਰੁਜ਼ਗਾਰ ਕਮਿਸ਼ਨ ਦੀ ਰਿਪੋਰਟ ਨਾਲ ਕਰੀਏ ਜਿਸ ਵਿਚ ਮਿਸਾਲ ਵਜੋਂ ਕਿਹਾ ਗਿਆ ਹੈ ਕਿ ਕੁਮਿਹਾਰ ਔਰਤ-ਮਰਦ ਦੋਵੇਂ ਸਰੀਰਕ ਮਾਨਸਿਕ ਦ੍ਰਿਸ਼ਟੀ ਤੋਂ ਅਬਾਦੀ ਦੀ ਸਭ ਤੋਂ ਵੱਧ ਪਤਿਤ ਸ੍ਰੇਣੀ 'ਚ ਆਉਂਦੇ ਹਨ, ਕਿ "ਬਿਮਾਰ ਬੱਚਾ ਹੀ ਵੱਡਾ ਹੋ ਕੇ ਬੀਮਾਰ ਮਾਂ ਜਾਂ ਬਾਪ ਬਣਦਾ ਹੈ।" ਕਿ "ਨਸਲ ਹੌਲੀ ਹੌਲੀ ਲਗਾਤਾਰ ਵਿਗੜਦੀ ਚਲੀ ਜਾਵੇਗੀ, ਕਿ "ਜੇ ਗੁਆਂਢ ਦੇ ਸੂਬਿਆਂ ਤੋਂ ਨਿਰੰਤਰ ਭਰਤੀ ਨਾ ਹੁੰਦੀ ਰਹਿੰਦੀ ਤੇ ਵੱਧ ਸਿਹਤਮੰਦ ਲੋਕਾਂ ਦੇ ਨਾਲ ਵਿਆਹ ਨਾ ਹੁੰਦੇ ਤਾਂ ਸਟੇਫੋਰਡ ਸ਼ਾਇਰ ਦੀ ਆਬਾਦੀ ਦਾ ਪਤਨ ਹੋਰ ਵੀ ਵੱਧ ਹੁੰਦਾ", "ਜ਼ਰਾ ਨਾਨਾਬਾਈ ਮਜ਼ਦੂਰ-ਕਾਰੀਗਰਾਂ ਦੀਆਂ ਸ਼ਿਕਾਇਤਾਂ" ਨਾਂ ਦੀ ਪੁਸਤਕ ਸ੍ਰੀ ਟ੍ਰੇਮੇਨਹੀਰ ਦੀ ਨੀਲੀ ਪੁਸਤਕ 'ਤੇ ਨਜ਼ਰ ਮਾਰੀਏ ਫੈਕਟਰੀਆਂ ਦੇ ਇੰਸਪੈਕਟਰਾਂ ਵੱਲੋਂ ਪੇਸ਼ ਤੇ ਰਜਿਸਟਰਾਰ ਜਨਰਲ ਵੱਲੋਂ ਪ੍ਰਮਾਣਿਤ ਕੀਤੇ ਗਏ ਇਸ ਆਪਾ ਵਿਰੋਧੀ ਪੱਖ ਨਾਲ ਕਿਸੇ ਨੂੰ ਹੈਰਾਨੀ ਨਹੀਂ ਹੋਈ ਹੋਵੇਗੀ ਕਿ ਲੈਂਕਸ਼ਾਅਰ ਦੇ ਮਜ਼ਦੂਰਾਂ ਨੂੰ ਜਦ ਰਾਹਤ ਵਜੋਂ ਰਾਸ਼ਨ ਦਿੱਤਾ ਜਾਣ ਲੱਗਿਆ ਤਾਂ ਉਨ੍ਹਾਂ ਦੀ ਸਿਹਤ ਸੁਧਰੀ ਕਿਉਂਕਿ ਉਹ ਸੂਤ ਦੀ ਕਮੀ ਕਾਰਨ ਸੂਤੀ ਕੱਪੜਾ ਮਿਲਾਂ ਤੋਂ ਅਸਥਾਈ ਤੌਰ 'ਤੇ ਵੱਖ ਹੋ ਗਏ ਸਨ। ਕਿ ਬਾਲ ਮੌਤ ਦਰ ਘੱਟ ਰਹੀ ਸੀ ਕਿਉਂਕਿ ਮਾਵਾਂ ਨੂੰ ਗਾਈਫ੍ਰੇ ਦੀ ਅਫੀਮ ਮਿਸ਼ਰਤ ਦਵਾ ਦੀ ਬਜਾਏ ਹੁਣ ਆਪਣੇ ਬੱਚਿਆਂ ਨੂੰ ਆਪਣਾ ਦੁੱਧ ਪਿਲਾਉਣ ਦੀ ਸਹੂਲਤ ਦੇ ਦਿੱਤੀ ਗਈ ਸੀ।

ਹੁਣ ਸਿੱਕੇ ਦਾ ਦੂਜਾ ਪਾਸਾ ਵੇਖੀਏ! 20 ਜੁਲਾਈ 1864 ਨੂੰ ਹਾਊਸ ਆਫ ਕਾਮਨਜ਼ ਦੇ ਸਾਹਮਣੇ ਪੇਸ਼ ਕੀਤਾ ਆਮਦਨ ਤੇ ਜਾਇਦਾਦ ਟੈਕਸ ਦਾ ਵੇਰਵਾ ਸਾਨੂੰ ਦੱਸਦਾ ਹੈ ਕਿ ਜਿਨ੍ਹਾਂ ਲੋਕਾਂ ਦੀ ਸਲਾਨਾ ਆਮਦਨ ਕਰ ਵਸੂਲਣ ਵਾਲਿਆਂ ਨੇ 50000 ਸਟਰਲਿੰਗ ਜਾਂ ਇਸ ਤੋਂ ਵੱਧ ਅੰਗੀ ਹੈ। ਉਨ੍ਹਾਂ ਦੀ ਗਿਣਤੀ ਵਿਚ 5 ਅਪ੍ਰੈਲ 1862 ਅਤੇ 1863 ਵਿਚਕਾਰ 13 ਦਾ ਵਾਧਾ ਹੋਇਆ ਹੈ ਇਹ ਇਕ ਸਾਲ ਦੇ ਅੰਦਰ ਅੰਦਰ 67 ਤੋਂ 80 ਤੱਕ ਵਧੀ ਹੈ। ਇਹੀ ਬਿਉਰਾ ਇਹ ਤੱਥ ਵੀ ਦਰਸਾਉਂਦਾ ਹੈ ਕਿ ਲਗਭਗ ਤਿੰਨ ਹਜ਼ਾਰ ਵਿਅਕਤੀ ਢਾਈ ਕਰੋੜ ਸਟਰਲਿੰਗ ਦੀ ਸਲਾਨਾ ਆਮਦਨ ਨੂੰ ਜਾ ਕਹਿਣਾ ਚਾਹੀਦਾ ਹੈ ਕਿ ਉਸ ਕੁਲ ਧਨ ਰਾਸ਼ੀ ਤੋਂ ਵੱਧ ਨੂੰ ਆਪਸ ਵਿਚ ਵੰਡ ਲੈਂਦੇ ਹਨ ਜੋ ਇੰਗਲੈਂਡ ਦੇ ਵੇਲਸ ਦੇ ਖੇਤ ਮਜ਼ਦੂਰਾਂ ਦੇ ਪੂਰੇ ਸਮੂਹ ਵਿਚਾਲੇ ਸਲਾਨਾ ਵੰਡੀ ਜਾਂਦੀ ਹੈ। 1861 ਦੀ ਮਰਦਮ ਸ਼ੁਮਾਰੀ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗੇਗਾ ਕਿ ਇੰਗਲੈਂਡ ਤੇ ਵੇਲਸ ਵਿਚ ਜ਼ਿੰਮੀਦਾਰੀ ਮਰਦਾਂ ਦੀ ਗਿਣਤੀ ਜੋ 1861 'ਚ 16634 ਸੀ, 1851 'ਚ ਘਟ ਕੇ 15066 ਰਹਿ ਗਈ। ਇਸ ਤਰ੍ਹਾਂ ਜ਼ਮੀਨ ਦਾ ਕੇਂਦਰੀਕਰਨ ਦਸ ਸਾਲਾਂ 'ਚ 11 ਫੀਸਦੀ ਵਧਾਵੇ। ਜੇ ਦੇਸ਼ 'ਚ ਜ਼ਮੀਨ ਕੁੱਝ ਲੋਕਾਂ ਦੇ ਹੱਥਾਂ ਵਿਚ ਇਸ ਰਫ਼ਤਾਰ ਨਾਲ ਕੇਂਦਰਿਤ ਹੁੰਦੀ ਰਹੀ ਤਾਂ ਜ਼ਮੀਨ ਦਾ ਸੁਆਲ ਉਸੇ ਅਨੋਖੇ ਢੰਗ ਨਾਲ ਸੋਖਾ ਹੋ ਜਾਵੇਗਾ ਜਿਸ ਢੰਗ ਨਾਲ ਇਹ ਸਾਮਰਾਜ 'ਚ ਹੋਇਆ ਸੀ। ਇਥੇ ਨੀਰੋ ਇਹ ਸੁਣ ਕੇ ਖਚਰਾ ਹੱਸਿਆ ਸੀ ਕਿ ਅੱਧੇ ਅਫਰੀਕੀ ਸੂਬਿਆਂ 'ਤੇ 6 ਸਜਣਾ ਦੀ ਮਾਲਕੀ ਹੈ।

ਅਸੀਂ ਇਨ੍ਹਾਂ "ਤੱਥਾਂ ਨੂੰ ਜੋ ਏਨੇ ਹੈਰਾਨੀਜਨਕ ਹਨ ਅਤੇ ਅਕਸਰ ਗੈਰ ਭਰੋਸੇਯੋਗ ਪ੍ਰਤੀਤ ਹੁੰਦੇ ਹਨ", ਏਨੀ ਦੇਰ ਤੱਕ ਚਰਚਾ ਇਸ ਲਈ ਕੀਤੀ ਕਿ

ਇੰਗਲੈਂਡ, ਵਪਾਰ ਤੇ ਉਦਯੋਗ ’ਚ ਯੂਰਪ ਦੀ ਚੋਟੀ ਦੀ ਥਾਂ ’ਤੇ ਹੈ। ਯਾਦ ਰਹੇ, ਲੁਈ ਫਿਲਿਪ ਦੇ ਇਕ ਉਤ ਪ੍ਰਵਾਸੀ ਪੁੱਤ ਨੇ ਅੰਗਰੇਜ਼ ਖੇਤ ਮਜ਼ਦੂਰ ਨੂੰ ਇੰਗਲਿਸ਼ ਚੈਨਲ ਦੇ ਪਾਰ ਦੇ ਆਪਣੇ ਘੱਟ ਭਾਗਾਂ ਵਾਲੇ ਸਾਥੀਆਂ ਤੋਂ ਬੇਹਤਰ ਦਸ਼ਾ ਲਈ ਜਨਤਕ ਤੌਰ ’ਤੇ ਵਧਾਈ ਦਿੱਤੀ ਸੀ। ਨਿਰਸੰਦੇਹ ਇੰਗਲੈਂਡ ਦੇ ਇਹ ਤੱਥ ਸਥਾਨਕ ਹਾਲਤਾਂ ਅਨੁਸਾਰ ਅਤੇ ਕੁਝ ਤੰਗ ਨਜ਼ਰ ਆਕਾਰ ’ਚ ਮਹਾਂਦੀਪ ਦੇ ਸਾਰੇ ਸਨਅਤੀ ਤੇ ਵਿਕਾਸਸ਼ੀਲ ਦੇਸ਼ਾਂ ’ਚ ਪ੍ਰਗਟ ਹੁੰਦੇ ਹਨ। ਉਨ੍ਹਾਂ ਸਾਰਿਆਂ ਵਿਚ 1848 ਤੋਂ ਲੈ ਕੇ ਉਦਯੋਗ ਦਾ ਬੁਨਿਆਦੀ ਵਿਕਾਸ ਤੇ ਦਰਾਮਦ-ਬਰਾਮਦ ਦਾ ਕਲਪਨਾ ਤੋਂ ਵੱਧ ਵਿਸਥਾਰ ਹੋਇਆ ਹੈ। ਉਨ੍ਹਾਂ ਸਾਰਿਆਂ ਵਿਚ ‘ਅਥਾਹ ਜਾਇਦਾਦ ਦੇ ਮਾਲਕ ਵਰਗਾਂ ਤੱਕ ਸੀਮਤ ਖੁਸ਼ਹਾਲੀ ਤੇ ਸ਼ਕਤੀ ਦਾ ਵਾਧਾ; ਸੱਚਮੁੱਚ ਹੈਰਾਨਕੁੰਨ ਸੀ।” ਇੰਗਲੈਂਡ ਵਾਂਗੂੰ ਉਨ੍ਹਾਂ ਸਾਰਿਆਂ ਵਿਚ ਮਜ਼ਦੂਰ ਵਰਗ ਦੀ ਇਕ ਘੱਟ ਗਿਣਤੀ ਨੂੰ ਅਸਲ ਮੰਜੂਰੀ ਕੁੱਲ ਵਧੀ ਹੋਈ ਮਾਤਰਾ ’ਚ ਮਿਲੀ ਜਦਕਿ ਜ਼ਿਆਦਾਤਰ ਦੀ ਮੰਜੂਰੀ ਵਿਚ ਨਕਦ ਵਾਧੇ ਸਹੂਲਤੀ ਲਈ ਉਸ ਤਰ੍ਹਾਂ ਕੋਈ ਮਹੱਤਵ ਨਹੀਂ ਸੀ ਜਿਸ ਤਰ੍ਹਾਂ ਮਿਸਾਲ ਵਜੋਂ ਲੰਦਨ ਦੇ ਦਰਿਦਰ ਗ੍ਰਹਿਆਂ ਤੇ ਅਨਾਥ ਘਰਾਂ ’ਚ ਰਹਿਣ ਵਾਲਿਆਂ ਲਈ ਇਸ ਤੱਥ ਦਾ ਕੋਈ ਮਹੱਤਵ ਨਹੀਂ ਸੀ ਕਿ ਖਾਦ ਪਦਾਰਥਾਂ ’ਤੇ ਜੋ ਖਰਚ 1861 ’ਚ 9 ਪੌਂਡ 15 ਸ਼ਿਲਿੰਗ 8 ਪੈਂਸਸੀ ਜੋ 1852 ’ਚ 7 ਪੌਂਡ 7 ਸ਼ਿਲਿੰਗ ਚਾਰ ਪੈਂਸ ਰਹਿ ਗਿਆ। ਸਰਵਰਤਰ ਮਜ਼ਦੂਰ ਵਰਗ ਦਾ ਬਹੁਤ ਵੱਡਾ ਜਨ-ਸਮੂਹ ਘੱਟ ਤੋਂ ਘੱਟ ਉਸ ਰਫ਼ਤਾਰ ਨਾਲ ਹੇਠਾਂ ਧਸਦਾ ਜਾਂਦਾ ਸੀ, ਜਿਸ ਰਫ਼ਤਾਰ ਨਾਲ ਉਨ੍ਹਾਂ ਦੇ ਉੱਪਰ ਦੇ ਵਰਗਾਂ 25 ਸਮਾਜਕ ਪਲੜਾ ਭਾਰੀ ਹੁੰਦਾ ਜਾ ਰਿਹਾ ਸੀ। ਯੂਰਪ ਦੇ ਸਾਰੇ ਦੇਸ਼ਾਂ ਵਿਚ ਇਹ ਤੱਥ ਸਪੱਸ਼ਟ ਹੋ ਚੁੱਕਿਆ ਹੈ ਕਿ ਨਾ ਮਸ਼ੀਨਾਂ ਵਿਚ ਸੁਧਾਰ, ਨਾ ਪੈਦਾਵਾਰ ’ਚ ਵਿਗਿਆਨ ਦਾ ਅਮਲ, ਨਾ ਸੰਚਾਰ ਦੇ ਸਾਧਨਾਂ ਵਿਚ ਉੱਨਤੀ, ਨਾ ਨਵੀਆਂ ਬਸਤੀਆਂ, ਨਾ ਨਵੀਆਂ ਮੰਡੀਆਂ, ਨਾਲ ਖੁੱਲ੍ਹਾ ਵਪਾਰ ਅਤੇ ਨਾ ਹੀ ਇਹ ਸਭ ਵਸਤੂਆਂ ਮਿਲ ਕੇ ਮਿਹਨਤਕਸ਼ ਲੋਕਾਂ ਦੀ ਗਰੀਬੀ ਮਿਟਾ ਸਕਦੀਆਂ ਹਨ ਕਿ ਮੌਜੂਦਾ ਮਿੱਥ ਅਧਾਰ ਕਿਰਤ ਦੀ ਪੈਦਾਵਾਰੀ ਸ਼ਕਤੀ ਦਾ ਕੋਈ ਵੀ ਨਵਾਂ ਵਿਕਾਸ ਸਮਾਜਿਕ ਆਪਾ ਵਿਰੋਧਾਂ ਨੂੰ ਨਿਸ਼ਚਿਤ ਤੌਰ ’ਤੇ ਗੰਭੀਰ ਹੋਵੇਗਾ ਅਤੇ ਸਮਾਜਕ ਵੈਰਭਾਵਾਂ ਨੂੰ ਤੇਜ਼ ਕਰੇਗਾ, ਸਿਰਫ ਉਹੀ ਲੋਕ, ਜਿਨ੍ਹਾਂ ਦਾ ਹਿੱਤ ਦੂਸਰਿਆਂ ਨੂੰ ਕਲਪਨਿਕ ਅਨੰਦ ਦੀਆਂ ਦੁਨੀਆਂ ਵਿਚ ਰੋਕੀ ਰੱਖਣਾ ਹੈ। ਇਸ ਸੱਚ ਤੋਂ ਇਨਕਾਰ ਕਰਦੇ ਹਨ ਆਰਥਕ ਪ੍ਰਗਤੀ ਦੇ ਇਸ ਯੁੱਗ ’ਚ ਬ੍ਰਿਟਿਸ਼ ਸਾਮਰਾਜ ਦੀ ਰਾਜਧਾਨੀ ’ਚ ਭੁੱਖ ਨਾਲ ਮੌਤਾਂ ਨੇ ਅਕਸਰ ਸਮਾਜਕ ਨਿਯਮ ਦਾ ਕਿਰਦਾਰ ਗ੍ਰਹਿਣ ਕਰ ਲਿਆ ਹੈ। ਇਹ ਯੁੱਗ ਸੰਸਾਰ ਦੇ ਇਤਿਹਾਸ ਵਿਚ ਸਮਾਜਕ ਮਹਾਮਾਰੀ ਦੀ ਜਿਸ ਦਾ ਨਾਂ ਵਪਾਰਕ ਤੇ ਸਨਅਤੀ ਸੰਕਟ ਹੈ।

# ਪੈਰਿਸ ਕਮਿਊਨ ਤੇ ਉਸ ਦਾ ਮਹੱਤਵ

ਦੁਨੀਆ ਭਰ 'ਚ ਮਜ਼ਦੂਰ ਜਮਾਤ ਤੇ ਲੁੱਟੀ ਜਾਂਦੀ ਜਨਤਾ 18 ਮਾਰਚ ਨੂੰ ਇਕ ਦਿਨ ਮਨਾਉਂਦੇ ਹਨ। ਮਜ਼ਦੂਰ ਜਮਾਤ ਦੀ ਅਗਵਾਈ 'ਚ ਉਸ ਦਿਨ ਲੱਖਾਂ ਦੀ ਗਿਣਤੀ ਵਿਚ ਮਿਹਨਤਕਸ਼ ਔਰਤਾਂ ਤੇ ਮਰਦਾਂ ਨੇ ਪੈਰਿਸ ਵਿਚ ਹਥਿਆਰਬੰਦ ਇਨਕਲਾਬ ਰਾਹੀਂ ਸਰਮਾਏਦਾਰਾਂ ਜਮਾਤ ਨੂੰ ਸੱਤਾ ਤੋਂ ਹਟਾ ਕੇ ਪ੍ਰੋਲੇਤਾਰੀ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਸੀ। ਇਤਿਹਾਸ ਵਿਚ ਇਹ ਪੈਰਿਸ ਕਮਿਊਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਮਾਰਕਸ ਨੇ ਇਸ ਇਨਕਲਾਬੀ ਕਾਰਵਾਈ ਨੂੰ 'ਸਵਰਗ 'ਤੇ ਚੜ੍ਹਾਈ' ਕਹਿ ਕੇ ਸੰਬੋਧਨ ਕੀਤਾ। ਤਦ ਤੱਕ ਬੁਰਜੂਆ ਜਮਾਤ ਇਸ ਤਰ੍ਹਾਂ ਗੱਪਾਂ ਮਾਰਨ ਲੱਗ ਪਈ ਸੀ, ਜਿਵੇਂ ਲੋਕਾਂ ਦੇ ਵਿਸ਼ਾਲ ਦੇ ਵਿਸ਼ਾਲ ਹਿੱਸੇ 'ਤੇ ਰਾਜਕਰਨ ਲਈ ਉਨ੍ਹਾਂ ਨੂੰ ਰੱਬ ਤੋਂ ਅਸ਼ੀਰਵਾਦ ਹਾਸਲ ਹੋਵੇ। ਬੁਰਜੂਆਂ ਜਮਾਤ ਹਮੇਸ਼ਾ ਇਹ ਐਲਾਨ ਕਰਦੀ ਰਹਿੰਦੀ ਸੀ ਕਿ ਮਜ਼ਦੂਰ ਜਮਾਤ ਦੇ ਮਿਹਨਤਕਸ਼ ਲੋਕ 'ਤੇ ਰਾਜ ਹਮੇਸ਼ਾ ਹੁੰਦਾ ਰਹੇਗਾ ਤੇ ਉਹ ਲੁੱਟ ਖਸੁੱਟ ਦਾ ਸ਼ਿਕਾਰ ਬਣਨ ਲਾਇਕ ਹੀ ਹਨ ਪਰ ਮਜ਼ਦੂਰ ਜਮਾਤ ਦੀ ਅਗਵਾਈ 'ਚ ਪੈਰਿਸ ਦੇ ਮਿਹਨਤਕਸ਼ਾ ਨੇ ਆਪਣੇ ਇਨਕਲਾਬ ਰਾਹੀਂ ਇਸ ਰਾਮ ਕਹਾਣੀ ਨੂੰ ਚਕਨਾ ਚੂਰ ਕਰ ਵਿਖਾਇਆ। ਉਨ੍ਹਾਂ ਨੇ ਪੂੰਜੀਪਤੀ ਜਮਾਤ ਨੂੰ ਉਲਟਾ ਸੁੱਟਿਆ ਅਤੇ ਮਨੁੱਖੀ ਇਤਿਹਾਸ 'ਚ ਪਹਿਲੀ ਵਾਰੀ ਮਜ਼ਦੂਰ ਵਰਗ ਦੀ ਸਰਦਾਰੀ ਸਥਾਪਤ ਕੀਤੀ। ਏਨਾ ਹੀ ਨਹੀਂ ਉਦੋਂ ਤੱਕ ਸਾਰੇ ਸੰਸਾਰ ਤੇ ਰਾਜ ਕਰਦੇ ਆਏ ਜ਼ਬਰਾਂ ਦੀ ਸਿਆਸਤ ਤੋਂ ਬੁਨਿਆਦੀ ਤੌਰ 'ਤੇ ਵੱਖ ਨੀਤੀਆਂ ਮਜ਼ਦੂਰ ਜਮਾਤ ਨੇ ਬਣਾਈਆਂ ਅਤੇ ਅਤੇ ਉਨ੍ਹਾਂ ਨੇ ਇਹ ਦਿਖਾਇਆ ਕਿ ਇਕ ਸਮਾਜਵਾਦੀ ਰਾਜ ਆਮ ਲੋਕਾਂ ਦੇ ਜੀਵਨ ਵਿਚ ਕਿਸ ਪ੍ਰਕਾਰ ਤਬਦੀਲੀ ਲਿਆ ਸਕਦਾ ਹੈ। ਸਮਾਜਵਾਦੀ ਰਾਜ ਨੇ ਨਿਯਮਤ ਫ਼ੌਜ, ਪੁਰਾਣੀ ਪੁਲਸ ਤੇ ਹਥਿਆਰਬੰਦ ਪੁਲਿਸ ਕਰਮਚਾਰੀਆਂ ਦੇ ਅਹੁਦੇ ਰੱਦ ਕਰ ਦਿੱਤੇ। ਜਨਤਾ ਨੂੰ ਹਥਿਆਰਬੰਦ ਬਣਾਉਣ ਦੇ ਤੰਤਰ ਨੂੰ ਲਾਗੂ ਕਰ ਦਿੱਤਾ। ਆਪਣੇ ਮੈਂਬਰਾਂ ਤੇ ਹੋਰ ਮੁਲਾਜ਼ਮਾਂ ਨੂੰ ਦਿੱਤੇ ਜਾਣ ਵਾਲੀ ਸਲਾਨਾ ਤਨਖਾਹ ਨੂੰ 6000 ਫ੍ਰੈਂਕਾਂ ਤਕ ਸੀਮਤ ਕਰ ਦਿੱਤਾ। ਗਿਰਜਾਂ ਘਰਾਂ ਦ ਸਰਕਾਰ ਨਾਲੋਂ ਸਬੰਧ ਤੋੜ ਦਿੱਤਾ ਅਤੇ ਗਿਰਜਾਘਰ ਸਬੰਧੀ ਸਮੁੱਚੀ ਜ਼ਮੀਨ ਜਬਤ ਕਰ ਲਈ ਗਈ। ਮਰਦਾਂ ਦੇ ਨਾਲ-ਨਾਲ ਔਰਤਾਂ ਦੇ ਵੀ ਬਰਾਬਰ ਦੇ ਅਧਿਕਾਰ ਐਲਾਨ ਦਿੱਤੇ ਗਏ।

ਰਾਜ ਨੂੰ ਇਕ ਨੂਤਨ-ਮਜ਼ਦੂਰ ਵਰਗ-ਰਾਜ ਵਜੋਂ ਪੁਨਰਗਠਿਤ ਕਰਕੇ ਅਤੇ ਜੀਵਨ ਦੇ ਸਭ ਖੇਤਰਾਂ ਵਿਚ ਆਮ ਸਥਿਤੀ ਲਿਆਉਣ ਲਈ ਜ਼ਰੂਰੀ ਕਾਰਵਾਈਆਂ ਕੀਤੀਆਂ ਗਈਆਂ। ਜਬਰਨ ਮਿਲਟਰੀ ਸੇਵਾ ਦੀ ਰਾਜਨੀਤੀ ਰੱਦ ਕੀਤੀ ਗਈ ਸਸਤੀ ਤੇ ਮੁਫਤ ਸਰਕਾਰੀ ਸਿੱਖਿਆ ਨੂੰ ਲਾਗੂ ਕੀਤਾ ਗਿਆ। ਸਾਰੇ ਰਾਜਸੀ ਕੈਦੀਆਂ ਨੂੰ ਰਿਹਾ ਕਰ ਦਿੱਤਾ ਗਿਆ। ਜੂਏ ਤੇ ਰੋਕ ਲਾ ਦਿੱਤੀ ਗਈ। ਵਿਦੇਸ਼ੀ ਹਮਲਾਵਰਾਂ ਅਤੇ ਬੁਰਜੂਆ ਵਰਗ ਦੇ ਨਾਲ ਹੋਏ ਯੁੱਧ ਵਿਚ ਮਾਰੇ ਗਏ ਨੈਸ਼ਨਲ ਗਾਰਡਜ ਦੇ ਵਾਰਸਾਂ ਨੂੰ ਪੈਨਸ਼ਨ ਦੇਣੀ ਸ਼ੁਰੂ ਕਰ ਦਿੱਤੀ ਗਈ।

ਜਦ ਫਰਾਂਸ ਤੇ ਪ੍ਰਸ਼ਾ ਰਾਜ ਤੋਂ ਫੌਜੀ ਹਮਲੇ ਦਾ ਖਤਰਾ ਆ ਗਿਆ ਅਤੇ ਰਾਜ ਦੀ ਸਮੁੱਚੀ ਜਨਤਾ ਮੂਹਰੇ ਇਕ ਹੋ ਕੇ ਦੁਸ਼ਮਣ ਨੂੰ ਦੇਸ਼ ਤੋਂ ਦੂਰ ਧੱਕਣ ਦੀ

ਸਥਿਤੀ ਸਾਹਮਣੇ ਆ ਗਈ। ਪਰ ਥਿਥੇਰ ਦੀ ਅਗਵਾਈ ਵਾਲੀ ਬੁਰਜੂਆ ਸਰਕਾਰ ਨੇ ਇਸ ਲਈ ਸਹਿਮਤ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਨੇ ਗਦਾਰੀ ਦਾ ਰਾਹ ਅਖਤਿਆਰ ਕਰ ਲਿਆ ਤਾਂ ਫਰਾਂਸ ਦੀ ਮਜ਼ਦੂਰ ਜਮਾਤ ਨੇ ਇਸ ਇਨਕਲਾਬੀ ਕਾਰਵਾਈ ਨੂੰ ਨੇਪਰੇ ਚਾੜ੍ਹਿਆ ਇਸ ਮੌਕੇ 'ਤੇ ਪੂੰਜੀਪਤੀ ਵਰਗ ਨੇ ਨਾਲ ਸਿਰਫ ਦੁਸ਼ਮਣ ਦੇ ਨਾਲ ਕਪਟੀ ਸਮਝੌਤਾ ਕਰ ਲਿਆ ਬਲਕਿ ਇਥੋਂ ਤੱਕ ਕਿ ਨਿੰਦਣਯੋਗ ਕਾਰਵਾਈਆਂ ਕਰਨ ਤੇ ਉਤਾਰੂ ਹੋ ਗਏ ਮਜ਼ਦੂਰਾਂ ਤੇ ਨੀਮ-ਸਰਮਾਏਦਾਰੀ ਜਮਾਤ ਤੋਂ ਬਣੇ ਰਾਸ਼ਟਰੀ ਬਲਾਂ (ਨੈਸ਼ਨਲ ਗਾਈਡਜ਼) ਨੂੰ ਪੂੰਜੀਪਤੀ ਵਰਗ ਭਰ ਪੇਟ ਖਾਣਾ ਨਾ ਦੇ ਕੇ ਭੁੱਖੇ ਰੱਖਿਆ ਕਰਦਾ ਸੀ ਅਤੇ ਉਨ੍ਹਾਂ ਨੂੰ ਨਿਹੱਥੇ ਕਰ ਦਿੱਤਾ ਗਿਆ ਅਤੇ ਬੁਰੀ ਤਰ੍ਹਾਂ ਤੰਗ ਕੀਤਾ ਜਾਣ ਲੱਗਿਆ ਸੀ। ਇਸ ਤੋਂ ਇਲਾਵਾ ਉਹ (ਪੂੰਜੀਪਤੀ ਜਮਾਤ) ਆਮ ਲੋਕਾਂ 'ਤੇ ਦਮਨ ਚੱਕਰ ਹੋਰ ਤੇਜ਼ ਕਰਨ ਲੱਗੇ। ਪੂੰਜੀਪਤੀ ਜਮਾਤ ਵਲੋਂ ਅਪਣਾਈਆਂ ਗਈਆਂ ਇਨ੍ਹਾਂ ਕਾਰਵਾਈਆਂ ਕਾਰਨ ਦੁਸ਼ਮਣ ਦੀਆਂ ਫੌਜਾਂ ਪੈਰਿਸ 'ਚ ਦਾਖਲ ਹੋ ਗਈਆਂ ਅਤੇ ਉਹ ਬੜੀ ਆਸਾਨੀ ਨਾਲ ਆਪਣੇ ਸ਼ਹਿਰਾਂ ਦੇ ਨਾਲ ਪੈਰਿਸ ਸ਼ਹਿਰ ਨੂੰ ਵੀ ਜੋੜ ਦੇਣ ਵਿਚ ਸਫਲ ਹੋ ਗਈਆਂ। ਪਰ ਸੱਤਾ 'ਚ ਦਖ਼ਲਅੰਦਾਜ਼ੀ ਕਰਨ ਲਈ ਮਜ਼ਦੂਰ ਜਮਾਤ ਵਲੋਂ ਅਪਣਾਈ ਗਈ ਸਮੁੱਚੀ ਇਨਕਲਾਬੀ ਕਾਰਵਾਈ ਨੇ ਪੂੰਜੀਪਤੀ ਜਮਾਤ ਦੇ ਨਾਪਾਕ ਸੂਬਿਆਂ ਨੂੰ ਚਕਨਾਚੂਰ ਕਰ ਦਿੱਤਾ। ਇਸ ਕਾਰਵਾਈ ਨੇ ਦੁਸ਼ਮਣ ਦੇ ਹਮਲੇ ਦਾ ਮੂੰਹ ਤੋੜਵਾਂ ਜਵਾਬ ਦੇਣ ਅਤੇ ਦੇਸ਼ ਦੀ ਰਾਖੀ ਦੀ ਲੋਕਾਂ ਦੀ ਇੱਛਾ ਅਤੇ ਤਾਕਤ ਨੂੰ ਇਕ ਰੂਪ ਵੀ ਦੇ ਦਿੱਤਾ ਮਜ਼ਦੂਰ ਵਰਗ ਦੀ ਅਗਵਾਈ ਵਿਚ ਹਥਿਆਰਬੰਦ ਰਾਸ਼ਟਰੀ ਸੁਰੱਖਿਆ ਬਲ ਜਦ ਬੇਰੋਕ ਟੋਕ ਜਿੱਤਦੇ ਗਏ ਅਤੇ ਅੱਗੇ ਵੱਧਦੇ ਜਾ ਰਹੇ ਸਨ ਅਤੇ ਵਿਦੇਸ਼ੀ ਹਮਲੇ ਤੋਂ ਆਪਣੇ ਦੇਸ਼ ਦੀ ਰਾਖੀ ਲਈ ਆਮ ਜਨਤਾ ਤੱਕ ਜੁਝਾਰੂ ਬਣ ਜਾ ਖੜੀ ਸੀ ਤਾਂ ਥਿਥੇਰ ਆਪਣੀ ਆਗਿਆਕਾਰੀ ਸੈਨਾ ਜੰਗੀ ਸੈਨਾਪਤੀਆਂ ਤੇ ਬੇਰਹਿਮ ਸਰਕਾਰੀ ਅਧਿਕਾਰੀਆਂ ਦੇ ਨਾਲ ਇਕਜੁੱਟ ਹੋ ਕੇ ਬੇਸ਼ਰਮੀ ਦੇ ਨਾਲ ਦੁਸ਼ਮਣ ਵਲੋਂ ਸਾਸ਼ਿਤ ਪ੍ਰਸ਼ਾ ਦੇ ਸ਼ਹਿਰ ਵੇਸੋਈ ਵੱਲ ਭੱਜ ਗਏ। ਪ੍ਰਸ਼ਾ ਦੇ ਹਾਕਮ ਬਿਸਮਾਰਕ ਦੀ ਸਹਾਇਤਾ ਲੈ ਕੇ 2 ਅਪ੍ਰੈਲ 1871 ਨੂੰ ਥਿਥੇਰ ਨੇ ਪੈਰਿਸ ਸ਼ਹਿਰ 'ਤੇ ਧਾਵਾ ਬੋਲ ਦਿੱਤਾ। ਮਜ਼ਦੂਰ ਜਮਾਤ ਦੀ ਅਗਵਾਈ 'ਚ ਪੈਰਿਸ ਕਮਿਊਨ ਦੀ ਰਾਖੀ ਲਈ ਥਿਥੇਰ ਦੀ ਅਗਵਾਈ ਵਾਲੀ ਫੌਜ ਨਾਲ 60 ਦਿਨਾਂ ਤੱਕ ਆਮ ਲੋਕਾਂ ਨੇ ਘਸਮਾਨ ਦੀ ਲੜਾਈ ਲੜੀ ਸੀ ਅਤੇ ਅੰਤ ਮਈ 1871 ਦੇ ਆਖੀਰ ਵਿਚ ਪੈਰਿਸ ਕਮਿਊਨ ਦਾ ਪਤਨ ਹੋ ਗਿਆ। ਉਸ ਵੇਲੇ ਦੀਆਂ ਹਾਕਮ ਜਮਾਤਾਂ ਨੇ ਰਾਜਸੱਤਾ ਤੇ ਅਧਿਕਾਰ ਕਾਇਮ ਕਰਨ ਦੀ ਕਾਮਯਾਬੀ ਦਾ ਐਲਾਨ ਕਰਨ 'ਚ ਸਫਲਤਾ ਹਾਸਲ ਕੀਤੀ।

ਫਿਰ ਵੀ ਮਜ਼ਦੂਰ ਜਮਾਤ ਦੇ ਸੰਘਰਸ਼ਾਂ ਦੇ ਇਤਿਹਾਸ ਵਿਚ ਪੈਰਿਸ ਕਮਿਊਨ ਇਕ ਉਜਵਲ ਅਧਿਐਨ ਬਣਿਆ ਰਿਹਾ। ਪੈਰਿਸ ਕਮਿਊਨ ਦੀ ਰਾਖੀ ਕਰਦਿਆਂ ਲੜਾਈ 'ਚ ਮਜ਼ਦੂਰ ਵਰਗ ਤੇ ਹੋਰ ਮਿਹਨਤਕਸ਼ ਲੋਕ ਸਮੂਹ ਨੇ ਜੋ ਵਰਗ-ਚੇਤਨਾ, ਇਨਕਲਾਬੀ ਬਹਾਦਰੀ ਤੇ ਔਰਤਾਂ ਵੱਲੋਂ ਦਰਸਾਈ ਗਈ ਸੰਘਰਸ਼ ਚੇਤੰਨਤਾ, ਸਹਿਣਸ਼ੀਲਤਾ ਤੇ ਕ੍ਰਾਂਤੀਕਾਰੀ ਯੋਧਿਆਂ ਦੇ ਨਿੱਜੀ ਬਲੀਦਾਨ, ਮਜ਼ਦੂਰ ਜਮਾਤ ਤੇ ਹੋਰ ਮਿਹਨਤਕਸ਼ ਲੋਕਾਂ ਲਈ ਪੀੜੀ ਦਰ ਪੀੜੀ ਪ੍ਰੇਰਣਾ ਸਰੋਤ ਬਣੇ ਰਹਿਣ ਲੱਗੇ।

ਭਾਵੇਂ ਪੈਰਿਸ ਕਮਿਊਨ ਦਾ ਪਤਨ ਹੋ ਗਿਆ ਫਿਰ ਵੀ ਉਸ ਨੇ ਦੁਨੀਆ

ਦੀ ਮਜ਼ਦੂਰ ਜਮਾਤ ਨੂੰ ਬੇਹੱਦ ਕੀਮਤੀ ਇਨਕਲਾਬੀ ਅਨੁਭਵਾਂ ਨਾਲ ਲੈਸ ਕਰ ਦਿੱਤਾ। ਉਸ ਨੇ ਵਿਗਿਆਨਕ ਸਮਾਜਵਾਦ ਦੇ ਸਿਧਾਂਤ ਤੇ ਵਿਹਾਰ ਅਤੇ ਇਨਕਲਾਬ ਦੀ ਰਣਨੀਤੀ ਤੇ ਕਾਰਜ ਨੀਤੀ 'ਚ ਮਹਾਨ ਯੋਗਦਾਨ ਦਿੱਤਾ।

**ਪੈਰਿਸ ਕਮਿਊਨ ਦਾ ਇਤਿਹਾਸਕ ਪਿਛੋਕੜ**

ਪੂੰਜੀਪਤੀ ਜਮਾਤ ਵਿਰੁੱਧ ਫਰਾਂਸ ਦੀ ਮਜ਼ਦੂਰ ਜਮਾਤ ਵਲੋਂ ਕੀਤੀ ਗਈ ਲੜਾਈ ਲੰਬੀ ਰਹੀ ਹੈ। 1848 ਦਾ ਇਨਕਲਾਬ :

ਪੂੰਜੀਪਤੀ ਗਣਰਾਜ ਲਈ 1848 ਵਿਚ ਹੋਏ ਇਨਕਲਾਬ ਵਿਚ ਫਰਾਂਸ ਦੀ ਹਾਕਮ ਜਮਾਤ ਨੇ ਇਕ ਮੁੱਖ ਭੂਮਿਕਾ ਨਿਭਾਈ ਸੀ। ਰਾਜਤੰਤਰ ਖਿਲਾਫ ਫਰਾਂਸ ਦੀ ਮਜ਼ਦੂਰ ਜਮਾਤ ਨੇ ਪੂੰਜੀਪਤੀ ਜਮਾਤ ਨਾਲ ਇਕਜੁੱਟ ਹੋ ਕੇ ਹਥਿਆਰ ਹੱਥ 'ਚ ਲੈ ਕੇ, ਬੈਰੀਕੇਡਾ ਦੇ ਪਿੱਛੇ ਤੋਂ ਯੁੱਧ ਕੀਤਾ। ਇਸ ਯੁੱਧ ਵਿਚ ਸਫਲਤਾ ਹਾਸਲ ਕਰਕੇ ਇਕ ਪੂੰਜੀਵਾਦੀ ਗਣਰਾਜ ਦੀ ਸਥਾਪਨਾ ਕੀਤੀ ਗਈ। ਪੂੰਜੀਪਤੀ ਵਰਗ ਦੀ ਅਗਵਾਈ ਵਿਚ ਗਠਿਤ ਆਰਜੀ ਸਰਕਾਰ 'ਚ ਲੂਈ ਬਲਾਂਕ ਤੇ ਅਲਬਰਟ ਨਾਂ ਦੇ ਦੋ ਮਜ਼ਦੂਰ ਨੁਮਾਇੰਦੇ ਮੰਤਰੀ ਵਜੋਂ ਸ਼ਾਮਲ ਹੋਏ ਸਨ।

ਫਿਰ ਵੀ ਮਜ਼ਦੂਰ ਲੋਕ ਇਸ ਤੋਂ ਸੰਤੁਸ਼ਟ ਨਹੀਂ ਹੋਏ। ਸਮਾਜਕ ਸੁਧਾਰ, ਕੰਮ ਕਰਨ ਦਾ ਅਧਿਕਾਰ, ਮਜ਼ਦੂਰ ਨੂੰ ਜਥੇਬੰਦ ਕਰਨ ਦਾ ਅਧਿਕਾਰ ਤੇ ਮਜ਼ਦੂਰਾਂ ਲਈ ਇਕ ਵਿਸ਼ੇਸ਼ ਮੰਤਰਾਲੇ ਦੀ ਮੰਗ ਸਬੰਧੀ 20 ਹਜ਼ਾਰ ਮਜ਼ਦੂਰਾਂ ਨੇ ਵੱਡੇ ਪੈਮਾਨੇ ਤੇ ਮੁਜ਼ਹਾਰਾ ਕੀਤਾ ਸੀ। ਪਰ ਮਜ਼ਦੂਰਾਂ ਦੇ ਸੰਘਰਸ਼ ਦੀ ਸਹਾਇਤਾ ਨਾਲ ਹਕੂਮਤੀ ਗੱਦੀ 'ਤੇ ਬਰਾਜਮਾਨ ਪੂੰਜੀਪਤੀ ਜਮਾਤ ਨੇ ਐਨ ਮੌਕੇ ਤੇ ਆਪਣਾ ਅਸਲੀ ਚੇਹਰਾ ਵਿਖਾ ਦਿੱਤਾ। ਪੂੰਜੀਪਤੀ ਜਮਾਤ ਵੱਲੋਂ ਕੰਟਰੋਲ ਕੀਤੀ ਜਾਂਦੀ ਸੰਵਿਧਾਨ ਸਭਾ ਨੇ 4 ਮਈ 1948 ਨੂੰ ਦੋਨੋਂ ਮਜ਼ਦੂਰ ਮੰਤਰੀਆਂ ਨੂੰ ਮੰਤਰੀ ਮੰਡਲ 'ਚੋਂ ਕੱਢ ਦਿੱਤਾ ਅਤੇ ਇਸ ਸੰਵਿਧਾਨ ਸਭਾ ਨੇ ਮਜ਼ਦੂਰਾਂ ਦੀਆਂ ਮੰਗਾਂ ਨਾ ਮਨਜ਼ੂਰ ਕਰ ਦਿੱਤੀਆਂ ਅਤੇ ਇਥੋਂ ਤੱਕ ਕਿ ਮਜ਼ਦੂਰਾਂ ਦੇ ਨੁਮਾਇੰਦਿਆਂ ਨੂੰ ਵਿਧਾਨ ਸਭਾ ਦੇ ਭਵਨ 'ਚ ਦਾਖਲ ਹੋ ਕੇ ਆਪਣੀਆਂ ਮੰਗਾਂ ਦੀ ਸੂਚੀ ਨੂੰ ਸਮਰਪਿਤ ਕਰਨ ਤੋਂ ਵੀ ਰੋਕ ਦਿੱਤਾ ਗਿਆ। ਮਜ਼ਦੂਰਾਂ ਦੇ ਜੀਵਨ-ਤਨਖਾਹਾਂ ਨਿਸ਼ਚਿਤ ਕਰਨ ਜਾਂ ਯਕੀਨੀ ਬਣਾਉਣ ਲਈ ਗਠਿਤ ਰਾਸ਼ਟਰੀ ਵਰਕਸ਼ਾਪਾ ਨੂੰ ਬੰਦ ਕਰ ਦੇਣ ਦਾ ਬੁਰਜੂਆ ਸਰਕਾਰ ਨੇ 22 ਜੂਨ 1848 ਨੂੰ ਹੁਕਮ ਜਾਰੀ ਕਰ ਦਿੱਤਾ। ਬੁਰਜੂਆ ਸਰਕਾਰ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਕਾਰਵਾਈਆਂ ਪ੍ਰਤੀ ਸਹਿਜੇ ਹੀ ਮਜ਼ਦੂਰ ਲੋਕ ਗੁੱਸੇ ਹੋ ਗਏ। ਫਿਰ ਤੋਂ ਉਨ੍ਹਾਂ ਨੇ ਬਗਾਵਤ ਕਰ ਦਿੱਤੀ। ਪੂਰੇ ਪੈਰਿਸ ਵਿਚ 50 ਹਜ਼ਾਰ ਮਜ਼ਦੂਰਾਂ ਨੇ ਬੈਰੀਕੇਡ ਉਸਾਰ ਕੇ ਚਾਰ ਦਿਨਾਂ ਤੱਕ ਲਗਾਤਾਰ ਸੰਘਰਸ਼ ਕੀਤਾ। ਪੂੰਜੀਪਤੀ ਜਮਾਤ ਨੇ ਮਜ਼ਦੂਰ ਜਮਾਤ ਦੇ ਖਿਲਾਫ ਬੇਰਹਿਮ ਅੱਤਿਆਚਾਰ ਤੇ ਕਤਲੇਆਮ ਕੀਤਾ। ਉਸਨੇ ਇਨਕਲਾਬੀ ਕਿਰਤੀ ਜਮਾਤ ਨੂੰ ਹਮੇਸ਼ਾ ਲਈ ਕੁਚਲ ਦੇਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਇਕ ਵਾਰ ਜਦ ਮਜ਼ਦੂਰਾਂ ਤੇ ਜਬਰ ਕਰ ਉਨ੍ਹਾਂ ਨੂੰ ਕੁਚਲ ਦਿੱਤਾ ਗਿਆ ਤਾਂ ਪੂੰਜੀਪਤੀ ਵਰਗ ਨੇ ਤੁਰੰਤ 1848 ਦੇ ਇਨਕਲਾਬ ਵਿਚ ਆਮ ਜਨਤਾ ਨੂੰ ਦਿੱਤੀ ਗਈ ਸਮੁੱਚੀ ਆਜ਼ਾਦੀ ਤੇ ਪ੍ਰਾਪਤੀਆਂ ਨੂੰ ਰੱਦ ਕਰ ਦਿੱਤਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਥੇ (ਪੈਰਿਸ ਵਿਚ) ਫੌਰੀ ਤੌਰ 'ਤੇ

ਇਨਕਲਾਬ ਕੁਚਲ ਦਿੱਤਾ ਗਿਆ ਸੀ ਪਰ ਉਸ ਵਕਤ ਇਸ ਹਾਰ ਨੂੰ ਟਾਲਿਆ ਨਹੀਂ ਜਾ ਸਕਦਾ ਸੀ ਕਿਉਂਕਿ ਬੁਰਜੂਆ ਜਮਾਤ ਨਾਲ ਹੋਏ ਇਸ ਯੁੱਧ ਵਿਚ ਮਜ਼ਦੂਰ ਕਮਜ਼ੋਰ, ਤਜਰਬੇ ਤੋਂ ਵਾਂਝੇ ਤੇ ਇਕੱਲੇ ਸਾਬਤ ਹੋਏ ਅਤੇ ਕਿਸਾਨ ਅਜੇ ਵੀ ਬੁਰਜੂਆ ਵਰਗ ਨਾਲ ਲੱਗੇ ਰਹੇ ਸਨ ਅਤੇ ਇਸ ਯੁੱਧ ਵਿਚ ਮਜ਼ਦੂਰ ਵਰਗ ਨੇ ਮੁਲਵਾਨ ਵਰਗ ਸਿੱਖਿਆ ਅਤੇ ਪੂੰਜੀਪਤੀ ਜਮਾਤ ਨੇ ਆਪਣੀਆਂ ਕਰਤੂਤਾਂ ਰਾਹੀਂ ਬੁਰਜੂਆ ਪ੍ਰਬੰਧ ਪ੍ਰਤੀ ਮਜ਼ਦੂਰਾਂ 'ਚ ਮੌਜੂਦ ਵਹਿਮਾਂ ਨੂੰ ਚਕਨਾਚੂਰ ਕਰ ਦਿੱਤਾ। ਆਪਣੀ ਹਾਰ ਨਾਲ ਕਿਰਤੀਆਂ ਨੇ "ਪੂੰਜੀਪਤੀ ਵਰਗ ਮੁਰਦਾਬਾਦ" "ਮਜ਼ਦੂਰ ਜਮਾਤ ਦੇ ਏਕਾ ਜਿੰਦਾਬਾਦ" ਦੇ ਇਨਕਲਾਬੀ ਨਾਹਰੇ ਬੁਲੰਦ ਕੀਤੇ ਸਨ। ਇਸ ਨਾਲ ਮਜ਼ਦੂਰ ਜਮਾਤ ਦੀ ਰਾਜਸੀ ਚੇਤਨਾ ਨੂੰ ਗੁਣਾਤਮਕ ਪੱਖੋਂ ਨਵੇਂ ਸਿਖਰਾਂ 'ਤੇ ਪਹੁੰਚਾ ਦਿੱਤਾ।

**ਪੈਰਿਸ ਕਮਿਊਨ ਲਈ ਰਾਹ ਪੱਧਰਾ ਕਰਨ ਵਾਲੇ ਵਿਕਾਸ**

1848-1871 ਵਿਚਕਾਰ ਫਰਾਂਸ 'ਚ ਰਾਜਸੀ ਹਾਲਤ ਅਤੇ ਮਜ਼ਦੂਰ ਜਮਾਤ ਦੇ ਅੰਦੋਲਨ ਵਿਚ ਮਹੱਤਵਪੂਰਨ ਤਬਦੀਲੀਆਂ ਹੋਈਆਂ ਸਨ। 1851 ਵਿਚ ਪੂੰਜੀਪਤੀ ਜਮਾਤ ਨੇ ਆਪਣੀ ਲੁੱਟ ਨੂੰ ਜਾਰੀ ਰੱਖਣ ਦੇ ਪਰਦੇ ਵਜੋਂ ਸਮਰਾਟ ਨੂੰ ਸੱਤਾ 'ਤੇ ਬਿਠਾਇਆ। ਦੂਸਰੇ ਸਾਮਰਾਜ ਵਲੋਂ ਅਪਣਾਈਆਂ ਗਈਆਂ ਸਭ ਨੀਤੀਆਂ ਕਾਰਨ ਦੇਸ਼ ਆਰਥਿਕ ਵਿਨਾਸ਼ ਕੰਢੇ ਪਹੁੰਚ ਗਿਆ। ਮਾਰਕਸ ਨੇ ਇਸ ਦੂਜੇ ਸਾਮਰਾਜ ਨੂੰ "ਖੇਤੀ ਕਰਨ ਵਾਲਿਆਂ ਦੇ ਭੂਖੰਡਾਂ ਦੇ ਜੀਵ ਜੰਤੂਆਂ ਨੂੰ ਚੂਸ ਲੈਣ ਵਾਲੇ ਖ਼ੂਨ ਦੇ ਪਿਆਸੇ" ਦਾ ਨਾਂ ਰੱਖਿਆ ਸੀ। 1860-64 ਦੇ ਅੰਤ ਤੱਕ ਮਜ਼ਦੂਰ ਜਮਾਤ ਨੇ ਅਨੇਕਾਂ ਸੰਘਰਸ਼ ਕਰਕੇ ਸਰਕਾਰ ਤੋਂ ਮੁਠੀਭਰ ਛੋਟਾਂ ਹਾਸਲ ਕਰ ਲਈਆਂ ਸਨ। 1867 'ਚ ਫਰਾਂਸ ਦੇ ਕਾਂਸਾ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਨੇ ਆਪਣੇ-ਆਪਣੇ ਔਜ਼ਾਰਾਂ ਨੂੰ ਜ਼ਮੀਨ ਤੇ ਰੱਖ ਦੇਣ ਵਾਲੀ ਹੜਤਾਲ (ਟੂਲ-ਡਾਊਨ ਸਟ੍ਰਾਈਕ) ਕੀਤੀ। ਇਸ ਹੜਤਾਲ ਦੀ ਹਮਾਇਤ ਵਿਚ ਇੰਟਰਨੈਸ਼ਨਲ ਦੇ ਪੈਰਿਸ ਸ਼ਹਿਰ ਦੇ ਨੁਮਾਇੰਦਿਆਂ ਵਲੋਂ ਜਾਰੀ ਕੀਤੇ ਐਲਾਨਨਾਮੇ 'ਚ ਕਿਹਾ ਗਿਆ ਸੀ, "ਇਹ ਸਿਰਫ ਤਨਖਾਹ ਸਬੰਧੀ ਸੰਘਰਸ਼ ਤੱਕ ਸੀਮਤ ਨਹੀਂ ਸੀ ਬਲਕਿ ਇਹ ਮਜ਼ਦੂਰਾਂ ਦੇ ਕੰਮ ਕਰਨ ਦੀ ਆਜ਼ਾਦੀ ਤੇ ਉਨ੍ਹਾਂ ਦੇ ਮਾਨ-ਸਨਮਾਨ ਨਾਲ ਸਬੰਧਤ ਸੁਆਲ ਵੀ ਸੀ। ਜੋ ਲੋਕ ਇੰਟਰਨੈਸ਼ਨਲ ਦੀ ਹਮਾਇਤ ਕਰਦੇ ਹਨ ਉਹ ਸੰਘਰਸ਼ਸ਼ੀਲ ਇਨ੍ਹਾਂ ਕਾਮਿਆਂ ਦੀ ਮਦਦ ਲਈ ਹਜ਼ਾਰਾਂ ਦੀ ਗਿਣਤੀ 'ਚ ਫ੍ਰੈਂਕ ਭੇਜਦੇ ਹੁੰਦੇ ਸਨ। ਆਖ਼ਰਕਾਰ ਫੈਕਟਰੀ ਦੇ ਮਾਲਕ ਲੋਕਾਂ ਨੂੰ 25 ਫੀਸਦੀ ਤਨਖਾਹ ਵਧਾਉਣ ਅਤੇ ਕਿਰਤੀ ਜਥੇਬੰਦੀਆਂ ਦੇ ਅਧਿਕਾਰ ਨੂੰ ਮੰਨਜ਼ੂਰ ਕਰਨ ਲਈ ਮਜਬੂਰ ਹੋਣਾ ਪਿਆ। ਵਧਦੀ ਹੋਈ ਇਨਕਲਾਬੀ ਹਾਲਤ 'ਤੇ ਇਕ ਇਕਜੁਟ ਰਾਜਸੀ ਅਗਵਾਈ ਦੀ ਘਾਟ ਦੀਆਂ ਹਾਲਤਾਂ ਵਿਚ ਵੀ ਕਾਮਿਆਂ ਦਾ ਇਹ ਸੰਘਰਸ਼ ਅੱਗੇ ਵਧਿਆ। ਇਸ ਸਮੇਂ ਦੌਰਾਨ ਪ੍ਰਧੋਆਂ ਦਾ ਪਿਤਰਵਾਕ ਬਲਾਕ ਦਾ ਅਰਾਜਕਤਾਵਾਦ ਤੇ ਇੰਟਰਨੈਸ਼ਨਲ ਵਲੋਂ ਨੁਮਾਇੰਦਗੀ ਕੀਤੇ ਜਾਣ ਵਾਲੇ ਵਿਗਿਆਨਕ ਸਮਾਜਵਾਦ ਵਰਗੇ ਅਨੇਕਾਂ ਸਿਧਾਂਤਾਂ ਦੇ ਪ੍ਰਭਾਵ ਕਿਰਤੀ ਜਮਾਤ 'ਤੇ ਮੌਜੂਦ ਸਨ। ਵਿਕਸਤ ਹੋ ਰਹੇ ਕਿਰਤੀ ਅੰਦੋਲਨ ਤੇ ਉਸ ਉਪਰ ਇੰਟਰਨੈਸ਼ਨਲ ਦੇ ਪ੍ਰਭਾਵਾਂ ਨੂੰ ਸਾਮਰਾਜ ਨੇ ਬਾਖੂਬੀ ਦੇਖਿਆ ਸੀ ਅਤੇ ਉਸ (ਸਾਮਰਾਜ) ਨੇ ਕਾਮਿਆਂ ਨੂੰ ਕੁਚਲ ਦੇਣ ਲਈ ਕਦਮ ਚੁੱਕੇ। ਉਸ ਨੇ ਕਿਰਤੀ ਜਮਾਤ ਦੇ ਨੇਤਾਵਾਂ 'ਤੇ ਮੁਕੱਦਮੇ ਦਾਇਰ

ਕੀਤੇ। ਪਰ ਮਜ਼ਦੂਰ ਜਮਾਤ ਦੇ ਨੇਤਾਵਾਂ ਨੇ ਇਸ ਚੁਣੌਤੀ ਦਾ ਬੜੀ ਦਲੇਰੀ ਨਾਲ ਮੁਕਾਬਲਾ ਕੀਤਾ। ਅਦਾਲਤ ਵਿਚ ਸੁਣਵਾਈ ਸਮੇਂ ਕਿਰਤੀ ਨੇਤਾ ਯੂਗੇਨ ਵਰਲਿਨ ਨੇ ਆਪਣੇ ਬਿਆਨ ਵਿਚ ਇਕ ਸੱਚੇ ਸਮਾਜਵਾਦੀ ਐਲਾਨਨਾਮੇ ਦਾ ਐਲਾਨ ਕੀਤਾ। ਸਿੱਟੇ ਵਜੋਂ ਉਨ੍ਹਾਂ ਨੂੰ ਸਜ਼ਾ ਮਿਲੀ।

ਮਈ 1869 'ਚ ਆਯੋਜਿਤ ਚੋਣਾਂ ਵਿਚ ਸਮਾਜਵਾਦੀਆਂ ਸਮੇਤ ਪੂੰਜੀਪਤੀ ਜਮਾਤ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਸ਼ਾਮਲ ਹੋਈਆਂ ਸਨ। ਸਮਾਜਵਾਦੀ ਆਪਣੇ ਐਲਾਨਨਾਮੇ 'ਚ ਸਿਰਫ ਬੁਰਜੂਆ ਸ਼ਹਿਰੀ ਅਜ਼ਾਦੀਆਂ ਦਾ ਵਾਅਦਾ ਕਰਨ ਤੱਕ ਰੁਕੇ ਨਹੀਂ। ਉਨ੍ਹਾਂ ਨੇ ਨਿਯਮਤ ਸੈਨਾ ਨੂੰ ਭੰਗ ਕਰਨ, ਸਭ ਨਾਗਰਿਕਾਂ ਨੂੰ ਹਥਿਆਰਬੰਦ ਕਰਨ, ਸਰਕਾਰੀ ਕਰਜ਼ੇ ਨਾ ਮੋੜਨ, ਬੈਂਕ, ਰੇਲਾਂ, ਵਿੱਤੀ ਕੰਪਨੀਆਂ, ਅਨਾਜ ਨੂੰ ਖੋਹ ਲੈਣ ਦੇ ਵਾਅਦੇ ਕੀਤੇ। ਇਹ ਸਾਰੇ ਵਾਅਦੇ ਪਹਿਲੀ ਇੰਟਰਨੈਸ਼ਨਲ ਵਲੋਂ ਪਾਸ ਕੀਤੇ ਗਏ ਪ੍ਰਸਤਾਵਾਂ ਦੀ ਭਾਵਨਾ ਦੇ ਅਨੁਸਾਰ ਸਨ। 31 ਮਾਰਚ 1869 ਨੂੰ ਮਾਰਕਸ ਨੇ ਲਿਖਿਆ ਸੀ, "ਉਨ੍ਹਾਂ ਨੇ ਫਰਾਂਸ 'ਚ ਹੋਣ ਵਾਲੀਆਂ ਘਟਨਾਵਾਂ ਨਾਲ ਨੇੜਿਉਂ ਸਬੰਧ ਬਣਾਏ ਹੋਏ ਸਨ। ਉਨ੍ਹਾਂ ਨੇ ਚੋਣ ਦੇ ਪ੍ਰਚਾਰ ਦੌਰਾਨ ਗੁਪਤ ਤੌਰ 'ਤੇ ਫਰਾਂਸ 'ਚ ਕੁਝ ਦਿਨ ਬਿਤਾਏ ਸਨ। ਪੂੰਜੀਪਤੀ ਜਮਾਤ ਬੁਰੀ ਤਰ੍ਹਾਂ ਡਰ ਗਈ ਸੀ। 1848 ਦੇ ਇਨਕਲਾਬੀ ਸਮੇਂ ਦੇ ਭੂਤ ਨੂੰ ਫਿਰ ਤੋਂ ਵਾਪਸ ਲਿਆਉਣ ਨੂੰ ਬੁਰਜੂਆ ਜਮਾਤ ਨੇ ਸਪੱਸ਼ਟ ਦੇਖ ਲਿਆ। ਸਿੱਟੇ ਵਜੋਂ ਉਸ ਨੇ ਸੋਸ਼ਲਿਸਟਾਂ 'ਤੇ ਭਿਅੰਕਰ ਅਤਿਆਚਾਰ ਤੇ ਲੁੱਟ ਖਸੁੱਟ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਮਜ਼ਦੂਰ ਜਮਾਤ ਨੂੰ ਆਪਣੇ ਉਮੀਦਵਾਰਾਂ ਨੂੰ ਵਾਪਸ ਲੈਣ ਤੇ ਬੁਰਜੂਆ ਰੀਪਬਲੀਕਨਾ ਦੇ ਨਾਲ ਮਿਲ ਕੇ ਕੰਮ ਕਰਨ ਨੂੰ ਮਜ਼ਬੂਰ ਕਰ ਦਿੱਤਾ ਅਤੇ ਚੁਣਾਵੀ ਪ੍ਰਚਾਰ ਨੂੰ ਜਾਰੀ ਰੱਖਣ ਦੀ ਮਜ਼ਦੂਰਾਂ ਨੂੰ ਇਜ਼ਾਜਤ ਨਹੀਂ ਮਿਲੀ ਸੋਸ਼ਲਿਸਟ ਲੋਕ ਚੋਣਾਂ 'ਚ ਹਾਰ ਗਏ। ਪਰ ਉਨ੍ਹਾਂ ਦੀ ਪ੍ਰਚਾਰ ਮੁਹਿੰਮ ਦਾ ਆਮ ਲੋਕਾਂ 'ਤੇ ਬਹੁਤ ਪ੍ਰਭਾਵ ਪਿਆ। ਦੇਸ਼ ਦੇ ਲੋਕਾਂ 'ਚ ਅਸੂਤੋਸ਼ ਦੀ ਅੱਗ ਭੜਕ ਉੱਠੀ ਤੇ ਇਨਕਲਾਬੀ ਹਾਲਤਾਂ ਹੋਰ ਵੱਧ ਪ੍ਰਪੱਕ ਹੋ ਗਈਆਂ। ਇੰਟਰਨੈਸ਼ਨਲ ਲਿਸਟਾਂ ਨੇ ਆਪਣੀਆਂ ਕਾਰਵਾਈਆਂ ਫਿਰ ਤੋਂ ਆਰੰਭ ਕਰ ਦਿੱਤੀਆਂ। ਜਿਵੇਂ ਕਿ ਮਾਰਕਸ ਨੇ ਲਿਖਿਆ ਸੀ, "ਪੈਰਿਸ 'ਚ ਹਾਜ਼ਰ ਸਭ ਮੈਂਬਰਾਂ ਨੂੰ (ਸੋਸ਼ਲਿਸਟ ਮੈਂਬਰਾਂ ਨੂੰ) ਜੇਲ੍ਹਾਂ ਵਿਚ ਸੁੱਟ ਦਿੱਤੇ ਜਾਣ ਪਿੱਛੋਂ.....ਉਸ ਨਾਲੋਂ ਵੀ ਦੁਗਣੀ ਗਿਣਤੀ 'ਚ ਕਮੇਟੀਆਂ (ਜੇਲ੍ਹੀ ਸੁੱਟੇ ਸੋਸ਼ਲਿਸਟਾਂ ਦੀਆਂ) ਆਪਣੇ ਆਪ ਨੂੰ ਉਤਰਾਧਿਕਾਰੀ ਕਹਿੰਦਿਆਂ, ਵੱਡੀ ਦਲੇਰੀ ਨਾਲ ਚੁਣੌਤੀ ਪੂਰਨ ਐਲਾਨਾ ਨੂੰ ਰੋਜ਼ਾਨਾ ਅਖ਼ਬਾਰਾਂ 'ਚ ਪ੍ਰਕਾਸ਼ਿਤ ਕਰਦੇ ਕਰਾਉਂਦੇ ਹੋਂਦ 'ਚ ਆਈਆਂ। ਫਰਵਰੀ 1870 'ਚ "ਦਿਨ ਪ੍ਰਤੀ ਦਿਨ ਬੇਹੱਦ ਤੇਜ਼ ਹੁੰਦੀਆਂ ਜਾ ਰਹੀਆਂ ਭਿਆਨਕ ਘਟਨਾਵਾਂ ਘਟਿਤ ਹੋਣ ਦੀ ਸੰਭਾਵਨਾ ਹੈ" ਕਹਿੰਦੇ ਹੋਇਆ ਫਰਾਂਸ ਦੇ ਕਿਰਤੀਆਂ ਨੇ ਇੰਟਰਨੈਸ਼ਨਲ ਦੀ ਜਨਰਲ ਕੌਂਸ਼ਿਲ ਦੇ ਨਾਂ ਪੱਤਰ ਲਿਖ ਭੇਜਿਆ ਸੀ।

# ਗੁੰਮਰਾਹ ਕਰਨ ਵਾਲੀਆਂ ਕਾਰਜ ਨੀਤੀਆਂ ਖਿਲਾਫ਼ ਮਜ਼ਦੂਰਾਂ ਦਾ ਸੰਘਰਸ਼

ਨਜ਼ਦੀਕ ਆਉਂਦੇ ਜਾ ਰਹੇ ਇਨਕਲਾਬ ਵਿਰੁੱਧ ਪੂੰਜੀਪਤੀ ਜਮਾਤ ਤੇ ਸਾਮਰਾਜ ਨੇ ਮਿਲ ਕੇ ਸਾਜ਼ਿਸ਼ਾਂ ਰਚਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਨ੍ਹਾਂ ਨੇ ਗੁਮਰਾਹ ਕਰਨ ਵਾਲੀਆਂ ਕਾਰਜ ਨੀਤੀਆਂ ਨੂੰ ਅਪਣਾਉਣਾ ਸ਼ੁਰੂ ਕਰ ਦਿੱਤਾ ਅਤੇ ਫਰਾਂਸ ਨੂੰ ਪ੍ਰਸ਼ਾ ਵਿਰੁੱਧ ਬੇਲੋੜਾ ਹਮਲਾਵਰ ਯੁੱਧ ਦੇ ਕੰਢੇ ਤੱਕ ਲੈ ਜਾਇਆ ਗਿਆ। ਪ੍ਰਸ਼ਾ ਵੀ ਇਸ ਤਰ੍ਹਾਂ ਦੇ ਯੁੱਧ ਦੀ ਤਾਕ ਵਿਚ ਸੀ। ਇਸ ਯੁੱਧ ਦੇ ਬਹਾਨੇ ਪ੍ਰਸ਼ਾ ਵਿਚ ਵੱਧਦੀ ਜਾ ਰਹੀ ਜਮਹੂਰੀ ਵਿਰੋਧ ਦੀ ਸਥਿਤੀ ਨੂੰ ਕੁਚਲਣ ਦੇਣ ਅਤੇ ਇਸ ਯੁੱਧ ਰਾਹੀਂ ਆਸ-ਪਾਸ ਦੇ ਖੇਤਰਾਂ ਨੂੰ ਵੀ ਆਪਣੇ ਰਾਜ ਵਿਚ ਮਿਲਾ ਲੈਣ ਦੀ ਇੱਛਾ ਨੂੰ ਹਕੀਕਤ ’ਚ ਬਦਲਣ ਦੀ ਕੋਸ਼ਿਸ਼ ਕੀਤੀ ਗਈ ਪਰ ਜਰਮਨ ਤੇ ਫਰਾਂਸ ਰਾਜਾਂ ਦੀ ਮਜ਼ਦੂਰ ਜਮਾਤ ਨੇ ਇਨ੍ਹਾਂ ਨਾਪਾਕ ਇਰਾਦਿਆਂ ਨੂੰ ਨਕਾਰਨ ਲਈ ਕਮਰ ਕਸ ਲਈ। 12 ਜੁਲਾਈ 1870 ਨੂੰ “ਸਭ ਦੇਸ਼ਾਂ ਦੇ ਮਜ਼ਦੂਰਾਂ ਦੇ ਨਾਂ” ਹੇਠ ਇਕ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ ਸੀ, “ਇਸ ਲੁੱਟ ਲਈ ਆਯੋਜਿਤ ਰਾਜਵੰਸੀ ਯੁੱਧ ਹੈ। ਇਸ ਲਈ ਸਭ ਦੇਸ਼ਾਂ ਦੀ ਮਜ਼ਦੂਰ ਜਮਾਤ ਨੂੰ ਇਸ ਖੂਨ-ਖਰਾਬੇ ਦਾ ਮੋੜਵਾਂ ਜਵਾਬ ਦੇਣ ਲਈ ਇਕਜੁੱਟ ਹੋਣਾ ਚਾਹੀਦਾ ਹੈ। ਪੈਰਿਸ ਦੀ ਮਜ਼ਦੂਰ ਫੈਡਰੇਸ਼ਨ ਨੇ ਅੱਗੇ ਲਿਖਿਆ, ਜਰਮਨ ਭਰਾਵੋ! ਸਾਡੀ ਫੁੱਟ ਦਾ ਇਕੋ ਇਕ ਸਿੱਟਾ ਰਾਈਨ ਨਦੀ ਦੇ ਦੋਨੋਂ ਕਿਨਾਰਿਆਂ ’ਤੇ ਮੌਜੂਦ ਅਤਿਆਚਾਰੀ ਸਾਸ਼ਨ ਦੀ ਪੂਰੀ ਤਰ੍ਹਾਂ ਸਫਲਤਾ ਵਿਚ ਨਿਕਲੇਗਾ।” ਇਸ ਦਾ ਜੁਆਬ ਦਿੰਦੇ ਹੋਇਆ ਜਰਮਨੀ ’ਚ ਸਥਿਤ ਇੰਟਰਨੈਸ਼ਨਲ ਦੀ ਇਕਾਈ ਨੇ ਕਿਹਾ, “ਅਸੀਂ ਦਿਲੋਂ, ਵਿਚਾਰ ਪੱਖੋਂ ਤੇ ਅਮਲੀ ਤੌਰ ’ਤੇ ਆਪ ਦੇ ਐਲਾਨ ਦੀ ਹਮਾਇਤ ਕਰਦੇ ਹਾਂ।” ਚਾਹੇ ਜੰਗ ਦਾ ਨਗਾਰਾ ਵੱਜ ਰਿਹਾ ਹੋਵੇ, ਚਾਹੇ ਤੋਪ ਦੀ ਗੜਗੜਾਹਟ ਹੋਵੇ, ਚਾਹੇ ਜਿੱਤ ਹੋਵੇ ਚਾਹੇ ਹਾਰ, ਅਸੀਂ ਆਪਣੇ ਸਮੂਹਿਕ ਫਰਜ਼ ਜਿਵੇਂ ਸਭ ਰਾਜਾਂ ਦੇ ਮਜ਼ਦੂਰ ਸੰਤਾਨਾ ਨੂੰ ਇਕਮੁੱਠ ਕਰਨ ਵਾਲੇ ਫਰਜ਼ ਤੋਂ ਨਾਤਾ ਤੋੜ ਨਹੀਂ ਸਕਦੇ।” ਉਤਰੀ ਜਰਮਨੀ ਦੇ ਸੰਸਦ ਦੇ ਸਮਾਜਿਕ ਜਨਵਾਦੀ ਮੈਂਬਰ ਰਹੇ ਵਿਲਿਅਮ ਲੀਬਕਨੇਖਟ ਅਤੇ ਅਗਸਤ ਬਬੇਲ-ਦੋਹਾਂ ਨੇ ਯੁੱਧ ਸਬੰਧੀ ਖਰਚ ਦੀ ਇਕਾਊਂਟ ਵਿਰੁੱਧ ਆਪਣੀ ਵੋਟ ਪਾਈ। ਇਸ ਪ੍ਰਸੰਗ ਵਿਚ ਦੋਨੋਂ ਰਾਜਾਂ ਦੀ ਮਜ਼ਦੂਰ ਜਮਾਤ ਨੇ ਬੇਹੱਦ ਉੱਚ ਕੋਟੀ ਦੀ ਰਾਜਸੀ ਚੇਤਨਾ ਦਾ ਮੁਜ਼ਾਹਰਾ ਕੀਤਾ ਅਤੇ ਉਨ੍ਹਾਂ ਨੇ ਪ੍ਰੋਲੇਤਾਰੀ ਕੌਮਾਂਤਰੀਵਾਦ ਦਾ ਪ੍ਰਚਮ ਬੁਲੰਦ ਕੀਤਾ।

ਮਾਰਕਸ ਤੇ ਏਂਗਲਜ਼ ਨੇ ਉਮੀਦ ਕੀਤੀ ਸੀ ਕਿ ‘ਯੁੱਧ ’ਚ ਫਰਾਂਸ ਹਾਰ ਜਾਵੇਗਾ। ਸ਼ੁਰੂਆਤ ਵਿਚ ‘ਕੇਵਲ’ ਆਤਮ ਰੱਖਿਆ ਦੀ ਸਥਿਤੀ ਵਿਚ ਮੌਜੂਦ ਜਰਮਨੀ ਦੀ ਹਾਲਤ ਬਾਅਦ ’ਚ ਲੁੱਟ ਲਈ ਯੁੱਧ ਵਿਚ ਬਦਲ ਜਾਵੇਗਾ; ਅਜਿਹਾ ਉਨ੍ਹਾਂ ਨੇ ਸੋਚਿਆ ਮਾਰਕਸ ਨੇ ਲਿਖਿਆ ਸੀ, “ਅਜਿਹੀ ਸਥਿਤੀ ’ਚ ਚਾਹੇ ਜਿੱਤ ਹੋ ਜਾਵੇ, ਹਾਰਨਾ ਆਖਰੀ ਹਾਲਤ ’ਚ ਵਿਨਾਸ਼ ਲਈ ਹੀ ਰਾਹ ਪੱਧਰਾ ਹੋ ਜਾਵੇਗਾ।” 15 ਅਗਸਤ 1870 ਨੂੰ ਏਂਗਲਸ ਨੇ ਮਾਰਕਸ ਨੂੰ ਲਿਖਿਆ ਕਿ “ਨੇਪੋਲੀਅਨ ਦੀ ਹਾਰ, ਪ੍ਰਸ਼ਾ ਦੇਸ਼ ਨਾਲ ਸਬੰਧਤ ਪਹਿਲੀ ਵਿਲਹੇਲਸ ਨਾਲ ਟੱਕਰ ਲੈਣ ਦੀ ਸਮਰੱਥਾ

ਰੱਖਣ ਵਾਲੀ ਫਰਾਂਸ 'ਚ ਇਕ ਨੂਤਨ ਇਨਕਲਾਬੀ ਸਰਕਾਰ ਦੀ ਸਥਾਪਨਾ ਅਤੇ ਹੋਰ ਰਾਜਾਂ ਦੀਆਂ ਜ਼ਮੀਨਾਂ ਨੂੰ ਕਬਜ਼ੇ 'ਚ ਨਾ ਕਰਦੇ ਹੋਇਆ ਸ਼ਾਂਤੀ ਦੀ ਸਥਾਪਨਾ ਕਰਨਾ ਇਸ ਯੁੱਧ ਦਾ ਵਧੀਆ ਸਿੱਟਾ ਰਹੇਗਾ।" ਪਿੱਛੋਂ ਇਹੀ ਹਕੀਕਤ ਸਾਬਿਤ ਹੋਈ। 2 ਸਤੰਬਰ 1870 ਨੂੰ ਫਰਾਂਸ ਦੀ ਮੁੱਖ ਸੈਨਾ ਟੁਕੜੀ ਨੂੰ ਮੈਦਾਨ 'ਚ ਸਮਰਾਟ ਦੇ ਨਾਲ ਚਾਰੋਂ ਪਾਸੇ ਘੇਰਾਬੰਦੀ ਕਰਕੇ ਬੰਦੀ ਬਣਾ ਲਿਆ ਗਿਆ।

### *ਅੱਗੇ ਵਧ ਰਿਹਾ ਇਨਕਲਾਬ*

ਪੈਰਿਸ ਦੀਆਂ ਗਲੀਆਂ ਨੂੰ ਇਨਕਲਾਬ ਨੇ ਇਕ ਭੁਚਾਲ ਦੀ ਤਰ੍ਹਾਂ ਹਿਲਾ ਕੇ ਰੱਖ ਦਿੱਤਾ। ਜਿਸ ਨੂੰ ਦੇਖ ਬੁਰਜੂਆ ਜਮਾਤ ਭੈਭੀਤ ਹੋ ਗਈ। 4 ਸਤੰਬਰ 1870 ਨੂੰ ਬੁਰਜੂਆ ਜਮਾਤ ਨੇ ਜਲਦਬਾਜ਼ੀ 'ਚ ਫਰਾਂਸ ਨੂੰ ਗਣਰਾਜ ਐਲਾਨ ਦਿੱਤਾ ਅਤੇ 'ਥਿਏਰ' ਨਾਂ ਦੇ 'ਬੌਨੇ ਤੋਂ ਰਾਖਸ਼' ਨੂੰ (ਮਾਰਕਸ ਦੇ ਥਿਏਰ ਨੂੰ ਇਸੇ ਨਾਂ ਨਾਲ ਬੁਲਾਇਆ ਸੀ) ਇਸ ਗਣਰਾਜ ਦਾ ਪ੍ਰਧਾਨ ਨਾਮਜ਼ਦ ਕੀਤਾ ਗਿਆ। ਪ੍ਰਸ਼ਾਸਨਿਕ ਪ੍ਰਣਾਲੀ ਵਿਚ ਕਿਸੇ ਵੀ ਕਿਸਮ ਦੀ ਬੁਨਿਆਦੀ ਤਬਦੀਲੀ ਲਿਆ ਕੇ ਬਿਨਾਂ ਸਿਰਫ ਸਮਰਾਟ ਦੀ ਥਾਂ 'ਤੇ ਥਿਏਰ ਨੂੰ ਬਿਠਾਇਆ ਗਿਆ।

ਇਹ ਮਹੱਤਵਪੂਰਨ ਘੜੀ ਮਜ਼ਦੂਰ ਵਰਗ ਤੋਂ ਇਨਕਲਾਬੀ ਕਾਰਵਾਈ ਦੀ ਮੰਗ ਕਰਦੀ ਸੀ। ਪਰ ਉਸ ਮੌਕੇ ਤੇ ਮਜ਼ਦੂਰ ਜਮਾਤ ਇਸ ਦੇ ਲਈ ਤਿਆਰ ਨਹੀਂ ਸੀ। ਮਜ਼ਦੂਰ ਜਮਾਤ ਦੇ ਨੇਤਾਵਾਂ 'ਚੋਂ ਵੱਧ ਲੋਕ ਇਸ ਵਕਤ ਜਾ ਤਾਂ ਜੇਲ੍ਹਾਂ 'ਚ ਕੈਦੀ ਸਨ ਜਾਂ ਫਿਰ ਰੂਪੋਸ਼ ਜੀਵਨ ਜਿਉਂ ਰਹੇ ਸਨ। ਅਜਿਹੀ ਹਾਲਤ 'ਚ ਮਜ਼ਦੂਰ ਵਰਗ ਪਾਸ ਸਿਧਾਂਤਕ ਤੇ ਵਿਚਾਰਧਾਰਕ ਅਗਵਾਈ ਦੀ ਘਾਟ ਬੁਰੀ ਤਰ੍ਹਾਂ ਰੜਕ ਰਹੀ ਸੀ। ਸੋਸਲਿਸ਼ਟਾਂ ਪਾਸ ਨਾ ਤਾਂ ਕੋਈ ਜਥੇਬੰਦੀ ਸੀ, ਨਾ ਹੀ ਕੋਈ ਸਮੂਹਿਕ ਪ੍ਰੋਗਰਾਮ ਤੇ ਨਾ ਹੀ ਆਮ ਤੌਰ 'ਤੇ ਸਰਵ ਪ੍ਰਵਾਨਿਤ ਕਾਰਜ ਨੀਤੀ ਹੀ ਸੀ। ਉਸ ਸਮੇਂ ਇੰਟਰਨੈਸ਼ਨਲ ਦਾ ਇਕ ਹਿੱਸਾ ਭਿਅੰਕਰ ਅਤਿਆਚਾਰ ਤੇ ਲੁੱਟ ਦਾ ਸ਼ਿਕਾਰ ਹੋ ਰਿਹਾ ਸੀ। ਅਜਿਹੇ ਵਕਤ ਜਦ ਮਜ਼ਦੂਰ ਜਮਾਤ ਸਥਿਤੀ ਦਾ ਮੁਕਾਬਲਾ ਕਰਨ ਲਈ ਤਿਆਰ ਨਹੀਂ ਸੀ, ਪ੍ਰਸ਼ਾ ਦੇ ਹਮਲਾਵਰ ਪੈਰਿਸ ਵੱਲ ਵਧਦੇ ਆ ਰਹੇ ਸਨ। ਤਾਂ ਪੂੰਜੀਪਤੀ ਜਮਾਤ ਸੱਤਾ ਹਥਿਆਉਣ ਲਈ ਇਕ ਨਾਪਾਕ ਖੇਡ 'ਚ ਮਗਨ ਸੀ। ਮੁਲਕ ਤੇ ਹਮਲਾ ਕਰਨ ਤੁਰੇ ਦੁਸ਼ਮਣ ਨੂੰ ਮਾਰ ਕੇ ਭਜਾਉਣ 'ਤੇ ਧਿਆਨ ਦੇਣ ਦੀ ਬਜਾਏ ਥਿਥੇਰ ਸਰਕਾਰ ਸਹਾਇਤਾ ਲਈ ਯੂਰਪ 'ਚ ਭੀਖ ਮੰਗਦੀ ਫਿਰ ਰਹੀ ਸੀ। ਨਾਲ ਹੀ ਆਮ ਲੋਕਾਂ ਨੂੰ ਨਹਿੱਥੇ ਬਣਾ ਰਹੀ ਸੀ। ਇਸ ਤਰ੍ਹਾਂ ਇਕ ਵਾਰੀ ਹੋਰ ਫਰਾਂਸ ਦੇ ਪ੍ਰੋਲੇਤਾਰੀ ਨੇ ਪੂੰਜੀਪਤੀ ਜਮਾਤ ਹੱਥੋਂ ਧੋਖਾ ਖਾਧਾ।

ਜਿਵੇਂ ਹੀ ਜਰਮਨ ਫੌਜਾਂ ਫਰਾਂਸ ਦੇ ਇਲਾਕੇ 'ਚ ਦਾਖ਼ਲ ਹੋ ਗਈਆਂ, ਜਰਮਨੀ ਦੀ ਜੰਗ ਇਕ ਦੁਰਾਕਅਣਕਾਰੀ ਯੁੱਧ ਵਿਚ ਤਬਦੀਲ ਹੋ ਗਈ। ਥਿਏਰ ਦੀ ਸਰਕਾਰ ਕਿਉਂਕਿ ਨੰਗੇ ਰੂਪ 'ਚ ਵਿਸ਼ਵਾਸਘਾਤ ਬਣ ਕੇ ਸਾਹਮਣੇ ਆ ਗਈ ਤਾਂ ਦੇਸ਼ ਦੀ ਰਾਖੀ ਦੀ ਜ਼ਿੰਮੇਵਾਰੀ ਹੁਣ ਖ਼ੁਦ ਹੱਥ 'ਚ ਲੈਣ ਤੋਂ ਇਲਾਵਾ ਪੈਰਿਸ ਦੀ ਮਜ਼ਦੂਰ ਜਮਾਤ ਦੇ ਸਾਮਣੇ ਕੋਈ ਰਾਹ ਨਹੀਂ ਸੀ। ਪੈਰਿਸ ਦੇ 20 ਜ਼ਿਲਿਆਂ ਵਿਚ ਨਾਗਰਿਕਾਂ ਦੇ ਸਮੂਹਿਕ ਮਤਦਾਨ ਰਾਹੀਂ ਚੁਣੇ ਗਏ ਕੌਮੀ ਸੁਰੱਖਿਆ ਬਲ ਦੇ ਕੇਂਦਰੀ ਰਿਪਬਲੀਕਨ ਕਮੇਟੀ ਦਾ ਗਠਨ ਕਰਕੇ ਉਸ ਨੂੰ ਕੰਮ ਤੇ ਲਾ ਦਿੱਤਾ ਗਿਆ। ਇਸ ਕਮੇਟੀ ਨੇ ਹਮਲੇ ਨਾਲ ਦੇਸ਼ ਦੀ ਰਾਖੀ ਲਈ ਇੰਟਰਨੈਸ਼ਨਲ ਦੀ ਪੈਰਿਸ ਸਾਖਾ ਦੇ ਨਾਲ ਅਤੇ ਸਿੰਡੀਕੇਟ

ਚੈਂਬਰ ਦੇ ਨਾਲ ਹੀ ਨਜ਼ਦੀਕੀ ਸਬੰਧ ਕਾਇਮ ਕੀਤਾ। ਥਿਏਰ ਦੀ ਅਗਵਾਈ ਵਾਲੀ ਫਰਾਂਸ ਸਰਕਾਰ ਨੇ 24 ਜਨਵਰੀ 1871 ਨੂੰ ਦੁਸ਼ਮਣ ਨਾਲ ਆਤਮ ਸਮਰਪਣ ਦੇ ਇਕ ਸਮਝੌਤੇ ਤੇ ਦਸਖਤ ਕਰ ਲਿਆ ਪਰ ਤਦ ਤੱਕ ਮਜ਼ਦੂਰਾਂ ਤੇ ਹੋਰ ਪੂੰਜੀਪਤੀਆਂ ਨਾਲ ਬਣੇ ਰਾਸ਼ਟਰੀ ਗਾਈਡਜ਼ ਸਾਹਮਣੇ ਆ ਚੁੱਕੇ ਸਨ। ਐਸੀ ਸਥਿਤੀ ਵਿਚ ਪੂੰਜੀਪਤੀਆਂ ਨੂੰ ਇਨ੍ਹਾਂ ਨੂੰ ਨਿਹੱਥੇ ਬਣਾਉਣਾ ਨਾਮੁਮਕਿਨ ਹੋ ਗਿਆ ਸੀ ਅਤੇ ਮਜ਼ਦੂਰ ਦੇਸ਼ ਦੀ ਰਾਖੀ ਲਈ ਹਥਿਆਰ ਹੱਥ ਵਿਚ ਲੈ ਕੇ ਸ਼ਾਂਤੀ ਭੰਗ ਕਰ ਰਹੇ ਹਨ। ਇਸ ਤਰ੍ਹਾਂ ਦਾ ਪ੍ਰਚਾਰ ਕਰਦੇ ਹੋਇਆਂ ਕਿਸਾਨਾਂ ਨੂੰ ਮਜ਼ਦੂਰਾਂ ਵਿਰੁੱਧ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਰਾਜਸ਼ਾਹੀਵਾਦੀਆਂ ਨੇ ਮਜ਼ਦੂਰਾਂ ਖਿਲਾਫ ਸਭ ਕਿਸਮ ਦੀ ਕੁਤਸਾ ਪ੍ਰਚਾਰ ਮੁਹਿੰਮ ਚਲਾਈ। ਇਸ ਕਾਲਖੰਡ ਵਿਚ ਕਿਸਾਨ ਲੋਕ ਰਾਜਸ਼ਾਹੀ ਪੱਖੀਆਂ ਦੇ ਨਾਲ ਹੀ ਬਣੇ ਰਹੇ ਸਨ। ਮਜ਼ਦੂਰਾਂ ਦੇ ਇਕ ਭਾਗ ਨੇ ਅਜੇ ਵੀ ਪੂੰਜੀਪਤੀਆਂ ਪ੍ਰਤੀ ਆਪਣੇ ਮਨ 'ਚ ਕੁਝ ਭਰਮ ਪਾਲ ਰੱਖਿਆ ਸੀ। ਇਨ੍ਹਾਂ ਉਲਝਣਾਂ ਭਰੀਆਂ ਹਾਲਤਾਂ ਵਿਚ ਰਾਸ਼ਟਰੀ ਵਿਧਾਨ ਸਭਾ ਲਈ ਆਯੋਜਿਤ ਚੋਣਾਂ 'ਚ ਕਿਸਾਨਾਂ ਦੀ ਹਮਾਇਤ ਨਾਲ ਰਾਜਾਸ਼ਾਹੀ ਪੱਖੀਆਂ ਨੇ ਬਹੁਮਤ ਸੀਟਾਂ ਹਾਸਿਲ ਕਰ ਲਈਆਂ। ਅਤੇ ਇਨ੍ਹਾਂ ਰਾਜਸ਼ਾਹੀ ਪੱਖੀਆਂ ਨੇ ਗਦਾਰ ਥਿਏਰ ਨੂੰ ਹੀ ਫਿਰ ਤੋਂ ਆਪਣੀ ਸਰਕਾਰ ਦਾ ਮੁਖੀਆ ਨਾਮਜ਼ਦ ਕੀਤਾ।

ਥਿਏਰ ਸਰਕਾਰ ਨੇ ਹਮਲਾਵਰਾਂ ਦੇ ਸਾਹਮਣੇ ਗੋਡੇ ਟੇਕਦਿਆਂ ਸਮਝੌਤਾ ਕਰ ਲਿਆ ਤੇ ਕੌਮੀ ਸੁਰੱਖਿਆ ਬਲਾਂ ਦੀਆਂ ਤਨਖਾਹਾਂ ਰੱਦ ਕੀਤੇ ਜਾਣ ਦੀ ਡਿਕਰੀ (ਆਗਿਆ ਪੱਤਰ) ਜਾਰੀ ਕਰ ਦਿੱਤਾ। ਗ੍ਰਹਿ ਆਦੇਸ਼ ਕਰਜ਼ਿਆਂ 'ਤੇ ਦਿੱਤੇ ਗਏ ਕਰਜ਼ੇ ਖਾਰਜ ਆਦੇਸ਼ ਨੂੰ ਰੱਦ ਕਰਦੇ ਹੋਏ ਇਸ ਸਰਕਾਰ ਨੇ ਤਿੰਨ ਲੱਖ ਮਜ਼ਦੂਰਾਂ ਤੇ ਮੱਧ ਵਰਗੀ ਪਰਿਵਾਰ ਵਾਲਿਆਂ ਨਾਲ ਉਨ੍ਹਾਂ ਦੇ ਘਰ ਖਾਲੀ ਕਰਵਾ ਕੇ ਬਾਹਰ ਧੱਕ ਦਿੱਤਾ। ਬੋਨਾ ਪਾਰਟ ਨੂੰ ਕੌਮੀ ਸੁਰੱਖਿਆ ਬਲਾਂ ਦਾ ਪ੍ਰਧਾਨ ਨਿਯੁਕਤ ਕਰਕੇ ਇਸ ਸਰਕਾਰ ਨੇ ਰਿਪਬਲਿਕਾਂ ਤੇ ਸੋਸ਼ਲਿਸਟਾਂ ਨੂੰ ਆਪਣੇ ਵਸ 'ਚ ਰੱਖਣ ਤੇ ਉਨ੍ਹਾਂ ਦੀ ਲੁੱਟਮਾਰ ਕਰਨ ਦੀ ਕੋਸ਼ਿਸ਼ ਕੀਤੀ। ਇਸ ਸਰਕਾਰ ਨੇ ਖੱਬੇਪੱਖੀ ਰੁਝਾਣ ਦੇ ਪੰਜ ਰੋਜ਼ਾਨਾ ਅਖਬਾਰਾਂ ਦੇ ਪ੍ਰਕਾਸ਼ਨ ਬੰਦ ਕਰ ਦਿੱਤੇ। ਵੱਡੇ ਪੂੰਜੀਪਤੀਆਂ ਤੇ ਬੈਂਕਰਾਂ ਨੇ ਸਰਕਾਰ ਤੇ ਦਬਾਅ ਪਾਇਆ ਕਿ ਉਹ ਮਜ਼ਦੂਰਾਂ ਨੂੰ ਨਿਹੱਥਾ ਕਰ ਦੇਣ। ਸਿੱਟੇ ਵਜੋਂ ਪੂੰਜੀਪਤੀ ਵਰਗ ਨੇ ਪੈਰਿਸ 'ਚ ਘਰੇਲੂ ਜੰਗ ਦਾ ਐਲਾਨ ਕਰ ਦਿੱਤਾ। 17 ਮਾਰਚ 1871 ਨੂੰ ਪੈਰਿਸ ਦੇ ਫੌਜੀ ਗਵਰਨਰ ਨੇ ਮੋਟ ਮਾਰਟੇ 'ਚ ਮੌਜੂਦ ਸੁਰੱਖਿਆ ਬਲਾਂ ਦੇ ਤੋਪਖਾਨੇ ਨੂੰ ਹਟਾ ਦਿੱਤੇ ਜਾਣ ਲਈ ਨਾਕਾਮ ਕੋਸ਼ਿਸ਼ ਕੀਤੀ ਪਰ ਪੈਰਿਸ ਦੀ ਆਮ ਜਨਤਾ ਆਪਣੇ ਸ਼ਹਿਰ ਦੀ ਰਾਖੀ ਲਈ ਉਠ ਖੜੀ ਹੋਈ। ਜਨਤਾ ਦੇ ਹੱਥਾਂ 'ਚੋਂ ਬੰਦੂਕਾਂ ਖੋਹ ਲੈਣ ਦੀ ਕੋਸ਼ਿਸ਼ ਵਿਚ ਲੱਗੇ ਫੌਜੀਆਂ 'ਤੇ ਔਰਤਾਂ ਨੇ ਹਮਲਾ ਬੋਲ ਦਿੱਤਾ। ਇਸ ਤਰ੍ਹਾਂ ਪੈਰਿਸ ਇਨਕਲਾਬ ਇਸ ਰਫਤਾਰ ਨਾਲ ਅੱਗੇ ਵਧਦਾ ਗਿਆ ਕਿ ਦੁਸ਼ਮਣ ਲਈ ਇਸ ਦਾ ਮੌੜਵਾ ਜਵਾਬ ਦੇਣਾ ਅਸੰਭਵ ਜਿਹਾ ਹੋ ਗਿਆ ਅਤੇ ਹੁਣ ਥਿਏਰ ਦੀ ਸਰਕਾਰ ਨੂੰ ਆਪਣੇ ਦੁਸ਼ਮਣ ਵਲੋਂ ਹਕੂਮਤ ਅਧੀਨ ਪ੍ਰਸ਼ਾ ਦੇ ਵੇਸਾਈ ਸ਼ਹਿਰ ਵੱਲ ਆਪਣੇ ਸਮਰਥਕਾਂ ਦੇ ਨਾਲ ਨੌਂ ਦੋ ਗਿਆਰਾਂ ਹੋ ਜਾਣ ਲਈ ਮਜ਼ਬੂਰ ਹੋਣਾ ਪਿਆ।

18 ਮਾਰਚ 1871 ਸੱਚਮੁਚ ਮਜ਼ਦੂਰਾਂ ਅਤੇ ਮੇਹਨਤਕਸ਼ ਲੋਕਾਂ ਲਈ ਇਕ ਤਿਉਹਾਰ ਬਣ ਗਿਆ। ਇਸ ਦਿਨ ਹਥਿਆਬੰਦ ਮਜ਼ਦੂਰਾਂ ਦੇ ਹੱਥਾਂ 'ਚ ਰਾਜਸੀ ਸੱਤਾ

ਆ ਗਈ। ਅਸਥਾਈ ਸਰਕਾਰ ਯਾਨੀ ਪੈਰਿਸ ਕਮਿਊਨ ਹੋਂਦ 'ਚ ਆ ਗਿਆ।

ਮਾਰਕਸ ਤੇ ਪੈਰਿਸ ਕਮਿਊਨ – ਮਾਰਕਸ ਦੇ ਜੀਵਨ ਕਾਲ 'ਚ ਹੀ ਇਹ ਇਨਕਲਾਬ ਜਿੱਤ ਗਿਆ ਸੀ। ਮਾਰਕਸ ਲਈ ਇਸ ਇਨਕਲਾਬ ਨੇ ਇਹ ਮੌਕਾ ਦਿੱਤਾ ਕਿ ਉਹ ਇਨਕਲਾਬੀ ਵਿਹਾਰ ਦੀ ਭੱਠੀ ਵਿਚ ਆਪਣੇ ਸਿਧਾਂਤਾਂ ਨੂੰ ਜਾਂਚ ਕੇ ਉਨ੍ਹਾਂ ਨੂੰ ਹੋਰ ਵੱਧ ਪ੍ਰਪੱਕ ਕਰ ਸਕਣ। ਪੈਰਿਸ 'ਚ ਵਾਪਰੇ ਇਸ ਇਨਕਲਾਬੀ ਅੰਦੋਲਨ ਦੇ ਨਾਲ ਉਨ੍ਹਾਂ ਨੇ ਹਰ ਸੰਭਵ ਤਰੀਕੇ ਨਾਲ ਉਨ੍ਹਾਂ ਨੇ ਮਾਰਗ ਦਰਸ਼ਨ ਕੀਤਾ, ਉਸ ਨੂੰ ਨਹੁੰ ਮਾਸ ਦਾ ਰਿਸ਼ਤਾ ਬਣਾਈ ਰੱਖਿਆ ਤੇ ਉਸ ਨੂੰ ਸਹਾਇਤਾ ਪਹੁੰਚਾਈ। ਉਨ੍ਹਾਂ ਨੇ ਇਸ ਇਨਕਲਾਬ ਲਈ ਇਕ ਮੁਠਤਾ ਤੇ ਹਮਾਇਤ ਇਕੱਠੀ ਕੀਤੀ। ਪੈਰਿਸ ਕਮਿਊਨ ਦੇ ਪਤਨ ਪਿਛੋਂ ਬੁਰੀ ਤਰ੍ਹਾਂ ਤੰਗ ਕੀਤੇ ਜਾ ਰਹੇ ਕਮਿਊਨ ਸੰਘਰਸ਼ ਦੇ ਯੋਧਿਆਂ ਤੇ ਉਨ੍ਹਾਂ ਦੇ ਕਰੀਬੀਆਂ ਨੂੰ ਆਸਰਾ ਦੇਣ ਦੇ ਨਾਲ ਨਾਲ ਉਨ੍ਹਾਂ ਦੇ ਭੋਜਨ, ਰਾਖੀ ਤੇ ਹੋਰ ਮਦਦ ਪਹੁੰਚਾਉਣ 'ਚ ਮਾਰਕਸ ਨੇ ਖ਼ੁਦ ਹਿੱਸਾ ਲਿਆ। ਇਹ ਸੱਚ ਹੈ ਕਿ ਇਕ ਸਮੇਂ ਜਦ ਜਰਮਨੀ ਫਰਾਂਸ ਤੇ ਹਮਲਾ ਕਰਨ ਦੇ ਰਾਹ ਨਿਕਲ ਪਿਆ ਸੀ। ਮਾਰਕਸ ਨੇ ਫਰਾਂਸ ਦੇ ਪ੍ਰੋਲੇਤਾਰੀ ਨੂੰ ਰਾਇ ਦਿੱਤੀ ਕਿ ਪੂੰਜੀਪਤੀ ਜਮਾਤ 'ਤੇ ਹਮਲਾ ਕਰਨ ਦਾ ਇਹ ਸਹੀ ਮੌਕਾ ਨਹੀਂ ਹੈ। ਉਨ੍ਹਾਂ ਨੇ ਫਰਾਂਸ ਦੀ ਮਜ਼ਦੂਰ ਜਮਾਤ ਨੂੰ ਇਹ ਸੁਝਾਅ ਦਿੱਤਾ ਕਿ ਪਹਿਲਾਂ ਆਪਣੇ ਆਪ ਨੂੰ ਲੋਕ ਆਪਣੀ ਸਮੁੱਚੀ ਤਾਕਤ ਨੂੰ ਇਕੱਠਾ ਕਰ ਲੈਣ, ਆਪਣੀ ਤਾਕਤ ਨੂੰ ਮਜ਼ਬੂਤ ਕਰ ਲੈਣ, ਕੇਂਦਰ ਤੇ ਰਾਜਾਂ ਵਿਚਾਲੇ ਰਿਸ਼ਤਿਆਂ ਨੂੰ ਸਥਾਪਤ ਕਰ ਲੈਣ ਅਤੇ ਬੁਰਜੂਆ ਜਮਾਤ ਦੇ ਹਿੱਤਾਂ ਵਿਰੁੱਧ ਆਪਣੇ ਵਰਗ ਵਿਸ਼ੇਸ਼ ਦੇ ਹਿੱਤਾਂ ਨੂੰ ਅੱਗੇ ਲੈ ਆਉਣ। ਮਾਰਕਸ ਨੇ ਫਰਾਂਸ ਦੀ ਮਜ਼ਦੂਰ ਜਮਾਤ ਨੂੰ ਸਲਾਹ ਦਿੱਤੀ, "ਆਪਣੀ ਜਮਾਤੀ ਲੜਾਈ ਦੇ ਕੰਮ ਨੂੰ ਅੱਗੇ ਵਧਾਉਣ ਲਈ ਮਜ਼ਦੂਰ ਜਮਾਤ ਨੂੰ ਦ੍ਰਿੜਤਾ ਨਾਲ ਜਮਹੂਰੀ ਆਜ਼ਾਦੀ ਦੇ ਮੌਕਿਆਂ ਨੂੰ ਵਿਕਸਿਤ ਕਰਨਾ ਚਾਹੀਦਾ ਹੈ।" ਇਥੇ ਇਨਕਲਾਬ ਦੀ ਅਗਵਾਈ ਕਰਨ 'ਚ ਸਮਰਥ ਹੋਣ ਲਈ ਫਰਾਂਸੀਸੀ ਪ੍ਰੋਲੇਤਾਰੀ ਜਮਾਤ ਵਲੋਂ ਆਪਣੀਆਂ ਕਮਜ਼ੋਰੀਆਂ 'ਤੇ ਜਿੱਤ ਹਾਸਿਲ ਕਰਨ ਦੀ ਜ਼ਰੂਰਤ ਦੀ ਗੱਲ ਮਾਰਕਸ ਦੀ ਨਜ਼ਰ ਵਿਚ ਸੀ। ਇਨ੍ਹਾਂ ਕਮਜ਼ੋਰੀਆਂ ਤੋਂ ਮੁਕਤੀ ਹਾਸਿਲ ਕਰਨ ਲਈ ਮਜ਼ਦੂਰ ਜਮਾਤ ਨੂੰ ਹੋਰ ਵੱਧ ਸਮਾਂ ਹਾਸਿਲ ਹੋ ਸਕੇ, ਇਹ ਮਾਰਕਸ ਦੀ ਭਾਵਨਾ ਸੀ। ਪਰ ਥਿਏਰ ਦੀ ਸਰਕਾਰ ਵਲੋਂ ਦੁਸ਼ਮਣ ਦੇ ਸਾਹਮਣੇ ਆਤਮ ਸਮਰਪਣ ਕਰਨ ਤੇ ਮਜ਼ਦੂਰ ਜਮਾਤ 'ਚ ਵੱਧਦੇ ਇਨਕਲਾਬੀ ਮਨੋਭਾਵ ਘਟਨਾਕ੍ਰਮ ਤੇਜ਼ੀ ਨਾਲ ਵਿਕਸਤ ਹੋਣ ਲਗਿਆ। ਸਿੱਟੇ ਵਜੋਂ ਪ੍ਰੋਲੇਤਾਰੀ ਕੋਲ ਪੂੰਜੀਪਤੀ ਜਮਾਤ ਦੀ ਸਰਕਾਰ ਉਖਾੜ ਸੁੱਟਣ, ਆਪਣੀ ਸਰਕਾਰ ਪੈਰਿਸ ਕਮਿਊਨ ਬਣਾਉਣ ਤੋਂ ਸਿਵਾ ਕੋਈ ਦੂਸਰਾ ਚਾਰਾ ਨਹੀਂ ਰਹਿ ਗਿਆ। ਮਾਰਕਸ ਨੇ ਇਨ੍ਹਾਂ ਘਟਲਾਵਾਂ ਦੇ ਵੇਗ ਨੂੰ ਜਲਦੀ ਪਹਿਚਾਣ ਕੇ ਮਜ਼ਦੂਰ ਜਮਾਤ ਦੀ ਇਨਕਲਾਬੀ ਕਾਰਵਾਈ ਨੂੰ ਸਹੀ ਸਮੇਂ 'ਤੇ ਚੁੱਕਿਆ ਕਦਮ ਕਹਿ ਕੇ ਪ੍ਰਸ਼ੰਸਾ ਕੀਤੀ।

### *ਪੈਰਿਸ ਕਮਿਊਨ ਦੇ ਸਬਕ*

ਬੁਰਜੂਆ ਜਮਾਤ ਤੋਂ ਇਨਕਲਾਬੀ ਢੰਗ ਨਾਲ ਰਾਜਸੱਤਾ ਖੋਹ ਕੇ ਆਪਣੇ ਹੱਥਾਂ 'ਚ ਰੱਖੀ ਰੱਖਣ, ਪ੍ਰੋਲੇਤਾਰੀ ਰਾਜ ਦੀ ਸਥਾਪਨਾ ਕਰਨ ਅਤੇ ਵੱਖ-ਵੱਖ ਸਮਾਜਾਂ ਤੋਂ ਬੁਨਿਆਦੀ ਤੌਰ 'ਤੇ ਅਲੱਗ ਇਕ ਨਮੂਨੇ ਦੇ ਸਮਾਜ ਦੀ ਉਸਾਰੀ ਕਰਨ 'ਚ ਪੈਰਿਸ

ਕਮਿਊਨ ਨੇ ਪ੍ਰੋਲੇਤਾਰੀ ਵਰਗ ਲਈ ਮਹੱਤਵਪੂਰਨ ਅਨੁਭਵ ਮੁਹੱਈਆ ਕੀਤੇ।

ਭਵਿੱਖ 'ਚ ਸੰਭਵ ਹੋਣ ਵਾਲੇ ਹੋਰ ਇਨਕਲਾਬਾਂ ਲਈ ਪੈਰਿਸ ਕਮਿਊਨ ਨੇ ਰੀਹਰਸਲ ਦਾ ਕੰਮ ਕੀਤਾ। 1848 ਦੇ ਇਨਕਲਾਬ ਤੋਂ ਸਬਕ ਸਿੱਖਦੇ ਹੋਇਆ ਫਰਾਂਸ ਦੀ ਪ੍ਰੋਲੇਤਾਰੀ ਜਮਾਤ ਇਕ ਇਨਕਲਾਬੀ ਕਾਰਵਾਈ ਰਾਹੀਂ 1871 'ਚ ਬੁਰਜੂਆ ਸਰਕਾਰ ਨੂੰ ਡੇਗ ਕੇ ਰਾਜਸੱਤਾ ਦੀ ਵਾਂਗਡੋਰ ਹਥਿਆਉਣ ਲਈ ਖੁਦ ਨੂੰ ਤਿਆਰ ਕੀਤਾ। ਇਸ ਇਨਕਲਾਬ ਨੇ ਇਕ ਦੂਜਾ ਸਬਕ ਵੀ ਸਿਖਾਇਆ ਹੈ ਕਿ ਬੁਰਜੂਆ ਜਮਾਤ ਆਪਣੇ ਇਨਕਲਾਬ (ਪੂੰਜੀਵਾਦੀ ਜਮਹੂਰੀ ਇਨਕਲਾਬ) ਨੂੰ ਵੀ ਧੋਖਾ ਦੇਵੇਗਾ। ਰੂਸ ਵਿਚ ਜਮਹੂਰੀ ਇਲਕਲਾਬ ਦੀ ਅਗਵਾਈ ਕਰਦੇ ਹੋਇਆ ਲੈਨਿਨ ਨੇ 1871 ਦੀ ਪੈਰਿਸ ਕ੍ਰਾਂਤੀ ਦੇ ਅਨੁਭਵਾਂ ਦੀ ਪੂਰੀ ਤਰ੍ਹਾਂ ਵਰਤੋਂ ਕੀਤੀ। ਇਸ ਪ੍ਰਸੰਗ 'ਚ ਲੈਨਿਨ ਨੇ ਇਕ ਸੂਤਰੀਕਰਨ ਕੀਤਾ ਸੀ ਕਿ ਅੰਤ ਤੱਕ ਪੂੰਜੀਵਾਦੀ ਜਮਹੂਰੀ ਇਨਕਲਾਬ ਚਲਾਉਣ ਦੀ ਸਮਰੱਥਾ ਤੇ ਸੰਕਲਪ ਨੂੰ ਬੁਰਜੂਆ ਜਮਾਤ ਨੇ ਗੁਆ ਲਿਆ ਹੈ ਅਤੇ ਸਾਮਰਾਜ ਤੇ ਪ੍ਰੋਲੇਤਾਰੀ ਇਨਕਲਾਬ ਦੇ ਯੁੱਗ ਵਿਚ ਸਿਰਫ ਮਜ਼ਦੂਰ ਜਮਾਤ ਹੀ ਕ੍ਰਾਂਤੀ ਦੀ ਅਗਵਾਈ ਕਰ, ਜ਼ਰੂਰੀ ਤੌਰ 'ਤੇ ਉਸ ਨੂੰ ਅੱਗੇ ਵਧਾ ਸਕੇਗਾ ਅਤੇ ਇਸ ਲਈ ਇਹ ਇਨਕਲਾਬ ਪੁਰਾਣੇ ਸਮੇਂ ਦੇ ਤਰੀਕੇ ਤੇ ਚੱਲ ਰਹੀ ਬੁਰਜੂਆ ਜਮਹੂਰੀ ਕ੍ਰਾਂਤੀ ਨਹੀਂ ਸੀ। ਬਲਕਿ ਇਹ ਨਵ-ਜਮਹੂਰੀ ਇਨਕਲਾਬ ਸੀ। ਕਿਸਾਨਾਂ ਨੂੰ ਆਪਣੇ ਵੱਲ ਕੀਤੇ ਬਿਨਾਂ ਤੇ ਉਨ੍ਹਾਂ ਨੂੰ ਕ੍ਰਾਂਤੀ 'ਚ ਸ਼ਾਮਲ ਕੀਤੇ ਬਿਨ੍ਹਾਂ ਪ੍ਰੋਲੇਤਾਰੀ ਜਮਾਤ ਜਮਹੂਰੀ ਕ੍ਰਾਂਤੀ ਦੀ ਸਫਲਤਾਪੂਰਵਕ ਅਗਵਾਈ ਕਰ ਸਕਣ ਦਾ ਵਿਚਾਰ ਨਹੀਂ ਕਰ ਸਕਦਾ। ਇਸ ਗੱਲ ਨੂੰ ਪੈਰਿਸ ਕਮਿਊਨ ਨੇ ਜ਼ੋਰਦਾਰ ਸਬਕ ਸਿਖਾਇਆ ਹੈ। ਪੈਰਿਸ ਕਮਿਊਨ ਦੇ ਪਤਨ ਦਾ ਇਕ ਹੋਰ ਕਾਰਨ ਸੀ ਕਿਸਾਨ ਲੋਕ ਹੁਣ ਤੱਕ ਬੁਰਜੂਆ ਦੇ ਨਾਲ ਸਨ। ਇਸ ਕਾਰਨ ਨੇ ਇਨਕਲਾਬ ਵਿਚ ਮਜ਼ਦੂਰ ਜਮਾਤ ਨੂੰ ਇਕ ਕਮਜ਼ੋਰ ਥਾਂ 'ਤੇ ਖੜਾ ਕਰ ਦਿੱਤਾ। ਇਸ ਸਬਕ ਨੂੰ 1905 ਦੀ ਕ੍ਰਾਂਤੀ ਨੇ ਵੀ ਦੁਬਾਰਾ ਸਿਖਾਇਆ ਸੀ। ਇਨ੍ਹਾਂ ਕਮਜ਼ੋਰੀਆਂ ਨੂੰ ਪਾ ਕੇ, ਇਕ ਮਜ਼ਬੂਤ, ਮਜ਼ਦੂਰ-ਕਿਸਾਨ ਜਥੇਬੰਦੀ ਨੂੰ ਮਜ਼ਦੂਰ ਜਮਾਤ ਦੀ ਅਗਵਾਈ 'ਚ ਹਾਸਲ ਕਰ ਲੈਣ ਪਿੱਛੋਂ ਹੀ ਰੂਸੀ ਪ੍ਰੋਲੇਤਾਰੀ ਨੇ ਰੂਸ ਵਿਚ ਲੋਕਰਾਜੀ ਕ੍ਰਾਂਤੀ ਦੀ ਜਿੱਤ ਦੀ ਅਗਵਾਈ ਕਰਨ ਅਤੇ ਸਮਾਜਵਾਦੀ ਕ੍ਰਾਂਤੀ ਦੀ ਦਿਸ਼ਾ 'ਚ ਜਾਣ ਵਿਚ ਕਾਮਯਾਬੀ ਹਾਸਲ ਕੀਤੀ। ਚੰਦ ਵਸਤੂਗਤ ਤੇ ਅੰਤਰਮੁਖੀ ਹਾਲਤਾਂ ਦੀ ਘਾਟ ਕਾਰਨ ਪੈਰਿਸ ਕਮਿਊਨ ਦਾ ਪਤਨ ਲਾਜ਼ਮੀ ਹੋ ਗਿਆ ਸੀ। ਕ੍ਰਾਂਤੀਕਾਲ 'ਚ ਮਜ਼ਦੂਰ ਜਮਾਤ ਕੋਲ ਇਕ ਇਕਮੁੱਠ ਵਿਚਾਰਧਾਰਕ ਰਾਜਸੀ ਤੇ ਜਥੇਬੰਦਕ ਅਗਵਾਈ ਦੀ ਘਾਟ ਸੀ। ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦੀ ਸਥਾਪਨਾ ਲਈ ਲਾਜ਼ਮੀ ਸੰਘਰਸ਼ਸੀਲ ਅਨੁਭਵ ਉਸ ਪਾਸ ਨਹੀਂ ਸੀ। ਇਹ ਕਿਸਾਨਾਂ ਤੋਂ ਅਲੱਗ-ਥਲੱਗ ਰਹਿ ਗਿਆ। ਮਜ਼ਦੂਰ ਜਮਾਤ ਵਿਚਕਾਰ ਅਨੇਕਾਂ ਕਿਸਮ ਦੇ ਦ੍ਰਿਸ਼ਟੀਕੋਣ ਤੇ ਪ੍ਰਭਾਵਾਂ ਨੇ ਉਨ੍ਹਾਂ ਦੀ ਕ੍ਰਾਂਤੀਕਾਰੀ ਕਾਰਵਾਈ ਦੀ ਮਜ਼ਬੂਤੀ ਤੇ ਸਮੁੱਚੇ ਤੌਰ 'ਤੇ ਪ੍ਰਭਾਵ ਵਿਖਾਏ ਸਨ। ਫਿਰ ਵੀ ਇਸ ਕ੍ਰਾਂਤੀ ਨੂੰ ਪ੍ਰੋਲੇਤਾਰੀ ਕ੍ਰਾਤੀ ਦੇ ਸਿਧਾਂਤ ਦੇ ਵਿਹਾਰ 'ਚ ਮਹਾਨ ਯੋਗਦਾਨ ਦੱਸ ਕੇ ਮਾਰਕਸ ਤੇ ਲੈਨਿਨ ਨੇ ਉਸ ਦੀ ਪ੍ਰਸ਼ੰਸਾ ਕੀਤੀ। ਨਵ-ਜਮਹੂਰੀ ਕ੍ਰਾਂਤੀ ਦੇ ਕਾਰਜ ਭਾਰ ਨੂੰ ਸੰਪੂਰਨ ਕਰਨ ਦੀ ਸਥਿਤੀ ਰੱਖਣ ਵਾਲੇ ਆਪਣੇ ਮੁਲਕ 'ਚ ਪੈਰਿਸ ਕਮਿਊਨ ਦੇ ਅਨੁਭਵਾਂ ਬਾਰੇ ਵੱਧ ਜ਼ੋਰ ਦੇ ਕੇ ਦੱਸਣ ਦੀ ਲੋੜ ਨਹੀਂ ਹੈ।

# ਐਨ. ਜੀ. ਓ. ਸਾਮਰਾਜ ਦੇ ਚਾਕਰ

ਪੂਰੇ ਇਤਿਹਾਸ ਵਿਚ ਮੁੱਠੀ ਭਰ ਘੱਟ-ਗਿਣਤੀਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਹਾਕਮ ਜਮਾਤਾਂ ਆਪਣੀ ਸੱਤਾ, ਮੁਨਾਫੇ ਤੇ ਵਿਸ਼ੇਸ਼ ਅਧਿਕਾਰਾਂ ਦੀ ਹਿਫਾਜਤ ਲਈ ਰਾਜਤੰਤਰ ਤੇ ਸਮਾਜਿਕ ਸੰਸਥਾਵਾਂ ਤੇ ਨਿਰਭਰ ਕਰਦੀਆਂ ਰਹੀਆਂ ਹਨ। ਬੀਤੇ ਸਮੇਂ 'ਚ ਖਾਸ ਕਰਕੇ ਤੀਜੀ ਦੁਨੀਆ 'ਚ ਸਾਮਰਾਜੀ ਹਾਕਮ ਜਮਾਤਾਂ ਨੇ ਲੁੱਟੀ-ਕੁੱਟੀ ਜਾਂਦੀ ਜਨਤਾ ਨੂੰ ਕੰਟਰੋਲ ਕਰਨ ਅਤੇ ਉਨ੍ਹਾਂ ਦੇ ਅਸੰਤੋਸ਼ ਨੂੰ ਧਾਰਮਿਕ ਤੇ ਫਿਰਕੂ ਮੁਕਾਬਲਿਆਂ ਤੇ ਸੰਘਰਸ਼ਾਂ ਵੱਲ ਮੋੜ ਦੇਣ ਲਈ ਵਿਦੇਸ਼ੀ ਤੇ ਸਥਾਨਕ ਧਾਰਮਿਕ ਸੰਸਥਾਵਾਂ ਨੂੰ ਪਾਲਣ-ਪੋਸਣ ਤੇ ਸਹਾਰਾ ਦੇਣ ਦਾ ਕੰਮ ਕੀਤਾ। ਜੇ ਇਹ ਕੰਮ ਅੱਜ ਵੀ ਜਾਰੀ ਹੈ, ਪਰ ਹਾਲ ਦੇ ਦਹਾਕਿਆਂ 'ਚ ਇਕ ਨਵੀਂ ਸਮਾਜਿਕ ਸੰਸਥਾ ਉੱਭਰੀ ਹੈ ਜੋ ਕੰਟਰੋਲ ਤੇ ਵਿਚਾਰਧਾਰਕ ਭਰਮ ਜਾਲ ਫੈਲਾਉਣ ਦੇ ਉਸੇ ਕੰਮ ਨੂੰ ਬਾਖੂਬੀ ਪੂਰਾ ਕਰ ਰਹੀ ਹੈ। ਇਹ ਹੈ "ਗੈਰ ਸਰਕਾਰੀ ਸੰਸਥਾਵਾਂ" (ਐਨ. ਜੀ. ਓ.- ਇਹ ਨਾਂ ਵੀ ਇਨ੍ਹਾਂ ਨੇ ਆਪਣੇ ਆਪ ਨੂੰ ਆਪ ਦਿੱਤਾ ਹੈ) ਅੱਜ ਘੱਟੋ ਘੱਟ 50,000 ਐਨ. ਜੀ. ਓ. (ਤੇ ਉਨ੍ਹਾਂ ਦੀਆਂ ਅਣਗਿਣਤ ਸ਼ਖਾਵਾਂ) ਪੂਰੀ ਤੀਜੀ ਦੁਨੀਆ 'ਚ ਛਾਈਆਂ ਹੋਈਆਂ ਹਨ ਅਤੇ ਕੌਮਾਂਤਰੀ ਵਿੱਤੀ ਸੰਸਥਾਵਾਂ, ਯੂਰਪੀ ਅਮਰੀਕੀ ਤੇ ਜਾਪਾਨੀ ਸਰਕਾਰੀ ਏਜੰਸੀਆਂ ਤੇ ਸਥਾਨਕ ਸਰਕਾਰਾਂ ਤੋਂ ਫੰਡ ਵਜੋਂ ਕੁਲ 10 ਅਰਬ ਡਾਲਰ ਤੋਂ ਵੱਧ ਹਾਸਲ ਕਰ ਰਹੇ ਹਨ। ਕਈ ਦਿਉਕੱਦ ਐਨ. ਜੀ. ਓ. ਦੇ ਮੈਨੇਜਰ ਕਰੋੜਾਂ ਡਾਲਰ ਦਾ ਬਜਟ ਸੰਚਾਲਿਤ ਕਰਦੇ ਹਨ ਤੇ ਕਿਸੇ ਬਹੁਕੌਮੀ ਕੰਪਨੀ ਦੇ ਸੀ. ਈ. ਓ. ਦੇ ਬਰਾਬਰ ਤਨਖਾਹ ਤੇ ਸਹੂਲਤਾਂ ਹਾਸਲ ਕਰਦੇ ਹਨ। ਉਹ ਕੌਮਾਂਤਰੀ ਕਾਨਫਰੰਸਾਂ 'ਚ ਹਿੱਸਾ ਲੈਣ ਲਈ ਹਵਾਈ ਸਫਰ ਕਰਦੇ ਹਨ, ਚੋਟੀ ਦੇ ਸਨਅਤੀ ਤੇ ਵਿੱਤੀ ਡਾਇਰੈਕਟਰਾਂ ਦੇ ਨਾਲ ਮੀਟਿੰਗਾਂ ਕਰਦੇ ਹਨ ਅਤੇ ਅਜਿਹੇ ਨੀਤੀਗਤ ਫੈਸਲੇ ਲੈਂਦੇ ਹਨ ਜੋ ਲੱਖਾਂ ਲੋਕਾਂ ਖਾਸ ਕਰਕੇ ਗਰੀਬਾਂ, ਔਰਤਾਂ ਤੇ ਜਥੇਬੰਦ ਖੇਤਰ 'ਚ ਲੱਗੇ ਮਿਹਨਤਕਸ਼ਾਂ ਨੂੰ ਪ੍ਰਭਾਵਿਤ ਕਰਦੇ ਹਨ - ਅੱਧੀ ਗਿਣਤੀ ਕੇਸਾਂ 'ਚ ਉਨ੍ਹਾਂ ਨੂੰ ਹਾਨੀਕਾਰਕ ਤੌਰ 'ਤੇ ਪ੍ਰਭਾਵਿਤ ਕਰਦੇ ਹਨ।

ਐਨ. ਜੀ. ਓ. ਸੰਸਾਰ ਵਿਆਪੀ ਰਾਜਸੀ ਤੇ ਸਮਾਜਿਕ ਮੰਚ ਤੇ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਰਹੇ ਹਨ। ਉਹ ਏਸ਼ੀਆ, ਲਾਤੀਨੀ, ਅਮਰੀਕਾ ਤੇ ਅਫਰੀਕਾ ਦੇ ਪੇਂਡੂ ਤੇ ਸ਼ਹਿਰੀ ਖੇਤਰਾਂ ਵਿਚ ਕਾਰਜ ਕਰਦੇ ਹਨ ਅਤੇ ਯੂਰਪ ਅਮਰੀਕਾ ਤੇ ਜਪਾਨ ਵਿਚ ਸਥਿਤ ਆਪਣੇ ਪ੍ਰਮੁੱਖ ਦਾਤਿਆਂ ਨਾਲ ਮਾਤਹਤੀ ਭੂਮਿਕਾ ਵਿਚ ਨਿਰੰਤਰ ਜੁੜੇ ਰਹਿੰਦੇ ਹਨ। ਇਹ ਐਨ. ਜੀ. ਓ. ਦੀ ਵਿਆਪਕ ਪੈਂਠ ਤੇ ਅਖੌਤੀ "ਪ੍ਰਗਤੀਸ਼ੀਲ ਦੁਨੀਆ" ਉਪਰ ਉਨ੍ਹਾਂ ਦੀ ਆਰਥਿਕ ਤੇ ਰਾਜਸੀ ਤਾਕਤ ਦਾ ਹੀ ਇਕ ਲੱਛਣ ਹੈ ਕਿ ਉਨ੍ਹਾਂ ਦਾ ਨਾਕਾਰਤਮਕ ਪ੍ਰਭਾਵਾਂ ਦੀ ਅੱਛੀ ਮਾਰਕਸਵਾਦੀ ਆਲੋਚਨਾ ਬਹੁਤ ਘੱਟ ਹੋਈ ਹੈ। ਇਹ ਨਾਕਾਮੀ ਜਥੇਬੰਦ ਖੱਬੇ ਅੰਦੋਲਨਾਂ ਨੂੰ ਉਖਾੜਨ ਤੇ ਬਰਬਾਦ ਕਰਨ ਅਤੇ ਉਨ੍ਹਾਂ ਦੇ ਬੁੱਧੀਜੀਵੀ ਰਣਨੀਤੀਕਾਰਾਂ ਤੇ ਜਥੇਬੰਦਕ ਆਗੂਆਂ ਨੂੰ ਤੋੜ ਲੈਣ ਵਿਚ ਐਨ. ਜੀ. ਓ. ਸਫਲਤਾ ਦਾ ਹੀ ਸਿੱਟਾ ਹੈ।

ਅੱਜਕਲ੍ਹ ਬਹੁਤੇ ਖੱਬੇਪੱਖੀ ਅੰਦੋਲਨ ਤੇ ਲੋਕ ਨੁਮਾਇੰਦੇ ਆਪਣੀ ਆਲੋਚਨਾ

ਦਾ ਨਿਸ਼ਾਨਾ ਆਈ. ਐਮ. ਐਫ., ਸੰਸਾਰ ਬੈਂਕ, ਬਹੁਕੌਮੀ ਨਿਗਮਾਂ, ਪ੍ਰਾਈਵੇਟ ਬੈਂਕਾਂ ਆਦਿ ਨੂੰ ਬਣਾਉਂਦੇ ਹਨ ਜੋ ਕਿ ਤੀਜੀ ਦੁਨੀਆ ਦੀ ਲੁੱਟ ਦਾ ਆਰਥਿਕ ਏਜੰਡਾ ਨਿਰਧਾਰਿਤ ਕਰਦੇ ਹਨ। ਇਹ ਇਕ ਮਹੱਤਵਪੂਰਨ ਕੰਮ ਹੈ। ਪਰ ਤੀਜੀ ਦੁਨੀਆ ਦੇ ਸਨਅਤੀ ਅਧਾਰ, ਆਜ਼ਾਦੀ ਤੇ ਜੀਵਨ ਪੱਧਰਾਂ 'ਤੇ ਹਮਲਾ, ਆਰਥਿਕ ਤੇ ਸੂਖਮ-ਸਮਾਜਿਕ-ਰਾਜਸੀ, ਦੋਨੋਂ ਧਰਾਤਲਾਂ ਤੇ ਹੋ ਰਿਹਾ ਹੈ। ਮਜ਼ਦੂਰਾਂ-ਤਨਖਾਹਦਾਰ ਮਿਹਨਤਕਸ਼ਾਂ, ਕਿਸਾਨਾਂ ਤੇ ਛੋਟੇ ਮੋਟੇ ਕਾਰੋਬਾਰ ਕਰਨ ਵਾਲੇ ਲੋਕਾਂ 'ਤੇ ਨੀਤੀਆਂ ਦੇ ਡਰਾਉਣੇ ਅਸਰ ਦੇਸ਼ ਵਿਆਪੀ ਅਸੰਤੋਸ਼ ਪੈਦਾ ਕਰ ਰਹੇ ਹਨ ਅਤੇ ਇਸ ਤਰ੍ਹਾਂ ਐਨ. ਜੀ. ਓ. ਕਰਦੇ ਹਨ ਜੋ ਲੋਕਾਂ ਨੂੰ ਪੱਟੀ ਪੜ੍ਹਾ ਕੇ ਇਸ ਅਸੰਤੋਸ਼ ਨੂੰ ਕਾਰਪੋਰੇਟ/ਬੈਂਕਿੰਗ ਸੱਤਾ ਰਚਨਾਵਾਂ ਅਤੇ ਮੁਨਾਫ਼ਿਆਂ 'ਤੇ ਸਿੱਧੇ ਹਮਲੇ ਤੋਂ ਹਟਾ ਕੇ ਸਥਾਨਕ ਮਾਈਕ੍ਰੋ-ਪ੍ਰੋਜੈਕਟਾਂ ਗੈਰ-ਰਾਜਸੀ "ਗ੍ਰਾਸਰੂਟੀ" ਸਵ-ਸੋਸ਼ਣ ਅਤੇ "ਲੋਕ-ਸਿੱਖਿਆ" ਵੱਲ ਮੋੜ ਦਿੰਦੇ ਹਨ। ਜਿਸ 'ਚ ਸਾਮਰਾਜੀ ਤੇ ਪੂੰਜੀਵਾਦੀ ਮੁਨਾਫਾਖੋਰੀ ਦੇ ਜਮਾਤੀ ਵਿਸ਼ਲੇਸ਼ਣ ਦੇ ਲਈ ਕੋਈ ਗੁੰਜਾਇਸ਼ ਨਹੀਂ ਹੁੰਦੀ। ਬੇਹੱਦ ਆਸਾਂ ਲਾਉਣ ਵਾਲੀਆਂ ਸਿੱਖਿਅਤ ਜਮਾਤਾਂ ਦੀ ਗਤੀਸ਼ੀਲਤਾ ਲਈ ਦੁਨੀਆ ਭਰ 'ਚ ਐਨ. ਜੀ. ਓ. ਦੇ ਨਾਲ ਲੱਗ ਕੇ ਲਾਭਦਾਇਕ ਕੈਰੀਅਰ ਬਣਾਉਣ ਲਈ ਲੋਕ ਪੱਖੀ ਅੰਦੋਲਨਾਂ ਤੋਂ ਮੂੰਹ ਮੋੜ ਲਿਆ, ਜਿਥੇ ਜਾਹਰ ਹੈ ਉਨ੍ਹਾਂ ਨੂੰ ਕੋਈ ਖਾਸ ਭੌਤਿਕ ਲਾਭ ਨਹੀਂ ਮਿਲ ਸਕਦਾ ਸੀ, ਉਹ ਆਪਣੇ ਨਾਲ ਜਥੇਬੰਦਕ ਕੌਸਲ ਤੇ ਇਕ ਖਾਸ ਹਰਮਨ ਪਿਆਰੀ ਸ਼ਬਦਾਵਲੀ ਲੈ ਕੇ ਆਏ। ਅੱਜ ਹਜ਼ਾਰਾਂ ਐਨ. ਜੀ. ਓ. ਸਿੱਧੇ ਆਪਣੇ ਫੈਸ਼ਨੇਬਲ ਉਪਨਗਰੀ ਰਿਹਾਇਸ਼ਾਂ ਜਾਂ ਆਪਰਟਮੈਂਟ ਤੋਂ ਆਪਣੇ ਸਜੇ ਦਫ਼ਤਰਾਂ ਅਤੇ ਬਿਲਡਿੰਗ ਕੰਪਲੈਕਸਾਂ 'ਚ 40,000 ਡਾਲਰ ਦੀ ਸਪੋਰਟਸ ਕਾਰ 'ਚ ਸਵਾਰ ਹੋ ਕੇ ਜਾਂਦੇ ਹਨ ਅਤੇ ਆਪਣੇ ਬੱਚਿਆਂ ਨੂੰ ਘਰੇਲੂ ਕੰਮਕਾਜ ਨੂੰ ਨੌਕਰਾਂ ਤੇ ਬਗੀਚਿਆਂ ਦੇ ਮਾਲੀ ਦੀ ਦੇਖ ਰੇਖ 'ਚ ਛੱਡ ਜਾਂਦੇ ਹਨ। ਉਹ ਆਪਣੇ ਦੇਸ਼ ਦੇ ਧੂੜ ਚਿਕੜ ਭਰੇ ਪਿੰਡਾਂ ਦੇ ਮੁਕਾਬਲੇ ਗਰੀਬੀ 'ਤੇ ਹੋਣ ਵਾਲੇ ਕੌਮਾਂਤਰੀ ਸੰਮੇਲਨਾਂ ਦੇ ਆਯੋਜਨ ਸਥਾਨਾਂ (ਬੈਂਕਾਕ, ਵਸ਼ਿੰਗਟਨ, ਟੋਕੀਓ, ਬ੍ਰਸੇਲਸ਼, ਰੋਮ ਆਦਿ) ਤੋਂ ਵੱਧ ਵਾਕਿਫ ਹੁੰਦੇ ਹਨ ਅਤੇ ਆਪਣਾ ਵੱਧ ਸਮਾਂ ਵੀ ਇਥੇ ਹੀ ਗੁਜਾਰਦੇ ਹਨ। ਉਹ ਘੱਟ ਤਨਖਾਹ ਵਿਰੁੱਧ ਪੇਂਡੂ ਅਧਿਆਪਕਾਂ ਦੇ ਮੁਜਹਾਰੇ ਤੇ ਧਾਵਾ ਬੋਲਦੀ ਪੁਲਸ ਦੀ ਲਾਠੀ ਸਿਰ 'ਤੇ ਖਾਣ ਦੀ ਬਜਾਏ "ਯੋਗ ਪ੍ਰੋਫੈਸ਼ਨਲਾਂ" ਨੂੰ ਨਕਦ ਨਰਾਇਣ ਮੁਹੱਈਆ ਕਰਾਉਣ ਦੇ ਨਵੇਂ-ਨਵੇਂ ਪ੍ਰਸਤਾਵ ਬਣਾਉਣ 'ਚ ਵੱਧ ਕੁਸ਼ਲ (ਮਾਹਰ) ਹੁੰਦੇ ਹਨ। ਐਨ. ਜੀ. ਓ. ਦੇ ਚੌਧਰੀਆਂ ਦਾ ਸਮੂਹ ਇੱਕ ਨਵਾਂ ਵਰਗ ਹੈ ਜੋ ਜਾਇਦਾਦ ਦੀ ਮਾਲਕੀ ਜਾਂ ਸਰਕਾਰੀ ਸਾਧਨਾਂ 'ਤੇ ਨਹੀਂ ਅਧਾਰਤ ਹਨ ਬਲਕਿ ਸਾਮਰਾਜੀ ਫੰਡਾਂ ਤੇ ਮਹੱਤਵਪੂਰਨ ਜਨ-ਸਮੂਹ ਨੂੰ ਕੰਟਰੋਲ ਕਰਨ ਦੀ ਖੁਦ ਦੀ ਸਮਰੱਥਾ ਤੋਂ ਪੈਦਾ ਹੋਇਆ ਹੈ। ਐਨ. ਜੀ. ਓ. ਚੌਧਰੀਆਂ ਨੂੰ ਇਕ ਨਵੀਂ ਕਿਸਮ ਦੇ ਦਲਾਲ ਸਰਮਾਏਦਾਰ ਵਜੋਂ ਸਮਝਿਆ ਜਾ ਸਕਦਾ ਹੈ। ਜੋ ਕਿਸੇ ਵੀ ਉਪਯੋਗੀ ਵਸਤੂ ਦੀ ਪੈਦਾਵਾਰ ਨਹੀਂ ਕਰਦੇ ਬਲਕਿ ਦਾਨੀ ਦੇਸ਼ਾਂ ਲਈ ਸੇਵਾਵਾਂ ਮੁਹੱਈਆ ਕਰਵਾਉਂਦੇ ਹਨ, ਨਿੱਜੀ ਲਾਭਾਂ ਲਈ ਆਪਣੇ ਦੇਸ਼ ਦੀ ਗਰੀਬੀ ਦਾ ਸੌਦਾ ਕਰਦੇ ਹਨ। ਆਪਣੀ ਸਥਿਤੀ ਦੀ ਸਫ਼ਾਈ ਦੇਣ ਲਈ ਐਨ. ਜੀ. ਓ. ਡਾਇਰੈਕਟਰਾਂ ਵੱਲੋਂ ਕੀਤੇ ਜਾਂਦੇ ਗੈਰ ਰਸਮੀ ਦਾਅਵੇ - ਕਿ ਉਹ ਗਰੀਬੀ, ਬਦਹਾਲੀ ਨਾਲ ਲੜ ਰਹੇ ਹਨ-ਸੁਆਰਥਪੂਰਨ ਹਨ। ਐਨ. ਜੀ. ਓ. ਦੀ ਚੜ੍ਹਤ ਤੇ ਆਮ ਜੀਵਨ ਪੱਧਰਾਂ

ਦੀ ਗਿਰਾਵਟ 'ਚ ਸਿੱਧਾ ਸਬੰਧ ਹੈ। ਐਨ. ਜੀ. ਓ. ਦੀ ਗਿਣਤੀ ਵਿਚ ਵਾਧੇ ਨੇ ਢਾਂਚਾਗਤ ਬੇਰੁਜ਼ਗਾਰੀ ਜਾਂ ਕਿਸਾਨਾਂ ਦੇ ਭਾਰੀ ਪੈਮਾਨੇ ਦੇ ਉਜਾੜੇ ਨੂੰ ਘੱਟ ਨਹੀਂ ਕੀਤਾ ਹੈ ਅਤੇ ਨਾ ਹੀ ਗੈਰ ਜਥੇਬੰਦ ਮਿਹਨਤਕਸ਼ਾਂ ਦੀ ਵੱਧਦੀ ਫੌਜ ਲਈ ਜੀਵਨ ਜਿਉਣ ਯੋਗ ਮਜ਼ਦੂਰੀ ਪੱਧਰ ਹੀ ਮੁਹੱਈਆ ਕੀਤਾ ਹੈ। ਐਨ. ਜੀ. ਓ. ਨੇ ਜੋ ਕੀਤਾ ਹੈ ਉਹ ਇਹ ਹੈ ਕਿ ਉਨ੍ਹਾਂ ਨੇ ਪ੍ਰੋਫੈਸ਼ਨਲਾਂ ਦਾ ਇਕ ਛੋਟਾ ਜਿਹਾ ਤਬਕਾ ਤਿਆਰ ਕੀਤਾ ਜੋ ਵਿਦੇਸ਼ੀ ਮੁਦਰਾ 'ਚ ਅਮਦਨੀ ਦੇ ਬਲਬੂਤੇ ਨਵ-ਉਦਾਰਵਾਦੀ ਅਰਥਚਾਰੇ ਦੀਆਂ ਉਨ੍ਹਾਂ ਤਬਾਹੀਆਂ ਤੋਂ ਬਚ ਨਿਕਲਦੇ ਹਨ ਜੋ ਉਨ੍ਹਾਂ ਦੇ ਦੇਸ਼ ਅਤੇ ਆਮ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਮੌਜੂਦਾ ਸਮਾਜਿਕ ਜਮਾਤੀ ਢਾਂਚੇ 'ਚ ਉਪਰ ਚੜ੍ਹਨ ਦੀ ਪੌੜੀ ਹਾਸਿਲ ਕਰ ਲੈਂਦੇ ਹਨ।

ਹਾਲ ਦੀ ਘੜੀ ਇਹ ਅਸਲੀਅਤ ਐਨ. ਜੀ. ਓ. ਸੰਚਾਲਕਾਂ ਦੀ ਉਸ ਛਵੀ ਦੇ ਬਿਲਕੁਲ ਉਲਟ ਹੈ, ਜੋ ਉਨ੍ਹਾਂ ਨੇ ਆਪਣੇ ਲਈ ਬਣਾ ਰੱਖੀ ਹੈ। ਉਨ੍ਹਾਂ ਦੀਆਂ ਪ੍ਰੇਮ ਕਹਾਣੀਆਂ ਤੇ ਜਨਤਕ ਬਿਆਨਾ ਅਨੁਸਾਰ ਉਹ 'ਬੇਰਹਿਮ ਰਾਜਸੱਤਾਵਾਦ' ਤੇ "ਜਾਲਮ ਬਾਜ਼ਾਰ ਪੂੰਜੀਵਾਦ" ਵਿਚਕਾਰ ਇਕ "ਤੀਜੇ ਰਾਹ" ਦਾ ਨਿਰੂਪਣ ਕਰਦੇ ਹਨ : ਉਹ ਖੁਦ ਨੂੰ "ਵਿਸ਼ਵੀ ਅਰਥਚਾਰੇ" 'ਚ ਉਭਰੀਆਂ ਦਰਾੜਾਂ 'ਚ ਕਰਮਸ਼ੀਲ "ਸਿਵਲ ਸੁਸਾਇਟੀ" ਹਿਰਆਵਲ ਬਣਦੇ ਹਨ। ਐਨ. ਜੀ. ਓ.-ਸੰਮੇਲਨਾਂ 'ਚ ਜੋ ਆਮ ਉਦੇਸ਼ ਹਮੇਸ਼ਾ ਪੇਸ਼ ਕੀਤਾ ਜਾਂਦਾ ਹੈ, ਉਹ ਹੈ, "ਬਦਲਵਾਂ ਵਿਕਾਸ" "ਸਿਵਲ ਸੁਸਾਇਟੀ" ਬਾਰੇ ਤਰ੍ਹਾਂ ਤਰ੍ਹਾਂ ਦੇ ਸ਼ਬਦ ਘੜਨੇ ਇਕ ਫਜ਼ੂਲ ਦੀ ਕਸਰਤ ਹੈ। "ਸਿਵਲ ਸੁਸਾਇਟ" ਕੋਈ ਬੇਦਾਗ ਸੱਤਾ ਨਹੀਂ ਹੈ। ਇਹ ਉਨ੍ਹਾਂ ਜਮਾਤਾਂ ਨੂੰ ਮਿਲਾ ਕੇ ਬਣੀ ਹੈ ਜਿਸ ਵਿਚਕਾਰ ਬਟਵਾਰਾ ਅੱਜ ਕਿੰਨਾ ਡੂੰਘਾ ਹੈ, ਉਨ੍ਹਾਂ ਇਸ ਸਤਾਬਦੀ 'ਚ ਪਹਿਲਾਂ ਕਦੀ ਨਹੀਂ ਸੀ। ਭਿਆਨਕ ਸਮਾਜ ਵਿਚ ਮਿਹਨਤਕਸ਼ਾਂ ਖਿਲਾਫ਼ ਜ਼ਿਆਦਾ ਅੱਤਿਆਚਾਰੀ ਅਨਿਆਂ ਵੱਡੇ ਬੈਂਕਰਾਂ ਵਲੋਂ ਕੀਤੇ ਜਾਂਦੇ ਹਨ ਜੋ ਘਰੇਲੂ ਕਰਜ਼ਿਆਂ ਤੇ ਬੇਹੱਦ ਵਿਆਜ਼ ਨਿਚੋੜਦੇ ਹਨ : ਜ਼ਮੀਨ ਮਾਲਕ ਵਲੋਂ ਕੀਤੇ ਜਾਂਦੇ ਹਨ ਜੋ ਗਰੀਬ ਕਿਸਾਨਾਂ ਨੂੰ ਉਨ੍ਹਾਂ ਦੀ ਜਗ੍ਹਾ ਜ਼ਮੀਨ ਤੋਂ ਉਜਾੜ ਦਿੰਦੇ ਹਨ; ਅਤੇ ਸਨਅਤੀ ਪੂੰਜੀਪਤੀਆਂ ਵਲੋਂ ਕੀਤੇ ਜਾਂਦੇ ਹਨ ਜੋ ਬਹੁਤ ਹੀ ਘੱਟ ਮਜ਼ਦੂਰੀ 'ਤੇ ਲੱਕ ਭੰਨਵੀਂ ਮਿਹਨਤ ਕਰਵਾ ਕੇ ਲੋਕਾਂ ਦਾ ਖ਼ੂਨ ਤੇ ਚਰਬੀ ਨਿਚੋੜ ਲੈਂਦੇ ਹਨ। 'ਸਭਿਅਕ ਸਮਾਜ' ਦੀ ਗੱਲ ਕਰਦੇ ਸਮੇਂ ਐਨ. ਜੀ. ਓ. ਸੰਚਾਲਕ ਉਸ ਤਿੱਖੀ ਜਮਾਤੀ-ਵੰਡ, ਜਮਾਤੀ ਲੁੱਟ ਤੇ ਜਮਾਤੀ ਲੜਾਈ 'ਤੇ ਪਰਦਾ ਪਾਉਂਦੇ ਹਨ ਜਿਸ ਨੇ ਮੌਜੂਦਾ ਸੱਭਿਅਕ ਸਮਾਜ ਨੂੰ ਧਰੁਵੀਕ੍ਰਿਤ ਕਰ ਰੱਖਿਆ ਹੈ। ਵਿਸ਼ਲੇਸ਼ਣ ਦੀ ਪੱਧਰ ਤੇ ਨਿਰਥਰਕ ਅਤੇ ਸਪੱਸ਼ਟ ਹੁੰਦੇ ਹੋਏ ਵੀ 'ਸੱਭਿਅਕ ਸਮਾਜ' ਦੀ ਧਾਰਨਾ ਐਨ. ਜੀ. ਓ. ਦੀ ਸਰਮਾਏਦਾਰਾਂ ਨਾਲ ਮਿਲੀ ਭੁਗਤ ਨੂੰ ਸੌਖਾ ਬਣਾਉਂਦੀ ਹੈ ਜੋ ਉਨ੍ਹਾਂ ਦੀਆਂ ਸੰਸਥਾਵਾਂ ਨੂੰ ਪੈਸਾ ਦਿੰਦੇ ਹਨ ਅਤੇ ਉਨ੍ਹਾਂ ਦੇ ਪ੍ਰੋਜੈਕਟਾਂ ਅਤੇ ਚੇਲਿਆਂ ਨੂੰ ਉਨ੍ਹਾਂ ਦੇ ਵੱਡੇ ਵਪਾਰਕ ਹਿੱਤਾਂ ਦੇ ਅਧੀਨ ਬਣਾਉਣ ਦੀ ਛੋਟ ਦਿੰਦੇ ਹਨ ਜੋ ਨਵ-ਉਦਾਰਵਾਦੀ ਅਰਥਚਾਰਿਆਂ ਨੂੰ ਨਿਰਦੇਸ਼ਿਤ ਕਰਦੇ ਹਨ। ਇਸ ਤੋਂ ਇਲਾਵਾ ਐਨ. ਜੀ. ਓ. ਸੰਚਾਲਕਾਂ ਦਾ 'ਸੱਭਿਅਕ ਸਮਾਜ' ਸਬੰਧੀ ਸ਼ਬਦੀ ਅਡੰਬਰ ਸਮਾਜਕ ਸੇਵਾਵਾਂ ਮੁਹੱਈਆਂ ਕਰਨ ਵਾਲੇ ਵਿਆਪਕ ਲੋਕ ਪ੍ਰੋਗਰਾਮਾਂ ਅਤੇ ਰਾਜਸੀ ਅਦਾਰਿਆਂ ਤੇ ਹਮਲਾ ਕਰਨ ਦਾ ਸਾਧਨ ਵੀ ਬਣ ਜਾਂਦਾ ਹੈ। ਐਨ. ਜੀ. ਓ. ਸੰਚਾਲਕ ਵੱਡੇ ਕਾਰੋਬਾਰੀਆਂ ਦੇ ਰਾਜਸੱਤਾਵਾਦ ਵਿਰੋਧੀ

ਅਡੰਬਰ 'ਚ ਉਨ੍ਹਾਂ ਦਾ ਸਾਥ ਦਿੰਦੇ ਹਨ। ਇਕ ਇਹ ਕੰਮ 'ਸੱਭਿਅਕ ਸਮਾਜ' ਦੇ ਨਾਂ ਤੇ ਕਰਦਾ ਹੈ ਅਤੇ ਦੂਜਾ "ਬਾਜ਼ਾਰ" ਦੇ ਨਾਂ 'ਤੇ-ਤਾਂ ਕਿ ਰਾਜਸੀ ਅਦਾਰਿਆਂ ਦਾ ਨਵੇਂ ਸਿਰੇ ਤੋਂ ਬਟਵਾਰਾ ਕੀਤਾ ਜਾਵੇ। ਬਰਾਮਦ ਨੂੰ ਸਬਸਿਡੀ ਦੇਣ ਅਤੇ ਵਿੱਤੀ ਜਮਾਨਤਾਂ ਨਮਿਤ ਲੋਕ ਵਿਧੀਆਂ ਨੂੰ ਹੱਲਾਸ਼ੇਰੀ ਦੇਣ ਲਈ ਪੂੰਜੀਪਤੀਆਂ ਦੇ "ਰਾਜ ਸੱਤਾਵਾਦ ਵਿਰੋਧ" ਦੀ ਵਰਤੋਂ ਕੀਤੀ ਜਾਂਦੀ ਹੈ। ਜਦਕਿ ਐਨ. ਜੀ. ਓ. ਸੰਚਾਲਕ 'ਉਪ-ਠੇਕੇ' ਰਾਹੀਂ ਥੋੜ੍ਹੇ ਜਿਹੇ ਲਾਭਪਾਤਰੀਆਂ ਨੂੰ ਘਟੀਆਂ ਸੇਵਾਵਾਂ ਮੁਹੱਈਆਂ ਕਰਕੇ ਇਕ ਛੋਟਾ ਜਿਹਾ ਹਿੱਸਾ ਹਥਿਆਉਣ ਦੀ ਕੋਸ਼ਿਸ਼ ਕਰਦੇ ਹਨ।

ਐਨ. ਜੀ. ਓ. ਸੰਚਾਲਕਾਂ ਦੀ ਨਵ ਪਰਿਵਰਤਨਵਾਦੀ 'ਗ੍ਰਾਸਰੂਟੀ' ਨੇਤਾਵਾਂ ਵਾਲੀ ਦਿੱਖ ਦੇ ਉਲਟ, ਉਹ ਅਸਲ ਵਿਚ 'ਗ੍ਰਾਸਰੂਟੀ' ਪਿਛਾਖੜੀ ਹਨ ਜੋ ਨਿੱਜੀਕਰਨ ਨੂੰ 'ਹੇਠਲੀ ਪੱਧਰ ਤੋਂ ਹੱਲਾਸ਼ੇਰੀ ਦਿੰਦੇ ਹੋਏ ਅਤੇ ਲੋਕ ਸੰਘਰਸ਼ਾਂ ਨੂੰ ਨਿਰ ਉਤਸ਼ਾਹਿਤ ਕਰਦੇ ਹੋਏ ਅਤੇ ਇਸ ਤਰ੍ਹਾਂ ਵਿਰੋਧਾਂ ਨੂੰ ਮੇਸਦੇ ਹੋਏ ਕੌਮਾਂਤਰੀ ਮੁਦਰਾਕੋਸ਼ ਆਈ. ਐੱਮ. ਐਫ. ਦੇ ਕੰਮਾਂ 'ਚ ਸਮਪੂਰਕ ਦੀ ਭੂਮਿਕਾ ਨਿਭਾਉਂਦੇ ਹਨ। ਇਸ ਤਰ੍ਹਾਂ ਸਰਵ ਵਿਆਪੀ ਐਨ. ਜੀ. ਓ. ਖੱਬਿਆਂ ਦੇ ਸਾਹਮਣੇ ਇਕ ਗੰਭੀਰ ਚੁਣੌਤੀ ਖੜੀ ਕਰਦੇ ਹਨ ਜੋ ਉਨ੍ਹਾਂ ਦੇ ਢਾਂਚੇ ਅਤੇ ਸਿਧਾਂਤ (ਵਿਚਾਰਧਾਰਾ) ਦੇ ਆਲੋਚਨਾਤਮਕ-ਰਾਜਸੀ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ।

### ਐਨ. ਜੀ. ਓ. ਦਾ ਢਾਂਚਾ ਤੇ ਸਿਧਾਂਤ

ਐਨ. ਜੀ. ਓ. ਸਿਆਸਤ ਵਿਚ ਇਕ ਅੰਤਰ ਵਿਰੋਧੀ ਭੂਮਿਕਾ 'ਚ ਦਿਖਾਈ ਦਿੰਦੇ ਹਨ। ਇਕ ਪਾਸੇ ਤਾਂ ਉਹ ਤਾਨਾਸ਼ਾਹੀਆਂ ਅਤੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੀ ਆਲੋਚਣਾ ਕਰਦੇ ਹਨ, ਦੂਜੇ ਪਾਸੇ ਉਹ ਰੈਡੀਕਲ ਸਮਾਜਕ-ਰਾਜਸੀ ਸੰਘਰਸ਼ਾਂ ਦੇ ਨਾਲ ਦੌੜਦੇ ਹੋਏ ਲੋਕ ਸੰਘਰਸ਼ਾਂ ਨੂੰ ਪ੍ਰਭਾਵਸ਼ਾਲੀ, ਨਵ-ਉਦਾਰਵਾਦੀ ਢੰਗਾਂ ਨਾਲ ਸਹਿਯੋਗਪੂਰਨ ਸਬੰਧ ਸਥਾਪਿਤ ਕਰਨ ਦੀ ਦਿਸ਼ਾ ਵਿਚ ਮੋੜਨ ਦੀ ਕੋਸ਼ਿਸ਼ ਕਰਦੇ ਹਨ। ਅਸਲ ਵਿਚ, ਇਹ ਰਾਜਸੀ ਸਥਿਤੀਆਂ ਏਨੀਆਂ ਅੰਤਰ ਵਿਰੋਧੀ ਨਹੀਂ ਹਨ, ਜਿੰਨੀਆਂ ਦਿਸਦੀਆਂ ਹਨ। ਐਨ. ਜੀ. ਓ. ਦੇ ਵਿਕਾਸ ਦਾ ਪਿਛਲੇ 25 ਸਾਲਾਂ ਦਾ ਸਰਵੇਖਣ ਕਰਨ ਨਾਲ ਅਸੀਂ ਵੇਖਦੇ ਹਾਂ ਕਿ ਐਨ. ਜੀ. ਓ. ਦਾ ਵਿਕਾਸ ਤਿੰਨਾਂ ਘਟਨਾਕ੍ਰਮਾਂ 'ਚ ਹੋਇਆ। ਸਭ ਤੋਂ ਪਹਿਲਾਂ ਇਹ ਇਕ ਸੁਰੱਖਿਅਤ ਆਸਰੇ ਵਜੋਂ ਤਾਨਾਸ਼ਾਹੀ ਹਕੂਮਤਾਂ ਸਮੇਂ ਹੋਂਦ 'ਚ ਆਇਆ ਜਿਥੇ ਵੱਧ-ਵੱਖ ਬੁੱਧੀਜੀਵੀ ਮਨੁੱਖ ਅਧਿਕਾਰ ਉਲੰਘਣ ਦੇ ਮੁੱਦੇ ਉਠਾ ਸਕਦੇ ਹਨ ਅਤੇ ਕਠੋਰ ਆਰਥਿਕ ਪ੍ਰੋਗਰਾਮਾਂ ਤੋਂ ਪੀੜਤਾਂ ਲਈ 'ਰਾਹਤ ਪ੍ਰੋਗਰਾਮ' (ਸਰਵਾਈਵਲ ਸਟ੍ਰੈਟ ਜੀ) ਆਯੋਜਿਤ ਕਰ ਸਕਦੇ ਸਨ। ਪਰ ਇਹ ਮਾਨਵਤਾਵਾਦੀ ਐਨ. ਜੀ. ਓ. ਇਸ ਗੱਲ ਲਈ ਚੌਕਸ ਸਨ ਕਿ ਸਥਾਨਕ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਵਿਚ ਲੱਗੇ ਅਮਰੀਕਾ ਅਤੇ ਯੂਰਪੀ ਦੇਸ਼ਾਂ ਦੇ ਕੁਕਰਮਾ ਦੀ ਪੋਲ ਨਾ ਖੁੱਲ੍ਹ ਜਾਵੇ ਜਾਂ ਲੋਕਾਂ ਨੂੰ ਗਰੀਬ ਬਣਾਉਣ ਵਾਲੀਆਂ "ਮੁਕਤ ਬਾਜ਼ਾਰ" ਨੀਤੀਆਂ ਤੇ ਸੁਆਲੀਆਂ ਚਿੰਨ੍ਹ ਨਾ ਲੱਗ ਜਾਵੇ। ਇਸ ਪ੍ਰਕਾਰ ਰਾਜਸੀ ਤੌਰ 'ਤੇ "ਡੈਮੋਕ੍ਰੇਟਸ" ਵਜੋਂ ਸਥਾਪਤ ਕੀਤੇ ਗਏ ਜੋ ਦਮਨਕਾਰੀ ਸਥਾਨਕ ਹਾਕਮਾਂ ਦੇ ਸਨਮੁੱਖ ਵਿਆਪਕ ਅੰਦੋਲਨਾਂ ਦੀ ਗੰਭੀਰ ਚੁਣੌਤੀ ਪੇਸ਼ ਹੋਣ 'ਤੇ ਹਾਕਮ ਜਮਾਤਾਂ ਅਤੇ ਸਾਮਰਾਜੀ ਨੀਤੀ ਘਾੜਿਆਂ ਲਈ ਰਾਜਸੀ ਬਦਲ ਵਜੋਂ ਮੁਹੱਈਆ

ਰਹਿੰਦੇ ਹਨ। ਅਲੋਚਕਾਂ ਵਜੋਂ ਐਨ. ਜੀ. ਓ. ਨੂੰ ਦਿੱਤਾ ਜਾਣ ਵਾਲਾ ਪੱਛਮੀ ਫੰਡ ਬੀਮੇ 'ਚ ਨਿਵੇਸ਼ ਵਰਗਾ ਸੀ ਜੋ ਦਲਾਲ ਪਿਛਾਖੜੀ ਹਾਕਮਾਂ ਦੇ ਲੜਖੜਾ ਜਾਣ ਦੀ ਹਾਲਤ 'ਚ ਸੁਰੱਖਿਆ ਕਵਚ ਦਾ ਕੰਮ ਕਰਦਾ ਸੀ। ਇਹ ਸਥਿਤੀ "ਕ੍ਰਿਟੀਕਲ" ਐਨ. ਜੀ. ਓ. ਬਾਰੇ ਸੀ ਜੋ ਫਿਲੀਪੀਂਸ 'ਚ ਮਾਰਕਸ ਦੇ ਰਾਜ ਵੇਲੇ ਦਿਖਾਈ ਦਿੱਤੀ, ਚੀਲੇ 'ਚ ਪਿਨੋਸ਼ੇ ਦੀ ਹਕੂਮਤ ਵੇਲੇ ਨਜ਼ਰ ਆਈ, ਕੋਰੀਅਮ 'ਚ ਪਾਰਕ ਤਾਨਾਸ਼ਾਹੀ ਦੌਰਾਨ ਦਿਖਾਈ ਦਿੱਤੀ ਅਤੇ ਅਜਿਹੀਆਂ ਅਨੇਕਾਂ ਉਦਾਹਰਣਾਂ ਹਨ। ਐਨ. ਜੀ. ਓ. ਦੀ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਅਜਿਹੇ ਸਮੇਂ ਹੋਈ ਹੈ ਜਦ ਸਾਮਰਾਜੀ ਦਾਬੇ ਨੂੰ ਲਾਲਕਾਰ ਨੇ ਵਿਆਪਕ ਜਨ ਅੰਦੋਲਨ ਨੇ ਉਭਰਨ ਦੇ ਸੰਕੇਤ ਮਿਲ ਰਹੇ ਹਨ। ਰੈਡੀਕਲ ਸਮਾਜਕ-ਰਾਜਸੀ ਅੰਦੋਲਨਾਂ ਅਤੇ ਸੰਘਰਸ਼ਾਂ ਨੇ ਇਕ ਤਰ੍ਹਾਂ ਨਾਲ ਮੁਨਾਫ਼ੇਦਾਰ ਮਾਲ ਪੇਸ਼ ਕੀਤਾ ਹੈ। ਜਿਸ ਨੂੰ ਸਾਬਕਾ ਰੈਡੀਕਲ ਤੇ ਛਟੇ ਲੋਕ ਪ੍ਰੇਮੀ ਬੁੱਧੀਜੀਵੀ ਸਾਰੇ ਯੂਰਪੀ ਤੇ ਅਮਰੀਕੀ ਬਹੁਕੌਮੀ ਨਿਗਮਾਂ ਤੇ ਸਰਕਾਰਾਂ ਨਾਲ ਨੇੜਿਉਂ ਜੁੜੇ ਮਾਲਦਾਰ ਨਿੱਜੀ ਤੇ ਜਨਤਕ ਫਾਊਂਡੇਸ਼ਨ ਦੇ ਹੱਥ ਵੇਚਣ ਵਿਚ ਕਾਮਯਾਬ ਰਹੇ। ਫੰਡ ਦਾਤਿਆਂ ਨੇ ਸਮਾਜਿਕ ਵਿਗਿਆਨ ਦੇ ਖੇਤਰ 'ਚ ਇਸ ਪ੍ਰਕਾਰ ਦੀ ਬੌਧਿਕਤਾ 'ਚ ਦਿਲਚਸਪੀ ਦਿਖਾਈ ਹੈ, ਜਿਵੇਂ-"ਸ਼ਹਿਰਾਂ ਦੇ ਗਰੀਬ ਇਲਾਕਿਆਂ ਵਿਚ ਹਿੰਸਾ ਦੇ ਰੁਝਾਨ ਦਾ ਅਧਿਐਨ" (ਚੀਲੇ 'ਚ 1983-88 ਦੇ ਲੋਕ ਉਭਾਰ ਦੌਰਾਨ ਐਨ. ਜੀ. ਓ. ਦਾ ਇਕ ਪ੍ਰੋਜੈਕਟ), ਜਨ-ਸਮੂਹਾਂ 'ਚ ਘੁਸਪੈਂਠ ਕਰਨ ਤੇ ਉਨ੍ਹਾਂ ਦੀ ਸਾਰੀ ਤਾਕਤ ਸਮਾਜ ਤਬਦੀਲੀ ਦੀ ਬਜਾਏ "ਸੈਲਫ ਹੈਲਪ" (ਸਵੈ-ਸਹਾਇਤਾ) ਪ੍ਰੋਜੈਕਟਾਂ 'ਚ ਸਮੇਟ ਦੇਣ ਦੀ ਐਨ. ਜੀ. ਓ. ਦੀ ਸਮਰੱਥਾ ਅਤੇ "ਨਵੀਂ-ਪਹਿਚਾਣ-ਬੁਨਿਆਦੀ ਸਲਾਹ ਮਸ਼ਵਰਾ" 'ਚ ਲਪੇਟੀ ਹੋਣੀ ਜਮਾਤੀ ਭਿਆਲੀ ਭਾਸ਼ਾ ਸ਼ੈਲੀ ਦੀ ਖੋਜ਼ ਜੋ ਇਨਕਲਾਬੀ ਵਰਕਰਾਂ ਨੂੰ ਸੁਖਹੀਣ ਤੇ ਤਿੱਤਰ-ਬਿੱਤਰ ਕਰਨ 'ਚ ਮਦਦ ਕਰੇ।

ਪਿਛਲੇ ਦੇਸ਼ਾਂ 'ਚ ਜਨ ਬਗਾਵਤਾਂ ਨੇ ਸਮੁੰਦਰ ਪਾਰ ਏਜੰਸੀਆਂ ਦੀਆਂ ਥੈਲੀਆਂ ਢਿਲੀਆਂ ਕਰ ਦਿੱਤੀਆਂ ਅਤੇ ਸੈਸ਼ਨ ਦੇ ਦਹਾਕੇ 'ਚ ਇੰਡੋਨੇਸ਼ੀਆ, ਥਾਈਲੈਂਡ ਤੇ ਪੀਰੂ ਵਿਚ, ਅੱਸੀ ਦੇ ਦਹਾਕੇ ਵਿਚ ਅਲ ਸਲਵਾ ਡੋਰ ਗਵਾਤਮਾਲਾ ਤੇ ਕੋਰੀਆ ਵਿਚ ਲੱਖਾਂ ਡਾਲਰ ਦੇ ਦਿੱਤੇ ਗਏ। ਐਨ. ਜੀ. ਓ. ਵਾਲੇ ਲਾਜ਼ਮੀ ਤੌਰ 'ਤੇ ਉਥੇ "ਅੱਗ ਠੰਡੀ ਕਰਨ" ਦੇ ਲਈ ਹੀ ਸਨ। ਰਚਨਾਤਮਕ ਪ੍ਰੋਜੈਕਟਾਂ ਦੀ ਆੜ ਵਿਚ ਉਨ੍ਹਾਂ ਨੇ ਵਿਚਾਰਕ ਅੰਦੋਲਨਾਂ 'ਚ ਸ਼ਾਮਲ ਹੋਣ ਵਿਰੁੱਧ ਵਕਾਲਤ ਕੀਤੀ। ਇਸ ਪ੍ਰਕਾਰ ਉਨ੍ਹਾਂ ਨੇ ਆਪਣੇ ਅਨੁਕੂਲ ਸਥਾਨਕ ਲੀਡਰਸ਼ਿਪ ਦੀ ਭਾਰਤੀ ਕਰਨ, ਉਨ੍ਹਾਂ ਨੂੰ ਵਿਦੇਸ਼ੀ ਕਾਨਫਰੰਸਾਂ 'ਚ ਭੇਜ ਅਤੇ ਖੇਤਰੀ ਸਮੂਹਾਂ ਨੂੰ ਨਵ-ਉਦਾਰਵਾਦ ਦੀ ਅਸਲੀਅਤ ਅਨੁਸਾਰ ਢਲਨ ਨੂੰ ਹੱਲਾਸ਼ੇਰੀ ਦੇਣ 'ਚ ਵਿਦੇਸ਼ੀ ਧਨ ਦੀ ਪ੍ਰਭਾਵੀ ਵਰਤੋਂ ਕੀਤੀ।

ਬਾਹਰੀ ਮਾਲ ਮੱਤਾ ਜਿਵੇਂ-ਜਿਵੇਂ ਹੱਥ ਲੱਗਦਾ ਗਿਆ ਤਿਵੇਂ-ਤਿਵੇਂ ਐਨ. ਜੀ. ਓ. ਦੀ ਗਿਣਤੀ ਵਧਦੀ ਗਈ ਅਤੇ ਉਹ ਵੱਖ-ਵੱਖ ਭਾਈਚਾਰਿਆਂ ਨੂੰ ਹਰ ਛੋਟੀ-ਛੋਟੀ ਗੱਲ ਤੇ ਲੜਨ ਵਾਲੀਆਂ ਜਗ ਖੋਰ ਜਾਗੀਰਦਾਰੀਆਂ 'ਚ ਵੰਡ ਕੇ ਵੱਧਦੇ ਫੁਲਦੇ ਰਹੇ। ਹਰ "ਗ੍ਰਾਸਰੂਟ ਏਕਟੀਵਿਸਟ" ਨੇ ਇਕ ਨਵਾਂ ਐਨ. ਜੀ. ਓ. ਸਥਾਪਤ ਕਰਨ ਲਈ ਗਰੀਬ ਤੇ ਵੰਚਿਤ ਆਬਾਦੀ ਦੇ ਕਿਸੇ ਨਵੇਂ ਹਿੱਸੇ (ਔਰਤਾਂ, ਘੱਟ ਗਿਣਤੀ ਫਿਰਕਿਆਂ ਦਾ ਨੌਜਵਾਨ ਆਦਿ) 'ਤੇ ਆਪਣੀ ਕਾਠੀ ਪਾ ਲਈ ਅਤੇ ਨਵੇਂ ਪ੍ਰੋਜੈਕਟ,

ਕ੍ਰਿਆਕਲਪ ਜਾਂ ਸਮਾਜ ਸੇਵਾ ਖੇਤਰ ਦਾ "ਮਾਲ ਵੇਚਣ" ਲਈ ਐਮਸਟਰਡ, ਸਟਾਕਹੋਮ ਆਦਿ ਦੀ ਤੀਰਥ ਯਾਤਰਾ 'ਤੇ ਨਿਕਲ ਪਿਆ।

ਤੀਜੀ ਘਟਨਾ ਜਿਸ 'ਚ ਐਨ. ਜੀ. ਓ. ਦਾ ਮੋਟਾਪਾ ਹੋਰ ਵੀ ਵਧਿਆ, ਉਦੋਂ ਵੇਖਣ ਨੂੰ ਮਿਲਦੀ ਹੈ ਜਦ ਮੁਕਤ ਬਾਜ਼ਾਰ ਪੂੰਜੀਵਾਦ ਦੇ ਚਲਦਿਆਂ ਨਿਰੰਤਰ ਭਿਅੰਕਰ ਆਰਥਿਕ ਸੰਕਟ ਉਭਾਰਨ ਲੱਗੇ, ਬਜਟ 'ਚ ਕਟੌਤੀ ਕਾਰਨ ਬੁੱਧੀਜੀਵੀਆਂ, ਅਕਾਦਮੀਆਂ, ਪ੍ਰੋਫੈਸ਼ਨਲਾਂ ਦੇ ਹੱਥਾਂ ਤੋਂ ਨੌਕਰੀਆਂ ਖਿਸਕਦੀਆਂ ਗਈਆਂ ਜਾਂ ਤਨਖਾਹਾਂ ਘੱਟ ਹੁੰਦੀਆਂ ਗਈਆਂ ਜਿਸ ਕਾਰਨ ਦੂਜੀ ਨੌਕਰੀ ਜ਼ਰੂਰਤ ਬਣ ਗਈ। ਐਨ. ਜੀ. ਓ. ਨੌਕਰੀ ਦੇਣ ਦੀ ਏਜੰਸੀ ਬਣ ਗਈਆਂ ਅਤੇ ਕੰਸਲਟੈਂਸੀਆਂ ਉਨ੍ਹਾਂ ਸੰਭਾਵਿਤ ਪਤਨੋਮੁਖੀ ਬੁੱਧੀਜੀਵੀਆਂ ਲਈ ਸੁਰੱਖਿਆ ਕਵਚ ਬਣ ਗਏ ਜੋ ਸਭਿਆ ਸਮਾਜ-ਮੁਕਤ ਬਾਜ਼ਾਰ-ਦੇ ਵਿਅਕਲਪ ਵਿਕਾਸ ਦੀ ਭਾਸ਼ਾ ਬੋਲਣ ਅਤੇ ਨਵ-ਉਦਾਰਵਾਦੀ ਸਾਸ਼ਨਤੰਤਰ ਤੇ ਕੌਮਾਂਤਰੀ ਵਿੱਤੀ ਅਦਾਰਿਆਂ ਨਾਲ ਮਿਲੀ ਭੁਗਤ ਵਾਲੀਆਂ ਨੀਤੀਆਂ ਚਲਾਉਣ ਲਈ ਉਤਾਰੂ ਸਨ ਜਾਂ ਮਜ਼ਬੂਰ ਸਨ। ਜਦ ਲੱਖਾਂ ਲੋਕ ਆਪਣੀਆਂ ਨੌਕਰੀਆਂ ਤੋਂ ਹੱਥ ਧੋ ਬੈਠਦੇ ਹਨ ਅਤੇ ਗ਼ਰੀਬੀ ਪੂਰੀ ਆਬਾਦੀ ਦੇ ਇਕ ਮਹੱਤਵਪੂਰਨ ਹਿੱਸੇ ਤੱਕ ਵਿਆਪਕ ਹੋ ਜਾਂਦੀ ਹੈ ਤਦ ਐਨ. ਜੀ. ਓ. ਰੋਕਥਾਮ 'ਚ ਜੁਟ ਜਾਂਦੇ ਹਨ : ਉਹ "ਸਰਵਾਈਵਲ ਸਟ੍ਰੈਟੇਜੀ" 'ਤੇ ਕੇਂਦਰਿਤ ਕਰਦੇ ਹਨ, ਆਮ ਜਨਤਾ ਹੜਤਾਲਾਂ ਤੇ ਨਹੀਂ : ਉਹ ਮੁਫ਼ਤ ਲੰਚਪੈਕ ਦੇ ਕੈਂਪ ਆਯੋਜਿਤ ਕਰਦੇ ਹਨ। ਜਮਾਂ ਖੋਰਾਂ, ਨਵ-ਉਦਾਰਵਾਦੀ ਸਤਾ ਜਾਂ ਅਮਰੀਕੀ ਸਾਮਰਾਜ ਦੇ ਖਿਲਾਫ ਵਿਰਾਟ ਮੁਜਹਾਰੇ ਨਹੀਂ। ਅਖੌਤੀ "ਜਨਤਕ ਸੰਕ੍ਰਮਣ" ਦੌਰਾਨ ਜਦ ਪੁਰਾਣਾ ਤਾਣਾ ਬਾਣਾ ਡੋਲ ਰਿਹਾ ਸੀ, ਭ੍ਰਿਸ਼ਟ ਹਾਕਮ ਕੰਟਰੋਲ ਗੁਆ ਰਹੇ ਸਨ ਤੇ ਲੋਕ ਸੰਘਰਸ਼ ਤੇਜ਼ੀ ਨਾਲ ਉਭਰ ਰਹੇ ਸਨ, ਉਸ ਸਮੇਂ ਐਨ. ਜੀ. ਓ. ਨੂੰ ਆਪਣੇ ਕੰਮਾਂ ਨੂੰ ਥੋੜ੍ਹੀ ਬਹੁਤ "ਅਗਾਂਹ ਵਧੂ' ਰੰਗਤ ਦੇਣ ਦਾ ਮੌਕਾ ਮਿਲ ਗਿਆ। ਪੁਰਾਣੀਆਂ ਹਕੂਮਤਾਂ ਨੂੰ ਹਟਾ ਕੇ ਕੰਜਰਵੇਟਿਵ ਚੁਣਾਵੀ ਰਾਜਸੀ ਆਗੂਆਂ ਲਈ ਰਾਹ ਪੱਧਰਾਂ ਕਰਨ ਵਿਚ ਐਨ. ਜੀ. ਓ. ਮਾਧਿਅਮ ਬਣੇ। ਐਨ. ਜੀ. ਓ. ਨੇ ਆਪਣੇ ਗ੍ਰਾਸਰੂਟੀ ਸ਼ਬਦ ਜਾਲ ਜਥੇਬੰਦਕ ਅਦਾਰਿਆਂ ਤੇ "ਜਨਵਾਦੀ" ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਦੀ ਹੈਸੀਅਤ ਦੀ ਵਰਤੋਂ ਸਿਰਫ ਕਨੂੰਨੀ ਰਾਜਸੀ ਸੁਧਾਰਾਂ ਦੇ ਫੈਲਾਅ ਤੱਕ ਸੀਮਤ ਰਾਜਸੀ ਨੇਤਾਵਾਂ ਅਤੇ ਪਾਰਟੀਆਂ ਦੇ ਪੱਖ ਵਿਚ ਲੋਕ ਹਮਾਇਤ ਦਾ ਰਾਹ ਪੇਸ਼ ਕਰਨ ਲਈ ਕੀਤਾ। ਸਮਾਜਿਕ-ਆਰਥਿਕ ਤਬਦੀਲੀਆਂ ਲਈ ਨਹੀਂ। ਐਨ. ਜੀ. ਓ. ਨੇ ਜਨ ਸਾਧਾਰਨ ਦੀ ਲਾਮਬੰਦੀ ਨੂੰ ਭੰਗ ਕਰ ਦਿੱਤਾ ਅਤੇ ਸੰਘਰਸ਼ਾਂ ਨੂੰ ਟੋਟਿਆਂ 'ਚ ਵੰਡ ਦਿੱਤਾ। 1980 ਦੇ ਅਤੇ 1990 ਦੇ ਸਾਲਾਂ 'ਚ ਚੀਲੇ ਤੋਂ ਲੈ ਕੇ ਫਿਲੀਪੀਂਸ, ਦੱਖਣੀ ਕੋਰੀਆ ਤੇ ਉਸ ਦੇ ਪਾਰ ਤੱਕ ਹਰੇਕ ਦੇਸ਼ਾਂ 'ਚ ਜਿਥੇ ਵੀ "ਚੁਣਾਵੀ ਕਾਰੋਬਾਰ" ਨੇਪਰੇ ਚੜ੍ਹਿਆ ਐਨ. ਜੀ. ਓ. ਨੇ ਅਜਿਹੇ ਹਾਕਮਾਂ ਦੇ ਪੱਖ ਵਿਚ ਵੋਟਾਂ ਵਟੋਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਜਿਨ੍ਹਾਂ ਨੇ ਸਮਾਜਿਕ-ਆਰਥਿਕ ਸਟੇਟਸ ਕੋ (ਜੈਸੇ ਸਨ) ਨੂੰ ਬਰਕਰਾਰ ਰੱਖਿਆ ਜਾਂ ਹੋਰ ਵੀ ਭਰਵਾਂ ਬਣਾ ਦਿੱਤਾ। ਬਦਲੇ 'ਚ ਬਹੁਤ ਸਾਰੇ ਸਾਬਕਾ ਐਨ. ਜੀ. ਓ. ਸੰਚਾਲਕ ਸਰਕਾਰੀ ਏਜੰਸੀਆਂ ਚਲਾਉਣ ਲੱਗੇ ਜਾਂ ਜਨਹਿੱਤਕਾਰੀ ਹੋਣ ਦਾ ਭਰਮ ਪੈਦਾ ਕਰਨ ਵਾਲੇ ਵਿਭਾਗਾਂ (ਜਿਵੇਂ ਔਰਤ ਅਧਿਕਾਰ, ਜਨ ਭਾਗੀਦਾਰੀ, ਜਨ ਅਧਿਕਾਰ ਆਦਿ) 'ਚ ਮੰਤਰੀ ਬਣ ਗਏ। ਐਨ. ਜੀ. ਓ. ਦੀ

ਪਿਛਾਖੜੀ ਭੂਮਿਕਾ ਉਨ੍ਹਾਂ ਤਾਣਿਆ ਬਾਣਿਆ 'ਚ ਹੈ ਜਿਨ੍ਹਾਂ ਤੇ ਉਹ ਅਸਥਿਰ ਹਨ।

**ਐਨ. ਜੀ. ਓ. ਢਾਂਚਾ :- ਅੰਦਰੋਂ ਹੋਰ, ਬਾਹਰੋਂ ਹੋਰ**

ਅਸਲ 'ਚ ਐਨ. ਜੀ. ਓ. ਗੈਰ ਸਰਕਾਰੀ ਸੰਗਠਨ ਨਹੀਂ ਹਨ। ਉਹ ਵਿਦੇਸ਼ੀ ਸਰਕਾਰਾਂ ਤੋਂ ਪੈਸੇ ਲੈਂਦੇ ਹਨ, ਸਥਾਨਕ ਸਰਕਾਰਾਂ ਲਈ ਨਿੱਜੀ ਉਪ-ਠੇਕੇਦਾਰਾਂ ਵਜੋਂ ਕੰਮ ਕਰਦੇ ਹਨ ਅਤੇ ਰਾਜ ਤੋਂ ਭਾਰੀ ਤਰ੍ਹਾਂ ਜੁੜੇ ਕਾਰਪੋਰੇਟ ਘਰਾਣਿਆਂ ਤੋਂ ਮਿਲਣ ਵਾਲੇ ਧਨ ਨਾਲ ਸੰਚਾਲਿਤ ਨਿੱਜੀ ਸੰਸਥਾਵਾਂ ਤੋਂ ਆਰਥਿਕ ਮਦਦ ਹਾਸਿਲ ਕਰਦੇ ਹਨ। ਨਿਰੰਤਰ ਤੇ ਖੁੱਲ੍ਹਮ ਖੁੱਲ੍ਹਾਂ, ਉਹ ਘਰੇਲੂ ਵਿਦੇਸ਼ੀ ਸਰਕਾਰੀ ਏਜੰਸੀਆਂ ਨਾਲ ਗੰਢ-ਤੁਪ ਕਰਦੇ ਹਨ। ਉਨ੍ਹਾਂ ਦੇ ਪ੍ਰੋਗਰਾਮ ਸਥਾਨਕ ਜਨਤਾ ਪ੍ਰਤੀ ਉਤਰਦਾਈ ਨਹੀਂ ਹੁੰਦੇ ਹਨ ਬਲਕਿ ਵਿਦੇਸ਼ੀ ਦਾਤਿਆਂ ਪ੍ਰਤੀ ਉਤਰਦਾਈ ਹੁੰਦੇ ਹਨ ਜੋ ਆਪਣੇ ਖ਼ੁਦ ਦੇ ਮਾਪਦੰਡਾਂ ਅਤੇ ਸੁਆਰਥਾਂ ਦੇ ਅਨੁਸਾਰ ਐਨ. ਜੀ. ਓ. ਦੇ ਕਰਤੱਵਾਂ ਦੀ ਸਮੀਖਿਆ ਅਤੇ "ਜਾਂਚ-ਪਰਖ" ਕਰਦੇ ਹਨ। ਐਨ. ਜੀ. ਓ. ਦੇ ਅਹੁਦੇਦਾਰ ਸਵੈ-ਨਿਯੁਕਤ ਹੁੰਦੇ ਹਨ ਅਤੇ ਉਨ੍ਹਾਂ ਦਾ ਮੁੱਖ ਕੰਮ ਅਜਿਹੇ ਪ੍ਰਸਤਾਵਾਂ ਨੂੰ ਘਟਨਾ ਹੁੰਦਾ ਹੈ ਜਿਸ ਨਾਲ ਧਨ ਦੀ ਵੰਡ ਸੌਖੀ ਹੋ ਸਕੇ। ਬਹੁਤੇ ਮਾਮਲਿਆਂ 'ਚ ਐਨ. ਜੀ. ਓ. ਮੁਖੀਆ ਨੂੰ ਉਨ੍ਹਾਂ ਮੁੱਦਿਆਂ ਦੀ ਤਲਾਸ਼ ਹੁੰਦੀ ਹੈ ਜੋ ਪੱਛਮੀ ਧਨ ਦਾਤਿਆਂ ਦੀਆਂ ਦਿਲਚਸਪੀਆਂ ਦੇ ਅਨੁਰੂਪ ਹੋਣ ਅਤੇ ਉਸ ਅਨੁਸਾਰ ਕੀ ਉਹ ਪ੍ਰਸਤਾਵਾਂ ਨੂੰ ਆਕਾਰ ਦਿੰਦੇ ਹਨ (ਮਿਸਾਲ ਵਜੋਂ ਭਾਰਤ 'ਚ ਏਡਜ਼ ਦਾ ਮੁੱਦਾ) ਇਸ ਤਰ੍ਹਾਂ 1980 ਦੇ ਸਾਲਾਂ 'ਚ "ਗਵਰਨੇਬਿਲਟੀ" ਅਤੇ "ਡੈਮੋਕਰੇਟਿਕ ਟ੍ਰਾਂਜਿਸ਼ੰਸ" ਦੇ ਅਧਿਐਨ ਅਤੇ ਰਾਜਸੀ ਪ੍ਰਸਤਾਵ ਤਿਆਰ ਕਰਨ ਲਈ ਐਨ. ਜੀ. ਓ.-ਫੰਡ, ਮੁਹੱਈਆ ਹੋਏ-ਸਾਮਰਾਜੀ ਤਾਕਤਾਂ ਦੀ ਇਸ ਚਿੰਤਾ ਨੂੰ ਉਜਾਗਰ ਕਰਦੇ ਹੋਇਆ ਤਾਨਾਸ਼ਾਹੀ ਦੇ ਪਤਨ ਨਾਲ ਜਨ ਅੰਦੋਲਨਾਂ ਵਰਗੀ 'ਅਨ-ਗਵਰਨੇਬਿਲਟੀ' ਨਾ ਪੈਦਾ ਹੋ ਜਾਵੇ ਜੋ ਸੰਘਰਸ਼ ਨੂੰ ਹੋਰ ਭਰਵਾਂ ਬਣਾ ਸਕਦੀ ਹੈ। ਆਪਣੇ ਜਨਵਾਦੀ ਤੇ ਗ੍ਰਾਸਰੂਟੀ ਸ਼ਬਦ ਜਾਲ ਦੇ ਬਾਵਜੂਦ ਐਨ. ਜੀ. ਓ. ਅੰਦਰ ਜ਼ਬਰਦਸਤ ਘਟਨਾਕ੍ਰਮ ਚੱਲਦਾ ਹੈ-ਜਿਸ 'ਚ ਡਾਇਰੈਕਟਰ ਦਾ ਪ੍ਰੋਜੈਕਟਾਂ ਤੇ ਪੂਰਾ ਕੰਟਰੋਲ ਹੁੰਦਾ ਹੈ ਅਤੇ ਉਹੀ ਇਹ ਫੈਸਲਾ ਕਰਦਾ ਹੈ ਕਿ ਕਿਸੇ ਨੇ ਉਲਟੀ ਬਾਜੀ ਲਾਉਣੀ ਹੈ ਜਾਂ ਕਿਸੇ ਨੇ ਕੌਮਾਂਤਰੀ ਕਾਨਫਰੰਸਾਂ 'ਚ ਜਾਣਾ ਹੈ। ਅਸਲੀ "ਗ੍ਰਾਸਰੂਟਸ" ਲਾਜ਼ਮੀ ਤੌਰ 'ਤੇ ਸਭ ਤੋਂ ਹੇਠਲੇ ਡੰਡੇ ਤੇ ਹੁੰਦੇ ਹਨ ਅਤੇ ਇਹ "ਗ੍ਰਾਸਰੂਟਸ" ਸ਼ਾਇਦ ਹੀ ਉਸ ਪੈਸੇ ਨੂੰ ਵੇਖ ਸਕਦੇ ਹੋਣ ਜੋ "ਉਨ੍ਹਾਂ ਦੇ" ਐਨ. ਜੀ. ਓ. ਬਟੋਰ ਕੇ ਲਿਆਉਂਦੇ ਹਨ। ਨਾ ਹੀ ਉਨ੍ਹਾਂ ਨੂੰ ਵਿਦੇਸ਼ ਯਾਤਰਾ 'ਤੇ ਜਾਣ ਦਿੱਤਾ ਜਾਂਦਾ ਹੈ। ਜਾਂ ਨਾ ਹੀ ਉਹ ਆਪਣੇ 'ਗ੍ਰਾਸਰੂਟੀ' ਲੀਡਰਾਂ ਨੂੰ ਮਿਲਣ ਵਾਲੀਆਂ ਤਨਖਾਹ-ਭੱਤੇ ਲੈਣ ਬਾਰੇ ਸੋਚ ਸਕਦੇ ਹਨ। ਇਸ ਤੋਂ ਵੀ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ 'ਚੋਂ ਕੋਈ ਫੈਸਲਾ ਸਮੂਹਿਕ ਫੈਸਲਾ ਨਹੀਂ ਹੁੰਦਾ। ਵੱਧ ਤੋਂ ਵੱਧ ਜਦ ਡਾਇਰੈਕਟਰ ਤੇ ਵਿਦੇਸ਼ੀ ਦਾਤਿਆਂ ਵਿਚਕਾਰ 'ਡੀਲ' ਪੱਕੀ ਹੋ ਚੁੱਕੀ ਹੁੰਦੀ ਹੈ, ਤਦ ਐਨ. ਜੀ. ਓ. ਦਾ ਸਟਾਫ ਗਰੀਬਾਂ ਲਈ ਪ੍ਰੋਜੈਕਟ ਦੀ ਮਨਜ਼ੂਰੀ ਹਿੱਤ 'ਗ੍ਰਾਸਰੂਟ ਵਰਕਰਾਂ' ਦੀ ਮੀਟਿੰਗ ਬੁਲਾਉਂਦਾ ਹੈ। ਬਹੁਤੇ ਕੇਸਾਂ ਵਿਚ ਐਨ. ਜੀ. ਓ. ਮੈਂਬਰਸ਼ਿਪ 'ਤੇ ਆਧਾਰਿਤ ਸੰਸਥਾ ਵੀ ਨਹੀਂ ਹੁੰਦੇ ਬਲਕਿ ਸਵੈ ਨਿਯੁਕਤ ਹੁੰਦੇ ਹਨ ਜੋ ਅੰਦੋਲਨ ਲਈ "ਰਿਸੋਰਸਿਸ ਪੀਪਲ" ਹੋਣ ਦਾ ਵਿਖਾਵਾ ਕਰਦੇ ਹਨ। ਪਰ ਅਸਲ

’ਚ ਉਹ ਉਨ੍ਹਾਂ ਦੇ ਨਾਲ ਦੌੜ ਲਾਉਂਦੇ ਹਨ ਤੇ ਉਨ੍ਹਾਂ ਦੀਆਂ ਜੜ੍ਹਾਂ ਖੋਦਦੇ ਹਨ। ਇਸ ਤਰ੍ਹਾਂ ਨਾਲ ਐਨ. ਜੀ. ਓ. ਸਮਾਜਿਕ ਪ੍ਰੋਗਰਾਮਾਂ ਤੇ ਆਮ ਬਹਿਸਾਂ ਨੂੰ ਸਥਾਨਕ ਲੋਕਾਂ ਤੇ ਉਨ੍ਹਾਂ ’ਚੋਂ ਚੁਣੇ ਗਏ ਨੇਤਾਵਾਂ ਦੇ ਹੱਥਾਂ ’ਚੋਂ ਖੋਹ ਕੇ ਅਤੇ ਬਿਨਾਂ ਚੁਣੇ ਵਿਦੇਸ਼ੀ ਅਧਿਕਾਰੀਆਂ ਅਤੇ ਉਨ੍ਹਾਂ ਵਲੋਂ ਠੋਸੇ ਗਏ ਸਥਾਨਕ ਅਧਿਕਾਰੀਆਂ ’ਤੇ ਨਿਰਭਰਤਾ ਪੈਦਾ ਕਰਦੇ ਹੋਏ ਲੋਕ ਰਾਜ ਦੀਆਂ ਜੜ੍ਹਾਂ ਪੁੱਟਦੇ ਹਨ।

ਐਨ. ਜੀ. ਓ. ਇਕ ਨਵੀਂ ਕਿਸਮ ਦੇ ਸੱਭਿਆਚਾਰਕ ਤੇ ਆਰਥਿਕ ਬਸਤੀਵਾਦ ਨੂੰ ਹੱਲਾਸ਼ੇਰੀ ਦੇ ਰਹੇ ਹਨ-ਨਵੇਂ ਕੌਮਾਂਤਰੀਵਾਦ ਦੇ ਜਨੂੰਨ ਵਿਚ। ਹਜ਼ਾਰਾਂ ਲੋਕ ਉੱਚ ਸ਼ਕਤੀਸ਼ਾਲੀ ਕੰਪਿਊਟਰਾਂ ਦੇ ਸਾਹਮਣੇ ਬੈਠ ਕੇ ਆਪਸ ਵਿਚ ਐਲਾਨਾਂ, ਪ੍ਰਸਤਾਵਾਂ ਤੇ ਕੌਮਾਂਤਰੀ ਕਾਨਫਰੰਸਾਂ ਦੇ ਸੱਦੇ ਪੱਤਰਾਂ ਦੀ ਅਦਲਾ-ਬਦਲੀ ਕਰਦੇ ਹਨ। ਉਸ ਪਿੱਛੋਂ ਉਹ ਸਜੇ-ਸਜਾਏ ਕਾਨਫਰੰਸ ਹਾਲਾਂ ’ਚ ਆਪਣੇ ‘ਸਮਾਜਿਕ ਆਧਾਰ’ ਦੇ ਮੌਜੂਦਾ ਸੰਘਰਸ਼ ਅਤੇ ਤਿਆਗਾਂ ਬਾਰੇ ਚਰਚਾ ਕਰਦੇ ਹਨ-ਅਤੇ ਫਿਰ ਇਨ੍ਹਾਂ ਦਾ “ਸਮਾਜਿਕ ਆਧਾਰ” ਯਾਨੀ ਤਨਖਾਹਦਾਰ ਸਾਫ ਇਨ੍ਹਾਂ ਪ੍ਰਸਤਾਵਾਂ ਨੂੰ ‘ਆਮ ਲੋਕਾਂ’ ਤਕ ਖੂਬਸੂਰਤ ਰੰਗੀਨ ਕਾਗਜ਼ ’ਤੇ ਛਪੇ ਬ੍ਰੋਸ਼ਰਾਂ ਤੇ “ਬੁਲੇਟਿਨਾਂ” ਰਾਹੀਂ ਪਹੁੰਚਾਉਂਦਾ ਹੈ। ਜਦ ਵਿਦੇਸ਼ੀ ਦਾਤਾ ਪਧਾਰਦੇ ਹਨ ਤਾਂ ਉਨ੍ਹਾਂ ਨੂੰ “ਐਕਸਪੋਜ਼ਰ ਟੂਰ” ’ਤੇ ਲਿਜਾਇਆ ਜਾਂਦਾ ਹੈ। ਜਿਥੇ ਉਹ ਐਸੇ ਸ਼ੋਕੇਸ ਪ੍ਰੋਜੈਕਟਾਂ ਦਾ ਨਿਰੀਖਣ ਕਰਦੇ ਹਨ ਜਿਸ ’ਚ ਗਰੀਬ ਆਪਣੀ ਸਹਾਇਤਾ ਖੁਦ ਕਰ ਰਿਹਾ ਹੁੰਦਾ ਹੈ ਤੇ ਕਾਮਯਾਬ ਲਘੂ ਉਦਮੀਆਂ ਨਾਲ ਗੱਲਬਾਤ ਕਰਦੇ ਹਨ (ਉਹਨਾਂ ਬਹੁਗਿਣਤੀਆਂ ਦੀ ਅਣਦੇਖੀ ਕਰਦਿਆਂ ਜੋ ਪਹਿਲੇ ਹੀ ਸਾਲ ਅਸਫਲ ਹੋ ਜਾਂਦੇ ਹਨ)

ਜਿਸ ਤਰੀਕੇ ਨਾਲ ਇਹ ਨਵਾਂ ਬਸਤੀਵਾਦ ਕੰਮ ਕਰ ਰਿਹਾ ਹੈ, ਉਸ ਦੀਆਂ ਜਟਿਲਤਾਵਾਂ ਨੂੰ ਸਮਝ ਸਕਣਾ ਕਠਿਨ ਨਹੀਂ ਹੈ। ਸਭ ਪ੍ਰੋਜੈਕਟ ਸਾਮਰਾਜੀ ਕੇਂਦਰਾਂ ਤੇ ਉਨ੍ਹਾਂ ਦੀਆਂ ਸੰਸਥਾਵਾਂ ਵੱਲੋਂ ਨਿਰਧਾਰਿਤ ਦਿਸ਼ਾ ਨਿਰਦੇਸ਼ ਤੇ ਤਰਜੀਹਾਂ ਦੇ ਆਧਾਰ ’ਤੇ ਪ੍ਰੀਕਲਪਿਤ ਕੀਤੇ ਜਾਂਦੇ ਹਨ। ਇਸ ਪਿੱਛੋਂ ਉਹ ਭਾਈਚਾਰਿਆਂ ਨੂੰ “ਵੇਚੇ” ਜਾਂਦੇ ਹਨ। ਮੁਲਅੰਕਣ ਸਾਮਰਾਜੀ ਸੰਸਥਾਵਾਂ ਵੱਲੋਂ ਅਤੇ ਉਨ੍ਹਾਂ ਲਈ ਕੀਤਾ ਜਾਂਦਾ ਹੈ। ਤਰਜੀਹਾਂ ਬਦਲੀਆਂ ਜਾਂ ਗਲਤ ਮੁਲਅੰਕਣ ਹੋਇਆ ਤਾਂ ਸਮੂਹਾਂ ਫਿਰਕਿਆਂ, ਕਿਸਾਨਾਂ ਤੇ ਸਹਿਕਾਰਤਾਵਾਂ ਨੂੰ ਬੇਝਿਜਕ ਘੁੰਮਣਘੇਰੀ ’ਚ ਛੱਡ ਦਿੱਤਾ ਜਾਂਦਾ ਹੈ। ਦਾਤਿਆਂ ਦੀਆਂ ਲਾਲਸਾਵਾਂ ਅਤੇ ਉਨ੍ਹਾਂ ਦੇ ਪ੍ਰੋਜੈਕਟ-ਮੁਲਅੰਕਣ ਕਰਨ ਵਾਲਿਆਂ ਦੇ ਆਗਿਆ ਪਾਲਣ ਲਈ ਹਰ ਵਿਅਕਤੀ ਨੂੰ ਉਤਰਦਾਈ ਅਨੁਸਾਸ਼ਿਤ ਬਣਾਇਆ ਜਾਂਦਾ ਹੈ। ਐਨ. ਜੀ. ਓ. ਡਾਇਰੈਕਟਰ ਨਵੇਂ ਵਾਇਸਰਾਇਆਂ ਦੀ ਤਰ੍ਹਾਂ ਧਨ ਦੀ ਸਹੀ ਵਰਤੋਂ ਦਾ ਨਿਰੀਖਣ ਕਰਦੇ ਹਨ ਅਤੇ ਦਾਤਿਆਂ ਦੇ ਉਦੇਸ਼ਾਂ, ਮੁੱਲਾਂ ਤੇ ਸਿਧਾਂਤ ਦੇ ਨਾਲ ਅਨੁਕੂਲਤਾ ਯਕੀਨੀ ਬਣਾਉਂਦੇ ਹਨ।

**ਐਨ. ਜੀ. ਓ. ਬਨਾਮ ਸਮਾਜਿਕ ਰਾਜਸੀ ਸੰਘਰਸ਼**

ਉਹ ਲੋਕਾਂ ਨੂੰ ਹਾਸ਼ੀਏ ਤੇ ਰਖ ਕੇ ਪੈਦਾਵਾਰ ਕਰਨ ਲਈ ‘ਲਾਮਬੰਦ’ ਕਰਦੇ ਹਨ। ਪੈਦਾਵਾਰ ਤੇ ਜਾਇਦਾਦ ਦੇ ਮੂਲ ਸਾਧਨਾਂ ਨੂੰ ਕੰਟਰੋਲ ਕਰਨ ਲਈ ਸੰਘਰਸ਼ ਵਾਸਤੇ ਨਹੀਂ। ਉਹ ਪ੍ਰੋਜੈਕਟਾਂ ਦੀ ਤਕਨੀਕੀ ਤੇ ਵਿੱਤੀ ਸਹਾਇਤਾ ਦੇ ਦ੍ਰਿਸ਼ਟੀਕੋਣ ’ਤੇ ਕੇਂਦਰਿਤ ਹੁੰਦੇ ਹਨ। ਉਨ੍ਹਾਂ ਦੇ ਸੰਰਚਨਾਤਮਿਕ ਪਹਿਲੂਆਂ ਤੇ ਨਹੀਂ ਜਿੰਨਾਂ ਨਾਲ

ਲੋਕਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਨਿਰਧਾਰਿਤ ਹੁੰਦੀ ਹੈ। ਐਨ. ਜੀ. ਓ. ਖੱਬੇ ਪੱਖੀ ਭਾਸ਼ਾ ਨੂੰ ਸੰਯੋਜਿਤ (ਕੋਆਪਟ) ਕਰਦੇ ਹਨ – "ਜਨ-ਸ਼ਕਤੀ" (ਪਾਪੂਲਰ ਪਾਵਰ) "ਅਧਿਕਾਰ ਪ੍ਰਾਪਤੀ" (ਇਮਪਾਵਰਮੈਂਟ) "ਯੌਨ-ਬਰਾਬਰੀ" (ਜੇਂਡਰ ਇਕਵੈਲਿਟੀ) "ਟਿਕਾਊ-ਵਿਕਾਸ" (ਸਸਟੇਨਏਬਲ ਡਵੈਲਪਮੈਂਟ) "ਹੇਠਾਂ ਤੋਂ ਅਗਵਾਈ ਪੈਦਾ ਕਰਨ" (ਬਾਟਮਅਪ-ਲੀਡਰਸ਼ਿਪ) ਆਦਿ। ਸਮੱਸਿਆ ਇਹ ਹੈ ਕਿ ਇਸ ਭਾਸ਼ਾ ਨੂੰ ਦਾਤਿਆਂ ਤੇ ਸਰਕਾਰੀ ਏਜੰਸੀਆਂ ਦੇ ਨਾਲ ਗਠਜੋੜ ਦੇ ਉਸ ਫ੍ਰੇਮਵਰਕ ਨਾਲ ਜੋੜ ਦਿੱਤਾ ਗਿਆ ਹੈ, ਜੋ ਸੰਘਰਸ਼ ਦੀ ਰਾਜਨੀਤੀ ਦੇ ਵਿਰੁੱਧ ਪ੍ਰਤੀ ਸਮਰਪਿਤ ਹਨ। ਐਨ. ਜੀ. ਓ. ਦੇ ਕ੍ਰਿਆਕਲਪ ਦੇ ਸਥਾਨਕ ਰੁਝਾਣ ਦਾ ਕੁਲ ਤੱਤ ਇਹ ਹੈ ਕਿ 'ਇਮਪਾਵਰਮੈਂਟ' ਕਦੀ ਵੀ ਸੀਮਤ ਸਾਧਨਾਂ ਨਾਲ ਯੁਕਤ ਸਮਾਜਿਕ ਜੀਵਨ ਦੇ ਇਕ ਛੋਟੇ ਜਿਹੇ ਖੇਤਰ ਨੂੰ ਪ੍ਰਭਾਵਿਤ ਕਰਨ ਤੋਂ ਅੱਗੇ ਨਹੀਂ ਜਾਂਦਾ ਅਤੇ ਹਮੇਸ਼ਾ ਉਸੇ ਹੱਦ ਵਿਚ ਰਹਿੰਦਾ ਹੈ। ਜੋ ਨਵ-ਉਦਾਰਵਾਦੀ ਸਤਾ ਤੇ ਬਰੀਕ ਅਰਥਚਾਰੇ (Micro economy) ਵੱਲੋਂ ਰੇਖਾਕ੍ਰਿਤ ਕੀਤੀ ਜਾਂਦੀ ਹੈ। ਐਨ. ਜੀ. ਓ. ਅਤੇ ਉਨ੍ਹਾਂ ਦੇ ਪ੍ਰੋਫੈਸ਼ਨਲ ਸਟਾਫ ਗਰੀਬਾਂ, ਔਰਤਾਂ, ਜਾਤੀ ਲਾਲਸਾਵਾਂ ਆਦਿ ਵਿਚ ਆਪਣਾ ਪ੍ਰਭਾਵ ਕਾਇਮ ਕਰਨ ਲਈ ਸਿੱਧੇ ਸਮਾਜਿਕ-ਰਾਜਸੀ ਅੰਦੋਲਨਾਂ ਨਾਲ ਦੌੜ ਲਾਉਂਦੇ ਹਨ। ਉਨ੍ਹਾਂ ਦੀ ਵਿਚਾਰਧਾਰਾ ਤੇ ਕਾਰਜ ਪ੍ਰਣਾਲੀ ਗਰੀਬੀ ਦੇ ਸਰੋਤਾਂ ਤੇ ਉਸ ਦੇ ਸਾਧਨਾਂ ਵਲੋਂ ਧਿਆਨ ਹਟਾ ਦਿੰਦੇ ਹਨ। (ਉਪਰ ਤੇ ਬਾਹਰ ਵੱਲ ਵੇਖਣ ਦੀ ਬਜਾਏ ਹੇਠਾਂ ਤੇ ਅੰਦਰ ਵੱਲ ਦੇਖਦੇ ਹੋਏ) ਅਤੇ ਸੂਖਮ ਉਦਮਾਂ (Micro enterprises) ਦੇ ਤਾਂ ਕੀ ਕਹਿਣੇ! ਵਿਦੇਸ਼ੀ ਬੈਂਕਾਂ ਵੱਲੋਂ ਲੁੱਟ ਦੇ ਖਾਤਮੇ ਦੀ ਥਾਂ 'ਤੇ, ਗਰੀਬੀ ਦਾ ਹੱਲ ਉਨ੍ਹਾਂ ਦੇ ਦੀ ਇਸ ਗਲਤ ਧਾਰਨਾ 'ਤੇ ਆਧਾਰਿਤ ਹੈ ਕਿ ਮੁੱਖ ਸਮੱਸਿਆ ਲੋਕਾਂ ਦੀ ਵਿਅਕਤੀਗਤ ਪਹਿਲ ਕਦਮੀ (Initia tive) ਦੀ ਹੈ, ਨਾ ਕਿ ਦੇਸ਼ ਦੀ ਆਮਦਨੀ ਦੇ ਵਿਦੇਸ਼ਾਂ 'ਚ ਜਾਣ ਦੀ। ਐਨ. ਜੀ. ਓ. ਨੂੰ ਮਿਲਣ ਵਾਲੀ "ਆਰਥਿਕ ਮਦਦ" ਸੀਮਤ ਅਦਾਰਿਆਂ ਲਈ ਫਿਰਕਿਆਂ ਵਿਚਕਾਰ ਪ੍ਰਤੀਸ਼ਰਧਾ ਪੈਦਾ ਕਰਦਿਆਂ, ਵਿਸ਼ਵਾਸਘਾਤੀ ਭੇਦਭਾਵ ਕਰਦਿਆਂ ਅਤੇ ਜਮਾਤੀ ਆਖੰਡਤਾ ਨੂੰ ਖੰਡਿਤ ਕਰਦਿਆਂ ਆਬਾਦੀ ਦੇ ਛੋਟੇ-ਛੋਟੇ ਸੈਕਟਰਾਂ ਨੂੰ ਪ੍ਰਭਾਵਿਤ ਕਰਦੀ ਹੈ। ਇਹੀ ਗੱਲ ਪ੍ਰੋਫੈਸ਼ਨਲਾਂ ਲਈ ਵੀ ਸਹੀ ਢੁੱਕਦੀ ਹੈ : ਇਹ ਵਿਦੇਸ਼ੀ ਫੰਡ ਮੰਗਣ ਲਈ ਆਪਣੇ-ਆਪਣੇ ਐਨ. ਜੀ. ਓ. ਬਣਾਉਂਦੇ ਹਨ। ਇਹ ਵਿਦੇਸ਼ੀ ਦਾਤਿਆਂ ਦੀਆਂ ਰੁਚੀਆਂ ਨਾਲ ਵੱਧ ਤੋਂ ਵੱਧ ਮਿਲਦਾ-ਜੁਲਦਾ, ਪ੍ਰਸਤਾਵ ਪੇਸ਼ ਕਰਨ, ਘੱਟ ਖਰਚੇ ਅਤੇ ਵੱਧ ਤੋਂ ਵੱਧ ਸਮਰਥਕਾਂ ਵਲੋਂ ਬੋਲਣ ਦਾ ਦਾਅਵਾ ਕਰਦੇ ਹੋਏ ਆਪਸ 'ਚ ਦੌੜ ਲਾਉਂਦੇ ਹਨ। ਇਸ ਦਾ ਕੁਲ ਹਿੱਸਾ ਐਨ. ਜੀ. ਓ. ਦੀ ਤੈਦਾਦ ਦੇ ਭਾਰੀ ਵਾਧੇ ਵਜੋਂ ਹੁੰਦਾ ਹੈ ਜੋ ਗਰੀਬ ਸਮੂਹ ਨੂੰ ਟੁਕੜਿਆਂ 'ਚ ਵੰਡਦੇ ਹਨ। ਤਾਂ ਕਿ ਉਹ ਉਸ ਦ੍ਰਿਸ਼ ਨੂੰ ਦੇਖਣ 'ਚ ਅਸਮਰਥ ਹੋ ਜਾਣ ਜੋ ਉਨ੍ਹਾਂ ਦੇ ਕਸ਼ਟਾਂ ਲਈ ਜ਼ਿੰਮੇਵਾਰ ਹਨ। ਅਤੇ ਪ੍ਰਬੰਧ ਖਿਲਾਫ ਸੰਘਰਸ਼ ਲਈ ਇਕਜੁੱਟ ਹੋਣ 'ਚ ਹੋਰ ਵੀ ਘੱਟ ਸਮਰਥ ਹੋ ਸਕਣ।

ਤਾਜਾ ਅਨੁਭਵ ਹੀ ਇਹ ਸਾਬਤ ਕਰਦੇ ਹਨ ਕਿ ਵਿਦੇਸ਼ੀ ਦਾਤਾ "ਸੰਕਟਾਂ" (ਯਥਾ ਸਥਿਤੀ ਵਿਰੁੱਧ ਰਾਜਸੀ ਤੇ ਸਮਾਜਿਕ ਚੁਣੌਤੀਆਂ) ਸਮੇ ਪ੍ਰੋਜੈਕਟਾਂ ਨੂੰ ਫਾਇਨਾਂਸ ਕਰਦੇ ਹਨ। ਇਕ ਵਾਰੀ ਜਦ ਅੰਦੋਲਨ ਸ਼ਾਂਤ ਹੋ ਜਾਂਦੇ ਹਨ ਤਾਂ ਉਹ ਆਪਣੇ ਫੰਡ ਨੂੰ ਐਨ. ਜੀ. ਓ.। ਸੱਤਾ "ਗੱਠਜੋੜ' ਵੱਲ ਤਬਦੀਲ ਕਰ ਦਿੰਦੇ ਹਨ

– ਐਨ. ਜੀ. ਓ. ਪ੍ਰੋਜੈਕਟਾਂ ਨੂੰ ਨਵ–ਉਦਾਰਵਾਦੀ ਏਜੰਡੇ ਵਿਚ ਸਮੋਂਦੇ ਹੋਏ ਸਮਾਜਿਕ ਤਬਦੀਲੀ ਲਈ ਸਮਾਜਿਕ ਸੰਗਠਨ ਦੀ ਬਜਾਏ "ਮੁਕਤ ਬਾਜ਼ਾਰ" ਦੇ ਹਿੱਤ ਵਿਚ, ਆਰਥਿਕ ਵਿਕਾਸ ਫੰਡਿੰਗ ਏਜੰਡੇ ਦਾ ਮੁੱਖ ਵਿਸ਼ਾ ਬਣ ਜਾਂਦਾ ਹੈ। ਐਨ. ਜੀ. ਓ. ਦੇ ਢਾਂਚੇ ਅਤੇ ਇਸ ਦਾ ਰੁਝਾਣ ਆਪਣੀ "ਗੈਰ–ਰਾਜਸੀ" ਪਹੁੰਚ ਤੇ ਸਵੈ–ਸਹਾਇਤਾ 'ਤੇ ਆਪਣੇ ਫੋਕਸ ਰਾਹੀਂ ਗਰੀਬਾਂ ਨੂੰ ਟਿਕਾ ਰਹੇ ਹਨ ਅਤੇ ਉਨ੍ਹਾਂ ਨੂੰ ਰਾਜਨੀਤੀ ਪ੍ਰਤੀ ਬੇਵਾਸਤਾ (ਗੈਰ ਸਰਗਰਮ) ਕਰ ਰਹੇ ਹਨ। ਉਹ ਨਵ–ਉਦਾਰਵਾਦੀ ਪਾਰਟੀਆਂ ਅਤੇ ਲੋਕ ਸੰਚਾਰ ਮਾਧਿਅਮਾਂ ਰਾਹੀਂ ਚੁਣਾਵੀਂ ਅਮਲਾਂ ਨੂੰ ਮਜ਼ਬੂਤ ਬਣਾਉਣ ਲਈ ਹੱਲਾਸ਼ੇਰੀ ਦੇ ਰਹੇ ਹਨ। ਸਾਮਰਾਜ ਦੇ ਰੂਪ, ਨਵ–ਉਦਾਰਵਾਦ ਦੇ ਜਮਾਤੀ ਅਧਾਰ ਤੇ ਬਰਾਮਦ ਕਾਰਾਂ ਤੇ ਅਸਥਾਈ ਮਜ਼ਦੂਰਾਂ ਵਿਚਕਾਰ ਜਮਾਤੀ ਸੰਘਰਸ਼ ਬਾਰੇ ਰਾਜਸੀ ਸਿੱਖਿਆ ਤੋਂ ਬਚ ਜਾਂਦਾ ਹੈ। ਇਸ ਦੀ ਬਜਾਏ ਐਨ. ਜੀ. ਓ. "ਨਿਰਬਲ", "ਲਾਚਾਰ ਗਰੀਬੀ", 'ਅਛੂਤ' ਅਤੇ "ਲਿੰਗਕ ਤੇ ਫਿਰਕੂ ਭੇਦਭਾਵ" ਦੀ ਗੱਲ ਕਰਦੇ ਹਨ, ਪਰ ਉਸ ਸਮਾਜਕ ਪ੍ਰਬੰਦ ਦੇ ਉਪਰੀ ਲੱਛਣਾਂ ਦੇ ਦਾਅਰੇ ਤੋਂ ਬਾਹਰ ਕਦੀ ਨਹੀਂ ਜਾਂਦੇ ਜਿਸ ਨੇ ਅਜਿਹੀਆਂ ਹਾਲਤਾਂ ਪੈਦਾ ਕੀਤੀਆਂ ਹਨ। ਗਰੀਬਾਂ ਨੂੰ ਨਵ–ਉਦਾਰਵਾਦੀ ਅਰਥਚਾਰੇ ਵਿਚ ਵਿਸ਼ੁਧ "ਨਿੱਜੀ ਸਵੈਇਛੁੱਕ ਕਾਰਵਾਈ" ਨਾਲ ਸਮੇਟਦੇ ਹੋਏ ਐਨ. ਜੀ. ਓ. ਇਕ ਅਜਿਹਾ ਰਾਜਸੀ ਸਾਮਰਾਜ ਸਥਾਪਤ ਕਰ ਰਹੇ ਹਨ ਜਿਥੇ ਇਕਜੁੱਟਤਾ ਅਤੇ ਸਮਾਜਿਕ ਕਾਰਵਾਈ ਦਾ ਦਿਖਾਵਾ ਕੌਮਾਂਤਰੀ ਤੇ ਕੌਮੀ ਸੱਤਾ–ਤੰਤਰ ਦੇ ਨਾਲ ਅਨੁਦਾਰਵਾਦੀ ਅਨਰੂਪਤਾ 'ਤੇ ਪਰਦਾ ਡਾਲ ਦਿੰਦਾ ਹੈ।

ਇਹ ਕੋਈ ਸੰਯੋਗ ਦੀ ਗੱਲ ਨਹੀਂ ਕਿ ਜਿਵੇਂ–ਜਿਵੇਂ ਐਨ. ਜੀ. ਓ. ਕਿਸੇ ਇਲਾਕੇ 'ਚ ਪ੍ਰਭਾਵੀ ਹੁੰਦੇ ਜਾਂਦੇ ਹਨ, ਆਜ਼ਾਦ ਜਮਾਤੀ ਰਾਜਸੀ ਕਾਰਵਾਈ ਕੰਮਜ਼ੋਰ ਹੋਈ ਅਤੇ ਨਵ–ਉਦਾਰਵਾਦ ਨਿਰਵਿਰੋਧ ਹੁੰਦਾ ਗਿਆ। ਅਸਲੀਅਤ ਇਹ ਹੈ ਕਿ ਐਨ. ਜੀ. ਓ. ਦੇ ਵਾਧੇ ਦਾ ਨਵ–ਉਦਾਰਵਾਦੀਆਂ ਦੀ ਵਧੀ ਹੋਈ ਫੰਡਿੰਗ ਅਤੇ ਗਰੀਬੀ ਦੀ ਭਿਅੰਕਰਤਾ ਵਿਚ ਚੌਤਰਫਾ ਵਾਧੇ ਦੇ ਨਾਲ ਸਿੱਧਾ ਸੰਬੰਧ ਹੈ। ਇਨ੍ਹਾਂ ਦੇ ਇਲਾਕਿਆਂ ਵਿਚ ਸਥਾਨਕ ਸਫਲਤਾਵਾਂ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਨਵ–ਉਦਾਰਵਾਦ ਦੀ ਸਾਰੀ ਤਾਕਤ ਚਣੌਤੀਹੀਣ ਖੜ੍ਹੀ ਹੈ ਅਤੇ ਐਨ. ਜੀ. ਓ. ਸਤਾ ਦੀ ਹਰ ਦਰਾਰ ਵਿਚ ਆਪਣੀ ਪੈਠ ਬਣਾਉਣ ਵਿਚ ਲੱਗੇ ਹੋਏ ਹਨ। ਵਿਕਲਪਾਂ ਨੂੰ ਸੂਤਰਬੱਧ ਕਰਨ ਦੀ ਸਮੱਸਿਆ ਦੂਜੇ ਤਰੀਕਿਆਂ ਨਾਲ ਗੁੰਝਲਦਾਰ ਹੋਈ ਹੈ। ਗੁਰਿਲਾ ਤੇ ਸਮਾਜਿਕ ਅੰਦੋਲਨਾਂ, ਟ੍ਰੇਡ ਯੂਨੀਅਨਾਂ ਤੇ ਲੋਕਾਂ ਦੇ ਮਨਪਸੰਦ ਔਰਤ ਸੰਗਠਨਾਂ ਦੇ ਸਾਬਕਾ ਲੀਡਰ ਨੂੰ ਐਨ. ਜੀ. ਓ. ਸ਼ਾਮਲ ਕਰ ਲਿਆ ਜਾਂਦਾ ਹੈ। ਅਤੇ ਪ੍ਰਸਤਾਵ ਕਾਫੀ ਭਰਮਾਊ ਹੁੰਦਾ ਹੈ : ਉੱਚੀ ਤਨਖਾਹ (ਕਦੇ ਕਦੇ ਵਿਦੇਸ਼ੀ ਕਰੰਸੀ 'ਚ) ਵਿਦੇਸ਼ੀ ਦਾਤਿਆਂ ਵਲੋਂ ਮਾਨਤਾ ਤੇ ਪਹਿਚਾਣ, ਵਿਦੇਸ਼ਾਂ 'ਚ ਕਾਨਫਰੰਸ ਤੇ ਨੈਟਵਰਕ,, ਦਫਤਰ ਦੇ ਸਟਾਫ ਤੇ ਸਕੇ ਸਬੰਧੀਆਂ ਨੂੰ ਕਿਸੇ ਵੀ ਧੱਕੇ ਜਾਂ ਦਾਬੇ ਤੋਂ ਸੁਰੱਖਿਆ। ਇਸ ਦੇ ਉਲਟ ਸਮਾਜਿਕ–ਰਾਜਸੀ ਅੰਦੋਲਨ ਭਾਵੇਂ ਥੋੜ੍ਹੇ ਜਿਹੇ ਭੌਤਿਕ ਲਾਭ ਦੀ ਧਾਰਨਾ ਪੇਸ਼ ਕਰਦੇ ਹਨ ਪਰ ਉਚਤਰ ਸਨਮਾਨ ਤੇ ਸੁਤੰਤਰਤਾ ਅਤੇ ਹੋਰ ਵੀ ਮਹੱਤਵਪੂਰਨ, ਰਾਜਸੀ–ਆਰਥਿਕ ਪ੍ਰਬੰਧ ਨੂੰ ਚੁਣੌਤੀ ਦੇਣ ਦੀ ਆਜ਼ਾਦੀ ਮੁਹੱਈਆ ਕਰਦੇ ਹਨ। ਐਨ. ਜੀ. ਓ. ਤੇ ਉਨ੍ਹਾਂ ਦੇ ਵਿਦੇਸ਼ੀ ਬੈਕਿੰਗ ਸਹਿਯੋਗੀ (ਦਿ ਇੰਟਰ ਅਮਰੀਕਨ ਬੈਂਕ, ਦੀ ਵਰਲਡ ਬੈਂਕ) ਸੂਖਮ ਉਦਮਾ ਤੇ ਹੋਰ ਸਵੈ ਸਹਾਇਤਾ ਪ੍ਰੋਜੈਕਟਾਂ

ਦੀਆਂ ਸਫਲਤਾਵਾਂ ਤੇ ਵਿਰਤਾਤਾਂ ਦੇ ਫੀਚਰਾਂ ਨਾਲ ਭਰੇ ਨਿਊਜ਼ਲੈਟਰ ਪ੍ਰਕਾਸ਼ਿਤ ਕਰਦੇ ਹਨ। ਬਿਨ੍ਹਾਂ ਇਸ ਤਾ ਜਿਕਰ ਕੀਤੇ ਕਿ ਖਪਤ 'ਚ ਵਿਆਪਕ ਗਿਰਾਵਟ ਵਜੋਂ ਅਸਫਲਤਾਵਾਂ ਦੀ ਗਿਣਤੀ ਵਧੀ ਹੈ। ਘੱਟ ਦਰਾਂ 'ਤੇ ਦਰਾਮਦ ਨਾਲ ਬਾਜ਼ਾਰ ਭਰ ਗਿਆ ਹੈ ਅਤੇ ਬਾਜ਼ਾਰ ਦਰਾਂ ਵਧਦੀਆਂ ਰਹੀਆਂ ਹਨ – ਜਿਵੇਂ ਕਿ 1990 ਦੇ ਸਾਲਾਂ 'ਚ ਬ੍ਰਾਜ਼ੀਲ ਤੇ ਇੰਡੋਨੇਸ਼ੀਆ 'ਚ ਵਾਪਰਿਆ। ਇਥੋ ਤੱਕ ਕਿ "ਸਫਲਤਾਵਾਂ" ਗਰੀਬਾਂ ਦੇ ਇਕ ਬਹੁਤ ਹੀ ਛੋਟੇ ਹਿੱਸੇ ਨੂੰ ਪ੍ਰਭਾਵਿਤ ਕਰਦੀਆਂ ਹਨ ਤੇ ਸਿਰਫ ਉਸ ਹੱਦ ਤੱਕ ਸਫਲ ਹੁੰਦੀਆਂ ਹਨ ਕਿ ਉਸ ਬਜ਼ਾਰ 'ਚ ਦੂਜੇ ਘੁਸ ਨਾ ਸਕਣ। ਜਦਕਿ ਇਸ ਭਰਮ ਦੇ ਪੋਸ਼ਣ ਵਿਚ ਕਿ ਨਵ-ਉਦਾਰਵਾਦ ਇਕ ਜਨਤਕ ਘਟਨਾ ਹੈ, ਵਿਅਕਤੀਗਤ ਸੂਖਮ ਉਦਮਾ ਦੀ ਸਫਲਤਾ ਦਾ ਪ੍ਰਚਾਰਤਮਕ ਮੁੱਲ ਮਹੱਤਵਪੂਰਨ ਹੈ। ਸੂਖਮ ਉਦਮ ਤਬਦੀਲੀ ਦੇ ਇਲਾਕਿਆਂ ਵਿਚ ਵਾਰ ਵਾਰ ਹਿੰਸਾਤਮਕ ਵਿਸਫੋਟ ਦਿਸਦੇ ਹਨ ਕਿ ਉਨ੍ਹਾਂ ਦੇ ਵਿਚਾਰ ਹਾਣੀ ਨਹੀਂ ਹੋ ਸਕਦੇ ਅਤੇ ਇਹ ਵੀ ਕਿ ਐਨ. ਜੀ. ਓ. ਆਜ਼ਾਦ ਜਮਾਤੀ ਅੰਦੋਲਨਾਂ ਨੂੰ ਅਜੇ ਤੱਕ ਬੇਦਖਲ ਨਹੀਂ ਕਰ ਸਕੇ ਹਨ। ਐਨ. ਜੀ. ਓ. ਦੀ ਵਿਚਾਰਧਾਰਾ ਪਹਿਚਾਣ ਦੀ ਰਾਜਨੀਤੀ 'ਤੇ ਆਧਾਰਤ ਹੁੰਦੀ ਹੈ ਜੋ ਜਮਾਤੀ ਵਿਸ਼ਲੇਸ਼ਣ 'ਤੇ ਅਧਾਰਿਤ ਰੈਡੀਕਲ ਅੰਦੋਲਨ ਦੇ ਨਾਲ ਬੇਇਮਾਨੀ ਭਰੇ ਝਮੇਲੇ ਚਲਾਉਂਦੀ ਹੈ। ਉਹ ਇਸ ਗਲਤ ਧਾਰਨਾ ਤੋਂ ਸ਼ੁਰੂ ਕਰਦੇ ਹਨ ਕਿ ਜਮਾਤੀ ਵਿਸ਼ਲੇਸ਼ਣ ਡਿਡਕਸ਼ਨਿਸਟ (ਗੈਰ ਚੋਣਵਾਦੀ) ਹੈ ਅਤੇ ਮਾਰਕਸਵਾਦ ਦੇ ਅੰਦਰ ਨਸਲੀ, ਫਿਰਕੂ ਤੇ ਲਿੰਗ ਬਰਾਬਰੀ ਦੇ ਸੁਆਲਾਂ ਤੇ ਹੋਈਆਂ ਲੰਬੀਆਂ ਬਹਿਸਾਂ ਨੂੰ ਅਣਦੇਖਿਆ ਕਰ ਦਿੰਦੇ ਹਨ। ਇਸ ਤੋਂ ਵੀ ਵੱਧ ਕੇ ਉਹ ਇਸ ਮੀਮਾਂਸਾ ਨੂੰ ਟਾਲ ਜਾਂਦੇ ਹਨ ਕਿ ਵੱਖ-ਵੱਖ ਪਹਿਚਾਣਾਂ ਖੁਦ ਜਮਾਤੀ ਭੇਦਾਂ ਰਾਹੀਂ ਸਪੱਸ਼ਟਤਾ ਤੇ ਡੂੰਘਾਈ ਨਾਲ ਖਿੰਡੇ-ਪੁੰਡੇ ਹੁੰਦੇ ਹਨ। ਉਦਾਹਰਣ ਵਜੋਂ ਪਾਸ ਇਲਾਕੇ ਵਿਚ ਰਹਿਣ ਵਾਲੀਆਂ ਜਾਂ ਭਾਰਤ ਦੀਆਂ ਨਾਰੀਵਾਦੀਆਂ ਨੂੰ ਹੀ ਲਓ ਜੋ ਆਪਣੇ ਘਰੇਲੂ ਨੌਕਰਾਂ ਦੀ ਤੁਲਨਾ ਵਿਚ ਪੰਦਰਾਂ ਤੋਂ ਵੀਹ ਗੁਣਾਂ ਵੱਧ ਤਨਖਾਹ ਲੈਂਦੀਆਂ ਹਨ। ਜਦਕਿ ਉਹ ਹਫਤੇ 'ਚ ਛੇ ਜਾਂ ਸੱਤ ਦਿਨ ਕੰਮ ਕਰਦੇ ਹਨ। ਇਕ ਯੌਨ ਸਮੂਹ ਦੇ ਅੰਦਰ ਹੀ ਵਰਗ ਭੇਦ, ਰਹਿਣ ਸਹਿਣ ਦਾ ਪੱਧਰ, ਸਿਹਤ ਤੇ ਸਿੱਖਿਆ ਦੇ ਮੌਕਿਆਂ ਨੂੰ ਨਿਰਧਾਰਿਤ ਕਰਦਾ ਹੈ ਅਤੇ ਇਸ ਗੱਲ ਨੂੰ ਕਿ ਵਾਧੂ ਮੁੱਲ ਨੂੰ ਕੌਣ ਹੜੱਪੇਗਾ। ਫਿਰ ਵੀ ਜ਼ਿਆਦਾਤਰ ਐਨ. ਜੀ. ਓ. ਪਹਿਚਾਣ ਦੀ ਰਾਜਨੀਤੀ (ਆਇਡੈਂਟਿਟੀ ਪਾਲਿਟਿਕਸ) ਦੇ ਆਧਾਰ ਤੇ ਸੰਚਾਲਨ ਕਰ ਰਹੇ ਹਨ। ਅਤੇ ਤਰਕ ਦਿੰਦੇ ਹਨ ਕਿ ਨਵੀਂ ਇਕ ਉਤਰ ਅਧੁਨਿਕ ਰਾਜਨੀਤੀ ਲਈ ਇਹ ਇਕ ਬਿੰਦੂ ਹੈ। ਪਹਿਚਾਣ ਦੀ ਰਾਜਨੀਤੀ ਆਈ. ਐਮ. ਐਫ. ਨਿਰਦੇਸ਼ਿਤ ਨਿੱਜੀਕਰਨ, ਬਹੁਕੌਮੀ ਕਾਰਪੋਰੇਸ਼ਨਾਂ ਤੇ ਸਥਾਨਕ ਜ਼ਿੰਮੀਦਾਰਾਂ ਦੇ ਪੁਰਸ਼ ਪ੍ਰਧਾਨ ਸੰਸਾਰ ਨੂੰ ਚੁਣੌਤੀ ਨਹੀਂ ਦਿੰਦੀਆਂ ਹਨ। ਬਲਕਿ ਪਰਿਵਾਰ ਵਿਚ 'ਪਿੱਤਰਸੱਤਾ' ਪਰਿਵਾਰਿਕ ਹਿੰਸਾ, ਤਾਲਕ ਪਰਿਵਾਰ ਭਲਾਈ ਆਦਿ ਤੇ ਹੀ ਕੇਂਦਰਿਤ ਕਰਦੀਆਂ ਹਨ। ਦੂਜੇ ਸ਼ਬਦਾਂ 'ਚ ਇਹ ਲੁੱਟੇ ਜਾਂਦਿਆਂ ਦੇ ਉਸ ਸੂਖਮ ਸੰਸਾਰ ਅੰਦਰ ਲਿੰਗ-ਬਰਾਬਰੀ ਲਈ ਲੜਦੀਆਂ ਹਨ। ਜਿਸ 'ਚ ਲੁੱਟੇ ਜਾਂਦੇ ਤੇ ਕੰਗਾਲ ਮਰਦ ਮਜ਼ਦੂਰ ਜਾਂ ਕਿਸਾਨ ਮੁੱਖ ਖਲਨਾਇਕ ਵਜੋਂ ਉਭਰਦਾ ਹੈ। ਭਾਵੇਂ ਕਿ ਲਿੰਗਕ-ਭੇਦਭਾਵ ਜਾਂ ਜਬਰ ਨੂੰ ਕਿਸੇ ਵੀ ਪੱਧਰ 'ਤੇ ਹਮਾਇਤ ਨਹੀਂ ਦਿੱਤੀ ਜਾਣੀ ਚਾਹੀਦੀ ਫਿਰ ਵੀ ਨਾਰੀਵਾਦੀ ਐਨ. ਜੀ. ਓ. ਨੇ ਬੇਹੱਦ ਲੁੱਟ ਵਾਲੇ ਲੱਕ ਤੋੜ ਕੰਮਾਂ 'ਚ ਕੰਮਕਾਜੀ ਔਰਤਾਂ ਨੂੰ ਲਾ ਕੇ

ਉਨ੍ਹਾਂ ਨੂੰ ਕਾਫੀ ਠਿਠ ਕੀਤਾ ਹੈ। ਜਿਸ 'ਚ ਉੱਚ ਵਰਗ ਦੇ ਮਰਦਾਂ ਤੇ ਔਰਤਾਂ ਨੂੰ, ਠੇਕਾ ਵਸੂਲਣ ਵਾਲੇ ਮਰਦ ਤੇ ਔਰਤ ਜ਼ਿੰਮੀਦਾਰਾਂ ਨੂੰ ਅਤੇ ਮਰਦ ਤੇ ਔਰਤ ਸੀ. ਈ. ਓ. ਨੂੰ ਮੁਨਾਫਾ ਮਿਲਦਾ ਹੈ।

ਨਾਰੀਵਾਦੀ ਐਨ. ਜੀ. ਓ. 'ਵਿਸ਼ਾਲ ਪ੍ਰੀਦ੍ਰਿਸ਼' ਦੀ ਅਣਦੇਖੀ ਕਰਦੇ ਹਨ ਅਤੇ ਸਥਾਨਕ ਮੁੱਦਿਆਂ ਤੇ ਵਿਅਕਤੀਗਤ ਰਾਜਨੀਤੀ ਉਪਰ ਕੇਂਦਰਿਤ ਕਰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਹਰ ਸਾਲ ਅਰਬਾਂ ਡਾਲਰ ਇਸ ਪਾਸੇ ਲਾਏ ਜਾਂਦੇ ਹਨ। ਜੋ ਨਾਰੀਵਾਦੀ ਐਨ. ਜੀ. ਓ. ਬ੍ਰਾਜ਼ੀਲ, ਇੰਡੋਨੇਸ਼ੀਆ, ਥਾਈਲੈਂਡ ਜਾਂ ਫਿਲੀਪੀਂਸ 'ਚ ਭੂਮੀਹੀਣ ਮਰਦ ਤੇ ਔਰਤ ਮਜ਼ਦੂਰਾਂ ਦੇ ਨਾਲ ਮਿਲ ਕੇ ਖੇਤਾਂ 'ਤੇ ਕਬਜ਼ਾ ਕਰਨ ਲੱਗੇ ਜਾਂ ਢਾਂਚਾ ਢਲਾਈ ਨੀਤੀਆਂ ਵਿਰੁੱਧ ਪੇਂਡੂ ਸਕੂਲ ਦੀਆਂ ਔਰਤ ਅਧਿਆਪਕਾਂ ਦੀਆਂ ਆਮ ਹੜਤਾਲਾਂ ਵਿਚ ਸ਼ਾਮਲ ਹੋਣ ਲੱਗੇ ਤਦ ਉਨ੍ਹਾਂ ਨੇ ਸਾਮਰਾਜੀ ਪੇਂਡੂ ਸਕਲਾਂ ਦੀਆਂ ਔਰਤ ਟੀਚਰਾਂ ਨੂੰ ਆਮ ਦਾਤਿਆਂ ਵੱਲੋਂ ਐਨ. ਜੀ. ਓ. ਦਾ ਰਸਦ ਪਾਣੀ ਬੰਦ ਕਰ ਦਿੱਤਾ ਜਾਵੇਗਾ। ਤਾਂ ਬੇਹਤਰ ਇਹੀ ਰਹੇਗਾ ਕਿ ਕਿਸੇ ਦੂਰ ਦਰਾਡੇ ਪਿੰਡ 'ਚ ਸਥਾਨਕ ਮੁਖੀਆ ਦੀ ਪ੍ਰਿਤਸੱਤਾ ਖਿਲਾਫ ਸੰਘਰਸ਼ 'ਚ ਉਲਝਾ ਕੇ ਰੱਖਿਆ ਜਾਵੇ।

# ਜਮਾਤੀ ਏਕਤਾ ਬਨਾਮ ਵਿਦੇਸ਼ੀਆਂ ਦਾਤਿਆਂ ਨਾਲ ਐਨ. ਜੀ. ਓ. ਇਕਮੁੱਠਤਾ

"ਇਕਜੁੱਟਤਾ" ਸ਼ਬਦ ਦੇ ਨਾਲ ਏਨੀ ਬਦਸਲੂਕੀ ਕੀਤੀ ਗਈ ਹੈ ਕਿ ਇਸ ਦਾ ਚਿਹਰਾ ਹੀ ਬਦਲ ਗਿਆ ਹੈ। ਐਨ. ਜੀ. ਓ. ਸੰਚਾਲਕਾਂ ਲਈ "ਇਕਜੁੱਟਤਾ" ਅਹੁਦਾ ਵਿਦੇਸ਼ੀ ਮਦਦ ਲਈ ਹੁੰਦਾ ਹੈ ਅਤੇ ਕਿਸੇ ਵੀ ਮਕਸਦ ਅਧੀਨ "ਸਾਧਨਹੀਣ" ਵਰਗ ਤੱਕ ਚੱਲਦਾ ਹੈ। ਪ੍ਰੋਫੈਸ਼ਨਲਾਂ ਵਲੋਂ ਗਰੀਬੀ 'ਤੇ "ਰਿਸਰਚ" ਜਾਂ "ਪਾਪੂਲਰ ਐਜੂਕੇਸ਼ਨ" "ਇਕਜੁੱਟਤਾ" ਕਹੀ ਜਾਂਦੀ ਹੈ। ਕਈ ਕੇਸਾਂ ਵਿਚ "ਏਡ" ਅਤੇ "ਟਰੇਨਿੰਗ" ਦੇ ਸੰਚਾਰਨ ਦੇ ਤਾਣੇ-ਬਾਣੇ ਅਤੇ ਤਰੀਕੇ ਉਨੀਵੀਂ ਸਦੀ ਦੀ ਚੈਰਿਟੀ ਨਾਲ ਮੇਲ ਖਾਂਦੇ ਹਨ ਅਤੇ ਇਸ ਦੇ ਪ੍ਰਮੋਟਰਸ ਕ੍ਰਿਸ਼ਚੀਅਨ ਮਿਸ਼ਨਰੀਆਂ ਤੋਂ ਬਹੁਤੇ ਵੱਖਰੇ ਨਹੀਂ ਹਨ। ਐਨ. ਜੀ. ਓ. ਸੰਚਾਲਕ ਸੱਤਾ ਦੇ "ਪੈਤ੍ਰਿਕਵਾਦ" ਅਤੇ ਨਿਰਭਰਤਾ 'ਤੇ ਹਮਲਾ ਕਰਨ 'ਚ "ਸਵੈ-ਸਹਾਇਤਾ" 'ਤੇ ਜ਼ੋਰ ਦਿੰਦੇ ਹਨ। ਨਵ-ਉਦਾਰਵਾਦ ਦੇ ਸ਼ਿਕਾਰ ਲੋਕਾਂ ਨੂੰ ਘਰੇਨ 'ਚ ਐਨ. ਜੀ. ਓ. ਵਿਚਕਾਰ 'ਚ ਉਹ ਯੂਰਪ ਤੇ ਅਮਰੀਕਾ 'ਚ ਬੈਠੀਆਂ ਆਪਣੀਆਂ ਦਾਤਾ ਸੰਸਥਾਵਾਂ ਤੋਂ ਮਹੱਤਵਪੂਰਨ ਸਬਸਿਡੀ ਹਾਸਿਲ ਕਰਦੇ ਹਨ। ਸਵੈ-ਸਹਾਇਤਾ ਦੀ ਵਿਚਾਰਧਾਰਾ ਸਰਕਾਰੀ ਕਰਮਚਾਰੀਆਂ ਦੀ ਥਾਂ ਉਨ੍ਹਾਂ ਸਵੈ-ਸੇਵਿਕਾਂ ਅਤੇ ਪ੍ਰੋਫੈਸ਼ਨਲਾਂ ਵਲੋਂ ਲਏ ਜਾਣ ਤੇ ਜ਼ੋਰ ਦਿੰਦੀ ਹੈ, ਜੋ ਅਸਥਾਈ ਤੌਰ 'ਤੇ ਠੇਕੇ ਤੇ ਰੱਖੇ ਜਾਂਦੇ ਹਨ। ਐਨ. ਜੀ. ਓ. ਦਾ ਮੌਲਿਕ ਦਰਸ਼ਨ ਹੈ, "ਇਕਜੁੱਟਤਾ" ਨੂੰ ਨਵ-ਉਦਾਰਵਾਦ ਦੇ ਅਰਥਚਾਰੇ ਨਾਲ ਗਠਜੋੜ ਅਤੇ ਮਤਾਹਿਤੀ 'ਚ ਬਦਲ ਦੇਣਾ-ਧਾਰਮਿਕ ਵਰਗਾਂ ਦੇ ਰਾਜਸੀ ਅਦਾਰਿਆਂ ਤੋਂ ਧਿਆਨ ਹਟਾ ਕੇ ਗਰੀਬਾਂ ਦੇ ਸਵੈ-ਪੋਸ਼ਣ ਵੱਲ ਕਰਦੇ ਹੋਏ।

ਇਸ ਦੇ ਉਲਟ, ਮਾਰਕਸਵਾਦ ਜਮਾਦ ਅੰਦਰ ਵਰਗੀ ਏਕਤਾ (ਇਕਜੁੱਟਤਾ) ਤੇ ਦੇਸ਼ੀ-ਵਿਦੇਸ਼ੀ ਲੁਟੇਰਿਆਂ ਵਿਰੁੱਧ ਦੱਬੇ-ਕੁਚਲੇ ਲੋਕਾਂ (ਔਰਤਾਂ ਆਦਿ) ਦੀ ਇਕਜੁੱਟਤਾ ਤੇ ਜ਼ੋਰ ਦਿੰਦਾ ਹੈ। ਮੁਖ ਧਿਆਨ 'ਡੋਨੇਸ਼ਨਾਂ' ਤੇ ਨਹੀਂ ਕੇਂਦਰਿਤ ਹੁੰਦਾ ਹੈ ਜੋ ਜਮਾਤ ਨੂੰ ਵੰਡਦੇ ਹਨ ਅਤੇ ਛੋਟੇ-ਛੋਟੇ ਸਮੂਹਾਂ ਨੂੰ ਇਕ ਸੀਮਤ ਅਰਸੇ ਲਈ ਸ਼ਾਂਤ ਕਰ ਦਿੰਦੇ ਹਨ। ਇਕਜੁੱਟਤਾ ਦੀ ਮਾਰਕਸਵਾਦੀ ਧਾਰਨਾ ਦੇ ਮੈਂਬਰਾਂ ਦੀ ਸਾਂਝੀ ਕਾਰਵਾਈ ਤੇ ਕੇਂਦਰਿਤ ਹੁੰਦੀ ਹੈ। - ਬਰਾਬਰ ਆਰਥਿਕ ਦੁਰਦਸ਼ਾ ਨੂੰ ਝਲਦੇ ਹੋਏ ਅਤੇ ਸਮੂਹਿਕ ਸੁਧਾਰ ਲਈ ਸੰਘਰਸ਼ ਕਰਦੇ ਹੋਏ। ਇਹ ਉਨ੍ਹਾਂ ਬੁੱਧੀਜੀਵੀਆਂ ਨੂੰ ਸ਼ਾਮਲ ਕਰਦੇ ਹਨ ਜੋ ਸੰਘਰਸ਼ 'ਚ ਸਮਾਜਿਕ ਅੰਦੋਲਨ ਲਈ ਲਿਖਦੇ ਹਨ ਅਤੇ ਬੋਲਦੇ ਹਨ ਜੋ ਉਨ੍ਹਾਂ ਹੀ ਰਾਜਸੀ ਸਿੱਟਿਆਂ ਵਿਚ ਸਾਂਝੇਦਾਰੀ ਲਈ ਵਚਨਬੱਧ ਹਨ ਇਕਜੁੱਟਤਾ ਦੀ ਧਾਰਨਾ "ਅੰਗ ਭੂਤ" ਬੁੱਧੀਜੀਵੀਆਂ ਨਾਲ ਜੁੜੀ ਹੁੰਦੀ ਹੈ, ਜੋ ਬੁਨਿਆਦੀ ਤੌਰ 'ਤੇ ਅੰਦੋਲਨ ਦੇ ਹਿੱਸੇ ਹੁੰਦੇ ਹਨ, ਜਮਾਤੀ ਸੰਘਰਸ਼ ਲਈ ਵਿਸ਼ਲੇਸ਼ਣ ਅਤੇ ਸਿੱਖਿਆ ਮੁਹੱਈਆ ਕਰਵਾਉਂਦੇ ਹਨ ਅਤੇ ਸਿੱਧੀ ਕਾਰਵਾਈ 'ਚ ਸਭ ਦੇ ਨਾਲ ਰਾਜਸੀ ਖਤਰਿਆਂ ਨੂੰ ਮੁੱਲ ਲੈਂਦੇ ਹਨ। ਇਸ ਦੇ ਉਲਟ ਐਨ. ਜੀ. ਓ. ਸੰਚਾਲਕ ਸੰਸਥਾਵਾਂ, ਅਕਾਦਮਿਕ ਸੈਮੀਨਰਾਂ, ਵਿਦੇਸ਼ੀ ਫਾਊਂਡੇਸ਼ਨਾਂ ਤੇ ਕੌਮਾਂਤਰੀ ਸੰਮੇਲਨਾਂ ਦੇ ਸੰਸਾਰ ਨਾਲ

ਬੱਝੇ ਹੁੰਦੇ ਹਨ ਜੋ ਐਸੀ ਭਾਸ਼ਾ ਦੀ ਵਰਤੋਂ ਕਰਦੇ ਹਨ ਜਿਸ ਨੂੰ ਉਹ ਸਮਝ ਸਕਦੇ ਹਨ ਅਤੇ ਜੋ ਬੁਨਿਆਦੀ ਪਹਿਚਾਣਾਂ ਤੇ ਆਤਮਵਾਦੀ ਪੰਥ 'ਚ 'ਰਚੇਮਿਚੇ' ਹੁੰਦੇ ਹਨ। ਮਾਰਕਸਵਾਦੀ ਇਕਜੁੱਟਤਾ ਨੂੰ ਰਾਜਸੀ ਅੰਦੋਲਨਾਂ ਦੇ ਖਤਰਿਆਂ 'ਚ ਬਰਾਬਰ ਭਾਗੀਦਾਰੀ ਵਜੋਂ ਵੇਖਦੇ ਹਨ, ਉਨ੍ਹਾਂ ਬਾਹਰੀ ਸਮਾਲੋਚਕਾਂ ਵਾਂਗੂੰ ਨਹੀਂ ਜੋ ਸੁਆਲ ਉਠਾਉਂਦੇ ਤਾਂ ਹਨ ਪਰ ਪ੍ਰਤੀਵਾਦ ਕੁਝ ਨਹੀਂ ਕਰਦੇ। ਐਨ. ਜੀ. ਓ. ਸੰਚਾਲਕਾਂ ਦਾ ਮੂਲ ਉਦੇਸ਼ ਆਪਣੇ "ਪ੍ਰੋਜੈਕਟ" ਲਈ ਵਿਦੇਸ਼ੀ ਫੰਡ "ਹਥਿਆਉਣਾ" ਹੁੰਦਾ ਹੈ। ਮਾਰਕਸੀਆਂ ਲਈ ਮੁੱਖ ਮੁੱਦਾ ਹੁੰਦਾ ਹੈ ਸਮਾਜਿਕ ਬਦਲਾਅ ਲਿਆਉਣ ਲਈ ਰਾਜਸੀ ਸੰਘਰਸ਼ ਤੇ ਸਿੱਖਿਆ ਦਾ ਅਮਲ/ਅੰਦੋਲਨ ਹੀ ਸਭ ਕੁਝ ਹੈ, ਯਾਨੀ ਸਮਾਜਿਕ ਤਬਦੀਲੀ ਦੇ ਉਦੇਸ਼ ਦੀ ਚੇਤਨਾ ਜਾਗਰਤ ਕਰਨ ਦਾ ਸਾਧਨ ਅਤੇ ਐਸੀ ਰਾਜਸੀ ਸੱਤਾ ਦੀ ਉਸਾਰੀ ਕਰਨਾ ਜੋ ਬਹੁ ਸੰਖਿਅਕ ਜਨਤਾ ਦੇ ਦਿਸ਼ਾ ਸੁਧਾਰ ਲਈ ਸਮਰਪਿਤ ਹੋਵੇ। ਐਨ. ਜੀ. ਓ. ਸੰਚਾਲਕਾਂ ਲਈ "ਇਕਜੁੱਟਤਾ" ਮੁਕਤੀ ਦੇ ਆਮ ਉਦੇਸ਼ ਤੋਂ ਵਿਛੜ ਚੁੱਕੀ ਹੈ। ਇਹ ਸਿਰਫ ਲੋਕਾਂ ਨੂੰ ਕਿਸੇ ਨੌਕਰੀ ਤੇ ਲੱਗਣ, ਸੈਨੀਨਾਰ ਦੀ ਮੁੜ ਸਿਖਲਾਈ ਜਾਂ ਗੁਸਲਖਾਨਿਆਂ ਤੇ ਟੱਟੀਆਂ ਦੀ ਉਸਾਰੀ ਲਈ ਇਕੱਠੇ ਕਰਨ ਦਾ ਰਾਹ ਹੈ। ਮਾਰਕਸਵਾਦੀਆਂ ਲਈ ਸਮੂਹਿਕ ਸੰਘਰਸ਼ ਦੀ ਇਕਮੁੱਠਤਾ ਵਿਚ ਭਾਵੀ ਜਨਵਾਦੀ, ਸਮੂਹਵਾਦੀ ਸਮਾਜ ਦੇ ਬੀਜ ਛੁਪੇ ਹੁੰਦੇ ਹਨ। ਵਿਆਪਕ ਦੂਰਦਰਸ਼ਿਤਾ ਜਾਂ ਇਸ ਦੀ ਘਾਟ ਹੀ "ਇਕਮੁੱਠਤਾ" ਦੇ ਰੂਪ ਨੂੰ ਤਹਿ ਕਰਦੀ ਹੈ।

ਜਮਾਤੀ ਸੰਘਰਸ਼ ਤੇ ਐਨ. ਜੀ. ਓ. - ਐਨ. ਜੀ. ਓ. ਸੰਚਾਲਕ ਨਵ-ਉਦਾਰਵਾਦੀ ਹਕੂਮਤੀ ਤਾਣਿਆਂ ਬਾਣਿਆਂ ਤੇ ਵਿਦੇਸ਼ੀ ਫੰਡਿੰਗ ਏਜ਼ਸੀਆਂ ਦਾ ਸਹਿਯੋਗੀ ਹਾਸਲ ਕਰਨ ਲਈ ਵਾਂਛਿਤ ਕੀਮਤਾਂ ਅਤੇ ਸ਼ਰਤਾਂ ਦੇ ਭਵਸਾਗਰ 'ਚ ਬਿਨਾਂ ਡੂੰਘਾਈ 'ਚ ਡੁੱਬਕੀ ਲਾਇਆ ਹੀ ਹਰੇਕ ਦੇ ਆਜ਼ਾਦ 'ਸਹਿਯੋਗ' ਬਾਰੇ ਬਕਦੇ ਰਹਿੰਦੇ ਹਨ। ਜਮਾਤੀ ਸੰਘਰਸ਼ ਨੂੰ ਅਤੀਤ ਦੇ ਆਦਿ-ਮਾਨਵ ਕਾਲੀਨ ਸੰਘਰਸ਼ਾਂ ਵਜੋਂ ਵੇਖਿਆ ਜਾਂਦਾ ਹੈ, ਜੋ ਅੱਜ ਹੋਂਦ 'ਚ ਨਹੀਂ ਹੈ। ਅੱਜ ਸਾਨੂੰ ਦੱਸਿਆ ਜਾਂਦਾ ਹੈ ਕਿ "ਗਰੀਬ" ਨਵ-ਜੀਵਨ ਦੀ ਉਸਾਰੀ ਲਈ ਦ੍ਰਿੜ ਸੰਕਲਪ ਹੈ। ਉਹ ਰਵਾਇਤੀ ਰਾਜਨੀਤੀ, ਸਿਧਾਂਤ ਤੇ ਰਾਜਨੇਤਾਵਾਂ ਤੋਂ ਅੱਕ ਚੁੱਕੇ ਹਨ। ਬਹੁਤ ਠੀਕ। ਪਰ ਸਮੱਸਿਆ ਇਹ ਹੈ ਕਿ ਵਿਚੋਲਿਆਂ ਅਤੇ ਦਲਾਲਾਂ ਵਜੋਂ ਵਿਦੇਸ਼ੀ ਫੰਡ ਹਥਿਆਉਣ 'ਚ ਐਨ. ਜੀ. ਓ. ਸੰਚਾਲਕ ਆਪਣੀ ਭੂਮਿਕਾ ਬਹੁਤ ਘੱਟ ਦੱਸਦੇ ਹਨ। ਸਹਿਯੋਗ ਸੂਖਮ ਉਦਮ ਤੇ ਸਵੈ-ਸਹਾਇਤਾ ਦਾ ਸਾਲਾਂ ਬੱਧੀ ਉਪਦੇਸ਼ ਦਿੰਦੇ ਰਹਿਣ ਪਿੱਛੋਂ ਵੀ ਆਮਦਨੀ ਦਾ ਕੇਂਦਰੀਕਰਣ ਤੇ ਲੱਛਣਾਂ 'ਚ ਬੇਹੱਦ ਵਾਧਾ ਪਹਿਲਾਂ ਹੀ ਬਹੁਤ ਹੈ।

ਅੱਜ ਸੰਸਾਰ ਬੈਂਕ ਵਰਗੇ ਬੈਂਕਾਂ ਵਲੋਂ ਖੇਤੀ-ਕਾਰੋਬਾਰਾਂ ਦੀ ਬਰਾਮਦ 'ਤੇ ਮਾਈਕ੍ਰੋ ਪ੍ਰੋਜੈਕਟਾਂ ਨੂੰ ਫੰਡ ਦਿੱਤਾ ਜਾਂਦਾ ਹੈ, ਜੋ ਖੇਤ ਮਜ਼ਦੂਰਾਂ ਦੀ ਲੁੱਟ ਕਰਦਾ ਹੈ। ਮਾਈਕ੍ਰੋ ਪ੍ਰੋਜੈਕਟਾਂ ਵਿਚ ਐਨ. ਜੀ. ਓ. ਦੀ ਭੂਮਿਕਾ ਹੇਠਲੇ ਪੱਧਰ 'ਤੇ ਉਠਾਉਂਦੇ ਹੋਏ ਰਾਜਸੀ ਵਿਰੋਧਾਂ ਦਾ ਰਾਜ ਕਰਨਾ ਹੁੰਦਾ ਹੈ ਜਦਕਿ ਉਪਰੀ ਪੱਧਰ 'ਤੇ ਨਵ-ਉਦਾਰਵਾਦ ਨੂੰ ਹੱਲਾਸ਼ੇਰੀ ਦੇਣੀ ਹੁੰਦੀ ਹੈ। ਸਹਿਯੋਗ ਦੀ ਵਿਚਾਰਧਾਰਾ ਲਾਚਾਰ ਲੋਕਾਂ ਨੂੰ ਐਨ. ਜੀ. ਓ. ਦੇ ਰਾਹੀਂ ਉਚੇਰੇ ਨਵ-ਉਦਾਰਵਾਦੀਆਂ ਨਾਲ ਜੋੜਦੀ ਹੈ। ਬੌਧਿਕ ਤੌਰ 'ਤੇ ਐਨ. ਜੀ. ਓ. ਬੁੱਧੀਜੀਵੀ ਥਾਣੇਦਾਰ ਹੁੰਦੇ ਹਨ, ਜੋ "ਸਵਿਕਾਰਿਤ" ਰਿਸਰਚ ਨੂੰ ਪ੍ਰਭਾਸ਼ਿਤ ਕਰਦੇ ਹਨ ਰਿਸਰਚ ਫੰਡਾਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਪ੍ਰਕਰਣਾ

ਤੇ ਪ੍ਰੀਦ੍ਰਿਸ਼ਾਂ ਨੂੰ ਰੇਖਾਕਿਤ ਕਰਦੇ ਹਨ ਜੋ ਵਰਗ ਵਿਸ਼ਲੇਸ਼ਣ ਨੂੰ ਜਾਹਰ ਕਰਦਾ ਹੈ। ਮਾਰਕਸਵਾਦੀ ਕਾਨਫਰੰਸਾਂ ਤੋਂ ਵੱਖ ਰੱਖੇ ਜਾਂਦੇ ਹਨ ਅਤੇ "ਸਿਧਾਂਤਵਾਦੀ" ਵਜੋਂ ਕਲੰਕਿਤ ਕੀਤੇ ਜਾਂਦੇ ਹਨ। ਜਦਕਿ ਐਨ. ਜੀ. ਓ. ਆਪਣੇ ਆਪ ਨੂੰ "ਸਮਾਜਿਕ ਵਿਗਿਆਨਕਾਂ" ਦੇ ਰੂਪ 'ਚ ਪੇਸ਼ ਕਰਦੇ ਹਨ। ਬੁੱਧੀਜੀਵੀ, ਫੈਸ਼ਨ ਪ੍ਰਕਾਸ਼ਨਾ, ਕਾਨਫਰੰਸਾਂ ਅਤੇ ਰਿਸਰਚ ਫੰਡਾਂ 'ਤੇ ਕੰਟਰੋਲ ਉਤਰ-ਮਾਰਕਸਵਾਦੀਆਂ ਨੂੰ ਇਕ ਮਹੱਤਵਪੂਰਨ ਸ਼ਕਤੀ-ਪੀਠ ਪ੍ਰਦਾਨ ਕਰਦਾ ਹੈ, ਪਰ ਆਪਣੇ ਬਾਹਰੀ ਧਨ ਦਾਤਿਆਂ ਦੇ ਨਾਲ ਹਮੇਸ਼ਾ ਕਿਸੇ ਲੜਾਈ ਝਗੜੇ ਨੂੰ ਟਾਲ ਦੇ ਰਹਿਣ ਲਈ ਚੌਕਸ ਰਹਿਣਾ ਪੈਂਦਾ ਹੈ।

ਮਾਰਕਸਵਾਦੀ ਬੁੱਧੀਜੀਵੀ ਆਲੋਚਕ ਇਸ ਤੱਥ ਤੋਂ ਮਜ਼ਬੂਤੀ ਹਾਸਲ ਕਰਦੇ ਹਨ ਕਿ ਉਨ੍ਹਾਂ ਦੇ ਵਿਚਾਰ ਸਮਾਜਿਕ ਅਸਲੀਅਤਾਂ ਤੋਂ ਪੈਦਾ ਹੋਏ ਹੁੰਦੇ ਹਨ। ਜਮਾਤਾਂ ਦਾ ਧਰੁਵੀਕਰਣ ਅਤੇ ਹਿੰਸਕ ਮੁਕਾਬਲੇ ਵੱਧਦੇ ਜਾ ਰਹੇ ਹਨ, ਜਿਵੇਂ ਕਿ ਉਨ੍ਹਾਂ ਦੇ ਸਿਧਾਂਤ ਪੂਰਵ ਸੂਚਿਤ ਕਰਦੇ ਹਨ। ਇਸ ਪ੍ਰਸੰਗ 'ਚ ਮਾਰਕਸਵਾਦੀ ਐਨ. ਜੀ. ਓ. ਦੇ ਸਾਹਮਣੇ ਕਮਜ਼ੋਰ ਹਨ। ਇਸ ਪ੍ਰਸੰਗ 'ਚ ਮਾਰਕਸਵਾਦੀ ਐਨ. ਜੀ. ਓ. ਦੇ ਸਾਹਮਣੇ ਕਮਜ਼ੋਰ ਹਨ ਜਦ ਰਾਜਸੀ ਤੌਰ 'ਤੇ ਮਜ਼ਬੂਤ।

ਵੈਕਲਪਿਕ ਐਨ. ਜੀ. ਓ. - ਕੋਈ ਤਰਕ ਦੇ ਸਕਦਾ ਹੈ ਕਿ ਬਹੁਤੇ ਸਾਰੇ ਤਰ੍ਹਾਂ-ਤਰ੍ਹਾਂ ਦੇ ਐਨ. ਜੀ. ਓ. ਹਨ ਅਤੇ ਉਨ੍ਹਾ 'ਚੋਂ ਕਈ ਢਾਂਚਾ ਨੀਤੀਆਂ, ਆਈ. ਐਮ. ਐਫ. ਕਰਜ਼ੇ ਭੁਗਤਾਨਾਂ ਆਦਿ ਵਿਰੁੱਧ ਸੰਗਠਿਤ ਹੁੰਦੇ ਹਨ ਅਤੇ ਵਿਰੋਧ ਕਰਦੇ ਹਨ ਅਤੇ ਇਹ ਕਿ ਸਭ ਨੂੰ ਇਕ ਹੀ ਸ਼੍ਰੇਣੀ 'ਚ ਰੱਖਣਾ ਗਲਤ ਹੈ। ਇਸ 'ਚ ਸੱਚਾਈ ਦੇ ਕੁਝ ਕਣ ਜ਼ਰੂਰ ਹਨ ਪਰ ਇਹ ਸਥਿਤੀ ਇਕ ਬਹੁਤ ਹੀ ਮੌਲਿਕ ਮੁੱਦੇ ਨੂੰ ਸਰਗਰਮ ਕਰਦੀ ਹੈ। ਏਸ਼ੀਆ ਤੇ ਲਾਤੀਨੀ ਅਮਰੀਕਾ ਦੇ ਕਿਸਾਨ ਨੇਤਾਵਾਂ ਦਾ ਉਲੇਖ ਕਰਨਾ ਕੁਥਾਏਂ ਨਹੀਂ ਹੋਵੇਗਾ ਜਿਨ੍ਹਾਂ ਦੇ ਨਾਲ, ਇਥੋਂ ਤੱਕ ਕਿ "ਅਗਾਂਹਵਧੂ ਐਨ. ਜੀ. ਓ. ਵੀ" "ਫੁੱਟ ਪਾਓ ਤੇ ਰਾਜ ਕਰੋ" ਵਾਲੀ ਭੂਮਿਕਾ ਅਦਾ ਕਰਦੇ ਹਨ। ਐਨ. ਜੀ. ਓ. ਕਿਸਾਨ ਨੇਤਾਵਾਂ ਨੂੰ ਆਪਣੀਆਂ ਜਥੇਬੰਦੀਆਂ 'ਚ ਮਤਾਹਿਤੀ ਭੂਮਿਕਾ 'ਚ ਰੱਖਣਾ ਚਾਹੁੰਦੇ ਹਨ ਅਤੇ ਗ਼ਰੀਬਾਂ ਦੀ ਅਗਵਾਈ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਲਈ ਬੋਲਣ ਦਾ ਸਵਾਂਗ ਰਚਦੇ ਹਨ। ਪਰ ਉਹ ਮਤਾਹਿਤ ਭੂਮਿਕਾ ਮਨਜ਼ੂਰ ਨਹੀਂ ਕਰਦੇ। ਪ੍ਰਗਤੀਵਾਦੀ ਐਨ. ਜੀ. ਓ. ਕਿਸਾਨਾਂ ਤੇ ਗਰੀਬਾਂ ਨੂੰ ਆਪਣੇ ਰਿਸਰਚ ਪ੍ਰੋਜੈਕਟਾਂ ਲਈ ਵਰਤਦੇ ਹਨ ਅਤੇ ਉਨ੍ਹਾਂ ਦੇ ਪ੍ਰਕਾਸ਼ਨ ਤੋਂ ਲਾਭ ਕਮਾਉਂਦੇ ਹਨ। ਉਨ੍ਹਾਂ ਤੱਕ ਕੁਝ ਵੀ ਵਾਪਸ ਨਹੀਂ ਆਉਂਦਾ। ਉਨ੍ਹਾਂ ਦੇ ਨਾਂ ਤੇ ਕੀਤੇ ਗਏ ਅਧਿਐਨਾਂ ਦੀ ਪ੍ਰਤੀਅਮ ਵੀ ਨਹੀਂ। ਪਰੰਤੂ ਕਿਸਾਨ ਆਗੂ ਪੁੱਛਦੇ ਹਨ ਕਿ ਐਨ. ਜੀ. ਓ. ਸਿੱਖਿਅਕ ਸੈਮੀਨਾਰਾਂ ਪਿੱਛੋਂ ਕਦੀ ਵੀ ਆਪਣਾ ਗਲਾ ਕਿਉਂ ਨਹੀਂ ਸਾਫ਼ ਕਰਦੇ? ਉਹ ਧਨੀ ਤੇ ਸ਼ਕਤੀਸ਼ਾਲੀ ਜਮਾਤਾਂ ਦਾ ਅਧਿਐਨ ਕਿਉਂ ਨਹੀਂ ਕਰਦੇ? ਸਾਡਾ ਹੀ ਕਿਉਂ ਕਰਦੇ ਹਨ?

ਇਹ ਮੰਨ ਲੈਣ ਤੇ ਵੀ ਕਿ "ਅਗਾਂਹਵਧੂ ਐਨ. ਜੀ. ਓ." ਦੇ ਅੰਦਰ ਹੀ ਕੁਝ ਅਜਿਹੀਆਂ ਘੱਟ ਗਿਣਤੀਆਂ ਹਨ ਜੋ ਕਿ ਸੁਧਾਰਵਾਦੀ ਸਮਾਜਿਕ-ਰਾਜਸੀ ਅੰਦੋਲਨਾਂ ਲਈ "ਰਿਸੋਰਸ ਪਰਸਨ" ਦਾ ਕੰਮ ਕਰਦੇ ਹਨ, ਅਸਲੀਅਤ ਇਹ ਹੈ ਕਿ ਐਨ. ਜੀ. ਓ. ਤਕ ਜਾਣ ਵਾਲੇ ਫੰਡਾਂ ਦਾ ਇਕ ਤੁੱਛ ਭਾਗ ਹੀ ਲੋਕਾਂ ਨੂੰ ਮਿਲਦਾ

ਹੈ। ਇਸ ਤੋਂ ਇਲਾਵਾ ਐਨ. ਜੀ. ਓ. ਦਾ ਵਿਸ਼ਾਲ ਸਮੂਹ ਉਪਰੋਕਿਤ ਰਖਾਂਕਿਤ ਵਿਸਥਾਰ 'ਚ ਸਟੀਕ ਬੈਠਦਾ ਹੈ। ਸਿਰਫ਼ ਕੁਝ ਅਪਵਾਦ ਹੋ ਸਕਦੇ ਹਨ ਜੋ ਉਲਟੇ ਸਿੱਧ ਹੋਣ। "ਪ੍ਰਗਤੀਵਾਦੀ ਐਨ. ਜੀ. ਓ." ਲਈ ਇਕ ਵੱਡਾ ਅਗਾਂਹ ਵਧੂ ਕਦਮ ਇਹ ਹੈ ਕਿ ਉਹ ਆਪਣੇ ਸਹਿਕਰਮੀਆਂ ਦੀ ਸਾਮਰਾਜਵਾਦ ਤੇ ਇਸ ਦੇ ਦੇਸੀ ਦਲਾਲਾਂ ਦੇ ਨਾਲ ਗੱਠਜੋੜਾਂ, ਸੱਤਾਵਾਦੀ-ਵਿਸ਼ਿਸਟਵਾਦੀ ਤੰਤਰਾਂ ਦੀ ਵਿਧੀਵਤ ਅਲੋਚਨਾ ਅਤੇ ਸਮਾਲੋਚਨਾ ਕਰਨ। ਤਦ ਉਨ੍ਹਾਂ ਲਈ ਆਪਣੇ ਪੱਛਮੀ ਭਰਾਤਰੀ-ਐਨ. ਜੀ. ਓ. ਨੂੰ ਇਹ ਕਹਿਣਾ ਅਰਥਪੂਰਨ ਹੋਵੇਗਾ ਕਿ ਉਹ ਸੰਸਥਾ/ਸਰਕਾਰੀ ਤੰਤਰਾਂ ਤੋਂ ਬਾਹਰ ਨਿਕਲ ਜਾਣ ਅਤੇ ਯੂਰਪ ਤੇ ਉਤਰੀ ਅਮਰੀਕਾ ਦੇ ਆਪਣੇ ਹੀ ਲੋਕਾਂ ਨੂੰ ਜਥੇਬੰਦ ਕਰਨ ਜੋ ਉਨ੍ਹਾਂ ਪ੍ਰਭਾਵੀ ਸੱਤਾਵਾਂ ਤੇ ਪਾਰਟੀਆਂ ਨੂੰ ਚੁਣੌਤੀ ਦੇ ਸਕਣ ਜੋ ਸਿਰਫ਼ ਬੈਂਕਾਂ ਤੇ ਬਹੁਕੌਮੀ ਨਿਗਮਾਂ ਦਾ ਹਿੱਤ ਪੂਰਾ ਕਰਦੀਆਂ ਹਨ ਦੂਜੇ ਸ਼ਬਦਾਂ 'ਚ ਐਨ. ਜੀ. ਓ. ਨੂੰ ਐਨ. ਜੀ. ਓ. ਹੋਣ ਤੋਂ ਬਾਜ ਆਉਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਸਮਾਜਿਕ-ਰਾਜਸੀ ਅੰਦੋਲਨਾਂ ਦੇ ਮੈਂਬਰਾਂ ਵਜੋਂ ਤਬਦੀਲ ਕਰਨਾ ਚਾਹੀਦਾ ਹੈ। ਇਹੀ ਇਕ ਰਾਹ ਹੈ ਜਿਸ ਨਾਲ ਉਹ ਲੱਖਾਂ ਐਨ. ਜੀ. ਓ. ਦੇ ਝੁੰਡ 'ਚ ਫਸਣ ਤੋਂ ਬਚ ਸਕਦੇ ਹਨ ਜੋ ਦਾਤਿਆਂ ਦਾ ਪੇਟ ਭਰਨ ਦਾ ਕੰਮ ਕਰਦੇ ਹਨ।

ਸਿੱਟਾ - ਐਨ. ਜੀ. ਓ. ਦੇ ਸਿਧਾਂਤ 'ਤੇ - ਰਚਨਾ ਪੱਖੋਂ ਐਨ. ਜੀ. ਓ. ਇਕ ਨਵੀਂ ਨਿੱਕ-ਬੁਰਜੂਆ ਜਮਾਤ ਦੇ ਜਨਮ ਨੂੰ ਪ੍ਰਤੀਬਿੰਬਤ ਕਰਦੇ ਹਨ। ਜੋ "ਪੁਰਾਣੇ" ਦੁਕਾਨਦਾਰਾਂ, ਆਜ਼ਾਦ ਪੇਸ਼ਾ ਵਿਅਕਤੀਆਂ ਅਤੇ "ਨਵੇਂ" ਸਰਕਾਰੀ ਕਰਮਚਾਰੀ ਸਮੂਹਾਂ ਤੋਂ ਭਿੰਨ ਹੈ। ਇਹ ਉਪ ਠੇਕੇ ਵਾਲਾ ਖੇਤਰ ਪਹਿਲਾਂ ਦੇ "ਦਲਾਲ" ਬੁਰਜੂਆ ਦੇ ਨਜ਼ਦੀਕ ਹਨ ਕਿਉਂਕਿ ਉਹ ਕੋਈ ਅਸਲੀ ਮਾਲ ਪੈਦਾ ਨਹੀਂ ਕਰਦਾ ਪਰ ਸਾਮਰਾਜੀ ਉਦਯੋਗਾਂ ਨੂੰ ਉਨ੍ਹਾਂ ਸਥਾਨਕ ਉਪ ਮਾਲ-ਉਤਪਾਦਕਾਂ ਦੇ ਨਾਲ ਜੋੜਨ ਦਾ ਕੰਮ ਕਰਦੇ ਹੈ ਜੋ ਸੂਖਮ ਉਦਮਾਂ ਵਿਚ ਸ਼ਾਮਲ ਹਨ। ਇਹ ਨਵਾਂ ਨਿਕ-ਬੁਰਜੂਆ ਇਸ ਤੱਥ ਤੋਂ ਪਹਿਚਾਣਿਆ ਜਾਂਦਾ ਹੈ ਕਿ ਉਸ 'ਚ ਬਹੁਤ ਸਾਰੇ ਸਾਬਕਾ-ਮਾਰਕਸਵਾਦੀ ਹਨ, ਜੋ ਕਿ ਪ੍ਰਚਲਿਤ "ਸ਼ਬਦ ਅਡੰਬਰ" ਅਤੇ ਕੁਝ ਕੇਸਾਂ ਵਿਚ ਵਿਸ਼ਿਸਟਵਾਦੀ "ਹਿਰਾਵਲ ਪੰਥੀ" ਧਾਰਨਾ ਆਪਣੇ ਨਾਲ ਲੈ ਕੇ ਆਉਂਦੇ ਹਨ। ਬਿਨਾਂ ਕਿਸੇ ਸੰਪਤੀ ਜਾਂ ਸੱਤਾ 'ਚ ਕਿਸੇ ਨਿਸ਼ਚਿਤ ਅਹੁਦੇ 'ਤੇ ਆਸੀਨ ਹੋਏ ਇਹ ਨਵੀਂ ਜਮਾਤ ਆਪਣੀ ਵੰਸ ਵਾਧੇ ਲਈ ਬਾਹਰੀ ਫੰਡਿਗ 'ਤੇ ਬਹੁਤ ਵੱਧ ਨਿਰਭਰ ਹੁੰਦਾ ਹੈ। ਪਰ ਜਨਤਾ ਵਿਚ ਇਨ੍ਹਾਂ ਨੂੰ ਮਾਰਕਸਵਾਦ ਵਿਰੋਧੀ ਅਤੇ ਸੱਤਾ ਵਿਰੋਧੀ ਨਾਹਰਿਆਂ ਨੂੰ ਜਨਵਾਦੀ ਸ਼ਬਦਾਂ ਡੰਬਰਾਂ ਨਾਲ ਸੰਯੁਕਤ ਕਰਨਾ ਹੁੰਦਾ ਹੈ - ਸਿੱਟੇ ਵਜੋਂ "ਤੀਜੇ" ਅਤੇ "ਸੱਭਿਅਕ ਸਮਾਜ" ਦੀ ਧਾਰਨਾ ਦਾ ਸੂਤਰਪਾਤ ਹੁੰਦਾ ਹੈ ਜੋ ਦੋਨੋਂ ਧੜਿਆਂ ਨੂੰ ਸਮੇਟਨ ਲਈ ਲੋੜੀਂਦੀ ਤੌਰ 'ਤੇ ਅਸਪੱਸ਼ਟਤਾਪੂਰਨ ਹੁੰਦਾ ਹੈ। ਇਹ ਨਵਾਂ ਨਿਕ-ਬੁਰਜੂਆ ਅਤੇ ਹੋਂਦ ਲਈ ਕੌਮਾਂਤਰੀ ਜਲਸਿਆਂ ਵਿਚ ਭਾਗੀਦਾਰੀ 'ਤੇ ਖਾਸ ਭਰੋਸਾ ਕਰਦਾ ਹੈ ਜਦਕਿ ਆਪਣੇ ਹੀ ਦੇਸ਼ ਵਿਚ ਇਸ ਦਾ ਕੋਈ ਠੋਸ ਜਥੇਬੰਦਕ ਅਧਾਰ ਨਹੀਂ ਹੁੰਦਾ। "ਭੂ-ਮੰਡਲੀਕਰਨ" ਇਕ ਤਰ੍ਹਾਂ ਦੇ ਨਕਲੀ "ਕੌਮਾਂਤਰੀਵਾਦ" 'ਤੇ ਪਰਦਾ ਪਾਉਂਦਾ ਹੈ। ਜੋ ਸਾਮਰਾਜ ਵਿਰੋਧੀ ਸੰਕਲਪਾਂ ਤੋਂ ਕੋਰਾ ਹੁੰਦਾ ਹੈ। ਸੰਖੇਪ ਵਿਚ ਇਹ ਨਵਾਂ ਨਿਕ-ਬੁਰਜੂਆ ਨਵ-ਉਦਾਰਵਾਦੀ ਅਦਾਰੇ ਦਾ "ਸੁਧਾਰਵਾਦੀ

ਵਿੰਗ" ਬਣਦਾ ਹੈ।

ਰਾਜਸੀ ਤੌਰ 'ਤੇ ਐਨ. ਜੀ. ਓ. ਸਾਮਰਾਜੀ ਰਣਨੀਤੀਵਾਦੀ ਨਵੇਂ ਵਿਚਾਰਾਂ 'ਚ ਸਹੀ ਬੈਠਦੇ ਹਨ। ਇਕ ਪਾਸੇ ਜਿਥੇ ਆਈ. ਐਮ. ਐਫ. – ਵਿਸ਼ਵ ਬੈਂਕ ਤੇ ਬਹੁਕੌਮੀ ਨਿਗਮ ਅਰਥਚਾਰੇ ਨੂੰ ਲੁੱਟਣ ਲਈ ਘਰੇਲੂ ਅਭਿਜਾਤਾਂ ਨਾਲ ਉੱਚ ਪੱਧਰ 'ਤੇ ਕੰਮ ਕਰ ਰਹੇ ਹਨ ਉਥੇ ਦੂਜੇ ਪਾਸੇ ਐਨ. ਜੀ. ਓ. ਹੇਠਲੇ ਪੱਧਰ 'ਤੇ ਸੰਪੂਰਕ ਕਿਰਿਆਵਾਂ 'ਚ ਮਗਨ ਰਹਿੰਦੇ ਹਨ – ਉਸ ਉੱਭਰਦੇ ਅਸੰਤੋਸ਼ ਨੂੰ ਠੰਡਾ ਅਤੇ ਖੰਡਿਤ ਕਰਦਿਆਂ ਜੋ ਅਰਥਚਾਰੇ ਦੇ ਜੁਲਮਾਂ ਨਾਲ ਪੈਦਾ ਹੁੰਦਾ ਹੈ। ਜਿਸ ਤਰ੍ਹਾਂ ਸਾਮਰਾਜੀ ਲੁੱਟ ਤੇ ਵਿਰੋਧ ਨੀਤੀ ਦੀ ਦੋਧਾਰੀ ਮੈਕ੍ਰੋ ਤੇ ਮਾਈਕਰੋ ਸਟੈਟੇਜੀ ਦੀ ਵਰਤੋਂ ਕਰ ਰਿਹਾ ਹੈ, ਉਸੇ ਤਰ੍ਹਾਂ ਰੈਡੀਕਲ ਅੰਦੋਲਨਾਂ ਨੂੰ ਦੋਧਾਰੀ ਸਾਮਰਾਜਵਾਦ ਵਿਰੋਧੀ ਰਣਨੀਤੀ ਉਸਾਰਨੀ ਹੋਵੇਗੀ।

ਐਨ. ਜੀ. ਓ. ਨੇ ਉਨ੍ਹਾਂ ਸਾਰੇ ਲੋਕਾਂ ਨੂੰ ਆਪਣੇ 'ਚ ਸਮੋਲਿਆ ਹੈ ਜੋ "ਫ੍ਰੀ–ਫਲੋਟਿੰਗ" ਬੁੱਧੀਜੀਵੀ ਹੁੰਦੇ ਸਨ ਅਤੇ ਆਪਣੇ ਜਮਾਤੀ ਸਰੋਤਾਂ ਦਾ ਤਿਆਗ ਕਰ ਅੰਦੋਲਨਾਂ 'ਚ ਸ਼ਾਮਲ ਹੁੰਦੇ ਹਨ। ਸਿੱਟੇ ਵਜੋਂ ਪੂੰਜੀਵਾਦ ਦੇ ਡੂੰਘੇ ਸੰਕਟਾਂ (ਏਸ਼ੀਆ ਅਤੇ ਲਤੀਨੀ ਅਮਰੀਕਾ 'ਚ ਮੰਦੀ ਦਾ ਦੌਰ, ਪੂਰਵ–ਸੋਵੀਅਤ ਸੰਕਟ ਦਾ ਖਿੰਡਾਅ) ਅਤੇ ਸਾਰਥਕ ਸੰਗਠਿਤ ਕ੍ਰਾਂਤੀਕਾਰੀ ਅੰਦੋਲਨਾਂ ਵਿਚਕਾਰ ਇਕ ਅਸਥਾਈ ਖਾਈ ਪੈਦਾ ਹੋ ਗਈ–ਸਿਰਫ–ਬ੍ਰਾਜ਼ੀਲ, ਕੋਲੰਬੀਆ ਅਤੇ ਦੱਖਣੀ ਕੋਰੀਆ ਇਸ ਦੇ ਅਪਵਾਦ ਕਹੇ ਜਾ ਸਕਦੇ ਹਨ। ਮੌਲਿਕ ਸਵਾਲ ਇਹ ਹੈ ਕਿ ਕੀ ਅੰਤਰਭੂਤ ਬੁੱਧੀਜੀਵੀਆਂ ਦੀ ਨਵੀਂ ਪੀੜ੍ਹੀ ਰੈਡੀਕਲ ਸਮਾਜਿਕ ਅੰਦੋਲਨਾ ਨਾਲ ਪ੍ਰਗਟ ਹੋ ਸਕਦੀ ਹੈ, ਐਨ. ਜੀ. ਓ. ਦ ਲਾਲਚਾਂ ਤੋਂ ਦੂਰ ਰਹਿ ਸਕਦੀ ਹੈ ਅਤੇ ਕੀ ਉਹ ਅਗਲੀ ਇਨਕਲਾਬੀ ਲਹਿਰ ਦਾ ਅਟੁੱਟ ਹਿੱਸਾ ਬਣ ਸਕਦੀ ਹੈ।

# ਜੀ-20 ਦੀ ਲੰਦਨ ਸਿਖਰ ਵਾਰਤਾ

ਦੁਨੀਆਂ ਦੇ ਸਾਮਰਾਜੀ ਦੇਸ਼ਾਂ ਨੇ ਨਵ-ਬਸਤੀਵਾਦੀ ਲੁੱਟ ਤੇਜ਼ ਕਰਨ ਲਈ ਵੱਖ-ਵੱਖ ਪੱਧਰਾਂ ਤੇ ਅਦਾਰੇ ਬਣਾ ਰੱਖੇ ਹਨ। ਜਿਸ ਦੇ ਸਿਖਰ 'ਤੇ ਹੈ ਜੀ-8 ਸਮੂਹ। ਪਹਿਲਾਂ 1976 ਵਿਚ ਜੀ-7 ਗਠਿਤ ਕੀਤਾ ਗਿਆ ਸੀ ਜਿਸ ਵਿਚ ਦੁਨੀਆਂ ਦੇ ਸਨਅਤੀ ਤੌਰ 'ਤੇ ਵਿਕਸਤ ਦੇਸ਼ ਯਾਨੀ ਅਮਰੀਕਾ, ਗ੍ਰੇਟ ਬ੍ਰਿਟੇਨ, ਫਰਾਂਸ, ਜਰਮਨੀ, ਕੈਨੇਡਾ, ਇਟਲੀ ਤੇ ਜਪਾਨ ਸ਼ਾਮਲ ਸਨ। ਪਿੱਛੋਂ ਜਦ ਸੋਵੀਅਤ ਸੰਘ ਬਿਖਰ ਗਿਆ ਤੇ ਉਨ੍ਹਾਂ ਨੇ ਸ਼ਰੇਆਮ ਪੂੰਜੀਵਾਦੀ ਰਾਹ ਅਖਤਿਆਰ ਕਰ ਲਿਆ ਤਾਂ ਉਸ ਨੂੰ ਵੀ ਇਸ ਸਮੂਹ ਵਿਚ ਸ਼ਾਮਲ ਕਰ ਲਿਆ ਗਿਆ ਅਤੇ ਇਹ ਜੀ-8 (ਅੱਠ ਦੇਸ਼ਾਂ ਦਾ ਸਮੂਹ) ਕਿਹਾ ਜਾਣ ਲੱਗਿਆ। ਇਸ ਪਿੱਛੋਂ ਜਦ 1997 'ਚ ਏਸ਼ੀਆ ਦੇ ਕਈ ਦੇਸ਼ ਆਰਥਕ ਸੰਕਟ ਦੀ ਲਪੇਟ ਵਿਚ ਆ ਗਏ ਤਾਂ ਜੀ-20 ਦਾ ਗਠਨ ਕੀਤਾ ਗਿਆ। ਜਿਸ ਦੀ ਪਹਿਲੀ ਬੈਠਕ 1999 'ਚ ਹੋਈ ਸੀ। ਜੋ ਜੀ-20 ਇਨ੍ਹਾਂ ਦੇਸ਼ਾਂ ਦੇ ਵਿੱਤ ਮੰਤਰੀਆਂ ਤੇ ਕੇਂਦਰੀ ਬੈਂਕਾਂ ਦਾ ਸੰਗਠਨ ਹੈ। ਇਸ ਵਿਚ ਜੀ-8 ਦੇਸ਼ਾਂ ਤੋਂ ਇਲਾਵਾ ਅਰਜਨਟੀਨਾ, ਆਸਟਰੇਲੀਆ, ਬ੍ਰਾਜੀਲ, ਚੀਨ, ਭਾਰਤ, ਇੰਡੋਨੇਸ਼ੀਆ, ਮੈਕਸੀਕੋ, ਸਾਊਦੀ ਅਰਬ, ਦੱਖਣੀ ਅਫਰੀਕਾ, ਦੱਖਣੀ ਪੈਦਾਵਾਰ ਦੇ 90 ਫੀਸਦੀ, ਵਿਸ਼ਵੀ ਬਜ਼ਾਰ ਦੇ 80 ਫੀਸਦੀ ਤੇ ਅਬਾਦੀ ਦੇ ਦੋ ਤਿਹਾਈ ਦੀ ਨੁਮਾਇੰਦਗੀ ਕਰਦੇ ਹਨ।

ਦੋ ਅਪ੍ਰੈਲ ਨੂੰ ਲੰਦਨ ਜੀ-20 ਸਮੂਹ ਦੇ ਦੇਸ਼ਾਂ ਦੀ ਸਿਖਰ ਵਾਰਤਾ ਹੋਈ। ਲੰਦਨ ਸਿਖਰ ਵਾਰਤਾ ਜੀ-20 ਦੇਸ਼ਾਂ ਦੀਆਂ ਆਮ ਤੌਰ 'ਤੇ ਹੋਣ ਵਾਲੀਆਂ ਸਲਾਨਾ ਬੈਠਕਾਂ ਵਰਗੀ ਨਹੀਂ ਸੀ ਜਿਸ ਵਿਚ ਇਨ੍ਹਾਂ ਦੇਸ਼ਾਂ ਦੇ ਵਿੱਤ ਮੰਤਰੀ ਤੇ ਕੇਂਦਰੀ ਬੈਂਕ ਦੇ ਨੁਮਾਇੰਦੇ ਹਿੱਸਾ ਲੈਂਦੇ ਰਹੇ ਹਨ। ਲੰਦਨ ਸਿਖਰ ਵਾਰਤਾ ਇਨ੍ਹਾਂ ਅਰਥਾਂ ਅਨੁਸਾਰ ਖਾਸ ਸੀ ਅਤੇ ਇਸ ਵਿਚ ਇਨ੍ਹਾਂ ਦੇਸ਼ਾਂ ਦੇ ਕੌਮੀ ਮੁਖੀਆ ਆਈ. ਐਮ. ਐਫ. ਤੇ ਸੰਸਾਰ ਬੈਂਕ ਦੇ ਨੁਮਾਇੰਦਿਆਂ ਥਾਈਲੈਂਡ (ਏਸ਼ੀਅਨ ਦੇ ਚੇਅਰਮੈਨ), ਇਥੋਪੀਆ (ਅਫਰੀਕਾ ਦੇ ਵਿਕਾਸ ਲਈ ਨਵੀਂ ਸਾਂਝੇਦਾਰੀ ਦੇ ਚੇਅਰਮੈਨ) ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਾਨ ਕੀ ਮੂਨ ਤੇ ਯੂਰਪੀ ਕਮਿਸ਼ਨ ਦੇ ਪ੍ਰਧਾਨ ਜੋਸ ਮੈਨੂਅਲ ਬਾਰੋਸੋ ਨੇ ਵੀ ਹਿੱਸਾ ਲਿਆ।

ਲੰਦਨ ਵਾਰਤਾ ਨੂੰ ਇੰਨਾ ਮਹੱਤਵ ਦੇਣ ਪਿੱਛੇ ਵਜ੍ਹਾ ਸਾਫ ਹੈ। ਅੱਜ ਪੂੰਜੀਵਾਦੀ ਸਾਮਰਾਜੀ ਦੁਨੀਆਂ ਆਪਣੇ ਇਤਿਹਾਸ ਦੇ ਭਿਅੰਕਰ ਸੰਕਟ ਦਾ ਮੁਕਾਬਲਾ ਕਰ ਰਹੀ ਹੈ। ਵਿੱਤੀ ਪੂੰਜੀ ਦੇ ਮਾਲਕਾਂ ਨੇ ਬੇਲਗਾਮ ਸੱਟੇਬਾਜੀ ਦੇ ਸਿਰ 'ਤੇ ਜੋ ਤਾਸ਼ ਦਾ ਮਹਿਲ ਖੜ੍ਹਾ ਕੀਤਾ ਸੀ ਉਹ ਪਿਛਲੇ ਸਾਲ ਡਿੱਗ ਪਿਆ ਸੀ ਪਹਿਲਾਂ ਅਮਰੀਕਾ ਵਿਚ ਫਿਰ ਹੋਰ ਸਾਮਰਾਜੀ ਦੇਸ਼ਾਂ ਵਿਚ ਅਤੇ ਆਖਰਕਾਰ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ। ਇਸ ਲਗਾਤਾਰ ਗੰਭੀਰ ਹੁੰਦੀ ਆਰਥਕ ਮੰਦੀ ਤੇ ਆਰਥਕ ਸੰਕਟ ਦੀ ਪਿੱਠ ਭੂਮੀ 'ਚ ਇਸ 'ਚੋਂ ਨਿਕਲਣ ਦਾ ਰਾਹ ਤਲਾਸ਼ਣ ਲਈ ਲੰਦਨ ਸਿਖਰ ਵਾਰਤਾ ਆਯੋਜਿਤ ਕੀਤੀ ਗਈ। ਇਸ ਬੈਠਕ ਵਿਚ 1100 ਅਰਬ ਡਾਲਰ ਖਰਚ ਕਰਨ ਦਾ ਫੈਸਲਾ ਲਿਆ ਗਿਆ ਤਾਂ ਕਿ ਸੰਸਾਰ ਅਰਥਚਾਰੇ ਦੀ ਸ਼ਾਖ, ਵਿਕਾਸ ਤੇ ਰੁਜ਼ਗਾਰ ਨੂੰ ਮੁੜ ਸਥਾਪਤ ਕੀਤਾ ਜਾ ਸਕੇ। ਇਹ ਵਿਸ਼ਾਲ ਰਕਮ ਉਨ੍ਹਾਂ ਵਿੱਤੀ ਪੂੰਜੀਪਤੀਆਂ ਨੂੰ ਬਚਾਉਣ ਲਈ ਖਰਚ ਕੀਤੀ ਜਾਵੇਗੀ ਜਿਨ੍ਹਾਂ ਦੇ ਮੁਨਾਫੇ ਦੀ ਲਾਲਸਾ ਨੇ ਇਹ ਸੰਕਟ ਪੈਦਾ ਕੀਤਾ ਹੈ ਅਤੇ ਜਿਵੇਂ ਹਮੇਸ਼ਾ ਹੁੰਦਾ ਰਿਹਾ ਹੈ। ਇਹ ਰਕਮ ਦੁਨੀਆਂ ਦੇ

ਮਿਹਨਤਕਸ਼ਾਂ ਤੋਂ ਵਸੂਲੀ ਜਾਵੇਗੀ। ਇਸ ਦੇ ਬਾਵਜੂਦ ਨੇੜ ਭਵਿੱਖ ਵਿਚ ਸੰਕਟ 'ਚੋਂ ਨਿਕਲਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਅਜਿਹਾ ਅਨੁਮਾਨ ਹੈ ਕਿ ਇਸ ਆਰਥਕ ਸੰਕਟ ਦੀ ਵਜ੍ਹਾ ਕਰਕੇ 5000 ਅਰਬ ਡਾਲਰ ਦੀ ਜਾਇਦਾਦ ਅਲੋਪ ਹੋ ਗਈ ਹੈ। ਅਮਰੀਕੀ ਸਰਕਾਰ ਤੇ ਉੱਥੋਂ ਦੀ ਕੇਂਦਰੀ ਬੈਂਕ, ਫੈਡਰਲ ਰਿਜ਼ਰਵ ਸੰਕਟ ਤੋਂ ਬੇਲ ਆਊਟ ਕਰਨ ਲਈ 1280 ਅਰਬ ਡਾਲਰ ਦੀ ਰਕਮ ਝੌਂਕ ਚੁੱਕੀ ਹੈ ਪਰ ਸੰਕਟ ਫਿਰ ਵੀ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਉੱਥੇ ਹੁਣ ਤੱਕ ਰੁਜ਼ਗਾਰ ਖਤਮ ਹੋਣ ਦਾ ਸਿਲਸਿਲਾ ਰੁਕ ਨਹੀਂ ਸਕਿਆ ਹੈ। ਇਹ ਖਬਰ ਹੈ ਕਿ ਅਮਰੀਕਾ ਵਿਚ ਪਿਛਲੇ ਮਹੀਨੇ ਵੀ 742000 ਲੋਕਾਂ ਨੂੰ ਰੁਜ਼ਗਾਰ ਤੋਂ ਹੱਥ ਧੋਣਾ ਪਿਆ ਹੈ।

ਦਰਅਸਲ ਇਹ ਸੰਕਟ ਪੂੰਜੀਵਾਦੀ-ਸਾਮਰਾਜੀ ਵਿਵਸਥਾ ਦਾ ਹੈ ਜੋ ਸਮੇਂ ਸਮੇਂ 'ਤੇ ਆਪਣੇ ਆਪ ਨੂੰ ਦੁਹਰਾਉਂਦਾ ਰਹਿੰਦਾ ਹੈ। ਸੰਕਟ ਦੇ ਮੂਲ 'ਚ ਪੈਦਾਵਾਰ ਤੇ ਵੰਡ ਵਿਚਕਾਰ ਅੰਤਰ-ਵਿਰੋਧ ਦਾ ਹੋਣਾ ਹੈ। ਪੂੰਜੀਵਾਦ 'ਚ ਸਮਾਜਕ ਪੈਦਾਵਾਰ ਤੇ ਨਿੱਜੀ ਮਾਲਕ ਵਿਚਕਾਰ ਅੰਤਰ ਵਿਰੋਧ ਦਾ ਹੋਣਾ ਹੈ। ਹਾਲ ਦੀ ਘੜੀ, ਪੂੰਜੀਵਾਦ ਦੀ ਨੁਮਾਇੰਦਗੀ ਕਰਨ ਵਾਲੇ, ਇਸ ਨੂੰ ਮੰਨਣਗੇ ਨਹੀਂ। ਇਨ੍ਹਾਂ ਦੇ ਇਕ ਹਿੱਸੇ ਦਾ ਕਹਿਣਾ ਹੈ ਕਿ ਵਿੱਤੀ ਸੰਸਥਾਵਾਂ ਦੀਆਂ ਸਰਗਰਮੀਆਂ 'ਤੇ ਨਿਗ੍ਹਾ ਤੇ ਕੰਟਰੋਲ ਰੱਖਣ ਲਈ ਕਿਸੇ ਕਾਇਦੇ ਕਨੂੰਨ ਦਾ ਨਾ ਹੋਣਾ ਵੀ ਸੰਕਟ ਦਾ ਕਾਰਨ ਹੈ। ਪਰ ਸਿਖਰ ਵਾਰਤਾ 'ਚ ਇਸ ਦਿਸ਼ਾ 'ਚ ਕੋਈ ਵੀ ਕਦਮ ਨਹੀਂ ਉਠਾਇਆ ਗਿਆ ਹੈ। ਸਿਰਫ ਮੌਜੂਦਾ ਵਿੱਤੀ ਸੁਰੱਖਿਆ ਮੰਚ ਦਾ ਨਾਂ ਬਦਲ ਕੇ, ਵਿੱਤੀ ਸਥਿਰੀਕਰਨ ਬੋਰਡ ਕਰ ਦਿੱਤਾ ਹੈ ਅਤੇ ਇਸ ਵਿਚ ਚੀਨ, ਬ੍ਰਾਜੀਲ ਤੇ ਭਾਰਤ ਨੂੰ ਸ਼ਾਮਲ ਕਰ ਲਿਆ ਗਿਆ ਹੈ। ਇਸ ਦਾ ਕੰਮ ਹੋਵੇਗਾ 'ਅਰਥਚਾਰੇ ਅਤੇ ਵਿੱਤੀ ਵਿਵਸਥਾ 'ਚ ਸੰਕਟ ਬਾਰੇ ਚੌਕਸ ਕਰਨਾ, ਪਰ ਇਹ ਪਹਿਲਾਂ ਵਰਗਾ ਹੀ ਖੱਸੀ, ਸ਼ਕਤੀਹੀਣ ਪਹਿਰੇਦਾਰ ਹੋਵੇਗਾ ਜੋ ਉਨ੍ਹਾਂ ਨਿੱਜੀ ਬੈਂਕਾਂ ਤੇ ਵਿੱਤੀ ਘਰਾਣਿਆਂ 'ਤੇ ਕਿਸੇ ਤਰ੍ਹਾਂ ਦੀ ਪਾਬੰਦੀ ਨਹੀਂ ਲਾ ਸਕਦਾ ਹੈ। ਜਿਨ੍ਹਾਂ ਦੀਆਂ ਸਰਗਰਮੀਆਂ ਨਾਲ ਵਿਸ਼ਵ ਅਰਥਚਾਰੇ ਨੂੰ ਖਤਰਾ ਪੈਦਾ ਹੁੰਦਾ ਹੈ।

ਸਿਖਰ ਵਾਰਤਾ ਦੇ ਅੰਤ ਵਿਚ ਜਾਰੀ ਐਲਾਨਨਾਮੇ 'ਚ ਕਿਹਾ ਗਿਆ ਹੈ ਕਿ "ਸਾਡਾ ਵਿਸ਼ਵਾਸ ਹੈ ਕਿ ਦੁਨੀਆਂ ਭਰ 'ਚ ਸਥਾਈ ਵਿਸ਼ਵੀਕਰਨ ਤੇ ਸਭ ਦੀ ਖੁਸ਼ਹਾਲੀ ਸਿਰਫ ਬਜ਼ਾਰ ਦੇ ਪ੍ਰਭਾਵੀ ਕੰਟਰੋਲ ਤੇ ਮਜ਼ਬੂਤ ਵਿਸ਼ਵੀ ਸੰਸਥਾਵਾਂ 'ਤੇ ਅਧਾਰਤ ਮੁਕਤ ਅਰਥਚਾਰੇ ਦੀ ਬੁਨਿਆਦੀ 'ਤੇ ਹੀ ਹਾਸਲ ਕੀਤੀ ਜਾ ਸਕਦੀ ਹੈ।" ਇਸ ਤਰ੍ਹਾਂ ਇਸ ਐਲਾਨਨਾਮੇ ਨੂੰ ਮਨਜ਼ੂਰ ਕਰਕੇ ਯੂ. ਪੀ. ਏ. ਸਰਕਾਰ ਨੇ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਅੱਗੇ ਲੈ ਜਾਣ 'ਤੇ ਆਪਣੀ ਮੋਹਰ ਲਾ ਦਿੱਤੀ ਹੈ। ਆਪਣੇ ਦੇਸ਼ ਦੀ ਅਖੰਡਤਾ ਨੂੰ ਗਹਿਣੇ ਰੱਖਣ 'ਚ ਮਨਮੋਹਨ ਸਿੰਘ ਨੂੰ ਭੌਰਾ ਵੀ ਹਿਚਕਚਾਹਟ ਨਹੀਂ ਹੋਈ ਜਦ ਉਨ੍ਹਾਂ ਨੇ ਇਹ ਮੰਨਿਆ ਕਿ "ਅਸੀਂ ਅੱਜ ਅਤੇ ਭਵਿੱਖ ਵਿਚ ਵੀ ਕੌਮਾਂਤਰੀ ਮੁਦਰਾ ਕੋਸ਼ ਵੱਲੋਂ ਸਾਡੇ ਦੇਸ਼ ਦੇ ਅਰਥਚਾਰੇ ਤੇ ਵਿੱਤੀ ਖੇਤਰ 'ਚ ਖੁਲੀ ਸਮਾਨਤਾਪੂਰਨ ਤੇ ਅਜ਼ਾਦ ਨਿਗਰਾਨੀ ਰੱਖਣ ਦੀ ਛੋਟ ਦਿਆਂਗੇ ਤਾਂ ਕਿ ਉਹ ਸਾਡੀਆਂ ਨੀਤੀਆਂ ਕਾਰਨ ਹੋਰ ਦੇਸ਼ਾਂ 'ਤੇ ਹੋਣ ਵਾਲੇ ਅਸਰ ਦਾ ਮੁਲਾਂਕਣ ਕਰ ਸਕਣ ਅਤੇ ਦੁਨੀਆਂ ਦੇ ਅਰਥਚਾਰੇ ਨੂੰ ਹੋਣ ਵਾਲੇ ਖਤਰੇ ਤੋਂ ਬਚਾ ਸਕਣਾ।" ਕੁਲ ਮਿਲਾ ਕੇ ਲੰਦਨ ਸਿਖਰ ਵਾਰਤਾ ਦੇ ਫੈਸਲਿਆਂ ਨਾਲ ਸਾਮਰਾਜੀ ਅਰਥਚਾਰੇ ਦੇ ਸੰਕਟ ਨੂੰ ਨਵ ਬਸਤੀਵਾਦੀ ਦੇਸ਼ਾਂ 'ਤੇ ਲੱਦਣ ਦਾ ਰਾਹ ਸਾਫ ਹੋਇਆ ਹੈ।

# ਦੱਖਣੀ ਅਫਰੀਕਾ 'ਚ ਜਿੱਤ ਕਿਸ ਰਾਜਨੀਤੀ ਦੀ?

ਦੱਖਣੀ ਅਫਰੀਕਾ 'ਚ ਅਪ੍ਰੈਲ ਮਹੀਨੇ ਅਫਰੀਕੀ ਨੈਸ਼ਨਲ ਕਾਂਗਰਸ ਦੀ ਭਾਰੀ ਚੁਣਾਵੀ ਜਿੱਤ ਹੋਈ। ਇਸ ਦੀ ਅਗਵਾਈ ਵਾਲੇ ਗਠਜੋੜ ਨੂੰ ਰਾਸ਼ਟਰੀ ਸਭਾ ਦੀਆਂ 400 ਸੀਟਾਂ 'ਚੋਂ 264 ਸੀਟਾਂ ਮਿਲੀਆਂ। ਅਫਰੀਕੀ ਨੈਸ਼ਨਲ ਕਾਂਗਰਸ ਦੇ ਮੁਖੀ ਜੈਕਬ ਜ਼ੂਮਾ ਦੀ ਅਗਵਾਈ 'ਚ ਨਵੀਂ ਸਰਕਾਰ ਬਣ ਗਈ। ਇਹ ਉਹੀ ਜੈਕਬ ਜ਼ੂਮਾ ਹੈ। ਜਿਨ੍ਹਾਂ ਨੂੰ 2005 'ਚ ਉਸ ਸਮੇਂ ਦੇ ਰਾਸ਼ਟਰਪਤੀ ਥਾਬੋ ਮਬੇਕੀ ਨੇ ਭ੍ਰਿਸ਼ਟਾਚਾਰ ਦੇ ਦੋਸ਼ ਕਾਰਨ ਉੱਪ ਰਾਸ਼ਟਰਪਤੀ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਸੀ ਪਰ ਜੈਕਬ ਜ਼ੂਮਾ ਨੇ ਜਥੇਬੰਦੀ ਤੇ ਆਪਣੀ ਪਕੜ ਦੇ ਅਧਾਰ 'ਤੇ ਦਸੰਬਰ 2007 'ਚ ਹੋਈ ਜਥੇਬੰਦਕ ਚੋਣ 'ਚ ਅਫਰੀਕੀ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਦੀ ਚੋਣ ਵਿਚ ਥਾਬੋ ਮਬੇਕੀ ਨੂੰ ਹਰਾ ਦਿੱਤਾ ਸੀ। ਉਦੋਂ ਤੋਂ ਹੀ ਇਹ ਤਹਿ ਹੋ ਗਿਆ ਸੀ ਕਿ ਰਾਸ਼ਟਰਪਤੀ ਦੀ ਚੋਣ 'ਚ ਜੈਕਬ ਜ਼ੂਮਾ ਅਫਰੀਕੀ ਨੈਸ਼ਨਲ ਕਾਂਗਰਸ ਦੇ ਉਮੀਦਵਾਰ ਵਜੋਂ ਜਿੱਤਣਗੇ। ਅਫਰੀਕੀ ਨੈਸ਼ਨਲ ਕਾਂਗਰਸ ਦੱਖਣੀ ਅਫਰੀਕਾ ਦੀ ਰੰਗਭੇਦ ਵਾਦੀ ਗੋਰੀ ਸਰਕਾਰ ਦੇ ਵਿਰੁੱਧ ਸੰਘਰਸ਼ ਦੀ ਅਗਵਾਈ ਕਰਦੀ ਰਹੀ ਸੀ। ਇਸ ਸੰਘਰਸ਼ ਵਿਚ ਦੱਖਣੀ ਅਫਰੀਕਾ ਤਰ੍ਹਾਂ-ਤਰ੍ਹਾਂ ਦੀਆਂ ਜਾਨਵਾਦੀ ਸ਼ਕਤੀਆਂ ਹਿੱਸੇਦਾਰ ਰਹੀਆਂ ਸਨ। ਗੋਰਾ ਰੰਗ ਭੇਦ ਭਾਵੀ ਹਕੂਮਤ ਵਿਰੁੱਧ ਇਸ ਸੰਘਰਸ਼ 'ਚ ਦੱਖਣੀ ਅਫ਼ਰੀਕਾ ਦੇ ਮਜ਼ਦੂਰਾਂ ਵੱਲੋਂ ਭਾਰੀ ਕੁਰਬਾਨੀਆਂ ਦੇਣ ਦੇ ਬਾਵਜੂਦ ਇਸ ਦੀ ਅਗਵਾਈ ਸਮਝੌਤਾਵਾਦੀ ਅਫਰੀਕੀ ਨੈਸ਼ਨਲ ਕਾਂਗਰਸ ਦੇ ਹੱਥ ਰਹੀ ਹੈ। ਦੱਖਣੀ ਅਫ਼ਰੀਕਾ ਸਮੁੱਚੇ ਅਫ਼ਰੀਕੀ ਮਹਾਂਦੀਪ ਵਿਚ ਕੁਦਰਤੀ ਸਾਧਨਾਂ ਵਿਚ ਇੱਕ ਖੁਸ਼ਹਾਲ ਦੇਸ਼ ਹੈ ਅਤੇ ਉਥੇ ਪੂੰਜੀਵਾਦ ਦਾ ਮੁਕਾਬਲਤਨ ਵੱਧ ਵਿਕਾਸ ਹੋਇਆ ਹੈ। ਅਫ਼ਰੀਕੀ ਨੈਸ਼ਨਲ ਕਾਂਗਰਸ ਵੱਲੋਂ ਸੱਤਾ ਹਾਸਲ ਕਰਨ ਪਿੱਛੋਂ ਪੂੰਜੀਵਾਦੀ ਵਿਕਾਸ ਦਾ ਅਮਲ ਹੋਰ ਤੇਜ਼ ਹੋਇਆ ਹੈ। ਇਸ ਅਮਲ ਦੇ ਸਿੱਟੇ ਵਜੋਂ ਪੂੰਜੀਵਾਦੀ ਰਾਜਨੀਤੀ ਵੱਧ ਭ੍ਰਿਸ਼ਟ ਤੇ ਪਤਿਤ ਹੁੰਦੀ ਗਈ ਹੈ। ਇਹੀ ਕਾਰਨ ਹੈ ਕਿ ਸਿਰਫ਼ ਦੋ ਦਹਾਕਿਆਂ ਅੰਦਰ ਹੀ ਰੰਗਭੇਦੀ ਗੋਰੀ ਸਰਕਾਰ ਵਿਰੁੱਧ ਸੰਘਰਸ਼ ਕਰਨ ਵਾਲੇ ਵੱਡੇ-ਵੱਡੇ ਨਾਂ ਭ੍ਰਿਸ਼ਟਾਚਾਰ 'ਚ ਡੁੱਬਣ ਲੱਗੇ। ਜੈਕਬ ਜ਼ੂਮਾਵੀ ਇਸ ਵਿਚੋਂ ਇਕ ਸੀ। ਇਨ੍ਹਾਂ ਦੇ ਵਿੱਤੀ ਸਲਾਹਕਾਰ ਸਆਬਿਰ ਸ਼ਾਈਕ ਨੂੰ ਕਈ ਅਰਬ ਡਾਲਰ ਦੇ ਹਥਿਆਰਾਂ ਦੇ ਸੌਦਿਆਂ ਵਿਚ ਰਿਸ਼ਵਤ ਧੋਖਾਧੜੀ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਸਜ਼ਾ ਹੋਈ। ਜੈਕਬ ਜ਼ੂਮਾ ਦੀ ਇਸ 'ਚ ਸਮੂਲੀਅਤ ਕਾਰਨ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਉਸ ਨੂੰ ਬਰਖਾਸਤ ਕੀਤਾ ਗਿਆ। ਇਹ ਤਾਂ ਇੱਕ ਨਮੂਨਾ ਸੀ। ਅਫਰੀਕੀ ਨੈਸ਼ਨਲ ਕਾਂਗਰਸ ਦੀ ਸਰਕਾਰ ਦੇ ਉੱਚ ਕੋਟੀ ਦੇ ਲੋਕ ਇਸ ਲੁੱਟ-ਘਸੁੱਟ 'ਚ ਇਕ ਦੂਜੇ ਨਾਲ ਦੌੜ ਲਾ ਰਹੇ ਹਨ।

ਹੋਰਾਂ ਦੇਸ਼ਾਂ ਵਾਂਗੂੰ ਦੱਖਣੀ ਅਫ਼ਰੀਕਾ ਵਿਚ ਵੀ ਰਾਸ਼ਟਰਵਾਦ ਤੇ ਦੇਸ਼ ਭਗਤੀ ਦੇ ਨਾਹਰੇ ਨੇ ਗੋਰੀ ਨਸਲਵਾਦੀ ਸਰਕਾਰ ਵਿਰੁੱਧ ਸੰਘਰਸ਼ 'ਚ ਇਕ ਸਕਾਰਤਮਕ ਭੂਮਿਕਾ ਨਿਭਾਈ ਸੀ। ਇਸ ਨੇ ਸਾਮਰਾਜਵਾਦ-ਵਿਰੋਧੀ ਤੇ ਅੰਦਰੂਨੀ ਬਸਤੀਵਾਦ ਵਿਰੁੱਧ ਸੰਘਰਸ਼ 'ਚ ਇਕ ਸਕਾਰਤਮਕ ਯੋਗਦਾਨ ਦਿੱਤਾ ਸੀ। ਪਰ ਇਹੀ ਰਾਸ਼ਟਰਵਾਦੀ ਨਾਹਰਾ ਸੱਤਾ 'ਚ ਆਉਣ ਪਿੱਛੋਂ ਆਪਣੀ ਸਕਾਰਤਮਕ ਭੂਮਿਕਾ ਗੁਆ ਕੇ ਮਜ਼ਦੂਰਾਂ ਦੀ ਹੋਰ ਵੱਧ ਲੁੱਟ ਦਾ ਸਾਧਨ ਬਣ ਗਿਆ। ਅਫਰੀਕੀ ਨੈਸ਼ਨਲ ਕਾਂਗਰਸ ਨੇ ਦੱਖਣੀ

ਅਫਰੀਕਾ ਵਿਚ ਪੂੰਜੀਵਾਦੀ ਵਿਕਾਸ ਦਾ ਮਾਡਲ ਤਹਿ ਕਰ ਰੱਖਿਆ ਸੀ ਉਸ ਨੇ ਗੋਰੀ ਨਸਲਵਾਦੀ ਹਕੂਮਤ ਵਿਰੁੱਧ ਸੰਘਰਸ਼ ਕੀਤਾ ਸੀ। ਪੂੰਜੀਵਾਦੀ ਲੁੱਟ ਦੇ ਖਾਤਮੇ ਵਿਰੁੱਧ ਨਾ ਤਾਂ ਉਸ ਦਾ ਸੰਘਰਸ਼ ਸੀ ਅਤੇ ਨਾ ਸੱਤਾ ਵਿਚ ਆਉਣ ਪਿੱਛੋਂ ਉਸ ਨੇ ਇਸ ਨੂੰ ਆਪਣੇ ਏਜੰਡੇ ’ਤੇ ਲਿਆ। ਉਸ ਨੇ ਗੋਰੇ ਪੂੰਜੀਪਤੀਆਂ ਅਤੇ ਹੋਰ ਲੁਟੇਰਿਆਂ ਦੀਆਂ ਪੂੰਜੀਵਾਦੀ ਜਾਇਦਾਦਾਂ ’ਤੇ ਵਿਸ਼ੇਸ਼ ਅਧਿਕਾਰ ਬਰਕਰਾਰ ਰੱਖੇ। ਸਮਾਜ ’ਚ ਉਸ ਦੀ ਸਥਿਤੀ ਕੰਮਜੋਰ ਹੋਣ ਦੇ ਬਾਵਜੂਦ ਬਣੀ ਰਹੀ। ਅਫਰੀਕੀ ਨੈਸ਼ਨਲ ਕਾਂਗਰਸ ਦੇ ਸਥਾਪਤ ਤੇ ਪੁਰਾਣੇ ਸੰਘਰਸ਼ਸ਼ੀਲ ਨੇਤਾਵਾਂ ਦੇ ਤਿਆਗ ਅਤੇ ਬਲੀਦਾਨ ਦੀਆਂ ਗੱਲਾਂ ਕਹਾਣੀ ਬਣਦੀਆਂ ਗਈਆਂ। ਹੁਣ ਇਨ੍ਹਾਂ ਕਹਾਣੀਆਂ ਦੇ ਜ਼ੋਰ ’ਤੇ ਹਾਕਮ ਅਫਰੀਕੀ ਨੈਸ਼ਨਲ ਕਾਂਗਰਸ ਦੀ ਹਕੂਮਤ ਦੀ ਲੁੱਟ ਨੂੰ ਹੋਰ ਵੱਧ ਕੀਤਾ ਜਾਣ ਲੱਗਿਆ। ਇਹ ਸਿੱਟੇ ਵਜੋਂ ਰਿਸ਼ਵਤ ਖੋਰੀ, ਧੋਖਾਧੜੀ ਤੇ ਆਦਮਖੋਰੀ ਦੇ ਸਮੁੰਦਰ ’ਚ ਡੁੱਬਦੀ ਗਈ।

ਇਸ ਦੌਰਾਨ ਇਸ ਨੇ ਨਿੱਜੀਕਰਨ, ਉਦਾਰੀਕਰਨ ਤੇ ਵਿਸ਼ਵੀਕਰਨ ਦੇ ਸਾਮਰਾਜੀ ਰਥ ਦੇ ਨਾਲ ਦੱਖਣੀ ਅਫਰੀਕਾ ਦੇ ਅਰਥਚਾਰੇ ਨੂੰ ਬੰਨ ਦਿੱਤਾ। ਮਬੇਕੀ ਦੇ ਰਾਸ਼ਟਰਪਤੀ ਕਾਲ ’ਚ ਬਜ਼ਾਰ ਦੀਆਂ ਸ਼ਕਤੀਆਂ ਦੇ ਮੂਹਰੇ ਉਥੋਂ ਦੀ ਹਕੂਮਤ ਨੇ ਗੋਡੇ ਹੀ ਟੇਕ ਦਿੱਤੇ ਸਨ। ਉਨ੍ਹਾਂ ਦੇ ਵਿੱਤ ਮੰਤਰੀ ਨੇ ਕੌਮਾਂਤਰੀ ਮੁਦਰਾਕੋਸ਼ ਤੇ ਸੰਸਾਰ ਬੈਂਕ ਨੂੰ ਖੁਸ਼ ਕਰਨ ਲਈ ਬਜਟ ਨੂੰ ਜ਼ੀਰੋ ਘਾਟੇ ਵੱਲ ਲਿਜਾਣ ਲਈ ਕਦਮ ਚੁੱਕੇ। ਇਸ ਨਾਲ ਮਜ਼ਦੂਰਾਂ ਦੇ ਜੀਵਨ ਨੂੰ ਹੋਰ ਵੱਧ ਦੁੱਭਰ ਕਰਨ ’ਚ ਯੋਗਦਾਨ ਪਾਇਆ। ਇਸ ਤੋਂ ਇਲਾਵਾ ਸਮਾਜਕ ਖੇਤਰ ’ਚ ਕਟੌਤੀ ਕੀਤੀ ਗਈ।

ਅਫਰੀਕੀ ਨੈਸ਼ਨਲ ਕਾਂਗਰਸ ਦੀ ਅਗਵਾਈ ਰਾਹੀਂ ਦੱਖਣੀ ਅਫਰੀਕਾ ਦੇ ਅਰਥਚਾਰੇ ਨੂੰ ਬਾਜ਼ਾਰ ਦੀਆਂ ਸ਼ਕਤੀਆਂ ਮੂਹਰੇ ਖੁੱਲੇ ਆਮ ਗੋਡੇ ਟੇਕਣ ਦੀਆਂ ਨੀਤੀਆਂ ਵਿਰੁੱਧ ਮਜ਼ਦੂਰਾਂ ’ਚ ਵਿਆਪਕ ਰੋਹ ਤੇ ਗੁੱਸਾ ਰਿਹਾ ਹੈ। ਤੇ ਉਹ ਦਿਨ-ਬ-ਦਿਨ ਵਧਦਾ ਹੀ ਜਾ ਰਿਹਾ ਹੈ। ਪਰ ਅਫਰੀਕੀ ਨੈਸ਼ਨਲ ਕਾਂਗਰਸ ਅੰਦਰ ਦੂਜੇ ਗੁੱਟ ਜਾਂ ਹੋਰ ਸੁਧਾਰਵਾਦੀ ਪਾਰਟੀਆਂ ਸੱਤਾ ਵਿਚ ਆਉਣ ਲਈ ਇਸ ਦਾ ਫਾਇਦਾ ਉਠਾਉਂਦੀਆਂ ਰਹੀਆਂ ਹਨ। ਇਸ ਕਾਰਨ ਅਫਰੀਕੀ ਨੈਸ਼ਨਲ ਕਾਂਗਰਸ ਵਿਚ ਅਸੰਤੋਸ਼ ਤੇ ਫੁੱਟ ਪੈਂਦੀ ਰਹੀ ਹੈ। ਜੂਮਾ ਦੀ ਅਗਵਾਈ ਵਿਰੁੱਧ ਅਫਰੀਕੀ ਨੈਸ਼ਨਲ ਕਾਂਗਰਸ ਤੋਂ ਵੱਖ ਹੋ ਕੇ ਇਕ ਗਰੁੱਪ ਨੇ ਇਕ ਨਵੀਂ ਰਾਜਸੀ ਪਾਰਟੀ ‘ਜਨਤਾ ਦੀ ਕਾਂਗਰਸ’ ਦਾ ਗਠਨ ਕੀਤਾ ਗਿਆ ਅਤੇ ਉਸ ਨੇ ਆਪਣੇ ਆਪ ਨੂੰ ਅਸਲੀ ਅਫਰੀਕੀ ਨੈਸ਼ਨਲ ਕਾਂਗਰਸ ਐਲਾਨਿਆ। ਪਰ ਮੌਜੂਦਾ ਚੋਣ ’ਚ ਉਸ ਨੂੰ ਮੂੰਹ ਦੀ ਖਾਣੀ ਪਈ।

ਦੱਖਣੀ ਅਫਰੀਕਾ ਵਿਚ ਰਾਜਨੀਤੀ ਪੂੰਜੀਵਾਦੀ ਪਾਰਟੀਆਂ ਦੇ ਦੁਆਲੇ ਘੁੰਮ ਰਹੀ ਹੈ। ਉੱਥੇ ਅਫਰੀਕੀ ਨੈਸ਼ਨਲ ਕਾਂਗਰਸ ਸਮੇਤ ਸਾਰੀਆਂ ਪੂੰਜੀਵਾਦੀ ਰਾਜਸੀ ਪਾਰਟੀਆਂ ਭ੍ਰਿਸ਼ਟਾਚਾਰ ’ਚ ਬੁਰੀ ਤਰ੍ਹਾਂ ਡੁੱਬ ਗਈਆਂ ਹਨ। ਇਹ ਪੂੰਜੀਵਾਦੀ ਰਾਜਨੀਤੀ ਦੀ ਦਲੀਲ ਭਰੀ ਪਰਨੀਤੀ ਹੈ। ਪੂੰਜੀਵਾਦ ਸਿਆਸਤ ਝੂਠ, ਫਰੇਬ, ਧੋਖਾਧੜੀ, ਭ੍ਰਿਸ਼ਟਾਚਾਰ ਘੂਸਖੋਰੀ ’ਤੇ ਟਿਕੀ ਹੋਈ ਹੈ। ਇਹ ਸਭ ਪੂੰਜੀਵਾਦੀ ਲੁੱਟ ਦੇ ਗੈਰ-ਕਨੂੰਨੀ ਰੂਪ ਹਨ। ਪੂੰਜੀਵਾਦੀ ਲੁੱਟ ਤੇ ਕਨੂੰਨੀ ਰੂਪਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੇ ਇਹ ਔਜਾਰ ਬਤੌਰ ਕੰਮ ਕਰਦੇ ਹਨ। ਦੱਖਣੀ ਅਫਰੀਕਾ ਦੀਆਂ ਮੌਜੂਦਾ ਚੋਣਾਂ ਦੇ ਨਤੀਜੇ, ਇਸ ਭ੍ਰਿਸ਼ਟ ਪੂੰਜੀਵਾਦੀ ਰਾਜਨੀਤੀ ਨੂੰ ਜਾਹਰ ਕਰਦੇ ਹਨ।

# ਸਾਮਰਾਜੀਆਂ ਦੀ ਧੌਂਸ ਪੱਟੀ ਨੂੰ ਚੁਣੌਤੀ ਕਿਵੇਂ?

25 ਮਈ ਨੂੰ ਉੱਤਰੀ ਕੋਰੀਆ ਵੱਲੋਂ ਭੂਮੀਗਤ ਪ੍ਰਮਾਣੂ ਧਮਾਕਾ ਕੀਤਾ ਗਿਆ। ਇਹ ਪ੍ਰਮਾਣੂ ਪ੍ਰੀਖਣ 2006 'ਚ ਕੀਤੇ ਗਏ ਪ੍ਰਮਾਣੂ ਪ੍ਰੀਖਣ ਤੋਂ ਪੰਜ ਗੁਣਾ ਸ਼ਕਤੀਸ਼ਾਲੀ ਸੀ। ਇਸ ਪ੍ਰਮਾਣੂ ਪ੍ਰੀਖਣ ਤੋਂ ਇਲਾਵਾ 25 ਤੇ 26 ਮਈ ਨੂੰ ਉੱਤਰੀ ਕੋਰੀਆ ਨੇ ਥੋੜੀ ਦੂਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਦਾ ਵੀ ਪ੍ਰੀਖਣ ਕੀਤਾ। ਉੱਤਰੀ ਕੋਰੀਆ ਨੇ ਇਨ੍ਹਾਂ ਪ੍ਰਮਾਣੂ ਤੇ ਮਿਜ਼ਾਇਲ ਪ੍ਰੀਖਣ ਦਾ ਦਿਨ ਚੁਣਿਆ ਜਿਸ ਦਿਨ ਅਮਰੀਕਾ ਯੁੱਧ 'ਚ ਮਾਰੇ ਗਏ ਸੈਨਿਕਾਂ ਦੀ ਯਾਦ 'ਚ ਸ਼ਹੀਦੀ ਯਾਦਗਾਰ ਦਿਵਸ ਮਨਾਉਂਦਾ ਹੈ। ਇਹ ਅਮਰੀਕੀ ਸੈਨਿਕ ਅਮਰੀਕਾ ਵੱਲੋਂ ਵੱਖ ਵੱਖ ਦੇਸ਼ਾਂ 'ਚ ਕੀਤੇ ਗਏ ਯੁੱਧਾਂ ਦੌਰਾਨ ਮਾਰੇ ਗਏ ਸਨ। ਇਨ੍ਹਾਂ ਮਾਰੇ ਗਏ ਸੈਨਿਕਾਂ 'ਚ ਉਹ ਸੈਨਿਕ ਵੀ ਸ਼ਾਮਲ ਹਨ ਜੋ 1950-53 'ਚ ਕੋਰੀਆਈ ਪ੍ਰਾਦੀਪ 'ਚ ਅਮਰੀਕੀ ਦਖਲ ਅੰਦਾਜੀ ਦੇ ਦੌਰਾਨ ਮਾਰੇ ਗਏ ਸਨ। ਇਸ ਯੁੱਧ 'ਚ ਮਾਰੇ ਗਏ ਕੋਰੀਆਈ ਨਾਗਰਿਕਾਂ ਦੀ ਗਿਣਤੀ ਲੱਖਾਂ ਵਿਚ ਹੈ ਅਤੇ ਅਮਰੀਕੀ ਸਾਮਰਾਜ ਦੀ ਦਖਲ ਅੰਦਾਜੀ ਖਿਲਾਫ ਕੋਰੀਆਈ ਲੋਕਾਂ ਦੇ ਸਹਿਯੋਗ 'ਚ ਖੜੇ ਚੀਨ ਦੇ ਲੋਕਾਂ ਨੇ ਆਪਣੇ 9 ਲੱਖ ਨਾਗਰਿਕਾਂ ਨੂੰ ਖੋਹਿਆ ਸੀ। ਉੱਤਰੀ ਕੋਰੀਆ ਨੇ ਇਸ ਪ੍ਰਮਾਣੂ ਤੇ ਮਿਜਾਇਲ ਪ੍ਰੀਖਣ ਜਰੀਏ ਅਮਰੀਕੀ ਤੇ ਜਪਾਨੀ ਸਾਮਰਾਜੀਆਂ ਨੂੰ ਇਹ ਸੰਦੇਸ਼ ਦੇਣ 'ਚ ਕਾਮਯਾਬ ਰਿਹਾ ਕਿ ਇਹ ਇੱਕ ਅਜ਼ਾਦ ਖੁਦਮੁਖਤਿਆਰ ਦੇਸ਼ ਹੈ ਅਤੇ ਉਸ ਨੂੰ ਇਨ੍ਹਾਂ ਹਥਿਆਰਾਂ ਨੂੰ ਵਿਕਸਤ ਕਰਨ ਦਾ ਓਨਾ ਹੀ ਅਧਿਕਾਰ ਹੈ। ਜਿੰਨਾ ਅਮਰੀਕਾ, ਰੂਸ, ਬ੍ਰਿਟੇਨ, ਚੀਨ, ਭਾਰਤ ਤੇ ਇਜ਼ਰਾਇਲ ਨੂੰ ਹੈ ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਵਿਚਕਾਰ 1953 ਤੋਂ ਹੀ ਜੰਗ ਬੰਦੀ ਸਮਝੌਤਾ ਚਲਿਆ ਆ ਰਿਹਾ ਹੈ। ਅਮਰੀਕਾ ਤੇ ਜਪਾਨ ਦੀ ਦਖਲ ਅੰਦਾਜੀ ਤੇ ਦਬਾਅ ਕਾਰਨ ਅੱਜ ਤੱਕ ਉੱਤਰੀ ਕੋਰੀਆ ਤੇ ਦੱਖਣੀ ਕੋਰੀਆ ਵਿਚਕਾਰ ਕੋਈ ਸਥਾਈ ਸ਼ਾਂਤੀ ਸਮਝੌਤਾ ਨਹੀਂ ਹੋ ਸਕਿਆ ਹੈ। ਇਸ ਤਰ੍ਹਾਂ ਉੱਤਰੀ ਤੇ ਦੱਖਣੀ ਕੋਰੀਆ ਦੇ ਏਕੀਕਰਨ 'ਚ ਵੀ ਸਭ ਤੋਂ ਵੱਡਾ ਅੜਿਕਾ ਅਮਰੀਕੀ ਤੇ ਜਪਾਨੀ ਸਾਮਰਾਜ ਹਨ।

ਦੱਖਣੀ ਕੋਰੀਆ 'ਚ 1953 ਤੋਂ ਅੱਜ ਤੱਕ ਅਮਰੀਕਾ ਸੈਨਾ ਮੌਜੂਦ ਹੈ ਅਤੇ ਦੱਖਣੀ ਕੋਰੀਆ ਦੀ ਸੈਨਾ ਦੀ ਕਮਾਨ ਵੀ ਅਮਰੀਕਾ ਦੇ ਹੱਥ ਹੈ। ਅਮਰੀਕੀ ਸੈਨਾ ਘਾਤਕ ਤੇ ਤਬਾਹਕੁੰਨ ਹਥਿਆਰਾਂ ਨਾਲ ਲੈਸ ਹੈ। ਖੁੱਲੇ ਤੌਰ 'ਤੇ ਪ੍ਰਮਾਣੂ ਹਥਿਆਰ ਨਾ ਰੱਖਣ ਪਿੱਛੋਂ ਵੀ ਇਸ ਗੱਲ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਅਮਰੀਕਾ ਨੇ ਗੁਪਤ ਤੌਰ 'ਤੇ ਪ੍ਰਮਾਣੂ ਹਥਿਥਾਰਾਂ ਦੀ ਤੈਨਾਤੀ ਦੱਖਣ ਤੇ ਜਪਾਨ 'ਚ ਨਾ ਕੀਤੀ ਹੋਵੇ। ਧਿਆਨ ਰਹੇ ਕਿ ਜਪਾਨ 'ਚ ਵੀ ਅਮਰੀਕਾ ਫੌਜ ਦੇ ਅੱਡੇ ਹਨ। ਅਮਰੀਕੀ ਸਾਮਰਾਜੀ ਉੱਤਰੀ ਕੋਰੀਆ ਦੇ ਨਾਲ ਛਲ-ਕਪਟ ਦੀ ਨੀਤੀ ਜਾਰੀ ਰੱਖ ਰਹੇ ਹਨ ਅਤੇ ਇਹ ਨੀਤੀ ਹਾਲ ਦੇ ਸਾਲਾਂ 'ਚ ਬਿਲ ਕਲਿੰਟਨ ਦੇ ਜ਼ਮਾਨੇ ਤੋਂ ਲਾਗੂ ਹੈ। ਬਿਲ ਕਲਿੰਟਨ ਨੇ ਉੱਤਰੀ ਕੋਰੀਆ ਨਾਲ ਕੀਤੇ ਸਮਝੌਤੇ ਨੂੰ ਲਾਗੂ ਨਹੀਂ ਕੀਤਾ ਜਾਰਜ ਬੁਸ਼ ਨੇ ਉੱਤਰੀ ਕੋਰੀਆ ਖਿਲਾਫ ਤੇਜ ਮੁਹਿੰਮ ਚਲਾਈ ਅਤੇ ਉਸ ਨੂੰ "ਸ਼ੈਤਾਨ ਦੇਸ਼ਾਂ" ਦੀ ਸ੍ਰੇਣੀ ਵਿਚ ਪਾ ਕੇ ਪੂਰੀ ਦੁਨੀਆਂ ਤੋਂ ਅਲੱਗ ਥਲੱਗ ਕਰਨ ਦੀ ਕੋਸ਼ਿਸ਼

ਕੀਤੀ। ਬਰਾਕ ਓਬਾਮਾ ਜਾਰਜ ਬੁਸ਼ ਦੀਆਂ ਨੀਤੀਆਂ ਨੂੰ ਹੀ ਅੱਗੇ ਵਧਾ ਕੇ ਉੱਤਰੀ ਕੋਰੀਆ ਨੂੰ ਖਾੜਕੂ ਸੈਨਾਵਾਦੀ ਨੀਤੀਆਂ ਅਪਣਾਉਣ ਤੇ ਹਮਲਾਵਰ ਬਣਨ ਲਈ ਮਜ਼ਬੂਰ ਕਰ ਰਹੇ ਹਨ। ਇਸ ਤਰਫੋਂ ਬਰਾਕ ਓਬਾਮਾ ਦੀ ਸ਼ਾਂਤੀ, ਸਥਿਰਤਾ, ਤਬਦੀਲੀ ਦੀਆਂ ਨੀਤੀਆਂ ਦੀ ਵੀ ਪੋਲ ਖੁੱਲ ਜਾਂਦੀ ਹੈ। ਕੋਰੀਆਈ ਪ੍ਰਾਦੀਪ 'ਚ ਸ਼ਾਂਤੀ ਸਥਾਪਤ ਹੋਣ ਲਈ ਲਾਜਮੀ ਹੈ ਕਿ ਅਮਰੀਕਾ ਤੇ ਜਪਾਨ ਆਪਣੀ ਦਖਲ ਅੰਦਾਜੀ ਤੁਰੰਤ ਬੰਦ ਕਰ ਦੇਣ ਅਤੇ ਅਮਰੀਕੀ ਸੈਨਾ ਤੇ ਅਮਰੀਕੀ ਫੌਜ ਦੱਖਣੀ ਕੋਰੀਆ ਦੀ ਧਰਤੀ ਨੂੰ ਛੱਡ ਕੇ ਤੁਰੰਤ ਆਪਣੇ ਦੇਸ਼ ਲਈ ਜਾਵੇ। ਪਰ ਅਮਰੀਕਾ ਅਜਿਹਾ ਕਰੇਗਾ ਨਹੀਂ। ਇਸ ਤਰ੍ਹਾਂ ਜਪਾਨ ਵੀ ਕੋਰੀਆਈ ਏਕੀਕਰਨ ਦੇ ਖਿਲਾਫ ਹੈ। ਇਸ ਏਕੀਕਰਨ ਨੂੰ ਉਹ ਆਪਣੇ ਹਿੱਤਾਂ ਵਿਰੁੱਧ ਸਮਝਦਾ ਹੈ। ਕੋਰੀਆ ਦੀ ਮੌਜੂਦਾ ਵੰਡ ਅਮਰੀਕਾ ਤੇ ਜਾਪਾਨ ਨੂੰ ਆਪਣੇ ਸਾਮਰਿਕ ਹਿੱਤਾਂ ਲਈ ਅਨੁਕੂਲ ਸਥਿਤੀ ਮੁਹਈਆ ਕਰਵਾਉਂਦਾ ਹੈ। ਇਸ ਰਾਹੀਂ ਅਮਰੀਕੀ ਸਾਮਰਾਜੀ ਰੂਸ ਤੇ ਚੀਨ ਦੇ ਉੱਪਰ ਵੀ ਇਕ ਦਬਾਅ ਤੇ ਨਿਗਰਾਨੀ ਬਣਾਈ ਰੱਖਦੇ ਹਨ। ਇਹੀ ਵਜ੍ਹਾ ਹੈ ਕਿ ਰੂਸ ਤੇ ਚੀਨ ਵੀ ਉੱਤਰੀ ਕੋਰੀਆ ਨੂੰ ਸਿੱਧਾ ਤੇ ਅਸਿੱਧਾ ਸਹਿਯੋਗ ਕਰਦੇ ਰਹੇ ਹਨ। ਰੂਸ ਤੇ ਚੀਨ ਦੀ ਇਹੀ ਭੂਮਿਕਾ ਅਮਰੀਕਾ ਤੇ ਪੱਛਮੀ ਯੂਰਪੀ ਸਾਮਰਾਜੀਆਂ ਨੂੰ ਉੱਤਰੀ ਕੋਰੀਆ ਖਿਲਾਫ ਕਿਸੇ ਖਾੜਕੂ ਫੌਜੀ ਕਾਰਵਾਈ ਕਰਨ ਤੋਂ ਰੋਕ ਦਿੰਦੀ ਹੈ। ਨਹੀਂ ਤਾਂ ਅਮਰੀਕਾ ਨੇ ਬਹੁਤ ਪਹਿਲਾਂ ਉੱਤਰੀ ਕੋਰੀਆ 'ਚ ਅਜਿਹਾ ਹੀ ਫੌਜੀ ਹਮਲਾ ਬੋਲ ਦਿੱਤਾ ਹੁੰਦਾ ਜਿਹੋ ਜਿਹਾ ਉਸ ਨੇ ਇਰਾਕ ਤੇ ਅਫਗਾਨਿਸਤਾਨ 'ਚ ਬੋਲਿਆ ਹੋਇਆ ਹੈ। ਅਮਰੀਕੀ ਸਾਮਰਾਜੀਆਂ ਨੇ ਇਰਾਕ 'ਤੇ ਲੋਕ-ਮਾਰੂ ਹਥਿਆਰਾਂ ਦੇ ਨਾਂ 'ਤੇ ਹਮਲਾ ਬੋਲਿਆ ਸੀ ਅਤੇ ਅੱਜ ਇਹ ਸ਼ੱਕ ਉਜਾਗਰ ਹੋ ਚੁੱਕਿਆ ਹੈ ਕਿ ਇਰਾਕ ਕੋਲ ਅਜਿਹੇ ਲੋਕ-ਮਾਰੂ ਹਥਿਆਰ ਨਹੀਂ ਸਨ। ਅਮਰੀਕੀ ਸਾਮਰਾਜੀ ਉੱਤਰੀ ਕੋਰੀਆ 'ਚ ਅਜਿਹੀ ਕਾਰਵਾਈ ਨਾ ਕਰ ਸਕਣ ਕਾਰਨ ਵੀ ਗੱਲਬਾਤ ਅਤੇ 6 ਦੇਸ਼ਾਂ (ਉੱਤਰੀ ਕੋਰੀਆ, ਦੱਖਣੀ ਕੋਰੀਆ, ਅਮਰੀਕਾ, ਚੀਨ, ਰੂਸ, ਜਪਾਨ) ਵਿਚ ਛੁਪੇ ਗੁਪਤ ਸਮਝੌਤੇ ਦੀ ਦੁਹਾਈ ਪਾਉਂਦੇ ਹਨ। ਉਸ ਨੂੰ ਫਿਰ ਦੁਬਾਰਾ ਸ਼ੁਰੂ ਕਰਨ ਦੀਆਂ ਗੱਲਾਂ ਕਰ ਰਹੇ ਹਨ।

ਅਸਲ 'ਚ ਉੱਤਰੀ ਕੋਰੀਆ ਦੇ ਹਾਕਮਾਂ ਦਾ ਜੰਗ ਲੜਨ ਦਾ ਕੋਈ ਇਰਾਦਾ ਨਹੀਂ ਦਿਸਦਾ ਹੈ। ਉਹ ਅਮਰੀਕਾ ਨਾਲ ਉਸ ਦੀ ਭਾਸ਼ਾ 'ਚ ਸੰਵਾਦ ਕਰਕੇ ਆਪਣੇ ਲਈ ਜ਼ਰੂਰੀ ਛੋਟਾਂ ਤੇ ਲਾਭ ਚਾਹੁੰਦੇ ਹਨ। ਅਮਰੀਕਾ ਤੇ ਜਪਾਨ ਵੱਲੋਂ ਇਨ੍ਹਾਂ ਛੋਟਾਂ, ਲਾਭਾਂ ਤੇ ਵਾਅਦਿਆਂ ਨੂੰ ਇਕ ਤਰਫਾ ਠੋਸੇ ਹੋਣ ਪਿੱਛੋਂ ਹੀ ਉੱਤਰੀ ਕੋਰੀਆ ਦੇ ਹਾਕਮਾਂ ਨੇ ਆਪਣੇ ਫੌਜੀ ਅਧਿਕਾਰ ਵਿਕਸਤ ਕਰਨ ਦੀ ਮੁਹਿੰਮ ਨੂੰ ਮੁੜ ਰਫ਼ਤਾਰ ਦਿੱਤੀ। ਇਸ ਲਈ ਉਹ ਮਜ਼ਬੂਰ ਕੀਤੇ ਗਏ ਹਨ।

ਉੱਤਰੀ ਕੋਰੀਆ ਦੇ ਹਾਕਮਾਂ ਦੀ ਫੌਜੀ ਨੀਤੀਆਂ ਦੀ ਕੀਮਤ ਉੱਤਰੀ ਕੋਰੀਆ ਦੇ ਮਜ਼ਦੂਰਾਂ ਨੂੰ ਵੀ ਚਕਾਉਣੀ ਪੈ ਰਹੀ ਹੈ। ਉੱਤਰੀ ਕੋਰੀਆ ਦੇ ਹਾਕਮ ਨੇ ਦੇਸ਼ 'ਚ ਇਕ ਕਿਸਮ ਦੀ ਫਾਸ਼ੀਵਾਦੀ ਹਕੂਮਤ ਕਾਇਮ ਕੀਤੀ ਹੋਈ ਹੈ। ਅਮਰੀਕਾ ਤੇ ਹੋਰ ਸਾਮਰਾਜੀ ਦੇਸ਼ਾਂ ਦਾ ਇਹ ਪ੍ਰਚਾਰ ਝੂਠਾ ਹੈ ਕਿ ਉੱਤਰੀ ਕੋਰੀਆ ਨੂੰ ਸਮਾਜਵਾਦ ਹੈ ਅਤੇ ਉੱਥੋਂ ਦੀ ਪਾਰਟੀ ਇਕ ਕਮਿਊਨਿਸਟ ਪਾਰਟੀ ਹੈ। ਅਸਲ 'ਚ ਉੱਤਰੀ ਕੋਰੀਆ 'ਚ ਰਾਜਸੀ ਪੂੰਜੀਵਾਦ ਹੈ ਅਤੇ ਉਹ ਉਨ੍ਹਾਂ ਨੀਤੀਆਂ ਤੇ ਚੱਲ ਰਿਹਾ ਹੈ ਜਿਨ੍ਹਾਂ 'ਤੇ ਚੀਨੀ ਹਾਕਮ ਚਲ ਰਹੇ ਹਨ। ਮਜ਼ਦੂਰ ਦੀ ਤਿੱਖੀ ਲੁੱਟ ਲਈ ਚੀਨ

ਵਾਂਗੂੰ ਉੱਤਰੀ ਕੋਰੀਆ ਦੇ ਹਾਕਮਾਂ ਨੇ ਵਿਸ਼ੇਸਸ਼ ਆਰਥਿਕ ਖੇਤਰ ਬਣਾਏ ਹੋਏ ਹਨ। ਉੱਤਰੀ ਕੋਰੀਆ ਦੇ ਹਾਕਮਾਂ ਦੀਆਂ ਖਾੜਕੂ ਸੈਨਾਵਾਦੀ ਨੀਤੀਆਂ ਤੇ ਹਥਿਆਰਾਂ ਨੂੰ ਵਿਕਸਤ ਕਰਨ ਵਿਚ ਲੱਗਣ ਵਾਲਾ ਪੈਸਾ ਮਜ਼ਦੂਰਾਂ ਦੀ ਤਿੱਖੀ ਲੁੱਟ ਤੇ ਕਲਿਆਣਕਾਰੀ ਨੀਤੀਆਂ 'ਤੇ ਖਰਚ ਕੀਤੇ ਜਾਣ ਵਾਲੇ ਧਨ 'ਚੋਂ ਕੀਤੀ ਜਾ ਰਹੀ ਕਟੌਤੀ ਤੋਂ ਹੀ ਆ ਰਿਹਾ ਹੈ। ਇਸ ਤਰ੍ਹਾਂ ਉੱਤਰੀ ਕੋਰੀਆ ਦੇ ਮਜ਼ਦੂਰ ਉੱਤਰੀ ਕੋਰੀਆ ਦੀ ਫਾਸ਼ੀਵਾਦੀ ਹਕੂਮਤ ਤੇ ਅਮਰੀਕੀ-ਜਪਾਨੀ ਸਾਮਰਾਜ ਦੇ ਦੋ ਪੁੜਾਂ ਵਿਚਾਲੇ ਪਿਸ ਰਹੇ ਹਨ।

# ਡੇਰਿਆਂ ਦੇ ਫਿਰਕੂ ਕਲੇਸ਼ਾਂ ਦੇ ਪਿੱਛੇ ਸੱਚ ਕੀ?

ਪਿਛਲੇ ਦਿਨੀਂ ਵਿਆਨਾ 'ਚ ਦੋ ਗੁੱਟਾਂ ਵਿਚਕਾਰ ਹੋਈ ਹਿੰਸਕ ਝੜਪ ਵਿਚ ਡੇਰਾ ਸੱਚ ਖੰਡ ਦੇ ਮੁਖੀ ਨਿਰੰਜਨ ਦਾਸ ਜ਼ਖ਼ਮੀ ਹੋ ਗਏ ਅਤੇ ਗੁਰੂ ਆਨੰਦ ਦੀ ਮੌਤ ਹੋ ਗਈ। ਇਸ ਘਟਨਾਕ੍ਰਮ ਦਾ ਅਸਰ ਸੱਤ ਸਮੁੰਦਰ ਪਾਰ ਇਥੇ ਪੰਜਾਬ 'ਚ ਵੇਖਣ ਨੂੰ ਮਿਲਿਆ। ਪੂਰੇ ਪੰਜਾਬ 'ਚ ਹਿੰਸਕ ਵਾਰਦਾਤਾਂ ਦੀ ਲੜੀ ਸ਼ੁਰੂ ਹੋ ਗਈ, ਕਈ ਬੱਸਾਂ, ਗੱਡੀਆਂ ਤੇ ਟ੍ਰੇਨਾਂ ਨੂੰ ਅੱਗ ਲਾ ਦਿੱਤੀ ਗਈ। ਸਰਕਾਰੀ ਤੇ ਨਿੱਜੀ ਜਾਇਦਾਦ ਦਾ ਭਾਰੀ ਨੁਕਸਾਨ (ਕਈ ਕਰੋੜ) ਹੋਇਆ। ਇਸ ਖਾੜਕੂ ਮੁਜਾਹਰੇ ਦਾ ਕਾਰਨ ਸਿਰਫ ਇਹ ਨਹੀਂ ਹੈ ਕਿ ਡੇਰੇ ਦੇ ਮੁਖੀ ਦਾ ਕਤਲ ਹੋ ਗਿਆ ਬਲਕਿ ਇਸਦੀ ਤਹਿ 'ਚ ਪੰਜਾਬ ਦੀ ਮੌਜੂਦਾ ਰਾਜਸੀ, ਸਮਾਜਕ ਤੇ ਆਰਥਕ ਬਣਤਰ ਹੈ। ਪੰਜਾਬ 'ਚ ਦਲਿਤ ਅੰਦੋਲਨ 1926 'ਚ ਸ਼ੁਰੂ ਹੋਇਆ। ਇਸ ਅੰਦੋਲਨ ਦੇ ਨੁਮਾਇੰਦਿਆਂ ਨੇ 1927 'ਚ ਸਾਈਮਨ ਕਮਿਸ਼ਨ ਨਾਲ ਮੁਲਾਕਾਤ ਕੀਤੀ। ਭੀਮ ਰਾਓ ਅੰਬੇਦਕਰ ਨੇ ਪੂਨਾ ਪੈਕਟ ਦੇ ਤਹਿਤ ਪੰਜਾਬ 'ਚ 8 ਸੀਟਾਂ ਆਦਿ ਧਰਮ ਦਲਿਤ ਸੰਘਰਸ਼ਾਂ ਨਾਲ ਜੁੜੇ ਲੋਕਾਂ ਨੂੰ ਦਿੱਤੀਆਂ। ਉਨ੍ਹਾਂ ਦੀ ਪ੍ਰੇਰਨਾ ਨਾਲ ਪੰਜਾਬ ਦੇ ਦਲਿਤਾਂ ਨੇ ਵਿਦੇਸ਼ 'ਚ ਜਾ ਕੇ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਇਸ ਕਾਰਨ ਦਲਿਤਾਂ ਵਿਚ ਆਰਥਕ ਅਤੇ ਸਮਾਜਕ ਚੇਤਨਾ ਆਉਣ ਲੱਗੀ ਸੀ ਅਤੇ ਇਸ ਦੇ ਨਾਲ ਉਹ ਉਸ ਧਰਮ 'ਚ ਯਕੀਨ ਨਹੀਂ ਕਰਦਾ ਸੀ ਪਰ ਵਿਹਾਰਕ ਤੌਰ 'ਤੇ ਉਹ ਵੀ ਜਾਤੀਵਾਦ ਨੂੰ ਮੰਨਦਾ ਸੀ। ਗੁਰੂ ਦੇ ਦਰਬਾਰ 'ਚ ਭਾਵੇਂ ਬਰਾਬਰੀ ਦੀ ਗੱਲ ਕੀਤੀ ਜਾਂਦੀ ਹੋਵੇ ਪਰ ਬਾਹਰ ਜਾਤੀਵਾਦ ਚੋਟੀ 'ਤੇ ਸੀ। ਪੰਜਾਬ ਦੀਆਂ ਉੱਚ ਜਾਤੀਆਂ ਅੱਜ ਵੀ ਰਵਿਦਾਸ ਫਿਰਕੇ ਲਈ ਸ਼ਰੇਆਮ ਅਪਮਾਨਜਨਕ ਸ਼ਬਦਾਂ ਦੀ ਵਰਤੋਂ ਕਰਦੀਆਂ ਹਨ। ਪਰ ਵਿਦੇਸ਼ 'ਚ ਵਸੇ ਰਿਸ਼ਤੇਦਾਰਾਂ ਦੇ ਪੈਸੇ ਅਤੇ ਇੱਥੋਂ ਦੇ ਧੰਦੇ 'ਚ ਤਰੱਕੀ ਦੇ ਨਾਲ ਹੀ ਇਹ ਫਿਰਕਾ ਹੁਣ ਖੁਦ ਆਪਣੀ ਪਹਿਚਾਣ ਆਪ ਬਣਾਉਣ ਦੀ ਮੁਹਿੰਮ 'ਚ ਜੁਟ ਗਿਆ ਹੈ। ਜਲੰਧਰ, ਨਵਾਂ ਸ਼ਹਿਰ, ਫਗਵਾੜਾ, ਹੁਸ਼ਿਆਰਪੁਰ ਆਦਿ 'ਚ ਰਵੀਦਾਸੀਆਂ ਨੇ ਤੇਜ਼ੀ ਨਾਲ ਤਰੱਕੀ ਕੀਤੀ। ਇਸ ਇਲਾਕੇ ਦੇ ਤਕਰੀਬਨ 7-8 ਲੋਕ ਵਿਦੇਸ਼ਾਂ 'ਚ ਵਸ ਚੁੱਕੇ ਹਨ। ਇੱਥੇ ਰਹਿ ਰਹੇ ਲੋਕ ਵੀ ਚਮੜਾ, ਰਬੜ ਨੇ ਬਰਾਮਦ ਮੁਖੀ ਸਨਅਤਾਂ ਨਾਲ ਜੁੜੇ ਹੋਏ ਹਨ। ਪੈਸੇ ਅਤੇ ਡੇਰੇ ਰਾਹੀਂ ਰਵੀਦਾਸੀਆਂ ਨੇ ਆਪਣੀ ਸਮਾਜਕ ਹੈਸੀਅਤ ਨੂੰ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਨ੍ਹਾਂ ਨੇ ਗੁਰੂ ਰਵਿਦਾਸ ਦੇ ਆਲੀਸ਼ਾਨ ਮੰਦਰ ਬਣਾਉਣੇ ਸ਼ੁਰੂ ਕਰ ਦਿੱਤੇ। ਜਿਵੇਂ-ਜਿਵੇਂ ਰਵਿਦਾਸ ਮੰਦਰਾਂ ਦੀ ਗਿਣਤੀ ਵਧ ਰਹੀ ਹੈ ਆਦਿ ਧਰਮ (ਰਵਿਦਾਸੀ) ਫਿਰਕੇ 'ਚ ਹਮਲਾ ਕਰਨ ਦਾ ਰੁਝਾਣ ਵੀ ਆਉਂਦਾ ਜਾ ਰਿਹਾ ਹੈ। ਹੀਣਤਾ ਦਾ ਦੌਰ ਹੁਣ ਬੀਤ ਚੁੱਕਿਆ ਹੈ ਅਤੇ ਆਪਣੀ ਜਾਤੀ ਪਹਿਚਾਣ ਪ੍ਰਤੀ ਉਨ੍ਹਾਂ 'ਚ ਅੱਗੇ ਰਹਿਣ ਦਾ ਭਾਵ ਆ ਗਿਆ ਹੈ। ਜਾਇਦਾਦ ਦੇ ਮਾਮਲੇ 'ਚ ਵੀ ਰਵਿਦਾਸ ਮੰਦਰ ਗੁਰਦੁਆਰਿਆਂ ਤੋਂ ਵੱਧ ਧਨੀ ਮੰਨੇ ਜਾਂਦੇ ਹਨ। ਆਰਥਕ ਤੌਰ 'ਤੇ ਰਵਿਦਾਸੀ ਸਮਰਥ ਹੋ ਚੁੱਕੇ ਹਨ। ਪਰ ਪੰਜਾਬ ਦੀ ਪੂੰਜੀਵਾਦੀ ਸਿਆਸਤ 'ਚ ਧਰਮ ਇਕ ਮਹੱਤਵਪੂਰਨ ਕਾਰਕ ਰਿਹਾ ਹੈ। ਦੋਆਬਾ ਖੇਤਰ ਦੇ ਰਵਿਦਾਸੀਆਂ ਦੀ ਹਮਾਇਤ ਬਿਨਾਂ ਕੋਈ ਵੀ ਸਰਮਾਏਦਾਰ ਪਾਰਟੀ ਆਪਣੀ ਸ਼ਾਖ ਨਹੀਂ ਬਣਾ ਸਕਦੀ। ਪੰਜਾਬ

’ਚ ਦਲਿਤਾਂ ਨੂੰ ਆਮ ਤੌਰ ’ਤੇ ਕਾਂਗਰਸ ਦਾ ਹਮਾਇਤੀ ਮੰਨਿਆ ਜਾਂਦਾ ਹੈ। ਦੋਆਬਾ ’ਚ ਕਾਂਗਰਸ ਉਸ ਵੋਟ ਬੈਂਕ ਦੇ ਬਲਬੂਤੇ ਤੇ ਬੇਹਤਰ ਪ੍ਰਦਰਸ਼ਨ ਕਰਦੀ ਰਹੀ ਹੈ। ਪਰ ਕਾਂਗਰਸ ਦੇ ਥੋਥੇ ਦਾਅਵਿਆਂ ਨਾਲ ਨਰਾਜ਼ ਲੋਕਾਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ’ਚ ਦੋਆਬੇ ਦੀਆਂ 27 ਸੀਟਾਂ ਵਿਚੋਂ 25 ’ਤੇ ਭਾਜਪਾ-ਅਕਾਲੀ ਦਲ ਗਠਜੋੜ ਨੂੰ ਜਤਾਇਆ। 2007 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਅਕਾਲੀ ਦਲ ਗਠਜੋੜ ਨੇ ਵਾਅਦਾ ਕੀਤਾ ਸੀ ਕਿ ਦਲਿਤਾਂ ਨੂੰ ਬਿਨਾਂ ਕਿਸੇ ਭੇਦ ਭਾਵ ਦੇ 400 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਵੇਗੀ ਪਰ ਇਹ 200 ਯੂਨਿਟ ਹੀ ਦਿੱਤੀ ਜਾ ਰਹੀ ਹੈ। ਇਸ ਵਿਚ ਵੀ ਆਮਦਨ ਸੀਮਾ ਲਾ ਦਿੱਤੀ ਗਈ ਹੈ। ਜੱਟ ਸਿੱਖਾਂ ਦੀ ਕੁਲ ਅਬਾਦੀ 22 ਫੀਸਦੀ ਹੈ। ਉਨ੍ਹਾਂ ਨੂੰ ਖੇਤੀ ਲਈ ਬਿਜਲੀ-ਪਾਣੀ ਮੁਫਤ ਦਿੱਤਾ ਜਾ ਰਿਹਾ ਹੈ ਅਤੇ ਇਸ ’ਚ ਕੋਈ ਆਮਦਨ ਹੱਦ ਵੀ ਨਹੀਂ ਮਿੱਥੀ ਗਈ ਹੈ। ਪੰਜਾਬ ’ਚ ਖੇਤੀ ਕਾਰਨ ਖੁਸ਼ਹਾਲੀ ਆਉਣ ਦੀ ਵੱਡੀ ਵਜ੍ਹਾ ਉੱਥੇ ਨਹਿਰਾਂ ਦਾ ਜਾਲ ਰਿਹਾ ਹੈ। ਪਿਛਲੇ ਦਿਨੀਂ ਬਾਦਲ ਸਰਕਾਰ ਨੇ ਆਪਣੇ ਮਜ਼ਬੂਤ ਪਕੜ ਵਾਲੇ ਇਲਾਕੇ ਮਾਲਵਾ ’ਚ ਨਹਿਰਾਂ ਨੂੰ ਪੱਕਿਆਂ ਕਰਨ ਦਾ ਕੰਮ ਕੀਤਾ ਪਰ ਮਾਲਵੇ ’ਚ ਕੁਲ ਜ਼ਮੀਨ ’ਤੇ ਦਲਿਤਾਂ ਦਾ ਸਿਰਫ 1.8 ਫੀਸਦੀ ਹੀ ਹਿੱਸੇਦਾਰੀ ਹੈ। ਉੱਥੇ ਦੁਆਬਾ ਖੇਤਰ ’ਚ ਕੋਈ ਵੀ ਕੰਮ ਨਹੀਂ ਕਰਵਾਇਆ ਗਿਆ। ਇਸ ਗੁੱਸੇ ਕਾਰਨ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਅਕਾਲੀ ਦਲ-ਭਾਜਪਾ ਗਠਜੋੜ ਨੂੰ ਹਾਰਨਾ ਪਿਆ। ਰਵਿਦਾਸੀਆਂ ਦਾ ਮੰਨਣਾ ਹੈ ਕਿ ਪਾਰਟੀਆਂ ਨੂੰ ਉਨ੍ਹਾਂ ਦੀ ਲੋੜ ਹੈ, ਇਸ ਲਈ ਉਹ ਉਨ੍ਹਾਂ ਕੋਲ ਆਉਂਦੀਆਂ ਹਨ ਪਰ ਉੱਥੇ ਵੀ ਉਨ੍ਹਾਂ ਨੂੰ ਚੋਣਾਂ ਦੌਰਾਨ ਸਿਰਫ ਵਰਤਿਆ ਹੀ ਜਾਂਦਾ ਹੈ। ਇੱਥੇ ਇਹ ਮਹੱਤਵਪੂਰਨ ਹੈ ਕਿ ਦਲਿਤਾਂ ਬਾਰੇ ਉਪਰੋਕਤ ਗੱਲਾਂ ਉਨ੍ਹਾਂ ’ਚ ਪੈਦਾ ਹੋਏ ਮੱਧਵਰਗ ਤੇ ਦਾਬੇ ਦਾ ਮੁਕਾਬਲਾ ਕਰਨ ਲਈ ਜਾਤੀਗਤ ਅਧਾਰ ’ਤੇ ਗਰੀਬ ਦਲਿਤਾਂ ਨੂੰ ਆਪਣੇ ਪਿੱਛੇ ਲਾਮਬੰਦ ਕਰ ਰਹੇ ਹਨ। ਭਾਰੀ ਗਿਣਤੀ ’ਚ ਵੱਖ ਵੱਖ ਸੂਬਿਆਂ ਪਿੱਛੇ ਡੇਰਿਆਂ ਵਿਚ ਦਲਿਤ ਗਰੀਬਾਂ ਦੀ ਜੋ ਅਬਾਦੀ ਆਪਣੀ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਾਮਬੰਦ ਹੋ ਰਹੀ ਸੀ, ਇਹ ਲੋਕ ਉਨ੍ਹਾਂ ਦੀ ਵਰਤੋਂ ਆਪਣੀਆਂ ਰਾਜਸੀ ਲਾਲਸਾਵਾਂ ਦੀ ਪੂਰਤੀ ਲਈ ਕਰ ਰਹੇ ਹਨ। ਪੰਜਾਬ ਦੇ ਪਿੰਡਾਂ ਦੀ ਮਜ਼ਦੂਰ ਜਮਾਤ ਦੀਆਂ ਸਮੱਸਿਆਵਾਂ ਦਾ ਹੱਲ ਨਾ ਤਾਂ ਗੁਰਦੁਆਰਿਆਂ ਵਿਚ ਹੈ ਤੇ ਨਾ ਹੀ ਡੇਰਿਆਂ ਵਿਚ। ਇਨ੍ਹਾਂ ਦਾ ਹੱਲ ਉਨ੍ਹਾਂ ਦੇ ਇਕਜੁਟ ਹੋ ਕੇ ਸੰਘਰਸ਼ ਕਰਨ ਵਿਚ ਹੈ। ਜਿਸ ਦਿਨ ਮਜ਼ਦੂਰ ਇਹ ਕਰਨ ਲੱਗਣਗੇ ਤੇ ਸਹੀ ਸਿਆਸਤ ਨਾਲ ਜੁੜਣਗੇ ਉਸ ਦਿਨ ਡੇਰੇ ਤੇ ਗੁਰਦੁਆਰੇ ਸੁੰਨੇ ਹੋ ਜਾਣਗੇ ਅਤੇ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਪੂੰਜੀਪਤੀ ਖੁਦ ਹੈਰਾਨ ਹੋ ਜਾਣਗੇ।

# ਮੰਦੀ 'ਚ ਵਪਾਰ, ਵਪਾਰ 'ਚ ਮੰਦੀ

ਜਿਥੇ ਇਕ ਪਾਸੇ ਦੁਨੀਆਂ ਭਰ ਦੇ ਹਾਕਮਾਂ ਵਿਚਕਾਰ ਅੱਜ ਮੰਦੀ ਦੇ ਹੱਲ ਲਈ ਸੁਰੱਖਿਆਵਾਦੀ ਕਦਮ ਉਠਾਉਣ ਸੰਬੰਧੀ ਬਹਿਸ ਤੇਜ਼ ਹੋ ਰਹੀ ਹੈ, ਉੱਥੇ ਮੱਠੀ ਵਿਕਾਸ ਦਰ ਅਤੇ ਵਧਦੀ ਛਾਂਟੀ-ਬੇਰੁਜ਼ਗਾਰੀ ਪਿੱਛੋਂ ਅੱਜ ਵਪਾਰ 'ਚ ਅਸਿਧੀ ਗਿਰਾਵਟ ਦੇ ਅੰਕੜੇ-ਮੁਲਾਂਕਣ ਸਾਹਮਣੇ ਆ ਰਹੇ ਹਨ। ਸੰਨ 2007'ਚ ਵਿਸ਼ਵ ਵਪਾਰ 6 ਫੀਸਦੀ ਦੀ ਰਫ਼ਤਾਰ ਨਾਲ ਵਧ ਰਿਹਾ ਸੀ। ਸੰਨ 2008 ਵਿਚ ਇਹ ਵਾਧਾ ਦਰ ਸਿਰਫ ਦੋ ਫੀਸਦੀ ਰਹੀ। ਸੰਨ 2009 ਲਈ ਕੌਮਾਂਤਰੀ ਮੁਦਰਾ ਕੋਸ਼ ਨੇ ਤਿੰਨ ਫੀਸਦੀ ਦੀ ਗਿਰਾਵਟ ਦੀ ਭਵਿੱਖਬਾਣੀ ਕੀਤੀ ਸੀ ਪਰ ਵਿਸ਼ਵ ਵਪਾਰ ਸੰਗਠਨ ਹਾਲੀ 'ਚ ਜਾਰੀ ਆਪਣੀ ਰਿਪੋਰਟ 'ਚ ਸੰਨ 2009 ਲਈ ਵਿਸ਼ਵ ਵਪਾਰ 'ਚ 9 ਫੀਸਦੀ ਦੀ ਭਵਿੱਖਬਾਣੀ ਕੀਤੀ ਹੈ। 45 ਦੇਸ਼ਾਂ 'ਚ ਵਪਾਰ ਸਬੰਧੀ ਅੰਕੜਿਆਂ ਦੇ ਵਿਸ਼ਲੇਸ਼ਣ ਦੇ ਅਧਾਰ 'ਤੇ ਵਿਸ਼ਵ ਬੈਂਕ ਨੇ ਦੱਸਿਆ ਹੈ ਕਿ ਜਨਵਰੀ ਮਹੀਨੇ 'ਚ ਵਪਾਰ 'ਚ ਔਸਤਨ 32 ਫੀਸਦੀ ਗਿਰਾਵਟ (ਪਿਛਲੇ ਸਾਲ ਦੀ ਤੁਲਨਾ ਵਿਚ) ਆਈ ਹੈ। ਧਨੀ ਦੇਸ਼ਾਂ ਦੇ ਵਪਾਰ 'ਚ ਦਸ ਫੀਸਦੀ ਦੀ ਗਿਰਾਵਟ ਦੀ ਸੰਭਾਵਨਾ ਹੈ। ਵਿਕਾਸਸ਼ੀਲ ਦੇਸ਼ਾਂ ਜਿਨ੍ਹਾਂ ਦੀ ਬਰਾਮਦ 1998 ਤੋਂ 2008 ਦੇ ਵਿਚਕਾਰ ਹਰ ਸਾਲ ਔਸਤਨ 15 ਫੀਸਦੀ ਦੀ ਦਰ ਨਾਲ ਵਧਿਆ ਸੀ, ਦੀ ਸਥਿਤੀ ਤੁਲਨਾਤਮ ਤੌਰ 'ਤੇ ਬੇਹਤਰ ਰਹੇਗੀ। ਇਨ੍ਹਾਂ ਦੀ ਬਰਾਮਦ 'ਚੋਂ ਦੋ ਤਿੰਨ ਫੀਸਦੀ ਦੀ ਗਿਰਾਵਟ ਆਉਣ ਦੀ ਸੰਭਾਵਨਾ ਹੈ। ਵਪਾਰ 'ਚ ਇਸ ਤੇਜ਼ ਗਿਰਾਵਟ ਦੀ ਵਜ੍ਹਾ ਵਿਸ਼ਵੀਕਰਨ ਵੀ ਹੈ। ਪੂੰਜੀ ਪੈਦਾਵਾਰ, ਬਜ਼ਾਰ ਸਭ ਦਾ ਵਿਸ਼ਵੀਕਰਨ ਪਿਛਲੇ ਦੋ ਦਹਾਕਿਆਂ 'ਚ ਪਹਿਲਾਂ ਦੇ ਮੁਕਾਬਲੇ ਬਹੁਤ ਤੇਜ਼ੀ ਨਾਲ ਹੋਇਆ ਹੈ ਅਤੇ ਹੁਣ ਵਪਾਰ 'ਚ ਗਿਰਾਵਟ ਵੀ ਵਿਸ਼ਵੀਕ੍ਰਿਤ ਰੂਪ 'ਚ ਦਿਸ ਰਹੀ ਹੈ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਦੇ ਹਾਕਮ ਆਪਣੇ ਵਿਕਾਸ ਦੇ ਅਮਲ ਦੇ ਅਧਾਰ 'ਤੇ ਵਿਸ਼ਵੀਕ੍ਰਿਤ ਖੁੱਲੇ ਅਰਥਚਾਰੇ ਨੂੰ ਵੇਖਦੇ ਹਨ ਕਿਉਂਕਿ ਵਿਸ਼ਵੀਕਰਨ ਦੇ ਪਿਛਲੇ ਦੋ ਦਹਾਕਿਆਂ ਵਿਚ ਇਨ੍ਹਾਂ ਦੇ ਅਰਥਚਾਰਿਆਂ ਨੇ ਖਾਸਾ ਵਾਧਾ ਕੀਤਾ ਹੈ। ਇਸ ਲਈ ਇਨ੍ਹਾਂ ਦੇਸ਼ਾਂ ਦੇ ਪੂੰਜੀਪਤੀ ਸੁਰੱਖਿਆਵਾਦੀ ਕਦਮਾਂ ਦੇ ਪੱਖ 'ਚ ਨਹੀਂ ਹਨ। ਅਜੇ ਇਨ੍ਹਾਂ ਦੇ ਅਰਥਚਾਰਿਆਂ 'ਤੇ ਮੰਦੀ ਦੀ ਮਾਰ ਵੀ ਮੁਕਾਬਲਤਨ ਘੱਟ ਹੈ।

ਵੈਸੇ ਅੱਜ ਦੇ ਅਰਥ ਸੰਕਟ ਦੀ ਅਵਸਥਾ 'ਚ ਸਾਰੇ ਦੇਸ਼ ਆਪਣੀ ਲੋੜ ਅਨੁਸਾਰ ਸੁਰੱਖਿਆਵਾਦੀ ਕਦਮ ਉਠਾ ਕੇ ਆਪਣੇ ਅਰਥਚਾਰਿਆਂ ਦੀ ਰਾਖੀ ਦੀ ਕੋਸ਼ਿਸ਼ ਕਰ ਰਹੇ ਹਨ। ਸੁਰੱਖਿਆਵਾਦ ਦਾ ਵਿਰੋਧ ਤਾਂ ਸਿਰਫ ਦੂਜੇ ਦੇਸ਼ਾਂ ਦੇ ਲਈ ਹੈ। ਵਿਸ਼ਵ ਵਪਾਰ 'ਚ ਨੌਂ ਫੀਸਦੀ ਦੀ ਗਿਰਾਵਟ ਕੀ ਬਿਨਾਂ ਰੱਖਿਆਵਾਦੀ ਕਦਮਾਂ ਦੇ ਹੀ ਆ ਜਾਵੇਗੀ?

# ਵਿਸ਼ਵੀ ਅਰਥਚਾਰੇ ਦੇ ਹੋਰ ਸੁੰਗੜਨ ਦੇ ਆਸਾਰਾ

ਸੰਸਾਰ ਬੈਂਕ ਨੇ ਭਵਿੱਖਬਾਣੀ ਕੀਤੀ ਹੈ ਕਿ ਸੰਸਾਰ ਅਰਥਚਾਰੇ ਦੇ ਇਸ ਸਾਲ 'ਚ ਸੁੰਗੜਨ ਦੀ ਸੰਭਾਵਨਾ ਹੈ। ਇਹ ਸੁੰਗੜਨ ਨਾ ਸਿਰਫ ਸੰਸਾਰ ਅਰਥਚਾਰੇ ਬਲਕਿ ਵਿਸ਼ਵੀ ਬਜ਼ਾਰ 'ਚ ਵੀ ਆਉਣ ਦੀ ਸੰਭਾਵਨਾ ਹੈ। ਦੂਜੇ ਸੰਸਾਰ ਯੁੱਧ ਪਿਛੋਂ ਇਹ ਪਹਿਲਾਂ ਮੌਕਾ ਹੈ ਕਿ ਜਦ ਵਿਸ਼ਵੀ ਅਰਥਚਾਰੇ 'ਚ ਸੁੰਗੜਨ ਦਿਸੇਗੀ। ਵਿਸ਼ਵ ਬੈਂਕ ਨੇ ਆਪਣੀ ਇਕ ਨਵੀਂ ਰਿਪੋਰਟ 'ਚ ਕਿਹਾ ਹੈ ਕਿ ਅਮਰੀਕੀ ਸਬ ਪ੍ਰਾਈਮ ਗਹਿਣੇ-ਸੰਕਟ ਤੋਂ ਸ਼ੁਰੂ ਹੋਇਆ। ਇਹ ਸੰਕਟ ਲੈਤਾਨੀ ਅਮਰੀਕਾ ਤੋਂ ਲੈ ਕੇ ਅਫ਼ਰੀਕਾ ਤੇ ਪੂਰਬੀ ਏਸ਼ੀਆ ਦੇ ਮੁਲਕਾਂ ਤੇ ਕਹਿਰਾ ਬਰਸਾ ਰਿਹਾ ਹੈ। ਇਸ ਨਾਲ ਮੁਲਕਾਂ 'ਚ ਨਾ ਸਿਰਫ ਵਿਕਾਸ ਦਰ 'ਚ ਗਿਰਾਵਟ ਆਈ ਹੈ ਬਲਕਿ ਉਨ੍ਹਾਂ ਦੀ ਕਰਜਾ ਲੈਣ ਦੀ ਸਾਖ਼ ਨੂੰ ਵੀ ਪ੍ਰਭਾਵਿਤ ਕੀਤਾ ਹੈ। ਅਜੇ ਤਕ ਵਿਸ਼ਵ ਅਰਥਚਾਰੇ ਬਾਰੇ ਏਨੀ ਬੁਰੀ ਭਵਿੱਖਬਾਣੀ ਕਿਸੇ ਨੇ ਨਹੀਂ ਕੀਤੀ ਸੀ। ਸਭ ਤੋਂ ਵੱਧ ਨਿਰਾਸ਼ਾਵਾਦੀ ਵੀ ਵਿਸ਼ਵ ਅਰਥਚਾਰੇ 'ਚ ਥੋੜੇ ਬਹੁਤ ਵਾਧੇ ਦੀ ਗੱਲ ਕਰ ਰਹੇ ਸਨ ਕਿ ਬਾਵਜੂਦ ਇਸ ਦੇ ਕਿ ਅਮਰੀਕਾ ਤੇ ਯੂਰਪ ਤੋਂ ਬਾਹਰ ਵਿਕਾਸ ਦਰਾਂ 'ਚ ਗਿਰਾਵਟ ਜਾਰੀ ਰਹੇ। ਇਸ ਸਾਲ ਜਨਵਰੀ ਮਹੀਨੇ ਦੇ ਅਖੀਰ ਤਕ ਕੌਮਾਂਤਰੀ ਮੁਦਰਾ ਕੋਸ਼ ਨੇ ਵਿਸ਼ਵੀ ਵਿਕਾਸ ਦਰ ਦੇ ਸਾਲ 2009 'ਚ ਸਿਰਫ 0.5 ਫੀਸਦੀ ਰਹਿਣ ਦਾ ਅੰਦਾਜ਼ਾ 20 ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਵਿੱਤ ਮੰਤਰੀਆਂ ਦਾ ਬੈਠਕ ਲਈ ਤਿਆਰ ਕੀਤੀ ਗਈ ਇਸ ਦੀ ਨਵੀਂ ਰਿਪੋਰਟ ਵਿੱਚ ਸੰਸਾਰ ਬੈਂਕ ਨੇ ਚੇਤਾਵਨੀ ਦਿੱਤੀ ਹੈ ਕਿ ਵਿੱਤੀ ਉਥਲ ਪੁਥਲ ਨਿਸ਼ਚਤ ਤੌਰ 'ਤੇ ਉਸ ਦੀ ਤੇ ਕੌਮਾਂਤਰੀ ਮੁਦਰਾ ਕੋਸ਼ ਦੀ ਰਾਹਤ ਪ੍ਰਾਦਨ ਕਰਨ ਦੀ ਸਮਰਥਾ ਨੂੰ ਕੁਚਲਣ ਦਾ ਮਾਦਾ ਰੱਖਦੀ ਹੈ। ਸੰਸਾਰ ਬੈਂਕ ਦੇ ਮੁਖੀ ਰਾਬਰਟ ਜੋ ਇਲਿਕ ਨੇ ਰੱਜੇ ਪੁੱਜੇ ਮੁਲਕਾਂ ਵਲੋਂ ਆਪਣੇ-ਆਪਣੇ ਅਰਥਚਾਰਿਆਂ ਦੀ ਸਿਹਤ 'ਤੇ ਖਰਚ ਕੀਤੇ ਜਾਣ ਵਾਲੇ ਧਨ ਦਾ ਇਕ 'ਰਾਹਤ ਕੋਸ਼' ਨਿਰਮਾਣ ਲਈ ਵੀ ਦੇਣ ਦੀ ਵਕਾਲਤ ਕੀਤੀ ਹੈ ਜਿਸ ਨਾਲ ਦੂਸਰੇ ਸੰਕਟ ਗ੍ਰਸਤ ਮੁਲਕਾਂ ਦੇ ਅਰਥਚਾਰੇ ਲੀਹ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਸਕੇ। ਮੌਜੂਦਾ ਆਰਥਕ ਸੰਕਟ ਦੇ ਸਮਾਜਕ ਤੇ ਰਾਜਸੀ ਸੰਕਟ 'ਚ ਤਬਦੀਲ ਹੋਣ ਦੀ ਸੰਭਾਵਨਾ ਨੂੰ ਰਖਾਂਕਿਤ ਕਰਦੇ ਹੋਇਆਂ ਸ਼੍ਰੀ ਮਾਨ ਜੋ ਇਕ ਸਲਾਹ ਦਿੰਦੇ ਹਨ, "ਮੌਜੂਦਾ ਵਿਸ਼ਵੀ ਆਰਥਕ ਦਾ ਹੱਲ ਵੀ ਵਿਸ਼ਵੀ ਹੈ। ਵਿਕਾਸ਼ੀਲ ਦੇਸ਼ਾਂ ਨੂੰ ਵਰਤਮਾਨ ਮਹਾਂਸੰਕਟ ਤੋਂ ਬਚਾਉਣ ਲਈ ਵਿਸ਼ਵੀਕਰਨ ਦਾ ਖਾਸ ਮਹੱਤਵ ਹੈ।" ਐਸਾ ਮੰਨਣਾ ਹੈ ਵਿਸ਼ਵ ਬੈਂਕ ਦੇ ਮੁਖੀ ਤਾਂ ਉਹ ਕਹਿੰਦੇ ਹਨ "ਸਾਨੂੰ ਰੱਖਿਆ ਤਾਣੇ ਬਾਣੇ (ਸੇਫਟੀਨੈਟ) ਬੁਨਿਆਦੀ ਢਾਂਚੇ ਤੇ ਛੋਟੇ ਦਰਮਿਆਨੇ ਉਦਯੋਗਾਂ ਵਿਚ ਨਿਵੇਸ਼ ਦੀ ਲੋੜ ਹੈ ਤਾਂ ਕਿ ਨਵੇਂ ਰੁਜ਼ਗਾਰ ਪੈਦਾ ਹੋਣ ਤੇ ਸਮਾਜਕ ਰਾਜਸੀ ਸੰਕਟ ਨੂੰ ਟਾਲਿਆ ਜਾ ਸਕੇ। ਵਿਕਾਸਸ਼ੀਲ ਦੇਸ਼ ਡੁੱਬਦੀ ਬਰਾਮਦ ਵਸਤਾਂ ਦੇ ਮੁੱਲਾਂ ਵਿੱਚ ਗਿਰਾਵਟ ਘਟਦੇ ਵਿਦੇਸ਼ੀ ਨਿਵੇਸ਼ ਤੇ ਉਧਾਰ (ਲੈਣ ਦੇਣ) ਸੰਕਟ ਕਾਰਨ ਘਰੋਂ ਸੰਕਟ ਵਿੱਚ ਹੈ।"

ਸੰਸਾਰ ਬੈਂਕ ਦਾ ਮੰਨਣਾ ਹੈ ਕਿ ਵਿਸ਼ਵੀ ਮੰਦੀ ਦਾ ਸੰਕਟ ਵੱਖ-ਵੱਖ ਦੇਸ਼ਾਂ 'ਚ ਵੱਖ ਵੱਖ ਰਿਹਾ ਹੈ। ਤੇਲ ਦੀਆਂ ਕੀਮਤਾਂ ਤੇ ਹੋਰ ਵਸਤਾਂ ਦੀਆਂ ਕੀਮਤਾਂ 'ਚ ਗਿਰਾਵਟ ਨੇ ਕੁਝ ਦੇਸ਼ਾਂ ਨੂੰ ਫਾਇਦਾ ਪਹੁੰਚਾਇਆ ਤਾਂ ਕੁਝ ਨੂੰ ਨੁਕਸਾਨ ਉਭਰਦੇ

ਹੋਏ ਵਿਕਾਸਸ਼ੀਲ ਅਰਥਚਾਰੇ ਨੂੰ ਹੁਣ 270 ਅਰਬ ਡਾਲਰ ਤੇ ਅਗਲੇ ਇਕ ਦੋ ਸਾਲਾਂ 'ਚ 700 ਅਰਬ ਡਾਲਰ ਵਿੱਤ ਦੀ ਕਮੀ ਝਲਣੀ ਪੈਣੀ ਹੈ। ਮੱਧ ਯੂਰਪ ਦੇ ਮੁਲਕ ਜਿਵੇਂ ਪੋਲੈਂਡ, ਹੰਗਰੀ, ਪੱਛਮੀ ਯੂਰਪ, ਚੇਫ ਰੀਪਬਲਿਨ ਨੂੰ ਹੋਣ ਵਾਲੀ ਬਰਾਮਦ 'ਚ ਗਿਰਾਵਟ ਆਉਣ ਬੁਰੀ ਤਰ੍ਹਾਂ ਸੰਕਟ ਵਿੱਚ ਹਨ। ਇਹ ਮੁਲਕ ਅਮਰੀਕੀ ਬੈਂਕਾਂ ਦੇ ਸਬਪ੍ਰਾਈਮ ਕਾਰਨ ਉਧਾਰ ਨਾ ਮਿਲ ਸਕਣ ਕਰਕੇ ਸੰਕਟ ਵਿੱਚ ਹਨ। ਇਹਨਾਂ ਦੇ ਅਰਥਚਾਰੇ ਦਿਵਾਲੀਆ ਹੋਣ ਵੱਲ ਵਧ ਰਹੇ ਹਨ। ਪੂਰਬੀ ਏਸ਼ੀਆ ਦੇ ਮੁਲਕ ਵੀ ਸੰਸਾਰ ਬਾਜ਼ਾਰ 'ਚ ਆਈ ਗਿਰਾਵਟ ਦੀ ਮਾਰ ਝੱਲ ਰਹੇ ਹਨ। ਇਹਨਾਂ ਦੀਆਂ ਵਸਤਾਂ ਦਾ ਮੁਲਕ ਬਾਜ਼ਾਰ ਅਮਰੀਕਾ ਬਣਦਾ ਸੀ। ਜਿਥੇ ਵਿਤੀ ਸੰਕਟ ਅਮਰੀਕਾ ਦੇ ਪੈਦਾਵਾਰ ਤੇ ਵੰਡ ਦੇ ਜ਼ਿਆਦਾਤਰ ਖੇਤਰਾਂ ਨੂੰ ਹੈ। ਅਮਰੀਕਾ 'ਚ ਅਜੇ ਤੱਕ ਮੌਜੂਦ ਸੰਕਟ ਦੇ ਚਲਦਿਆਂ 44 ਲੱਖ ਰੁਜ਼ਗਾਰ ਖਤਮ ਹੋ ਗਏ ਹਨ ਤੇ ਹਰ ਸਾਲ 6 ਲੱਖ ਰੁਜ਼ਗਾਰ ਖ਼ਤਮ ਹੋ ਰਹੇ ਹਨ। ਅਜਿਹੇ ਵਿੱਚ ਅਮਰੀਕਾ 'ਚ ਸਸਤੀਆਂ ਪੈਦਾਵਾਰੀ ਵਸਤਾਂ ਦੀ ਮੰਗ 'ਚ ਗਿਰਾਵਟ ਆਈ ਹੈ। ਇਸ ਨੇ ਕਈ ਏਸ਼ੀਆਈ ਮੁਲਕਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਹੈ। ਅਮਰੀਕਾ 'ਚ ਸਸਤੀਆਂ ਪੈਦਾਵਾਰੀ ਵਸਤਾਂ ਦੀ ਮੰਗ 'ਚ ਆਈ ਗਿਰਾਵਟ ਨੇ ਚੀਨ 'ਚ ਵੀ ਕੱਚੇ ਮਾਲ ਤੇ ਸਹਾਇਕ ਉਪਕਰਣਾਂ ਦੀ ਮੰਗ 'ਚ ਗਿਰਾਵਟ ਪੈਦਾ ਕੀਤੀ ਹੈ। ਵਸਤਾਂ ਦੀਆਂ ਕੀਮਤਾਂ 'ਚ ਗਿਰਾਵਟ ਨੇ ਕਈ ਅਫਰੀਕੀ ਤੇ ਲਤੀਨੀ ਅਮਰੀਕੀ ਮੁਲਕਾਂ 'ਚ ਵੱਡੀਆਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ ਹਨ। ਤੇਲ ਦੀਆਂ ਕੀਮਤਾਂ 'ਚ ਗਿਰਾਵਟ ਜੋ ਕਿ ਬੀਤੇ ਜੁਲਾਈ ਮਹੀਨੇ ਤੋਂ ਦਸੰਬਰ ਤਕ 69 ਫੀਸਦੀ ਰਹੀ-ਨੇ ਜਿਥੇ ਤੇਲ ਦਰਾਮਦ ਮੁਲਕਾਂ ਨੂੰ ਲਾਭ ਪਹੁੰਚਾਇਆ ਹੈ। ਉਥੇ ਤੇਲ ਬਰਾਮਦ ਕਰਨ ਵਾਲੇ ਮੁਲਕਾਂ ਦੀ ਸਥਿਤੀ ਬਹੁਤ ਬੁਰੀ ਹੋ ਗਈ ਹੈ। ਬ੍ਰਾਜ਼ੀਲ ਜੋ ਤਿਆਰ ਵਸਤਾਂ ਦੇ ਨਾਲ ਨਾਲ ਤੇਲ ਦੀ ਬਰਾਮਦ ਕਰਨ ਵਾਲਾ ਮੁਲਕ ਵੀ ਹੈ, ਨੇ ਪਿਛਲੇ 8 ਸਾਲਾਂ ਵਿੱਚ ਆਪਣੇ ਪਹਿਲੇ ਵਪਾਰਕ ਘਾਟੇ ਦਾ ਐਲਾਨ ਕੀਤਾ ਹੈ। ਇਸ ਦੀ ਬਰਾਮਦ 28 ਫੀਸਦੀ ਡਿੱਗ ਪਈ ਹੈ।

ਸੰਸਾਰ ਬੈਂਕ ਦੀ ਰਿਪੋਰਟ 'ਚ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਵਿਕਸਤ ਮੁਲਕਾਂ ਨੂੰ ਆਪਣੇ ਅਰਥਚਾਰਿਆਂ ਲਈ ਪ੍ਰੇਰਕ ਯੋਜਨਾਵਾਂ ਹਿੱਤ ਵਿੱਤੀ ਰਾਹਤ ਪੈਕਜਾਂ ਨੂੰ ਤਿਆਰ ਕਰਦੇ ਹੋਇਆ 07 ਫੀਸਦੀ ਵਿੱਤੀ ਰਾਸ਼ੀ ਵੱਖ ਕੱਢ ਲੈਣੀ ਚਾਹੀਦੀ ਹੈ ਤਾਂ ਕਿ ਗਰੀਬ ਮੁਲਕਾਂ ਦੇ ਅਰਥਚਾਰਿਆਂ ਨੂੰ ਮਜ਼ਬੂਤੀ ਮਿਲ ਸਕੇ। ਸੰਸਾਰ ਬੈਂਕ ਦੇ ਮੁਖੀ ਅਨੁਸਾਰ ਉਪਰੋਕਿਤ ਧਨ ਦੇ ਆਧਾਰ 'ਤੇ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ਿਸ਼ ਗਰੀਬ ਮੁਲਕਾਂ ਦੀ ਮਦਦ ਕਰ ਸਕਣ 'ਚ ਸਮਰਥ ਹੋ ਸਕਣਗੇ।

ਵਿਕਾਸਸ਼ੀਲ ਦੇਸ਼ਾਂ ਦੀ ਸੰਕਟਪੂਰਨ ਸਥਿਤੀ ਤੇ ਸੰਸਾਰ ਬੈਂਕ ਦੀਆਂ ਚਿੰਤਾਵਾਂ ਕਿੰਨੀਆਂ ਵਿਆਪਕ ਹਨ ਇਹ ਕੋਈ ਭੇਦ ਨਹੀਂ ਹੈ। ਅੱਜ ਇਹਨਾਂ ਦੇਸ਼ਾਂ ਵਿਚ ਵੀ ਸੰਕਟ ਆਇਆ ਹੈ। ਇਸ ਨੂੰ ਲਿਆਉਣ 'ਚ ਸੰਸਾਰ ਬੈਂਕ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਜਿਹੀ ਹਾਲਤ 'ਚ ਇਹਨਾਂ ਦੇਸ਼ਾਂ ਦੇ ਅਰਥਚਾਰਿਆਂ ਸਬੰਧੀ ਜੋ ਚਿੰਤਾਵਾਂ ਜ਼ਾਹਰ ਕੀਤੀਆਂ ਜਾ ਰਹੀਆਂ ਹਨ ਉਸ 'ਚ ਦਰਅਸਲ ਸੰਸਾਰ ਪੂੰਜੀਵਾਦ ਦੀ ਸਿਹਤ ਦੀ ਚਿੰਤਾ ਹੈ। ਇਹਨਾਂ ਦੇਸ਼ਾਂ 'ਚ ਲੱਗੀ ਸਾਮਰਾਜੀ ਪੂੰਜੀ ਦੀ ਚਿੰਤਾ ਵੀ ਮੁੱਖ ਹੈ। ਨਾਲ ਹੀ ਇਹਨਾਂ ਦੇਸ਼ਾਂ ਵਿਚ ਪੂੰਜੀਵਾਦ ਸਾਮਰਾਜ ਵਿਰੋਧੀ ਅੰਦੋਲਨ ਦੇ ਜ਼ੋਰ ਫੜਨ ਨੂੰ ਲੈ ਕੇ ਵੀ ਸੰਸਾਰ ਬੈਂਕ ਚਿੰਤਤ ਹੈ।

# ਵਿਸ਼ਵੀ ਆਰਥਿਕ ਮਹਾਂਮੰਦੀ ਬਨਾਮ ਮਾਰਕਸਵਾਦ

ਸੋਵੀਅਤ ਯੂਨੀਅਨ ਦੇ ਖਿੰਡਣ ਤੇ ਚੀਨ ਦੇ ਸਾਮਰਾਜੀ ਭੂਮੰਡਲੀਕਰਨ ਦੀ ਆਰਥਿਕ ਵਿਵਸਥਾ 'ਚ ਸ਼ਾਮਲ ਹੋਣ ਪਿਛੋਂ ਅਮਰੀਕੀ ਸਾਮਰਾਜ ਦੇ ਰਾਜਨੇਤਾ ਤੇ ਵਿਚਾਰਕਾਂ ਨੇ ਇਤਿਹਾਸ ਦੇ ਅੰਤ ਦਾ ਐਲਾਨ ਕਰ ਦਿੱਤਾ। ਉਹਨਾਂ ਨੇ ਸਮਾਜਵਾਦ ਦੇ ਅੰਤ ਦਾ ਐਲਾਨ ਕੀਤਾ ਅਤੇ ਕਿਹਾ ਕਿ ਸਮਾਜ/ਪੂੰਜੀਵਾਦ/ਸਾਮਰਾਜੀ ਵਿਸ਼ਵੀ ਕਰਨ ਦੇ ਤਹਿਤ ਨਿਰੰਤਰ ਵਿਕਾਸ ਕਰਦਾ ਜਾਵੇਗਾ ਅਤੇ ਜਮਾਤਾਂ ਤੇ ਦੇਸ਼ਾਂ ਵਿਚਕਾਰ ਦੀ ਕੁੜੱਤਣ ਦੂਰ ਹੋ ਜਾਵੇਗੀ। ਵਿਸ਼ਵ ਵਪਾਰ ਸੰਗਠਨ wto ਵਲੋਂ ਨਿਯਮਤ ਵਿਸ਼ਵ ਬਾਜ਼ਾਰ ਪ੍ਰਬੰਧ 'ਚ ਵਿਕਾਸ਼ਸ਼ੀਲ ਦੇਸ਼ਾਂ ਦੀਆਂ ਵਸਤਾਂ ਵਿਕਸਤ ਦੇਸ਼ਾਂ ਦੇ ਬਾਜ਼ਾਰ 'ਚ ਆਉਣਗੀਆਂ ਅਤੇ "ਵਿਸ਼ਵੀ ਪਿੰਡ" Global Village ਦੀ ਇਸ ਵਿਵਸਥਾ 'ਚ ਗਰੀਬ ਦੇਸ਼ ਦੀ ਜਨਤਾ ਖੁਸ਼ਹਾਲ ਹੋ ਜਾਵੇਗੀ। ਇਸ ਨਵੀਂ ਵਿਸ਼ਵ ਵਿਵਸਥਾ 'ਚ ਸਭ ਨੂੰ ਰੋਟੀ ਰੋਜ਼ੀ, ਸਿੱਖਿਆ, ਸਿਹਤ ਤੇ ਵਿਕਾਸ ਦਾ ਮੌਕਾ ਮੁਹਈਆ ਹੋਵੇਗਾ, ਮਨੁੱਖੀ ਅਧਿਕਾਰ ਤੇ ਲੋਕਤੰਤਰ ਦੀ ਸ਼ਾਨ ਬਹਾਲ ਹੋ ਜਾਵੇਗੀ। ਪੂਰੇ ਸੰਸਾਰ 'ਚ ਸ਼ਾਂਤੀ ਦਾ ਰਾਜ ਹੋਵੇਗਾ ਤੇ ਸ਼ੀਤ ਯੁੱਧ ਦੇ ਦਿਨਾਂ (ਜਦ ਅਮਰੀਕਾ ਤੇ ਸੋਵੀਅਤ ਯੂਨੀਅਨ ਵਿਚਕਾਰ ਤਣਾਅ ਕਾਰਨ ਨਿਊਕਲੀਅਰ ਯੁੱਧ ਦਾ ਖਤਰਾ ਸੀ) ਦੀ ਅਸੁਰਖਿਆ ਤੋਂ ਮਨੁੱਖੀ ਸਮਾਜ ਮੁਕਤ ਹੋਵੇਗਾ। ਵਿਸ਼ਵੀਕਰਨ ਦੇ ਪਹਿਲੇ ਦਹਾਕੇ ਦੇ ਦੌਰ 'ਚ ਵਿਸ਼ਵ ਵਪਾਰ ਵਧਿਆ। ਸਾਮਰਾਜੀ ਦੇਸ਼ਾਂ ਦੀ ਪੂੰਜੀ ਵੱਡੇ ਪੈਮਾਨੇ ਤੇ ਵਿਕਾਸਸ਼ੀਲ ਦੇਸ਼ਾਂ ਦੇ ਉਦਯੋਗ ਸੇਵਾ ਖੇਤਰ, ਬੈਂਕਿੰਗ ਤੇ ਸਟਾਕ ਮਾਰਕਿਟ ਵਿਚ ਲੱਗੀ। ਇਸ ਨਾਲ ਵਿਸ਼ਵੀ ਪੱਧਰ 'ਤੇ ਪੈਦਾਵਾਰ ਵਧੀ, ਆਰਥਿਕ ਵਿਕਾਸ ਦੀ ਦਰ ਵਧੀ, ਵਿਸ਼ਵ ਵਪਾਰ ਤੇ ਵਟਾਂਦਰਾ ਵਧਿਆ। ਪਰ ਇਸ ਵਿਕਾਸ ਦਾ ਫਾਇਦਾ ਜ਼ਿਆਦਾਤਰ ਵਿਕਸਤ ਦੇਸ਼ ਹੀ ਉਠਾ ਸਕੇ। ਉਥੇ ਵੀ ਇਸ ਦਾ ਵੱਡਾ ਲਾਭ ਪੂੰਜੀਪਤੀਆਂ, ਉਦਯੋਗਪਤੀਆਂ ਤੇ ਵਪਾਰੀਆਂ ਨੂੰ ਮਿਲਿਆ ਜਿਹਨਾਂ ਦੇ ਕੰਟਰੋਲ ਵਿਚ ਉਥੇ ਬੈਂਕ ਤੇ ਹੋਰ ਵਿਤੀ ਸੰਸਥਾਵਾਂ ਸਮੇਤ ਬਹੁਤ ਕੌਮੀ ਕੰਪਨੀਆਂ ਹਨ। ਸ਼ੁਰੂਆਤੀ ਦੌਰ ਦੀ ਇਸ ਸਫਲਤਾ ਨਾਲ ਉਤਸ਼ਾਹਿਤ ਹੋ ਕੇ ਪੂੰਜੀਵਾਦ ਦੇ ਪੈਰੋਕਾਰ ਬੁਧੀਜੀਵੀਆਂ ਨੇ (ਅਮਰੀਕਾ ਤੇ ਹੋਰ ਦੇਸ਼ਾਂ ਦੇ) ਮਾਰਕਸਵਾਦ ਦੇ ਅੰਤ ਤੇ ਸਮਾਜਵਾਦ ਦੇ ਅੰਤ ਤੇ ਸਿਧਾਂਤ ਤਕ ਦੇ ਅੰਤ ਦਾ ਐਲਾਨ ਕਰ ਦਿੱਤਾ।

ਇਹ ਦੌਰ ਅਜੇ ਚਲ ਹੀ ਰਿਹਾ ਸੀ ਕਿ ਅਮਰੀਕਾ 'ਚ ਰਿਪਬਲੀਕਨ ਪਾਰਟੀ ਦੇ ਉਮੀਦਵਾਰ ਵਜੋਂ ਜਾਰਜ ਬੁਸ਼ ਰਾਸ਼ਟਰਪਤੀ ਚੁਣੇ ਗਏ। ਬੁਸ਼ ਦੀ ਅਗਵਾਈ 'ਚ 21ਵੀਂ ਸਦੀ ਨੂੰ ਅਮਰੀਕੀ ਸਦੀ 'ਚ ਤਬਦੀਲ ਕਰਨ ਦੀਆਂ ਯੋਜਨਾਵਾਂ ਬਣਨੀਆਂ ਸ਼ੁਰੂ ਹੋਈਆਂ ਤਾਂ ਕਿ ਅਮਰੀਕੀ ਸਾਮਰਾਜ ਦਾ ਦਾਅਵਾ ਪੂਰੀ ਦੁਨੀਆਂ 'ਤੇ ਛਾਇਆ ਰਹੇਗਾ। 9/11 ਨੂੰ ਨਿਊਯਾਰਕ ਦੇ ਟਵੀਨ ਟਾਵਰਜ਼ 'ਤੇ ਹੋਏ ਹਮਲੇ ਨੂੰ ਅਮਰੀਕਾ ਤੇ ਹਮਲਾ ਕਰਾਰ ਦੇ ਕੇ ਬੁਸ਼ ਪ੍ਰਸ਼ਾਸ਼ਨ ਨੇ 'ਅੱਤਵਾਦ ਵਿਰੁੱਧ ਜੰਗ' ਦੇ ਨਾਂ 'ਤੇ ਅਫਗਾਨਿਸਤਾਨ ਤੇ ਇਰਾਕ ਉਪਰ ਹੱਲਾ ਬੋਲ ਦਿੱਤਾ। ਇਹ ਅਸਲ ਵਿਚ ਪੂਰੀ ਦੁਨੀਆਂ 'ਤੇ ਅਮਰੀਕੀ ਦਾਅਵਾ ਕਾਇਮ ਕਰਨ ਦੀ ਸਾਮਰਾਜੀ ਮੁਹਿੰਮ ਸ਼ੁਰੂ ਕੀਤੀ ਸੀ। ਜੋ ਲੋਕ ਸੋਚਦੇ ਸਨ ਕਿ ਭੂਮੰਡਲੀਕਰਨ ਦੇ ਦੌਰ ਵਿਚ ਸਾਰੇ ਮਹੱਤਵਪੂਰਨ ਮਸਲੇ

ਸ਼ਾਂਤੀਪੂਰਨ ਢੰਗ ਨਾਲ ਹੱਲ ਹੋ ਜਾਣਗੇ ਅਤੇ ਦੁਨੀਆਂ 'ਚ ਸ਼ਾਂਤੀ ਤੇ ਅਮਨ ਚੈਨ ਦਾ ਰਾਜ ਹੋਵੇਗਾ। ਉਹਨਾਂ ਦਾ ਸੁਪਨਾ ਚਕਨਾ ਚੂਰ ਹੋ ਗਿਆ। ਇਸ ਪਿੱਛੋਂ 2008 ਦੀ ਮਹਾਂਮੰਦੀ ਆਈ ਜੋ ਅਮਰੀਕਾ ਤੋਂ ਸ਼ੁਰੂ ਹੋ ਕੇ ਪੂਰੀ ਦੁਨੀਆਂ 'ਚ ਫੈਲ ਗਈ। ਲੇਹਮਾਨ ਬਰਦਰਸ਼ ਸਿਟੀ ਬੈਂਕ, ਗੋਲਡ ਮੈਨ ਮੈਚ ਵਰਗੇ ਵਿਸ਼ਵ ਦੇ ਸਭ ਤੋਂ ਵੱਡੇ ਬੈਂਕ ਦਿਵਾਲੀਆ ਹੋ ਗਏ। ਇਹ ਸਥਿਤੀ ਯੂਰਪ ਤੇ ਜਪਾਨ ਦੀ ਵੀ ਹੋ ਗਈ। ਸਾਰੀ ਦੁਨੀਆਂ 'ਚ ਸਟਾਕ ਅਕਸਚੈਂਜ 'ਚ ਸ਼ੇਅਰਾਂ ਦੀਆਂ ਕੀਮਤਾਂ ਢਹਿ ਢੇਰੀ ਹੋ ਗਈਆਂ। ਨਿੱਜੀਕਰਨ ਦੇ ਤਕੜੇ ਹਮਾਇਤੀ ਤੇ ਪੂਰੀ ਦੁਨੀਆਂ 'ਤੇ ਨਿੱਜੀਕਰਨ ਠੋਸਣ ਵਾਲੇ ਦੇਸ਼ਾਂ ਅਮਰੀਕਾ, ਇੰਗਲੈਂਡ, ਜਰਮਨੀ, ਫਰਾਂਸ, ਜਾਪਾਨ ਆਦਿ' ਬੈਂਕ ਦਾ ਸਰਕਾਰੀ ਕਰਨ ਹਨੇਰੀ ਦੀ ਰਫਤਾਰ ਨਾਲ ਹੋਣ ਲੱਗਿਆ।

ਬੈਂਕਾਂ ਤੋਂ ਇਲਾਵਾ ਵੱਡੇ ਵੱਡੇ ਉਦਯੋਗ ਦਿਵਾਲੀਆ ਹੋ ਕੇ ਬੰਦ ਹੋਣ ਲੱਗੇ। ਅਮਰੀਕਾ ਦੀ ਪ੍ਰਸਿੱਧ ਮੋਟਰ ਕਾਰ ਬਣਾਉਣ ਵਾਲੀਆਂ ਕੰਪਨੀਆਂ ਫੋਰਡ, ਜਨਰਲ ਮੋਟਰਸ ਆਦਿ ਦਿਵਾਲੀਆ ਹੋ ਕੇ ਬੰਦੀ ਦੇ ਕੰਢੇ ਪਹੁੰਚ ਗਈਆਂ। ਵੱਡੇ ਵੱਡੇ ਬੈਂਕਾਂ ਤੇ ਉਦਯੋਗਾਂ ਦੇ ਮਾਲਕ ਤੇ ਮੈਨੇਜਰ ਜੋ ਪਹਿਲਾਂ ਸਰਕਾਰੀ ਦੀ ਕਿਸੇ ਕਿਸਮ ਦੀ ਦਖਲਅੰਦਾਜ਼ੀ ਜਾਂ ਨਿਗਰਾਨੀ ਦੇ ਸਖਤ ਵਿਰੋਧੀ ਸਨ ਸਰਕਾਰ ਮਦਦ ਲਈ ਹੱਥ ਜੋੜਨ ਲੱਗੇ। ਅਮਰੀਕੀ ਵੱਡੇ ਤੇ ਦਰਮਿਆਨੇ ਉਦਯੋਗ ਵੱਡੇ ਪੈਮਾਨੇ 'ਤੇ ਬੰਦ ਹੋਣ ਲੱਗੇ। ਵਿਤੀ ਸੰਸਥਾਵਾਂ ਸਭ ਤੋਂ ਜ਼ਿਆਦਾ ਬੁਰੀ ਹਾਲਤ ਵਿਚ ਸਨ। ਏ. ਆਈ. ਜੀ. ਵਰਗੀ ਅਮਰੀਕਾ ਦੀ ਵਿਸ਼ਵ ਪੱਧਰੀ ਇਸ਼ੋਰੈਂਸ (ਬੀਮਾ) ਕੰਪਨੀ ਬੰਦੀ ਦੇ ਕਿਨਾਰੇ ਪਹੁੰਚ ਗਈ। ਹਰ ਮਹੀਨੇ ਲੱਖਾਂ ਮਜ਼ਦੂਰ ਇਕੱਲੇ ਅਮਰੀਕਾ 'ਚ ਆਪਣੀ ਨੌਕਰੀ ਗਵਾ ਰਹੇ ਸਨ। ਬੁਸ਼ ਪ੍ਰਸ਼ਾਸ਼ਨ ਆਪਣੀ ਹਕੂਮਤ ਦੇ ਆਖਰੀ ਸਮੇਂ (16 ਜਨਵਰੀ ਨੂੰ) ਇਕ ਰਿਪੋਰਟ ਜਾਰੀ ਕੀਤੀ ਜਿਸ ਅਨੁਸਾਰ 2009 ਦੇ ਹਰੇਕ ਮਹੀਨੇ ਕਰੀਬ 2 ਲੱਖ 35 ਹਜ਼ਾਰ ਕਾਮੇ ਆਪਣੀ ਨੌਕਰੀ ਗਵਾਉਣਗੇ। ਪੂਰੇ ਸਾਲ 'ਚ 28 ਲੱਖ। ਪਰ ਅਸਲੀ ਅੰਕੜੇ 2009 ਦੀ ਸ਼ੁਰੂਆਤ 'ਚ ਇਸ ਤੋਂ ਕਿਤੇ ਵੱਧ ਨਿਕਲੇ। 4 ਤੋਂ 5 ਲੱਖ ਮਜ਼ਦੂਰ ਅਮਰੀਕਾ 'ਚ ਹਰ ਮਹੀਨੇ ਆਪਣੀ ਨੌਕਰੀ ਗਵਾ ਰਹੇ ਹਨ। ਕੌਮਾਂਤਰੀ ਕਿਰਤ ਸੰਗਠਨ i.l.o. ਅਨੁਸਾਰ ਸਾਲ 2009 'ਚ ਬੇਰੁਜ਼ਗਾਰਾਂ ਦੀ ਗਿਣਤੀ 'ਚ 5 ਕਰੋੜ ਦੇ ਵਾਧੇ ਦਾ ਡਰ ਹੈ। ਬੰਦੀ ਤੇ ਬੇਕਾਰੀ ਦੀ ਇਸ ਮਾਰ ਨਾਲ ਬਾਜ਼ਾਰ ਬਰਬਾਦੀ ਕੰਢੇ ਪੁੱਜ ਗਿਆ ਹੈ। ਅਮਰੀਕਾ ਸਮੇਤ ਸਾਰੇ ਵਿਕਸਤ ਪੂੰਜੀਵਾਦੀ/ਸਾਮਰਾਜੀ ਮੁਲਕਾਂ 'ਚ ਮੰਦੀ ਦੀ ਮਾਰ ਨਾਲ ਬਜ਼ਾਰ ਸੁੰਗੜ ਗਿਆ ਤੇ ਚਾਰੇ ਪਾਸੇ ਨਿਰਾਸ਼ਾ ਦਾ ਆਲਮ ਫੈਲ ਗਿਆ। ਇਸ ਪ੍ਰਕਾਰ ਪੂੰਜੀਵਾਦ ਤੇ ਸਾਮਰਾਜਵਾਦ ਦਾ ਰੰਗੀਨ ਬੁਲਬਲਾ ਫੁੱਟ ਗਿਆ। ਜੋ ਲੋਕ ਪਹਿਲਾਂ ਮਾਰਕਸਵਾਦ ਤੇ ਸਮਾਜਵਾਦ ਦੇ ਅੰਤ ਦਾ ਨਾਹਰਾ ਬੁਲੰਦ ਕਰਦੇ ਥੱਕਦੇ ਨਹੀਂ ਸਨ, ਉਹੀ ਲੋਕਾਂ ਨੂੰ ਮਾਰਕਸ ਦੀਆਂ ਕਿਤਾਬਾਂ ਲੱਭਣ ਲੱਗੇ ਹੋਏ ਹਨ। ਉਹਨਾਂ ਦੀ ਪੜ੍ਹਾਈ ਕਰਨ ਲੱਗੇ ਹਨ ਕਿ ਕਿਸ ਤਰ੍ਹਾਂ ਮਾਰਕਸ ਨੇ ਪੂੰਜੀਵਾਦ ਅੰਦਰ ਇਸ ਕਿਸਮ ਦੇ ਸੰਕਟ ਦੇ ਲਾਜ਼ਮੀ ਆਉਣ ਦੀ ਭਵਿੱਖਬਾਣੀ ਕੀਤੀ ਸੀ ਅਤੇ ਉਹ ਵੀ ਅੱਜ ਤੋਂ 100 ਸਾਲ ਪਹਿਲਾਂ 1844-48 ਵਿਚ।

ਆਓ ਆਪਾਂ ਦੇਖੀਏ ਕਿ ਮਾਰਕਸ ਨੇ ਵਿਸ਼ਵ ਬਾਜ਼ਾਰ ਦੇ ਵਿਕਾਸ ਤੇ ਪੂੰਜੀਵਾਦ ਦੇ ਸੰਕਟ ਸੰਬੰਧੀ ਕੀ ਕਿਹਾ ਸੀ। 1884 ਵਿਚ ਮਾਰਕਸ ਤੇ ਏਂਗਲਜ਼ ਨੇ ਕਮਿਊਨਿਸਟ ਲੀਗ ਨਾਮਕ ਮਜ਼ਦੂਰਾਂ ਦੇ ਕੌਮਾਂਤਰੀ ਸੰਘ ਲਈ "ਕਮਿਊਨਿਸਟ ਪਾਰਟੀ

ਦਾ ਐਲਾਨਨਾਮਾ" ਤਿਆਰ ਕੀਤਾ। ਉਦੋਂ ਤੋਂ ਲੈ ਕੇ ਅੱਜ ਤੱਕ ਇਸ ਦੀ ਕਰੋੜਾਂ ਕਾਪੀਆਂ ਦੁਨੀਆਂ ਦੀਆਂ ਦਰਜਨਾਂ ਭਾਸ਼ਾਵਾਂ 'ਚ ਛਪ ਚੁੱਕੀਆਂ ਹਨ। ਪੂੰਜੀਵਾਦ ਦੀ ਤਾਕਤ ਤੇ ਉਸ ਦੀਆਂ ਸੀਮਤਾਈਆਂ 'ਤੇ ਰੌਸ਼ਨੀ ਪਾਉਂਦਿਆਂ ਮਾਰਕਸ ਤੇ ਏਂਗਲਜ਼ ਨੇ ਕਿਹਾ ਹੈ ਕਿ "ਪੈਦਾਵਾਰ, ਵੰਡ, ਵਟਾਂਦਰਾ ਤੇ ਮਾਲਕੀ ਦੇ ਪੂੰਜੀਵਾਦੀ ਸਬੰਧਾਂ ਸਮੇਤ ਅਧੁਨਿਕ ਪੂੰਜੀਵਾਦੀ ਸਮਾਜ ਉਹ ਸਮਾਜ ਜਿਸ ਨੇ ਆਪਣੇ ਜਾਦੂ ਦੇ ਜ਼ੋਰ ਨਾਲ ਪਤਾਲ ਲੋਕ ਦੀਆਂ ਸ਼ਕਤੀਆਂ ਨੂੰ ਬੁਲਾ ਤਾਂ ਲਿਆ ਹੈ ਪਰ ਉਹਨਾਂ ਨੂੰ ਕਾਬੂ ਕਰਨ 'ਚ ਉਹ ਅਸਮਰਥ ਹਨ। ਪਿਛਲੇ ਕਈ ਦਹਾਕਿਆਂ ਤੋਂ ਉਦਯੋਗ ਤੇ ਵਪਾਰ ਦਾ ਇਤਿਹਾਸ ਅਧੁਨਿਕ ਪੈਦਾਵਾਰੀ ਸ਼ਕਤੀਆਂ ਦੇ ਉਤਪਾਦਨ ਦੀਆਂ ਆਧੁਨਿਕ ਅਵਸਥਾਵਾਂ (ਪੜਾਵਾਂ) ਖਿਲਾਫ, ਮਾਲਕੀ ਦੇ ਉਹਨਾਂ ਸਬੰਧਾਂ ਖਿਲਾਫ ਬਗਾਵਤ ਦਾ ਹੀ ਇਤਿਹਾਸ ਹੈ, ਜੋ ਪੂੰਜੀਪਤੀ ਜਮਾਤ ਤੇ ਉਸ ਦੀ ਹਕੂਮਤ ਦੀ ਹੋਂਦ ਦੀਆਂ ਸ਼ਰਤਾਂ ਹਨ। ਇਥੇ ਉਹਨਾਂ ਵਪਾਰਕ ਸੰਕਟਾਂ ਦਾ ਜ਼ਿਕਰ ਕਰ ਦੇਣਾ ਜ਼ਰੂਰੀ ਹੈ ਜਿਸ ਦੇ ਬੱਝਵੇਂ ਸਮੇਂ ਰਾਹੀਂ ਪੂੰਜੀਵਾਦੀ ਦੀ ਹੋਂਦ ਦੀ ਹਰ ਵੱਧ ਸਖਤੀ ਨਾਲ ਪ੍ਰੀਖਿਆ ਹੁੰਦੀ ਹੈ। ਇਹਨਾਂ ਸੰਕਟਾਂ 'ਚ ਨਾ ਸਿਰਫ ਮੌਜੂਦਾ ਵਸਤਾਂ ਦੇ ਹੀ ਬਲਕਿ ਪਹਿਲਾਂ ਤੋਂ ਹੀ ਪੈਦਾ ਪੈਦਾਵਾਰੀ ਸ਼ਕਤੀਆਂ ਦੇ ਇਕ ਵੱਡੇ ਹਿੱਸੇ ਨੂੰ ਸਮੇਂ ਸਮੇਂ ਸਿਰ ਨਸ਼ਟ ਕਰ ਦਿੱਤਾ ਜਾਂਦਾ ਹੈ। ਇਹਨਾਂ ਸੰਕਟਾਂ ਸਮੇਂ ਇਕ ਮਹਾਮਾਰੀ ਫੈਲ ਜਾਂਦੀ ਹੈ ਤਾਂ ਪਿਛਲੇ ਸਾਰੇ ਯੁੱਗਾਂ 'ਚ ਇਕ ਬਿਲਕੁਲ ਬੇਤੁਕੀ ਗੱਲ ਸਮਝੀ ਜਾਂਦੀ ਭਾਵ ਫਾਲਤੂ ਪੈਦਾਵਾਰ ਦੀ ਮਹਾਂਮਾਰੀ।"

...........'' ਪੂੰਜੀਵਾਦੀ ਸਮਾਜ ਦੀਆਂ ਅਵਸਥਾਵਾਂ ਉਹਨਾਂ ਵਲੋਂ ਪੈਦਾ ਜਾਇਦਾਦ ਵਰਤਨ ਸਮੇਂ ਬਹੁਤ ਤੰਗਨਜ਼ਰ ਹੋ ਜਾਂਦੀਆਂ ਹਨ। ਪੂੰਜੀਪਤੀ ਜਮਾਤ ਇਹਨਾਂ ਸੰਕਟਾਂ ਨਾਲ ਆਪਣੇ ਆਪ ਨੂੰ ਕਿਸ ਤਰ੍ਹਾਂ ਉਭਾਰਦਾ ਹੈ? ਇਕ ਪਾਸੇ ਪੈਦਾਵਾਰੀ ਸ਼ਕਤੀਆਂ ਦੇ ਇਕ ਵੱਡੇ ਭਾਗ ਨੂੰ ਜਬਰਦਸਤੀ ਨਸ਼ਟ ਕਰਕੇ ਅਤੇ ਦੂਜੇ ਪਾਸੇ ਨਵੇਂ ਨਵੇਂ ਬਾਜ਼ਾਰਾਂ 'ਤੇ ਕਬਜ਼ਾ ਜਮਾ ਕੇ ਅਤੇ ਨਾਲ ਹੀ ਪੁਰਾਣੇ ਬਾਜ਼ਾਰਾਂ ਦੀ ਹੋਰ ਵੀ ਮੁਕੰਮਲ ਤੌਰ 'ਤੇ ਵਰਤੋਂ ਕਰਕੇ ਯਾਨੀ ਹੋਰ ਅਤੇ ਇਹਨਾਂ ਸੰਕਟਾਂ ਨੂੰ ਰੋਕਣ ਵਾਲੇ ਸਾਧਨਾਂ ਨੂੰ ਘਟਾ ਕੇ।"

ਕੀ ਮਾਰਕਸ ਦਾ ਉਕਤ ਕਥਨ ਅੱਜ ਦੇ ਵਿਸ਼ਵੀ ਸੰਕਟ ਦਾ ਸਟੀਕ ਚਿਤਰਨ ਨਹੀਂ ਕਰਦਾ? ਅੱਜ ਅਸੀਂ ਵੇਖਦੇ ਹਾਂ ਕਿ ਇਕ ਪਾਸੇ ਵਿਪੁਲ ਉਤਪਾਦਿਤ ਵਸਤਾਂ ਨਾਲ ਬਾਜ਼ਾਰ ਭਰਿਆ ਪਿਆ ਹੈ। ਦੂਜੇ ਪਾਸੇ ਵਿਸ਼ਾਲ ਵੰਚਿਤ ਸਮੂਹ ਹੈ ਜੋ ਉਹਨਾਂ ਦੀ ਖਪਤ ਨਹੀਂ ਕਰ ਸਕਦਾ ਕਿਉਂਕਿ ਉਹਨਾਂ ਕੋਲ ਉਹਨਾਂ ਵਸਤਾਂ ਨੂੰ ਖਰੀਦਣ ਲਈ ਪੈਸੇ ਨਹੀਂ ਹਨ। ਦੁਨੀਆਂ 'ਚ ਅਰਬਾਂ ਵਾਂਝੇ, ਭੁੱਖੇ ਨੰਗੇ ਲੋਕ ਏਸ਼ੀਆ, ਅਫ਼ਰੀਕਾ ਤੇ ਲੈਟਿਨ ਅਮਰੀਕਾ ਵਿਚ ਹਨ ਪਰ ਮੁਹੱਈਆ ਹੋਣ ਦੇ ਬਾਵਜੂਦ ਉਹਨਾਂ ਨੂੰ ਸਹੀ ਭੋਜਨ, ਕੱਪੜੇ, ਰਿਹਾਇਸ਼, ਸਿੱਖਿਆ, ਸਿਹਤ, ਮਨੋਰੰਜਨ ਆਦਿ ਮੁਹਈਆ ਨਹੀਂ ਕਰਵਾਇਆ ਜਾ ਸਕਦਾ। ਦੂਜੇ ਪਾਸੇ ਮਨੁੱਖ ਵਰਤੋਂ ਲਈ ਪੈਦਾਵਾਰ ਕਰਨ ਵਾਲੀਆਂ ਫੈਕਟਰੀਆਂ ਤੇ ਕਲ-ਕਾਰਖਾਨੇ ਬੰਦ ਹੋ ਰਹੇ ਹਨ। ਪੂੰਜੀਵਾਦੀ ਪੈਦਾਵਾਰ ਪ੍ਰਣਾਲੀ ਬਾਜ਼ਾਰ 'ਚ ਮੁਨਾਫਾ ਕਮਾਉਣ 'ਤੇ ਟਿਕੀ ਹੋਈ ਹੈ। ਵਿਗਿਆਨ ਤੇ ਤਕਨੀਕੀ ਨੇ ਮਨੁੱਖ ਦੀ ਪੈਦਾਵਾਰ ਸਮਰਥਾ ਨੂੰ ਮਾਰਕਸ ਸਮੇਂ ਤੋਂ ਸੈਂਕੜੇ ਗੁਣਾ ਵਧਾ ਦਿੱਤਾ ਹੈ ਪਰ ਇਸ ਵਿਸ਼ਾਲ ਪੈਦਾਵਾਰੀ ਸ਼ਕਤੀ 'ਤੇ ਨਿਜੀ ਸੁਆਰਥ ਤੇ ਲਾਲਚ

ਨਾਲ ਭਰੇ ਹੋਏ ਪੂੰਜੀਪਤੀ ਬੈਠੇ ਹੋਏ ਹਨ। ਉਹ ਮੁਫਤ ਕੁਝ ਵੀ ਨਹੀਂ ਦਿੰਦੇ। ਉਹਨਾਂ ਨੂੰ ਭਾਰੀ ਮੁਨਾਫਾ ਚਾਹੀਦਾ ਹੈ। ਪੂੰਜੀ ਤੇ ਪੈਦਾਵਾਰ ਦਾ ਭਿਆਨਕ ਪੱਧਰ ਦਾ ਕੇਂਦਰੀਕਰਨ ਹੋ ਗਿਆ ਹੈ। ਉਤਪਾਦਨ ਤੇ ਵਟਾਂਦਰੇ ਨੇ ਵਿਸ਼ਵੀ ਰੂਪ ਅਖਤਿਆਰ ਕਰ ਲਿਆ ਹੈ। ਪਰ ਪੈਦਾਵਾਰ ਪਿੱਛੇ ਪੂੰਜੀਵਾਦ ਦੇ ਤਹਿਤ ਸੀਮਤ ਨਿੱਜੀ ਸੁਆਰਥ ਤੇ ਮੁਨਾਫਾਖੋਰੀ ਹੋਣ ਦੀ ਵਜਾਹ ਕਰਕੇ ਵਾਧੂ ਉਤਪਾਦਨ ਦਾ ਸੰਕਟ ਇਸ 'ਚ ਲਾਜ਼ਮੀ ਹੈ। ਇਸ ਲਈ ਮਾਰਕਸ ਦੇ ਸਮੇਂ ਤੋਂ ਅੱਜ ਤੱਕ ਪੈਦਾਵਾਰ ਤੇ ਵਪਾਰ ਦਾ ਚੱਕਰਮਈ ਸੰਕਟ ਆਉਂਦਾ ਹੀ ਰਹਿੰਦਾ ਹੈ। ਮੌਜੂਦਾ ਸੰਕਟ ਅਮਰੀਕਾ ਅੰਦਰ ਮੌਜੂਦਾ ਪੂੰਜੀਵਾਦ ਦੇ ਸੱਟੇਬਾਜ਼ੀ ਦਾ ਰੁਝਾਣ ਤੇ ਅਤੀ ਲਾਲਚ ਦਾ ਸਿੱਟਾ ਮੰਨਿਆ ਜਾ ਰਿਹਾ ਹੈ। ਪੂੰਜੀ ਦਾ ਏਨਾ ਕੇਂਦਰੀਕਰਨ ਹੋ ਚੁੱਕਿਆ ਹੈ ਕਿ ਸੱਟੇਬਾਜ਼ ਪੂੰਜੀ ਤੇ ਵਿੱਤੀ ਪੂੰਜੀ ਪੂਰੇ ਅਰਥਤੰਤਰ 'ਤੇ ਹਾਵੀ ਹੋ ਗਏ ਹਨ। ਬਾਜ਼ਾਰ 'ਚ ਏਨੀ ਮੰਗ ਨਹੀਂ ਹੈ ਕਿ ਪੂਰੀ ਪੂੰਜੀ ਨੂੰ ਪੈਦਾਵਾਰ 'ਚ ਲਾਇਆ ਜਾ ਸਕੇ। ਬਾਜ਼ਾਰ 'ਚ ਮੰਗ ਇਸ ਲਈ ਨਹੀਂ ਹੈ ਕਿ ਮੌਜੂਦਾ ਸਾਮਰਾਜੀ ਪੂੰਜੀਵਾਦ ਨੇ ਜਿਥੇ ਇਕ ਪਾਸੇ ਕੁਝ ਅਰਬਾਂਪਤੀਆਂ ਅਤੇ ਖਰਬਾਂ ਪਤੀਆਂ ਨੂੰ ਪੈਦਾ ਕੀਤਾ ਹੈ ਤਾਂ ਦੂਜੇ ਪਾਸੇ ਅਰਬਾਂ ਗਰੀਬ ਵਾਂਝੇ ਲੋਕ ਜਿਸ 'ਚ 90% ਵਿਕਾਸਸ਼ੀਲ ਦੇਸ਼ਾਂ ਵਿੱਚ ਹਨ। ਵਿਸ਼ਵੀਕਰਨ ਨੇ ਵਾਇਦੇ ਦੇ ਖਿਲਾਫ ਅਮੀਰੀ ਤੇ ਗਰੀਬੀ ਵਿਚਕਾਰ ਖਾਈ ਨੂੰ ਹੋਰ ਚੌੜੇ ਕੀਤਾ ਹੈ। ਵਿਸ਼ਵੀ ਬਾਜ਼ਾਰ ਤਾਂ ਬਣ ਗਿਆ, ਪੈਦਾਵਾਰ ਵੀ ਭਰਪੂਰ ਮਾਤਰਾ 'ਚ ਹੋ ਰਹੀ ਹੈ। ਬਾਜ਼ਾਰ ਰੰਗ ਬਰੰਗੀਆਂ ਆਕਰਸ਼ਕ ਚੀਜ਼ਾਂ ਨਾਲ ਭਰੀਆਂ ਪਈਆਂ ਹਨ ਪਰ ਆਮ ਲੋਕ ਉਹਨਾਂ ਨੂੰ ਖਰੀਦਣ ਕਿਵੇਂ? ਮਾਰਕਸ ਤੇ ਏਂਗਲਜ਼ ਨੇ ਦਿਖਾਇਆ ਕਿ ਪੈਦਾਵਾਰੀ ਸ਼ਕਤੀਆਂ ਦੇ ਵਿਸਥਾਰ ਨਾਲ ਸਮਾਜ ਦੀ ਉਤਪਦਿਕਤਾ ਤਾਂ ਵਧ ਜਾਂਦੀ ਹੈ ਪਰ ਬਾਜ਼ਾਰ ਦਾ ਵਿਸਥਾਰ ਉਸ ਰਫਤਾਰ ਨਾਲ ਪੂੰਜੀਵਾਦ 'ਚ ਨਹੀਂ ਹੋ ਸਕਦਾ। ਸਿੱਟਾ ਹੁੰਦਾ ਹੈ ਅਤੀ ਪੈਦਾਵਾਰ ਦਾ ਸੰਕਟ ਜਿਸ ਨੂੰ ਮਨੁੱਖੀ ਸਮਾਜ ਨੇ ਪਹਿਲਾਂ ਕਦੀ ਨਹੀਂ ਵੇਖਿਆ ਸੀ। ਇਸ ਸਮੱਸਿਆ ਦਾ ਹੱਲ ਤਾਂ ਹੀ ਹੋ ਸਕਦਾ ਹੈ ਜੇ ਪੈਦਾਵਾਰ ਮਨੁੱਖ ਦੀ ਜ਼ਰੂਰਤ ਦੀ ਪੂਰਤੀ ਲਈ ਹੋਵੇ। ਮੁਨਾਫੇ ਲਈ ਨਹੀਂ। ਪੂਰੀ ਮਨੁੱਖ ਜਾਤੀ ਦੀ ਲੋੜ ਅਨੁਸਾਰ ਇਕ ਯੋਜਨਾ ਤਹਿਤ ਪੈਦਾਵਾਰ ਕੀਤੀ ਜਾਂਦੀ ਤਾਂ ਸਭ ਦੀ ਲੋੜ ਦੀ ਪੂਰਤੀ ਵੀ ਹੋ ਜਾਂਦੀ ਤੇ ਵਾਧੂ ਪੈਦਾਵਾਰ ਦਾ ਸੰਕਟ ਵੀ ਨਾ ਆਉਂਦਾ। ਇਸ ਪੈਦਾਵਾਰ ਦਾ ਕੰਟਰੋਲ ਤੇ ਨਿਯਮਨ ਵਿਸ਼ਵੀ ਤੇ ਕੌਮੀ ਪੱਧਰ 'ਤੇ ਸਮਾਜ ਦੇ ਮਾਰਕਸ ਨੇ ਦੱਸਿਆ ਕਿ ਵਿਸ਼ਵ ਬਾਜ਼ਾਰ ਦੇ ਵਿਕਾਸ ਨੇ ਇਸ ਹਾਲਤ ਨੂੰ ਪੈਦਾ ਕਰ ਦਿੱਤਾ ਹੈ ਜਿਸ ਵਿਚ ਵੱਖ ਵੱਖ ਮਨੁੱਖਾਂ ਦੀ ਸਰਗਰਮੀ ਇਕ ਵਿਸ਼ਵੀ ਇਤਿਹਾਸਕ ਸਰਗਰਮੀ ਦਾ ਹਿੱਸਾ ਬਣ ਜਾਂਦੀ ਹੈ ਅਤੇ ਇਸ ਦਾ ਹੱਲ ਵੀ ਵਿਸ਼ਵ ਪੱਧਰ ਦੀ ਸੱਚ ਨਾਲ ਹੋਣਾ ਚਾਹੀਦਾ ਹੈ। 1845-46 'ਚ ਮਾਰਕਸ ਨੇ ਆਪਣੀ ਪ੍ਰਸਿੱਧ ਪੁਸਤਕ 'ਜਰਮਨ ਵਿਚਾਰਧਾਰਾ 'ਚ ਕਿਹਾ ਹੈ ਕਿ "ਅੱਜਤਕ ਦੇ ਇਤਿਹਾਸ ਦਾ ਇਹ ਇਕ ਪ੍ਰਤੱਖ ਤੱਥ ਹੈ ਕਿ ਵੱਖ-ਵੱਖ ਵਿਅਕਤੀ ਆਪਣੀ ਸਰਗਰਮੀ ਦਾ ਵਿਕਾਸ ਕਰਕੇ ਵਿਸ਼ਵ-ਇਤਿਹਾਸਕ ਸਰਗਰਮੀ ਦਾ ਹਿੱਸਾ ਬਣ ਗਏ ਹਨ। ਜਿਸ ਦੇ ਸਿੱਟੇ ਵਜੋਂ ਉਹ ਇਕ ਐਸੀ ਸ਼ਕਤੀ ਦੇ ਅਧੀਨ ਹੁੰਦੇ ਗਏ ਹਨ (ਜੋ ਉਹਨਾਂ ਨੂੰ ਲੱਗਦਾ ਹੈ ਕਿ ਉਹ ਕਿਸੇ ਦੁਸ਼ਟ ਵਿਸ਼ਵ ਆਤਮਾ ਦੀ ਗੰਦੀ ਚਾਲ ਹੋਵੇ) ਜੋ ਰੋਜ਼ਾਨਾ ਵੱਧ ਸ਼ਕਤੀਸ਼ਾਲੀ ਹੁੰਦਾ ਗਿਆ ਹੈ, ਇਹ ਵਿਸ਼ਵ ਬਾਜ਼ਾਰ ਵਜੋਂ ਸਾਹਮਣੇ ਆਉਂਦਾ ਹੈ।" ਮਾਰਕਸ ਅਨੁਸਾਰ ਇਸ ਦਾ ਹੱਲ ਇਕ

ਸਮਾਜਵਾਦੀ ਕ੍ਰਾਂਤੀ ਰਾਹੀਂ ਹੀ ਵਰਤਮਾਨ ਹਾਲਤ ਨੂੰ ਬਦਲ ਕੇ ਤੇ ਨਿਜੀ ਸੰਪਤੀ ਦੇ ਖਾਤਮੇ ਰਾਹੀਂ ਹੋਵੇਗਾ। ਕਮਿਊਨਿਜ਼ਮ ਕ੍ਰਾਂਤੀ ਜਿੰਨੀ ਵਿਕਸਤ ਹੋਵੇਗੀ ਉਨੀ ਹੀ ਵੱਧ ਵਿਸ਼ਵ ਪੱਧਰ 'ਤੇ ਸੰਪਤੀਆਂ ਨੂੰ ਆਪਸੀ ਸਹਿਯੋਗ 'ਚ ਬਦਲਣਾ ਸੰਭਵ ਹੋਵੇਗਾ ਤੇ ਜੋ ਸ਼ਕਤੀ (ਵਿਸ਼ਵ ਬਜ਼ਾਰ ਦੀ) ਪਹਿਲਾਂ ਬਿਲਕੁਲ ਆਪਣੇ ਹੱਥ ਤੋਂ ਬਾਹਰ ਉਪਰੋਂ ਠੋਸੀ ਖ਼ਤਰਨਾਕ ਸੱਤਾ ਲਗਦੀ ਸੀ ਉਸ ਨੂੰ ਹੁਣ ਕੰਟਰੋਲ 'ਚ ਲਿਆਉਣਾ ਤੇ ਮਨੁੱਖੀ ਸਮਾਜ ਲਈ ਉਪਯੋਗੀ ਬਣਾਉਣਾ ਸੰਭਵ ਹੋ ਜਾਵੇਗਾ। ਵਿਸ਼ਵ ਬਾਜ਼ਾਰ ਦੀ ਜਿਸ ਭੂਮਿਕਾ ਦੀ ਗੱਲ ਮਾਰਕਸ 1844-48 'ਚ ਕਰਦੇ ਹਨ ਕੀ ਉਸੇ ਤਰ੍ਹਾਂ ਦੀ ਭੂਮਿਕਾ ਅੱਜ ਅਸੀਂ ਨਹੀਂ ਵੇਖਦੇ ਹਾਂ। ਕੀ ਇਹ ਵਿਸ਼ਵ ਬਾਜ਼ਾਰ ਦਾ ਅਸਰ ਨਹੀਂ ਸੀ ਜਿਸ ਕਾਰਨ ਵਿਦਰਭ ਸਮੇਤ ਸਾਰੇ ਦੇਸ਼ ਦੇ ਕਰੀਬ 1.50 ਲੱਖ ਕਿਸਾਨਾਂ ਨੇ ਆਤਮ ਹੱਤਿਆ ਕਰ ਲਈ। ਪੈਦਾਵਾਰ ਭਰਪੂਰ ਹੋਣ ਤੇ ਬਾਵਜੂਦ ਦੇਸ਼ ਦੀਆਂ ਸਰਹੱਦਾਂ ਦੇ ਬਾਹਰ ਅਮਰੀਕਾ ਤੇ ਹੋਰ ਵਿਕਸਤ ਦੇਸ਼ਾਂ ਦੀਆਂ ਸਰਕਾਰੀ ਨੀਤੀਆਂ ਰਾਹੀਂ ਖੇਤੀ ਉਤਪਾਦਾਂ ਦੇ ਮੁੱਲ ਕੰਟਰੋਲ ਨੇ ਭਾਰਤ ਸਮੇਤ ਵਿਕਾਸ਼ਸ਼ੀਲ ਦੇਸ਼ਾਂ ਦੇ ਕਰੋੜਾਂ ਕਿਸਾਨਾਂ ਨੂੰ ਬਦਹਾਲ ਕਰ ਦਿੱਤਾ। ਇਸੇ ਨੂੰ ਮਾਰਕਸ ਕਹਿੰਦੇ ਹਨ ਕਿ ਉਹਨਾਂ ਨੂੰ (ਕਿਸਾਨਾਂ ਨੂੰ) ਲਗਦਾ ਹੋਵੇਗਾ ਕਿ ਕਿਸੇ ਦੁਸ਼ਟ ਪ੍ਰੇਤ ਆਤਮਾ ਨੇ ਅਜਿਹੇ ਕਰ ਦਿੱਤਾ ਹੋਵੇਗਾ। ਮੌਜੂਦਾ ਮਹਾਂਮੰਦੀ ਅਮਰੀਕਾ 'ਚ ਪਹਿਲਾਂ ਆਈ ਤੇ ਉਸ ਨੇ ਭਾਰਤ ਸਮੇਤ ਪੂਰੀ ਦੁਨੀਆਂ ਦੇ ਮਜ਼ਦੂਰਾਂ ਸਾਹਮਣੇ ਬੇਰੁਜ਼ਗਾਰੀ ਤੇ ਬਦਹਾਲੀ ਦਾ ਖੌਫ ਪੈਦਾ ਕਰ ਦਿੱਤਾ। ਇਕੱਲੇ ਭਾਰਤ 'ਚ ਇਕ ਸਰਕਾਰੀ ਸਰਵੇਖਣ ਅਨੁਸਾਰ ਸਤੰਬਰ 2008 ਤੋਂ ਲੈ ਕੇ ਦਸੰਬਰ 2008 ਸੰਗਠਿਤ ਖੇਤਰ ਦੇ ਕਰੀਬ 5 ਲੱਖ ਮਜ਼ਦੂਰਾਂ ਨੇ ਆਪਣਾ ਰੁਜ਼ਗਾਰ ਗਵਾਇਆ ਅਤੇ ਤਾਮਿਲਨਾਡੂ ਤੇ ਹਰਿਆਣਾ ਦੇ ਕੱਪੜਾ ਤੇ ਗਾਰਮੈਂਟਸ ਬਣਾਉਣ ਵਾਲੇ ਹਜ਼ਾਰਾਂ ਕਾਰਖਾਨੇ ਬੰਦ ਹੋ ਗਏ। ਮਹਾਂਮੰਦੀ ਦੇ ਅਸਰ ਨਾਲ ਟਾਟਾ ਨੂੰ ਕਈ ਵਾਰ ਟੇਲਕੋ ਵਿਚ ਪੈਦਾਵਾਰ ਬੰਦ ਕਰਨੀ ਪਈ। ਸਨਸਾਈਨ ਇੰਡਸਟ੍ਰੀ ਅਖਵਾਉਣ ਵਾਲੇ ਸੂਚਨਾ ਤਕਨੋਲੋਜੀ (IT) ਤੇ ਇਸ ਰਾਹੀਂ ਸੇਵਾ ਮੁਹੱਈਆ ਕਰਵਾਉਣ ਵਾਲੇ ਉਦਯੋਗ 'ਚ ਵੀ ਭਾਰੀ ਅਸਰ ਪਿਆ ਹੈ। ਨਵੀਆਂ ਬਹਾਲੀਆਂ 'ਚ (IT) ਖੇਤਰ 'ਚ ਕਾਫੀ ਕਮੀ ਆਈ ਹੈ। (IT) ਖੇਤਰ ਨਾਲ ਸਬੰਧਤ ਸੇਵਾਵਾਂ ਦੇ ਕਰਮਚਾਰੀਆਂ ਦੀ ਇਕ ਯੂਨੀਅਨ ਅਨੁਸਾਰ ਇਸ ਖੇਤਰ 'ਚ ਵੀ ਜੂਨ 2009 ਤਕ ਕਰੀਬ 50 ਹਜ਼ਾਰ ਨੌਕਰੀਆਂ ਦੇ ਜਾਣ ਦੀ ਸੰਭਾਵਨਾ ਹੈ। ਸਥਿਤੀ ਸਪੱਸ਼ਟ ਹੈ, ਮਹਾਂਮੰਦੀ ਨੇ ਭਾਰਤ ਸਮੇਤ ਪੂਰੀ ਦੁਨੀਆਂ ਦੇ ਮੇਹਨਤਕਸ਼ ਮਜ਼ਦੂਰ, ਕਿਸਾਨ ਤੇ ਬੁਧੀਜੀਵੀਆਂ ਦੇ ਸਾਹਮਣੇ ਇਕ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਵਿਕਸ਼ਤ ਦੇਸ਼ਾਂ ਤੋਂ ਲੈ ਕੇ ਵਿਕਾਸਸ਼ੀਲ ਦੇਸ਼ਾਂ ਵਿਚ ਇਸ ਖਿਲਾਫ ਭਿਆਨਕ ਰੋਹ ਹੈ ਅਤੇ ਲੋਕ ਵਿਰੋਧ 'ਚ ਸੜਕਾਂ 'ਤੇ ਉਤਰ ਰਹੇ ਹਨ। ਅਜੇ ਪਿੱਛੇ ਜਿਹੇ ਹੀ ਲੰਦਨ ਵਿਚ ਜੀ-20 ਦੀ ਬੈਠਕ ਸਮੇਂ ਲੱਖਾਂ ਲੋਕਾਂ ਨੇ ਉਥੇ ਪੂੰਜੀਵਾਦੀ ਪ੍ਰਣਾਲੀ ਖਿਲਾਫ ਮੁਜਾਹਰਾ ਕੀਤਾ। ਫਿਰ ਫਰਾਂਸ ਜਰਮਨੀ ਤੇ ਹੋਰ ਦੇਸ਼ਾਂ ਵਿਚ (NATO) ਸੰਮੇਲਨ, ਜਿਸ 'ਚ ਨਵ-ਨਰਵਾਚਿਤ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਹਿੱਸਾ ਲੈਣ ਗਏ ਸਨ, ਦੇ ਦੌਰਾਨ ਖਾੜਕੂ ਮੁਜਾਹਰੇ ਹੋਏ। ਅਮਰੀਕਾ 'ਚ ਵੀ ਕਾਫੀ ਵਿਰੋਧ ਪੂੰਜੀਪਤੀਆਂ ਤੇ ਇਸ ਹਾਲਤ ਖਿਲਾਫ ਵੇਖਿਆ ਜਾ ਰਿਹਾ ਹੈ। ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਮਾਰਕਸ ਨੇ ਪੂੰਜੀਵਾਦ 'ਚ ਸਮੋਏ ਗੰਭੀਰ ਸੰਕਟਾਂ ਦਾ ਜ਼ਿਕਰ ਕੀਤਾ ਤੇ ਜਿਨਾਂ ਕਾਰਕਾਂ ਨੂੰ ਇਸ ਦੇ ਲਈ ਜ਼ਿੰਮੇਵਾਰ

ਠਹਿਰਾਇਆ। ਉਹ ਅੱਜ ਵੀ ਪੂਰੀ ਤੇਜ਼ੀ ਨਾਲ ਮੌਜੂਦ ਹਨ। ਪਰ ਜਦ ਇਸ ਦੇ ਹੱਲ ਦੀ ਗੱਲ ਹੁੰਦੀ ਹੈ ਤਾਂ ਲੋਕ ਮਾਰਕਸ ਦੇ ਦਸੇ ਸਮਾਜਵਾਦ ਦੇ ਰਾਹ ਤੋਂ ਬਚ ਕੇ ਵੱਖ ਵੱਖ ਕਿਸਮ ਦੇ ਹੋਰ ਉਪਾਵਾਂ ਨੂੰ ਅਪਣਾ ਰਹੇ ਹਨ। ਅਮਰੀਕਾ ਸਮੇਂ ਵੱਖ ਵੱਖ ਸਰਕਾਰਾਂ ਨੇ 'ਸਟੀਮੁਲਸ ਪੈਕੇਜ' ਨੂੰ ਲਾਗੂ ਕਰਨ ਦੀ ਗੱਲ ਕੀਤੀ, ਜੀ-20 ਵਿਚ 1.1 ਅਰਬ ਦਾ ਸਟੀਮੁਲਸ ਪੈਕੇਜ ਤਹਿ ਕੀਤਾ ਗਿਆ IMF ਤੇ ਸੰਸਾਰ ਬੈਂਕ ਵਿਚ ਹੋਰ ਪੂੰਜੀ ਪਾਉਣ ਦੀ ਗੱਲ ਤਹਿ ਹੋ ਗਈ। ਬੈਂਕਾਂ ਤੇ ਉਦਯੋਗਾਂ ਉਪਰ ਸਰਕਾਰੀ ਕੰਟਰੋਲ ਤੇ ਨਿਗਰਾਨੀ ਸਖਤ ਕਰਨ ਦਾ ਫੈਸਲਾ ਲਿਆ ਗਿਆ ਪਰ ਸਮੱਸਿਆ ਦੀ ਜੜ ਤਾਂ ਪੂੰਜੀਵਾਦੀ ਪੈਦਾਵਾਰ ਤੇ ਵੰਡ ਪ੍ਰਣਾਲੀ 'ਚ ਹੈ। ਇਹਨਾਂ ਉਪਾਵਾਂ ਨਾਲ ਸੰਕਟ ਦੇ ਅਸਰ ਨੂੰ ਕੁਝ ਘੱਟ ਕੀਤਾ ਜਾ ਸਕਦਾ ਹੈ। ਪਰ ਜਿਵੇਂ ਕਿ ਮਾਰਕਸ ਨੇ ਕਿਹਾ ਹੈ ਕਿ ਇਸ ਦੇ ਸਿੱਟੇ ਨਾਲ ਵਿਆਪਕ ਪੈਮਾਨੇ 'ਤੇ ਪੈਦਾਵਰੀ ਸ਼ਕਤੀਆਂ ਜਿਸ ਵਿਚ ਮਜ਼ਦੂਰਾਂ ਦੀ ਵਿਸ਼ਾਲ ਗਿਣਤੀ ਸ਼ਾਮਲ ਹੈ, ਦਾ ਨਾਸ਼ ਹੋਵੇਗਾ। ਦੇਖਿਆ ਜਾ ਰਿਹਾ ਹੈ ਕਿ ਵਿਆਪਕ ਪੈਮਾਨੇ 'ਤੇ ਲੋਕ ਮਾਨਸਿਕ ਤੇ ਸਰੀਰਕ ਸਿਹਤ ਗੁਆ ਰਹੇ ਹਨ ਤਾਂ ਕਿਤੇ ਕਤਾਈਂ ਆਤਮ ਹੱਤਿਆ ਤਕ ਦੀਆਂ ਘਟਨਾਵਾਂ ਹੋ ਰਹੀਆਂ ਹਨ। ਕਈ ਥਾਂ ਖਾੜਕੂ ਮੁਜਾਹਰੇ ਅਤੇ ਹਿੰਸਾ ਦੀਆਂ ਘਟਨਾਵਾਂ ਛਾਂਟੀ ਖਿਲਾਫ ਵੇਖਣ 'ਚ ਆ ਰਹੀਆਂ ਹਨ।

ਜਿਸ ਪ੍ਰਕਾਰ ਇਸ ਸੰਕਟ ਦਾ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਸ ਨਾਲ ਇਸ ਸੰਕਟ ਦਾ ਹੱਲ ਨਹੀਂ ਹੋ ਸਕਦਾ। ਅਮਰੀਕਾ ਸਮੇਤ ਹੋਰ ਪੂੰਜੀਵਾਦੀ/ਸਾਮਰਾਜੀ ਦੇਸ਼ਾਂ ਕੋਲ ਅਥਾਹ ਪੈਸਾ ਜਮਾ ਹੈ। ਉਹ ਇਸ ਦੀ ਬਦੌਲਤ ਥੋੜੀ ਰਾਹਤ ਉਥੋਂ ਦੇ ਲੋਕਾਂ ਨੂੰ ਦੇ ਕੇ ਸੰਕਟ ਦੇ ਅਸਰ ਨੂੰ ਕੁਝ ਘੱਟ ਕਰ ਸਕਦੇ ਹਨ। ਪਰ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ 'ਤੇ ਇਸ ਦੇ ਬੇਹੱਦ ਘਾਤਕ ਅਸਰ ਹੋਣਗੇ ਤੇ ਬਹੁਤ ਜ਼ਿਆਦਾ ਤਬਾਹੀ ਤੇ ਬਰਬਾਦੀ ਹੋਵੇਗੀ। ਅਜੇ ਜੋ ਇਲਾਜ ਇਸ ਸੰਕਟ ਦਾ ਹੈ ਉਹ ਕੈਂਸਰ ਦਾ ਕਰੋਸਿਨ ਰਾਹੀਂ ਇਲਾਜ ਦੇ ਵਾਂਗੂੰ ਹੈ। ਇਸ ਦਾ ਇਲਾਜ ਵੀ ਮਾਰਕਸ ਦੇ ਦੱਸੇ ਹੋਏ ਰਾਹ ਤੇ ਲੋਕ ਇਨਕਲਾਬ ਰਾਹੀਂ ਪੂੰਜੀਵਾਦ ਤੇ ਸਾਮਰਾਜਵਾਦ ਨੂੰ ਮਿਟਾ ਕੇ ਸਮਾਜਵਾਦ ਦੀ ਸਥਾਪਨਾ ਰਾਹੀਂ ਹੀ ਸੰਭਵ ਹੋਵੇਗਾ।

# ਯੂਰਪ 'ਚ ਵੱਧਦੀ ਮੰਦੀ ਦਾ ਤਿੱਖਾ ਵਿਰੋਧ

ਡੂੰਘੇ ਹੁੰਦੇ ਆਰਥਿਕ ਸੰਕਟ ਦੇ ਮੱਦੇ ਨਜ਼ਰ ਘਟਦੇ ਰੁਜ਼ਗਾਰ ਅਤੇ ਅਨਿਸ਼ਚਤ ਭਵਿੱਖ ਦੇ ਡਰ ਕਾਰਨ ਭੜਕੇ ਸਰਕਾਰ ਵਿਰੋਧੀ, ਬਹਾਦਰਾਨਾ ਤੇ ਖੁੱਲੇ ਮੁਜਾਹਰਿਆਂ ਦੇ ਪੂਰੇ ਯੂਰਪ 'ਚ ਫੁੱਟ ਪੈਣ ਦੇ ਨਾਲ ਹੀ ਭਿਆਨਕ ਪ੍ਰਤੀਕ੍ਰਿਆ ਸ਼ੁਰੂ ਹੋ ਚੁੱਕੀ ਹੈ। ਹਾਲਾਂਕਿ ਇਹ ਸ਼ੁਰੂਆਤੀ ਦਿਨ ਹਨ ਅਤੇ 1960 ਦੇ ਦਹਾਕੇ ਵਰਗੇ ਵਿਰੋਧਾਂ ਜਿਹਨਾਂ ਨੇ ਪੂਰੇ ਯੂਰਪ ਨੂੰ ਗੋਡਿਆਂ ਪਰਨੇ ਕਰ ਦਿੱਤਾ ਸੀ ਦੀ ਗੱਲ ਕਰਨਾ ਕੁਝ ਹੱਦ ਤੱਕ ਕਾਹਲੀ ਹੈ। ਫਿਰ ਵੀ ਚੇਤਾਵਨੀ ਦੇ ਸੰਕੇਤ ਬਹੁਤ ਸਪੱਸ਼ਟ ਹਨ ਅਤੇ ਲੋਕ "ਸਿੱਧੀਆਂ ਕਾਰਵਾਈਆਂ" ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਹਨ। ਗੁੱਸਾ ਇਸ ਅਹਿਸਾਸ ਨਾਲ ਹੋਰ ਭੜਕ ਗਿਆ ਕਿ ਸਰਕਾਰ ਆਮ ਲੋਕਾਂ ਦੀ ਚਿੰਤਾ ਕਰਨ ਦੀ ਬਜਾਏ ਵੱਡੇ ਬੈਂਕਾਂ ਤੇ ਬਿਜਨਸ ਘਰਾਣਿਆਂ ਦਾ ਬੇਲ ਆਊਟ ਕਰਨ 'ਚ ਵੱਧ ਮਸਤ ਹੈ। ਵਧਦੇ ਰੋਹ ਨੇ ਆਈਸਲੈਂਡ ਦੀ ਖੱਬੇ ਪੱਖੀ ਸਰਕਾਰ, ਜਿਸ ਦੇ ਭਾਰੀ ਲੋਕ ਦਬਾਅ ਕਾਰਨ ਪਤਨ ਹੋ ਚੁੱਕਿਆ ਹੈ, ਨੂੰ ਆਪਣਾ ਪਹਿਲਾਂ ਸ਼ਹਿਰ ਬਣਾਇਆ ਅਤੇ ਇਹ ਬ੍ਰਿਟੇਨ, ਫਰਾਂਸ, ਯੂਨਾਨ (ਇਹ ਦੂਜਾ ਸ਼ਿਕਾਰ ਹੋ ਸਕਦਾ ਹੈ) ਅਤੇ ਰੂਸ ਸਮੇਤ ਕੇਂਦਰੀ ਤੇ ਪੂਰਬੀ ਯੂਰਪ ਵਿਚ ਸਾਬਕਾ ਬਥੇਰੇ ਕਮਿਊਨਿਸਟ ਦੇਸ਼ਾਂ ਵਿਚ ਭੂਚਾਲ ਪੈਦਾ ਕਰ ਰਿਹਾ ਹੈ। ਮੁਕਤ ਬਾਜ਼ਾਰ ਵਾਲਾ ਪੂੰਜੀਵਾਦ ਕਿੰਨਾ ਵਿਨਾਸ਼ਕਾਰੀ ਹੁੰਦਾ ਹੈ, ਇਸ ਦਾ ਸੁਆਦ ਉਹਨਾਂ ਨੇ ਪਹਿਲੀ ਵਾਰੀ ਚੱਖਿਆ ਹੈ ਅਤੇ (ਜ਼ਾਹਿਰ ਹੈ) ਉਹ ਇਸ ਨੂੰ ਪਸੰਦ ਨਹੀਂ ਕਰਦੇ। ਸਿਰਫ ਇਕ ਦਿਨ ਪਹਿਲਾਂ ਪੂਰੇ ਯੂਰਪ 'ਚ ਕੀ ਕੁਝ ਹੋਇਆ ਇਸ ਦੀ ਇਕ ਝਲਕ, ਇਕ ਬ੍ਰਿਟਿਸ਼ ਅਖਬਾਰ ਦੇ ਹਵਾਲੇ ਨਾਲ ਇਥੇ ਵੇਖੀਏ "ਹੜਤਾਲ ਦੀ ਇਕ ਲਹਿਰ ਨੇ ਫਰਾਂਸ ਨੂੰ ਅੱਧ ਰੰਗ ਕਰ ਦਿੱਤਾ ਹੈ। ਪੈਰਿਸ ਦਾ ਮੁੱਖ ਮਾਰਗ ਕਚਰੇ ਨਾਲ ਭਰੇ ਯੁੱਧ ਮੈਦਾਨ, ਵਾਂਗੂੰ ਹੋ ਗਿਆ ਹੈ। ਬੇਰੁਜ਼ਗਾਰੀ ਦੇ ਅੰਕੜਿਆਂ ਵਿਚ ਵਾਧੇ ਨਾਲ ਯੂਰੋ ਦੀ ਤੁਲਨਾ 'ਚ ਹੰਗਰੀ ਦੀ ਮੁਦਰਾ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਆ ਪਹੁੰਚੀ ਹੈ। ਯੂਨਾਨੀ ਕਿਸਾਨ ਖੇਤੀ ਪੈਦਾਵਾਰ ਦੀ ਘੱਟ ਕੀਮਤ ਦਾ ਵਿਰੋਧ ਕਰਨ ਲਈ ਬੁਲਗਾਰੀਆ 'ਚ ਸੜਕ ਜਾਮ ਕਰ ਰਹੇ ਹਨ। ਬਾਲਿਟਕ ਦੇ ਵੱਡੇ ਬੈਂਕਾਂ ਦੇ ਅੰਕੜੇ ਦਸਦੇ ਹਨ ਕਿ ਤਿੰਨ ਸੋ ਤਹੇਤਰ ਰਾਜ ਯੂਰਪ ਦੀ ਸਭ ਤੋਂ ਵੱਡੀ ਮੰਦੀ ਦਾ ਸਾਹਮਣਾ ਕਰ ਰਹੇ ਹਨ।" ਇਸ ਦੀ ਰਾਇ ਸਪਸ਼ਟ ਹੈ" ਯੂਰਪ ਦੀਆਂ ਪ੍ਰੇਸ਼ਾਨੀਆਂ ਦਾ ਇਹ ਅਰਸਾ ਹੋਰ ਵੀ ਗਹਿਰਾ ਤੇ ਵਿਆਪਕ ਹੁੰਦਾ ਜਾ ਰਿਹਾ ਹੈ। ਸਰਕਾਰ ਕੰਬ ਰਹੀ ਹੈ ਅਤੇ ਵਿਦ੍ਰੋਹ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹਨ।"

ਬ੍ਰਿਟੇਨ ਵਿਚ "ਬ੍ਰਿਟਿਸ਼ ਨੌਕਰੀਆਂ ਬ੍ਰਿਟਿਸ਼ ਮਜ਼ਦੂਰਾਂ ਲਈ" ਅਤੇ "ਵਿਦੇਸ਼ੀ ਮਜ਼ਦੂਰਾਂ ਨੂੰ ਵਾਪਸ ਭੇਜਣ ਦੀ ਮੰਗ" ਦਾ ਵਧਦਾ ਸ਼ੋਰ ਦੇ ਨਾਲ ਇਸ ਵਿਚ ਨਸਲੀ ਅਵਾਜ਼ਾਂ ਵੀ ਸੁਣਾਈ ਦੇਣ ਲੱਗੀਆਂ ਹਨ ਦੋ ਹਫਤੇ ਪਹਿਲਾਂ ਸੈਂਕੜੇ ਮਜ਼ਦੂਰਾਂ ਨੇ ਪੂਰੇ ਦੇਸ਼ 'ਚ ਇਕ ਇਟਾਲੀਅਨ ਕੰਪਨੀ, ਜਿਸ ਨੇ ਉਤਰੀ ਇੰਗਲੈਂਡ ਦੇ ਲੰਕਾਸ਼ਾਇਰ 'ਚ ਇਕ ਤੇਲ ਰਿਫਾਇਨਰੀ ਪ੍ਰੋਜੈਕਟ ਲਈ ਸਥਾਨਕ ਲੋਕਾਂ ਨੂੰ ਕੰਮ ਦੇਣ ਦੀ ਬਜਾਏ ਇਟਲੀ ਤੋਂ ਮਜ਼ਦੂਰ ਲਿਆਂਦੇ ਗਏ ਸਨ, ਦੇ ਖਿਲਾਫ ਖਾੜਕੂ ਹੜਤਾਲ ਕੀਤੀ ਗਈ। ਯੂਰਪੀ ਸੰਘ ਦੇ ਕਨੂੰਨਾਂ ਦੇ ਤਹਿਤ ਮਜ਼ਦੂਰਾਂ ਦੇ ਸੰਘ ਦੇ ਦੂਜੇ ਦੇਸ਼ਾਂ ਦੇ ਅਸਥਾਈ

ਪ੍ਰੋਜੈਕਟਾਂ 'ਚ ਖੁਦ ਆਪਣੇ ਮੁਲਾਜ਼ਮ ਰੱਖਣ ਲਈ ਆਜ਼ਾਦ ਹਨ। ਇਸ ਲਈ ਇਸ ਝਗੜੇ ਦਾ ਨੈਤਿਕ ਪੱਖ ਚਾਹੇ ਕੋਈ ਵੀ ਹੋਵੇ (ਮਸਲਨ ਇਹ ਕਿ ਇਸ ਕਠਨ ਦੌਰ 'ਚ ਕੰਪਨੀਆਂ ਨੂੰ ਸਥਾਨਕ ਲੋਕਾਂ, ਜਿਹਨਾਂ ਦੀਆਂ ਨੌਕਰੀਆਂ ਖਤਮ ਹੋ ਗਈਆਂ ਹਨ, ਦੀਆਂ ਜ਼ਰੂਰਤਾਂ ਪ੍ਰਤੀ ਜ਼ਿਆਦਾ ਸੰਵੇਦਨਸ਼ੀਲ ਹੋਣਾ ਚਾਹੀਦਾ ਸੀ) ਇਸ ਦਾ ਕੋਈ ਕਨੂੰਨੀ ਅਧਾਰ ਨਹੀਂ ਹੈ। ਬ੍ਰਿਟਿਸ਼ ਮਜ਼ਦੂਰ ਨਸਲਵਾਦ ਤੋਂ ਇਨਕਾਰ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਹ ਸਿਰਫ਼ ਪ੍ਰਧਾਨ ਮੰਤਰੀ ਨੂੰ ਉਸ ਦੇ ਵਿਸਵਾਸ਼-ਬ੍ਰਿਟਿਸ਼ ਨੌਕਰੀਆਂ-ਬ੍ਰਿਟਿਸ਼ ਮਜ਼ਦੂਰਾਂ ਲਈ-ਦੀ ਯਾਦ ਦਿਵਾ ਰਹੇ ਹਾਂ ਜਿਹੜਾ ਉਹਨਾਂ ਨੇ 2007 'ਚ ਲੇਬਰ ਪਾਰਟੀ ਕਾਂਗਰਸ 'ਚ ਦਿੱਤਾ ਸੀ। ਰਿਕਾਰਡ ਕੀਤੀ ਗਈ ਇਹ ਇੰਟਰਵਿਊ (ਸਾਊਂਡ ਵਾਈਟ) ਅੱਜ ਮਿਸਟਰ ਬਰਾਊਨ ਦਾ ਪਿੱਛਾ ਕਰ ਰਹੀ ਹੈ। ਇਨ੍ਹਾਂ ਦੀ ਮਦਦ ਇਸ ਲਈ ਹੋਰ ਪਛੜੀ ਕਿ ਪਿਛਾਖੜੀ ਤੇ ਖੂੰਖਾਰ ਨਸਲਵਾਦੀ ਬ੍ਰਿਟਿਸ਼ ਨੈਸ਼ਨਲ ਪਾਰਟੀ ਇਹਨਾਂ ਦੇ ਬਿਆਨ ਨੂੰ ਹਥਿਆ ਚੁੱਕੀ ਹੈ ਤੇ ਉਸ ਦੀ ਵਰਤੋਂ ਬ੍ਰਿਟਿਸ਼ ਬੇਰੁਜ਼ਗਾਰ ਮਜ਼ਦੂਰਾਂ ਵਿਚਕਾਰ ਅਪ੍ਰਵਾਸੀ ਵਿਰੋਧੀ ਭਾਵਨਾ ਭੜਕਾਉਣ 'ਚ ਕਰ ਰਹੀ ਹੈ। ਅਸਲ ਵਿਚ ਆਲੋਚਕਾਂ ਨੇ ਜਦ ਚੇਤਾਵਨੀ ਦਿੱਤੀ ਸੀ ਕਿ ਉਹਨਾਂ ਦਾ ਇਹ ਬਿਆਨ ਗਲਤ ਸਮਝਦਾਰੀ ਨਾਲ ਭਰਿਆ ਹੈ। ਉਹਨਾਂ ਰਾਹੀਂ ਕੀਤੇ ਗਏ ਉਸ ਵਾਅਦੇ ਦੀ ਅਲੋਚਨਾ ਕੀਤੀ ਗਈ ਜੋ ਵੰਸ਼ਵਾਦ (ਵਿਦੇਸ਼ੀਆਂ ਪ੍ਰਤੀ ਦਵੇਸ਼ ਭਾਵ) ਅਤੇ ਸਸਤੀ ਸ਼ੋਹਰਤ ਦੀ ਬਦਬੂ ਫੈਲਾਉਣ ਦੇ ਨਾਲ-ਨਾਲ ਯੂਰਪੀ ਸੰਘ ਦੇ ਕਨੂੰਨਾਂ ਦੀ ਦ੍ਰਿਸ਼ਟੀ ਨਾਲ ਵੀ ਨਿਰਆਧਾਰ ਹੈ। ਫਿਰ ਵੀ ਮਿ. ਬਰਾਊਨ ਅੜੇ ਹੋਏ ਹਨ ਕਿ ਉਹਨਾਂ ਨੂੰ ਆਪਣੇ ਬਿਆਨ 'ਤੇ ਕੋਈ ਫਿਕਰਮੰਦੀ ਨਹੀਂ ਹੈ। ਡਾਵੋਸ 'ਚ ਵਰਲਡ ਇਕਨਾਮਿਕ ਫੋਰਸ 'ਚ ਬੋਲਦਿਆਂ ਉਹਨਾਂ ਕਿਹਾ ਕਿ ਜਦ ਘਰ ਪਰਤਨ 'ਤੇ ਮਜ਼ਦੂਰ," ਬ੍ਰਿਟਿਸ਼ ਨੌਕਰੀਆਂ ਬ੍ਰਿਟਿਸ਼ ਮਜ਼ਦੂਰਾਂ ਲਈ" ਦਾ ਬੈਨਰ ਲਹਿਰਾਉਂਦੇ ਹਨ ਤਾਂ ਲੋਕਾਂ ਦੀ ਆਪਣੀਆਂ ਨੌਕਰੀਆਂ ਹੋਣ ਬਾਰੇ ਹੋ ਰਹੀ ਚਿੰਤਾ ਨੂੰ ਉਹ ਸਮਝਦੇ ਹਨ ਅਤੇ ਉਹਨਾਂ ਦੀ ਸਰਕਾਰ ਉਹਨਾਂ ਦੇ ਲਈ ਜੋ ਵੀ ਕਰ ਸਕਦੀ ਹੈ ਜ਼ਰੂਰ ਕਰੇਗੀ। ਉਹਨਾਂ ਨੇ ਕਿਹਾ, "ਮੈਨੂੰ ਇਸ 'ਚ ਭੁਲ ਬਖਸ਼ਾਉਣ ਦਾ ਕੋਈ ਕਾਰਨ ਨਹੀਂ ਦਿਸਦਾ ਅਸੀਂ ਜੋ ਕਦਮ ਉਠਾਏ ਹਨ ਉਹਨਾਂ ਦਾ ਮਤਲਬ ਇਹ ਹੈ ਕਿ ਅਸੀਂ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਾਰਵਾਈਆਂ ਕਰ ਰਹੇ ਹਾਂ ਕਿ ਇਸ ਪ੍ਰਬੰਧ 'ਚ ਮੌਜੂਦ ਥਾਵਾਂ ਤੱਕ ਬ੍ਰਿਟਿਸ਼ ਮਜ਼ਦੂਰਾਂ ਦੀ ਪਹੁੰਚ ਬਣ ਸਕੇ।"

ਇਹ ਸੱਚ ਹੈ ਕਿ ਜਦ ਮੰਦੀ ਕੱਟਣ ਲੱਗੀ ਹੈ ਅਤੇ ਰੁਜ਼ਗਾਰ ਦੇ ਮੌਕੇ ਸੁੰਗੜਨ ਲੱਗੇ ਹਨ ਤਾਂ ਕਲ ਤਕ ਮਿ. ਬਰਾਊਨ ਦੇ ਵਾਅਦਿਆਂ ਗੁਣਗਾਣ ਕਰਨ ਵਾਲੇ ਲੋਕ ਵੀ ਵਿਦੇਸ਼ੀ ਮਜ਼ਦੂਰਾਂ ਤੋਂ ਮਿਲਣ ਵਾਲੀ ਸੰਪਤੀ ਦੇ ਮੱਦੇਨਜ਼ਰ ਬ੍ਰਿਟਿਸ਼ ਮਜ਼ਦੂਰਾਂ ਨੂੰ ਪਹਿਲ ਦਿੱਤੇ ਜਾਣ ਦੀ ਮੰਗ ਕਰ ਰਹੇ ਹਨ। ਸਰਕਾਰ ਤੇ ਯੂਰਪੀ ਸੰਘ ਦੇ ਇਸ ਕਨੂੰਨ ਨੂੰ ਚੁਣੌਤੀ ਦੇਣ ਲਈ ਦਬਾਅ ਵਧਦਾ ਜਾ ਰਿਹਾ ਹੈ। ਜਿਸ ਦਾ ਕੋਈ ਰੁਜ਼ਗਾਰ ਤਾਂ ਵਿਦੇਸ਼ ਤੋਂ ਸਸਤੀ ਮਜ਼ਦੂਰੀ ਮੰਗਵਾ ਕੇ ਬ੍ਰਿਟਿਸ਼ ਮਜ਼ਦੂਰਾਂ ਦੀ ਛਾਂਟੀ ਕਰਨ ਲਈ ਵਰਤੋਂ ਕਰ ਸਕਦਾ ਹੈ।

ਵਿਡੰਬਨਾ ਇਹ ਹੈ ਕਿ ਸਭ ਤੋਂ ਵੱਧ ਗੁਸੇਲੀਆ ਆਵਾਜ਼ਾਂ ਵਿਚੋਂ ਕੁਝ ਅਵਾਜ਼ਾਂ ਬ੍ਰਿਟਿਸ਼ ਲੇਬਰ ਪਾਰਟੀ ਦੇ ਰਵਾਇਤੀ ਅਪ੍ਰਵਾਸੀ-ਸਮਰਥਕ ਅਤੇ ਯੂਰਪ ਸਮਰਥਕ ਖੱਬੇ ਧੜੇ ਤੋਂ ਹੀ ਆ ਰਹੀਆਂ ਹਨ। ਨਿਰਸੰਦੇਹ ਖੱਬੇ ਨੂੰ ਇਸ ਗੱਲ 'ਤੇ

ਜ਼ੋਰ ਦੇਣ ’ਚ ਕਾਫੀ ਤਕਲੀਫ ਉਠਾਉਣੀ ਪੈ ਰਹੀ ਹੈ ਕਿ “ਬ੍ਰਿਟਿਸ਼ ਮਜ਼ਦੂਰਾਂ ਲਈ ਸੁਰੱਖਿਆ ਦੀ ਮੰਗ ਕਰਨ ਦੀ ਸਾਡੀ ਗੱਲ ਨੂੰ ਅਪ੍ਰਵਾਸੀ ਵਿਰੋਧ ਵਜੋਂ ਨਹੀਂ ਲਿਆ ਜਾਣਾ ਚਾਹੀਦਾ।” ਬ੍ਰਿਟਿਸ਼ ਦੀਆਂ ਸਭ ਤੋਂ ਵੱਡੀਆਂ ਯੂਨੀਅਨਾਂ ’ਚੋਂ ਇਕ ਯੂਨਾਈਟ ਦੇ ਜਨਰਲ ਸਕੱਤਰ ਡੇਰੇਕ ਸਿਮਪਸਨ ਕਹਿੰਦੇ ਹਨ ਕਿ ਗੱਲ ਵਿਦੇਸ਼ੀ ਮਜ਼ਦੂਰਾਂ ਦੀ ਨਹੀਂ ਬਲਕਿ ਵਿਦੇਸ਼ੀ ਕੰਪਨੀਆਂ ਦੀ ਹੈ ਜੋ ਬ੍ਰਿਟਿਸ਼ ਮਜ਼ਦੂਰਾਂ ਖਿਲਾਫ਼ ਪੱਖਪਾਤ ਕਰਦੇ ਹਨ। ਫਿਰ ਵੀ ਇਸ ਮੁੱਦੇ ’ਤੇ ਖੱਬਿਆਂ-ਸੱਜਿਆਂ ਦੀ ਏਕਤਾ ਨੂੰ ਦੇਖ ਸਕਣਾ ਕਠਿਨ ਨਹੀਂ ਹੈ। ਜਿਸ ’ਚ ਖੱਬੇ ਪੱਖੀਆਂ ਦੇ ਲੀਡਰ ਲੇਬਰ ਸੰਸਦ ਵਿਦੇਸ਼ੀ ਮਜ਼ਦੂਰਾਂ ਤੇ ਯੂਰਪੀ ਸੰਘ ਸੰਬੰਧੀ ਉਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰ ਰਹੇ ਹਨ। ਜਿਸ ਦੀ ਵਰਤੋਂ ਆਮ ਤੌਰ ’ਤੇ ਯੂਰਪੀ ਸੰਘ ਵਿਰੋਧੀ ਯੂ. ਕੇ. ਇੰਡੀ ਪੈਂਡੇਸ ਪਾਰਟੀ ਬੀ. ਐਨ. ਪੀ. (ਬ੍ਰਿਟਿਸ਼ ਨੈਸ਼ਨਲ ਪਾਰਟੀ) ਅਤੇ ਟੋਰਿਜ਼ ਕਰਦੇ ਹਨ। ਫਿਰ ਡਰ ਬਣਿਆ ਹੋਇਆ ਹੈ ਕਿ ਲੋਕਾਂ ਦੇ ਸਥਾਨਕ ਨੌਕਰੀਆਂ ਲਈ ਸੰਘਰਸ਼ ਅਤੇ ਰਾਖਵੇਂ ਰੁਝਾਨ ਦੇ ਜ਼ੋਰ ਫੜਨ ਨਾਲ ਬ੍ਰਿਟਿਸ਼ ਸਟਾਇਲ ਦੇ ਇਹ ਵਿਰੋਧ ਕਿਤੇ ਦੂਜੇ ਦੇਸ਼ਾਂ ਵਿਚ ਵੀ ਨਾ ਫੈਲ ਜਾਣ। ਅਸਲ ਵਿਚ ਵਿਸ਼ਵੀਕਰਨ ਦੇ ਪੂਰੀ ਦੁਨੀਆਂ ’ਚ ਲਾਗੂ ਹੋਣ ਪਿੱਛੋਂ ਇਹ ਪਹਿਲਾਂ ਗੰਭੀਰ ਆਰਥਕ ਸੰਕਟ ਹੈ। ਜਦ ਸਭ ਕੁਝ ਠੀਕ ਠਾਕ ਚਲਦਾ ਰਿਹਾ, ਵਿਸ਼ਵੀਕਰਨ ਵੱਧ ਤੋਂ ਵੱਧ ਨੌਕਰੀਆਂ, ਬਾਜ਼ਾਰ, ਕਿਰਤ ਤੇ ਜਾਇਦਾਦ ਦੀ ਬੇਰੋਕ ਟੋਕ ਆਵਾਜਾਈ ਅਤੇ ਸਸਤੀਆਂ ਵਸਤਾਂ ਤੇ ਸੇਵਾਵਾਂ ਦੀ ਦਰਾਮਦ ਦਾ ਮੰਤਰ ਬਣ ਗਿਆ। ਖੁਸ਼ਹਾਲੀ ਤੇ ਖੁਸ਼ੀ ਦੀ ਪ੍ਰਾਪਤੀ ਲਈ ਏਕਤਾ ਬੱਧ ਇਕ ਦੁਨੀਆਂ ਬਣੀ ਰਹੀ। ਇਕ ਟੀਕਾਕਾਰ ਨੇ ਇਸ ਦੀ ਤੁਲਨਾ ਇਕ ਅਜਿਹੇ ਆਰਕੈਸਟਰਾਂ ਨਾਲ ਕੀਤੀ ਸੀ ਜਿਸ ਵਿਚ ਦੁਨੀਆਂ ਦੇ ਸਭ ਕੋਨੇ ਦੇ ਪ੍ਰਭਾਵਸ਼ਾਲੀ ਵਿਅਕਤੀ ਸ਼ਾਮਲ ਹਨ ਅਤੇ ਜਿਸਨੂੰ ਮਾਨੋ ਕੋਈ “ਗੁਪਤ ਹੱਥ” ਸੰਚਾਲਿਤ ਕਰ ਰਿਹਾ ਹੋਵੇ।

ਦ ਟਾਈਮਸ ਦੇ ਜੈਨਿਸ ਟਰਨਰ ਨੇ ਲਿਖਿਆ ਹੈ, “ਜਦ ਅਸੀਂ ਬੈਂਕ ਨੂੰ ਫੋਨ ਕਰਦੇ ਸਾਂ ਤਾਂ ਉਧਰੋਂ ਭਾਰਤੀ ਨਰਮ ਆਵਾਜ਼ ਜੁਆਬ ਦਿੰਦੀ ਸੀ। ਸਪੇਨ ਦੀਆਂ ਕੰਪਨੀਆਂ ਸਾਡੇ ਏਅਰਪੋਰਟ ਦੇ ਮਾਲਿਕ ਬਣ ਗਏ, ਜਰਮਨ ਨੇ ਸਾਡਾ ਪਾਣੀ ਖਰੀਦ ਲਿਆ, ਦੁਬਈ ਸਾਡੀਆਂ ਬੰਦਰਗਾਹਾਂ ਦਾ ਕੰਟਰੋਲ ਕਰਨ ਲੱਗੀ। ਸਾਡੇ, ਘਰ ਦਰਾਮਦ ਕੱਪੜਿਆਂ ਖਿਡੌਣਿਆਂ ਤੇ ਇਲੈਕਟ੍ਰਾਨਿਕ ਵਸਤਾਂ ਨਾਲ ਭਰ ਗਏ ਜੋ ਏਨੇ ਸਸਤੇ ਸਨ ਕਿ ਇਹਨਾਂ ਨੂੰ ਕਿਸੇ ਨੇ ਬਣਾਇਆ ਹੈ ਅਤੇ ਕਿਵੇਂ ਅਜਿਹੀਆਂ ਗੱਲਾਂ ਬਾਰੇ ਆਪ ਮਗਜ਼ ਖਪਾਈ ਕਰਨ ਦੀ ਹਿੰਮਤ ਹੀ ਨਹੀਂ ਕਰ ਸਕਦੇ ਸੀ। ਅਜਿਹੇ ਸੁਆਲ ਕਰਨਾ ਵਿਦੇਸ਼ੀਆਂ ਪ੍ਰਤੀ ਭੇਦਭਾਵ ਤੋਂ ਪੀੜਤ ਹੋਣਾ, ਇਕ ਹੱਦ ਤੱਕ ਇੰਗਲੈਂਡ ਬਣ ਜਾਣਾ ਜਾਂ ਇਸ ਤੋਂ ਵੀ ਬੁਰਾ ਮੰਨਿਆ ਗਿਆ ਅਤੇ ਚਾਹੇ ਜੋ ਵੀ ਹੋਵੇ ਅਸੀਂ ਸਾਰੇ ਪਹਿਲਾਂ ਤੋਂ ਹੀ ਵੱਧ ਅਮੀਰ ਬਣੇ ਰਹੇ ਸਨ। ਹਰੇਕ ਦੇਸ਼ ਦੀ ਪ੍ਰਤਿਭਾ ਇਕ ਅਜਿਹੇ ਆਰਕੇਸਟ੍ਰਾਂ ਵਾਂਗੂੰ ਸੀ ਜਿਸ ਨੂੰ ਕੋਈ “ਅਦਿਖ ਹੱਥ” ਸੰਚਾਲਿਤ ਕਰ ਰਿਹਾ ਸੀ।”

ਪਰ ਹੁਣ ਜਦ ਕਿ ਸੰਗੀਤ ਵਜਣਾ ਬੰਦ ਹੋ ਗਿਆ ਹੈ ਕਿ ਆਰਕੇਸਟ੍ਰਾ ਡਿੱਗ ਕੇ ਟੁੱਟ ਗਿਆ ਹੈ। ਇਕੋ ਇਕ ਬਚਾਓਵਾਦ ਦੀ ਸ਼ਰਨ ’ਚ ਜਾਣ ਦੀ ਦੌੜ ਪੈਦਾ ਹੋ ਗਈ ਹੈ। ਇਸ ਦੇ ਨਾਲ ਖੁਸ਼ਹਾਲ ਆਦਿਮ ਕੌਮੀ ਸਹਿਜਬੋਧ ਵੀ ਮੁਖਰ ਹੋ ਰਿਹਾ ਹੈ। ਹਾਲਾਂਕਿ ਜਾਹਰਾ ਤੌਰ ’ਤੇ ਲੋਕਾਂ ਦਾ ਸਰਕਾਰਾਂ ਤੇ ਮਾਲਕਾਂ ਖਿਲਾਫ ਹੈ ਫਿਰ ਵੀ ਇਸ ਦੇ ਸ਼ਿਕਾਰ” ਮੰਦਭਾਗੇ ਵਿਦੇਸ਼ੀ” ਹੋ ਰਹੇ ਹਨ। ਜਿਹਨਾਂ ’ਤੇ ਦੋਸ਼ ਹੈ

ਕਿ ਉਹਨਾਂ ਨੇ ਸਥਾਨਕ ਨੌਕਰੀਆਂ ਖੋਹ ਲਈਆਂ ਹਨ। ਇਹ ਚਿੰਤਾ ਦੀ ਗੱਲ ਹੈ ਕਿ ਅਨੇਕਾਂ ਯੂਰਪੀ ਸਰਕਾਰਾਂ ਖਾਸ ਕਰਕੇ ਇਟਲੀ ਵਰਗੇ ਦੇਸ਼ ਜਿਥੇ ਪਿਛਾਖੜੀ ਸਰਾਕਰਾਂ ਹਨ, ਉਹ ਟਾਈਮ ਬੰਬ 'ਤੇ ਬੈਠੇ ਹੋ ਸਕਦੇ ਹਨ ਅਤੇ ਇਸ ਦਾ ਅਸਲੀ ਖਤਰਾ ਅਪ੍ਰਵਾਸੀਆਂ ਨੂੰ ਹੈ ਜਿਨ੍ਹਾਂ ਨੂੰ ਇਸ ਆਰਥਿਕ ਸੰਕਟ ਦੇ ਹੋਰ ਬਦਤਰ ਹੋਣ ਦੇ ਨਾਲ ਇਸ ਦੀ ਪ੍ਰਤੀ ਕ੍ਰਿਆ ਦਾ ਸਹਾਮਣਾ ਕਰ ਪਵੇਗਾ। ਪੂੰਜੀਵਾਦੀ ਰਾਸ਼ਟਰਵਾਦ ਕਿੰਨਾ ਕੌੜਾ ਹੁੰਦਾ ਜਾ ਰਿਹਾ ਹੈ ਕਿ ਇਸ ਦੀ ਇਕ ਮਿਸਾਲ ਇਹ ਹੈ ਕਿ ਇਕ ਰਿਪੋਰਟ ਅਨੁਸਾਰ ਝਗੜੇ ਦੀ ਵਜਾਹ ਬਣੀ ਇਟਲੀ ਦੀ ਕੰਪਨੀ ਦੇ ਇਟਾਈਅਨ ਤੇ ਪੁਰਤਗਾਲੀ ਮਜ਼ਦੂਰਾਂ ਨੂੰ ਬਰਖਾਸਤ ਕਰਨ ਲਈ (ਬ੍ਰਿਟੇਨ ਵਲੋਂ) ਮਜ਼ਬੂਰ ਕੀਤੇ ਜਾਣ ਦੀ ਸਥਿਤੀ 'ਚ ਇਟਲੀ ਦੇ ਅਧਿਕਾਰੀਆਂ ਨੇ ਅੰਗਰੇਜ਼ ਮਜ਼ਦੂਰਾਂ ਖਿਲਾਫ ਕਾਰਵਾਈ ਕਰਨ ਦੀ ਧਮਕੀ ਦੇ ਦਿੱਤੀ ਹੈ। ਅੱਜ ਆਜ਼ਾਦ ਬਾਜ਼ਾਰ ਅਤੇ ਭੂਮੰਡੀਕਰਨ ਦੇ ਗੁਣ ਬਾਰੇ 'ਚ ਨਹੀਂ ਬਲਕਿ ਇਹਨਾਂ ਨੇ ਅੱਗੇ ਹੋਰ ਤਬਾਹੀ ਕਰਨ ਤੋਂ ਕਿਵੇਂ ਰੋਕਿਆ ਜਾਵੇ। ਇਸ ਬਾਰੇ ਬਹਿਸ ਹੋ ਰਹੀ ਸੀ। ਇਕ ਸਮਾਂ ਸੀ ਜਦ ਵਿਸ਼ਵੀਕਰਨ ਵਿਰੋਧੀ ਪ੍ਰਚਾਰਕਾਂ ਨੂੰ "ਜੇਹਲ ਤੋਂ ਭੱਜੇ ਬਾਦਮਾਸ਼" ਦੇ ਤਗਮਿਆਂ ਨਾਲ ਨਿਵਾਜ਼ਿਆਂ ਗਿਆ। ਪਰ ਬਸ ਇਕ ਮੰਦੀ ਪਿਛੋਂ ਲੋਕਾਂ ਦੀ ਮਨੋਦਿਸ਼ਾ ਨਾਟਕੀ ਢੰਗ ਨਾਲ ਬਦਲ ਗਈ ਹੈ। ਹੁਣ ਸਿਰਫ ਇਸ ਗੱਲ ਦੀ ਗੂੰਜ ਹੈ ਕਿ ਕਿਸ ਤਰ੍ਹਾਂ ਕੌਮੀ ਹਿੱਤਾਂ ਅਤੇ "ਸਥਾਨਕ ਮਜ਼ਦੂਰਾਂ, ਕਿਸਾਨਾਂ ਤੇ ਹੋਰਾਂ ਦੇ ਅਧਿਕਾਰ" ਦੀ ਰਾਖੀ ਕੀਤੀ ਜਾਵੇ। ਯੂਰਪੀ ਸੰਘ ਤੇ ਅਮਰੀਕੀ ਪ੍ਰਸਾਸ਼ਨ ਵਿਚਕਾਰ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਹਾਲੀਆ ਆਰਥਕ ਉਤਸ਼ਾਹ ਪੈਕੇਜ 'ਚ ਤਜ਼ਵੀਜ਼" ਅਮਰੀਕਨ ਮਾਲ ਖਰੀਦੋ" ਦੀ ਵਿਵਸਥਾ 'ਤੇ ਇੱਕ ਕੂਟਨੀਤਕ ਝੰਜਟ ਉਭਰਨ ਲੱਗਿਆ ਹੈ। ਲੋਕ ਭਰਮਾਊ ਰਾਸ਼ਟਰਵਾਦ ਦੇ ਅੰਨੇ ਪ੍ਰਚਾਰ ਦੀ ਇਹ ਇਕ ਮਿਸਾਲ ਹੀ ਹੈ ਕਿ ਆਜ਼ਾਦ ਵਪਾਰ ਤੇ ਵਿਸ਼ਵੀ ਕਰਨ ਦੇ ਕਲ ਦੇ ਕੁਝ ਝੰਡਾ ਬਰਦਾਰ ਅੱਜ ਉਸੇ ਸਫੇ ਦੇ ਗੀਤ ਗਾ ਰਹੇ ਹਨ ਜਿਸ ਨੂੰ ਵਿਸ਼ਵੀਕਰਨ ਵਿਰੋਧੀ ਲੋਕ ਗਾ ਰਹੇ ਸਨ।

ਪਿਛੇ ਜਿਹੇ ਆਪਣੀ ਬ੍ਰਿਟਿਸ਼ ਫੇਰੀ ਦੌਰਾਨ ਚੀਨੀ ਪ੍ਰਧਾਨ ਮੰਤਰੀ ਵੇਨ ਜਿਆਵੋ ਨੇ ਪੱਛਮੀ ਦੇਸ਼ 'ਚ ਰੇਂਗਦੇ (ਅਤੇ ਛੁਪ ਕੇ ਪੈਰ ਪਸਾਰਦੇ) ਰਾਖਵੇਂਕਰਨ ਦੀ ਇਹ ਕਹਿੰਦੇ ਹੋਇਆ ਦਬ ਕੇ ਅਲੋਚਨਾ ਕੀਤੀ ਹੋਵੇ ਕਿ ਆਰਥਕ ਰਾਸ਼ਟਰਵਾਦ ਦੀ ਸ਼ਰਨ ਵਿਚ ਜਾਣਾ ਇਸ ਮੌਜੂਦਾ ਆਰਥਕ ਸੰਕਟ ਦਾ ਹੱਲ ਨਹੀਂ ਹੈ। ਇਸ ਦੀ ਬਜਾਏ ਸਾਂਝੇ ਯਤਨ ਅੱਜ ਦੀ ਲੋੜ ਹੈ। ਪਰ ਅਲੋਚਕ ਕਹਿ ਰਹੇ ਹਨ ਕਿ ਉਹ ਤਾਂ ਅਜਿਹਾ ਹੀ ਕਹਿਣਗੇ ਨਾ! ਆਖਰਕਾਰ ਉਹਨਾਂ ਦੀ ਬਰਾਮਦ ਮੁਖੀ ਅਰਥਚਾਰਾ ਵਿਦੇਸ਼ੀ ਬਜ਼ਾਰ 'ਤੇ ਭਾਰੀ ਤੌਰ 'ਤੇ ਨਿਰਭਰ ਜਿਉਂ ਹੈ।

ਫਿਲਹਾਲ ਜਾਣਕਾਰ ਯੂਰਪ 'ਚ ਆਉਣ ਵਾਲੇ ਮਹੀਨਿਆਂ 'ਚ ਭਾਰੀ ਸਨਅਤੀ ਅਸ਼ਾਂਤੀ ਦੀ ਭਵਿੱਖਬਾਣੀ ਕਰ ਰਹੇ ਜੋ ਅਤੇ ਉਹ ਡਰ ਰਹੇ ਹਨ ਕਿ ਮੰਦੀ ਦੇ ਹੋਰ ਵੀ ਬਦਤਰ ਹੋਣ ਦੀ ਸਥਿਤੀ ਵਿਚ ਵੱਡੇ ਸਮਾਜਕ ਤਣਾਵਾਂ ਨੂੰ ਜਨਮ ਦੇ ਸਕਦੀ ਹੈ। ਪੂਰਬ ਦੇ ਸਮਾਜ ਵਾਦੀ ਬਲਾਕ ਦੇ ਅਨੇਕ ਦੇਸ਼ਾਂ ਜਿਵੇਂ ਲਾਟਵਿਆ, ਹੰਗਰੀ, ਯੂਕ੍ਰੇਨ ਜਿਹਨਾਂ ਨੇ ਸਮਾਜਵਾਦ ਨੂੰ ਛੱਡ ਕੇ ਪੂੰਜੀਵਾਦ ਦੀ ਨਵੀਂ ਬਹਾਦਰ ਦੁਨੀਆਂ ਨੂੰ ਅਪਣਾਇਆ ਸੀ। ਬਾਰੇ ਆਸਾਰ ਖਾਸ ਕਰਕੇ ਡਰਾਉਣੇ ਵਿਖਾਈ ਦੇ ਰਹੇ ਹਨ। ਇਕ ਵਿਸਲੇਸ਼ਕ ਨੇ ਹਿੰਸਾ ਦੀ ਸੰਭਾਵਨਾ ਤੋਂ ਇਨਕਾਰ ਨਾ ਕਰਦੇ ਹੋਇਆ

ਕਿਹਾ–" ਹਾਲ ਦੇ ਹਫਤਿਆਂ ਵਿਚ ਲੋਕ ਰੋਹ ਵਜੋਂ ਅਸੀਂ ਜੋ ਕੁਝ ਵੀ ਵੇਖਿਆ ਹੈ, ਇਹ ਸਿਰਫ ਸ਼ੁਰੂਆਤ ਹੈ।"

ਇਸ ਇਤਿਹਾਸ ਦੇ ਪਹਿਲੇ ਮਸੌਦੇ ਨੂੰ ਲਿਖ ਦੇਣ ਦੀ ਕਾਹਲੀ 'ਚ ਪੱਤਰਕਾਰਾਂ ਨੇ ਮੌਜੂਦਾ ਮਨੋਦਿਸ਼ਾ ਦਾ ਵਰਨਣ ਕਰਨ ਲਈ "ਅਸ਼ਾਂਤੀ ਦੇ ਨਵੇਂ ਯੁੱਗ ਦੀ ਸ਼ੁਰੂਆਤ (Daun of New Age of upset) ਅਤੇ ਫਿਰ ਤੋਂ ਅੜਿਕਿਆਂ ਵਿਚਕਾਰ (Back to Barricades) ਵਰਗੇ ਸ਼ਬਦਾਂ ਦੀ ਵਰਤੋਂ ਪਹਿਲਾਂ ਤੋਂ ਹੀ ਸ਼ੁਰੂ ਕਰ ਦਿੱਤੀ ਹੈ। ਪਰ ਤਦ ਸ਼ੁਰੂਆਤੀ ਪ੍ਰਾਰੂਪ ਥੋੜੇ ਨਾਟਕੀ ਵੀ ਹੁੰਦੇ ਹਨ।

# ਆਰਥਕ ਮੰਦੀ ਕਿਉਂ ਨਹੀਂ ਆ ਰਹੀ ਕਾਬੂ?

ਅੰਤਰਿਮ ਬਜਟ ਤੋਂ ਪਹਿਲਾਂ ਤੇ ਪਿਛੋਂ ਰਾਹਤ ਪੈਕੇਜਾਂ ਵਜੋਂ ਸੰਜੀਵਨੀ ਬੂਟੀਆਂ ਦੀ ਤਜ਼ਵੀਜ਼ ਕਰ ਦਿੱਤੀ ਗਈ ਹੈ। ਇਹਨਾਂ ਪੈਕਜਾਂ ਅਤੇ ਮੁਦਰਿਕ-ਵਿੱਤੀ ਖੇਤਰ ਰਿਜ਼ਰਵ ਬੈਂਕ ਦੇ ਫੈਸਲਿਆਂ ਤੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਵਿਸ਼ਵ ਅਰਥਚਾਰੇ ਦੇ ਸਮੁੰਦਰ ਵਿੱਚ ਆਈ ਸੁਨਾਮੀ (ਭਿਅੰਕਰ ਚਕਰਵਾਤ) 'ਚ ਵੀ ਸਾਡੀ ਕਿਸ਼ਤੀ ਸਹੀ ਸਲਾਮਤ ਕਿਨਾਰੇ ਲੱਗ ਜਾਵੇਗੀ। ਜ਼ਾਹਿਰ ਹੈ ਕਿ ਮੌਜੂਦਾ ਵਿੱਤੀ-ਆਰਥਕ ਸੰਕਟ ਦੇ ਸਮਾਜਕ ਰੂਪ ਅਤੇ ਉਸ ਦੀਆਂ ਡੂੰਘੀਆਂ ਪ੍ਰਬੰਧਕੀ (ਵਿਵਸਥਾਗਤ) ਜੜ੍ਹਾਂ ਤੋਂ ਅੱਖਾਂ ਬੰਦ ਕਰ ਲਈਆਂ ਗਈਆਂ ਹਨ। ਵੱਡੇ ਵੱਡੇ ਵਿੱਤੀ ਮਕਾਨਾਤ ਤੇ ਹੋਰ ਧੰਦਿਆਂ ਵਿੱਚ ਲੱਗੀਆਂ ਬਹੁਕੌਮੀ (ਸਾਮਰਾਜੀ) ਕੰਪਨੀਆਂ ਦਾ ਦਿਵਾਲਾ ਉਹਨਾਂ ਦੀ ਬੰਦੀ ਤੇ ਘਾਟਾ ਦੁਨੀਆ ਭਰ ਦੇ ਬਾਜ਼ਾਰਵਾਦੀ ਪਾਂਡਿਆਂ ਨੂੰ ਦੁੱਖ ਦੇਣ ਲਗਿਆ। ਲੋਕਾਂ ਦੇ ਪੈਸੇ ਤੇ ਬੈਂਕਾਂ ਦੇ ਕਰਜ਼ੇ ਬਿਨਾਂ ਇਹਨਾਂ ਖਰਬਪਤੀਆਂ ਦੇ ਕਾਰੋਬਾਰ ਚਲ ਨਹੀਂ ਸਕਦੇ ਪਰ ਘਾਟੇ ਦੇ ਡਰ ਨਾਲ ਪੀੜਤ ਕੰਪਨੀਆਂ ਤੇ ਸੰਸਥਾਵਾਂ ਨੇ ਆਪਣੇ ਹੱਥ ਖਿੱਚ ਲਏ। ਪਿਛਲੇ ਕੁਝ ਸਾਲਾਂ ਤੋਂ ਦੇਸੀ-ਵਿਦੇਸ਼ੀ (ਦਲਾਲ ਤੇ ਸਾਮਰਾਜੀ) ਪੂੰਜੀ ਅਤੇ ਭਾਰਤ ਦੀ 8 ਤੋਂ 9 ਫੀਸਦੀ ਦੀ ਸਲਾਨਾ ਦਰ ਕੌਮੀ ਆਮਦਨ ਵਾਧਾ ਦਰ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਸਨ। ਕੰਪਨੀਆਂ ਮੋਟੇ ਮੁਨਾਫੇ ਕਮਾ ਰਹੀਆਂ ਸਨ। ਗੜ ਤੇ ਭਿਣਭਣਾਉਂਦੀਆਂ ਮੱਖੀਆਂ ਵਾਂਗੂੰ ਭਾਰਤ 'ਚ ਵਿਦੇਸ਼ੀ ਕੰਪਨੀਆਂ ਅਤੇ ਸਾਮਰਾਜੀ ਪੂੰਜੀ ਦਾ ਨਿਵੇਸ਼ ਹੋ ਰਿਹਾ ਸੀ। ਸਰਕਾਰ ਇਹਨਾਂ ਨੂੰ ਨਵੇਂ ਮੌਕੇ ਦੇਣ ਦੇ ਨਾਲ ਨਾਲ ਸਰਕਾਰੀ ਖਜ਼ਾਨੇ (ਜਨਤਕ ਖਰਚ, ਬਜਟ ਘਾਟੇ, ਸੂਬਿਆਂ ਦੀਆਂ ਗਰਾਂਟਾਂ, ਸਬਸਿਡੀ ਆਦਿ ਨੀਤੀਗਤ ਫੈਸਲੇ) ਮੁਕਰਿਕ ਵਿਤੀ ਵਿਦੇਸ਼ੀ, ਆਰਥਕ ਸਬੰਧਾਂ ਕਿਰਤ ਕਨੂੰਨਾਂ ਤੇ ਹੋਰ ਕਨੂੰਨਾਂ ਰਾਹੀਂ ਕੰਪਨੀਆਂ ਦੀ ਵਕਾਲਤ ਕਰਨ ਵਾਲੀਆਂ ਸੰਸਥਾਵਾਂ ਨਾਲ ਕਦਮਤਾਲ ਮਿਲਾਉਂਦੀਆਂ ਹੋਈਆਂ ਉਹਨਾਂ ਦੀਆਂ ਮਨੋਕਾਮਨਾਵਾਂ ਨੂੰ ਪੂਰਾ ਕਰ ਰਹੀਆਂ ਸਨ। ਇਹਨਾਂ ਤਬਦੀਲੀਆਂ ਨੂੰ ਆਰਥਕ ਸੁਧਾਰਾਂ ਦਾ ਰੁਤਬਾ ਦਿੱਤਾ ਗਿਆ ਸੀ। ਪਰ ਵਿਸ਼ਵੀ ਆਰਥਕ ਖੇਤਰ ਦੇ ਅੰਦਰ ਹੀ ਅੰਦਰ ਘੁੰਮ ਰਹੇ ਸੰਘਣੇ ਬਦਲਾਂ ਦਾ ਹਨੇਰਾ ਫੈਲਣ ਲੱਗਿਆ। ਵਿਤੀ ਖੇਤਰ ਦਾ ਸੰਚਾਲਨ ਅਤੇ ਪਸਾਰ ਇਸ ਦੇ ਹਿੱਸੇਦਾਰਾਂ ਦੇ ਆਪਸੀ ਵਿਸਵਾਸ਼ ਦੀ ਨੀਂਹ 'ਤੇ ਖੜ੍ਹਾ ਹੁੰਦਾ ਹੈ। ਪਰ ਲੋਭ-ਲਾਲਚ ਦੀ ਅੰਨੀ ਦੌੜ ਤੋਂ ਪ੍ਰੇਰਿਤ ਅਤੇ ਸਮਾਜਕ ਬੇਲਗਾਮ ਵਿਤੀ ਖੇਤਰ 'ਚ ਤਰਕਹੀਣ ਸੱਟੇਬਾਜ਼ੀ ਦੇ ਘੋੜੇ ਲੜਖੜਾ ਕੇ ਮੂਧੇ ਮੂੰਹ ਡਿੱਗੇ। ਹੁਣ ਸਭ ਵਿਸ਼ਵੀ ਪੂੰਜੀਵਾਦ ਦੇ ਸਿਰਮੌਰ ਦੇਸ਼ ਅਮਰੀਕਾ ਦੇ ਗ੍ਰਹਿ ਨਿਰਮਾਣ ਸਬੰਧੀ ਕਰਜ਼ੇ ਦੇਣ ਦੀ ਯੋਜਨਾ ਤੋਂ ਸ਼ੁਰੂ ਹੋ ਕੇ ਪੂਰੇ ਸੰਸਾਰ ਵਿੱਚ ਫੈਲ ਗਿਆ ਧਨੀਆਂ ਦੇ ਖਜਾਨਿਆਂ 'ਚ ਛਲਕਦਾ ਧਨ ਵਿੱਤੀ ਖੇਤਰ ਦੀ ਬਨਾਉਟੀ ਸੌਦੇ-ਸੱਟੇਬਾਜ਼ੀ ਦੀ ਅੰਨੀ ਦੌੜ ਵਿੱਚ ਲਾਇਆ ਜਾਣ ਲੱਗਿਆ। ਇਸ ਵਿਚ ਸ਼ੇਅਰ-ਬਾਜ਼ਾਰ ਵੀ ਸ਼ਾਮਲ ਹੋਇਆ। ਨਾਲ ਹੀ ਕੰਪਨੀਆਂ ਦੀਆਂ ਸਹੀ ਸੂਚਨਾਵਾਂ ਦੀ ਘਾਟ ਅਤੇ ਕੰਪਨੀਆਂ ਦੀ ਸਥਿਤੀ ਤੇ ਵਿਤੀ ਅਦਾਰਿਆਂ-ਕੰਪਨੀਆਂ ਦੀ ਸਹੀ ਸਾਖ ਤੇ ਸਥਿਤੀ ਦਾ ਅੰਦਾਜ਼ਾ ਲਾਉਣਾ ਆਡਿਟ ਕਰਨ ਵਾਲੇ ਅਦਾਰਿਆਂ ਦੀ ਮਿਲੀ ਭੁਗਤ ਆਪਣੇ ਗੋਰਖਧੰਦੇ ਰਾਹੀਂ ਦੁਨੀਆਂ ਭਰ ਦੇ ਅਮੀਰਾਂ

ਨੇ ਅਰਬਾਂ-ਖਰਬਾਂ ਦੀ ਅੰਨ੍ਹੀ ਕਮਾਈ ਕੀਤੀ। ਇਸ ਖੁੱਲ੍ਹੀ ਆਮਦਨੀ ਨਾਲ ਜ਼ਮੀਨਾ, ਮਕਾਨਾ, ਸੋਨੇ-ਚਾਂਦੀ ਜਵਾਹਰਾਤ ਆਦਿ ਦੇ ਨਾਲ ਨਾਲ ਕਈ ਹੋਰ ਨਿਵੇਸ਼ ਵੀ ਕੌਮੀ ਆਮਦਨ ਨੂੰ ਤੇਜ਼ੀ ਨਾਲ ਵਧਾਉਣ ਵਿੱਚ ਮਦਦਗਾਰ ਹੋ ਰਹੇ ਸਨ। ਪਰ ਜਦੋਂ ਕਰਜਾ ਵਧਦਾ ਗਿਆ ਅਤੇ ਗਹਿਣੇ ਰੱਖ ਕੇ ਖਰੀਦੇ ਮਕਾਨਾਂ ਦੀਆਂ ਕਿਸ਼ਤਾਂ ਆਉਣੀਆਂ ਰੁਕ ਗਈਆਂ ਤਾਂ ਸੰਸਾਰ ਦੀਆਂ ਦਿਉ ਕੱਦ ਕੰਪਨੀਆਂ ਦਾ ਦਿਵਾਲਾ ਨਿਕਲ ਗਿਆ। ਇਸ ਤਰ੍ਹਾਂ ਲੋਕਾਂ ਦੀ ਵਿਗੜਦੀ ਹਾਲਤ ਦਾ ਜਦ ਤਕ ਪੂਰਾ ਪਤਾ ਲੱਗਦਾ ਤਦ ਤਕ ਪਹਿਲਵਾਨ ਚਾਰੇ ਪਾਸਿਓਂ ਚਿੱਤ ਹੋ ਕੇ ਡਿੱਗਣ ਲੱਗੇ। ਬਜ਼ਾਰਾਂ 'ਚ ਡੂੰਘੀ ਉਦਾਸੀ, ਬੇਵਿਸਵਾਸ਼ੀ ਤੇ ਨਿਰਾਸ਼ਾ ਦਾ ਮਾਹੌਲ ਬਣ ਗਿਆ। ਇਹਨਾਂ ਬਾਜ਼ਾਰਾਂ ਦੇ ਤਰਕ ਤੇ ਸਵੈ-ਕੰਟਰੋਲ ਹੋਣ ਦੇ ਅੰਨੇ ਦਾਅਵੇ ਕਰਨ ਵਾਲੇ ਨੀਤੀਕਾਰਾਂ ਤੇ ਅਰਥਸਾਸ਼ਤਰੀਆਂ ਨੂੰ ਬੇਵਸ਼ ਹੋ ਕੇ ਆਪਣੀ ਨਾਕਾਮ ਮੰਨਣੀ ਪਈ। ਸੋਵੀਅਤ ਰੂਸ ਦੇ ਖਿੰਡ ਜਾਣ ਪਿਛੋਂ ਵਿਸ਼ਵੀ ਜਿੱਤ ਦਾ ਡੰਕਾ ਵਜਾਉਣ ਵਾਲੇ ਪੂੰਜੀਵਾਦੀ ਬਾਜਾਰ ਤੇ ਨਿਯਮਨ ਦੇ ਸਮਰਥਕ ਕਾਗਜ਼ੀ ਸ਼ੇਰ ਹੁਣ ਮਿਆਊਂ-ਮਿਆਊਂ ਕਰਨ ਨੂੰ ਮਜ਼ਬੂਰ ਹੋ ਗਏ। ਦੁਨੀਆਂ ਭਰ ਵਿੱਚ ਬਾਜ਼ਾਰ ਦੇ ਹਾਰੇ ਨਾਇਕਾਂ ਖਲਨਾਇਕਾਂ ਨੂੰ ਰਾਜ ਦੀ ਸ਼ਰਨ 'ਚ ਆਉਣਾ ਪਿਆ। ਆਪਣੇ ਤਹਿਸ ਨਹਿਸ ਸੈਨਾਪਤੀਆਂ ਦੀ ਸਹਾਇਤਾ ਲਈ ਰਾਜ ਅੱਗੇ ਆਈ ਸਰਕਾਰ ਨੇ ਸਮਾਜਵਾਦੀ ਹਕੂਮਤ ਤੇ ਕੀਨਸਵਾਦੀ ਰਾਜ ਵਾਂਗੂ ਇਹਨਾਂ ਕੰਪਨੀਆਂ ਨੂੰ ਬਚਾਉਣ ਲਈ ਖਰਬਾਂ ਡਾਲਰ ਦਾ ਬੰਦੋਬਸਤ ਕਰ ਦਿੱਤਾ। ਸ਼ੁਰੂ ਵਿੱਚ ਭਾਰਤ ਨੂੰ ਇਹਨਾਂ ਲੜਖੜਾਉਂਦੀਆਂ ਵਿਸ਼ਵੀ ਵਿੱਤੀ ਵਿਵਸਥਾਵਾਂ ਦੇ ਮਾੜੇ ਅਸਰਾਂ ਤੋਂ ਮੁਕਤ ਜਾਂ ਅਸਬੰਧਿਤ ਤੇ ਅਪ੍ਰਭਾਵਿਤ ਐਲਾਨਿਆ ਗਿਆ। ਪਰ ਸਚਾਈ ਨੇ ਜਲਦੀ ਹੀ ਇਹਨਾਂ ਹਵਾਈ ਦਾਅਵਿਆਂ ਦੀ ਫੂਕ ਕੱਢ ਦਿੱਤੀ। ਘੱਟੋ ਘੱਟ ਇਹ ਤਾਂ ਮੰਨਿਆ ਗਿਆ ਕਿ ਇਥੇ ਵੀ ਤਰਲਤਾ ਯਾਨੀ ਨਕਦੀ ਦੀ ਂਘਾਟ ਕਾਰਨ ਸਾਡੀਆਂ ਵਿਤੀ ਸੰਸਥਾਵਾਂ ਤੇ ਬੈਂਕ ਪੀੜਤ ਹਨ। ਸ਼ੇਅਰ ਬਾਜ਼ਾਰ 'ਚੋਂ ਸਾਮਰਾਜੀ ਪੂੰਜੀ ਪੂਛ ਲਪੇਟ ਕੇ ਭੇਜਣ ਲੱਗੀ। ਵੀਹ ਹਜ਼ਾਰ ਸੇਂਸੇਕਸ ਰੂਪੀ ਸ਼ੇਅਰ ਬਾਜ਼ਾਰ ਦੀ ਉਛਾਲ ਦਾ ਬੁਖਾਰ ਉਤਰ ਕੇ ਅਰਬਾਂ ਦੇ ਕਾਗਜ਼ੀ ਧਨ ਨੂੰ ਲੀਲ ਗਿਆ। ਕਿਥੇ ਕਿੰਨੀਆਂ ਜ਼ਹਿਰੀਲੀਆਂ ਜਾਇਦਾਦਾਂ ਲਟਕ ਰਹੀਆਂ ਹਨ। ਇਸ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੋ ਗਿਆ। ਸਤਿਅਮ ਘੁਟਾਲੇ ਤੋਂ ਪਹਿਲਾਂ ਹੀ ਕੰਪਨੀਆਂ ਦੀ ਆਰਥਕ ਹਾਲਤ ਵਿਗੜਨ ਲੱਗੀ। ਛਾਂਟੀ ਦੇ ਦੌਰ ਸ਼ੁਰੂ ਹੋ ਗਏ ਅਤੇ ਮੁਲਾਜ਼ਮਾਂ ਦੇ ਸਿਰ 'ਤੇ ਖਤਰੇ ਦੀ ਤਲਵਾਰ ਵਾਂਗੂੰ ਇਹ ਲਟਕਣ ਲੱਗੀ। ਕੁਲ ਮਿਲਾ ਕੇ ਸੰਗਠਿਤ ਖੇਤਰ ਵਿੱਚ ਪੰਦਰਾਂ ਲੱਖਾਂ ਲੋਕਾਂ ਨੂੰ ਸੜਕਾਂ 'ਤੇ ਲੈ ਆਂਦਾ। ਇਕ ਥਾਂ ਇਕ ਖੇਤਰ ਜਾਂ ਸਨਅਤ ਦੀ ਗਿਰਾਵਟ ਆਪਣੇ ਆਪਸ ਜੋੜ ਕਾਰਨ ਹੋਰ ਕੰਪਨੀਆਂ, ਇਲਾਕਿਆਂ ਨੂੰ ਵੀ ਆਪਣੇ ਘੇਰੇ 'ਚ ਲੈਣ ਲੱਗੀ। ਮੁਨਾਫੇ ਨਾਲ ਮਾਲਾਮਾਲ ਹੋ ਰਹੇ ਕਾਰਪੋਰੇਟ ਘਟਕ ਹੁਣ ਘਟਦੇ ਮੁਨਾਫੇ ਦੇ ਸਾਹਮਣੇ ਮੂੰਹ ਅੱਡੀ ਖੜੇ ਘਾਟੇ ਦੇ ਡਰ ਅਤੇ ਸਚਾਈ ਨਾਲ ਤਰੇਲੀਓ ਤਰੇਲੀ ਹੋਣ ਲੱਗੇ। ਸਰਕਾਰ ਦੇ ਤੇਜ਼ ਆਰਥਕ ਵਾਧੇ ਦੇ ਦਾਅਵੇ ਵੀ ਦਾਅ 'ਤੇ ਲੱਗਣ ਲੱਗੇ ਇਸ ਤਰ੍ਹਾਂ ਇਹ ਸਪੱਸ਼ਟ ਹੋ ਗਿਆ ਕਿ ਬਾਹਰੋਂ ਠੋਸੇ ਗਏ ਸਾਮਰਾਜੀ ਵਿਸ਼ਵੀਕਰਨ ਨੇ ਇਸ ਦੀ ਵਕਾਲਤ ਕਰਨ ਵਾਲਿਆਂ ਤੇ ਮੁਨਾਫਾਖੋਰਾਂ ਨੂੰ ਆਪਣੇ ਨਾਗਵਲ 'ਚ ਜਕੜ ਲਿਆ। ਇਹ ਗੱਲ ਇਥੇ ਗੌਰ ਕਰਨ ਲਾਇਕ ਹੈ ਕਿ ਤੇਜ ਆਰਥਕ ਵਾਧੇ ਦਰਾਮਦ-ਬਰਾਮਦ ਦੀ ਉੱਚੀ ਛਾਲ, ਸਾਮਰਾਜੀ ਪੂੰਜੀ

ਆਗਮਨ ਦਾ ਸਾਬਕਾ ਪੱਧਰ, ਵਿਤੀ ਤੇ ਵਪਾਰਕ ਖੇਤਰ ਦੇ ਉਛਾਲਾਂ ਦੇ ਬਾਵਜੂਦ ਸੰਭਾਵਿਤ ਵਿਕਲਪਿਕ ਨੀਤੀਆਂ ਦੀ ਅਣਦੇਖੀ ਕਾਰਨ ਭਾਰੀ ਖਮਿਆਜਾ ਭੁਗਤਨਾ ਪੈ ਰਿਹਾ ਹੈ। ਬਾਜ਼ਾਰ ਵਲੋਂ ਸੰਚਾਲਿਤ ਬੇਲਗਾਮ ਅਰਥਚਾਰਾ ਜਿਨ੍ਹਾਂ ਨੂੰ ਲਾਭ ਤੇ ਤਰੱਕੀ 'ਚ ਤਾਂ ਸ਼ਾਮਲ ਨਹੀਂ ਕਰਦਾ ਪਰ ਉਹਨਾਂ ਨੂੰ ਆਪਣੇ ਬੁਰੇ ਦਿਨਾਂ ਦਾ ਭਾਗੀਦਾਰ ਬਣਾ ਲੈਂਦਾ ਹੈ। ਸਾਲਾਂ ਤੋਂ ਮਹਿੰਗਾਈ ਦੀ ਮਾਰ ਕਰੋੜਾਂ ਭਾਰਤੀਆਂ ਦੀ ਕੰਗਾਲੀ 'ਚ ਆਟਾ ਗਿੱਲਾ ਕਰ ਰਹੀ ਸੀ। ਬੇਰੁਜ਼ਗਾਰ ਨਵੀਂ ਪੀੜੀ ਨੂੰ ਮੌਕਾ ਦੇਣਾ ਤਾਂ ਦੂਰ ਦੀ ਗੱਲ, ਕਿਵੇਂ ਨਾ ਕਿਵੇਂ ਰੁਜ਼ਗਾਰ 'ਤੇ ਲੱਗੇ ਲੋਕਾਂ ਨੂੰ ਵੀ ਨੌਕਰੀਓ ਕੱਢਿਆ ਜਾਣ ਲੱਗਿਆ। ਇਹਨਾਂ ਸਾਰਿਆਂ ਪ੍ਰਤੀ ਚੁਣਾਵੀ ਮੌਸਮ ਦੀ ਹਮਦਰਦੀ ਅਤੇ ਥੋਥੇ ਵਾਅਦੇ ਵਿਖਾਉਣ ਵਾਲੇ ਅਰਥਚਾਰੇ ਦੇ ਨਾਇਕਾਂ ਤੇ ਖਲਨਾਇਕਾਂ ਦੀ ਹਿੰਮਤ ਜੁਆਬ ਦੇ ਗਈ। ਅੰਤਰਿਮ ਬਜਟ ਲਿਆ ਕੇ ਭਾਰਤ ਸਰਕਾਰ ਨੇ ਬਾਹਰਲੀਆਂ ਮੰਦੀ ਪੀੜਤ ਕੰਪਨੀਆਂ ਅਤੇ ਅਮੀਰ ਜਾਂਦਿਆਂ ਲਈ ਅਰਬਾਂ ਰੁਪਏ ਦੀ ਲਾਗਤ ਵਾਲੀਆਂ ਨੀਤੀਆਂ ਲਾਗੂ ਕਰ ਦਿੱਤੀਆਂ।

ਤਿੰਨ ਪੈਕੇਜ ਭਾਰਤੀ ਅਰਥਚਾਰੇ ਦੇ ਚੋਟੀ ਦੇ ਤਬਕਿਆਂ ਨੂੰ ਦਿੱਤੇ ਗਏ। ਕਰਜ਼ੇ ਭਰਪੂਰ ਮਾਤਰਾ ਵਿੱਚ ਤੇ ਸਸਤੀਆਂ ਦਰਾਂ 'ਤੇ ਮੁਹੱਈਆ ਕੀਤੇ ਗਏ। ਦੋ ਮੁੱਖ ਅਸਿੱਧੇ ਟੈਕਸਾਂ 'ਚ ਕਟੌਤੀ ਕਰਕੇ ਸਰਕਾਰ ਨੇ ਆਪਣੇ ਸਾਰੇ ਪਿਛਲਿਆਂ ਨੂੰ ਛੱਡ ਕੇ 70 ਹਜ਼ਾਰ ਕਰੋੜ ਰੁਪਏ ਯਾਨੀ ਪੂਰੇ ਟੈਕਸ ਮਾਲੀਆ ਦਾ ਲਗਭਗ 10 ਫੀਸਦੀ ਦਾ ਬੋਝ ਆਪਣੀ ਝੋਲੀ ਵਿੱਚ ਪਾ ਦਿੱਤਾ। ਬਰਾਮਦਕਾਰਾਂ ਨੂੰ ਸਸਤੇ ਕਰਜ਼ਿਆਂ ਵਗੈਰਾ ਦੀਆਂ ਸਹੂਲਤਾਂ ਦੇ ਦਿੱਤੀਆਂ ਗਈਆਂ। ਕੰਪਨੀਆਂ ਨੂੰ ਬਾਹਰੀ ਵਿੱਤ ਹਾਸਲ ਕਰਾਉਣ ਵਿੱਚ ਸਹੂਲਤਾਂ ਦਿੱਤੀਆਂ ਗਈਆਂ। ਸਰਕਾਰ ਨੇ ਵੱਖ-ਵੱਖ ਕਿਰਤ ਦੀ ਮੰਗ ਅਤੇ ਬਾਜ਼ਾਰ 'ਚ ਵਸਤਾਂ ਦੀ ਮੰਗ ਵਧਾਉਣ ਲਈ ਕਰੀਬ 20 ਹਜ਼ਾਰ ਕਰੋੜ ਰੁਪਏ ਦੇ ਨਵੇਂ ਖਰਚ ਦਾ ਐਲਾਨ ਕਰ ਮਾਰਿਆ। ਬੁਨਿਆਦੀ ਸੇਵਾਵਾਂ ਦੇ ਵਿਸਥਾਰ ਦਾ ਵੱਡਾ ਪ੍ਰੋਗਰਾਮ ਵੀ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਗਿਆ। ਵਿਤੀ ਖੇਤਰ ਦੇ ਅਦਾਰੇ ਵਧਾ ਦਿੱਤੇ ਗਏ। ਅੰਤਰਿਮ ਬਜਟ ਪਿਛੋਂ ਦੇ ਐਲਾਨ 'ਚ ਕਰੀਬ 30 ਹਜ਼ਾਰ ਕਰੋੜ ਦੀਆਂ ਨਵੀਆਂ ਟੈਕਸ ਰਿਆਇਤਾਂ ਦਿੱਤੀਆਂ ਗਈਆਂ। ਕੁਲ ਮਿਲਾ ਕੇ ਇਹ ਨਜ਼ਰ ਆਉਂਦਾ ਹੈ ਕਿ ਮੁਨਾਫੇ 'ਤੇ ਸੱਟ ਨਾ ਵੱਜੇ, ਕੰਪਨੀਆਂ ਨੂੰ ਕਰਜ਼ਾ ਮਿਲਦਾ ਰਹੇ ਬਾਜ਼ਾਰ 'ਚ ਧਨੀ ਤੇ ਦਰਮਿਆਨੇ ਆਮਦਨ ਵਰਗ ਦੀ ਕਾਰਜ ਸ਼ਕਤੀ ਵੱਧਦੀ ਰਹੇ। (ਨਵੀਆਂ ਉੱਚੀਆਂ ਤਨਖਾਹਾਂ ਦੇ ਕਾਰਨ ਵੀ) ਮੋਟਰ ਕਾਰਾਂ ਆਦਿ ਉਦਯੋਗ ਦੀ ਵਿਕਰੀ ਵਧਦੀ ਰਹੇ ਆਦਿ ਇਹਨਾਂ ਉਪਾਵਾਂ ਦੇ ਖਾਸ ਬਿੰਦੂ ਹਨ। ਇਹਨਾਂ ਉਪਾਵਾਂ 'ਚ ਕੁਝ ਗੱਲਾਂ ਸਾਫ ਹਨ। ਆਮ ਹਾਲਤ 'ਚ ਰੁਜ਼ਗਾਰ ਪੈਦਾਵਾਰ ਆਦਿ ਵਧਾਉਣ ਦਾ ਜਿੰਮਾ ਕਾਰੋਬਾਰੀ ਵਰਗ ਤੇ ਪਾਉਣ ਵਾਲੇ ਨੀਤੀਕਾਰ ਅਸਾਧਾਰਨ ਸਥਿਤੀ ਵਿੱਚ ਵੀ ਵਾਧੇ ਦਾ ਨਾਮਕਰਣ ਉਹਨਾਂ ਹੱਥਾਂ 'ਚ ਸੌਂਪਦੇ ਹਨ। ਸਿੱਧੇ ਸਾਧੇ ਆਮ ਆਦਮੀ ਦੇ ਹੱਥ ਕਾਰਜ ਸ਼ਕਤੀ ਉਸ ਦੀ ਨੌਕਰੀ ਬਚਾਉਣ ਦੇ ਸਿੱਧੇ ਸਾਧੇ ਪ੍ਰਭਾਵੀ ਕਦਮ ਉਠਾਉਣਾ ਤੇ ਪਿੰਡਾਂ ਸ਼ਹਿਰਾਂ ਦੇ ਗਰੀਬਾਂ ਲਈ ਜਨਤਕ ਖਰਚ ਵਧਾ ਕੇ ਜਲਦੀ ਉਪਾਅ ਕਰਨਾ ਇਹਨਾਂ ਪੈਕਜਾਂ 'ਚੋਂ ਗਾਇਬ ਹੈ। ਮੁਨਾਫਾ ਵਧਣ ਨਾਲ ਗਰੀਬੀ ਬੇਰੁਜ਼ਗਾਰੀ ਦੂਰ ਕਰਨ 'ਚ ਕੋਈ ਮਦਦ ਨਹੀਂ ਮਿਲਦੀ ਬਲਕਿ ਉਲਟਾ ਅਸਰ ਹੁੰਦਾ ਹੈ। ਇਹ ਗੱਲ ਸਾਰੇ ਪੂੰਜੀਵਾਦੀ ਦੇਸ਼ ਦਾ ਇਤਿਹਾਸ ਦੱਸਦਾ ਹੈ। ਵਿਤੀ ਖੇਤਰ

ਦਾ ਧਨ ਤੇ ਸੌਦੇ-ਸੱਟੇ ਜ਼ਹਿਰ ਵਧਾਉਂਦੇ ਹਨ। ਇਹ ਸਭ ਠੋਸ ਸੱਚਾਂ ਨੂੰ ਨਕਾਰਦੀਆਂ ਹਨ। ਯੂ. ਪੀ. ਏ. ਦੀਆਂ ਬਾਜ਼ਾਰਵਾਦੀ ਤੇ ਪੂੰਜੀਪਰਸਤ ਅਤੇ ਮੰਦੀ ਕੰਟਰੋਲ ਨੀਤੀਆਂ। ਜਿਹਨਾਂ ਤਾਕਤਾਂ ਤੇ ਅਮਲਾਂ ਨੇ ਪੂੰਜੀਪਰਸਤ ਅਤੇ ਮੰਦੀ ਕੰਟਰੋਲ ਨੀਤੀਆਂ। ਜਿਹਨਾਂ ਤਾਕਤਾਂ ਤੇ ਅਮਲਾਂ ਨੇ ਇਸ ਸੰਕਟ ਨੂੰ ਜਨਮ ਦਿੱਤਾ, ਉਹਨਾਂ ਨੂੰ ਮਜ਼ਬੂਤ ਕਰਕੇ ਸੰਕਟ ਤੋਂ ਪਹਿਲਾਂ ਦੀ ਸਥਿਤੀ ਨੂੰ ਫਿਰ ਬਹਾਲ ਕਰਨਾ ਇਕ ਸੁਪਨਾ ਹੀ ਸਾਬਤ ਹੋਵੇਗਾ। ਸਹੀ ਹੱਲ ਅਰਥਚਾਰੇ ਤੇ ਰਾਜਸੀ ਪ੍ਰਬੰਧ ਦਾ ਆਮ ਆਦਮੀ ਦੀ ਅਗਵਾਈ 'ਚ ਲੋਕਤੰਤਰੀਕਰਨ ਕਰਨਾ ਹੈ। ਜੇ ਕੌਮੀ ਰੁਜ਼ਗਾਰ ਗਰੰਟੀ ਯੋਜਨਾ ਲਈ ਸਿਰਫ ਇਕ ਹਜ਼ਾਰ ਕਰੋੜ ਰੁਪਏ ਦੀ ਟੈਕਸ ਛੋਟ ਅਤੇ ਸਾਰੇ ਕੰਪਨੀ ਖੇਤਰ ਨੂੰ 3.5 ਲੱਖ ਕਰੋੜ ਰੁਪਏ ਦੀਆਂ ਟੈਕਸ ਰਿਆਇਤਾਂ ਤੇ ਉਤਸ਼ਾਹ ਦਿੱਤੇ ਜਾਂਦੇ ਹਨ ਤਾਂ ਸਾਫ ਹੈ ਕਿ ਸਾਡੇ ਲੋਕਰਾਜ ਦੇ ਬਾਹਰੀ ਢਾਂਚੇ 'ਚ ਰੱਖੀ ਗਈ ਜੱਗ ਜ਼ਾਹਿਰ ਅਰਥਵਸਤੂ ਘੋਰ ਗੈਰਲੋਕਰਾਜੀ ਕਿਰਦਾਰ ਦੀ ਸੂਚਕ ਹੈ। ਅਸੀਂ ਕੁਝ ਲੋਕਾਂ ਨੂੰ ਕੁਝ ਸਮੇਂ ਲਈ ਛਲਾਵੇ ਵਿੱਚ ਰੱਖ ਸਕਦੇ ਹਾਂ। ਪਰ ਸਭ ਨੂੰ ਹਮੇਸ਼ਾ ਲਈ ਮੂਰਖ ਨਹੀਂ ਬਣਾਇਆ ਜਾ ਸਕਦਾ। ਹੌਲੀ ਹੌਲੀ ਜਿਵੇਂ ਸਾਡੇ ਅਰਥਚਾਰੇ ਦਾ ਕੰਪਨੀ ਖੇਤਰ ਤੇ ਸਾਮਰਾਜੀ ਪੂੰਜੀ ਨਾਲ ਡੂੰਘਾ ਜੁੜਾਅ ਸਾਹਮਣੇ ਆਉਂਦਾ ਹੈ, ਸਾਡੇ ਇਥੇ ਕਾਇਮ ਡੂੰਘੇ ਸੰਕਟ ਦਾ ਸ਼ੋਰ ਹੋਰ ਵੱਧ ਜਾਂਦਾ ਹੈ। ਕੌਮੀ ਆਮਦਨ, ਸੇਂਸੇਕਸ, ਵਿਦੇਸ਼ੀ ਧਨ ਪ੍ਰਵਾਹ, ਚੰਦਰਯਾਨ, ਬ੍ਰਹੋਸ ਆਦਿ ਨੂੰ ਤਰੱਕੀ ਮੰਨਣ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ।

# ਅਮਰੀਕੀ ਅਰਥਚਾਰੇ ਦਾ ਸੰਕਟ ਤੇ ਵਿਕਾਸਸ਼ੀਲ ਦੇਸ਼

ਅਮਰੀਕਾ ਤੋਂ ਸ਼ੁਰੂ ਹੋਇਆ ਆਰਥਕ ਸੰਕਟ ਸਭ ਸਾਮਰਾਜੀ ਦੇਸ਼ਾਂ 'ਚ ਪੈਰ ਪਸਾਰ ਚੁੱਕਿਆ ਹੈ। ਇਸ ਨਾਲ ਇਕ ਖਾਸ ਗੱਲ ਹੋ ਰਹੀ ਹੈ। ਜਰਮਨੀ ਦੀ ਰਾਜਧਾਨੀ ਬਰਲਿਨ ਤੋਂ ਇਹ ਖਬਰ ਆਈ ਹੈ ਕਿ ਉਥੋਂ ਦੇ ਪ੍ਰਕਾਸ਼ਨ ਅਦਾਰੇ ਕਾਰਲ ਡਾਈਜਸ ਦੇ ਮੁਖੀ ਜੋਰਨ ਯੂਸਫ ਨੇ ਦੱਸਿਆ ਕਿ ਕਾਰਲ ਮਾਰਕਸ ਦੀ 1867 'ਚ ਲਿਖੀ ਕਿਤਾਬ ਦਾਸ ਕੈਪੀਟਲ (ਪੂੰਜੀ) ਦੀ ਵਿਕਰੀ ਵਿਚ ਤਿੰਨ ਸੌ ਫੀਸਦੀ ਦਾ ਵਾਧਾ ਹੋਇਆ ਹੈ। ਕਾਰਲ ਮਾਰਕਸ ਦੀ ਜਨਮ ਭੂਮੀ ਪੱਛਮੀ ਉਮਰ ਜਰਮਨੀ ਦਾ ਸ਼ਹਿਰ ਤ੍ਰਾਅਰ ਅੱਜਕੱਲ੍ਹ ਸੈਲਾਨੀਆਂ ਨਾਲ ਭਰਿਆ ਪਿਆ ਹੈ। ਇਹ ਸਭ ਇਸ ਲਈ ਹੋ ਰਿਹਾ ਹੈ ਕਿਉਂਕਿ ਮਾਰਕਸ ਨੇ 150 ਸਾਲ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਪੂੰਜੀਵਾਦੀ ਅਰਥਚਾਰੇ 'ਚ ਉਸ ਸਮੇਂ ਤੱਕ ਸੰਕਟ ਲਾਜ਼ਮੀ ਹੁੰਦੇ ਰਹਿਣਗੇ ਜਦ ਤਕ ਇਸ ਦੀ ਥਾਂ ਸਮਾਜਵਾਦੀ ਪ੍ਰਬੰਧ ਕਾਇਮ ਨਾ ਹੋ ਜਾਵੇ। ਅਮਰੀਕੀ ਅਰਥਚਾਰਾ ਗੰਭੀਰ ਸੰਕਟ ਦਾ ਮੁਕਾਬਲਾ ਕਰ ਰਿਹਾ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ (MF) ਵਰਗੀਆਂ ਸਾਮਰਾਜੀ ਸੰਸਥਾਵਾਂ ਦੇ ਮੁਲਅੰਕਨ ਅਨੁਸਾਰ ਵੀ ਇਹ ਸੰਕਟ ਉਸ ਮਹਾਂਮੰਦੀ ਤੋਂ ਕਿਤੇ ਵੱਧ ਗੰਭੀਰ ਹੈ ਜੋ ਸਾਲ 1929 ਵਿੱਚ ਅਮਰੀਕੀ ਸ਼ੇਅਰ ਬਾਜ਼ਾਰ ਨਾਲ ਸਟ੍ਰੀਟ ਤੋਂ ਸ਼ੁਰੂ ਹੋਈ ਸੀ ਅਤੇ ਪੂਰੀ ਦੁਨੀਆਂ ਨੂੰ ਗ੍ਰਿਫਤ 'ਚ ਲੈਂਦੇ ਹੋਇਆ ਇਕ ਵਿਸ਼ਵ ਵਿਆਪੀ ਆਰਥਿਕ ਮੰਦੀ 'ਚ ਤਬਦੀਲ ਹੋ ਕੇ ਦੂਜਾ ਸੰਸਾਰ ਯੁੱਧ ਸ਼ੁਰੂ ਹੋਣ ਤਕ ਲਗਭਗ ਇਕ ਦਹਾਕੇ ਤਕ ਚਲੀ ਸੀ। ਸਾਲ 1944 'ਚ ਬ੍ਰੇਟਨਵੁਡਸ ਸਮਝੌਤਾ ਮੁਕੰਮਲ ਹੋਇਆ ਜਿਸ ਵਿਚ ਜੁੜਵੇਂ ਬੱਚਿਆਂ ਕੌਮਾਂਤਰੀ ਮੁਦਰਾ ਡਾਲਰ ਦਾ ਪ੍ਰਭੂਤਵ ਸਥਾਪਤ ਹੋ ਚੁੱਕਿਆ ਸੀ। ਜਿਵੇਂ ਹੀ ਸੋਨੇ ਦੇ ਭੰਡਾਰ ਦੇ ਨਾਲ ਇਸ ਜੁੜਾਅ ਨੂੰ ਖਤਮ ਕਰ ਦਿੱਤਾ ਗਿਆ ਤਾਂ ਇਹ ਅਸਲ ਵਿਚ ਵਸਤੂਆਂ ਦੇ ਲਈ ਵਟਾਂਦਰੇ ਵਰਗਾ ਹੋ ਗਿਆ। ਚੀਜ਼ਾਂ ਇਸ ਤਰ੍ਹਾਂ ਹੀ ਚੱਲਦੀਆਂ ਰਹੀਆਂ। ਇਕ ਦਿਨ ਸਵੇਰੇ ਉਠਣ 'ਤੇ ਪਤਾ ਲੱਗਿਆ ਕਿ ਕਾਗਜ਼ੀ ਡਾਲਰ ਦਾ ਕੋਈ ਮੁੱਲ ਨਹੀਂ ਰਹਿ ਗਿਆ ਹੈ ਅਤੇ ਇਸ ਦੇ ਨਾਲ ਸੰਕਟ ਦੇ ਕਦਮਾਂ ਦੀ ਆਵਾਜ਼ ਸਾਫ਼ ਸੁਣਾਈ ਦੇਣ ਲੱਗੀ। ਵਿੱਤੀ ਬਾਜ਼ਾਰ 'ਤੇ ਇਸ ਸੰਕਟ ਦੇ ਮਾੜੇ ਸਿੱਟਿਆਂ ਤੋਂ ਬਚਣ ਲਈ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਦੇ ਪ੍ਰਸਾਸ਼ਨ ਨੇ 700 ਬਿਲੀਅਨ ਡਾਲਰ ਦੇ ਬਚਾਅ ਪੈਕੇਜ ਦਾ ਐਲਾਨ ਕਰਕੇ ਅਮਰੀਕੀ ਪ੍ਰਤੀਨਿਧੀ ਸਭਾ 'ਚ ਮੰਜੂਰੀ ਲਈ ਰੱਖਿਆ। ਅਮਰੀਕਾ ਦੇ ਸਭ ਤੋਂ ਵੱਡੇ ਨਿਗੇਸ਼ ਬੈਂਕਾਂ ਵਿਚੋਂ ਇਕ ਲੇਹਮੈਨ ਬਰਦਰਜ਼ 15 ਸਤੰਬਰ 2008 ਨੂੰ ਦਿਵਾਲਿਆ ਹੋ ਗਿਆ ਸੀ ਫਿਰ ਇਕ ਦੂਜੀ ਵੱਡੀ ਮੱਛੀ, ਮੇਰਿਲ ਲਿੰਚ ਵਿਕ ਇੰਟਰਨੈਸ਼ਨਲ ਅਮਰੀਕਨ ਇੰਟਰਨੈਸਨਲ ਗਰੁੱਪ (MIG) ਨੂੰ ਅਮਰੀਕੀ ਫੈਡਰਲ ਬੈਂਕ ਵੱਲੋਂ 85 ਬਿਲੀਅਨ ਡਾਲਰ ਦੀ ਜਮਾਨਤ ਦੇ ਕੇ ਸੰਕਟ 'ਚੋਂ ਉਭਰਨਾ ਪਿਆ। ਉਸ ਦੇ ਨਾਲ ਹੀ (AIG) ਦਾ ਪ੍ਰਭਾਵੀ ਕੰਟਰੋਲ ਸਰਕਾਰ ਦੇ ਹੱਥ ਆ ਗਿਆ ਜੋ ਇਕ ਤਰ੍ਹਾਂ ਨਾਲ ਇਸਦੇ ਕੌਮੀਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਹੈ। 26 ਸਤੰਬਰ 2008 ਨੂੰ ਅਮਰੀਕਾ ਦੀ ਸਭ ਤੋਂ ਵੱਡੀ ਬਚਤ ਤੇ ਕਾਰਜਦਾਤਾ ਅਤੇ ਛੇਵੇਂ ਨੰਬਰ ਦੀ ਬੈਂਕ ਵਾਸ਼ਿੰਗਟਨ ਮਿਊਚਲ ਦਿਵਾਲੀਆ ਹੋ ਗਈ। ਇਸ ਤਰ੍ਹਾਂ ਅੱਜ ਬਚਾਅ-ਰਾਹਤ ਰਾਸ਼ੀ 700 ਬਿਲੀਅਨ ਡਾਲਰ ਨੂੰ ਪਾਰ ਕਰ ਗਈ ਹੈ ਜਿਸ ਨੂੰ ਸਾਬਕਾ ਰਾਸ਼ਟਰਪਤੀ ਕਾਰਟਰ ਪੂਰੀ ਤਰ੍ਹਾਂ ਦੋਸ਼ਪੂਰਨ ਕਹਿੰਦੇ ਹਨ। ਉਹ ਕਹਿੰਦੇ ਹਨ ਕਿ ਇਸ ਦਾ ਮਤਲਬ ਇਹ ਹੈ ਕਿ "ਅਰਥਚਾਰੇ ਨੂੰ ਬਚਾਉਣ

ਲਈ ਹਰੇਕ ਅਮਰੀਕੀ ਪਰਿਵਾਰ ਨੂੰ 10000 ਡਾਲਰ ਖਰਚ ਕਰਨੇ ਪੈਣਗੇ।" ਸੰਕਟ ਏਨਾ ਗੰਭੀਰ ਹੈ। ਲੇਹਮੈਨ ਬਰਦਰਜ਼ ਦੇ ਦਿਵਾਲੀਆ ਹੋਣ ਨਾਲ ਇਕੱਲੇ ਇਸ ਦੇ ਸ਼ੇਅਰ ਧਾਰਕਾਂ ਨੂੰ ਹੀ 110 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਹੈ।

ਸਾਮਰਾਜੀ ਆਰਥਕ ਸੰਕਟ ਦਾ ਵਿਸਥਾਰ ਦਰਸਾਉਂਦਾ ਹੈ ਕਿ ਮੌਜੂਦਾ ਵਿਸ਼ਵੀ ਅਰਥਚਾਰਾ ਕਿੰਨਾ ਅਨੈਤਿਕ ਹੈ। ਅਮਰੀਕਾ ਨੇ ਚੀਨ ਤੇ ਭਾਰਤ 'ਚ ਜਿੰਨਾ ਨਿਵੇਸ਼ ਕੀਤਾ ਹੈ ਉਹ ਇਹਨਾਂ ਦੋਹਾਂ ਦੇਸ਼ਾਂ ਵਲੋਂ ਅਮਰੀਕਾ 'ਚ ਕੀਤੇ ਗਏ ਨਿਵੇਸ਼ ਦਾ ਅੱਧਾ ਹੈ। ਅਸਲ ਵਿੱਚ ਇਹ ਇਕ ਬੁਲਬੁਲਾ ਅਰਥਚਾਰਾ ਹੈ। ਇਸ ਨੇ ਫਟਨਾ ਹੀ ਸੀ। ਬੈਂਕ ਆਫ ਇੰਟਰਨੈਸ਼ਨਲ ਸੈਂਟਲਮੈਂਟ ਦਾ ਅੰਦਾਜ਼ਾ ਹੈ ਕਿ ਸਾਲ 2002 ਤੋਂ 2007 ਵਿਚਕਾਰ ਡੇਰੀਵੇਟਿਵ ਟ੍ਰੇਡ ਵਿੱਚ ਪੰਜ ਗੁਣਾ ਦਾ ਵਾਧਾ ਹੋ ਕੇ ਇਹ 500 ਟ੍ਰਿਲੀਅਨ ਡਾਲਰ ਪਾਰ ਕਰ ਗਈ ਹੈ। ਇਹ 'ਅਰਥਚਾਰਾ' ਦੁਨੀਆਂ ਦੇ ਅਸਲੀ ਅਰਥਚਾਰੇ ਤੋਂ ਦਸ ਗੁਣਾ ਵੱਡਾ ਹੈ। ਇਹ ਡੇਰੀਵੇਟਿਵ ਅਜਿਹੇ ਵਿਤੀ ਸਾਧਨ ਹਨ ਜੋ ਹੋਰ ਵਿੱਤੀ ਸਾਧਨਾਂ ਤੋਂ ਆਪਣਾ ਮੁੱਲ ਹਾਸਲ ਕਰਦੇ ਹਨ। ਇਹ ਵੱਧ ਕਾਗ਼ਜ਼ਾਂ ਲਈ ਕਾਗਜ ਦੇ ਵਪਾਰ ਦੀ ਬੇਹਤਰੀਨ ਉਦਾਹਰਣ ਹੈ। ਜਿਵੇਂ ਹੀ ਅਮਰੀਕੀ ਅਰਥਚਾਰੇ ਦੇ ਇਸ ਪਿਘਲਣ ਨਾਲ ਨਾਜ਼ੁਕ ਸਾਮਰਾਜੀ ਬਾਜ਼ਾਰ ਤੇ ਪੂੰਜੀ ਵਿਵਸਥਾ ਲਈ ਖਤਰਾ ਬਣਨਾ ਸ਼ੁਰੂ ਕੀਤਾ ਅਤੇ ਇਸ ਦਾ ਕੋਈ ਫੌਰੀ ਹੱਲ ਨਜ਼ਰ ਨਹੀਂ ਆ ਰਿਹਾ ਸੀ। ਉਸ ਸਮੇਂ ਮਨਮੋਹਨ-ਚਿੰਤਬਰਖ ਟੀਮ ਦਾ ਇਹ ਦਾਅਵਾ ਬੇਹੱਦ ਮਜ਼ਾਕ ਹੀ ਸੀ ਕਿ ਭਾਰਤ ਦਾ ਅਰਥਚਾਰਾ ਇਸ ਨਾਲ ਸੁਰੱਖਿਅਤ ਹੈ। ਇਹ ਸਾਮਰਾਜੀ ਏਜੰਟ ਇਸ ਤੱਥ ਨੂੰ ਛੁਪਾਉਂਦੇ ਹਨ ਕਿ ਜੇ ਪੂੰਜੀ ਬਾਜ਼ਾਰ ਨੂੰ ਪੂਰੀ ਤਰ੍ਹਾਂ ਵਟਾਂਦਰਾ ਯੋਗ ਬਣਾ ਦਿੱਤਾ ਜਾਂਦਾ ਅਤੇ ਭਵਿੱਖਨਿਧੀ ਤੇ ਪੈਨਸ਼ਨ ਫੰਡ ਨੂੰ ਸੱਟੇਬਾਜ਼ਾਂ ਨੂੰ ਸੌਂਪ ਦਿੱਤਾ ਜਾਂਦਾ, ਜਿਵੇਂ ਕਿ ਉਹ ਕਰਨਾ ਚਾਹੁੰਦੇ ਸਨ ਤਾਂ ਭਾਰਤੀ ਅਰਥਚਾਰਾ ਹੁਣ ਤਕ ਮੂਧੇ ਮੂੰਹ ਡਿੱਗ ਚੁੱਕਿਆ ਹੁੰਦਾ। ਲੋਕਾਂ ਦੇ ਵਿਰੋਧ ਕਾਰਨ ਹੀ ਯੂ. ਪੀ. ਏ. ਸਰਕਾਰ ਪੂਰੀ ਤਰ੍ਹਾਂ ਕਾਇਮ ਨਹੀਂ ਕਰ ਸਕੀ ਹੈ। ਇਹੀ ਕਾਰਨ ਹੈ ਕਿ ਭਾਰਤੀ ਅਰਥਚਾਰਾ ਇਸ ਉਥਲ ਪੁਥਲ ਤੋਂ ਅੰਸ਼ਕ ਤੌਰ 'ਤੇ ਬਚ ਗਿਆ ਹੈ। ਜੇ ਕਿਸੇ ਨੂੰ ਇਸਦਾ ਸਿਹਰਾ ਜਾਂਦਾ ਹੈ ਤਾਂ ਉਹ ਜਨਤਾ ਹੈ। ਮਨਮੋਹਨ ਸਿੰਘ ਵਰਗੇ ਦਲਾਲ ਨਹੀਂ ਜੋ ਅੱਜ ਵੀ ਅਮਰੀਕਾ ਦੇ ਪਿੱਛੇ ਚੱਲ ਰਹੇ ਹਨ। ਪਰ ਭਾਰਤ ਵਿੱਚ ਇਹ ਤਾਂ ਸੰਕਟ ਦੀ ਸ਼ੁਰੂਆਤ ਹੈ। ਸਭ ਤੋਂ ਬੁਰਾ ਦੌਰ ਤਾਂ ਅਜੇ ਆਉਣ ਵਾਲਾ ਹੈ। "ਜਦ ਅਮਰੀਕਾ ਦੀ ਲੇਹਮੈਨ ਬਰਦਰਸ਼ ਨੇ ਪਲਟੀ ਖਾਧੀ ਸੀ ਤਾਂ ਤਾਮਿਲਨਾਡੂ ਦੇ ਤਿਰਪੁਰ ਟੈਕਸਟਾਈਲ ਹੱਬ ਤੋਂ ਲੈ ਕੇ ਮਹਾਂਰਾਸ਼ਟਰ ਦੇ ਪੂਨਾ ਸਥਿਤ ਆਟੋ ਪਾਰਟਸ ਅਤੇ ਗੁਜਰਾਤ ਦੇ ਰਾਜਕੋਟ ਸਥਿਤ ਮਸ਼ੀਨ ਟੂਲਜ਼ ਨਿਰਮਾਤਾਵਾਂ ਤਕ ਸਭ ਕੰਬ ਗਏ ਸਨ। ਹਾਲਾਂਕਿ ਵੱਡੇ ਨਿਰਮਾਤਾਵਾਂ ਖਾਸ ਕਰਕੇ ਕਾਰ ਤੇ ਪੈਟਰੋਲੀਅਮ ਪਦਾਰਥਾਂ ਦੇ ਨਿਰਮਾਤਵਾਂ ਨੇ ਅਜਿਹਾ ਜ਼ਾਹਿਰ ਕੀਤਾ ਕਿ ਜਿਵੇਂ ਕਿ ਉਹਨਾਂ 'ਤੇ ਜ਼ਿਆਦਾ ਅਸਰ ਨਾ ਪਿਆ ਹੋਵੇ। ਪਰ ਬਹੁਤੇ ਛੋਟੇ ਕਾਰੋਬਾਰੀਆਂ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਉਹਨਾਂ ਦਾ ਵਪਾਰ ਸੁਰੱਖਿਅਤ ਹੈ ਜਾਂ ਨਹੀਂ। ਬਰਾਮਦਕਾਰਾਂ ਵੱਲੋਂ ਇਹ ਜਾਨਣ ਲਈ ਆਪਣੇ ਅਮਰੀਕੀ ਏਜੰਟਾਂ ਨੂੰ ਤਾਬੜਤੋੜ ਫ਼ੋਨ ਕੀਤਾ ਜਾ ਰਿਹਾ ਸੀ ਕਿ ਕੁਝ ਹੀ ਮਹੀਨੇ ਪਹਿਲਾਂ ਸ਼ੁਰੂ ਕੀਤੀਆਂ ਗਈਆਂ ਵਿਸਥਾਰ ਦੀਆਂ ਯੋਜਨਾਵਾਂ 'ਤੇ ਕੀ ਹੁਣ ਵੀ ਅੱਗੇ ਵਧਿਆ ਜਾਵੇ। (ਇਕਨਾਮਿਕ ਟਾਈਮਸ 22 ਸਤੰਬਰ) ਭਾਰਤ ਦਾ ਸੂਚਨਾ ਤਕਨਾਲੋਜੀ ਖੇਤਰ ਵੀ ਇਸ ਸੰਕਟ ਤੋਂ ਬਚਿਆ ਨਹੀਂ ਰਹਿ ਸਕਦਾ ਹੈ ਕਿਉਂਕਿ ਭਾਰਤੀ ਸਾਫਟਵੇਅਰ, ਕਾਲ

ਸੈਂਟਰ, ਬੀ. ਪੀ. ਓ. ਆਦਿ ਤਾਂ ਅੱਧੇ ਤੋਂ ਵੱਧ ਕਾਰੋਬਾਰ ਅਮਰੀਕੀ ਕੰਪਨੀਆਂ ਦੇ ਹੱਥ ਹੁੰਦਾ ਹੈ। ਇਕ ਅਨੁਮਾਨ ਅਨੁਸਾਰ ਆਉਣ ਵਾਲੇ ਦਿਨਾਂ ਵਿੱਚ ਦੇਸ਼ ਦੇ ਕਰੀਬ 35 ਲੱਖ ਕਰਮਚਾਰੀਆਂ, ਮਜ਼ਦੂਰਾਂ ਦੀ ਛਾਂਟੀ ਹੋਣ ਵਾਲੀ ਹੈ। ਮੇਹਨਤਕਸ਼ ਜਨਤਾ ਦੇ ਗੁੱਸੇ ਨਾਲ ਵਿਵਸਥਾ ਨੂੰ ਪੈਦਾ ਵਾਲੇ ਸੰਕਟ ਨੂੰ ਭਾਂਪ ਰਹੇ ਹਨ ਮਨਮੋਹਨ ਸਿੰਘ ਮੂੰਹ ਦਿਖਾਉਣ ਲਈ ਹੀ ਸਹੀ ਸਨਅਤਕਾਰਾਂ 'ਤੇ ਵੱਡੇ ਸਨਅਤੀ ਘਰਾਣਿਆਂ 'ਚ ਕਰਮਚਾਰੀਆਂ ਦੀ ਛਾਂਟੀ ਨਾ ਕਰਨ ਲਈ ਕਹਿ ਰਹੇ ਹਨ।

ਅਮਰੀਕੀ ਅਰਥਚਾਰੇ ਦੀ ਪਿੰਘਲਨ ਦਰਸਾਉਂਦੀ ਹੈ ਕਿ ਸਾਮਰਾਜੀ ਸੰਕਟ ਕਿੰਨਾ ਗੰਭੀਰ ਹੈ। 1970 ਦੇ ਦਹਾਕੇ ਵਿੱਚ ਸੰਕਟ ਤੋਂ ਉਭਰਨ ਲਈ ਸਾਮਰਾਜੀ ਪ੍ਰਬੰਧ ਨੇ ਨਵ-ਉਦਾਰਵਾਦ ਨੂੰ ਅਪਣਾਇਆ ਸੀ। ਹੁਣ ਉਹ ਕੀ ਕਰਨਗੇ? ਕੀ 700 ਬਿਲਿਅਨ ਡਾਲਰ ਦੇ ਮੌਜੂਦਾ ਰਾਹਤ ਪੈਕੇਜ ਤੋਂ ਅੱਗੇ ਵੱਧ ਕੇ ਉਹ ਕਲਿਆਣਕਾਰੀ ਰਾਜ ਵੱਲ ਵਾਪਸ ਮੁੜਨਗੇ? ਜਾਂ ਕੁਝ ਹੋਰ ਕਰਨਗੇ? ਸੱਟਾ ਪੂੰਜੀ ਨਵੇਂ ਨਵੇਂ ਅਵਤਾਰ ਲੈ ਕੇ ਅਰਥਚਾਰੇ 'ਤੇ ਏਨੀ ਹਾਵੀ ਹੋ ਗਈ ਹੈ ਕਿ ਸਾਮਰਾਜੀ ਪ੍ਰਬੰਧ ਕੋਲ ਇਸ ਸੰਕਟ ਤੋਂ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਹੈ। ਅਮਰੀਕਾ ਦੇ ਲੋਕਾਂ ਨੇ ਜਾਰਜ ਬੁਸ਼ ਦੀ ਜੰਗ ਭੜਕਾਉਣ ਦੀਆਂ ਤੇ ਸਾਮਰਾਜੀ ਨੀਤੀਆਂ ਖਿਲਾਫ ਵੋਟ ਦੇ ਕੇ ਬਰਾਕ ਓਬਾਮਾ ਨੂੰ ਰਾਸ਼ਟਰਪਤੀ ਚੋਣਾਂ 'ਚ ਜਿਤਾਇਆ ਹੈ। ਇਸ ਨਾਲ ਮਨਮੋਹਨ-ਸੋਨੀਆ ਅਤੇ ਰਾਜਨਾਥ-ਅਡਵਾਨੀ ਨੂੰ ਸਿੱਖ ਲੈਣਾ ਚਾਹੀਦਾ ਹੈ ਕਿ ਜੋ ਅਮਰੀਕੀ ਸਾਮਰਾਜ ਦੇ ਨਿਰਦੇਸ਼ 'ਤੇ ਕੇਂਦਰ ਤੇ ਰਾਜ ਪੱਧਰ 'ਤੇ ਜਿਥੇ ਵੀ ਉਹ ਸੱਤਾ 'ਤੇ ਕਾਬਜ਼ ਹਨ, ਗਰੀਬ ਵਿਰੋਧੀ ਭੂਮੰਡਲੀਕਰਨ ਨਿਜੀਕਰਨ-ਉਦਾਰੀਕਰਨ ਦੇ ਰਾਹ 'ਤੇ ਦੇਸ਼ ਨੂੰ ਤਬਾਹ ਕਰ ਰਹੇ ਹਨ। ਇਹਨਾਂ ਨੀਤੀਆਂ ਦੇ ਕਾਰਨ ਅਮਰੀਕਾ ਦੀ ਭਿਆਨਕ ਮੰਦੀ ਨੇ ਭਾਰਤ ਸਮੇਤ ਪੂਰੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਅੱਜ ਦੀ ਭਿਆਨਕ ਮੰਦੀ ਕਾਰਨ ਕਾਰਲ ਮਾਰਕਸ ਮੁੜ ਸਭ ਤੋਂ ਗੰਭੀਰ ਅਧਿਐਨ ਦਾ ਮੁੱਦਾ ਬਣ ਗਏ ਹਨ। ਦਾਸ ਕੈਪੀਟਲ (ਪੂੰਜੀ) ਦੇ ਪ੍ਰਕਾਸ਼ਨ ਦੇ ਠੀਕ ਇਕ ਦਹਾਕੇ ਪਿਛੋਂ ਅਮਰੀਕਾ 'ਚ ਆਈ ਭਿਅੰਕਰ ਆਰਥਿਕ ਮੰਦੀ ਦਾ ਮਾਰਕਸ ਨੇ ਸੁਆਗਤ ਕੀਤਾ ਸੀ। ਉਸ ਸਮੇਂ ਦੱਖਣੀ ਮੈਨਹਟਨ 'ਚ ਬਣਿਆ ਵਾਲ ਸਟ੍ਰੀਟ ਸ਼ੇਅਰ ਬਾਜ਼ਾਰ ਢਹਿ ਢੇਰੀ ਹੋ ਗਿਆ ਸੀ। ਪੂੰਜੀਵਾਦੀ ਆਰਥਿਕ ਨੀਤੀ ਅਪਾਹਜ਼ ਹੋ ਗਈ ਸੀ। ਠੀਕ ਅੱਜ ਦੀ ਨੀਤੀ। ਆਪਣੇ ਮਿੱਤਰ ਫ੍ਰੈਡਰਿਕ ਏਂਗਲਸ ਨੂੰ (1857) 'ਚ ਮਾਰਕਸ ਨੇ ਲਿਖਿਆ ਸੀ ਕਿ ਪੂੰਜੀਵਾਦੀ ਵਿਵਸਥਾ ਦਾ ਪਤਨ ਲਾਜ਼ਮੀ ਹੈ। ਕਿਉਂਕਿ ਇਹ ਮਨੁੱਖ ਵਲੋਂ ਸਮਾਜ ਦੀ ਲੁੱਟ 'ਤੇ ਖੜੀ ਹੈ। 1930 ਦੇ ਦਹਾਕੇ ਵਿੱਚ ਇਹ ਸਾਬਤ ਹੋ ਚੁੱਕਿਆ ਹੈ। ਤਦ ਮਹਾਂਮੰਦੀ ਨੇ ਸਾਮਰਾਜੀ ਅਰਥਚਾਰੇ ਦਾ ਹੁਲੀਆ ਵਿਗਾੜ ਦਿੱਤਾ ਸੀ। ਤੇ ਬਸਤੀਆਂ ਉਪਰ ਇਸ ਦਾ ਬੋਝ ਲੱਦ ਕੇ ਕਹਿਰ ਵਰਤਾ ਰਹੀ ਸੀ। ਉਸ ਸਮੇਂ ਸਮਾਜਵਾਦੀ ਸੋਵੀਅਤ ਸਿੰਘ ਹੀ ਇਸ ਤੋਂ ਬਚਿਆ ਰਿਹਾ ਸੀ। ਇਹ ਇਤਿਹਾਸ ਹੈ। ਅੱਜ ਵੀ ਕੇਵਲ ਕਿਊਬਾ, ਵੈਨਜੁਏਲਾ, ਬੋਲਿਵੀਆ, ਇਕਵਾਡੋਰ ਵਰਗੇ ਦੇਸ਼ਾਂ ਦਾ ਅਰਥਚਾਰਾ ਹੀ ਸੰਕਟ ਮੂਹਰੇ ਡਟਿਆ ਹੋਇਆ ਹੈ। ਇਹ ਦੇਸ਼ ਅਮਰੀਕੀ ਸਾਮਰਾਜ ਤੋਂ ਵੱਖ ਰਹਿ ਕੇ ਅੱਗੇ ਵੱਧਣ ਦੀ ਕੋਸ਼ਿਸ਼ ਕਰ ਰਹੇ ਹਨ। ਅਜੇ ਇਤਿਹਾਸ ਦਾ ਅੰਤ ਨਹੀਂ ਹੋਇਆ ਹੈ। ਜ਼ਾਬਰ ਸਾਮਰਾਜੀ ਪ੍ਰਬੰਧ ਦੇ ਇਤਿਹਾਸ ਦਾ ਅੰਤ ਨਹੀਂ ਹੋਇਆ ਹੈ। ਸਮਾਜਕ ਇਨਕਲਾਬ ਤੇ ਸਮਾਜਵਾਦੀ ਤਬਦੀਲੀ ਹੀ ਸੰਸਾਰ ਦੇ ਲੋਕਾਂ ਲਈ ਮੁਕਤੀ ਦਾ ਰਾਹ ਹੈ।

# ਲਗਾਤਾਰ ਡੂੰਘਾ ਹੁੰਦਾ ਸੰਸਾਰ ਅਰਥਚਾਰੇ ਦਾ ਸੰਕਟ

ਸੰਸਾਰ ਪੂੰਜੀਵਾਦੀ ਅਰਥਚਾਰੇ ਦਾ ਸੰਕਟ ਦਿਨੋ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਹਾਕਮ ਸਰਮਾਏਦਾਰ ਜਮਾਤ ਆਪਣੇ ਨੂੰ ਅਤੇ ਮਜ਼ਦੂਰ ਜਮਾਤ ਨੂੰ ਭਰਮ 'ਚ ਰੱਖਣ ਲਈ ਆਸ਼ਾਪੂਰਣ ਗੱਲਾਂ ਕਰਦੀਆਂ ਹਨ ਪਰ ਹਰ ਤਾਜ਼ਾ ਅੰਕੜੇ ਇਨ੍ਹਾਂ ਗੱਲਾਂ ਦੀ ਗੁਥੀ ਖੋਲ੍ਹ ਦਿੰਦੇ ਹਨ। ਕੌਮਾਂਤਰੀ ਮੁਦਰਾ ਕੋਸ਼ ਅਪ੍ਰੈਲ 2009 'ਚ ਜ਼ਾਰੀ ਵਿਸ਼ਵ ਆਰਥਿਕ ਸੰਭਾਵਨਾ ਰੀਪੋਟ () ਇਸ ਦੀ ਤਾਜ਼ੀ ਕੜੀ ਹੈ। ਕੌਮਾਂਤਰੀ ਮੁਦਰਾਕੋਸ਼ ਅਮਰੀਕੀ ਸਾਮਰਾਜੀਆਂ ਦੀ ਵੀਟੋ ਵਾਲੀ ਇਕ ਸਾਮਰਾਜੀ ਸੰਸਥਾ ਹੈ। ਇਹ ਹਮੇਸ਼ਾ ਸਾਮਰਾਜੀ-ਪੂੰਜੀਵਾਦੀ ਪ੍ਰਬੰਧ ਦੀ ਰਖਿਆ ਲਈ ਹਮੇਸ਼ਾ ਤਿਆਰ ਬਰਤਿਆਰ ਰਹਿੰਦੀ ਹੈ। ਪਿਛਲੇ ਤਿੰਨ ਦਹਾਕਿਆਂ ਦੀਆਂ ਉਦਾਰੀਕਰਣ ਦੀਆਂ ਨੀਤੀਆਂ ਦੀ ਮਹੱਤਵਪੂਰਨ ਭੂਮਿਕਾ ਹੈ। ਮੌਜੂਦਾ ਸੰਕਟ ਇਕ ਤਰ੍ਹਾਂ ਨਾਲ ਕੌਮਾਂਤਰੀ ਮੁੰਦਰਾਕੋਸ਼ ਦੇ ਮੂੰਹ 'ਤੇ ਹੀ ਚਪੇੜ ਹੈ। ਇਸ ਸੰਕਟ ਬਾਰੇ ਉਹ ਇਹ ਨਹੀਂ ਕਹਿ ਸਕਦਾ ਕਿ ਉਹ ਇਸ ਦੀਆਂ ਨੀਤੀਆਂ ਨੂੰ ਲਾਗੂ ਨਾ ਕਰਨ ਦਾ ਸਹੀ ਤਰ੍ਹਾਂ ਨਾਲ ਲਾਗੂ ਕਰਨ ਦਾ ਸਿੱਟਾ ਹੈ। ਇਸ ਦੇ ਠੀਕ ਉਲਟ ਇਹ ਸੰਕਟ ਉਨ੍ਹਾਂ ਦੇਸ਼ਾਂ ਵਿਚ ਸਭ ਤੋਂ ਤਿੱਖਾ ਹੈ ਜੋ ਉਦਾਰੀਕਰਨ 'ਚ ਮੂਹਰੇ ਰਹੇ ਹਨ। ਇਸ ਲਈ ਕੌਮਾਂਤਾਰੀ ਮੁਦਰਾਂਕੋਸ਼ ਨੇ ਲਗਾਤਾਰ ਕੋਸ਼ਿਸ਼ ਕੀਤੀ ਹੈ ਕਿ ਇਸ ਸੰਕਟ ਦੀ ਗੰਭੀਰਤਾ ਨੂੰ ਘੱਟ ਕਰਕੇ ਵਿਖਾਵੇ। ਪਰ ਤੇਜ਼ੀ ਨੂੰ ਡੂੰਘੇ ਹੁੰਦੇ ਸੰਕਟ ਨੇ ਉਸ ਦੀ ਇਸ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਅਤੇ ਹੁਣ ਤਾਜ਼ਾ ਰੀਪੋਟ 'ਚ ਉਸ ਨੂੰ ਇਸ ਦੀ ਗੰਭੀਰਤਾ ਨੂੰ ਮੰਨਣਾ ਪਿਆ ਹੈ। ਕੌਮਾਂਤਰੀ ਮੁਦਰਾਕੋਸ਼ ਨੇ ਸੰਸਾਰ ਅਰਥਚਾਰੇ ਬਾਰੇ ਆਪਣੀ ਭਵਿੱਖਬਾਣੀ ਨੂੰ ਪਿਛਲੇ 6 ਮਹੀਨਿਆਂ 'ਚ ਲਗਾਤਾਰ ਹੇਠਾਂ ਵੱਲ ਖਿਸਕਾਇਆ ਹੈ ਅਤੇ ਭਵਿੱਖ ਵਿਚ ਇਹ ਹੋਰ ਹੇਠਾਂ ਖਿਸ਼ਕ ਸਕਦਾ ਹੈ। ਵੈਸੇ ਅੱਜ ਵੀ ਇਹ ਵਿਸ਼ਵ ਅਰਥਚਾਰੇ ਦੀ ਜੋ ਤਸਵੀਰ ਪੇਸ਼ ਕਰ ਰਿਹਾ ਹੈ ਇਹ ਬਹੁਤ ਗੰਭੀਰ ਹੈ। ਇਸ ਰੀਪੋਟ ਅਨੁਸਾਰ ਸੰਸਾਰ ਅਰਥਚਾਰਾ 2009 ਦੇ ਸਾਲ 'ਚ1.3 ਫੀਸਦੀ ਸੁੰਗੜੇਗਾ। ਜਦ ਕਿ ਇਸ ਅਨੁਸਾਰ 2008 ਵਿਚ ਇਸ 'ਚ 3.2 ਫੀਸਦੀ ਦਾ ਵਾਧਾ ਹੋਇਆ ਸੀ। ਯਾਨੀ 2008 ਦੇ ਮੁਕਾਬਲੇ ਵਾਧਾ ਦਰ ਕੁਲ 4.5 (1.3+3.2) ਫੀਸਦੀ ਹੇਠਾਂ ਚਲੀ ਜਾਵੇਗੀ। ਮਹੱਤਵਪੂਰਨ ਗੱਲ ਇਹ ਹੈ ਕਿ ਕੌਮਾਂਤਰੀ ਮੁਦਰਾਕੋਸ਼ ਨੇ ਅਕਤੂਬਰ 2008 'ਚ ਭਵਿੱਖਬਾਣੀ ਕੀਤੀ ਸੀ ਕਿ 2009 'ਚ ਵਾਧਾ ਦਰ 3 ਫੀਸਦੀ ਰਹੇਗੀ। ਉਦੋਂ ਤੋਂ ਉਸਨੇ ਲਗਾਤਾਰ ਘਟਾਉਂਦੇ ਹੋਇਆ ਹੁਣ (-) 1.3 ਫੀਸਦੀ ਹੇਠਾਂ ਖਿਚਕਾ ਦਿੱਤਾ ਹੈ।

ਇਹ ਇਕੱਲਾ ਤੱਥ ਹੀ ਇਹ ਦੇਖਣ ਲਈ ਕਾਫੀ ਹੈ ਕਿ ਵਿਸ਼ਵ ਅਰਥਚਾਰੇ ਦੀ ਹਾਲਤ ਕਿੰਨੀ ਤੇਜ਼ੀ ਨਾਲ ਖਰਾਬ ਹੁੰਦੀ ਗਈ ਹੈ। ਛੇ ਮਹੀਨਿਆਂ ਵਿਚ (+) 3 ਫੀਸਦੀ ਤੋਂ (-) 1.3 ਤੱਕ। ਇਹ ਗੌਰ ਕਰਨ ਦੀ ਗੱਲ ਹੈ ਕਿ ਇਹ ਰੀਪੋਟ ਸਾਰੇ ਅੰਕੜਿਆਂ ਲਈ ਕਿਰਿਆ ਸ਼ਕਤੀ ਸਮਤੁਲਤਾ (ਪੀ. ਪੀ. ਪੀ.) ਦੀ ਵਰਤੋਂ ਕਰਦੀ ਹੈ। ਮੌਜੂਦਾ ਸੰਕਟ ਸੰਸਾਰ ਤੇ ਬਹੁਤ ਡੂੰਘਾ ਹੈ ਪਰ ਇਸ ਦੇ ਸਭ ਤੋਂ ਵੱਧ ਸ਼ਿਕਾਰ ਹਨ ਵਿਕਸਿਤ ਦੇਸ਼ ਤੇ ਸਾਬਕਾ ਸੋਵੀਅਤ ਖੇਮੇ ਦੇ ਦੇਸ਼। ਪਰ ਅਸੀਂ ਬਾਅਦ 'ਚ ਇਹ ਵੀ ਦੇਖਾਂਗੇ ਕਿ ਬਾਕੀ ਤੀਜ਼ੀ ਦੁਨੀਆਂ ਦੇ ਦੇਸ਼ ਇਕ ਤਰ੍ਹਾਂ ਦੇ ਗੰਭੀਰ ਸੰਕਟ ਵਿਚ

ਫਸ ਰਹੇ ਹਨ। ਇਹ ਰੀਪੋਟ ਦਰਸਾਉਂਦੀ ਹੈ ਕਿ ਇਸ ਸੰਕਟ ਨਾਲ ਸਭ ਤੋਂ ਵਧ ਪ੍ਰਭਾਵਿਤ ਹੋਣ ਵਾਲੇ ਦੇਸ਼ ਉਹ ਹਨ ਜੋ ਅਜੇ ਕੱਲ੍ਹ ਤੱਕ ਸਾਮਰਾਜੀਆਂ ਲਈ ਸਭ ਤੋਂ ਜ਼ਿਆਦਾ ਅੱਛੇ ਅਰਥਚਾਰਿਆਂ ਵਾਲੇ ਦੇਸ਼ ਸਨ। ਪਿਛਲੇ ਸਮਿਆਂ ਵਿਚ ਆਇਰਲੈਂਡ ਦੀ ਕੋਲਿਟਕ ਟਾਈਗਰ' ਵਜੋਂ ਤਾਰੀਫ ਹੋ ਰਹੀ ਸੀ ਇਸ ਸਮੇਂ 2008 'ਚ 2-3 ਫੀਸਦੀ ਦੀ ਗਿਰਾਵਟ ਆਈ ਅਤੇ 2009 'ਚ 8 ਫੀਸਦੀ ਦੀ ਗਿਰਾਵਟ ਦਾ ਅਨੁਮਾਨ ਹੈ। ਇਸਦੇ 2010 'ਚ 3 ਫੀਸਦੀ ਗਿਰਾਵਟ ਦਿੱਸਣ ਦੇ ਅਨੁਮਾਨ ਹਨ। ਇਸ ਤਰ੍ਹਾ ਕੋਲਿਟਕ ਟਾਈਗਰ ਇਕ ਭਿੱਜੀ ਬਿਲੀ ਬਣ ਗਿਆ ਹੈ। ਵਿਕਸਤ ਦੇਸ਼ਾਂ ਵਿਚ 2009 ਵਿਚ ਜਰਮਨੀ 'ਚ 5.6 ਫੀਸਦੀ ਤੇ ਜਪਾਨ 'ਚ 6.2 ਫੀਸਦੀ ਗਿਰਾਵਟ ਦੇ ਅਨੁਮਾਨ ਹਨ। ਇਹ ਦੋਨੋਂ ਹੀ ਦੇਸ਼ ਪਿਛਲੇ ਸਾਲਾਂ 'ਚ ਬਰਾਮਦ ਤੇ ਕਾਫੀ ਜ਼ਿਆਦਾ ਨਿਰਭਰ ਸਨ। ਜਰਮਨੀ ਪੂਰਬੀ, ਕੇਂਦਰੀ ਯੂਰਪ ਤੇ ਸਾਬਕਾ ਸੋਵੀਅਤ ਜੰਗ ਸੰਘ ਦੇ ਦੇਸ਼ਾਂ 'ਤੇ ਤਾਂ ਜਪਾਨ, ਚੀਨ ਤੇ ਦੱਖਣ ਪੂਰਬ ਏਸ਼ੀਆ ਦੇ ਦੇਸ਼ਾਂ 'ਤੇ। ਇਹ ਖ਼ੁਦ ਅਮਰੀਕਾ 'ਚ ਬਰਾਮਦ 'ਤੇ ਨਿਰਭਰ ਸਨ। ਹੁਣ ਬਰਾਮਦ ਢਹਿ ਢੇਰੀ ਹੋਣ ਜਾਣ ਕਰਕੇ ਇਨ੍ਹਾਂ ਦੋਹਾਂ ਦੇਸ਼ਾਂ ਦੇ ਅਰਥਚਾਰਿਆਂ 'ਚ ਤੇਜ਼ੀ ਨਾਲ ਗਿਰਾਵਟ ਆ ਰਹੀ ਹੈ। ਆਈਸਲੈਂਡ ਵਰਗੇ ਛੋਟੇ ਦੇਸ਼ ਵੀ ਸਰਕਾਰ ਵਿਚ ਪਿਛਲੇ ਮਹੀਨਿਆਂ ਤੋਂ ਉਤਰਾਅ-ਚੜ੍ਹਾਅ ਰਿਹਾ ਹੈ। ਉਸ ਨੂੰ ਇਸ ਤੱਥ ਦੀ ਰੌਸ਼ਨੀ ਦੇ ਵਿਚ ਦੇਖਿਆ ਜਾ ਸਕਦਾ ਹੈ ਕਿ ਇਸ ਦੇ ਅਰਥਚਾਰੇ 'ਚ ਇਸ ਸਾਲ 10.6 ਫੀਸਦੀ ਗਿਰਾਵਟ ਆਉਣ ਦਾ ਆਸਾਰ ਹੈ। ਇਹ ਛੋਟਾ ਜਿਹਾ ਦੇਸ਼ ਸਾਮਰਾਜੀ ਪੂੰਜੀ ਦੀ ਸੱਟੇਬਾਜ਼ੀ ਦੀ ਮਾਰ ਝੱਲ ਰਿਹਾ ਹੈ। ਜਦ ਸੋਵੀਅਤ ਖੇਮੇ ਦਾ ਪਤਨ ਹੋਇਆ ਅਤੇ ਕੁਝ ਸਮੇਂ ਬਾਅਦ ਜਦ ਸੋਵੀਅਤ ਸੰਘ ਟੁੱਟਿਆ ਤਾਂ ਸਾਮਰਾਜੀਆਂ ਨੇ ਖ਼ੂਬ ਖੁਸ਼ੀ ਮਨਾਈ। ਉਨ੍ਹਾਂ ਦੀ ਖੁਸ਼ੀ ਦਾ ਕਾਰਨ ਸੀ। ਉਨ੍ਹਾਂ ਨੂੰ ਹੁਣ ਏਨਾ ਦੇਸ਼ਾਂ ਦਾ ਬਾਜ਼ਾਰ (ਮਾਲ ਤੇ ਪੂੰਜੀ ਦੋਹਾਂ ਦਾ) ਅਤੇ ਕੱਚਾ ਮਾਲ ਮਿਲ ਗਿਆ ਸੀ। ਸਾਮਰਾਜੀਆਂ ਨੇ ਇਨ੍ਹਾਂ ਦੇਸ਼ਾਂ ਦੇ ਬੈਂਕਾਂ ਤੇ ਪੈਦਾਵਾਰੀ ਕੰਪਨੀਆਂ ਤੇ ਕਬਜ਼ਾ ਕੀਤਾ ਅਤੇ ਕੁਝ ਦੇਸ਼ਾਂ ਵਿਚ ਮੁਹੱਈਆ ਕੱਚਾ ਮਾਲ ਲੁੱਟਣ ਲੱਗੇ। ਇਨ੍ਹਾਂ ਦੀ ਪੂੰਜੀ ਬੇਤਹਾਸ਼ਾ ਮੁਨਾਫਾ ਕਮਾਉਣ ਲੱਗੀ। ਇਸ ਨਾਲ ਕੁਝ ਇਹ ਭਰਮ ਪੈਦਾ ਕੀਤਾ ਗਿਆ ਕਿ ਇਨ੍ਹਾਂ ਦੇਸ਼ਾਂ ਦਾ ਖ਼ੂਬ ਵਿਕਾਸ ਹੋ ਰਿਹਾ ਹੈ ਪਰ ਇਸ ਸੰਕਟ ਨੇ ਇਸ ਦਾ ਭੇਦ ਖੋਲ੍ਹ ਦਿੱਤਾ। ਤਿੰਨ ਬਾਲਿਟਕ ਦੇਸ਼ਾਂ ਇਸਟੋਨੀਆ, ਲਾਟਵਿਆ ਤੇ ਲਿਥਵਾਨੀਆ ਵਿਚ 2009 'ਚ 10.012 ਤੇ 10.0 ਫੀਸਦੀ ਗਿਰਾਵਟ ਆਉਣ ਦੇ ਆਸਾਰ ਹਨ। ਇਸ ਤਰ੍ਹਾਂ ਰੂਸ ਵਿਚ 5.1, ਆਰਮੀਨੀਆ 'ਚ 5.0 ਬੇਲਾਰੂਸ 'ਚ 4.3 ਅਤੇ ਉਕੇਨ 'ਚ 8 ਫੀਸਦੀ ਗਿਰਾਵਟ ਦੀ ਸੰਭਾਵਨਾ ਹੈ।

ਪੂਰਬੀ ਕੇਂਦਰੀ ਯੂਰਪ 'ਤੇ ਸਾਬਕਾ ਸੋਵੀਅਤ ਸੰਘ ਦੇ ਦੇਸ਼ਾਂ ਵਿਚ ਸਾਮਰਾਜੀ ਬੈਂਕਾਂ ਨੇ ਉਥੋਂ ਦੇ ਬੈਂਕਾਂ ਤੇ ਪੈਦਾਵਾਰ ਲੱਗੀਆਂ ਕੰਪਨੀਆਂ ਨੂੰ ਖ਼ੂਬ ਕਰਜ਼ਾ ਦਿੱਤਾ ਗਿਆ। ਬਾਅਦ 'ਚ ਜਦ ਸਾਮਰਾਜੀ ਦੇਸ਼ਾਂ 'ਚ ਸੰਕਟ ਸ਼ੁਰੂ ਹੋਇਆ ਤਾਂ ਪੂੰਜੀ ਦਾ ਇਹ ਪ੍ਰਭਾਵ ਠੱਪ ਹੋ ਗਿਆ। ਏਨਾ ਹੀ ਨਹੀਂ ਇਨ੍ਹਾਂ ਦੇਸ਼ਾਂ ਦੀਆਂ ਮੁਦਰਾਵਾਂ ਦੀ ਤੇਜ਼ ਗਿਰਾਵਟ ਨਾਲ ਇਨ੍ਹਾਂ ਨੂੰ ਆਪਣੇ ਕਰਜ਼ੇ ਦੇ ਭੁਗਤਾਨ 'ਚ ਬਹੁਤ ਪ੍ਰੇਸ਼ਾਨੀ ਆਉਣ ਲੱਗੀ। ਨਵੇਂ ਕਰਜ਼ੇ ਮਿਲਣੇ ਬੰਦ ਹੋ ਗਏ ਅਤੇ ਪੁਰਾਣੇ ਕਰਜ਼ਿਆਂ ਦਾ ਬੋਝ ਵੱਧ ਗਿਆ। ਜਿਸ ਕਾਰਨ ਇੰਨ੍ਹਾਂ ਦੀ ਹਾਲਤ ਹੋਰ ਖਰਾਬ ਹੋ ਗਈ। ਸਾਬਕਾ ਸੋਵੀਅਤ ਸੰਘ ਦੇ ਜੋ ਦੇਸ਼ ਕੱਚੇ ਮਾਲ (ਤੇਲ-ਗੈਸ ਆਦਿ) ਦੇ ਬਰਾਮਤ ਕਰਤਾ ਸਨ ਉਨ੍ਹਾਂ

ਦੀ ਵੀ ਹਾਲਤ ਖਰਾਬ ਹੋ ਗਈ ਕਿਉਂਕਿ ਕੱਚੇ ਮਾਲਾਂ ਦੇ ਭਾਅ ਤੇਜ਼ੀ ਨਾਲ ਡਿੱਗਣ ਲੱਗੇ। ਪਿਛਲੇ ਸਾਲਾਂ 'ਚ ਦੁਨੀਆ 'ਚ ਵਪਾਰ ਤੇਜ਼ੀ ਨਾਲ ਵੱਧ ਰਿਹਾ ਸੀ ਪਰ ਇਸ ਸੰਕਟ ਨੇ ਇਸ ਵਿਚ ਤਿੱਖੀ ਗਿਰਾਵਟ ਪੈਦਾ ਕੀਤੀ ਹੈ।

ਇਸ ਤਰ੍ਹਾਂ 2009 'ਚ ਵਿਸ਼ਵ ਬਾਜ਼ਾਰ 'ਚ "11 ਫੀਸਦੀ ਦੀ ਗਿਰਾਵਟ ਦਾ ਅਨੁਮਾਨ ਕੇਂਦਰੀ ਮੁਦਰਾਕੋਸ਼ ਲਾਉਂਦਾ ਹੈ। ਗੌਰ ਕਰਨ ਦੀ ਗੱਲ ਹੈ ਕਿ ਵਿਸ਼ਵ ਬਾਜ਼ਾਰ ਪਹਿਲਾਂ ਹੀ 2008 'ਚ 2007 ਦੇ 7.2 ਫੀਸਦੀ ਦੇ ਮੁਕਾਬਲੇ ਡਿੱਗ ਕੇ 3.3 ਫੀਸਦੀ ਰਹਿ ਗਿਆ ਸੀ। ਮਦਰਾਕੋਸ਼ ਅਨੁਸਾਰ 2010 'ਚ ਇਹ ਸਿਰਫ 0.6 ਫੀਸਦੀ ਦੀ ਦਰ ਨਾਲ ਵਧੇਗਾ। ਵਿਸ਼ਵ ਬਜ਼ਾਰ ਦੀ ਇਸ ਹਾਲਤ ਨੂੰ ਵੇਖਦਿਆਂ ਪੂੰਜੀਵਾਦੀ ਸਰਕਾਰਾਂ ਵਲੋਂ ਅਸੁਰੱਖਿਆ ਦੇ ਵੱਧਦੇ ਖਤਰੇ ਦਾ ਹੋ ਹੱਲਾ ਮਚਾਉਣਾ ਸਮਝ 'ਚ ਆਉਣ ਵਾਲੀ ਗੱਲ ਹੈ। ਜਿਵੇਂ ਕਿ ਪਹਿਲਾਂ ਗਿਆ ਹੈ, ਤੀਜੀ ਦੁਨੀਆ ਦੇ ਪਿਛੜੇ ਦੇਸ਼ਾਂ ਲਈ ਇਹ ਸੰਕਟ ਇਕ ਹੋਰ ਨਜ਼ਰੀਏ ਤੋਂ ਬਹੁਤ ਗੰਭੀਰ ਹੈ। ਉਨ੍ਹਾਂ ਵਲੋਂ ਪੈਦਾ ਕੀਤੇ ਕੱਚੇ ਮਾਲਾਂ ਅਤੇ ਖੇਤੀ ਵਸਤਾਂ ਦੇ ਭਾਅ ਇਸ ਦੌਰਾਨ ਤੇਜ਼ੀ ਨਾਲ ਡਿੱਗੇ ਹਨ। ਗਹਿਰਾਉਂਦੀ ਮੰਦੀ ਕਾਰਨ ਆਮ ਤੌਰ 'ਤੇ ਡਿੱਗਦੇ ਭਾਵਾਂ ਦੇ ਮੁਕਾਬਲੇ ਇਹ ਗਿਰਾਵਟ ਬਹੁਤ ਤੇਜ਼ ਹੈ। ਵਪਾਰ ਦੀਆਂ ਸ਼ਰਤਾਂ ਵਿਚ ਇਨ੍ਹਾਂ ਦੇਸ਼ਾਂ ਲਈ ਭਾਰੀ ਗਿਰਾਵਟ ਆਈ ਹੈ। ਜਿਥੇ ਵਿਕਸਤ ਦੇਸ਼ਾਂ ਲਈ ਇਨ੍ਹਾਂ ਸ਼ਰਤਾਂ ਵਿਚ 1.5 ਫੀਸਦੀ ਦਾ ਸੁਧਾਰ ਹੋਇਆਂ ਹੈ, ਉਥੇ ਪਿਛੜੇ ਦੇਸ਼ਾਂ ਲਈ 8.4 ਫੀਸਦੀ ਦਾ ਵਾਧਾ ਹੋਇਆ ਹੈ। ਕੁਝ ਦੇਸ਼ਾਂ ਲਈ ਤਾਂ ਇਹ ਵਾਧਾ 30 ਫੀਸਦੀ ਤੱਕ ਹੈ। ਇਸ ਕਾਰਨ ਕਈ ਦੇਸ਼ਾਂ ਦੀਆਂ ਸਰਕਾਰਾਂ ਦਾ ਬਜਟ ਬੂਰੀ ਤਰ੍ਹਾਂ ਗੜਬੜ ਹੋ ਗਿਆ ਹੈ। ਵਪਾਰ ਤੇ ਪੈਦਾਵਾਰ ਵਾਂਗੂੰ ਦੁਨੀਆ ਭਰ 'ਚ ਪੂੰਜੀ ਦੇ ਪ੍ਰਵਾਹ 'ਚ ਤੇਜ਼ ਗਿਰਾਵਟ ਆਈ ਹੈ। ਸਾਮਰਾਜੀ ਪੂੰਜੀ ਆਪਣੇ ਸਿਰਫ ਦੇਸ਼ ਵੱਲ ਹਿਜ਼ਰਤ ਕਰ ਰਹੀ ਹੈ। ਇਸ ਦੇ ਨਾਲ ਹੀ ਪੂੰਜੀ ਨਿਵੇਸ਼ਕਾਂ ਵਿਚ ਸਾਮਰਾਜੀ ਦੇਸ਼ਾਂ ਦੀਆਂ ਸਰਕਾਰਾਂ ਦੇ ਅਦਾਰਿਆਂ 'ਚ ਨਿਵੇਸ਼ ਕਰਨ ਦਾ ਰਿਵਾਜ ਵਧਿਆ ਹੈ। ਇਸ ਦਾ ਸਿੱਆ ਇਹ ਹੋਇਆ ਕਿ ਸਾਮਰਾਜੀ ਦੇਸ਼ਾਂ ਵਿਚ ਤਿੱਖੇ ਵਿੱਤੀ ਸੰਕਟ ਦੇ ਬਾਵਜੂਦ ਡਾਲਰ ਤੇ ਯੇਨ ਮਜ਼ਬੂਤ ਹੋਇਆ ਹੈ। ਜਿਵੇਂ ਕਿ ਸ਼ੁਰੂ ਵਿਚ ਕਿਹਾ ਗਿਆ ਸੀ, ਵਿਸ਼ਵ ਪੂੰਜੀਵਾਦੀ ਅਰਥਚਾਰੇ ਦਾ ਇਹ ਸੰਕਟ ਤੇਜ਼ ਰਫ਼ਤਾਰ ਨਾਲ ਡੂੰਘਾਂ ਹੁੰਦਾ ਗਿਆ ਹੈ। ਲੰਮੇ ਸਮੇਂ ਤੱਕ ਇਸ ਸੰਕਟ ਦੀ ਗੰਭੀਰਤਾ ਤੋਂ ਮੂੰਹ ਮੋੜਨ ਵਾਲੇ ਸਾਮਰਾਜੀਆਂ ਤੇ ਉਨ੍ਹਾਂ ਦੇ ਅਦਾਰਿਆਂ ਨੂੰ ਇਸ ਦੀ ਗੰਭੀਰਤਾ ਤੋਂ ਰੂਬਰੂ ਹੋਣਾ ਪਿਆ ਹੈ। ਇਸ ਦਾ ਸਿੱਟਾ ਇਹ ਰਿਹਾ ਹੈ ਕਿ ਕੌਮਾਂਤਰੀ ਮੁਦਰਾਕੋਸ਼ ਨੂੰ ਆਪਣੀਆਂ ਭਵਿੱਖਬਾਣੀਆਂ ਹਰ ਮਹੀਨੇ ਹੇਠਾਂ ਕਰਨੀਆਂ ਪਈਆਂ ਹਨ। ਕੋਈ ਵੀ ਕਹਿ ਸਕਦਾ ਹੈ ਕਿ ਅਪ੍ਰੈਲ 2009 'ਚ ਜਾਰੀ ਇਹ ਰਿਪੋਟ ਇਸ ਸੰਬੰਧੀ ਅੰਤਿਮ ਗੱਲ ਨਹੀਂ ਪੇਸ਼ ਕਰਦੀ ਭਾਵੇਂ ਸਾਮਰਾਜੀਆਂ ਵਲੋਂ ਕੁਝ ਉਮੀਦ ਭਰੀਆਂ ਗੱਲਾਂ ਕੀਤੀਆਂ ਜਾ ਰਹੀਆਂ ਹੋਣ। ਅਕਤੂਬਰ2008 ਤੇ ਅਪ੍ਰੈਲ 2009 ਵਿਚਕਾਰ ਕੌਮਾਂਤਰੀ ਮੁਦਰਾ ਕੋਸ਼ ਨੂੰ ਵਿਕਾਸ ਦਰ ਘਟਾਉਣੀ ਪਈ। ਮੌਜੂਦਾ ਸੰਕਟ ਦੇ ਗੰਭੀਰ ਰੁਖ ਗ੍ਰਹਿਣ ਕਰ ਲੈਣ ਪਿੱਛੋਂ ਤੋਂ ਪਹਿਲਾਂ ਦੀਆਂ ਮੰਦੀਆਂ ਨਾਲ ਇਸ ਦੀ ਤੁਲਨਾ ਕਰਨਾ ਹੁਣ ਆਮ ਗੱਲ ਹੋ ਗਈ ਹੈ। ਕੌਮਾਂਤਰੀ ਮੁਦਰਾ ਕੋਸ਼ ਨੇ ਵੀ ਆਪਣੀ ਅਪ੍ਰੈਲ 2009 ਦੀ ਰਿਪੋਟ ਵਿਚ ਤੁਲਨਾਤਮਕ ਅਧਿਐਨ ਕੀਤਾ ਹੈ। ਇਸ ਦਾ ਅਧਿਐਨ ਇਹ ਦੱਸਦਾ ਹੈ ਕਿ 1975, 1982, 1991 ਦੀਆਂ ਮੰਦੀਆਂ ਦੇ ਮੁਕਾਬਲੇ ਮੌਜੂਦਾਸੰਕਟ ਵਾਕਿਆ ਹੀ ਬਹੁਤ

ਗੰਭੀਰ ਹੈ। ਇਹ ਅੰਕੜੇ ਦੱਸਦੇ ਹਨ। ਕੋਈ ਹੈਰਾਨੀ ਨਹੀਂ ਹੈ ਕਿ ਇਸ ਦੀ ਤੁਲਨਾ 1930 ਦੇ ਦਹਾਕੇ ਦੀ ਮਹਾਂਮੰਦੀ ਨਾਲ ਕੀਤੀ ਜਾ ਰਹੀ ਹੈ। ਸਿਰਫ ਇਕ ਤੱਥ ਹੀ ਇਸ ਦੀ ਗੰਭੀਰਤਾ ਦਰਸਾਉਣ ਲਈ ਕਾਫੀ ਹੈ। ਦੂਜੇ ਯੁੱਧ ਪਿੱਛੋਂ ਇਹ ਪਹਿਲੀ ਵਾਰੀ ਹੈ ਕਿ ਵਿਸ਼ਵੀ ਪੈਦਾਵਾਰ 'ਚ ਘਾਟਾ ਪਿਆ। ਯਾਨੀ 2009 ਵਿਚ 2008 ਦੇ ਮੁਕਾਬਲੇ 1.3 ਫੀਸਦੀ ਘਾਟਾ।

2009 ਪਿੱਛੋਂ ਵਿਸ਼ਵ ਪੂੰਜੀਵਾਦੀ ਅਰਥਚਾਰੇ ਦਾ ਭਵਿੱਖ ਕੀ ਹੈ? ਕੌਮਾਂਤਰੀ ਮੁਦਰਾ ਕੋਸ਼ ਦੀ ਇਹ ਰੀਪੋਟ 2010 'ਚ 1.9 ਫੀਸਦੀ ਸੀ ਜਾਂ 2004 'ਚ 4.8 ਫੀਸਦੀ ਵਾਧਾ ਦਰ ਦੀ ਗੱਲ ਕਰਦੀ ਹੈ। ਯਾਨੀ ਇਹ ਰੀਪੋਟ ਆਸਵੰਦ ਹੋ ਕੇ ਕਹਿੰਦੀ ਹੈ ਕਿ ਅਗਲੇ ਸਾਲ ਤੋਂ ਵਿਸ਼ਵੀ ਅਰਥਚਾਰਾ ਸੰਕਟ 'ਚੋਂ ਨਿਕਲਣਾ ਸ਼ੁਰੂ ਹੋ ਜਾਵੇਗਾ ਅਤੇ 2014 ਤੱਕ ਇਹ ਫਿਰ ਤੇਜ਼ ਰਫ਼ਤਾਰ ਪਕੜ ਲਵੇਗਾ। ਪਰ ਕੌਮਾਂਤਰੀ ਮੁਦਰਾ ਕੋਸ਼ ਦੀ ਉਮੀਦ ਖੁਸ਼ ਫਹਿਮੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪਿਛਲੇ ਛੇ ਮਹੀਨਿਆਂ ਵਿਚ ਜਿਸ ਤਰ੍ਹਾਂ ਆਪਣੀਆਂ ਭਵਿੱਖਬਾਣੀਆਂ 'ਚ ਵਾਧਾ ਦਰ ਹੇਠਾਂ ਕਰਨੀ ਪਈ ਹੈ। ਇਸ ਨੂੰ ਦੇਖਦੇ ਹੋਇਆ ਇਹ ਨਹੀਂ ਕਿਹਾ ਜਾ ਸਕਦਾ ਕਿ ਭਵਿੱਖ ਵਿਚ ਉਸ ਨੂੰ ਇਹ ਫਿਰ ਨਹੀਂ ਕਰਨਾ ਪਵੇਗਾ। ਦੂਜਾ ਆਪਣੇ ਵਿਸਥਾਰਿਤ ਵਿਸਲੇਸ਼ਣ ਵਿਚ ਮੁਦਰਾਕੋਸ਼ ਜੋ ਗੱਲਾਂ ਕਰਦਾ ਹੈ ਉਹ ਖ਼ੁਦ ਇਸ ਉਮੀਦ ਲਈ ਥਾਂ ਨਹੀਂ ਛੱਡਦਾ। ਵਿੱਤੀ ਬਾਜ਼ਾਰ ਠੱਪ ਹੈ। ਬੈਂਕਾਂ ਦਾ ਘਾਟਾ ਹੋਰ ਵਧੇਗਾ, ਮਕਾਨਾਂ ਦੀਆਂ ਕੀਮਤਾਂ ਹੋਰ ਘੱਟਣਗੀਆਂ ਆਦਿ ਪਿੱਛੋਂ ਇਸ ਉਮੀਦ ਲਈ ਕੀ ਆਧਾਰ ਬੱਚਦਾ ਹੈ? ਅਜੇ ਛਾਂਟੀ ਤੇਜ਼ੀ ਨਾਲ ਜਾਰੀ ਹੈ। ਅਜਿਹੇ 'ਚ ਬਾਜ਼ਾਰ 'ਚ ਮੰਗ ਕਿਵੇਂ ਵਧੂ? ਅਤੇ ਬਿਨ੍ਹਾਂ ਮੰਗ ਵਧੇ ਵੱਡੀ ਪੈਦਾਵਾਰ ਕਿਵੇਂ ਵੱਧਣ ਲੱਗੇਗੀ। ਜਿਵੇਂ ਕਿ ਹਮੇਸ਼ਾ ਹੁੰਦਾ ਹੈ, ਹਾਕਮ ਪੂੰਜੀਪਤੀ ਜਮਾਤ ਇਸ ਸੰਕਟ ਦਾ ਸਾਰਾ ਭਾਰ ਮਜ਼ਦੂਰ ਜਮਾਤ 'ਤੇ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਮਜ਼ਦੂਰਾਂ ਦੀ ਛਾਂਟੀ ਕੀਤੀ ਜਾ ਰਹੀ ਹੈ, ਉਨ੍ਹਾਂ ਦੀਆਂ ਤਨਖਾਹਾਂ ਘਟਾਈਆਂ ਜਾ ਰਹੀਆਂ ਹਨ। ਸਰਕਾਰਾਂ ਵਲੋਂ ਬੈਂਕਾਂ ਤੇ ਕੰਪਨੀਆਂ ਨੂੰ ਬਚਾਇਆ ਜਾ ਰਿਹਾ ਹੈ ਜਿਸ ਦਾ ਬੋਝ ਫਿਰ ਮਜ਼ਦੂਰ ਜਮਾਤ 'ਤੇ ਪਾਇਆ ਜਾਵੇਗਾ। ਮਜ਼ਦੂਰ ਜਮਾਤ ਦੀ ਹਾਲਤ ਤੇਜ਼ੀ ਨਾਲ ਖਰਾਬ ਹੋ ਰਹੀ ਹੈ, ਇਸ ਦੇ ਨਾਲ ਹੋਰ ਮਿਹਨਤਕਸ਼ ਵਰਗਾਂ ਦੀ ਵੀ। ਖ਼ੁਦ ਸਾਮਰਾਜੀ ਸੰਸਥਾ ਸੰਸਾਰ ਬੈਂਕ ਅਨੁਸਾਰ ਇਸ ਆਰਥਿਕ ਸੰਕਟ ਕਾਰਨ 25 ਕਰੋੜ ਤੋਂ ਵੱਧ ਨਵੇਂ ਲੋਕ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਣਗੇ। ਮਜ਼ਦੂਰ ਜਮਾਤ ਦੀ ਇਸ ਖਰਾਬ ਹੁੰਦੀ ਸਥਿਤੀ ਕਾਰਨ ਥਾਂ-ਥਾਂ ਉਨ੍ਹਾਂ ਦੇ ਸੰਘਰਸ਼ ਫੁੱਟ ਰਹੇ ਹਨ। ਫਰਾਂਸ ਤੋਂ ਲੈ ਕੇ ਆਈਸਲੈਂਡ ਤਕ ਅਤੇ ਲਾਟਵਿਆ ਤੋਂ ਲੈ ਕੇ ਰੂਸ ਤੱਕ ਇਹ ਸੰਘਰਸ਼ਸ਼ੀਲ ਹੋ ਰਹੇ ਹਨ। ਫਰਾਂਸ ਵਿਚ ਤਾਂ ਪੂੰਜੀਵਾਦੀ ਹਾਕਮ ਘਬਰਾ ਕੇ ਸਮਾਜਿਕ ਕ੍ਰਾਂਤੀ ਤੱਕ ਦਾ ਡਰ ਜਾਹਿਰ ਕਰ ਰਹੇ ਹਨ। ਆਉਣ ਵਾਲੇ ਸਮੇਂ ਅੰਦਰ ਮਜ਼ਦੂਰ ਜਮਾਤ ਦੇ ਇਹ ਸੰਘਰਸ਼ ਹੋਰ ਤੇਜ਼ ਹੋਣਗੇ। ਇਹ ਮਜ਼ਦੂਰ ਜਮਾਤ 'ਚ ਦਹਾਕਿਆਂ ਤੋਂ ਛਾਈ ਨਿਰਾਸ਼ਾ ਨੂੰ ਤੋੜ ਕੇ ਕਿਨਾਰੇ ਕਰ ਦੇਣਗੇ ਅਤੇ ਮਜ਼ਦੂਰ ਜਮਾਤ ਨੂੰ ਉਸ ਦੀ ਮੁਕਤੀ ਦੇ ਰਾਹ 'ਤੇ ਇਕ ਵਾਰੀ ਫਿਰ ਧੱਕ ਦੇਣਗੇ।

# ਨਾਟੋਂ ਦੀ 60ਵੀਂ ਵਰ੍ਹੇ ਗੰਢ ਬਨਾਮ ਯੂਰਪੀ ਫ਼ੌਜ

ਨਾਟੋ ਦੀ 60ਵੀਂ ਵਰ੍ਹੇਗੰਢ ਫਰਾਂਸ ਤੇ ਜਰਮਨੀ ਦੇ ਜੁੜਵੇਂ ਸ਼ਹਿਰਾਂ ਕੇਹੂਲ ਤੇ ਸੱਟ੍ਰਾਸਵਰਗ 'ਚ ਅਪ੍ਰੈਲ ਦੇ ਸ਼ੁਰੂ 'ਚ ਨੇਪਰੇ ਚੜ੍ਹੀ। ਇਸ ਚੋਟੀ ਦੀ ਬੈਠਕ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਫਗਾਨਿਸਤਾਨ ਯੁੱਧ ਲਈ ਯੂਰਪੀ ਦੇਸ਼ਾਂ ਤੋਂ ਮਦਦ ਦੀ ਅਪੀਲ ਕੀਤੀ। ਅਮਰੀਕੀ ਸਾਮਰਾਜੀ ਚਾਹੁੰਦੇ ਹਨ ਕਿ ਅਮਰੀਕੀ ਫੌਜ਼ੀਆਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਯੂਰਪੀ ਫੌਜ਼ੀ ਲੜਨ। ਉਹ ਇਸ ਲਈ ਹੋਰ ਵੱਧ ਫੌਜ਼ ਭੇਜਣ ਦੀ ਯੂਰਪੀ ਦੇਸ਼ਾਂ ਤੋਂ ਮਦਦ ਚਾਹੁੰਦੇ ਹਨ। ਪਰ ਓਬਾਮਾ ਨੂੰ ਇਸ ਅਫਗਾਨਿਸਤਾਨ ਦੇ ਯੁੱਧ ਨੂੰ ਅੱਗੇ ਵਧਾਉਣ 'ਚ ਨਾਟੋ ਦੇ ਦੇਸ਼ਾਂ ਤੋਂ ਕੋਈ ਖਾਸ਼ ਹੁੰਗਾਰਾ ਨਹੀਂ ਮਿਲਿਆ। ਬਰਾਕ ਓਬਾਮਾ ਆਪਣੇ ਨਾਟੋ ਦੇ ਚੋਟੀ ਦੇ ਨੇਤਾਵਾਂ ਨੂੰ ਇਹ ਵਿਸ਼ਵਾਸ ਦਿਵਾਉਂਦੇ ਰਹੇ "ਅਸੀਂ ਅਫਗਾਨਿਸਤਾਨ 'ਚ ਕਾਨੂੰਨ ਦੇ ਰਾਜ, ਮਨੁੱਖੀ ਅਧਿਕਾਰਾਂ, ਔਰਤਾਂ ਤੇ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਜੋ ਕਰ ਸਕਦੇ ਹਾਂ, ਕਰਾਂਗੇ। ਅਸੀਂ ਆਰਥਿਕ ਵਿਕਾਸ ਦੇ ਤਾਣੇ-ਬਾਣੇ ਦੇ ਵਿਕਾਸ ਲਈ ਸਭ ਕੁਝ ਕਰਾਂਗੇ। ਪਰ ਮੈਂ ਲੋਕਾਂ ਨੂੰ ਇਹ ਵੀ ਸਮਝਾਉਣਾ ਚਾਹੁੰਦਾ ਹਾਂ ਕਿ ਅਸੀਂ ਅਲਕਾਇਦਾ ਨੂੰ ਨਿਰਮੂਲ ਕਰਨ ਲਈ ਸਭ ਤੋਂ ਪਹਿਲਾਂ ਤਾਂ ਉਥੇ ਹਾਂ, ਜਿਸ ਨਾਲ ਕਿ ਉਹ ਗੱਠਜੋੜ ਦੇ ਮੈਂਬਰ 'ਤੇ ਹਮਲਾ ਨਾ ਕਰ ਸਕਣ।"

ਇਥੇ ਉਹ ਬਰਾਕ ਓਬਾਮਾ ਸਰਾਸਰ ਪਾਖੰਡ ਕਰ ਰਹੇ ਸਨ। ਉਹ ਹਾਮਦ ਕਰਜਾਈ ਸਰਕਾਰ ਦੇ ਭਰਿਸ਼ਟਾਚਾਰ 'ਚ ਲਿਬੜੇ ਹੋਣ ਨੂੰ ਮੰਨਦੇ ਹਨ। ਉਹ ਔਰਤਾਂ ਨੂੰ ਸਿੱਖਿਆ ਤੋਂ ਬਾਹਰ ਕੀਤੇ ਜਾਣ ਨੂੰ ਵੀ ਮੰਨ ਲੈਂਦੇ ਹਨ। ਉਹ ਅਫੀਮ ਦੀ ਵੱਧਦੀ ਖੇਤੀ ਤੋਂ ਉਕਾ ਹੀ ਪ੍ਰੇਸ਼ਾਨ ਨਹੀਂ ਹਨ। ਖ਼ੁਦ ਗੱਠਜੋੜ ਦੇ ਫੌਜ਼ੀਆਂ ਤੇ ਕਠਪੁਤਲੀ ਕਰਜਾਈ ਸਰਕਾਰ ਦੇ ਸੈਨਿਕ ਵਲੋਂ ਕਾਨੂੰਨ ਦੇ ਸਾਸ਼ਨ ਤੇ ਮਨੁੱਖੀ ਅਧਿਕਾਰਾਂ ਇਥੋਂ ਤੱਕ ਕਿ ਜਿਉਣ ਦੇ ਅਧਿਕਾਰਾਂ ਨੂੰ ਰੋਜ਼ਾਨਾ ਪੈਰਾਂ ਹੇਠ ਕੁਚਲੇ ਜਾਣ ਨੂੰ ਵੀ ਮੰਨਦੇ ਹਨ ਪਰ ਤਦ ਵੀ ਉਹ ਅਲਕਾਇਦਾ ਅਤੇ ਤਾਲਿਬਾਨ ਨੂੰ ਖਤਮ ਕਰਨ ਦੀ ਉਸੇ ਤਰ੍ਹਾਂ ਰਟ ਲਾਈ ਜਾ ਰਹੇ ਹਨ। ਉਹਨਾਂ ਦੇ ਪਹਿਲੇ ਰਾਸ਼ਟਰਪਤੀ ਬੁਸ਼ ਲਾਉਂਦੇ ਸਨ। ਨਾਟੋ ਦੀ ਯੂਰਪੀ ਸਹਿਯੋਗੀ ਓਬਾਮਾ ਦੇ ਅਫਗਾਨਿਸਤਾਨ 'ਚ ਯੁੱਧ ਵਿਸਥਾਰ ਨਾਲ ਸਹਿਮਤ ਨਹੀਂ ਹਨ। ਉਹ ਆਪਣੀਆਂ ਫੌਜ਼ਾਂ ਦੀ ਵਾਪਸੀ ਚਾਹੁੰਦੇ ਹਨ। ਇਸ ਦਾ ਕਾਰਨ ਖੁਦ ਉਨ੍ਹਾਂ ਦੇ ਆਪਣੇ ਦੇਸ਼ਾਂ ਅੰਦਰ ਲੋਕਾਂ ਦਾ ਗੁੱਸਾ ਤੇ ਬੇਚੈਨੀ ਵੱਧ ਰਹੀ ਹੈ। ਇਸ ਲਈ ਬਰਾਕ ਓਬਾਮਾ ਨੂੰ ਆਪਣੇ ਇਸ ਮਿਸ਼ਨ 'ਚ ਕੋਈ ਖਾਸ਼ ਸਫਲਤਾ ਨਹੀਂ ਮਿਲੀ। ਕੁਝ ਮਿਲਾਕੇ ਯੂਰਪੀ ਸਹਿਯੋਗੀਆਂ ਨੇ 5000 ਹੋਰ ਫੌਜ਼ ਭੇਜਣ ਦਾ ਵਾਅਦਾ ਕੀਤਾ। ਇਸ'ਚ ਵੀ 3000 ਫੌਜ ਅਗਸਤ 'ਚ ਹੋਣ ਵਾਲੀਆਂ ਚੋਣਾਂ ਲਈ ਅਸਥਾਈ ਤੌਰ 'ਤੇ ਹੈ। ਬਾਕੀ 1400 ਤੋਂ 2000 ਤਕ ਫੌਜ਼ੀ ਅਫਗਾਨ ਫੌਜ ਤੇ ਪੁਲਸ ਦੀ ਸਿਖਲਾਈ ਦੇਣ ਲਈ ਭੇਜਣ ਦੀ ਗੱਲ ਯੂਰਪੀ ਦੇਸ਼ਾਂ ਨੇ ਮੰਨੀ ਹੈ।

ਇਸ ਸਮੇਂ ਅਮਰੀਕਾ ਦੀ 38000 ਫੌਜ਼ ਅਫਗਾਨਿਸਤਾਨ 'ਚ ਹੈ। ਓਬਾਮਾ ਇਸ ਸਾਲ ਉਸ ਨੂੰ ਵਧਾ ਕੇ 68000 ਕਰਨਾ ਚਾਹੁੰਦੇ ਹਨ। ਬਰਾਕ ਓਬਾਮਾ ਅਫਗਾਨਿਸਤਾਨ 'ਚ ਜਿੱਤ ਦਾ ਸਹਾਰਾ ਬੰਨ ਕੇ ਬਾਹਰ ਨਿਕਲਣਾ ਚਾਹੁੰਦੇ ਹਨ ਪਰ

ਜਿੱਤ ਕਿੱਧਰੇ ਆਸ ਪਾਸ ਵਿਖਾਈ ਨਹੀਂ ਦੇ ਰਹੀ ਹੈ। ਉਹ ਜਿੰਨੇ ਵੱਧ ਫੌਜ਼ੀ ਭੇਜ ਰਹੇ ਹਨ, ਉਹ ਉਨੇ ਹੀ ਅਫਗਾਨਿਸਤਾਨ 'ਚ ਫਸਦੇ ਜਾ ਰਹੇ ਹਨ। ਇਸ ਦਾ ਸਭ ਤੋਂ ਮਹੱਤਵਪੂਰਨ ਕਾਰਨ ਉਹ ਇੱਕ ਅਨਿਆਂ ਪੂਰਨ ਯੁੱਧ ਲੜ ਰਹੇ ਹਨ। ਇਸ ਅਨਿਆਂਪੂਰਨ ਯੁੱਧ ਵਿਚ ਉਨ੍ਹਾਂ ਦੀ ਹਾਰ ਯਕੀਨੀ ਹੈ। ਉਹ ਇਸ ਹਾਰ ਤੋਂ ਬਚਣ ਲਈ ਵੱਧ ਫੌਜ ਭੇਜ ਰਹੇ ਹਨ। ਨਾਟੋਂ ਦੀ 60ਵੀਂ ਵਰ੍ਹੇਗੰਢ ਜਿਥੇ ਅਫਗਾਨਿਸਤਾਨ ਯੁੱਧ ਦੇ ਵਿਸਥਾਰ ਨੂੰ ਸਮਰਪਿਤ ਸੀ। ਉਥੇ ਨਾਟੋਂ ਦੀ 50ਵੀਂ ਵਰ੍ਹੇਗੰਢ ਕੋਸੋਵੋ ਯੁੱਧ 'ਤੇ ਕੇਂਦਰਿਤ ਸੀ। ਕੋਸੋਵੋ ਵਿਚ ਅਮਰੀਕੀ ਸਾਮਰਾਜੀ ਤਾਂ ਇਕ ਹੱਦ ਤੱਕ ਫੌਰੀ ਤੌਰ 'ਤੇ ਉਸਨੂੰ ਸਰਬਿਆ ਤੋਂ ਵੱਖ ਕਰਨ 'ਚ ਸਫਲ ਹੋ ਗਏ ਸਨ ਪਰ ਅਫਗਾਨਿਸਤਾਨ 'ਚ ਉਹ ਫਸਦੇ ਜਾ ਰਹੇ ਹਨ। ਅਫਗਾਨਿਸਤਾਨ ਤੋਂ ਇਲਾਵਾ ਨਾਟੋਂ ਵਿਚ 43 ਸਾਲਾਂ ਪਿੱਛੋਂ ਫਰਾਂਸ ਸ਼ਾਮਲ ਹੋ ਗਿਆ। ਇਸ ਦਾ ਇਕ ਕਾਰਨ ਨਿਕੋਲਸ ਸਰਕੋਜੀ ਅਨੁਸਾਰ ਇਹ ਹੈ ਕਿ ਇਹ ਉਨ੍ਹਾਂ ਬਰਾਬਰ ਦੇ ਭਾਗੀਦਾਰ ਦੇਸ਼ਾਂ ਦਾ ਸੈਨਿਕ ਸੰਗਠਨ ਬਣ ਗਿਆ ਹੈ। 1966 'ਚ ਜਦ ਫਰਾਂਸ ਨਾਟੋਂ ਤੋਂ ਹਟਿਆ ਸੀ, ਤਦ ਉਹ ਆਪਣੀ ਪ੍ਰਭੂਸੱਤਾ ਲਈ ਇਸ ਨੂੰ ਇਕ ਖਤਰਾ ਮੰਨਦਾ ਸੀ। ਅੱਜ ਜਦ ਉਹ ਸ਼ਾਮਲ ਹੋ ਰਿਹਾ ਹੈ ਤਾਂ ਉਹ ਨਾਟੋਂ 'ਚ ਬਰਾਬਰੀ ਦੇ ਪੱਧਰ 'ਤੇ ਸ਼ਾਮਲ ਹੋਣ ਦਾ ਦਾਅਵਾ ਕਰਦਾ ਹੈ। ਇਹ ਸਭ ਘਟਨਾਕ੍ਰਮ ਅਮਰੀਕੀ ਸਾਮਰਾਜੀਆਂ ਦੇ ਘੱਟਦੇ ਹੋਏ ਪ੍ਰਭਾਵ ਤੇ ਸ਼ਕਤੀ ਦਾ ਸੂਚਕ ਹੈ।

# ਬੇਤੁਕੀ ਲਾਲਸਾ ਦੀ ਪ੍ਰਤੀਕ-ਚੀਨ ਦੀ ਦੀਵਾਰ

ਲਾਲਸਾਵਾਂ ਆਮ ਤੌਰ 'ਤੇ ਉਸ ਨੂੰ ਅਪਣਾਉਣ ਵਾਲਿਆਂ ਨੂੰ ਤਾਂ ਹੈਰਾਨ ਕਰਦੀਆਂ ਹੀ ਹਨ, ਉਹ ਹੋਰ ਅਨੇਕਾਂ ਲਈ ਵੀ ਬਿਪਤਾ ਦਾ ਕਾਰਨ ਬਣਦੀਆਂ ਹਨ। ਸ਼ਾਂਤੀਪੂਰਵਕ ਰਹਿਣ ਅਤੇ ਦੂਜਿਆਂ ਨੂੰ ਰਹਿਣ ਦੇਣ ਦਾ ਇਕ ਹੀ ਤਰੀਕਾ ਹੈ, ਜੀਵਨ ਸਾਦਗੀ ਨਾਲ ਔਸਤ ਸ਼ਹਿਰੀ ਪੱਧਰ ਤੇ ਜਿਉਆਂ ਜਾਵੇ ਅਤੇ ਸੋਚੀ ਵਿਚ ਉੱਚ ਪੱਧਰੀ ਆਦਰਸ਼ ਕਾਇਮ ਰੱਖੇ ਜਾਣ। ਹੋਰ ਦੇਸ਼ਾਂ ਵਾਂਗੂੰ ਕਿਸੇ ਸਮੇਂ ਚੀਨ ਵਿਚ ਵੀ ਜਾਗੀਰਦਾਰੀ ਦਾ ਬੋਲਬਾਲਾ ਸੀ। ਜੋ ਵੀ ਲੱਠਮਾਰਾਂ ਦਾ ਗਰੋਹ ਇਕੱਠਾ ਕਰ ਲੈਂਦਾ ਸੀ ਉੱਥੇ ਮਾਰਕੁੱਟ ਤੇ ਲੁੱਟ ਘਸੁੱਟ ਕਰਕੇ ਇਕ ਛੋਟੇ ਜਿਹੇ ਇਲਾਕੇ ਦਾ ਰਾਜਾ ਬਣ ਜਾਂਦਾ ਪਰ ਜਿਸ ਨੇ ਔਰਤਾਂ ਦਾ ਚੈਨ-ਆਰਾਮ ਖੋਹਿਆ ਉਸ ਨੂੰ ਕੋਈ ਕਿਉਂ ਚੈਨ ਨਾਲ ਬੈਠਣ ਦੇਵੇਗਾ। ਸ਼ੇਰ ਨੂੰ ਸਵਾ ਸ਼ੇਰ ਮਿਲਦੇ ਹੀ ਰਹਿੰਦੇ ਹਨ ਅਤੇ ਅਗਲਿਆਂ ਨੂੰ ਧੱਕਾ ਦੇ ਕੇ ਪਿਛਲੇ ਕਬਜ਼ਾ ਕਰਦੇ ਹੀ ਰਹਿੰਦੇ ਹਨ। ਇਹੀ ਚੀਨ ਵਿਚ ਉਨੀਂ ਦਿਨੀ ਤੇਜ਼ੀ ਨਾਲ ਚਲ ਰਿਹਾ ਸੀ। ਗੱਲ ਈਸਾ ਤੋਂ 300 ਸਾਲ ਪਹਿਲਾਂ ਦੀ ਹੈ। ਜਾਗੀਰਦਾਰਾਂ ਨੇ ਹਮਲਿਆਂ 'ਚ ਆਪਣੇ ਇਲਾਕੇ ਦੀ ਰਾਖੀ ਲਈ ਵੱਡੀਆਂ ਦੀਵਾਰਾਂ ਨਾਲ ਆਪਣਾ ਇਲਾਕਾ ਘੇਰ ਲਿਆ ਸੀ। ਭਾਰਤ 'ਚ ਰਾਜ ਮਹਿਲਾਂ ਦੇ ਇਰਧ-ਗਿਰਧ ਕਿਲਾ ਖੜਾ ਕਰਨ ਤੇ ਖਾਈ ਪੁੱਟਣ ਦਾ ਰਿਵਾਜ ਸੀ ਪਰ ਚੀਨ ਵਾਲਿਆਂ ਨੇ ਇਕ ਕਦਮ ਅੱਗੇ ਵਧ ਕੇ ਸਮੁੰਦਰ ਦੀਆਂ ਹੱਦਾਂ ਨੂੰ ਵੱਖ ਕਰਨ ਲਈ ਵੰਡ ਦੀਆਂ ਲਕੀਰਾਂ ਖੜੀਆਂ ਕੀਤੀਆਂ ਸਨ। ਆਮ ਜਿਹਾ ਚੀਨ ਸੈਂਕੜੇ ਛੋਟੇ ਰਾਜਾਂ ਵਿਚ ਵੰਡਿਆ ਹੋਇਆ ਸੀ। ਉਨ੍ਹਾਂ ਵਿਚ ਵੀ ਇਕ ਦੂਜੇ ਨੂੰ ਹੜੱਪ ਲੈਣ ਦੀ ਲਾਲਸਾ ਤੇ ਸੰਭਾਵਨਾ ਨੂੰ ਵੇਖਦਿਆਂ ਹੋਇਆਂ ਹਮਲਿਆਂ ਦਾ ਸਿਲਸਿਲਾ ਚਲਦਾ ਰਿਹਾ ਸੀ। ਕਤਲੇਆਮ 'ਚ ਫੌਜੀਆਂ ਦੇ ਖ਼ੂਨ ਦੀਆਂ ਨਦੀਆਂ ਵਹਿੰਦੀਆਂ ਰਹਿੰਦੀਆਂ ਸਨ। ਇਸ ਦੌਰਾਨ ਇਕ ਰਾਜ 'ਚ ਵੱਧ ਲਾਲਸਾ ਅਤੇ ਵੱਧ ਪ੍ਰਤਾਪੀ ਰਾਜਾ ਈਸਾ ਤੋਂ 24 ਸਾਲ ਪਹਿਲਾਂ ਜਨਮਿਆ ਸੀ 'ਚੇਨ'। ਚੇਨ ਨੇ ਸਮੁੱਚੇ ਚੀਨ 'ਤੇ ਅਧਿਕਾਰ ਜਮਾ ਲੈਣ ਦੀ ਯੋਜਨਾ ਬਣਾਈ ਸਾਂਝੇ ਚੀਨ ਦੇ ਗਠਨ ਦਾ ਕੰਮ ਆਰੰਭਿਆ ਗਿਆ। ਇਸ ਦੇ ਲਈ ਉਸ ਨੂੰ ਸੈਂਕੜੇ ਲੜਾਈਆਂ ਲੜਨੀਆਂ ਪਈਆਂ। ਕੁਝ ਜਗੀਰਦਾਰਾਂ ਨੇ ਇਸ ਵਿਚ ਭਲਾਈ ਸਮਝੀ ਅਤੇ ਚੇਨ ਦੇ ਅਧੀਨ ਹੋ ਕੇ ਕਤਲੇਆਮ ਤੋਂ ਬਚ ਗਏ। ਹੁਣ ਚੇਨ ਚੀਨ ਦਾ ਚੱਕਰਵਰਤੀ ਸੀ ਵਿਪੁਲ ਐਸ਼ਵਰੀਆ ਦਾ ਧਨੀ ਅਤੇ ਆਪਣੇ ਦੇਸ਼ ਦੀ ਕਿਸਮਤ ਦਾ ਉਸਰਿਆ। ਫਿਰ ਵੀ ਉਸ ਨੂੰ ਚੈਨ ਨਾਲ ਦਿਨ ਗੁਜਾਰਨ ਦਾ ਮੌਕਾ ਨਹੀਂ ਮਿਲਿਆ। ਮੱਧ ਏਸ਼ੀਆ ਤੋਂ ਆ ਕੇ ਕਬਾਇਲੀ ਛਾਪਾ ਮਾਰ ਉਸ ਦੇਸ਼ ਦੀ ਜਾਇਦਾਦ ਲੁੱਟਣ ਤੇ ਭਾਰੀ ਬਰਬਾਦੀ ਕਰਨ ਲੱਗੇ। ਹੁਣ ਇਨ੍ਹਾਂ ਤੋਂ ਬਚਣ ਦਾ ਉਪਾਅ ਸੋਚਿਆ ਗਿਆ ਕਿ ਉੱਤਰ ਪੱਛਮੀ ਚੀਨ ਦੀ ਸਰਹੱਦ 'ਤੇ ਇਕ ਵੱਡੀ ਦੀਵਾਰ ਖੜੀ ਕੀਤੀ ਜਾਵੇ। ਜਿਸ ਨਾਲ ਦੁਸ਼ਮਣਾਂ-ਡਾਕੂਆਂ ਤੋਂ ਬਚਾਅ ਵੀ ਹੋ ਸਕੇ ਅਤੇ ਏਨੀ ਵਿਸ਼ਾਲ ਯੋਜਨਾ ਲਈ ਸਾਧਨ ਕਿਵੇਂ ਜੁਟਾਏ ਜਾਣ। ਖਜ਼ਾਨੇ 'ਚ ਏਨਾ ਪੈਸਾ ਤਾਂ ਹੈ ਨਹੀਂ ਸੀ। ਜਿੱਦੀ ਚੇਨ ਦੀਆਂ ਵਧੀਆ ਹੋਈਆਂ ਲਾਲਸਾਵਾਂ ਨੇ ਉਸ ਨੂੰ ਅਸੰਭਵ ਲੱਗਣ ਵਾਲੇ ਕੰਮ ਨੂੰ ਪੂਰਾ ਕਰਨ ਦੀ ਠਾਨ ਲਈ ਅਤੇ ਉਸੇ ਕੰਮ ਦਾ

ਆਰੰਭ ਕਰ ਦਿੱਤਾ। ਦੀਵਾਰ ਬਣਨ ਲੱਗੀ, ਚੀਨ ਦੀ ਦੀਵਾਰ 2150 ਮੀਲ ਲੰਬੀ ਹੈ। ਉਸ ਦੀ ਉਚਾਈ 15 ਫੁੱਟ ਤੋਂ ਲੈ ਕੇ 39 ਫੁੱਟ ਅਤੇ ਚੌੜਾਈ ਔਸਤਨ 32 ਫੁੱਟ ਹੈ। ਇਹ ਸਾਲਾਂ 'ਚ ਬਣ ਕੇ ਤਿਆਰ ਹੋਈ। ਇਹ ਉਸਾਰੀ 15ਵੀਂ ਸ਼ਤਾਬਦੀ ਤੋਂ ਚਲਦੀ ਰਹੀ। ਅਜਿਹਾ ਪ੍ਰਬੰਧ ਕੀਤਾ ਗਿਆ ਕਿ ਰਸਤੇ ਜੋ ਨਦੀ ਨਾਲੇ ਨਿਕਲੇ ਉਹ ਵੀ ਉਸ ਦੇ ਹੇਠੋਂ ਹੋ ਕੇ ਲੰਘੇ। ਇਸ ਖਾਤਰ ਅਜਿਹੇ ਅਨੇਕਾਂ ਪੁਲ ਬਣਨ ਲੱਗੇ। ਕੰਮ ਏਨਾ ਵੱਡਾ ਸੀ ਕਿ ਉਸ ਲਈ ਨਾਲ ਲੱਗਦੇ ਖੇਤਰ ਵਿਚ ਏਨੀਆਂ ਇੱਟਾਂ ਚੂਨਾ ਮੁਹੱਈਆ ਨਹੀਂ ਸੀ। ਨਾਲ ਲੱਗਦੇ ਖੇਤਰਾਂ ਦੇ ਦਰੱਖਤ, ਪੌਦੇ, ਪੱਥਰ, ਰੇਤ ਮਿੱਟੀ ਜੋ ਕੁੱਝ ਵੀ ਹੱਥ ਲੱਗਿਆ। ਉਸ ਨੂੰ ਭਰਦੇ ਹੋਏ ਦੀਵਾਰ ਦੇ ਦੋਨੋਂ ਹੀ ਸਿਰੇ ਮਜ਼ਬੂਤ ਬਣਾਏ ਗਏ। ਇਹ ਦਿਉ ਕੱਦ ਉਸਾਰੀ ਲਈ ਕੁਸ਼ਲ ਕਾਰੀਗਰ ਤੇ ਸਿਖਿਤ ਮਜ਼ਦੂਰ (ਹੁਨਰਮੰਦਕਾਮੇ) ਮਿਲਣੇ ਮੁਸ਼ਕਲ ਸਨ। ਇਸ ਲਈ ਦੂਰ ਦੂਰ ਖੇਤਰ ਦੇ ਜਵਾਨ ਲੋਕਾਂ ਨੂੰ ਫੜ ਕੇ ਗੁਲਾਮ (ਦਾਸ) ਬਣਾ ਲਿਆ ਗਿਆ। ਉਹ ਵੱਡੀ ਗਿਣਤੀ 'ਚ ਕੈਦ ਤਾਂ ਕਰ ਲਏ ਗਏ ਪਰ ਉਨ੍ਹਾਂ ਦੀ ਰੋਟੀ, ਕੱਪੜੇ ਤੇ ਰਿਹਾਇਸ਼ ਆਦਿ ਦਾ ਸਹੀ ਪ੍ਰਬੰਧ ਨਾ ਹੋ ਸਕਿਆ। ਸ਼ੁੱਧ ਪਾਣੀ ਦੀ ਵੀ ਘਾਟ ਹੁੰਦੀ ਗਈ। ਨਿਰਬਾਹ ਸਹੂਲਤਾਂ ਦੀ ਘਾਟ ਤੇ ਕੰਮ ਬਾਰੇ ਘੰਟੇ ਕਰਨ ਦੇ ਭਾਰ ਨਾਲ ਫੜੇ ਗਏ ਦਾਸ ਜਲਦੀ-ਜਲਦੀ ਬੀਮਾਰ ਪੈਣ ਲੱਗੇ ਅਤੇ ਮਰਨ ਲੱਗੇ। ਇਨ੍ਹਾਂ ਮ੍ਰਿਤਕਾਂ ਦੇ ਸਰੀਰ ਬਿਨਾ ਕਿਸੇ ਸੰਸਕਾਰ ਦੇ ਉਸੇ ਦੀਵਾਰ ਦੇ ਵਿਚਾਲੇ ਦੱਬ ਦਿੱਤੇ ਗਏ। ਸ਼ੁੱਧ ਪਾਣੀ ਦੀ ਘਾਟ ਵੀ ਚਲਦੀ ਰਹੀ। ਜਗ੍ਹਾ ਖਾਲੀ ਹੋਣ 'ਤੇ ਹੋਰ ਦੇਸ਼ਾਂ 'ਤੇ ਚੜ੍ਹਾਈਆਂ ਕੀਤੀਆਂ ਗਈਆਂ ਅਤੇ ਉੱਥੋਂ ਨਵੇਂ ਦਾਸ ਫੜ ਕੇ ਖਾਲੀ ਥਾਵਾਂ ਦੀ ਪੂਰਤੀ ਕੀਤੀ ਗਈ। ਕਿਹਾ ਜਾਂਦਾ ਹੈ ਕਿ ਇਸ ਪ੍ਰਯੋਗ ਨਾਲ ਇਕ ਲੱਖ ਦੇ ਕਰੀਬ ਬੰਦੇ ਇਸ ਹਤਿਆਰੀ ਦੀਵਾਰ 'ਚ ਦਫ਼ਨ ਹੋ ਗਏ। ਜੋ ਪਸ਼ੂ ਪੰਡੀ ਮਿਲ ਸਕੇ ਉਨ੍ਹਾਂ ਦੇ ਪਿੰਜਰ ਵੀ ਇਸ ਸਰਬਨਾਸ਼ੀ ਦੀ ਵਾਰ 'ਚ ਸਮਾ ਗਏ।

ਨਿਰਮਾਤਾਵਾਂ ਨੇ ਸੋਚਿਆ ਸੀ ਕਿ ਇਸ ਉਸਾਰੀ ਪਿੱਛੋਂ ਉਨ੍ਹਾਂ ਦਾ ਹਮਲੇ ਜਰਦੇ ਰਹਿਣ ਵਾਲਾ ਪੱਖ ਮਜ਼ਬੂਤ ਹੋ ਜਾਵੇਗਾ। ਫਿਰ ਇਹ ਸੋਚਣਾ ਵਿਅਰਥ ਹੁੰਦਾ ਰਿਹਾ। ਡਾਕੂ ਇਸ ਦੀਵਾਰ 'ਚ ਜਿੱਥੇ-ਕਿਤੇ ਸੰਨ ਲਾ ਕੇ ਅੰਦਰ ਘੁਸਦੇ ਰਹੇ ਅਤੇ ਡਾਕੇ ਮਾਰਨ 'ਚ ਸਫਲ ਹੁੰਦੇ ਰਹੇ। ਦੀਵਾਰ ਮੁਰੰਮਤ ਤੇ ਚੌਕੀਦਾਰੀ ਮੰਗਣ ਲੱਗੀ। ਉਸ ਦਾ ਪ੍ਰਬੰਧ ਤਾਂ ਕੁੱਝ ਦਿਨ ਕਿਸੇ ਤਰ੍ਹਾਂ ਹੋ ਸਕਿਆ ਪਰ ਪਿੱਛੇ ਚੇਨ ਦੇ ਵਾਰਸਾਂ ਲਈ ਰੱਖ-ਰਖਾਅ ਮੁਸ਼ਕਲ ਹੋ ਗਿਆ ਅਤੇ ਦੀਵਾਰ ਜਗ੍ਹਾ-ਜਗ੍ਹਾ ਟੁੱਟ ਕੇ ਡਿੱਗਣ ਲੱਗੀ। ਤਲਵਾਰ ਦੇ ਜ਼ੋਰ ਨਾਲ ਜਿਨ੍ਹਾਂ ਰਾਜਾਂ ਦਾ ਵਿਨਾਸ਼ ਕੀਤਾ ਗਿਆ ਸੀ ਉਹ ਵੀ ਸਥਾਨਕ ਨਾ ਰਹਿ ਸਕਿਆ। ਚੇਨ ਦੇ ਵਾਰਸ ਉਸ ਦੀ ਬਣਾਈ ਦਹਿਸ਼ਤ ਨੂੰ ਕਾਇਮ ਨਾ ਰੱਖ ਸਕੇ। ਸਿੱਟੇ ਵਜੋਂ ਬਖਰਾਅ ਫਿਰ ਸ਼ੁਰੂ ਹੋ ਗਿਆ। ਇਸ ਵਾਰੀ ਜਗੀਰੂ ਇਲਾਕੇ ਮੁਕਾਬਲਤਕ ਵੱਡੇ ਵੱਡੇ ਰਾਜਾਂ ਵਜੋਂ ਵਿਕਸਤ ਹੋਏ। ਉਨ੍ਹਾਂ ਦੇ ਤਹਿਤ ਜਾਗੀਰਦਾਰਾਂ ਦੀ ਭੀੜ 'ਚ ਸ਼ਾਮਲ ਹੋ ਗਏ ਅਤੇ ਸੱਤਾ ਲਾਭ 'ਚ ਹਿੱਸਾ ਵੰਡਾਉਣ ਲੱਗੇ। ਸਥਿਤੀ ਫਿਰ ਉਹੀ ਪੁਰਾਣੀ ਹੋ ਗਈ।

ਕਾਰਨ ਸਪੱਸ਼ਟ ਸੀ ਕਿ ਜਿੱਤ ਕਿਸੇ ਆਦਰਸ਼ਾਂ ਲਈ ਨਹੀਂ ਕੀਤੀ ਗਈ ਸੀ ਰਾਜ ਖੁਸਦੇ ਸਮੇਂ ਜਾਗੀਰਦਾਰ ਇਹ ਨਾ ਸਮਝਾਏ ਜਾ ਸਕੇ ਕਿ ਇਹ ਕਬਜਾ ਕੌਮੀ ਇਕਮੁਠਤਾ ਤੇ ਰਾਜ ਦੇਸ਼ ਨੂੰ ਇਕ ਮੁੱਠ ਆਯੋਜਿਤ ਕਰਨ ਲਈ ਕੀਤਾ ਜਾ

ਰਿਹਾ ਹੈ। ਆਦਰਸ਼ਾਂ ਦੇ ਯੋਜਨਾ ਕਾਲ 'ਚ ਨਾ ਤਾਂ ਪ੍ਰਚਾਰ ਹੀ ਕੀਤਾ ਗਿਆ ਅਤੇ ਨਾ ਉਸਾਰੀ ਪਿੱਛੋਂ ਇਸ ਤਰ੍ਹਾਂ ਦਾ ਕੋਈ ਰਿਵਾਜ ਹੀ ਬਣ ਸਕਿਆ। ਖੋਹੀ ਜਾਇਦਾਦ ਹਾਸਲ ਕਰਨ ਲਈ ਚੇਨ ਪਿੱਛੋਂ ਜਾਗੀਰਦਾਰਾਂ ਦੀਆਂ ਸਾਜ਼ਿਸ਼ਾਂ ਤੇ ਕੁਕਰਮ ਪੂਰੇ ਜ਼ੋਰ ਨਾਲ ਉਭਰਨ ਲੱਗੇ ਅਤੇ ਚੀਨ ਉਸ ਹਾਲਤ 'ਚ ਆ ਗਿਆ ਜਿਵੇਂ ਕਿ ਚੇਨ ਤੋਂ ਪਹਿਲਾਂ ਸੀ। ਰਾਜ ਦੀਆਂ ਹੱਦਾਂ 'ਚ ਥੋੜਾ ਜਿੰਨਾ ਫੇਰ ਬਦਲ ਜ਼ਰੂਰ ਹੋਇਆ ਪਰ ਜਗੀਰੂ ਸੁਆਰਥ ਆਪਣੀ ਥਾਂ 'ਤੇ ਜਿਉਂ ਦੇ ਤਿਉਂ ਬਣੇ ਰਹੇ। ਸਨਕ ਚੜੇ ਰਹਿਣ ਤੱਕ ਦੀਵਾਰ ਬਣਦੀ ਰਹੀ ਅਤੇ ਇਹ ਦਿਲਾਸਾ ਦਿਵਾਉਂਦੀ ਰਹੀ ਕਿ ਇਸ ਨਾਲ ਸੁਰੱਖਿਆ ਪ੍ਰਬੰਧ ਦਾ ਹੱਲ ਨਿਕਲ ਆਵੇਗਾ। ਪਰ ਅਜਿਹਾ ਹੋਇਆ ਨਹੀਂ। ਜਿਨੀ ਦਿਨੀ ਉਸਾਰੀ ਚਲ ਰਹੀ ਸੀ ਉਸ ਵਿਚ ਵੀ ਗੁਆਂਢੀ ਹਮਲਾਵਰ ਕਿਸੇ ਤਰ੍ਹਾਂ ਘਾਤ ਲਾਉਣ ਦੇ ਉਪਾਵਾਂ ਵਿਚ ਸਫਲਤਾ ਹਾਸਲ ਕਰਦੇ ਹੀ ਰਹੇ।

ਅੱਜ ਦੀ ਸਥਿਤੀ 'ਚ ਚੀਨ ਦੀ ਦੀਵਾਰ ਸੰਸਾਰ ਦੇ ਵੱਡੇ ਅਜੂਬਿਆਂ 'ਚੋਂ ਇਕ ਰਹਿ ਗਈ ਹੈ ਅਤੇ ਉਸ ਨੂੰ ਵੇਖਣ ਲਈ ਦੇਸ਼-ਵਿਦੇਸ਼ 'ਚੋਂ ਸੈਲਾਨੀ ਆਉਂਦੇ ਜਾਂਦੇ ਰਹਿੰਦੇ ਹਨ। ਪਰ ਉਹ ਇਹ ਨਹੀਂ ਸਮਝ ਸਕਦੇ ਕਿ ਚੇਨ ਇਹ ਕਿਉਂ ਨਹੀਂ ਸੋਚ ਸਕਿਆ ਕਿ ਮਨੋਬਲ ਤੇ ਦੇਸ਼ ਭਗਤੀ ਨਾਲ ਲਹਿਸ ਫੌਜੀ ਹਮਲਿਆਂ ਦਾ ਟਾਕਰਾ ਕਰਨ 'ਚ ਸਫਲ ਹੋ ਸਕਦੇ ਹਨ। ਇਮਾਰਤਾਂ ਜਾਂ ਦੀਵਾਰਾਂ ਇਸ ਕੰਮ ਨੂੰ ਪੂਰਾ ਨਹੀਂ ਕਰ ਸਕਦੀਆਂ। ਇਹਨੀ ਦਿਨੀਂ ਚੀਨ ਦੀ ਦੀਵਾਰ ਇਕ ਚਿੰਨ ਮਾਤਰ ਹੀ ਹੈ। ਉਹ ਹੌਲੀ ਹੌਲੀ ਡਿੱਗਦੀ ਤੇ ਢਹਿ ਢੇਰੀ ਹੁੰਦੀ ਜਾ ਰਹੀ ਹੈ। ਨਾਲ ਹੀ ਲੋਕਾਂ ਨੂੰ ਆਪਣੀ ਮੌਨ ਭਾਸ਼ਾ 'ਚ ਦੱਸਦੀ ਰਹਿੰਦੀ ਹੈ ਕਿ ਕਿਸ ਤਰ੍ਹਾਂ ਵਧੀਆਂ ਹੋਈਆਂ ਲਾਲਸਾਵਾਂ ਦੀ ਸਨਕ ਉਭਰਦੀ ਹੈ ਅਤੇ ਕਿਵੇਂ ਕਿਵੇਂ ਬੇਅਰਥ ਅਜੂਬੇ ਖੜੇ ਕਰਕੇ ਆਪਣੀ ਹੈਂਕੜ ਸਥਾਪਤ ਕਰਨਾ ਚਾਹੁੰਦੇ ਹਨ।

# ਲਿਟੇ ਦੇ ਖਾਤਮੇ ਨਾਲ ਕੀ ਬਣੂ ਤਾਮਿਲ ਸਮੱਸਿਆ ਦਾ?

ਸ਼੍ਰੀ ਲੰਕਾ ਸਰਕਾਰ ਵੱਲੋਂ ਲਿੱਟੇ ਨੂੰ ਹਰਾਉਣ ਤੇ ਪ੍ਰਭਾਕਰਣ, ਸਮੇਤ ਉਸ ਦੇ ਸਾਰੇ ਨੇਤਾਵਾਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਦਾ ਐਲਾਨ ਕੀਤਾ ਹੈ। ਇਸ ਤਰ੍ਹਾਂ ਸ਼੍ਰੀ ਲੰਕਾ ਦੀ ਫ਼ੌਜ ਨੇ ਕਰੀਬ 25 ਸਾਲਾਂ ਦੇ ਯੁੱਧ ਪਿਛੋਂ ਸਾਮਰਿਕ ਤੌਰ 'ਤੇ ਲਿਟੇ 'ਤੇ ਜਿੱਤ ਹਾਸਲ ਕੀਤੀ ਹੈ। ਇਸ ਦੌਰਾਨ ਪ੍ਰਭਾਕਰਣ ਦੀ ਅਗਵਾਈ 'ਚ ਲਿਟੇ ਨੇ ਵੱਡੀਆਂ-ਵੱਡੀਆਂ ਪ੍ਰਾਪਤੀਆਂ ਵੀ ਹਾਸਲ ਕੀਤੀਆਂ ਸਨ। ਲੰਬੇ ਸਮੇਂ ਤੱਕ ਜਾਫਨਾ ਅਤੇ ਉਤਰ ਤੇ ਪੂਰਬ ਸ਼੍ਰੀ ਲੰਕਾ ਦੇ ਵੱਡੇ ਹਿੱਸੇ 'ਤੇ ਲਿੱਟੇ ਦਾ ਕਬਜ਼ਾ ਰਿਹਾ। ਸ਼ੁਰੂਆਤੀ ਦੌਰ ਵਿਚ ਭਾਰਤ ਸਰਕਾਰ ਨੇ ਲਿਟੇ ਨੂੰ ਆਪਣੀ ਹਮਾਇਤ ਦਿੱਤੀ ਸੀ ਪਰ ਭਾਰਤ ਸਰਕਾਰ ਤਮਿਲ ਇਲਮ (ਆਜ਼ਾਦੀ) ਦੀ ਮੰਗ ਦੀ ਹਮਾਇਤ ਕਰਕੇ ਸ਼੍ਰੀ ਲੰਕਾ ਨੂੰ ਤੋੜਨ ਲਈ ਤਿਆਰ ਨਹੀਂ ਸੀ, ਇਸ ਗੱਲ 'ਤੇ ਭਾਰਤ ਸਰਕਾਰ ਤੇ ਪ੍ਰਭਾਕਰਣ 'ਚ ਮੱਤਭੇਦ ਰਹੇ। ਜਦ ਸ਼੍ਰੀ ਲੰਕਾ ਸਰਕਾਰ ਲਿਟੇ ਨੂੰ ਹਰਾਉਣ 'ਚ ਨਾਕਾਮ ਰਹੀ ਤਾਂ ਸ਼੍ਰੀ ਲੰਕਾ ਰਾਸ਼ਟਰਪਤੀ ਸ੍ਰੀ ਜੈਵਰਧਨੇ ਨੇ ਭਾਰਤੀ ਪ੍ਰਧਾਨ ਮੰਤਰੀ ਰਜੀਵ ਗਾਂਧੀ ਨਾਲ ਗੱਲ ਕਰਕੇ ਭਾਰਤ ਸ਼੍ਰੀ ਲੰਕਾ ਸ਼ਾਂਤੀ ਸਮਝੌਤਾ ਕੀਤਾ। ਇਸ ਤਹਿਤ ਉਤਰ ਤੇ ਪੂਰਵ 'ਚ ਤਮਿਲ ਬਹੁਗਿਣਤੀ ਇਲਾਕਿਆਂ ਦੇ ਸ਼੍ਰੀ ਲੰਕਾ ਅੰਦਰ ਰਹਿੰਦੇ ਹੋਇਆਂ ਅਜ਼ਾਦੀ ਦੀ ਵਿਵਸਥਾ ਸੀ। ਬਦਲੇ 'ਚ ਲਿਟੇ ਨੇ ਆਤਮ ਸਮਰਪਣ ਕਰਨਾ ਸੀ ਅਤੇ ਇਸ ਸਮਝੌਤੇ ਤਹਿਤ ਸੰਵਿਧਾਨਿਕ ਅਮਲ ਰਾਹੀਂ ਸੱਤਾ 'ਚ ਹਿੱਸੇਦਾਰੀ ਕਰਨੀ ਸੀ। ਪਰ ਪ੍ਰਭਾਕਰਣ ਤੇ ਲਿਟੇ ਤਮਿਲ ਇਲਮ ਤੋਂ ਘੱਟ ਕੁਝ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ। ਸ਼ਾਂਤੀ ਸਮਝੌਤੇ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਨੇ ਆਪਣੀ ਫੌਜ ਜਾਫਨਾ ਤੇ ਹੋਰ ਪ੍ਰਭਾਵਿਤ ਖੇਤਰਾਂ ਵਿਚ ਭੇਜੀ। ਇਸ ਦੇ ਬਾਵਜੂਦ ਲਿਟੇ ਹਥਿਆਰ ਸੁੱਟਣ ਲਈ ਤਿਆਰ ਨਹੀਂ ਹੋਇਆ। ਫਿਰ ਭਾਰਤੀ ਫੌਜ ਤੇ ਲਿਟੇ ਵਿਚਕਾਰ ਜੰਗ ਸ਼ੁਰੂ ਹੋ ਗਈ। ਭਾਰਤ ਸਰਕਾਰ ਤੇ ਲਿਟੇ ਵਿਚਕਾਰ ਸੰਬੰਧ ਖਰਾਬ ਹੋ ਗਏ। ਬਾਅਦ 'ਚ ਰਾਜੀਵ ਗਾਂਧੀ ਦੀ ਹੱਤਿਆ ਵਿਚ ਪ੍ਰਭਾਕਰਣ ਤੇ ਲਿਟੇ ਦਾ ਹੱਥ ਹੋਣ ਦੀ ਗੱਲ ਸਾਹਮਣੇ ਆਈ। ਉਸ ਪਿਛੋਂ ਪ੍ਰਭਾਕਰਣ ਭਾਰਤ 'ਚ ਇਕ ਅਪਰਾਧੀ ਐਲਾਨਿਆ ਗਿਆ ਅਤੇ ਲਿਟੇ ਭਾਰਤ 'ਚ ਇਕ ਪਾਬੰਦੀਸ਼ੁਦਾ ਜਥੇਬੰਦੀ ਹੋ ਗਈ। ਇਸ ਕਾਰਨ ਲਿਟੇ ਨੂੰ ਭਾਰਤ ਤੋਂ ਮਿਲਣ ਵਾਲੀ ਹਮਦਰਦੀ ਤੇ ਸਹਾਇਤਾ 'ਚ ਕਾਫ਼ੀ ਕਮੀ ਆਈ। ਇੰਨਾ ਹੀ ਨਹੀਂ ਲਿਟੇ ਨੇ ਤਮਿਲਾਂ ਦੇ ਉਹਨਾਂ ਨੇਤਾਵਾਂ ਦੀ ਵੀ ਹੱਤਿਆ ਕਰਨ ਦਾ ਸਿਲਸਿਲਾ ਚਲਾਇਆ, ਜੋ ਪ੍ਰਭਾਕਰਣ ਤੋਂ ਵਧਰੇ ਵਿਚਾਰ ਰੱਖਦੇ ਸਨ। ਤਮਿਲ ਸਮਾਜ ਦੇ ਅਨੇਕ ਹਰਮਨਪਿਆਰੇ ਤੇ ਪ੍ਰਭਾਵਸ਼ਾਲੀ ਨੇਤਾਵਾਂ ਦੀ ਹੱਤਿਆ ਲਿਟੇ ਨੇ ਕਰਵਾਈ। ਸਿਟੇ ਵਜੋਂ ਤਮਿਲ ਸਮਾਜ ਕਾਫ਼ੀ ਵੰਡਿਆ ਗਿਆ। ਉਸ 'ਚ ਲਿੱਟੇ ਦਾ ਜਨਆਧਾਰ ਕੰਮ ਜ਼ੋਰ ਹੁੰਦਾ ਗਿਆ। ਹਾਲ ਦੇ ਸਾਲਾਂ 'ਚ ਲਿਟੇ ਦੇ ਇਕ ਮੁੱਖ ਕਮਾਂਡਰ ਕਰਨਲ ਕਰੂਣਾ ਦਾ ਪ੍ਰਭਾਕਰਣ ਨਾਲ ਮੱਤਭੇਦ ਹੋਇਆ। ਜਿਸ ਪਿੱਛੋਂ ਉਹ ਭੱਜ ਕੇ ਸ੍ਰੀ ਲੰਕਾ ਸਰਕਾਰ ਦੀ ਸ਼ਰਨ 'ਚ ਆ ਗਿਆ। ਉਹਨਾਂ ਦੀ ਹੱਤਿਆ ਦੀਆਂ ਵੀ ਅਨੇਕਾਂ ਕੋਸ਼ਿਸ਼ਾਂ ਲਿਟੇ ਨੇ ਕੋਲੰਬੋ 'ਚ ਕੀਤੀਆਂ ਪਰ ਕਰੁਣਾ ਕਿਸੇ ਤਰ੍ਹਾਂ ਬਚ ਨਿਕਲੇ। ਕਰਨਲ ਕਰੁਣਾ ਨਾਲ ਸ੍ਰੀ ਲੰਕਾ ਸੈਨਾ ਨੂੰ ਲਿਟੇ ਦੀ ਕਾਰਜ ਪ੍ਰਣਾਲੀ ਤੇ ਸੰਗਠਨ ਬਾਰੇ ਮਹੱਤਵਪੂਰਨ

ਸੁਰਾਗ ਮਿਲੇ। ਜਿਸ ਸਹਾਰੇ ਯੁੱਧ ਦੇ ਮੌਜੂਦਾ ਦੌਰ ਵਿਚ ਸ਼੍ਰੀ ਲੰਕਾ ਨੂੰ ਯੁੱਧ ਵਿਚ ਜਿੱਤ ਹਾਸਲ ਕਰਨ ’ਚ ਕਾਫੀ ਸਹੂਲਤ ਹੋਈ। ਕਰਨਲ ਕਰੁਣਾ ਦਾ ਉਤਰਪੂਰਬ ਦੇ ਤਮਿਲਾਂ ’ਤੇ ਅੱਛਾ ਖਾਸਾ ਪ੍ਰਭਾਵ ਹੈ ਜਿਸ ਦਾ ਫਾਇਦਾ ਵੀ ਸ਼੍ਰੀ ਲੰਕਾ ਸਰਕਾਰ ਨੂੰ ਹੋਇਆ ਇਸ ਤਰ੍ਹਾਂ ਸ਼੍ਰੀ ਲੰਕਾ ਦੀ ਸੈਨਾ ਨੇ ਲਿਟੇ ’ਤੇ ਜਿੱਤ ਹਾਸਲ ਕੀਤੀ।

ਪਰ ਇਸ ਅਮਲ ਵਿਚ ਸ਼੍ਰੀ ਲੰਕਾ ਦੇ ਤਮਿਲਾਂ ਨੂੰ ਯੁੱਧ ਦੀ ਭਿਅੰਕਰਤਾ ਨੂੰ ਸਹਿਣਾ ਪਿਆ। ਲੱਖਾਂ ਦੀ ਗਿਣਤੀ ’ਚ ਤਮਿਲ ਬੇਘਰਬਾਰ ਹੋ ਕੇ ਭਟਕਦੇ ਰਹੇ। ਸੈਂਕੜੇ ਪਿੰਡ ਤੇ ਸ਼ਹਿਰ ਗ੍ਰਹਿ ਯੁੱਧ ਦੀ ਅੱਗ ’ਚ ਸੜ ਕੇ ਸੁਆਹ ਹੋ ਗਏ। ਸ਼੍ਰੀ ਲੰਕਾ ਦੀ ਸਰਕਾਰ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਕਿ ਤਮਿਲਾਂ ਪ੍ਰਤੀ ਸੰਵੇਦਨਸ਼ੀਲਤਾ ਦੀ ਜਾਣਕਾਰੀ ਦੇਵੇ ਅਤੇ ਤਮਿਲਾਂ ਨੂੰ ਫਿਰ ਤੋਂ ਵਸਾਉਣ ਦੀ ਸਰਉਚ ਤਰਜੀਹ ਦੇਵੇ। ਪਰ ਮੌਜੂਦਾ ਰਾਜਪਕਸੇ ਸਰਕਾਰ ’ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੇ ਯੁੱਧ ਸਬੰਧੀ ਖ਼ਬਰਾਂ ਨੂੰ ਛਪਾਉਣ ਦਾ ਗੰਭੀਰ ਇਲਜਾਮ ਹੈ। ਕਈ ਪੱਤਰਕਾਰਾਂ ਤੇ ਮਨੁੱਖੀ ਅਧਿਕਾਰ ਵਰਕਰਾਂ ’ਤੇ ਦਮਨ ਚੱਕਰ ਚਲਾਉਣ ਦਾ ਇਲਜਾਮ ਵੀ ਮੌਜੂਦਾ ਸਰਕਾਰ ’ਤੇ ਹੈ। ਪਰ ਸਭ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲਿਟੇ ਦੀ ਸਮੱਸਿਆ ਪੈਦਾ ਹੀ ਹੋਈ ਸੀ ਤਮਿਲਾਂ ਪ੍ਰਤੀ ਉਥੋਂ ਦੇ ਸਿੰਘਲੀ ਸਮਾਜ ਅਤੇ ਸ਼੍ਰੀ ਲੰਕਾ ਦੀ ਸਰਕਾਰ ਨੇ ਭੇਦਭਾਵਪੂਰਨ ਨੀਤੀ ਦੀ ਵਜ੍ਹਾ ਕਰਕੇ ਤਮਿਲਾਂ ਖਿਲਾਫ਼ ਕਿੰਨੇ ਦੰਗੇ ਹੋਏ ਸਨ ਸ਼੍ਰੀ ਲੰਕਾ ਤੇ ਖੁਦ ਰਾਜਧਾਨੀ ਕੋਲੰਬੋ ਵਿਚ। ਤਮਿਲ ਘੱਟ-ਗਿਣਤੀ ’ਤੇ ਕੀਤੇ ਗਏ ਅਤਿਆਚਾਰ ਤੇ ਭੇਦਭਾਵ ਦੀ ਸਜ਼ਾ ਵਜੋਂ ਹੀ ਲਿਟੇ ਦੀ ਪੈਦਾਇਸ਼ ਤੇ ਵਿਕਾਸ ਹੋਇਆ। ਜੇ ਸਿੰਘਲੀ ਬਹੁ-ਗਿਣਤੀ ਸਮਾਜ ਤੇ ਸ਼੍ਰੀ ਲੰਕਾ ਸਰਕਾਰ ਆਪਣੀਆਂ ਪਿਛਲੀਆਂ ਗ਼ਲਤੀਆਂ ਤੋਂ ਸਬਕ ਨਹੀਂ ਲੈਂਦੀ ਅਤੇ ਤਾਮਿਲਾਂ ਪ੍ਰਤੀ ਇਜ਼ਤਮਾਨ ਤੇ ਸੰਵੇਦਨਸ਼ੀਲਤਾ ਨਹੀਂ ਵਿਖਾਏਗੀ ਤਾਂ ਫੇਰ ਕਿਸੇ ਲਿਟੇ ਜਾਂ ਪ੍ਰਭਾਕਰਣ ਦੇ ਨਵੇਂ ਸੰਸਕਰਣ ਦੇ ਪੈਦਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅੱਜ ਸਿੰਘਾਈ ਤੇ ਤਮਿਲ ਸਮਾਜ ਦੇ ਲੋਕਰਾਜੀ ਤੇ ਖੱਬੇ ਤਬਕਿਆਂ ਨੂੰ ਚਾਹੀਦਾ ਹੈ ਕਿ ਮਿਲਕੇ ਇਜ਼ਤ ਮਾਨ ਤੇ ਬਰਾਬਰੀ ਦੇ ਆਧਾਰ ’ਤੇ ਇਕ ਨਵੇਂ ਸਮਾਜ ਤੇ ਦੇਸ਼ ਦੀ ਉਸਾਰੀ ਦੇ ਕਾਰਜ ’ਚ ਲੱਗ ਜਾਣ। ਇਸ ’ਚ ਸ਼੍ਰੀ ਲੰਕਾ ਦੇ ਬੇਹਤਰ ਭਵਿੱਖ ਦੀ ਸੰਭਾਵਨਾ ਪਈ ਹੈ।

# ਕਿਵੇਂ ਗਲਸੜ ਰਿਹਾ ਪ੍ਰਬੰਦ?

ਇਹ ਸਿਰਫ ਭਾਰਤ ਵਿਚ ਹੀ ਹੋ ਸਕਦਾ ਹੈ, ਇਹ ਦੇਸ਼ ਦੁਨੀਆਂ ਦਾ ਸਭ ਤੋਂ ਵੱਡਾ ਅੰਨ ਪੈਦਾ ਕਰਨ ਵਾਲਾ ਦੇਸ਼ ਹੈ, ਇਸ ਦੇ ਬਾਵਜੂਦ ਇਥੋਂ ਦੇ 30 ਕਰੋੜ ਨਿਵਾਸੀਆਂ ਨੂੰ ਦੋ ਸਮੇਂ ਦੀ ਸੰਤੁਲਿਤ ਖੁਰਾਕ ਨਹੀਂ ਮਿਲਦੀ, ਹੋਰ ਵੀ ਹੈਰਾਨੀ ਇਹ ਹੈ ਕਿ 5800 ਕਰੋੜ ਰੁਪਏ ਦਾ ਅਨਾਜ ਹਰ ਸਾਲ ਬਰਬਾਦ ਹੋ ਜਾਂਦਾ ਹੈ। ਸਰਕਾਰ ਨੇ ਖੁਦ ਇਹ ਮੰਨਿਆ ਹੈ। ਵਜਾਹ? ਦੇਸ਼ ਆਪਣੇ 182 ਅਰਬ ਡਾਲਰ ਦੇ ਅਨਾਜ ਉਦਯੋਗ ਵਿਚੋਂ ਸਿਰਫ 2 ਫੀਸਦੀ ਪੈਦਾਵਾਰ ਦੀ ਹੀ ਪ੍ਰੋਸੈਸਿੰਗ ਹੁੰਦੀ ਹੈ। ਅਨਾਜ ਪ੍ਰੋਸੈਸਿੰਗ ਮੰਤਰਾਲੇ ਅਨੁਸਾਰ ਭਾਰਤ ਹਰ ਸਾਲ 9 ਕਰੋੜ ਟਨ ਦੁੱਧ ਦੀ ਪੈਦਾਵਾਰ ਕਰਦਾ ਹੈ ਅਤੇ 48.5 ਕਰੋੜ ਪਸ਼ੂ ਜਾਇਦਾਦ ਦਾ ਇਸ ਤੋਂ ਇਲਾਵਾ ਸਾਡਾ ਦੇਸ਼ ਫਲ ਤੇ ਸਬਜ਼ੀਆਂ ਦਾ ਵੀ ਦੂਜਾ ਵੱਡਾ ਕਾਸ਼ਤਕਾਰ ਦੇਸ਼ ਹੈ। (15 ਕਰੋੜ ਟਨ) ਅਤੇ ਅੰਨ ਸਬੰਧੀ ਤੀਜਾ ਸਭ ਤੋਂ ਵੱਡਾ ਕਾਸ਼ਤਕਾਰ (20.4 ਕਰੋੜ ਟਨ), ਮੱਛੀ ਫੜਨ ਵਿਚ ਵੀ ਅਸੀਂ ਤੀਜੇ ਨੰਬਰ ’ਤੇ ਹਾਂ। (630 ਲੱਖ ਟਨ) ਬੇਸ਼ਕ ਇਹ ਅੰਕੜੇ ਪ੍ਰਭਾਵਸ਼ਾਲੀ ਹਨ ਪਰ ਬਹੁਤੇ ਉਪਯੋਗੀ ਨਹੀਂ ਕਿਉਂਕਿ ਖਰਾਬ ਹੋਣ ਵਾਲੀਆਂ ਵਸਤਾਂ ਦਾ ਵੱਡਾ ਹਿੱਸਾ ਨਸ਼ਟ ਹੋ ਜਾਂਦਾ ਹੈ। ਵਜਾਹ ਸਰਕਾਰ ਤਿਆਰ ਮਾਲ ਤੇ ਵਰਤੋਂ ਦੀ ਸਮੁੱਚੀ ਸਪਲਾਈ ਲੜੀ ਵਿਕਸਤ ਨਹੀਂ ਕਰ ਸਕੀ। ਪੈਦਾਵਾਰ ਤੋਂ ਖਪਤ ਤੱਕ ਦੀ ਕ੍ਰਾਂਤੀ ਨੂੰ ਇਕ ਅਸਲੀਅਤ ਬਣਾਉਣ ਲਈ ਇਕ ਅੰਤਹੀਣ ਸਪਲਾਈ ਚਾਹੀਦੀ ਹੈ ਯਾਨੀ ਮਾਹਰਾਂ ਮੁਤਾਬਕ ਖੇਤਾਂ ਵਿਚ ਜੋ ਬੀਜਿਆਂ ਜਾਂਦਾ ਹੈ ਉਥੋਂ ਲੈ ਕੇ ਵਸੂਲ, ਵਾਢੀ, ਭੰਡਾਰਕਰਨ, ਤੋਲ ਮਾਪ, ਬਾਜ਼ਾਰ ਲੈ ਜਾਣਾ ਅਤੇ ਪ੍ਰਚੂਨ ਵਿਕਰੀ ਤੱਕ ਕਿਸਾਨਾਂ ਨੂੰ ਸਹੀ ਭਾਅ ਚਾਹੀਦੈ ਅਤੇ ਸਨਅਤ ਨੂੰ ਏਨਾ ਸਮਰਥ ਤਾਂ ਹੋਣਾ ਹੀ ਚਾਹੀਦੈ ਕਿ ਸਿੱਧੇ ਹੀ ਖੇਤਾਂ ਵਿਚੋਂ ਵਸੂਲੀ ਕਰ ਸਕੇ। ਆਦਿਮ ਜ਼ਮਾਨੇ ਦੇ ਪੁਰਾਣੇ ਕਨੂੰਨਾਂ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ, ਗੁਣਵੰਣਤਾ ਦੇ ਸਖ਼ਤ ਨਿਯਮ ਤਿਆਰ ਕੀਤੇ ਜਾਣੇ ਚਾਹੀਦੇ ਹਨ ਅਤੇ ਉਹਨਾਂ ਦਾ ਪਾਲਣ ਹੋਣਾ ਚਾਹੀਦਾ ਹੈ। ਯੂ. ਪੀ ਏ. ਸਰਕਾਰ ’ਚ ਅਨਾਜ ਪ੍ਰੋਸੈਸਿੰਗ ਮੰਤਰੀ ਸੁਬੋਧ ਕਾਂਤ ਸਹਾਏ ਕਹਿੰਦੇ ਹਨ ਕਿ ‘ਫਸਲ ਕੱਟਣ ਪਿਛੋਂ ਦਾ ਬੁਨਿਆਦੀ ਢਾਂਚਾ ਖੜ੍ਹਾ ਕਰਨਾ ਹੋਵੇਗਾ ਅਤੇ ਸਪਲਾਈ ਲੜੀ ’ਚ ਪਏ ਖਪਿਆਂ ਨੂੰ ਭਰਨਾ ਹੀ ਪੈਣਾ ਹੈ ਪਰ ਕੀ ਅਜਿਹਾ ਕੀਤਾ ਜਾ ਰਿਹੈ? ਸਖਤ ਪੈਮਾਨੇ ਤੇ ਪੁਰਾਣੇ ਪੈ ਚੁੱਕੇ ਕਨੂੰਨਾਂ ਦੀ ਬਦੌਲਤ ਵਿਨੇਸ਼ ਅਨਾਜ ਪ੍ਰੋਸੈਸਿੰਗ ਉਦਯੋਗ ਤੋਂ ਦੂਰ ਹੀ ਰਿਹਾ ਹੈ, ਫਸਲ ਦੀਆਂ ਕਿਸਮਾਂ ਸੀਮਤ ਹਨ। ਕਿਸਾਨਾਂ ਨੂੰ ਹੁਣ ਵੀ ਲਾਭ ਬਹੁਤ ਘੱਟ ਮਿਲਦਾ ਹੈ। ਸੰਭਾਲ ਲੋੜੀਂਦੀ ਨਹੀਂ ਅਤੇ ਕੋਲਡ ਸਟੋਰੇਜ ਦੀ ਸਹੂਲਤਾਂ ਵਾਕਿਆਂ ਹੀ ਠੰਡੀਆਂ ਪਈਆਂ ਹਨ। ਇਹਨਾਂ ਖਾਮੀਆਂ ਦੀ ਵਜ੍ਹਾ ਨਾਲ ਦੇਸ਼ ਨੂੰ ਹਰ ਸਾਲ 58000 ਕਰੋੜ ਰੁਪਏ ਦਾ ਘਾਟਾ ਪੈਂਦਾ ਹੈ। ਹਿੰਦੁਸਤਾਨ ਯੂਨੀਲਿਵਰ ਦੇ ਕਾਰਜ ਕਾਰੀ ਨਿਰਦੇਸ਼ਕ (ਅਨਾਜ) ਸ੍ਰੀ ਜੀਤ ਮਿਸ਼ਰਾ ਕਹਿੰਦੇ ਹਨ, “ਦੇਸ਼ ’ਚ ਖੇਤੀ ਉਪਜ ਦਾ ਲਗਭਗ 40 ਫੀਸਦੀ ਲੋੜੀਂਦੇ ਸਟੋਰੇਜ ਦੀ ਘਾਟ ਕਾਰਨ ਨਸ਼ਟ ਹੋ ਜਾਂਦਾ ਹੈ। ਇਸ ਲਈ ਜ਼ਿੰਮੇਵਾਰ ਹਨ।” ਇਹ ਸਮੱਸਿਆ 1988 ਤੋਂ ਹੀ ਚਲ ਰਹੀ ਹੈ ਜਦ ਅਨਾਜ ਪ੍ਰੋਸੈਸਿੰਗ ਮੰਤਰਾਲੇ ਦਾ ਗਠਨ ਕੀਤਾ ਗਿਆ ਸੀ ਉਸ ਪਿੱਛੋਂ ਕਈ ਸੰਮਤੀਆਂ ਗਠਿਤ ਕੀਤੀਆਂ ਗਈਆਂ। ਕਈ ਕਮਿਸ਼ਨ ਬਣੇ ਅਤੇ ਯੂ. ਪੀ. ਏ. ਸਰਕਾਰ ਨੇ ਇਕ ਅਨਾਜ ਕਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਵਿਚ

ਫੂਡ ਪਾਰਕਾਂ ਪੈਕੇਜਿੰਗ ਸਟੋਰਾਂ ਤੇ ਕੋਲਡ ਚੇਨ ਦੀਆਂ ਸਹੂਲਤਾਂ ਸ਼ਾਮਲ ਸਨ। ਉਦਯੋਗ ਦੇ ਵਿਕਾਸ ਨਾਲ ਜੁੜੇ ਮੁੱਦੇ ਵੀ 2004 ਵਿਚ ਖੇਤੀ 'ਤੇ ਗਠਿਤ ਸੰਸਦੀ ਸੰਮਤੀ 'ਚ ਉਠਦੇ ਰਹੇ, ਸ੍ਰੀਮਤੀ ਮੁਤਾਬਿਕ, "ਇਸ ਖੇਤਰ ਵਿਚ ਕਈ ਏਜੰਸੀਆਂ ਤੇ ਵਿਭਾਗ ਕੰਮ ਕਰਦੇ ਰਹੇ ਪਰ ਇਹ ਵੱਖ ਵੱਖ ਮੰਤਰਾਲਿਆਂ ਦੇ ਅਧੀਨ ਹਨ ਅਤੇ ਇਹਨਾਂ ਦਾ ਆਪਸ 'ਚ ਤਾਲਮੇਲ ਹੀ ਨਹੀਂ ਹੈ।" ਸੰਮਤੀ ਨੇ ਤਕੜੀ ਸਿਫਾਰਸ਼ ਕੀਤੀ ਹੈ ਕਿ ਬੈਂਕ ਤਰਜੀਹ ਦੇ ਤਹਿਤ ਜੋ ਕਰਜੇ ਦਿੰਦੇ ਹਨ ਉਹਨਾਂ 'ਚ ਇਸ ਉਦਯੋਗ ਦਾ ਨਿਸ਼ਚਤ ਫੀਸਦੀ ਹਿੱਸਾ ਤਹਿ ਕੀਤਾ ਜਾਣਾ ਚਾਹੀਦੈ ਅਤੇ ਇਕੋ ਜਿਹੇ ਅਨਾਜ ਕਨੂੰਨ ਲਾਗੂ ਕੀਤੇ ਜਾਣੇ ਚਾਹੀਦੇ ਹਨ। ਅਸੂਲਨ ਤਾਂ ਇਹ ਜਨਤਕ ਖੇਤਰ ਦੀ ਮੰਗ ਕਰਦਾ ਹੈ, ਨਿਜੀ ਖੇਤਰ ਵੀ ਇਸ ਦੇ ਤਹਿਤ ਆਉਣਾ ਚਾਹੀਦਾ ਹੈ। ਪਰ ਨੀਤੀਗਤ ਸਪੱਸ਼ਟਤਾ ਤੇ ਸਟੋਰੇਜ 'ਚ ਸਹਿਯੋਗ ਦੀਆਂ ਬੁਨਿਆਦੀ ਸਹੂਲਤਾਂ 'ਚ ਨਿਵੇਸ਼ ਦੀ ਘਾਟ ਕਾਰਨ ਇਹ ਬੱਸ ਸੈਮੀਨਾਰਾਂ ਤੱਕ ਹੀ ਸੀਮਤ ਰਹਿ ਗਿਆ ਹੈ। ਮਹਿੰਦਰਾ ਦੀ ਖੇਤੀ ਸੇਵਾ ਸਾਖ਼ਾ, ਮਹਿੰਦਰਾ ਸ਼ੁਭ ਲਾਭ ਸਰਵਸਿਜ ਦੇ ਸੀ ਈ ਓ ਵਿਕਰਮ ਪੁਰੀ ਅਨੁਸਾਰ, "ਪਚੂਨ ਭਾਰਤੀਆਂ ਦੀ ਖੁਸ਼ਹਾਲੀ ਤੇ ਆਲੀਸ਼ਾਨ ਸਟੋਰਾਂ 'ਤੇ ਸਵਾਰ ਹੋ ਕੇ ਧੂਮ ਧੜੱਕੇ ਨਾਲ ਆਇਆ ਅਤੇ ਵੱਡੇ ਕੈਪੇਕਸ ਸਥਾਪਿਤ ਕੀਤੇ ਗਏ ਪਰ ਅਗਲੀ ਸਵੇਰ ਹੀ ਵਸਤਾਂ ਦਾ ਸਟੋਰਾਂ ਤੱਕ ਪਹੁੰਚਣਾ ਕਹਿਣ ਨੂੰ ਹੀ ਸੌਖਾ ਸੀ, ਕਰਨ ਵਿਚ ਕਠਿਨ ਕਿਉਂਕਿ ਨੀਤੀਗਤ ਅੜਿਕੇ ਅਨੇਕਾਂ ਸਨ।"

ਜ਼ਾਹਿਰ ਹੈ ਕਿ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਨਵੀਂ ਸਰਕਾਰ ਦਾ ਫਰਜ ਹੈ ਜਿਸ ਨਾਲ ਸਿਰਫ ਬਰਬਾਦੀ ਘਟੇ ਬਲਕਿ ਵਿਕਾਸ ਨੂੰ ਵੀ ਹੱਲਾਸ਼ੇਰੀ ਮਿਲੇ, ਨੌਕਰੀਆਂ ਪੈਦਾ ਹੋਣ ਅਤੇ ਅਰਥ ਪੇਂਡੂ ਤੇਜ਼ ਵਿਕਾਸ ਨਾਲ 2014 ਤੱਕ ਵਾਧੂ 4,40000 ਕਰੋੜ ਰੁਪਏ ਜਾਂ 100 ਅਰਧ ਡਾਲਰ ਮੁੱਲ ਦੇ ਮੌਕੇ ਪੈਦਾ ਹੋਣਗੇ। 50 ਅਰਬ ਡਾਲਰ ਦੇ ਪੂੰਜੀ ਨਿਵੇਸ਼ ਦੀ ਲੋੜ ਹੈ। ਇਸ ਦਾ ਇਕ ਵੱਡਾ ਹਿੱਸਾ ਉਪਰਕਣਾ ਅਤੇ ਮਸ਼ੀਨਰੀ ਵਿਚ ਲੱਗੇਗਾ। ਖੇਤੀ ਸੰਬੰਧੀ ਸਥਾਈ ਸੰਸਦੀ ਸੰਮਤੀ ਅਨੁਸਾਰ ਹਾਲਾਂਕਿ 10 ਅਰਬ ਡਾਲਰ ਸਰਕਾਰ ਵੱਲੋਂ ਆਏਗਾ, ਬਾਕੀ ਰਾਸ਼ੀ ਉਦਯੋਗ ਦੀ ਸੰਭਾਵਨਾ ਨਾਲ, ਪਰ ਸਭ ਤੋਂ ਪਹਿਲਾਂ ਵਸੂਲੀ ਦੇ ਮੁੱਦੇ ਨਾਲ ਨਿਪਟਣਾ ਪਵੇਗਾ, ਕਿਸਾਨਾਂ ਨੂੰ ਲੰਮੇ ਸਮੇਂ ਤੋਂ ਵਾਜਿਬ ਮੁੱਲ ਤੋਂ ਵਾਂਝਿਆ ਰੱਖਿਆ ਜਾ ਰਿਹਾ ਹੈ। ਨਵਾਂ ਆਦਰਸ਼ ਖੇਤੀ ਉਤਪਾਦ ਸੰਮਤੀ ਕਨੂੰਨ 2007 ਹਾਲਾਂਕਿ ਨਿੱਜੀ ਬਾਜ਼ਾਰ ਅਤੇ ਯਾਡਰਸ ਦੇ ਗਠਨ ਅਤੇ ਖਰੀਦ ਕੇਂਦਰਾਂ ਦੇ ਗਠਨ ਦੀ ਇਜਾਜ਼ਤ ਦਿੰਦਾ ਹੈ। ਜਿਥੇ ਕਿਸਾਨ ਆਪਣੀ ਵਸਤ ਨੂੰ ਸਿੱਧੇ ਹੀ ਮੁਨਾਫੇ ਵਾਲੀ ਕੀਮਤ ਦੇ ਨਾਲ ਉਦਯੋਗ ਨੂੰ ਵੇਚ ਸਕਦੇ ਹਨ। ਇਹ ਲੋਕ ਅੱਛੀ ਕੀਮਤ ਬਦਲੇ ਕਾਰਪੋਰੇਟ ਦੇ ਨਾਲ ਜ਼ਰੂਰਤ ਮੁਤਾਬਕ ਫ਼ਸਲ ਉਗਾਉਣ ਦਾ ਕਰਾਰ ਕਰਨ ਲਈ ਮਜ਼ਬੂਤ ਹਨ। ਇਸ ਲਈ ਇਸ ਕਨੂੰਨ ਦਾ ਅਮਲ ਹਰ ਥਾਂ ਇਕੋ ਜਿਹਾ ਨਹੀਂ ਹੈ। ਸਿਰਫ 15 ਰਾਜਾਂ ਨੇ ਹੀ ਇਸ ਮਾਡਲ ਕਨੂੰਨ ਨੂੰ ਅਪਣਾਇਆ ਹੈ। ਅਸਲ ਵਿਚ ਬਿਹਾਰ ਵਰਗੇ ਰਾਜਾਂ ਵਿਚ ਤਾਂ (APMC) ਕਨੂੰਨ ਹੈ ਹੀ ਨਹੀਂ। ਭਾਰਤ 'ਚ ਫਲ ਤੇ ਸਬਜ਼ੀਆਂ ਦੀ ਕੁਲ ਪੈਦਾਵਾਰ ਦਾ 2.2 ਫੀਸਦੀ ਹੀ ਪ੍ਰੋਸੈਸਿੰਗ ਹੁੰਦੀ ਹੈ ਜਦਕਿ ਥਾਈਲੈਂਡ ਵਰਗੇ ਦੇਸ਼ਾਂ ਵਿਚ 30 ਫੀਸਦੀ, ਅਮਰੀਕਾ 'ਚ 65 ਫੀਸਦੀ ਫਿਲੀਪੀਂਸ 'ਚ 78 ਫੀਸਦੀ ਅਤੇ ਚੀਨ 'ਚ 23 ਫੀਸਦੀ ਦੀ ਪ੍ਰੋਸੈਸਿੰਗ ਹੁੰਦੀ ਹੈ, ਅਨਾਜ ਪ੍ਰੋਸੈਸਿੰਗ ਮੰਤਰਾਲੇ 'ਚ ਸੰਯੁਕਤ ਸਕੱਤਰ ਗੌਤਮ ਸਨਿਆਲ ਕਹਿੰਦੇ ਹਨ "ਬਰਬਾਦੀ 60 ਫੀਸਦੀ ਦੇ ਕਰੀਬ ਹੈ, ਦੁੱਧ ਦੀ ਪ੍ਰੋਸੈਸਿੰਗ 35 ਫੀਸਦੀ ਹੈ, ਮਾਸ ਦੀ 21 ਫੀਸਦੀ ਤੇ ਪੋਲਟਰੀ ਵਸਤਾਂ ਦੀ 6

ਫੀਸਦੀ।" ਪ੍ਰੋਸੈਸਿੰਗ ਯੋਗ ਕਿਸਮਾਂ ਵਿਕਸਤ ਕਰਨਾ ਡੂੰਘੀ ਖੋਜ ਦਾ ਕੰਮ ਹੈ ਤੇ ਉਸ ਲਈ ਪੈਸੇ ਦੀ ਲੋੜ ਹੋਵੇਗੀ। ਪਰ ਭਾਰਤੀ ਖੇਤੀ ਖੋਜ ਪ੍ਰੀਸ਼ਦ ਵਰਗੇ ਸਰਕਾਰੀ ਅਦਾਰਿਆਂ 'ਚ ਜੋ ਖੋਜ ਕੀਤੀ ਜਾਂਦੀ ਹੈ ਉਹ ਬਾਜ਼ਾਰ ਦੀਆਂ ਜ਼ਰੂਰਤਾਂ ਤੋਂ ਕੱਟੀ ਹੁੰਦੀ ਹੈ। ਅਹਾਰ ਤੇ ਖੇਤੀ ਅਧਾਰਤ ਪ੍ਰੋਸੈਸਿੰਗ ਉਦਯੋਗ ਨੂੰ ਤਰਜੀਹ ਦੇ ਅਧਾਰ 'ਤੇ ਕਰਜਾ ਦੇਣ ਦਾ ਟੀਚਾ ਤਹਿ ਨਾ ਹੋਣ ਕਾਰਨ ਇਸ ਖੇਤਰ ਲਈ ਪੈਸਾ ਵਿਤੀ ਖੇਤਰ ਦੀ ਮਰਜੀ 'ਤੇ ਹੀ ਨਿਰਭਰ ਕਰਦਾ ਹੈ। ਇਹ ਨਿਸ਼ਚਿਤ ਕਰਨ ਲਈ ਕਿ ਵਸਤਾਂ ਖਾਣੇ ਦੀ ਮੇਜ਼ 'ਤੇ ਪਹੁੰਚ ਤੱਕ ਗੁਣ ਗੁਣਵੰਣਤਾ ਬਣਾਈ ਰੱਖਣ ਅਧੁਨਿਕ ਸਟੋਰੇਜ ਸਹੂਲਤਾਂ ਵਧਾਉਣੀਆਂ ਜ਼ਰੂਰੀ ਹਨ।

ਪਰ ਭਾਰਤ 'ਚ ਕੋਲਡ ਸਟੋਰੇਜ਼ ਸਹੂਲਤਾਂ ਦੀ ਭਾਰੀ ਕਮੀ ਹੈ। ਜਦ ਕਿ ਕਿਸੇ ਉਤਪਾਦ ਦੀ ਸੇਲਫ ਲਾਈਫ਼ ਵਧਾਉਣ ਲਈ ਇਹ ਸਹੂਲਤ ਬਹੁਤ ਜ਼ਰੂਰੀ ਹੁੰਦੀ ਹੈ। ਹਾਲਾਂਕਿ ਕੋਲਡ ਸਟੋਰੇਜ ਚੇਨ ਤਿਆਰ ਕਰਨਾ ਸਰਕਾਰ ਦੀ ਤਰਜੀਹ ਨਹੀਂ ਹੈ, ਭਾਰਤ ਵਰਗੇ ਵਿਸ਼ਾਲ ਦੇਸ ਵਿਚ ਸਿਰਫ਼ 2.7 ਮੀਟਰਿਕ ਟਨ (ਐਮ. ਟੀ.) ਲਈ ਕੋਲਡ ਸਟੋਰੇਜ ਸਹੂਲਤਾਂ ਕੰਮ ਕਰ ਰਹੀਆਂ ਹਨ ਇਸਨੂੰ ਘੱਟੋ ਘੱਟ 9-10 ਐਮ. ਟੀ. ਹੋਰ ਸਮਰਥਾ ਦੀ ਲੋੜ ਹੈ। ਫਿਕੀ ਦੇ ਚੀਫ ਸੈਕਟਰੀ ਅਮਿਤ ਮਿਸ਼ਰਾ ਕਹਿੰਦੇ ਹਨ "ਬੈਂਕ ਕੋਲਡ ਚੇਨ ਲੜੀ ਨੂੰ ਤਰਜਹੀਹੀ ਸੂਚੀ ਵਿਚ ਰੱਖਣ ਦੀ ਲੋੜ ਨਹੀਂ ਸਮਝਦੇ।" ਵਿਜਨ 2015 ਦੇ ਬਾਰੇ ਸਰਕਾਰ ਗੰਭੀਰ ਨਹੀਂ ਦਿਸਦੀ। ਟੀਚਾ ਵਸਤਾਂ ਦੀ ਪ੍ਰੋਸੈਸਿੰਗ ਪੱਧਰ 6 ਤੋਂ 20 ਫੀਸਦੀ ਕਰਨਾ ਹੈ ਅਤੇ ਮੁੱਲ 20 ਫੀਸਦੀ ਤੋਂ ਵਧਾ ਕੇ 34 ਫੀਸਦੀ ਕਰਨਾ ਹੈ। ਯੋਜਨਾ ਦੇ ਤਹਿਤ 30 ਮੈਗਾ ਫੂਡਪਾਰਕ ਤਿਆਰ ਕੀਤੇ ਜਾਣੇ ਸਨ ਜਿਹਨਾਂ ਵਿਚ ਅਧੁਨਿਕ ਸਟੋਰੇਜ ਸਹੂਲਤਾਂ ਦੀ ਵਿਵਸਥਾ ਹੋਣੀ ਸੀ ਪਰ ਉਹਨਾਂ 'ਚੋਂ ਸਿਰਫ ਪੰਜ ਨੂੰ ਹੀ ਹਰੀ ਝੰਡੀ ਵਿਖਾਈ ਜਾਣੀ ਸੀ। ਇਹਨਾਂ ਪੰਜਾਂ ਲਈ ਸਿਰਫ ਥਾਂ ਦੀ ਹੀ ਚੋਣ ਕੀਤੀ ਗਈ ਹੈ।

ਅਸਲ 'ਚ ਕਿਸਾਨ ਨੂੰ ਆਪਣੀ ਜਿਣਸ ਦੀ ਅੱਛੀ ਕੀਮਤ ਚਾਹੀਦੀ ਹੈ ਅਤੇ ਉਹ ਤਾਂ ਹੀ ਸੰਭਵ ਹੈ ਜਦ ਉਸ ਦੀ ਜਲਦੀ ਖਰਾਬ ਹੋਣ ਵਾਲੀ ਜਿਣਸ ਬਾਜ਼ਾਰ 'ਚ ਅੱਛੀ ਸਥਿਤੀ ਵਿਚ ਪਹੁੰਚੇ ਪਰ ਸਟੋਰ ਤੱਕ ਪਹੁੰਚਣ ਦੀ ਸਹੂਲਤ ਬੇਹੱਦ ਤਰਜੀਹੀ ਖੇਤਰ ਰਹੇ ਹਨ। ਕਿਸਾਨਾਂ ਦੇ ਦੋਸਤ ਸਮਝੇ ਜਾਣ ਵਾਲੇ ਵੇਅਰ ਹਾਊਸਿੰਗ ਡਿਪੈਲਪਮੈਂਟ ਐਂਡ ਰੇਗੂਲੇਸ਼ਨ ਐਕਟ 2007 ਨੂੰ ਹੀ ਲਓ। ਇਸ ਦਾ ਮਕਸਦ ਅਧੂਰਾ ਹੈ ਅਤੇ ਅਧੁਨਿਕ ਗੋਦਾਮਾ ਦੇ ਬਣਨ 'ਚ ਦੇਰੀ ਹੋ ਰਹੀ ਹੈ। ਸਰਕਾਰ ਨੂੰ ਜ਼ਰੂਰੀ ਵਸਤਾਂ ਐਕਟ ਵਰਗੀਆਂ ਕਨੂੰਨ ਉਲਝਣਾਂ ਨੂੰ ਸੁਲਝਾਉਣ ਦੀ ਲੋੜ ਹੈ ਜੋ ਵਧੀਆ ਵਸਤਾਂ ਨੂੰ ਰਾਜ ਦੀ ਸੀਮਾ ਤੋਂ ਬਾਹਰ ਲੈ ਜਾਣ 'ਚ ਵਿਘਨ ਪਾਉਂਦਾ ਹੈ। ਇਹ ਛੋਟੇ ਪੱਧਰ ਦੇ ਖਿਡਾਰੀਆਂ ਲਈ ਰੱਖ ਰਖਾਅ ਦੀ ਲਾਗਤ ਵਧਾਉਂਦਾ ਹੈ ਜੋ ਆਪਣੇ ਸਟੋਰ ਤਿਆਰ ਕਰਨ ਦੀ ਯੋਗਤਾ ਨਹੀਂ ਰੱਖਦੇ।

ਬ੍ਰਾਂਡ ਵੈਲਯੂ ਤੇ ਪ੍ਰਚੂਨ ਨਾਲ ਜੁੜੀ 'ਫਾਰਮ ਟੂ ਫੋਰਕ' (ਖੇਤ ਤੋਂ ਖਾਣੇ ਦੀ ਮੇਜ਼ ਤੱਕ) ਲੜੀ 'ਚ ਆਖ਼ਰੀ ਮਹੱਤਵਪੂਰਨ ਕੜੀ ਹੈ, ਭੋਜਨ ਪ੍ਰੋਸੈਸਿੰਗ ਦੀ ਕੀਮਤ ਲੜੀ ਵਧਾਉਣ ਵਾਸਤੇ ਕਾਫੀ ਕੁਝ ਕੀਤਾ ਜਾਣਾ ਬਾਕੀ ਹੈ, ਹੁਣ ਸਭ ਕੁਝ ਸਰਕਾਰ 'ਤੇ ਨਿਰਭਰ ਹੈ ਕਿ ਉਹ ਨੀਤੀਗਤ ਔਕੜਾਂ ਦੂਰ ਕਰੇ। ਹਰ ਸਾਲ ਅਨਾਜ਼ ਪਦਾਰਥਾਂ 'ਤੇ ਲਗਭਗ 4,60,000 ਕਰੋੜ ਰੁਪਏ ਖਰਚ ਕਰਨ ਵਾਲੇ ਭਾਰਤੀ ਖਪਤਕਾਰ ਐਸੀ ਸਥਿਤੀ ਵਿਚ ਹੋਰ ਉਡੀਕ ਨਹੀਂ ਕਰ ਸਕਦੇ।

# ਪੱਛਮੀ ਬੰਗਾਲ 'ਚ ਵਿਚਾਰਧਾਰਕ ਧਰੁਵੀਕਰਨ

ਸੋਵੀਅਤ ਸੰਘ 'ਚ ਜੋ ਹੋਇਆ ਤੇ ਪੱਛਮੀ ਬੰਗਾਲ 'ਚ ਅੱਜ ਜੋ ਹੋ ਰਿਹਾ ਹੈ ਉਸ 'ਚ ਜਿਥੇ ਕਈ ਕੁਝ ਮਿਲਦਾ ਜੁਲਦਾ ਹੈ ਉਥੇ ਤਿੱਖੇ ਵਖਰੇਵੇਂ ਵੀ ਹਨ। ਸੋਵੀਅਤ ਸੰਘ ਇਕ ਅਜਿਹਾ ਦੇਸ਼ ਸੀ ਜਿਥੇ ਬਾਲਸ਼ਵਿਕ ਪਾਰਟੀ ਦੀ ਅਗਵਾਈ 'ਚ ਪ੍ਰੋਲੇਤਾਰੀ ਨੇ 1917 ਦੀ ਅਕਤੂਬਰ ਕ੍ਰਾਂਤੀ ਰਾਹੀਂ ਰਾਜਸੀ ਸੱਤਾ 'ਤੇ ਕਬਜਾ ਕੀਤਾ ਸੀ। ਇਸ ਪਿੱਛੋਂ ਮਜ਼ਦੂਰ ਜਮਾਤ ਦੇ ਰਾਜ ਤਹਿਤ ਸੋਵੀਅਤ ਸੰਘ ਸਮਾਜਵਾਦੀ ਰੂਪਾਂਤਰਨ ਦੀ ਦਿਸ਼ਾ 'ਚ ਅੱਗੇ ਵਧਿਆ ਸੀ। ਉਹ ਲੱਗਭਗ ਚਾਲੀ ਸਾਲ ਤੱਕ ਇਸ ਰਾਹ 'ਤੇ ਚਲਿਆ। 1956 ਵਿਚ ਸੋਵੀਅਤ ਸੰਘ ਦੀ ਕਮਿਊਨਿਟ ਪਾਰਟੀ ਦੀ 20ਵੀਂ ਕਾਂਗਰਸ ਹੋਈ ਇਸ ਕਾਂਗਰਸ 'ਚ ਪੂੰਜੀਵਾਦੀ ਰਾਹੀਆਂ ਨੇ ਪਾਰਟੀ ਅਤੇ ਸੱਤਾ 'ਤੇ ਕਬਜ਼ਾ ਕਰ ਲਿਆ ਅਤੇ ਉਹ ਸਮਾਜਵਾਦੀ ਰਾਜ ਨੂੰ ਇਕ ਸਮਾਜਕ ਸਾਮਰਾਜੀ ਰਾਜ ਵੱਲੋਂ ਮੁੜ ਸੁਰਜੀਤ ਕਰਨ ਲੱਗੇ। ਸਿੱਟੇ ਵਜੋਂ ਅੱਗੇ ਚੱਲ ਕੇ ਸੋਵੀਅਤ ਸੰਘ ਬਿਖਰ ਗਿਆ ਅਤੇ ਖੁੱਲ੍ਹੇ ਤੌਰ 'ਤੇ ਪੂੰਜੀਵਾਦੀ ਹਕੂਮਤ ਵਾਲੇ ਕਈ ਛੋਟੇ ਛੋਟੇ ਪੂੰਜੀਵਾਦੀ ਰਾਜ ਹੋਂਦ 'ਚ ਆ ਗਏ। ਭਾਰਤ 'ਚ ਦਲਾਲ ਨੌਕਰਸ਼ਾਹ ਸਰਮਾਏਦਾਰੀ ਤੇ ਜਗੀਰਦਾਰੀ ਦਾ ਰਾਜ ਹੈ ਅਤੇ ਪੱਛਮੀ ਬੰਗਾਲ ਇਸ ਹਕੂਮਤ ਤਹਿਤ ਇਕ ਸੂਬਾ ਹੈ। ਇਥੇ ਮਾਕਪਾ ਜੋ ਸੋਧਵਾਦੀ ਤੇ ਸਮਾਜਕ ਜਨਵਾਦੀ ਹਾਲਤ 'ਚ ਗਰਕ ਚੁੱਕੀ ਹੈ ਅਤੇ ਉਸ ਦੀ ਅਗਵਾਈ ਵਾਲਾ ਖੱਬਾ ਮੋਰਚਾ ਪਿਛਲੇ ਬੱਤੀ ਸਾਲਾਂ ਤੋਂ ਹਕੂਮਤ ਵਿਚ ਹੈ। ਮਾਕਪਾ ਨੇ ਆਪਣੇ ਸਫਰ ਦੀ ਸ਼ੁਰੂਆਤ ਇਹ ਕਹਿੰਦਿਆਂ ਕੀਤੀ ਸੀ ਕਿ ਉਹ ਸੰਸਦੀ ਸੰਘਰਸ਼ਾਂ ਦਾ ਚੁਣੇ ਹੋਏ ਗਠਜੋੜਾਂ 'ਚ ਆਪਣੀ ਮੌਜੂਦਗੀ ਦਾ, ਵੱਖ-ਵੱਖ ਸੰਸਥਾਵਾਂ ਵਿਚ ਹਾਸਲ ਸੱਤਾ ਦਾ ਅਤੇ ਪੱਛਮੀ ਬੰਗਾਲ, ਕੇਰਲਾ ਤੇ ਤ੍ਰਿਪੁਰਾ ਵਰਗੇ ਰਾਜਾਂ ਵਿਚ ਵਿਧਾਨ ਸਭਾਵਾਂ ਦੀ ਵਰਤੋਂ ਹਾਕਮ ਜਮਾਤ ਦੀਆਂ ਨੀਤੀਆਂ ਨੂੰ ਚੁਣੌਤੀ ਦਿੰਦੇ ਹੋਇਆ ਸਾਮਰਾਜ ਵਿਰੋਧੀ ਜਨਤਾ ਦੇ ਜਨਵਾਦੀ ਪ੍ਰੋਗਰਾਮ ਲਾਗੂ ਕਰਨ ਲਈ ਕਰੇਗੀ। ਪਰ ਇਸ ਨਾਲ ਬੇਹੱਦ ਪਤਿਤ ਹੋ ਕੇ ਉਹ ਇਥੇ ਵੀ ਸੱਤਾ ਵਿਚ ਹੈ। ਉਥੇ ਸਾਮਰਾਜੀ ਵਿਸ਼ਵੀਕਰਨ ਸਮੇਤ ਦਲਾਲ ਹਾਕਮ ਜਮਾਤਾਂ ਦੀਆਂ ਨੀਤੀਆਂ 'ਤੇ ਹੀ ਅਮਲ ਕਰ ਰਹੀ ਹੈ। ਭਾਵੇਂ ਹੀ ਉਹ ਹੋਰਨਾਂ ਥਾਵਾਂ 'ਤੇ ਅਗਾਂਹਵਧੂ ਲੱਗਣ ਵਾਲੇ ਨਾਹਰੇ ਕਿਉਂ ਨਾ ਦਿੰਦੀਆਂ ਹੋਣ। ਪੱਛਮੀ ਬੰਗਾਲ ਵਰਗੇ ਰਾਜਾਂ ਵਿਚ ਇਨਕਲਾਬੀ ਖੱਬਿਆਂ ਜਾਂ ਕਮਿਊਨਿਸਟ ਇਨਕਲਾਬੀਆਂ ਜਾਂ ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਦਾ ਭਾ. ਕਾ. ਪਾ. ਤੇ ਉਸ ਦੇ ਖੱਬੇ ਮੋਰਚੇ ਪ੍ਰਤੀ ਰੁਖ ਕੀ ਹੋਣਾ ਚਾਹੀਦਾ ਹੈ ਇਹ ਇਕ ਜ਼ਿੰਦਗੀ ਮੌਤ ਦਾ ਸੁਆਲ ਹੈ। ਇਨਕਲਾਬੀ ਤਾਕਤ ਵਿਚਕਾਰ ਇਹ ਸੁਆਲ ਅਕਸਰ ਹੀ ਬਹਿਸ ਦਾ ਮੁੱਦਾ ਬਣਦਾ ਰਿਹਾ ਹੈ।

ਕਾਮਰੇਡ ਸਟਾਲਿਨ ਦੀ ਅਗਵਾਈ ਵਿਚ ਸੋਵੀਅਤ ਸੰਘ ਸਮਾਜਵਾਦੀ ਉਸਾਰੀ ਦੀ ਦਿਸ਼ਾ ਵਿਚ ਬਹੁਤ ਦੂਰ ਤੱਕ ਅੱਗੇ ਵਧਿਆ ਸੀ। ਉਸ ਨੇ ਦੂਜੀ ਸੰਸਾਰ ਜੰਗ ਵਿਚ ਫਾਸ਼ੀਵਾਦੀ ਤਾਕਤਾਂ ਨੂੰ ਕਰਾਰੀ ਹਾਰ ਦਿੱਤੀ ਸੀ ਅਤੇ ਦੁਨੀਆਂ ਭਰ 'ਚ ਚਲ ਰਹੇ ਕੌਮੀ ਮੁਕਤੀ ਘੋਲਾਂ ਦੀ ਹਮਾਇਤ ਕੀਤੀ ਸੀ। ਭਾਵੇਂ ਕਿ ਜਿਵੇਂ ਮਾਓ ਨੇ ਬਾਅਦ 'ਚ ਨਿਸ਼ਾਨ ਦੇਹੀ ਕੀਤੀ ਸੀ ਕਿ ਉਪਰੀ ਢਾਂਚੇ ਵਿਚ ਪਾਕ-ਪੂੰਜੀਵਾਦੀ,

ਪੂੰਜੀਵਾਦੀ ਤੇ ਪਿਛਾਕੜੀ ਵਿਚਾਰਾਂ ਦੇ ਦਾਬੇ ਖਿਲਾਫ ਪ੍ਰੋਲੇਤਾਰੀ ਰਾਜੇ ਮਸ਼ੀਨਰੀ ਤਹਿਤ ਜਮਾਤੀ ਘੋਲ ਨੂੰ ਜਾਰੀ ਰੱਖਣ ਅਤੇ ਪ੍ਰੋਲੇਤਾਰੀ ਤੇ ਹੋਰ ਇਲਕਲਾਬੀ ਜਮਾਤਾਂ ਤੇ ਤਬਕਿਆਂ ਨੂੰ ਸਿਆਸਤ ਨਾਲ ਲੈਸ ਕਰਨ ਦੇ ਮਹੱਤਵ ’ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਆਰਥਕ ਅਧਾਰ ’ਚ ਹੋ ਰਹੀ ਸਮਾਜਵਾਦੀ ਤਬਦੀਲੀ ਦੇ ਨਾਲ ਨਾਲ ਉੱਪਰੀ ਢਾਂਚੇ ਨੂੰ ਯਾਨੀ ਫਿਲਾਸਫੀ ਮੁੱਲ ਬੋਧ ਕਲਾ, ਸਾਹਿਤ ਆਦਿ ਜਿਸ ਨੂੰ ਸਭਿਆਚਾਰ ਕਿਹਾ ਜਾਂਦਾ ਹੈ, ਉਸ ਨੂੰ ਬਦਲਣ ਲਈ ਘੋਲ ਗੰਭੀਰਤਾ ਨਾਲ ਨਹੀਂ ਚਲਾਇਆ ਜਾ ਸਕਿਆ। ਇਸ ਲਈ ਜਦ ਸੋਧਵਾਦੀਆਂ ਨੇ ਪਾਰਟੀ ਤੇ ਸੱਤਾ ਉੱਪਰ ਕਬਜ਼ਾ ਕਰ ਲਿਆ ਅਤੇ ਸੋਵੀਅਤ ਸੰਘ ਨੂੰ ਪੂੰਜੀਵਾਦੀ ਰਾਜ ’ਤੇ ਲਿਜਾਣ ਲੱਗੇ ਤਾਂ ਪਾਰਟੀ ਵਰਕਰ ਤੇ ਇਨਕਲਾਬੀ ਜਮਾਤ ਇਸ ਦੀ ਪਹਿਚਾਣ ਨਹੀਂ ਕਰ ਸਕੇ ਅਤੇ ਇਸ ਖਿਲਾਫ਼ ਗੰਭੀਰ ਸੰਘਰਸ਼ ਨਹੀਂ ਛੇੜ ਸਕੇ। ਇਹ ਸਹੀ ਹੈ ਕਿ ਪ੍ਰਤੀਰੋਧ ਨਾ ਹੋਣ ਪਿੱਛੇ ਮੁੱਖ ਕਾਰਨ ਇਹ ਸੀ ਕਿ ਪੂੰਜੀਵਾਦੀ ਰਾਹੀਆਂ ਵੱਲੋਂ ਸਭ ਵਿਰੋਧੀ ਵਿਚਾਰਾਂ ਦਾ ਦਮਨ ਕੀਤਾ ਗਿਆ ਅਤੇ ਤਾਕਤ ਦੀ ਵਰਤੋਂ ਕਰਕੇ ਸੋਵੀਅਤ ਰਾਜ ਨੂੰ ਇਕ ਨੌਕਰਸ਼ਾਹੀ ਰਾਜ ’ਚ ਤਬਦੀਲ ਕਰ ਦਿੱਤਾ ਗਿਆ ਪਰ ਸਮਾਜਵਾਦੀ ਉਸਾਰੀ ਦੇ ਦੌਰ ਵਿੱਚ ਗੈਰ ਪ੍ਰੋਲੇਤਾਰੀ ਵਿਚਾਰਾਂ ਤੇ ਤਾਕਤਾਂ ਖਿਲਾਫ਼ ਜਮਾਤੀ ਸੰਘਰਸ਼ ਵਿਕਸਤ ਕਰਨ ਵਿਚ ਜੋ ਕਮਜ਼ੋਰੀ ਰਹੀ ਸੀ ਉਸ ਨੂੰ ਵੀ ਲੋੜੀਂਦਾ ਮਹੱਤਵ ਦਿੱਤਾ ਜਾਣਾ ਚਾਹੀਦਾ ਸੀ। ਇਸ ਕਮਜ਼ੋਰੀ ਦੀ ਵਜਾਹ ਨਾਲ ਸੋਵੀਅਤ ਸੰਘ ’ਚ ਪੂੰਜੀਵਾਦੀ ਪਤਨ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕੀ ਅਤੇ ਇਹ ਅੱਗੇ ਚੱਲ ਕੇ ਕਈ ਸਾਰੇ ਖੁੱਲੇ ਪੂੰਜੀਵਾਦੀ ਰਾਜਾਂ ’ਚ ਬਿੱਖਰ ਗਿਆ। ਇਸ ਕਮਜ਼ੋਰੀ ਦੀ ਵਜਾਹ ਕਾਰਨ ਅੱਜ ਵੀ ਇੱਥੇ ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਦੇ ਧਰੁਵੀਕਰਨ ’ਚ ਖਾਸ ਪ੍ਰਾਪਤੀ ਹਾਸਲ ਨਹੀਂ ਹੋ ਸਕੀ ਹੈ ਜਦ ਕਿ ਇਸ ਦੀਆਂ ਅੱਛੀਆਂ ਸੰਭਾਵਨਾਵਾਂ ਮੌਜੂਦ ਹਨ।

ਪੱਛਮੀ ਬੰਗਾਲ ਦਾ ਅਨੁਭਵ : ਪੱਛਮੀ ਬੰਗਾਲ ਅੰਦਰ ਮਾਕਪਾ ਦੀ ਅਗਵਾਈ ਵਾਲਾ ਖੱਬਾ ਮੋਰਚਾ 1977 ’ਚ ਬਹੁਤ ਅੱਛੇ ਬਹੁਮਤ ਨਾਲ ਸੱਤਾ ਵਿਚ ਆਇਆ ਸੀ। ਹਾਲਾਂਕਿ ਉਦੋਂ ਤੱਕ ਇਹ ਸੋਧਵਾਦੀ ਰਾਹ ’ਤੇ ਪੂਰੀ ਤਰ੍ਹਾਂ ਗਰਕ ਚੁੱਕਿਆ ਸੀ। ਪਰ ਉਸ ਸਮੇਂ ਸੂਬੇ ਦੇ ਲੋਕਾਂ ਮੂਹਰੇ ਉਹ ਇਕ ਸਮਰਥ ਬਦਲ ਵਜੋਂ ਮੌਜੂਦ ਸੀ। ਉਸ ਸਮੇਂ ਕਾਂਗਰਸ ਸਰਕਾਰ ਭਾਕਪਾ (ਮੁਲ) ਦੇ ਵਰਕਰਾਂ ਦੇ ਬਰਹਿਮ ਕਤਲ ਕਰ ਰਹੀ ਸੀ। ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਕਈ ਟੁਕੜਿਆਂ ’ਚ ਵੰਡੀਆਂ ਹੋਈਆਂ ਸਨ ਅਤੇ ਇਕ ਬਦਲ ਵਜੋਂ ਲੋਕਾਂ ਦੇ ਧਿਆਨ ਤੋਂ ਲਾਂਭੇ ਹੋ ਚੁੱਕੀਆਂ ਸਨ। ਪਿਛਲੇ 30 ਸਾਲਾਂ ਦੌਰਾਨ ਮਾਰਕਸਵਾਦੀ ਲੈਨਿਨਵਾਦੀ ਤਾਕਤਾਂ ਨੂੰ ਅਜਿਹੇ ਕਈ ਮੌਕੇ ਮਿਲੇ ਸਨ ਜਦ ਉਹ ਮਾਕਪਾ ਤੇ ਖੱਬੇ ਮੋਰਚੇ ਖਿਲਾਫ ਵਿਚਾਰਕ ਸੰਘਰਸ਼ ਚਲਾ ਕੇ ਉਸ ਦਾ ਪਰਦਾਫਾਸ਼ ਕਰ ਸਕਦੇ ਸਨ। ਖੱਬੇ ਮੋਰਚੇ ਵੱਲੋਂ ਅਮਲ ’ਚ ਲਿਆਂਦੀਆਂ ਜਾ ਰਹੀਆਂ ਹਾਕਮ ਜਮਾਤ ਦੀਆਂ ਨੀਤੀਆਂ ਖਿਲਾਫ ਰਾਜਸੀ ਤੌਰ ’ਤੇ ਲੜ ਸਕਦੇ ਸਨ ਅਤੇ ਇਹਨਾਂ ਪਰਦਾਫਾਸ਼ ਮੁਹਿੰਮਾਂ ਅਤੇ ਸੰਘਰਸ਼ ਰਾਹੀਂ ਪਾਰਟੀ ਅਤੇ ਜਮਾਤੀ ਜਨਤਕ ਜਥੇਬੰਦੀਆਂ ਦੀ ਉਸਾਰੀ ਕਰ ਸਕਦੇ ਸਨ। ਪਰ ਹੋਰ ਰਾਜਾਂ ਦੇ ਮੁਕਾਬਲੇ ਪੱਛਮੀ ਬੰਗਾਲ ’ਚ ਅਜੇ ਵੀ ਵੱਡੀ ਗਿਣਤੀ ’ਚ ਇਨਕਲਾਬੀ ਖੱਬੀਆਂ ਤਾਕਤਾਂ ਦੀ ਮੌਜੂਦਗੀ ਦੇ ਬਾਵਜੂਦ ਉਹ ਅਜਿਹਾ ਨਹੀਂ ਕਰ ਸਕੇ ਅਤੇ ਹੁਣ ਤੱਕ

ਵੱਡੀ ਛਾਲ ਨਹੀਂ ਲਾ ਸਕੇ ਹਨ। ਅਜਿਹਾ ਕਿਉਂ ਹੈ? ਕੇਰਲਾ 'ਚ ਵੀ ਕਰੀਬ ਕਰੀਬ ਅਜਿਹੀ ਹਾਲਤ ਸੀ ਉਥੇ ਵੀ ਦਸ ਸਾਲਾਂ ਤੋਂ ਖੱਬੀਆਂ ਕਮਿਊਨਿਸਟ ਤਾਕਤਾਂ ਖਿੰਡੀਆਂ ਰਹੀਆਂ ਪਰ ਫਿਰ ਵੀ ਸਮਝੌਤਾ ਹੀਣ ਸੰਘਰਸ਼ ਕਰਦੀਆਂ ਰਹੀਆਂ ਕੇਰਲਾ 'ਚ ਇਕ ਵਾਰੀ ਮਾਕਪਾ ਦੀ ਅਗਵਾਈ ਵਾਲੇ ਖੱਬੇ ਲੋਕਰਾਜੀ ਮੋਰਚੇ ਦੀ ਸਰਕਾਰ ਸੱਤਾ 'ਚ ਰਹਿੰਦੀ ਹੈ ਅਤੇ ਅਗਲੀਆਂ ਚੋਣਾਂ 'ਚ ਕਾਂਗਰਸ ਦੀ ਅਗਵਾਈ ਵਾਲਾ ਯੂ. ਡੀ. ਐਚ. ਹਕੂਮਤ ਸੰਭਾਲਦਾ ਹੈ। ਇਹ ਸਿਲਸਿਲਾ ਲੰਮੇ ਸਮੇਂ ਤੋਂ ਚਲ ਰਿਹਾ ਹੈ। LDF ਜਦੋਂ ਵੀ ਆਉਂਦਾ ਹੈ UDF ਵਾਲੀਆਂ ਨੀਤੀਆਂ ਲਾਗੂ ਕਰਦਾ ਹੈ LDF ਤੇ UDF ਦੀਆਂ ਨੀਤੀਆਂ ਦਾ ਲਗਾਤਾਰ ਵਿਰੋਧ ਹੁੰਦਾ ਰਿਹਾ ਹੈ।

1972 ਦੀਆਂ ਚੋਣਾਂ 'ਚ ਭਾਰੀ ਧਾਂਦਲੀ ਕਰਕੇ ਮਾਕਾਪਾ ਦੀ ਅਗਵਾਈ ਵਾਲੇ ਸਾਂਝੇ ਮੋਰਚੇ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ ਤੇ ਕਾਂਗਰਸ ਨੇ ਸਰਕਾਰ ਬਣਾਈ। ਕਾਂਗਰਸ ਦੀ ਤਾਨਾਸ਼ਾਹੀ ਹਕੂਮਤ ਖਿਲਾਫ ਲੋਕਾਂ ਦੇ ਰੋਹ 'ਤੇ ਕਾਠੀ ਪਾ ਕੇ 1977 'ਚ ਮਾਕਾਪਾ ਦੀ ਅਗਵਾਈ ਵਾਲਾ ਮੋਰਚਾ ਹਕੂਮਤ ਵਿਚ ਆਇਆ। ਪਰ ਸੱਤਾ 'ਚ ਆਉਣ ਤੋਂ ਤੁਰੰਤ ਪਿੱਛੋਂ ਮਾਕਪਾ ਨੇ ਉਹਨਾਂ ਪੁਲਸ ਅਫਸਰਾਂ ਤੇ ਨੌਕਰਸ਼ਾਹੀ ਖਿਲਾਫ ਕੋਈ ਕਦਮ ਚੁਕਣ ਤੋਂ ਸਾਫ਼ ਇਨਕਾਰ ਕਰ ਦਿੱਤਾ ਜਿਹਨਾਂ ਨੇ ਤਾਨਾਸ਼ਾਹੀ ਹਕੂਮਤ ਚਲਾਈ ਸੀ ਅਤੇ ਕਮਿਊਨਿਸਟ ਇਨਕਲਾਬੀਆਂ ਤੇ ਆਮ ਜਨਤਾ ਨੂੰ ਗੈਰ ਮਨੁੱਖੀ ਤਸੀਹੇ ਦਿੱਤੇ ਸਨ, ਜੇਲ੍ਹਾਂ 'ਚ ਬੰਦ ਕੀਤਾ ਸੀ ਅਤੇ ਕਤਲ ਕੀਤੇ ਸਨ। ਕਮਿਊਨਿਸਟ ਇਨਕਲਾਬੀ ਤਾਕਤਾਂ ਵੀ ਸ਼ਕਤੀਸ਼ਾਲੀ ਅੰਦੋਲਨ ਵਿਕਸਤ ਨਾ ਕਰ ਸਕੀਆਂ। ਜਿਸ ਨਾਲ ਮਾਕਪਾ ਦੀ ਅਗਵਾਈ ਵਾਲੀ ਸਰਕਾਰ ਨੂੰ ਇਹਨਾਂ ਅਪਰਾਧੀਆਂ ਖਿਲਾਫ ਕਾਰਵਾਈ ਕਰਨ ਤੇ ਬੇਹਤਰ ਜਨਵਾਦੀ ਅਧਿਕਾਰ ਯਕੀਨੀ ਬਣਾਉਣ ਲਈ ਮਜ਼ਬੂਰ ਕੀਤਾ ਜਾ ਸਕੇ। ਇਸ ਤਰ੍ਹਾਂ ਜਦ ਖੱਬੇ ਮੋਰਚੇ ਨੇ ਜ਼ਮੀਨ ਹਲ ਵਾਹਕ ਦਾ ਨਾਹਰਾ ਤਿਆਗ ਦਿੱਤਾ ਅਤੇ 'ਅਪ੍ਰੇਸ਼ਨ ਬਰਗਾਦਾਰ' ਦੇ ਨਾਂ ਤੇ ਉਪਰੋਂ ਭੂਮੀ ਸੁਧਾਰ ਦਾ ਰਾਹ ਅਪਣਾਇਆ ਤਦ ਵੀ ਇਨਕਲਾਬੀ ਤਾਕਤਾਂ ਭੂਮੀ ਸੁਧਾਰਾਂ ਲਈ ਗਰੀਬ-ਬੇਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਇਕਜੁਟ ਕਰਕੇ ਸੰਘਰਸ਼ ਨਹੀਂ ਛੇੜ ਸਕੀਆਂ।

1991 'ਚ ਕੇਂਦਰ ਦੀ ਕਾਂਗਰਸ ਸਰਕਾਰ ਵੱਲੋਂ ਸਾਮਰਾਜੀ ਵਿਸ਼ਵੀਕਰਨ ਦੀਆਂ ਨੀਤੀਆ ਲਾਗੂ ਕੀਤੀਆਂ ਗਈਆਂ। ਪੱਛਮੀ ਬੰਗਾਲ ਦੀ ਖੱਬੇ ਮੋਰਚੇ ਦੀ ਸਰਕਾਰ ਨੇ ਸ਼ੁਰੂ ਸ਼ੁਰੂ 'ਚ ਤਾਂ ਉਦਾਰੀਕਰਨ ਤੇ ਨਿੱਜੀਕਰਨ ਦਾ ਵਿਰੋਧ ਕਰਨ ਅਤੇ ਇਕ ਵਿਕਲਪਿਕ ਵਿਕਾਸ ਦੀ ਗੱਲ ਕੀਤੀ। ਪਰ ਜਲਦੀ ਹੀ ਇਹਨਾਂ ਸਾਰੇ ਵਿਖਾਵਿਆਂ ਨੂੰ ਛੱਡ ਦਿੱਤਾ ਗਿਆ। ਉਹ ਵੀ ਹਾਕਮ ਜਮਾਤ ਦੀਆਂ ਨਵ ਉਦਾਰ ਨੀਤੀਆਂ ਨੂੰ ਲਾਗੂ ਕਰਨ ਲੱਗੇ। ਮਾਕਪਾ ਦਲਾਲ ਹਾਕਮ ਜਮਾਤ ਦੀਆਂ ਨੀਤੀਆਂ ਲਾਗੂ ਕਰਦੀ ਰਹੀ ਪਰ ਇਥੇ ਵੀ ਇਕ ਵਾਰ ਫਿਰ ਕਮਿਊਨਿਸਟ ਇਨਕਲਾਬੀ ਤਾਕਤਾਂ ਮਾਕਪਾ ਦੇ ਇਸ ਸਮਾਜਕ ਜਨਵਾਦੀ ਪਤਨ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕਰਨ 'ਚ ਕਮਾਯਾਬ ਨਹੀਂ ਹੋ ਸਕੀਆਂ। ਇਸ ਨਾਲ ਮਾਕਪਾ ਤੇ ਖੱਬੇ ਮੋਰਚੇ ਨੂੰ ਲੰਮੇ ਸਮੇਂ ਤੱਕ ਟਿਕੇ ਰਹਿਣ 'ਚ ਮਦਦ ਮਿਲੀ ਕਿਉਂਕਿ ਉਹਨਾਂ ਸਾਹਮਣੇ ਕੋਈ ਕਾਰਗਰ ਚੁਣੌਤੀ ਨਹੀਂ ਰਹੀ। ਜਦ ਬੁੱਧਾਦੇਵ ਭੱਟਾਚਾਰੀਆ ਦੀ ਸਰਕਾਰ ਨੇ ਵਿਸ਼ੇਸ਼ ਆਰਥਕ ਖੇਤਰ (ਸੇਜ) ਬਣਾਉਣ ਤੇ ਉਦਯੋਗੀਕਰਨ ਦਾ ਫੈਸਲਾ ਲਿਆ ਅਤੇ ਇਸ ਲਈ ਹਜ਼ਾਰਾਂ ਕਿਸਾਨਾਂ ਤੇ ਖੇਤ ਮਜ਼ਦੂਰ ਪ੍ਰੀਵਾਰਾਂ ਨੂੰ ਉਜਾੜਨ ਦੀ ਮੁੰਹਿਮ ਸ਼ੁਰੂ ਕੀਤੀ ਤਾਂ ਸਿੰਗੂਰ

ਤੇ ਨੰਦੀਗ੍ਰਾਮ 'ਚ ਲੋਕ ਸੰਘਰਸ਼ ਭਖ ਗਿਆ। ਕਮਿਊਨਿਸਟ ਇਨਕਲਾਬੀਆਂ ਨੂੰ ਇਕ ਵਾਰੀ ਫਿਰ ਮੌਕਾ ਮਿਲਿਆ ਕਿ ਲੋਕਾਂ ਨੂੰ ਲਾਮਬੰਦ ਕਰਨ ਤੇ ਇਹਨਾਂ ਸੰਘਰਸ਼ਾਂ ਦੀ ਅਗਵਾਈ ਕਰਕੇ ਇਨਕਲਾਬੀ ਜਨ ਦਿਸ਼ਾ ਸਥਾਪਤ ਕਰਨ। ਤ੍ਰਿਣਮੂਲ ਕਾਂਗਰਸ ਨੇ ਅੰਦੋਲਨ ਦੀ ਅਗਵਾਈ ਕਰਕੇ ਆਪਣਾ ਮਜ਼ਬੂਤ ਅਧਾਰ ਬਣਾ ਲਿਆ ਤੇ ਹੁਣ ਕਾਂਗਰਸ ਨਾਲ ਗਠਜੋੜ ਕਰਕੇ ਸਰਕਾਰ 'ਚ ਸ਼ਾਮਲ ਹੋ ਗਈ ਹੈ। ਪਰ ਕਮਿਊਨਿਸਟ ਇਨਕਲਾਬੀ ਤਾਕਤਾਂ ਅਜੇ ਵੀ ਕਈ ਭੜਕਾਵਾਂ ਦਾ ਸ਼ਿਕਾਰ ਹਨ। ਵੱਖ ਵੱਖ ਪਾਰਟੀਆਂ ਦਾ ਜਮਾਤੀ ਵਿਸਲੇਸ਼ਣ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਤੇ ਭਾਜਪਾ ਦਲਾਲ ਹਾਕਮ ਜਮਾਤ ਦੀਆਂ ਮੁਖ ਰਾਜਸੀ ਪਾਰਟੀਆਂ ਹਨ। ਇਹਨਾਂ ਦਾ ਜੋ ਵੀ ਗਠਜੋੜ ਸੱਤਾ 'ਚ ਆਵੇ ਤਾਂ ਉਹ ਮੌਜੂਦਾ ਲੋਕ ਵਿਰੋਧੀ, ਕੌਮ ਵਿਰੋਧੀ, ਦੇਸ਼ ਧਰੋਹੀ ਨੀਤੀਆਂ ਲਾਗੂ ਕਰੇਗਾ। 'ਖੱਬਾ ਮੋਰਚਾ' ਜਾਂ 'ਤੀਜਾ ਮੋਰਚਾ' 'ਚ ਸ਼ਾਮਲ ਪਾਰਟੀਆਂ ਵੀ ਸਾਮਰਾਜੀ ਵਿਸ਼ਵੀਕਰਨ ਦੀਆਂ ਵਿਰੋਧੀ ਨਹੀਂ ਹਨ। ਇਸ ਲਈ ਹਾਕਮਾ ਜਮਾਤ ਦੇ ਵਿਰੋਧ ਦੇ ਨਾਲ ਨਾਲ ਹਰ ਤਰ੍ਹਾਂ ਦੇ ਮੌਕਾਪ੍ਰਸਤਾਂ ਦਾ ਪਰਦਾਫਾਸ਼ ਕੀਤਾ ਜਾਣਾ ਚਾਹੀਦਾ ਹੈ।

# ਲੋਕ ਸਭਾ ਮੈਂਬਰਾਂ 'ਚ ਅਮੀਰਾਂ ਤੇ ਅਪਰਾਧੀਆਂ ਦੀ ਗਿਣਤੀ ਵਧੀ

ਨਵੀਂ ਲੋਕ ਸਭਾ 'ਚ ਕਰੋੜਪਤੀ ਸਾਂਸਦਾਂ ਦੀ ਗਿਣਤੀ ਹੁਣ ਤੱਕ ਦੀ ਸਭ ਤੋਂ ਅਮੀਰ ਲੋਕ ਸਭਾ ਹੈ, ਹਰ ਚੋਣ ਵਿਚ ਪੈਸੇ ਤੇ ਤਾਕਤ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਰਹੀ ਹੈ ਪਰ ਇਸ ਵਾਰੀ ਸਦਨ 'ਚ ਭਾਰੀ ਜੇਬ ਵਾਲੇ ਨੇਤਾਵਾਂ ਦੀ ਗਿਣਤੀ ਵੱਧ ਹੋਵੇਗੀ ਕਿਉਂਕਿ ਇਕ ਕਰੋੜ ਰੁਪਏ ਤੋਂ ਵੱਧ ਦੀ ਸੰਪਤੀ ਵਾਲੇ 300 ਸਾਂਸਦਾਂ ਨੂੰ ਵੋਟਰਾਂ ਨੇ ਚੁਣ ਕੇ ਭੇਜਿਆ ਹੈ, ਕਿਹਾ ਜਾ ਸਕਦਾ ਹੈ ਕਿ ਇਹ ਉਸ ਦੇਸ਼ ਦੀ ਨੁਮਾਇੰਦਗੀ ਨਹੀਂ ਕਰਦਾ ਜਿਥੋਂ ਕਰੋੜਾਂ ਲੋਕ ਗਰੀਬੀ 'ਚ ਜਿਉਂਦੇ ਹਨ ਪਰ ਇਹ ਇਸ ਗੱਲ ਦਾ ਸੰਕੇਤ ਜ਼ਰੂਰ ਹੋ ਸਕਦਾ ਹੈ ਕਿ ਜਾਤਾਂ ਲੰਮੇ ਸਮੇਂ ਤੱਕ ਸਾਂਸਦ ਰਹਿਣ ਵਾਲੇ ਨੇਤਾ ਬੜੀ ਤੇਜ਼ੀ ਨਾਲ ਅਮੀਰ ਹੋ ਰਹੇ ਹਨ ਜਾਂ ਫਿਰ ਰਾਜਨੀਤੀ ਨੇ ਅਮੀਰ ਜਮਾਤ ਦੇ ਲੋਕਾਂ ਨੂੰ ਆਪਣੇ ਵੱਲ ਖਿਚਣਾ ਸ਼ੁਰੂ ਕਰ ਦਿੱਤਾ ਹੈ ਜ਼ਿਆਦਾਤਰ ਪਾਰਟੀਆਂ ਦੇ ਲੋਕ ਸਭਾ ਮੈਂਬਰਾਂ ਦੀ ਜਾਇਦਾਦ 'ਚ ਵਾਧਾ ਹੋਇਆ ਹੈ, ਏਨਾ ਕਿ ਉਹ ਸ਼ੇਅਰ ਬਾਜ਼ਾਰ ਦੇ ਵੱਡੇ ਖਿਡਾਰੀਆਂ ਨਾਲ ਵੀ ਟੱਕਰ ਲੈ ਸਕਦੇ ਹਨ, 2004 'ਚ ਕਾਂਗਰਸ ਦੇ ਇਕ ਔਸਤ ਲੋਕ ਸਭਾ ਮੈਂਬਰ ਦੀ ਔਸਤ ਜਾਇਦਾਦ 3.4 ਕਰੋੜ ਰੁਪਏ ਸੀ ਜੋ ਹੁਣ ਵਧ ਕੇ 6.86 ਕਰੋੜ ਰੁਪਏ ਹੋ ਗਈ ਹੈ। ਭਾਜਪਾ ਦੇ ਮਾਮਲੇ 'ਚ ਇਹ 1.2 ਕਰੋੜ ਰੁਪਏ ਤੋਂ ਵਧ ਕੇ 3.06 ਕਰੋੜ ਰੁਪਏ ਹੋ ਗਈ ਹੈ। ਕਾਂਗਰਸ 'ਚ ਕਰੋੜਪਤੀਆਂ ਦੀ ਗਿਣਤੀ ਸਭ ਤੋਂ ਵੱਧ 137 ਹੈ, ਇਸ ਪਿੱਛੋਂ ਭਾਜਪਾ (58) ਸਪਾ (14) ਅਤੇ ਬਸਪਾ (13) ਦਾ ਨੰਬਰ ਆਉਂਦਾ ਹੈ। ਸਭ ਤੋਂ ਵੱਧ ਪੈਸੇ ਵਾਲੇ ਲੋਕ ਸਭਾ ਮੈਂਬਰ ਆਂਧਰਾ ਪ੍ਰਦੇਸ਼ ਦੇ ਨੰਮਾ ਨਾਗੇਸ਼ਵਰ ਰਾਓ ਹੈ ਜੋ ਤੇਲਗੂ ਦੇਸ਼ਮ ਪਾਰਟੀ ਦੇ ਮੈਂਬਰ ਹਨ, ਉਹਨਾਂ ਦੀ ਐਲਾਨੀਆ ਜਾਇਦਾਦ 173 ਕਰੋੜ ਰੁਪਏ ਦੀ ਹੈ, ਵੋਟਰਾਂ ਦੀ ਗਰੀਬੀ ਹਮੇਸ਼ਾ ਉਹਨਾਂ ਦੀ ਪਸੰਦ 'ਚ ਉਜਗਰ ਨਹੀਂ ਹੁੰਦੀ, ਉੱਤਰ ਪ੍ਰਦੇਸ਼ ਨੇ ਜਿੱਥੇ ਸਭ ਤੋਂ ਵੱਧ ਲੋਕ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੇ ਹਨ। ਸਭ ਤੋਂ ਵੱਧ 52 ਕਰੋੜਪਤੀਆਂ ਨੂੰ ਚੁਣ ਕੇ ਲੋਕ ਸਭਾ 'ਚ ਭੇਜਿਆ ਹੈ। ਇਸ ਪਿੱਛੋਂ ਮਹਾਂਰਾਸ਼ਟਰ (37) ਆਂਧਰਾ ਪ੍ਰਦੇਸ਼ (31) ਤੇ ਕਰਨਾਟਕਾ (25) ਹੈ ਪਰ ਪੈਸਾ ਹੀ ਲੋਕ ਸਭਾ ਤਕ ਪਹੁੰਚਣ ਦੀ ਗਰੰਟੀ ਨਹੀਂ ਹੈ। ਲੋਕ ਸਭਾ ਚੋਣਾਂ ਵਿਚ ਸਭ ਤੋਂ ਵਧ ਅਮੀਰ ਉਮੀਦਵਾਰ ਵੀ ਐਮ. ਸਿੰਘ ਜੋ ਪੀਲੀਭੀਤ ਤੋਂ ਕਾਂਗਰਸ ਦੇ ਉਮੀਦਵਾਰ ਸਨ ਤੇ ਉਹਨਾਂ ਦੀ ਐਲਾਨੀਆ ਜਾਇਦਾਦ 632.15 ਕਰੋੜ ਰੁਪਏ ਦੀ ਸੀ, ਲੋਕ ਸਭਾ 'ਚ ਪਹੁੰਚਣ ਵਿਚ ਅਸਫਲ ਰਹੇ, ਇਹ ਰੁਝਾਨ ਨਿਸ਼ਚਤ ਤੌਰ 'ਤੇ ਭੁਲੇਖਾ ਹੋਵੇਗਾ। ਕਿਉਂਕਿ ਅਮੀਰ ਸਾਂਸਦਾਂ ਦੀ ਗਿਣਤੀ ਵਧਣ ਨਾਲ ਸਰਕਾਰ 'ਚ ਭਰਿਸ਼ਟਾਚਾਰ ਦੀ ਸੰਭਾਵਨਾ ਘੱਟ ਨਹੀਂ ਜਾਵੇਗੀ। ਕੋਈ ਵੀ ਪਾਰਟੀ ਅਪਰਾਧ ਮੁਕਤ ਹੋਣ ਦਾ ਦਾਅਵਾ ਨਹੀਂ ਕਰ ਸਕਦੀ। ਸਭ ਪਾਰਟੀਆਂ 'ਚ ਅਪਰਾਧਿਕ ਪਿਛੋਕੜ ਵਾਲੇ ਸਾਂਸਦਾਂ ਦੀ ਗਿਣਤੀ ਵੀ ਵਧੀ ਹੈ। ਇਸ ਵਾਰੀ ਚੋਣ ਨਤੀਜਿਆਂ ਨਾਕਾਰਤਮ ਪਹਿਲੂਆਂ ਵਿਚ ਇਕ ਹੈ ਅਪਰਾਧਿਕ ਪਿਛੋਕੜ ਵਾਲੇ ਲੋਕ ਮੈਂਬਰਾਂ ਦੀ ਗਿਣਤੀ 'ਚ ਵਾਧਾ ਸਦਨ

’ਚ ਇਕ ਚੌਥਾਈ ਤੋਂ ਵੱਧ ਲੋਕ ਸਭਾ ਮੈਂਬਰ ਅਜਿਹੇ ਹਨ ਜਿਹਨਾਂ ਦੇ ਨਾਂ ਦੇਸ਼ ਭਰ ਦੇ ਪੁਲਸ ਥਾਣਿਆਂ ’ਚ ਮਾਮਲੇ ਦਰਜ ਹਨ। ਅਪਰਾਧਿਕ ਦੋਸ਼ਾਂ ਵਾਲੇ ਅਜਿਹੇ ਲੋਕ ਸਭਾ ਮੈਂਬਰਾਂ ਦੀ ਗਿਣਤੀ ਚਿੰਤਾਜਨਕ ਤੌਰ ’ਤੇ 153 ਹੈ, ਹਕੂਮਤੀ ਕਾਂਗਰਸ ਕੋਲ ਅਜਿਹੇ 41 ਸਾਂਸਦ ਹਨ ਜਿਨ੍ਹਾਂ ਦੇ ਖਿਲਾਫ਼ ਅਪਰਾਧਿਕ ਮਾਮਲੇ ਦਰਜ ਹਨ, ਖੁਦ ਨੂੰ ਦੂਜਿਆਂ ਤੋਂ ਅੱਗੇ ਦੱਸਣ ਵਾਲੀ ਪਾਰਟੀ ਭਾਜਪਾ ਇਸ ਸੂਚੀ ’ਚ ਸਭ ਤੋਂ ਉਪਰ ਹੈ। ਜਿਸ ’ਚ ਅਪਰਾਧਿਕ ਪਿਛੋਕੜ ਵਾਲੇ ਸਾਂਸਦਾਂ ਦੀ ਗਿਣਤੀ 43 ਹੈ ਪਰ ਇਹਨਾਂ ਸਾਰਿਆਂ ਦੀ ਜਿੱਤ ਲਈ ਵੋਟਰਾਂ ਨੂੰ ਨਾ ਕੋਸੋ। 2004 ਦੀ ਲੋਕ ਸਭਾ ’ਚ ਸਭ ਤੋਂ ਗੰਭੀਰ ਅਪਰਾਧਿਕ ਮਾਮਲਿਆਂ ਵਾਲੇ ਪੰਜ ਲੋਕ ਸਭਾ ਮੈਂਬਰ-ਮ੍ਰਿਤਸੈਨ, ਅਤੀਕ ਅਹਿਮਦ, ਸੂਰਜ ਸਿੰਘ ਮੁਹੰਮਦ ਸਾਹਬੁਕੀਨ ਤੇ ਪ੍ਰਭੂਨਾਥ ਸਿੰਘ ਨੂੰ ਜਾਂ ਤਾਂ ਵੋਟਰਾਂ ਨੇ ਨਾਕਾਰ ਦਿੱਤਾ ਜਾਂ ਉਹ ਚੋਣਾਂ ਲੜ ਨਹੀਂ ਸਕੇ। ਪੱਪੂ ਯਾਦਵ ਉਹਨਾਂ ਦੀ ਪਤਨੀ ਤੇ ਮਾਂ ਵੀ ਚੋਣ ਹਾਰ ਗਏ ਇਸ ਤਰ੍ਹਾਂ ਸਾਹਬੁਦੀਨ ਦੀ ਪਤਨੀ ਵੀ ਚੋਣ ਹਾਰ ਗਈ। ਵੋਟਰਾਂ ਨੇ ਉਹਨਾਂ ਸੀਟਾਂ ’ਤੇ ਅਪਰਾਧੀਆਂ ਨੂੰ ਖਾਰਜ ਕਰ ਦਿੱਤਾ ਜਿਥੇ ਅਪਰਾਧਿਕ ਪਿਛੋਕੜ ਵਾਲੇ 85% ਉਮੀਦਵਾਰਾਂ ਨੂੰ ਚੁਣਿਆ ਹਾਲਾਂਕਿ ਉਹਨਾਂ ਥਾਵਾਂ ’ਤੇ ਸਾਫ਼ ਸੁਥਰੇ ਪਿਛੋਕੜ ਵਾਲੇ ਲੋਕ ਸਭਾ ਮੈਂਬਰ ਦਾ ਪ੍ਰਤੀਸ਼ਤ ਘਟਿਆ ਹੈ। ਜਿਥੇ ਅਪਰਾਧਿਕ ਰਿਕਾਰਡ ਵਾਲੇ ਜ਼ਿਆਦਾ ਉਮੀਦਵਾਰ ਸਨ।

# ਜਨਰਲ ਮੋਟਰਜ਼ ਦਾ ਦਿਵਾਲੀਆਪਣ ਕੀ ਦਰਸਾਉਂਦਾ ਹੈ?

ਅਮਰੀਕਾ ਦੀ ਸਭ ਤੋਂ ਵੱਡੀ ਵਾਹਨ ਨਿਰਮਾਤਾ ਕੰਪਨੀ ਵੱਲੋਂ ਅਮਰੀਕੀ ਦਿਵਾਲੀਆਪਣ ਕਨੂੰਨ ਦੇ ਤਹਿਤ ਰੱਖਿਆ ਪਟੀਸ਼ਨ ਦਾਇਰ ਕੀਤੇ ਜਾਣ ਪਿੱਛੋਂ ਕੰਪਨੀ ਦੇ ਭਵਿੱਖ ਸਬੰਧੀ ਬੇਯਕੀਨੀ ਦੀ ਸਥਿਤੀ ਕੁਝ ਘੱਟ ਹੋ ਗਈ ਹੈ ਪਰ ਦਿਵਾਲੀਆਪਣ ਐਲਾਨੇ ਜਾਣ ਪਿੱਛੋਂ ਕੰਪਨੀ ਸਬੰਧੀ ਅਫਵਾਹਾਂ ਦਾ ਬਾਜ਼ਾਰ ਗਰਮ ਹੈ। ਨਿਵੇਸ਼ਕ, ਕਰਮਚਾਰੀ ਡੀਲਰ ਸਪਲਾਇਰ ਤੇ ਵੇਂਡਰ ਸਭ ਆਪਣੇ ਆਪਣੇ ਤਰੀਕਿਆਂ ਨਾਲ ਚਿੰਤਤ ਹਨ। ਚਿੰਤਾ ਇਸ ਗੱਲ ਦੀ ਹੈ ਕਿ ਉਹਨਾਂ ਦਾ ਕੀ ਹੋਵੇਗਾ। ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਆਉਣ ਵਾਲੇ ਕੁਝ ਮਹੀਨਿਆਂ 'ਚ ਜੇ ਵਿਕਰੀ ਨਾ ਵਧੀ ਤਾਂ ਲਾਜ਼ਮੀ ਹੀ ਕੰਪਨੀ ਨਾਲ ਜੁੜੇ ਲੋਕ ਪ੍ਰਭਾਵਿਤ ਹੋਣਗੇ। ਬੈਂਕਰਪਸੀ ਡਾਟ ਕਾਮ ਅਨੁਸਾਰ ਅਮਰੀਕਾ 'ਚ ਹੁਣ ਤੱਕ ਵੀਹ ਸਭ ਤੋਂ ਵੱਡੀਆਂ ਕਾਰਪੋਰੇਟ ਕੰਪਨੀਆਂ ਦਿਵਾਲੀਆ ਐਲਾਨੀਆਂ ਜਾਂ ਚੁੱਕੀਆਂ ਹਨ। ਜਨਰਲ ਮੋਟਰਜ਼ ਦੇ ਦਿਵਾਲੀਆ ਐਲਾਨੇ ਜਾਣ ਪਿੱਛੋਂ ਜਨਰਲ ਮੋਟਰਜ਼ 'ਤੇ 172.81 ਬਿਲੀਅਨ ਡਾਲਰਜ਼ ਦਾ ਕਰਜਾ ਸੀ ਅਤੇ ਕੰਪਨੀ ਕੋਲ 82.29 ਬਿਲੀਅਨ ਡਾਲਰ ਦੀ ਜਾਇਦਾਦ ਸੀ। ਵਾਹਨ ਵਿਸਲੇਸ਼ਕ ਸੁਰਜੀਤ ਅਰੋੜਾ ਕਹਿੰਦੇ ਹਨ ਕਿ 'ਕੰਪਨੀਆਂ ਦਾ ਦਿਵਾਲੀਆ ਐਲਾਨੇ ਜਾਣਾ ਇਸ ਦੇ ਭਵਿੱਖ ਲਈ ਸੁਰੱਖਿਆ ਮਿਲੇਗੀ ਅਤੇ ਭੁਗਤਾਨ ਸਬੰਧੀ ਸਮੱਸਿਆਵਾਂ ਲਈ ਕੰਪਨੀਆਂ ਨੂੰ ਸੋਚਣਾ ਨਹੀਂ ਪਵੇਗਾ। ਅਜਿਹੇ ਵਿਚ ਕੰਪਨੀ ਨਿਯੋਜਿਤ ਤਰੀਕਿਆਂ ਨਾਲ ਆਪਣੀ ਰਣਨੀਤੀ ਨੂੰ ਅੰਜ਼ਾਮ ਦੇ ਸਕੇਗੀ।

27 ਦਸੰਬਰ 1908 ਨੂੰ ਮਿਸ਼ੀਗਨ ਦੇ ਬਯੁਇਕ ਮੋਟਰਸ ਕੰਪਨੀ ਤਹਿਤ ਬਿਲੀਅਨ ਸੀ ਡਿਊਰੇਟ ਨੇ ਜਨਰਲ ਮੋਟਰਜ਼ ਦੀ ਸਥਾਪਨਾ ਕੀਤੀ ਸੀ। 1910 ਵਿਚ ਕੰਪਨੀ ਵੱਡੇ ਘਾਟੇ ਦਾ ਸ਼ਿਕਾਰ ਹੋਈ 1957 ਤੱਕ ਕੰਪਨੀ ਅਮਰੀਕਾ ਤੇ ਕੈਨੇਡਾ ਵਿਚ ਕਾਰਾਂ ਤੇ ਟਰੱਕਾਂ ਦੀ ਕੁਲ ਮੰਗ ਦੀ 50 ਫੀਸਦੀ ਸਪਲਾਈ ਕਰਨ ਵਾਲੀ ਬਣ ਗਈ। 1980 'ਚ ਕੰਪਨੀ ਨੇ ਅਧੁਨਿਕ ਮੁਨਾਫਾ ਕਮਾਇਆ। 3,49,000 ਕਰਮਚਾਰੀਆਂ ਦੀ ਨਿਯੁਕਤੀ ਕੀਤੀ ਗਈ ਅਤੇ ਵਿਸ਼ਵ ਪੱਧਰ 'ਤੇ 150 ਅਦਾਰਿਆਂ ਦੀ ਸਥਾਪਨਾ ਕੀਤੀ ਗਈ। 1990 'ਚ ਅਮਰੀਕੀ ਅਰਥਚਾਰੇ ਦੇ ਸਵਰਨ ਕਾਲ 'ਚ ਕੰਪਨੀ ਨੇ ਦੂਜੀ ਵਾਰੀ ਅਸਿੱਧਾ ਮੁਨਾਫਾ ਕਮਾਇਆ। ਤੀਹ ਸਾਲਾਂ ਤਕ ਲਗਾਤਾਰ ਹੋਰ ਕੰਪਨੀਆਂ ਦੇ ਮੁਕਾਬਲੇ ਜਨਰਲ ਮੋਟਰਜ਼ ਦੇ ਸ਼ੇਅਰ 50 ਫੀਸਦੀ ਉਚੀਆਂ ਦਰਾਂ 'ਤੇ ਟਿਕੇ ਰਹੇ। ਲਗਭਗ ਤਿੰਨ ਦਹਾਕੇ ਤੱਕ ਕੰਪਨੀ ਨੇ ਆਟੋ ਉਦਯੋਗ ਜਗਤ ਵਿਚ ਆਪਣਾ ਦਬਦਬਾ ਬਣਾਈ ਰੱਖਿਆ। 75 ਸਾਲਾਂ ਦੇ ਸਫਰ ਵਿਚ ਕਈ ਉਚਾਈਆਂ ਵੇਖੀਆਂ ਅਤੇ ਕਈ ਪ੍ਰਾਪਤੀਆਂ ਕੀਤੀਆਂ। ਪਰ 9/11 ਦੇ ਆਤੰਕੀ ਹਮਲੇ ਪਿੱਛੋਂ ਬੀਮਾ ਤੇ ਰਾਹਤ ਪੈਕੇਜ ਦੇ ਰੂਪ 'ਚ ਕੰਪਨੀਆਂ ਨੂੰ ਆਪਣੀ ਜਮ੍ਹਾਂ ਪੂੰਜੀ ਖਰਚ ਕਰਨੀ ਪਈ। ਸਾਲ 2005-08 ਤੱਕ ਤਿੰਨ ਸਾਲ ਜੀ. ਐਮ. ਨੇ ਆਪਣੇ ਆਮ ਗਾਹਕਾਂ ਨੂੰ ਵੀ ਕਮਰਚਾਰੀਆਂ ਬਰਾਬਰ ਖਰੀਦਦਾਰੀ 'ਚ ਛੋਟ ਦਿੱਤੀ। ਜੀਰੋ ਮੇਂਟੇਨੈਂਸ ਤੇ ਜੀਰੋ

ਸਰਵਿਸ ਦੀ ਯੋਜਨਾ ਵੀ ਚਲਾਈ ਗਈ। ਸਿੱਟੇ ਵਜੋਂ ਹੌਲੀ-ਹੌਲੀ ਕੰਪਨੀ ਦਾ ਸਟਾਕ ਖਾਲੀ ਹੁੰਦਾ ਗਿਆ। ਸਾਲ 2008 ਤੱਕ ਫਿਊਲ ਦੀ ਕੀਮਤ 'ਚ ਲਗਾਤਾਰ ਵਾਧੇ ਨੇ ਕੰਪਨੀ ਦੇ ਮੁਨਾਫੇ ਦੇ 30 ਫੀਸਦੀ ਤੱਕ ਘਟਾ ਦਿੱਤਾ। ਸਾਲ 2008 ਦੇ ਪਹਿਲੇ ਛੇ ਮਹੀਨਿਆਂ 'ਚ ਕੰਪਨੀ ਨੂੰ 18.8 ਬਿਲੀਅਨ ਡਾਲਰ ਦਾ ਨੁਕਸਾਨ ਹੋਇਆ ਅਤੇ ਅਕਤੂਬਰ ਤਕ ਇਸ ਦੇ ਸ਼ੇਅਰ ਮੁਲ 'ਚ 76 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਦਸੰਬਰ 2008 ਤੱਕ ਪੂੰਜੀਕੋਸ਼ ਦੇ ਮਾਮਲੇ 'ਚ ਕੰਪਨੀ ਲਗਭਗ ਖਾਲੀ ਹੋਣ ਦੀ ਸਥਿਤੀ 'ਚ ਆ ਗਈ। ਵਧਦੇ ਘਾਟੇ ਤੇ ਘਟਦੀ ਵਿਕਰੀ ਚੋਂ ਨਿਕਲਣ ਦੀਆਂ ਕੋਸ਼ਿਸ਼ਾਂ ਨਾਕਾਮ ਰਹੀਆਂ। ਕੰਪਨੀ ਨੇ ਲਗਾਤਾਰ ਆਪਣੀ ਸ਼ਾਖ ਬਚਾਉਣ ਲਈ ਵਿਤੀ ਕਮੀ ਦੀ ਅਣਦੇਖੀ ਕੀਤੀ। ਇਸ ਦੇ ਨਾਲ ਹੀ 75 ਸਾਲ ਤੱਕ ਸੰਸਾਰ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ ਕੰਪਨੀ ਸਾਲ 2009 'ਚ ਦਿਵਾਲੀਆ ਐਲਾਨੀ ਗਈ।

ਇਸ ਘਟਨਾਕ੍ਰਮ 'ਚ ਸਭ ਤੋਂ ਨਿਰਾਸ਼ਾਜਨਕ ਪਹਿਲੂ ਇਹ ਰਿਹਾ ਕਿ ਅਮਰੀਕੀ ਸਰਕਾਰ ਵੱਲੋਂ 20 ਅਰਬ ਡਾਲਰ ਦੀ ਵਿਤੀ ਸਹਾਇਤਾ ਵੀ ਕੰਪਨੀ ਦੇ ਕੰਮ ਨਾ ਆ ਸਕੀ। ਛਾਂਟੀਆਂ ਸ਼ੁਰੂ ਹੋਈਆਂ ਅਤੇ ਅਫਵਾਹਾਂ ਦਾ ਬਾਜ਼ਾਰ ਗਰਮ ਹੁੰਦਾ ਗਿਆ। ਦਿਵਾਲੀਆ ਰੱਖਿਆ ਪਟੀਸ਼ਨ ਪਿੱਛੋਂ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੰਪਨੀ ਦੇ ਭਵਿੱਖ ਸੰਬੰਧੀ ਭਰੋਸਾ ਦਵਾਇਆ।

ਅਮਰੀਕੀ ਪ੍ਰਸ਼ਾਸਨ ਵੱਲੋਂ ਕੰਪਨੀ ਦੇ ਅਗਲੇ 60-90 ਦਿਨਾਂ ਅੰਦਰ ਮਜ਼ਬੂਤ ਤੇ ਖੁਸ਼ਹਾਲ ਕੰਪਨੀ ਵਜੋਂ ਮੁੜ ਸਥਾਪਤ ਹੋਣ ਦੀ ਗੱਲ ਮੰਨੀ ਗਈ। ਜਨਰਲ ਮੋਟਰਜ਼ ਦੇ ਕਾਰ ਖਰੀਦਣ ਵਾਲਿਆਂ ਦੀ ਵਰੰਟੀ ਤੇ ਗਰੰਟੀ ਬਰਕਰਾਰ ਰੱਖਣ ਦਾ ਵੀ ਯਕੀਨ ਦਵਾਇਆ ਗਿਆ। ਅਮਰੀਕਾ 'ਚ ਜਨਰਲ ਮੋਟਰਜ਼ ਦੇ ਦਿਵਾਲੀਆਪਣ ਦੀ ਖਬਰ ਨਾਲ ਭਾਰਤ 'ਚ ਵੀ ਹਲਚਲ ਪੈਦਾ ਹੋਈ। ਪਰ ਇਸ ਉਦਯੋਗ ਨਾਲ ਜੁੜੇ ਲੋਕ ਲਗਾਤਾਰ ਇਸ ਗੱਲ ਦੀ ਹਮਾਇਤ ਕਰ ਰਹੇ ਹਨ ਕਿ ਇਸ ਨਾਲ ਭਾਰਤ 'ਚ ਕਾਰੋਬਾਰ ਤੇ ਕੋਈ ਅਸਰ ਨਹੀਂ ਪਵੇਗਾ। ਜਨਰਲ ਮੋਟਰਜ਼ (ਇੰਡੀਆ) ਦੇ ਸੀ. ਈ. ਓ. ਕਾਰਲ ਸਿਲਮ ਅਨੁਸਾਰ, 'ਭੁਗਤਾਨ, ਤਨਖਾਹ ਤੇ ਭਾਰਤ 'ਚ ਰੁਜ਼ਗਾਰ ਸੁਰੱਖਿਆ ਤੇ ਕੋਈ ਅਸਰ ਨਹੀਂ ਪਵੇਗਾ। ਉਲਟਾ ਉਹ ਭਾਰਤੀ ਆਟੋ ਉਦਯੋਗ ਲਈ ਸਾਕਾਰਤਮ ਸਿਟੇ ਹੀ ਲੈ ਕੇ ਆਵੇਗਾ।' ਜਨਰਲ ਮੋਟਰਜ਼ ਦੇ ਵਾਹਨਾਂ ਦੇ ਕੁੱਲ ਪੁਰਜ਼ੇ ਬਣਾਉਣ ਵਾਲਿਆਂ ਵਾਲੀ ਸੁੰਦਰਮ ਫਾਸਟ ਨਰਸ ਦੇ ਮੁਖੀ ਵੀ ਜੀ ਜਗਨ ਨਾਥਨ ਕਹਿੰਦੇ ਹਨ, 'ਕੰਪਨੀ ਆਪਣੇ ਕੰਮਾਂ ਦਾ ਪੁਨਰ ਗਠਨ ਕਰ ਰਹੀ ਹੈ ਇਸ ਲਈ ਆਪਣੀ ਵਿਕਰੀ ਨੂੰ ਘੱਟ ਪੈਦਾਵਾਰ ਲਾਗਤ 'ਤੇ ਵਧਾਉਣ ਲਈ ਛੋਟੀ ਤੇ ਕਿਫਾਇਤੀ ਕਾਰ ਦੇ ਉਤਪਾਦਨ 'ਤੇ ਜ਼ੋਰ ਦੇਵੇਗੀ। ਇਸ ਸਥਿਤੀ ਵਿਚ ਭਾਰਤ ਤੇ ਚੀਨ 'ਚ ਕੱਲ ਪੁਰਜੇ ਬਣਾਉਣ ਵਾਲਿਆਂ ਲਈ ਨਵੇਂ ਰਾਹ ਖੁੱਲ੍ਹਣਗੇ। ਭਾਰਤ 'ਚ ਵਾਹਨਾਂ ਦੇ ਕੁੱਲ ਪੁਰਜੇ ਹੋਰ ਦੇਸ਼ਾਂ ਦੀ ਤੁਲਨਾ 'ਚ ਸਸਤੀਆਂ ਦਰਾਂ 'ਤੇ ਮਿਲਦੇ ਹਨ। ਇਸ ਲਿਹਾਜ਼ ਨਾਲ ਕੰਪਨੀ ਘੱਟ ਲਾਗਤ ਲਈ ਕਿਫਾਇਤੀ ਸਪਲਾਈ ਕਰਤਾਵਾਂ ਦੀ ਤਲਾਸ਼ ਕਰੇਗੀ ਜੋ ਭਾਰਤ ਦੇ ਹਿੱਤ ਵਿਚ ਵੀ ਹੋਵੇਗਾ। ਭਾਰਤ 'ਚ ਕੰਪਨੀ ਸੰਬੰਧੀ ਇਕ ਪ੍ਰੇਸ਼ਾਨੀ ਤਾਂ ਸਭ ਨੂੰ ਪਤਾ ਹੈ ਉਸ ਦੇਸ਼ 'ਚ ਪੂੰਜੀ ਜਟਾਉਣ ਲਈ ਕਾਫੀ ਮਸ਼ੱਕਤ ਕਰਨੀ ਪਵੇਗੀ। ਜਨਕ ਕੰਪਨੀ ਦੇ ਸੰਕਟ 'ਚ ਆਉਣ ਨਾਲ ਹੁਣ ਭਾਰਤ 'ਚ ਨਿਵੇਸ਼ ਕਠਿਨ ਹੋਵੇਗਾ।

ਅਜਿਹੀ ਸਥਿਤੀ 'ਚ ਭਾਰਤ 'ਚ ਪੂੰਜੀ ਦਾ ਜੁਗਾੜ ਕਰਨ ਲਈ ਕੰਪਨੀ 'ਤੇ ਦਬਾਅ ਵਧੇਗਾ। ਕੰਪਨੀ ਦੇ ਪ੍ਰਧਾਨ ਨਿਕ ਰੇਲੀ ਕਹਿੰਦੇ ਹਨ, ਨਵੀਂ ਜੀ ਐਮ. ਕੰਪਨੀ ਵੱਲੋਂ ਹੁਣ ਤੱਕ 80 ਕਰੋੜ ਡਾਲਰ ਖਰਚ ਕੀਤੇ ਗਏ ਹਨ ਪਰ ਇਸ ਪ੍ਰਤੀਕੂਲ ਸਥਿਤੀ 'ਚ ਮੂਲ ਕੰਪਨੀ ਅੱਗੇ ਖਰਚ ਕਰਨ ਲਈ ਸਮਰਥ ਨਹੀਂ ਹੈ।" ਭਾਰਤ 'ਚ ਜਨਰਲ ਮੋਟਰਜ਼ ਦੇ ਨਾਲ ਇਸ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਹੈ। ਸਾਲ 2008 'ਚ ਹਜ਼ਾਰਾਂ ਕਾਰਾਂ ਦੀ ਵਿਕਰੀ ਕੀਤੀ ਹੈ ਅਤੇ ਇਸ ਤਰ੍ਹਾਂ ਇਹ ਮਾਰੂਤੀ ਹੁੰਦੇ ਤੇ ਟਾਟਾ ਮੋਟਰਜ਼ ਪਿੱਛੋਂ ਦੇਸ਼ ਦੀ ਚੌਥੀ ਸਭ ਤੋਂ ਵੱਡੀ ਕਾਰ ਨਿਰਮਾਤਾ ਕੰਪਨੀ ਬਣ ਗਈ ਹੈ। ਪਰ ਫਿਲਹਾਲ ਸਮੱਸਿਆ ਮਹਾਂਰਾਸ਼ਟਰ ਦੇ ਤਾਲੇਗਾਂਵ 'ਚ ਵਿਨਿਆਣ 'ਚ ਨਿਵੇਸ਼ ਲਈ 20 ਕਰੋੜ ਡਾਲਰ ਪੂੰਜੀ ਇਕੱਠੀ ਕਰਨ ਦੀ ਹੈ। ਇਸ ਲਿਹਾਜ਼ ਨਾਲ ਜੀ. ਐਸ. ਇੰਡੀਆ ਨੂੰ ਦਿਕਤਾਂ ਦਾ ਸਾਹਮਣੇ ਕਰਨਾ ਪੈ ਸਕਦਾ ਹੈ। ਹਾਂ, ਵੱਧ ਪ੍ਰਤੀਕੂਲ ਹਾਲਾਤ 'ਚ ਕੰਪਨੀ ਆਪਣੇ ਇੰਵੈਂਟਰੀ ਦੀ ਵਰਤੋਂ ਕਰ ਸਕਦੀ ਹੈ। ਭਾਰਤੀ ਕਾਰ ਬਾਜ਼ਾਰਾਂ 'ਚ ਪੰਜ ਫੀਸਦੀ ਦੀ ਹਿੱਸੇਦਾਰੀ ਰੱਖਣ ਵਾਲੀ ਇਸ ਕੰਪਨੀ 'ਤੇ ਵੀ ਮੰਦੀ ਦਾ ਪ੍ਰਛਾਵਾਂ ਦਿਸਦਾ ਹੈ। ਸਾਲ 2009 'ਚ ਇਸ ਦੀ ਵਿਕਰੀ ਘਟੀ ਹੈ ਪਰ ਆਉਣ ਵਾਲੇ ਸਮੇਂ 'ਚ ਕੰਪਨੀ ਦੀ ਯੋਜਨਾ ਅਨੁਸਾਰ ਛੋਟੀਆਂ ਕਾਰਾਂ ਦੇ ਨਿਰਮਾਣ ਨਾਲ ਭਾਰਤ ਦੀ ਆਟੋ ਸਨਅਤ ਨੂੰ ਫਾਇਦਾ ਹੋਵੇਗਾ ਸਾਲ 1980 ਤੋਂ 2008 ਦੌਰਾਨ ਜਨਰਲ ਮੋਟਰਜ਼ ਨੇ ਜੋ ਉਚਾਈਆਂ ਹਾਸਲ ਕੀਤੀਆਂ ਹਨ ਕੰਪਨੀ ਦੇ ਇਤਿਹਾਸ ਵਿਚ ਓਬਾਮਾ ਪ੍ਰਸਾਸ਼ਨ ਵੱਲੋਂ ਅਗਲੇ ਦੋ ਢਾਈ ਮਹੀਨੇ 'ਚ ਇਸ ਦੇ ਮੁੜ ਸਥਾਪਤ ਹੋਣ ਦਾ ਵਿਸ਼ਵਾਸ ਜਾਹਰ ਕੀਤਾ ਗਿਆ ਹੈ। ਦੇਖਣਾ ਹੈ ਕਿ ਕੰਪਨੀ ਸੰਬੰਧੀ ਇਹ ਵਿਸਵਾਸ਼ ਪੂਰਾ ਹੋਵੇਗਾ। ਵੈਸਾਸਿਟਾ ਜੋ ਵੀ ਹੋਵੇ ਇਸ ਬਹੁ-ਚਰਚਿਤ ਕੰਪਨੀ 'ਤੇ ਸਭ ਦੀਆਂ ਨਜ਼ਰਾਂ ਹਨ।

# ਮਨੁੱਖੀ ਅਧਿਕਾਰ ਯੋਧਾ ਬਿਨਾਇਕ ਸੇਨ ਇਕੱਲੇ ਨਹੀਂ

ਲੋਕਾਂ ਦੀ ਨਿਗਾਹ 'ਚ ਕਿਸ ਨੂੰ ਵੱਧ ਖਤਰਨਾਕ ਸਮਝਿਆ ਜਾ ਸਕਦਾ ਹੈ? ਬੱਚਿਆਂ ਦਾ ਇੱਕ ਡਾਕਟਰ ਜੋ ਮਨੁੱਖੀ ਅਧਿਕਾਰ ਅੰਦੋਲਨ ਨਾਲ ਜੁੜਿਆ ਹੋਵੇ ਅਤੇ ਜਿਸ 'ਤੇ ਠੋਸੇ ਗਏ ਫਰਜੀ ਮੁਕੱਦਮਿਆਂ ਨੂੰ ਰੱਦ ਕਰਾਉਣ ਲਈ ਸੰਸਾਰ ਦੇ ਪ੍ਰਸਿੱਧ ਬੁੱਧੀਜੀਵੀ ਤੇ ਨੋਬੇਲ ਪੁਰਸਕਾਰ ਵਿਜੇਤਾ ਅਪੀਲ ਜਾਰੀ ਕਰ ਰਹੇ ਹੋਣ ਜਾਂ ਇਕ ਅਜਿਹਾ ਉਭਰਦਾ ਰਾਜ ਨੇਤਾ, ਜੋ ਇਕ ਜਨ ਸਭਾ 'ਚ ਫਿਰਕੇ ਵਿਸ਼ੇਸ਼ ਦੇ ਖਿਲਾਫ ਫਿਰਕੂ ਜ਼ਹਿਰ ਘੋਲਦਾ ਹੋਵੇ ਅਤੇ ਨਫ਼ਰਤ ਭਰੇ ਫਲਸਫੇ 'ਤੇ ਚਲਦਾ ਹੋਵੇ? ਸਹਿਜ ਬੋਧ (ਕਾਮਨਸੈਂਸ) ਇਹੀ ਕਹੇਗੀ ਕਿ ਨਫਰਤ ਦਾ ਪੁਜਾਰੀ ਵੱਧ ਖਤਰਨਾਕ ਹੈ। ਹਾਲ ਦੀ ਘੜੀ ਇਸ ਕੇਸ 'ਚ ਨਿਆਂਪਾਲਿਕਾ ਜਾਂ ਕਾਰਜਪਾਲਿਕਾ ਦੀ ਰਾਇ ਜਨਤਾ ਤੋਂ ਵੱਖਰੀ ਲੱਗਦੀ ਹੈ। ਇਹ ਬਿਨਾ ਕਾਰਨ ਨਹੀਂ ਸੀ ਕਿ ਡਾ. ਬਿਨਾਇਕ ਸੇਨ ਜੋ ਛਤੀਸ਼ਗੜ੍ਹ ਦੇ ਨਾਗਰਿਕ ਅਧਿਕਾਰ ਅੰਦੋਲਨ ਨਾਲ ਜੁੜੇ ਰਹੇ ਹਨ ਅਤੇ ਕੁਝ ਸਮੇਂ ਪਹਿਲਾਂ ਰਾਜ ਸਰਕਾਰ ਨੇ ਆਪਣੇ ਪ੍ਰੋਗ੍ਰਾਮ 'ਮਿਤਾਨਿਨ' ਦੇ ਵੀ ਸਲਾਹਕਾਰ ਰਹੇ ਹਨ ਉਹਨਾਂ ਨੂੰ ਜਮਾਨਤ ਮਿਲਣ 'ਚ ਦੋ ਸਾਲ ਤੋਂ ਵੱਧ ਸਮਾਂ ਲੱਗ ਗਿਆ ਜਦ ਕਿ ਹਿੰਦੂਤਵ ਬ੍ਰਿਗੇਡ ਦੇ ਇਕ ਉਭਰਦੇ ਸਿਆਸਤਦਾਨ ਨੂੰ ਜਿਸ 'ਤੇ ਉਤਰ ਪ੍ਰਦੇਸ਼ ਸਰਕਾਰ ਨੇ ਐਨ. ਐਸ. ਏ. (ਕੌਮੀ ਸੁਰੱਖਿਆ ਕਨੂੰਨ) ਲਾਇਆ ਸੀ, ਜਮਾਨਤ ਮਿਲਣ 'ਚ ਸਿਰਫ ਇਕ ਪੰਦਰਵਾੜਾ ਲੱਗਿਆ। ਗੌਰ ਕਰਨ ਲਾਇਕ ਹੈ ਕਿ 14 ਜੂਨ 2007 ਨੂੰ ਰਾਇਪੁਰ ਸਥਿਤ ਆਪਣੇ ਮਕਾਨ ਤੋਂ 'ਨਕਸਲੀਆਂ' ਨਾਲ ਸੰਪਰਕ ਰੱਖਣ ਲਈ ਗ੍ਰਿਫਤਾਰ ਕੀਤੇ ਗਏ। ਬਿਨਾਇਕ ਸੇਨ ਨੂੰ ਜਮਾਨਤ ਦੇਣ ਦੀ ਪਟੀਸ਼ਨ 'ਤੇ ਇਸ ਵਾਰੀ ਜਦ ਸੁਣਵਾਈ ਹੋਈ ਸੀ ਤਾਂ ਸੁਪਰੀਮ ਕੋਰਟ ਨੇ ਪੱਖ ਜਾਂ ਵਿਰੋਧੀ ਪੱਖ ਦੀ ਦਲੀਲ ਸੁਣੇ ਬਗੈਰ ਖੁਦ ਹੀ ਐਲਾਨ ਕਰ ਦਿੱਤਾ ਕਿ ਉਸ ਨੂੰ ਜਮਾਨਤ ਦੇ ਰਹੇ ਹਨ। ਇਹ ਕਹਿਣਾ ਮੁਸ਼ਕਿਲ ਹੈ ਕਿ ਅਦਾਲਤ ਦੇ ਸਾਹਮਣੇ ਇਸ ਵਾਰੀ ਅਜਿਹੇ ਕੀ ਨਵੇਂ ਤੱਥ ਆਏ ਸਨ ਕਿ ਪਿਛਲੀ ਵਾਰੀ ਦੇਸ਼ ਦੇ ਮਸ਼ਹੂਰ ਵਕੀਲਾਂ ਵੱਲੋਂ ਸੇਨ ਦੀ ਜਮਾਨਤ ਲਈ ਅਪੀਲ ਕੀਤੇ ਜਾਣ ਦੇ ਬਾਵਜੂਦ ਉਸ ਨੇ ਅਪੀਲ ਕਰਨ ਵਾਲਿਆਂ ਦੀ ਗੱਲ ਠੁਕਰਾ ਦਿੱਤੀ। ਬਿਨਾਇਕ ਸੇਨ ਦੀ ਰਿਹਾਈ ਲਈ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਹੀ ਨਹੀਂ ਬਲਕਿ ਵਿਦੇਸ਼ 'ਚ ਵੀ ਮੁਹਿੰਮ ਚੱਲ ਰਹੀ ਸੀ ਅਤੇ ਕਾਰਪੋਰੇਟ ਮੀਡੀਆ ਨੇ ਵੀ ਜਿਸ ਤਰ੍ਹਾਂ ਇਸ ਮਸਲੇ 'ਤੇ ਡਾ. ਸੇਨ ਦਾ ਸਾਥ ਦਿੱਤਾ ਸੀ, ਸੰਭਵ ਹੈ, ਉਸ ਨਾਲ ਨਿਆਂਪਾਲਿਕਾ ਪ੍ਰਭਾਵਿਤ ਹੋਈ ਹੋਵੇ।

ਆਖਰ ਇਸ ਨਿਹੱਥੇ ਡਾਕਟਰ ਤੋਂ ਹਕੂਮਤ ਨੂੰ ਕਿਸ ਗੱਲ ਦਾ ਡਰ ਸੀ? ਦਰਅਸਲ ਪਿਛਲੇ ਕਈ ਸਾਲਾਂ ਤੋਂ ਉਹਨਾਂ ਨੂੰ ਛਤੀਸ਼ਗੜ੍ਹ ਪੀਪਲਜ਼ ਯੂਨੀਅਨ ਫਾਰ ਸਿਵਲ ਲਿਵਰਟੀਜ਼ ਦੇ ਸਕੱਤਰ ਅਤੇ ਕੌਮੀ ਪੱਧਰਾਂ ਤੇ ਨਾਗਰਿਕ ਅਧਿਕਾਰਾਂ ਲਈ ਸਮਰਪਿਤ ਇਸ ਸੰਗਠਨ ਦੇ ਉਪ ਪ੍ਰਧਾਨ ਵਜੋਂ ਫਰਜੀ ਮੁਕਾਬਲਿਆਂ ਫਰਜੀ ਗ੍ਰਿਫਤਾਰੀਆਂ ਤੇ ਮਨੁੱਖੀ ਅਧਿਕਾਰ ਉਲੰਘਣਾਵਾਂ ਦੇ ਸਾਰੇ ਹੋਰ ਮਾਮਲਿਆਂ 'ਤੇ ਆਪਣੀ ਆਵਾਜ਼ ਲਗਾਤਾਰ ਬੁਲੰਦ ਕੀਤੀ ਸੀ ਤੇ 'ਸਲਵਾਜੂਡਮ' ਨਾਂ ਦੀ ਉਸ ਸਰਕਾਰੀ ਮੁਹਿੰਮ ਦਾ ਵਿਰੋਧ ਕੀਤਾ ਸੀ ਜਿਸਦੇ ਤਹਿਤ ਆਦਿਵਾਸੀਆਂ ਦੇ ਇਕ ਹਿੱਸੇ

ਨੂੰ ਹੀ ਹਥਿਆਰਬੰਦ ਕਰਕੇ ਆਦਿਵਾਸੀਆਂ ਤੇ ਦਲਿਤਾਂ ਖਿਲਾਫ਼ ਖੜ੍ਹਾ ਕੀਤਾ ਜਾ ਰਿਹਾ ਸੀ। ਪਰ ਕੀ ਸਲਾਖਾਂ ਪਿੱਛੋਂ ਸਿਰਫ਼ ਬਿਨਾਇਕ ਸੇਨ ਹੀ ਬੰਦ ਰਹੇ ਹਨ? ਉਤਰਾਖੰਡ ਦੇ ਮਸ਼ਹੂਰ ਪੱਤਰਕਾਰ ਪ੍ਰਸ਼ਾਂਤ ਰਾਹੀਂ ਨੂੰ ਰਾਜ ਪੁਲਸ ਨੇ ਡੇਢ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ 'ਚ ਬੰਦ ਰੱਖਿਆ ਹੈ ਅਤੇ ਉਹਨਾਂ 'ਤੇ ਮਾਓਵਾਦੀ ਕਮਾਂਡਰ ਹੋਣ ਦਾ ਦੋਸ਼ ਲੱਗਿਆ ਹੈ। 15 ਦਸੰਬਰ 2007 ਨੂੰ ਹੀ ਉਹਨਾਂ ਨੂੰ ਦੇਹਰਾਦੂਨ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਪਿੱਛੋਂ ਉਹਨਾਂ ਦੀ ਗ੍ਰਿਫਤਾਰੀ ਨੂੰ ਹਾਂਸਪੁਰ ਖੱਟਾ ਦੇ ਜੰਗਲਾਂ ਤੋਂ 21 ਦਸੰਬਰ ਨੂੰ ਦਿਖਾਈ ਗਈ। ਇਸ ਦੌਰਾਨ ਪੁਲਸ ਨੇ ਉਹਨਾਂ ਨੂੰ ਤਸੀਏ ਦੇ ਕੇ ਉਹਨਾਂ ਤੋਂ ਸੂਚਨਾਵਾਂ ਇਕੱਠੀਆਂ ਕਰਨ ਦੀ ਕੋਸ਼ਿਸ਼ ਕੀਤੀ ਭਾਰਤ ਦੇ ਦੰਡ ਵਿਧਾਨ ਦੀਆਂ ਵੱਖ-ਵੱਖ ਧਾਰਾਵਾਂ 121, 121ਏ, 124ਏ 153ਬੀ ਤੇ 120ਬੀ ਉਹਨਾਂ ਤੇ ਲਾਈ ਗਈ ਸੀ। ਪੇਸ਼ੇ ਤੋਂ ਇੰਜੀਨੀਅਰ ਪ੍ਰਸ਼ਾਂਤ ਰਾਹੀਂ ਨੇ ਪੱਤਰਕਾਰ ਵਜੋਂ 'ਹਿਮਾਚਲ ਟਾਈਮਜ਼' ਤੋਂ ਪੱਤਰਕਾਰਿਤਾ ਸ਼ੁਰੂ ਕੀਤੀ ਅਤੇ ਬਾਅਦ 'ਚ ਉਹ 'ਦ ਸਟੇਸਮੈਨ' ਨਾਲ ਜੁੜੇ। ਉਤਰਾਖੰਡ ਦੇ ਜਨ ਅੰਦੋਲਨਾਂ ਨਾਲ ਅੱਛੀ ਤਰ੍ਹਾਂ ਜੁੜੇ ਪ੍ਰਸ਼ਾਂਤ ਰਾਹੀਂ ਦੀ ਇਸ ਗ੍ਰਿਫਤਾਰੀ ਖਿਲਾਫ ਦੇਸ਼ ਦੇ ਸਾਰੇ ਪ੍ਰਬੰਧਕਾਂ ਨੇ ਆਵਾਜ਼ ਬੁਲੰਦ ਕੀਤੀ ਹੈ। ਉੜੀਸਾ ਦੇ 'ਪਾਸਕੋ' ਵਿਰੋਧ ਅੰਦੋਲਨ ਦੀ ਅਗਵਾਈ ਕਰ ਰਹੇ ਅਭੈ ਸਾਹੂ ਨੂੰ ਨਵੀਨ ਪਟਨਾਇਕ ਸਰਕਾਰ ਨੇ ਅਕਤੂਬਰ 2008 ਤੋਂ ਹੀ ਜੇਲ੍ਹ 'ਚ ਰੱਖਿਆ ਹੈ ਤੇ ਉਸ ਖਿਲਾਫ਼ ਸਾਰੀਆਂ ਖਤਰਨਾਕ ਧਾਰਾਵਾਂ ਲਾਈਆਂ ਗਈਆਂ ਸਨ। ਆਜ਼ਾਦ ਭਾਰਤ ਦੇ ਪੈਰੋਕਾਰਾਂ ਨੇ ਸੁਰੱਖਿਆ ਦੇ ਨਾਂ 'ਤੇ ਅੱਜ ਵੀ ਕਈ ਸਖਤ ਕਨੂੰਨਾਂ ਨੂੰ ਬਣਾਈ ਰੱਖਿਆ ਹੋਇਆ ਹੈ। ਜਿਹਨਾਂ ਨੂੰ ਅੰਗਰੇਜ਼ੀ ਹਕੂਮਤ ਵੱਲੋਂ ਪਾਸ ਕਨੂੰਨਾਂ ਦਾ ਵਿਸਥਾਰ ਹੀ ਕਿਹਾ ਜਾ ਸਕਦਾ ਹੈ। ਇਹਨਾਂ ਵਿਚ ਸਭ ਤੋਂ ਖੂੰਖਾਰ ਹੈ। ਹਥਿਆਬੰਦ ਬਲ ਵਿਸ਼ੇਸ਼ ਕਨੂੰਨ ਜਿਸ ਨੂੰ ਲਾਗੂ ਕੀਤਿਆਂ ਪੰਜਾਹ ਸਾਲ ਤੋਂ ਵੱਧ ਸਮਾਂ ਗੁਜਰ ਗਿਆ ਹੈ। ਬਾਕੀ ਭਾਰਤ ਨੇ ਇਸ ਕਨੂੰਨ ਦੀ ਹੋਂਦ ਬਾਰੇ ਕੁਝ ਸਾਲ ਪਹਿਲਾਂ ਹੀ ਜਾਣਿਆ, ਹੁਣ ਅੱਠ ਸਾਲਾਂ ਤੋਂ ਵੱਧ ਸਮੇਂ ਤੋਂ (ਨਵੰਬਰ 2000) ਭੁੱਖ ਹੜਤਾਲ ਕਰ ਰਹੀ ਮਣੀਪੁਰ ਦੀ ਚਰਚਿਤ ਕਵਿਤਰੀ ਇਰੋਮ ਸ਼ਰਮੀਲਾ ਦੇ ਸਾਬਕਾ ਸਤਿਆਗ੍ਰਹਿ ਦੀ ਖਬਰ ਸੁਰਖੀਆਂ ਵਿਚ ਆਈ। ਉਹ ਅੱਜ ਹੀ ਮਣੀਪੁਰ ਸਰਕਾਰ ਦੀ ਨਿਆਂਇਕ ਹਿਰਾਸਤ ਵਿਚ ਹੈ ਜਿੱਥੇ ਉਸ ਨੂੰ ਇਕ ਨਾਲੀ ਦੇ ਰਾਹੀਂ ਜਬਰਦਸਤੀ ਖਾਣਾ ਖੁਆਇਆ ਜਾਂਦਾ ਹੈ। ਇਰੋਮ ਸ਼ਰਮੀਲਾ ਜਿਸ ਕਨੂੰਨ ਦੀ ਵਾਪਸੀ ਲਈ ਇਹ ਸਤਿਆਗ੍ਰਹਿ ਕਰ ਰਹੀ ਹੈ, ਉਸ ਦੀਆਂ ਵਿਵਸਥਾਵਾਂ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਕਨੂੰਨ ਤਹਿਤ ਸੁਰੱਖਿਆ ਬਲਾਂ ਨੂੰ ਅਸ਼ਾਂਤ ਖੇਤਰ ਐਲਾਨ ਸਕਦੀ ਹੈ। ਜੇ ਉਹ ਇਸ ਨਤੀਜੇ 'ਤੇ ਪਹੁੰਚਦੀ ਹੈ ਕਿ ਉਪਯੁਕਤ ਖੇਤਰ ਜਾਂ ਉਸ ਦਾ ਇਕ ਹਿੱਸਾ ਇਕ ਐਸੀ ਅਸ਼ਾਂਤ ਜਾਂ ਖਤਰਨਾਕ ਸਥਿਤੀ ਵਿਚ ਹੈ ਨਾਗਰਿਕ ਸਾਸ਼ਨ ਦੀ ਮਦਦ ਲਈ ਫੌਜੀ ਬਲ ਦੀ ਵਰਤੋਂ ਜ਼ਰੂਰੀ ਹੈ। ਸਾਢੇ ਚਾਰ ਸਾਲ ਪਹਿਲਾਂ ਮਣੀਪੁਰ ਦੇ ਲੋਕਾਂ ਦੇ ਵਧਦੇ ਅਸੰਤੋਸ਼ ਨੂੰ ਵੇਖਦੇ ਹੁਣ ਸਰਕਾਰ ਨੇ ਇਸ ਕਨੂੰਨ ਦੀ ਸਮੀਖਿਆ ਲਈ ਇਕ ਕਮੇਟੀ ਵੀ ਗਠਿਤ ਕੀਤੀ ਸੀ। ਕਮੇਟੀ ਨੇ ਸਾਫ ਤੌਰ ਤੇ ਸਿਫਾਰਸ਼ ਕੀਤੀ ਸੀ ਕਿ ਇਸ ਕਨੂੰਨ ਨੂੰ ਹਟਾ ਲਿਆ ਜਾਵੇ। ਸੁਰੱਖਿਆ ਕਾਰਨਾਂ ਦਾ ਹਵਾਲਾ ਦੇ ਕੇ ਸਰਕਾਰ ਨੇ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਖਾਰਜ ਕਰ ਦਿੱਤਾ। ਮਨੁੱਖੀ ਅਧਿਕਾਰਾਂ ਲਈ ਸਮਰਪਿਤ ਕੌਮਾਂਤਰੀ ਸੰਸਥਾ 'ਹਿਊਮਨ ਰਾਈਟਸ ਵਾਚ' ਦੀ 1999 ਦੀ ਰਿਪੋਟ 'ਚ ਦਲਿਤ ਅਧਿਕਾਰਾਂ

ਦੇ ਉਲੰਘਣ ਦੀ ਚਰਚਾ ਕੀਤੀ ਗਈ ਹੈ ਜਿਸ ਤਹਿਤ 'ਸਮਾਜਕ ਵਰਕਰਾਂ ਦੇ ਅਪਰਾਧੀਕਰਨ ਸਿਰਲੇਖ ਤਹਿਤ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਹੈ ਜਿਸ 'ਚ ਦਲਿਤਾਂ ਲਈ ਆਵਾਜ਼ ਉਠਾਉਣ ਵਾਲਿਆਂ 'ਤੇ ਅਪਰਾਧਿਕ ਮੁਕਦਮੇ ਦਰਜ ਕੀਤੇ ਜਾਂਦੇ ਹਨ। ਤਮਿਲ ਦੇ ਦਲਿਤ ਵਰਕਰ ਤ੍ਰਿਮਵਾਲਾਨ ਅਤੇ ਉਹਨਾਂ ਦੇ ਸਾਥੀਆਂ ਦਾ ਵਿਸ਼ੇਸ਼ ਜ਼ਿਕਰ ਜ਼ਰੂਰੀ ਹੈ। ਜਿਹਨਾਂ ਨੂੰ ਪੁਲਸ ਵਲੋਂ ਨਿਸ਼ਾਨਾ ਬਣਾਇਆ ਗਿਆ। ਰਿਪੋਰਟ ਮੁਤਾਬਕ ਤ੍ਰਿਮਾਵਾਲਾਨ ਨੂੰ ਅਕਸਰ ਭਾਰਤੀ ਦੰਡ ਸਾਹਿਤਾ ਦੀ ਯਾਤਰਾ 153ਏ (ਵੱਖ ਵੱਖ ਫਿਰਕਿਆਂ ਵਿਚ ਦੁਸ਼ਮਣੀ ਵਧਾਉਣਾ) 120ਬੀ (ਅਪਰਾਧਿਕ ਸਾਜ਼ਿਸ਼) ਅਤੇ ਦੇਸ਼ ਧ੍ਰੋਹ ਕਨੂੰਨ ਅਤੇ ਕੌਮੀ ਸੁਰੱਖਿਆ ਕਨੂੰਨ ਦੇ ਤਹਿਤ ਗ੍ਰਿਫਤਾਰ ਕੀਤਾ ਜਾਂਦਾ ਹੈ।

ਸੰਨ 2003 ਦੀ ਸ਼ੁਰੂਆਤ ਵਿਚ ਜਿੰਨੀ ਦਿਨੀਂ ਭਾਜਪਾ ਦੇ ਸਹਾਰੇ ਟਿਕੀ ਮਾਇਆਵਤੀ ਦੀ ਸਰਕਾਰ ਉਤਰ ਪ੍ਰਦੇਸ਼ ਵਿਚ ਸੀ ਉਹਨੀਂ ਦਿਨੀ ਸ਼ਾਂਤੀ ਅੰਦੋਲਨ ਦੇ ਕਾਰਜ ਕਰਤਾ ਅਤੇ ਆਪਣੇ ਸਮਾਜਿਕ ਕੰਮਾਂ ਲਈ ਮੈਗਸੇਸੇ ਪੁਰਸਕਾਰ ਨਾਲ ਸਨਮਾਨਿਤ ਸੰਦੀਪ ਪਾਂਡੇ ਅਤੇ ਉਸ ਦੇ ਸਾਥੀਆਂ 'ਤੇ ਵੀ 'ਦੇਸ਼-ਧ੍ਰੋਹ' ਤੇ 'ਫਿਰਕੂ ਹਿੰਸਾ' ਭੜਕਾਉਣ ਦੇ ਦੋਸ਼ ਤਹਿਤ ਮੁਕੱਦਮਾ ਦਾਇਰ ਹੋਇਆ ਸੀ ਅਤੇ ਉਨ੍ਹਾਂ ਦੀਆਂ ਗ੍ਰਿਫਤਾਰੀਆਂ ਵੀ ਹੋਈਆਂ ਸੀ ਗੌਰ ਕਰਨ ਲਾਇਕ ਹੈ ਕਿ 20 ਮਾਰਚ 2003 ਮਾਮਲੇ ਦੇ ਸ਼ਾਂਤੀਪੂਰਨ ਹੱਲ ਦੀ ਮੰਗ ਕਰਦੇ ਹੋਇਆ ਇਥੇ ਆਯੋਜਿਤ ਧਰਨੇ ਖਿਲਾਫ ਇਹ ਕਾਰਵਾਈ ਕੀਤੀ ਗਈ ਸੀ ਜੇ ਅਸੀਂ ਇਤਿਹਾਸ ਦੀਆਂ ਕਿਤਾਬਾਂ ਨੂੰ ਪਲਟੀਏ ਤਾਂ ਇਸ ਤੱਥ ਦੇ ਰੂਬਰੂ ਹੋ ਸਕਦੇ ਹਾਂ ਕਿ 'ਆਜ਼ਾਦ' ਭਾਰਤ 'ਚ ਜਦ ਪਹਿਲੀ ਵਾਰੀ 'ਪ੍ਰਿਵੈਂਟਿਵ ਡਿਟੈਂਸ਼ਨ' (ਨਿਵਾਰਕ ਨਜਰਬੰਦੀ) ਦਾ ਕਾਨੂੰਨ ਪਾਸ ਕੀਤਾ ਜਾ ਰਿਹਾ ਸੀ ਤਾਂ ਉਸ ਰਾਤ ਉਸ ਵੇਲੇ ਦੇ ਗ੍ਰਹਿ ਮੰਤਰੀ ਸਰਕਾਰ ਵਲਭ ਭਾਈ ਪਟੇਲ ਨੂੰ ਨੀਦ ਨਹੀਂ ਆਈ। ਉਹ ਬੈਚੇਨ ਰਹੇ ਕਿ ਹਿੰਦੂਸਤਾਨੀਆਂ ਦੀ ਆਪਣੀ ਹਕੂਮਤ ਦਾ ਅਜਿਹਾ ਕਰਨਾ ਕਿੰਨਾ ਵਾਜਬ ਹੈ? ਅੱਜ ਅਸੀਂ ਕਾਨੂੰਨ ਦੀਆਂ ਕਿਤਾਬਾਂ 'ਚ ਇਕਤਰ ਦਮਨਕਾਰੀ ਕਨੂੰਨਾਂ ਦੀ ਫਿਤਰਤ ਵੇਖਦੇ ਹਾਂ ਤਾਂ ਸਾਨੂੰ ਵਲਭ ਭਾਈ ਪਟੇਲ ਦਾ ਕਿੱਸਾ ਵਿਸ਼ਵਾਸਯੋਗ ਨਹੀਂ ਲੱਗਦਾ।

ਸੱਠ ਸਾਲ ਤੋਂ ਵੱਧ ਦੇ ਇਸ ਅੰਤਰਕਾਲ 'ਚ ਗੰਗਾ-ਯਮੁਨਾ-ਕਾਵੇਰੀ-ਗੋਦਾਵਰੀ ਤੋਂ ਬਹੁਤ ਸਾਰਾ ਪਾਣੀ ਵਹਿ ਚੁੱਕਿਆ ਹੈ। ਸੱਤਾ ਦੇ ਗਲਹਿਰਿਆਂ 'ਚ ਬੈਠੀਆਂ ਜਮਾਤਾਂ ਤੇ ਆਵਾਮ ਵਿਚਕਾਰ ਵਧਦੀਆਂ ਦੂਰੀਆਂ ਦਾ ਨਤੀਜਾ ਹੀ ਹੈ ਕਿ ਪੁਲਸ ਥਾਨੇ ਜਾਂ ਹਿਰਾਸਤ 'ਚ ਹਰ ਸਾਲ ਸੈਂਕੜੇ ਬੇਕਸੂਰ ਲੋਕ ਮਾਰੇ ਜਾਂਦੇ ਹਨ ਪਰ ਸਾਸ਼ਕਾਂ ਦੀ ਮਿਲੀ ਭੁਗਤ ਕਾਰਨ ਹੋਣ ਵਾਲੇ ਸੰਪਾਦਾਇਕ ਤੇ ਜਾਤੀ ਕਤਲੇਆਮ ਦੇ ਅਪਰਾਧੀ ਬੇਦਾਗ ਘੁੰਮਦੇ ਹਨ ਜਾਂ ਕਾਨੂੰਨ ਦੀ ਲਪੇਟ 'ਚੋਂ ਭੱਜਣ ਦੀ ਭੀੜੀ ਗਲੀ ਲੱਭ ਲੈਂਦੇ ਹਨ।

ਇਹ ਬਿਨਾਂ ਕਾਰਨ ਨਹੀਂ ਕਿ ਇਕੀਵੀਂ ਸਦੀ ਦੀ ਪਹਿਲੀ ਦਹਾਈ ਦੇ ਅੰਤ ਵਿਚ ਬਿਨਾਇਕ ਸੇਨ ਕਿਸੇ ਵਿਅਕਤੀ ਦਾ ਨਹੀਂ ਕਿਸੇ-ਸੰਸਥਾ ਦਾ ਨਾਂ ਲੱਗਦਾ ਹੈ।

# ਆਸਟਰੇਲੀਆ ’ਚ ਨਸਲੀ ਹਿੰਸਾ ਦੇ ਸ਼ਿਕਾਰ ਭਾਰਤੀ

ਆਸਟਰੇਲੀਆ ’ਚ ਲੱਗਭਗ ਇਕ ਲੱਖ ਭਾਰਤੀ ਵਿਦਿਆਰਥੀ ਹਨ। ਭਾਰਤ ਮਾਤਾ ਦੀ ਜੈ! ਇਹ ਨਾਹਰਾ ਭਾਰਤ ਵਿਚ ਹੀ ਨਹੀਂ ਬਲਕਿ 31 ਮਈ ਨੂੰ ਆਸਟ੍ਰੇਲੀਆ ਦੇ ਸ਼ਹਿਰ ਮੇਲਬਰਨ ’ਚ ਰਾਇਲ ਮੇਲਬਾਰਨ ਹਸਪਤਾਲ ਦੇ ਸਾਹਮਣੇ ਲਾਇਆ ਜਾ ਰਿਹਾ ਸੀ। ਫੈਡਰੇਸ਼ਨ ਆਫ ਇੰਡੀਆ ਸਟੂਡੇਂਟਸ ਐਸੋਸੀਏਸ਼ਨ (ਫਿਸਾ) ਦੀ ਅਗਵਾਈ ’ਚ ‘ਵੀ ਵਾਂਟ ਜਸਟਿਸ’ ਦੀਆਂ ਤਖਤੀਆਂ ਲਈ ਹਜ਼ਾਰਾਂ ਵਿਦਿਆਰਥੀਆਂ ਦਾ ਮੁਜਹਾਰਾ ਕਿਸੇ ਇਨਕਲਾਬ ਲਈ ਨਹੀਂ ਬਲਕਿ ਸ਼ਾਂਤੀ ਤੇ ਸੁਰੱਖਿਆ ਲਈ ਸੀ। ਪੜ੍ਹਾਈ ਦੇ ਲਈ ਆਸਟ੍ਰੇਲੀਆ ਤੇ ਭਾਰਤੀ ਵਿਦਿਆਰਥੀਆਂ ’ਤੇ ਜਦ ਨਸਲਵਾਦੀ ਹਮਲਿਆਂ ਨੇ ਖਤਰਨਾਕ ਰੂਪ ਲਿਆ ਤਾਂ ਸਰਕਾਰ ਨੇ ਇਸ ਸਮੱਸਿਆ ਪ੍ਰਤੀ ਗੰਭੀਰਤਾ ਵਿਖਾਉਣੀ ਸ਼ੁਰੂ ਕਰ ਦਿੱਤੀ। ਪੜ੍ਹਾਈ ਲਈ ਆਸਟ੍ਰੇਲੀਆ ਭਾਰਤੀ ਵਿਦਿਆਰਥੀਆਂ ਦੀ ਮਨਪਸੰਦ ਥਾਂ ਹੈ। ਉਥੇ ਹਰ ਸਾਲ 30 ਹਜ਼ਾਰ ਭਾਰਤੀ ਵਿਦਿਆਰਥੀ ਉੱਚ ਸਿੱਖਿਆ ਲਈ ਜਾਂਦੇ ਹਨ। ਆਸਟ੍ਰੇਲੀਆ ਦੇ ਮਨੁੱਖੀ ਵਸੀਲਿਆਂ ਦੇ ਵਿਕਾਸ ਮੰਤਰਾਲੇ ਅਨੁਸਾਰ ਕਰੀਬ ਇਕ ਲੱਖ ਵਿਦਿਆਰਥੀ ਇਸ ਸਮੇਂ ਆਸਟ੍ਰੇਲੀਆ ’ਚ ਹਨ ਜਿਨ੍ਹਾਂ ’ਚੋਂ ਅੱਧੇ ਤਾਂ ਸਿਰਫ ਵਿਕਟੋਰੀਆ ਸ਼ਹਿਰ ਵਿਚ ਹੀ ਸਨ। ਆਸਟ੍ਰੇਲੀਆ ਦੇ ਸਿੱਖਿਆ ਸੰਸਥਾਵਾਂ ਦੇ ਨੁਮਾਇੰਦੇ ਹਰੇਕ ਸਾਲ ਦੇਸ਼ ਵਿਚ ਵੱਡੇ ਸ਼ਹਿਰਾਂ ਜਾਂ ਰਾਜਧਾਨੀਆਂ ’ਚ ਕੈਂਪ ਲਾ ਕੇ ਕਈ ਤਰ੍ਹਾਂ ਦੀ ਸਿਖਲਾਈ ਪਿੱਛੋਂ ਵਿਦਿਆਰਥੀਆਂ ਦੀ ਚੋਣ ਕਰਕੇ ਲੈ ਜਾਂਦੇ ਹਨ। ਵਿਦਿਆਰਥੀਆਂ ਨੂੰ ਆਕਸ਼ਿਤ ਕਰਨ ਲਈ ਇਨ੍ਹਾਂ ਸੰਸਥਾਵਾਂ ਵੱਲੋਂ ਕਾਫ਼ੀ ਧੂਮ-ਧਾਮ ਦੇ ਨਾਲ ਪ੍ਰਚਾਰ ਵੀ ਕੀਤਾ ਜਾ ਰਿਹਾ ਹੈ। ਪਿਛਲੇ ਸਾਲ ਹੀ ਆਸਟ੍ਰੇਲੀਆ ਸਰਕਾਰ ਨੇ ਪ੍ਰਚਾਰ ਤੇ ਲਗਭਗ 35 ਲੱਖ ਡਾਲਰ ਖਰਚ ਕੀਤੇ ਸਨ ਵਿਦਿਆਰਥੀਆਂ ਤੇ ਹਮਲੇ ਪਹਿਲਾਂ ਵੀ ਹੁੰਦੇ ਸਨ ਪਰ ਪਿਛੇ ਜਿਹੇ ਵਿਦਿਆਰਥੀਆਂ ਤੇ ਜਦ ਜਾਨਲੇਵਾ ਹਮਲਾ ਹੋਇਆ ਤਾਂ ਨਸਲਵਾਦ ਮੁੱਦਾ ਬਣ ਕੇ ਉਭਰਿਆ। ਕਈ ਮਹੀਨਿਆਂ ਵਿਚ ਹੀ ਜਦ ਉਪਕਾਰ ਸਿੰਘ (ਉਨ੍ਹਾਂ ਦੀ ਮੌਤ ਹੋ ਗਈ) ਸੌਰਭ ਕੁਮਾਰ, ਸਰਵਣ ਕੁਮਾਰ, ਬਲਜਿੰਦਰ ਸਿੰਘ ਤੇ ਰਾਜੇਸ਼ ਕੁਮਾਰ ਤੇ ਘਾਤਕ ਹਮਲੇ ਹੋਏ ਤਾਂ ਦੋਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਇਸ ’ਤੇ ਸੋਚਣਾ ਸ਼ੁਰੂ ਕੀਤਾ। ਮਾਰਚ ਦੀ ਰੀਪੋਰਟ ਹੈ ਕਿ ਆਸਟ੍ਰੇਲੀਆ ਪੁਲਸ ਨੇ ਇਥੇ ਭਾਰਤੀ ਵਿਦਿਆਰਥੀਆਂ ’ਤੇ ਹਮਲੇ ਦੀਆਂ 500 ਘਟਨਾਵਾਂ ਦੀ ਗੱਲ ਮੰਨੀ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਜਦ ਇਨ੍ਹਾਂ ਘਟਨਾਵਾਂ ’ਤੇ ਗਹਿਰੀ ਚਿੰਤਾ ਜਾਹਰ ਕੀਤੀ ਤਾਂ ਆਸਟ੍ਰੇਲੀਆ ਆਈ ਨੂੰ ਸੰਸਦ ਵਿਚ ਵੀ ਇਸ ਦੀ ਗੂੰਜ ਉੱਠੀ ਅਤੇ ਪ੍ਰਧਾਨ ਮੰਤਰੀ ਕੇਵਿਨ ਰੂਡ ਨੂੰ ਸੰਸਦ ਵਿਚ ਇਹ ਸਫਾਈ ਦੇਣੀ ਪਈ। “ਮੈਂ ਸਭ ਆਸਟ੍ਰੇਲੀਆ ਵਾਸੀਆਂ ਦੀ ਤਰਫ਼ੋਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਇਨ੍ਹਾਂ ਸਾਰਿਆਂ ਹਮਲਿਆਂ ਦੀ ਨਿੰਦਾ ਕਰਦੇ ਹਾਂ, ਮੈਂ ਮਨਮੋਹਨ ਸਿੰਘ ਨੂੰ ਕਿਹਾ ਹੈ ਕਿ 90 ਹਜ਼ਾਰ ਤੋਂ ਵੱਧ ਭਾਰਤੀ ਵਿਦਿਆਰਥੀ ਆਸਟ੍ਰੇਲੀਆ ਵਿਚ ਹਨ। ਇਸ ਤੋਂ ਇਲਾਵਾ 2 ਲੱਖ ਤੋਂ ਵੱਧ ਭਾਰਤੀ ਮੂਲ ਦੇ ਆਸਟ੍ਰੇਲੀਆਈ ਲੋਕਾਂ ਦਾ ਇਥੇ ਸੁਆਗਤ ਹੈ।” ਭਾਰਤ ਤੋਂ ਆਸਟ੍ਰੇਲੀਆ ਜਾਣ ਵਾਲੇ ਵਿਦਿਆਰਥੀ ਬਿਜਨਿਸ ਸਟੱਡੀਜ਼, ਇੰਜਨੀਰਿੰਗ, ਸੂਚਨਾ ਟੈਕਨੋਲੋਜੀ, ਵਿਗਿਆਨ ਤੇ ਹਾਸਪਟੈਲਿਟੀ ਮੈਨੇਜਮੈਂਟ ਆਦਿ ਦੇ ਕੋਰਸ ਕਰਨ ਆਉਂਦੇ ਹਨ ਅਤੇ ਜੋ ਕੁਝ ਮਿਲਾ ਕੇ ਭਾਰਤ ਦੇ ਖੁਸ਼ਹਾਲ ਲੋਕਾਂ ਦੇ ਹੁੰਦੇ ਹਨ। ਇਨ੍ਹਾਂ ਵਿਦਿਆਰਥੀਆਂ ਤੋਂ ਇਲਾਵਾ ਆਈ. ਆਈ. ਟੀ. ਅਤੇ ਆਈ. ਆਈ. ਐਮ. ਵਰਗੇ

ਵੱਡੇ ਅਦਾਰਿਆਂ ਦੇ ਵੀ ਵਿਦਿਆਰਥੀ ਨੌਕਰੀ ਜਾਂ ਉੱਚ ਸਿੱਖਿਆ ਲਈ ਉਥੇ ਜਾਂਦੇ ਹਨ। ਉਹ ਆਪਣੀ ਪ੍ਰਤਿਭਾ ਅਤੇ ਮਿਹਨਤ ਦੀ ਬਦੌਲਤ ਪੜ੍ਹਾਈ ਕਰਨ ਦੇ ਨਾਲ-ਨਾਲ ਕਮਾਈ ਦੇ ਛੋਟੇ ਮੋਟੇ ਕੰਮ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ। ਨੌਕਰੀ ਲਈ ਮੌਕਿਆਂ ਦੀ ਘਾਟ ਸਥਾਨਕ ਅਤੇ ਭਾਰਤੀ ਲੋਕਾਂ ਵਿਚਕਾਰ ਇਕ ਮਤਭੇਦ ਪੈਦਾ ਕਰਦੀ ਹੈ। ਜਿਸ ਦਾ ਘਿਨੌਣਾ ਰੂਪ ਨਸਲਵਾਦੀ ਹਿੰਸਾ ਵਜੋਂ ਸਾਹਮਣੇ ਆਉਂਦਾ ਹੈ। ਸਥਾਨਕ ਲਫੰਗੇ ਨੌਜਵਾਨਾਂ ਦੀ ਜਮਾਤ 'ਕਰੀ ਬੈਸ਼ਿੰਗ' ਵਜੋਂ ਜਾਣੀ ਜਾਂਦੀ ਹੈ। ਜੋ ਆਪਣੀ ਕੁੰਠਾ ਤੇ ਨਿਰਾਸ਼ਾ ਨਾਲ ਗ੍ਰਸਿਤ ਹੋ ਕੇ ਸਿਰਫ ਭਾਰਤੀ ਵਿਦਿਆਰਥੀ ਨੂੰ ਨਿਸ਼ਾਨਾ ਬਣਾਉਂਦੇ ਹਨ। ਆਸਟ੍ਰੇਲੀਆ 'ਚ ਬੇਹਤਰ ਸਿੱਖਿਆ ਦੀ ਤਲਾਸ਼ ਵਿਚ ਕਈ ਦੇਸ਼ਾਂ ਦੇ ਵਿਦਿਆਰਥੀ ਪਹੁੰਚਦੇ ਹਨ। ਇਸ ਵਿਚ ਪਾਂਰਤੀ ਵਿਦਿਆਰਥੀ ਕਰੀਬ 18 ਫੀਸਦੀ ਹੁੰਦੇ ਹਨ। ਆਸਟ੍ਰੇਲੀਆ ਦੇ ਲਈ ਸਿੱਖਿਆ ਆਮਦਨੀ ਦਾ ਵੀ ਇਕ ਵੱਡਾ ਜ਼ਰੀਆ ਹੈ। ਪਿਛਲੇ ਸਾਲ ਹੀ ਆਸਟ੍ਰੇਲੀਆ ਨੂੰ 12.2 ਬਿਲੀਅਨ ਅਮਰੀਕੀ ਡਾਲਰ ਦੀ ਆਮਦਨ ਹੋਈ ਸੀ। ਉਥੋਂ ਦੇ ਅਰਥਚਾਰੇ 'ਚ ਭਾਰਤੀ ਵਿਦਿਆਰਥੀਆਂ ਦੇ ਯੋਗਦਾਨ ਨੂੰ ਨਕਾਰਾ ਨਹੀਂ ਕੀਤਾ ਜਾ ਸਕਦਾ ਹੈ। ਇਹੀ ਵਜ੍ਹਾ ਹੈ ਕਿ ਉਥੇ ਭਾਰਤੀ ਵਿਦਿਆਰਥੀ ਖ਼ੁਦ ਨੂੰ ਆਰਥਿਕ ਨਿਰਮਾਤਾ ਵਜੋਂ ਵੀ ਦੇਖਦੇ ਹਨ। ਲੱਗਭਗ 8.3 ਲੱਖ ਭਾਰਤੀ ਵਿਦਿਆਰਥੀ ਆਸਟ੍ਰੇਲੀਆ ਤੋਂ ਇਲਾਵਾ ਅਮਰੀਕਾ, ਬ੍ਰਿਟੇਨ, ਰੂਸ, ਫਰਾਂਸ ਆਦਿ ਦੇਸ਼ਾਂ ਵਿਚ ਵੀ ਪੜ੍ਹ ਰਹੇ ਹਨ। ਇਨ੍ਹਾਂ 'ਤੇ ਲੱਗਭਗ 13 ਬਿਲੀਅਨ ਅਮਰੀਕੀ ਡਾਲਰ ਸਲਾਨਾ ਖਰਚ ਆਉਂਦਾ ਹੈ। ਆਰਥਿਕ ਨਜ਼ਰੀਏ ਨਾਲ ਭਾਰਤੀ ਵਿਦਿਆਰਥੀ ਇਨ੍ਹਾਂ ਦੇਸ਼ਾਂ ਲਈ ਲਾਭਕਾਰੀ ਹੀ ਹਨ। ਆਰਥਿਕ ਮੰਦੀ ਦੇ ਦੌਰ ਵਿਚ ਜਿਥੇ ਅਮਰੀਕਾ, ਚੀਨ, ਜਪਾਨ ਆਦਿ ਵਰਗੇ ਵਿਕਸਤ ਦੇਸ਼ਾਂ ਵਿਚ ਜਦ ਸਥਾਪਤ ਉਦਯੋਗਾਂ ਤੇ ਤਾਲੇ ਲੱਗ ਰਹੇ ਹੋਣ ਤਾਂ ਆਸਟ੍ਰੇਲੀਆਈ ਸਰਕਾਰ ਨਸਲਵਾਦ ਦੀ ਅੱਗ 'ਚ ਸਿੱਖਿਆ ਵਰਗੇ ਸਦਾਬਹਾਰ ਉਦਯੋਗ ਨੂੰ ਝੌਂਕਣਾ ਨਹੀਂ ਚਾਹੇਗੀ। ਵਿਦਿਆਰਥੀਆਂ ਦੀ ਵਾਪਸੀ ਉਨ੍ਹਾਂ ਦੇ ਅਰਬਾਂ ਡਾਲਰ ਦੇ ਸਿੱਖਿਆ ਉਦਯੋਗ ਨੂੰ ਕਿੰਨਾ ਨੁਕਸਾਨ ਪਹੁੰਚਾਵੇਗੀ, ਇਸ ਦਾ ਅੰਦਾਜ਼ਾ ਤਾਂ ਲਗਾਇਆ ਹੀ ਜਾ ਸਕਦਾ ਹੈ। ਭਾਰਤੀ ਸਿਰਫ਼ ਆਸਟ੍ਰੇਲੀਆ ਵਿਚ ਹੀ ਨਹੀਂ ਬਲਕਿ ਬਿਟ੍ਰੇਨ, ਰੂਸ, ਜਰਮਨੀ, ਫਰਾਂਸ ਅਤੇ ਖਾੜੀ ਦੇਸ਼ਾਂ ਅਤੇ ਕੁਝ ਅਫਰੀਕੀ ਦੇਸ਼ਾਂ ਵਿਚ ਵੀ ਨਸਲਵਾਦ ਦੇ ਸ਼ਿਕਾਰ ਹੁੰਦੇ ਰਹੇ ਹਨ। 2006 'ਚ ਫਰਾਂਸ 'ਚ ਸਿੱਖਾਂ ਦੀ ਪੱਗ ਸਬੰਧੀ ਵਿਵਾਦ ਹੁੰਦਾ ਸੀ। ਉਸੇ ਸਾਲ ਰੂਸ ਦੇ ਸ਼ਹਿਰ ਪੀਟਰਬਰਗ 'ਚ ਇਕ ਭਾਰਤੀ ਵਿਦਿਆਰਥੀ ਦੀ ਹੱਤਿਆ ਕਰ ਦਿੱਤੀ ਗਈ ਸੀ। ਇਸ ਮੁੱਦੇ 'ਤੇ ਬਚਾਅ ਕਰਦੇ ਹੋਇਆ ਭਾਰਤ 'ਚ ਆਸਟ੍ਰੇਲੀਆ ਦੇ ਕਮਿਸ਼ਨ ਜਾਨ ਮੈਕਾਰਥੀ ਨੇ ਕਿਹਾ, "ਨਸਲਵਾਦ ਦੇ ਮੁੱਦੇ 'ਤੇ ਕਿਸੇ ਵੀ ਦੇਸ਼ ਦੇ ਮੁਕਾਬਲੇ ਸਾਡੇ ਦੇਸ਼ ਦਾ ਰਿਕਾਰਡ ਬੇਹਤਰ ਹੈ, ਸਾਡੇ ਇਥੇ ਲਗਭਗ 200 ਕੌਮੀਅਤਾਂ ਵਾਲੇ ਲੋਕ ਰਹਿੰਦੇ ਹਨ। ਅਸੀਂ ਸਹਿਹੋਂਦ ਵਜੋਂ ਜਾਣੇ ਜਾਂਦੇ ਹਾਂ ਅਤੇ ਵੱਖ-ਵੱਖ ਨਸਲ ਵਾਲੇ ਲੋਕਾਂ ਦੇ ਨਾਲ ਰਹਿਣਾ ਜਾਣਦੇ ਹਾਂ। ਪਰ ਫਿਰ ਵੀ ਸਾਨੂੰ ਨਸਲਵਾਦ ਦਾ ਸਾਹਮਣਾ ਕਰਨਾ ਹੈ। ਇਸ ਨਾਲ ਲੜਨ ਲਈ ਸਾਡੇ ਕੋਲ ਲੋੜੀਂਦਾ ਕਾਨੂੰਨ ਹੈ।' ਮੈਕਾਰਥੀ ਜੋ ਵੀ ਕਹੇ, ਪਰ ਯੂਨੀਵਰਸਿਟੀ ਆਫ ਨਿਊ ਸਾਊਥ ਵੇਲਸ ਦੇ ਪ੍ਰਾਅਧਿਆਪਕ ਕੇਵਿਨ ਐਮ ਦੁਨ ਵੱਲੋਂ ਆਸਟ੍ਰੇਲੀਆ 'ਚ ਨਸਲਵਾਦ 'ਤੇ ਕੀਤਾ ਗਿਆ ਅਧਿਐਨ 'ਚ ਦੱਸਿਆ ਗਿਆ ਹੈ ਕਿ ਭਾਰਤੀ, ਚੀਨੀ ਤੇ ਹੋਰ ਏਸ਼ੀਆਈ ਲੋਕਾਂ ਅਤੇ ਯਹੂਦੀਆਂ ਨੂੰ ਨਸਲਵਾਦੀ ਭੇਦਭਾਵ ਦਾ ਸ਼ਿਕਾਰ ਹੋਣਾ ਪੈਂਦਾ ਹੈ। ਜਿਨ੍ਹਾਂ

ਦੀ ਮਾਤਰ ਭਾਸ਼ਾ ਅੰਗਰੇਜ਼ੀ ਨਹੀਂ ਹੈ ਜਾਂ ਜੋ ਇੰਗਲੈਂਡ ਆਦਿ ਦੇਸ਼ਾਂ ਤੋਂ ਨਹੀਂ ਆਏ ਹਨ ਉਹ ਹੋਰ ਵੀ ਵੱਧ ਸ਼ਿਕਾਰ ਹੁੰਦੇ ਹਨ। ਇਹ ਭੇਦਭਾਵ ਰੋਜ਼ਮਾਰਾ ਦੀ ਜ਼ਿੰਦਗੀ 'ਚ ਨਹੀਂ ਬਲਕਿ ਭਦਰਜਨਾ ਵਾਲੀ ਖੇਡ ਕ੍ਰਿਕਟ ਵਿਚ ਵੀ ਵੇਖਣ ਨੂੰ ਮਿਲਦਾ ਹੈ। ਸਾਲ 2003 'ਚ ਆਸਟ੍ਰੇਲੀਆਈ ਖਿਡਾਰੀ ਡਾਰੇਲ ਲੀਮੈਨ ਵੱਲੋਂ ਸ੍ਰੀਲੰਕਾ ਖਿਡਾਰੀਆਂ 'ਤੇ ਅਪਮਾਨਜਨਕ ਨਸਲਵਾਦੀ ਟਿੱਪਣੀ ਕਰਨ ਪਿੱਛੋਂ ਸ੍ਰੀ ਲੀਮੈਨ ਨੂੰ ਦੋਸ਼ੀ ਠਹਿਰਾਉਣ ਦੀ ਬਜਾਏ ਸ੍ਰੀਲੰਕਾ ਦਾ ਵੀ ਮਜ਼ਾਕ ਉਡਾਇਆ ਗਿਆ। ਨਸਲਵਾਦ ਤੇ ਉਥੋਂ ਦੇ ਰਾਜਸੀ ਆਗੂਆਂ ਦੀ ਜੋ ਵੀ ਸੋਚ ਹੋਵੇ ਪਰ ਰਾਜਸੀ ਪੱਧਰ 'ਤੇ ਉਥੇ ਸ਼ੁਰੂ ਤੋਂ ਹੀ ਭੇਦਭਾਵ ਦੀ ਨੀਤੀ ਹਾਵੀ ਰਹੀ ਹੈ। 1901 'ਚ ਹੋਂਦ 'ਚ ਆਉਣ ਦੇ ਨਾਲ ਹੀ ਪਹਿਲਾਂ ਕਾਨੂੰਨ ਹਾਈਟ ਆਸਟ੍ਰੇਲੀਆ ਪਾਲਿਸੀ ਬਣਾਇਆ ਗਿਆ। ਆਸਟ੍ਰੇਲੀਆ ਦੀ ਸਮਰਥਿਤ ਇਸ ਨੀਤੀ ਦਾ ਮਕਸਦ ਗੈਰ-ਕਾਕੇਸ਼ਿਆਈ (ਗੈਰ ਸ਼ਵੇਤ ਯੂਰਪੀਆਈ) ਲੋਕਾਂ ਨੂੰ ਨਾਗਰਿਕਤਾ ਤੇ ਪ੍ਰਵਾਸ ਉੱਪਰ ਰੋਕ ਲਾਉਣਾ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਸਾਲ 1920 ਦੇ ਦਹਾਕੇ 'ਚ ਗੈਰ-ਕਾਕੇਸ਼ਿਆਈ ਲੋਕਾਂ ਦੀ ਗਿਣਤੀ ਕਾਫੀ ਘੱਟ ਹੋ ਗਈ ਅਤੇ ਯੂਰਪੀ ਲੋਕਾਂ ਦੀ ਆਬਾਦੀ ਲਗਭਗ 80 ਫੀਸਦੀ ਹੋ ਗਈ। ਇਸ ਵਜ੍ਹਾ ਨਾਲ ਇਥੇ ਨਾਗਰਿਕਾਂ ਦੀ ਸਥਿਤੀ ਤਾਂ ਬੇਹਤਰ ਹੁੰਦੀ ਗਈ ਪਰ ਮੂਲ ਨਾਗਰਿਕ (ਉਥੋਂ ਦੇ ਆਦੀਵਾਸੀ) ਹੁਣ ਵੀ ਬੇਹਾਲ ਹਨ। ਇਨ੍ਹਾਂ ਦੇ ਅੰਦਰ ਹੀ ਅੰਦਰ ਸੰਘਰਸ਼ ਚੱਲਦਾ ਰਹਿੰਦਾ ਹੈ। 1973 ਤੱਕ ਇਸ ਕਾਨੂੰਨ ਨਾਲ ਨਸਲਵਾਦ ਨੂੰ ਹੱਲਾਸ਼ੇਰੀ ਹੀ ਮਿਲੀ ਹੈ। ਪਰ ਸਰਕਾਰ ਨੇ ਬਹੁ-ਸਭਿਆਚਾਰਕ ਨੀਤੀ 'ਤੇ ਜ਼ੋਰ ਦਿੰਦਿਆਂ ਰੇਸ਼ਿਅਲ ਡਿਸਕ੍ਰੀਮੀਨੇਸ਼ਨ ਐਕਟ (1975) ਅਤੇ ਰੇਸਿਆਲ ਡੇਟ੍ਰੇਡ ਇਮੇਂਡਮੈਂਟ ਐਕਟ (1995) ਦੇ ਤਹਿਤ ਨਸਲ ਦੇ ਅਧਾਰ 'ਤੇ ਕਿਸੇ ਵੀ ਭੇਦਭਾਵ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਪਰ ਵਿਹਾਰਕਿਤਾ 'ਚ ਇਹ ਭੇਦਭਾਵ ਜਾਰੀ ਰਿਹਾ। ਵੋਟ ਬੈਂਕ ਲਈ ਵੀ ਰਾਜਨੀਤੀ ਵਿਚ ਇਸ ਦੀ ਬੇਹੱਦ ਵਰਤੋਂ ਕੀਤੀ ਗਈ। ਪੂਰਵ ਪ੍ਰਧਾਨ ਮੰਤਰੀ ਜਾਨ ਹਾਵਰਡ ਨਸਲਵਾਦੀ ਵਿਚਾਰਧਾਰਾ ਦੇ ਹਮਾਇਤੀ ਸਨ। ਉਨ੍ਹਾਂ ਨੇ ਏਸ਼ੀਆਈ ਲੋਕਾਂ ਦੇ ਅਪ੍ਰਵਾਸਨ 'ਤੇ ਰੋਕ ਲਾਉਣ ਲਈ ਬਹੁ-ਸੰਸਕ੍ਰਿਤੀਵਾਦ ਦੀ ਨੀਤੀ ਨੂੰ ਬੰਦ ਕਰਕੇ ਸਾਲ 1988 'ਚ ਵਨ ਆਸਟ੍ਰੇਲੀਆ ਨੀਤੀ 'ਤੇ ਜ਼ੋਰ ਦਿੱਤਾ ਜਿਸ ਦੀ ਬਦੌਲਤ ਉਹ 1996 ਤੋਂ 2007 ਤੱਕ ਸੱਤਾ 'ਚ ਕਾਬਜ ਰਹੇ। ਹਾਰਵਰਡ ਦੇ ਸਮੇਂ ਨਸਲਵਾਦੀ ਨੇਤਾ ਪਾਲਿਨ ਹੇਨਸਨ ਦੀਆਂ ਅਪ੍ਰਵਾਸਨ ਸੰਬੰਧੀ ਅਨੇਕ ਨੀਤੀਆਂ ਅਤੇ ਪ੍ਰਸਤਾਵਾਂ ਨੂੰ ਅਸਲੀ ਜਾਮਾ ਪਹਿਨਾਇਆ ਗਿਆ। ਕੇਵਿਨ ਰੂਡ ਦੀ ਸਰਕਾਰ ਭਾਵੇਂ ਹੀ ਉਦਾਰਵਾਦੀ ਵਿਚਾਰਾਂ ਦੀ ਹੈ ਪਰ ਆਸਟਰੇਲੀਆਈ ਸਮਾਜ 'ਚ ਨਸਲਵਾਦ ਦਾ ਨਾਸੂਰ ਪੂਰੀ ਤਰ੍ਹਾਂ ਖਤਮ ਨਹੀਂ ਹੋਇਆ ਹੈ। ਇਸ ਦਾ ਦਬਾ ਰੂਪ ਹਿੰਸਕ ਘਟਨਾਵਾਂ ਵਜੋਂ ਸਾਹਮਣੇ ਆਉਂਦਾ ਰਹਿੰਦਾ ਹੈ। ਭਾਰਤੀ ਵਿਦਿਆਰਥੀਆਂ 'ਤੇ ਹੋਏ ਹਮਲਿਆਂ ਤੋਂ ਭਾਰਤ ਵਿਚ ਵੀ ਭਾਰੀ ਗੁੱਸਾ ਪੈਦਾ ਹੋਇਆ ਹੈ। ਬਾਲ ਠਾਕਰੇ ਨੇ ਦੇਸ਼ ਦੀ ਸਨਅਤੀ ਦੁਨੀਆ ਤੋਂ ਆਸਟ੍ਰੇਲੀਆਈ ਖਿਡਾਰੀਆਂ ਤੋਂ ਦੂਰੀ ਬਣਾਉਣ ਦੀ ਸਲਾਹ ਦਿੱਤੀ। ਅਮਿਤਾਬ ਬਚਨ ਨੇ ਵੀ ਘਟਨਾ ਦੇ ਵਿਰੋਧ ਵਿਚ ਬ੍ਰਿਸਬੇਨ ਸਥਿਤ ਕਵੀਸਲੈਂਡ ਯੂਨੀਵਰਸਿਟੀ ਆਫ ਟੈਕਨੋਲੋਜੀ ਵੱਲੋਂ ਡਾਕਟਰੇਟ ਦੀ ਉਪਾਧੀ ਵਾਪਸ ਕਰ ਦਿੱਤੀ। ਉਸ ਤੋਂ ਸਾਫ ਜਾਹਰ ਹੁੰਦਾ ਹੈ ਕਿ ਵਿਕਸਤ ਦੇਸ਼ ਵਿਸ਼ਵੀਕਰਨ ਦੀ ਗੱਲ ਬੇਸ਼ੱਕ ਕਰਦੇ ਹੋਣ, ਜਦ ਵਿਵਿਧਤਾ ਦੇ ਨਾਲ ਹਿੱਸੇਦਾਰੀ ਦੀ ਗੱਲ ਆਉਂਦੀ ਹੈ ਤਾਂ ਨਸਲਵਾਦ ਦੇ ਅੱਗੇ ਉਨ੍ਹਾਂ ਦੀ ਸਹਿਨਸ਼ੀਲਤਾ ਜੁਆਬ ਦੇਣ ਲੱਗਦੀ ਹੈ।

# ਜਾਤਪਾਤ ਦੀ ਅੱਗ ਅਤੇ ਸਿੱਖ ਧਰਮ

ਅਪ੍ਰੇਸ਼ਨ ਬਲਿਊ ਸਟਾਰ ਦੇ ਪੱਚੀ ਸਾਲ ਪੂਰੇ ਹੋਣ ਦੇ ਆਸਪਾਸ ਪੰਜਾਬ ਇਕ ਵਾਰੀ ਫਿਰ ਝੁਲਸ ਉੱਠਿਆ ਵਿਆਨਾ ਤੋਂ ਉੱਠੀ ਇਸ ਚੰਗਿਆਰੀ ਨੇ ਸਿੱਖ ਧਰਮ ਅੰਦਰ ਜਾਤੀਵਾਦ ਦੀ ਘ੍ਰਿਣਾ ਨੂੰ ਬਾਹਰ ਲੈ ਆਂਦਾ ਹੈ।

ਧਾਰਮਿਕ ਅਸਹਿਣਸ਼ੀਲਤਾ ਦਾ ਜਦ ਜਾਤੀਵਾਦ ਨਾਲ ਟਕਰਾਅ ਹੁੰਦਾ ਹੈ ਤਾਂ ਉਸ ਤੋਂ ਪੈਦਾ ਹੋਈ ਹਿੰਸਾ ਉਨ੍ਹਾਂ ਨਿਰਦੋਸ਼ ਲੋਕਾਂ 'ਤੇ ਸਭ ਤੋਂ ਵੱਧ ਅਸਰ ਪਾਉਂਦੀ ਹੈ ਜਿਨ੍ਹਾਂ ਦਾ ਇਸ ਨਾਲ ਕੁਝ ਲੈਣਾ ਦੇਣਾ ਨਹੀਂ ਹੁੰਦਾ। ਆਸਟ੍ਰੇਲੀਆ ਦੀ ਰਾਜਧਾਨੀ ਵਿਆਨਾ 'ਚ ਡੇਰਾ ਗੁਰੂ ਰਵਿਦਾਸ ਸੱਚਖੰਡ ਦੇ ਮੁਖੀ ਸੰਤ ਨਿਰੰਜਨ ਦਾਸ ਅਤੇ ਉਨ੍ਹਾਂ ਦੇ ਗ੍ਰੰਥੀ ਰਾਮਾਨੰਦ ਤੇ ਹੋਏ ਹਮਲੇ ਪਿੱਛੋਂ ਪੰਜਾਬ 'ਚ ਜੋ ਹਿੰਸਾ ਭੜਕੀ, ਉਹ ਸਮਾਜ ਦੇ ਧਾਰਮਿਕ ਤੇ ਜਾਤੀਵਾਦੀ ਕੱਟੜਪੰਥੀਆਂ 'ਚ ਤੇਜ਼ੀ ਨਾਲ ਘੱਟ ਰਹੀ ਸਹਿਣਸ਼ੀਲਤਾ ਦੀ ਉਦਾਹਰਣ ਹੈ। ਪੰਜਾਬ 'ਚ ਸਰਗਰਮ ਕਈ ਡੇਰਿਆਂ ਵਿਚੋਂ ਇਕ ਗੁਰੂ ਰਵੀਦਾਸ ਸੱਚਖੰਡ ਬੱਲਾਂ ਦੇ ਮੁਖੀ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦ ਉਹ ਆਪਣੇ ਸਹਿਯੋਗੀ ਗ੍ਰੰਥੀ ਦੇ ਨਾਲ ਯੂਰਪ ਦੀ ਯਾਤਰਾ 'ਤੇ ਸਨ। ਵਿਆਨਾ ਦੀ ਰੂਡੋਲਪਸ਼ਹਾਈਮ ਸੜਕ ਤੇ ਸਥਿਤ ਇਸ ਗੁਰਦੁਆਰੇ 'ਚ ਸਿੱਖਾਂ ਦੇ ਹੀ ਇਕ ਵਰਗ ਦੁਆਰਾ ਕੀਤੇ ਗਏ ਹਮਲੇ 'ਚ 55 ਸਾਲਾਂ ਰਾਮਾਨੰਦ ਦੀ ਮੌਤ ਹੋ ਗਈ ਅਤੇ 66 ਸਾਲਾਂ ਨਿਰੰਜਨ ਦਾਸ ਸਮੇਤ 24 ਲੋਕ ਜਖ਼ਮੀ ਹੋ ਗਏ। ਸਾਰੇ ਛੇ ਹਮਲਾਵਰਾਂ ਨੂੰ ਫੜ ਲਿਆ ਗਿਆ। ਇਸ ਦੇ ਬਾਵਜੂਦ ਮੋੜਵੀਂ ਹਿੰਸਾ ਦੀ ਅੱਗ ਪੰਜਾਬ 'ਚ ਉੱਠੀ। ਪੰਜਾਬ ਦੇ ਦੁਆਬਾ ਖੇਤਰ ਜਲੰਧਰ, ਹੁਸ਼ਿਆਰਪੁਰ ਸਮੇਤ ਆਸ ਪਾਸ ਦੇ ਸ਼ਹਿਰਾਂ ਵਿਚ ਡੇਰਾ ਸਮਰਥਕ ਹਿੰਸਾ 'ਤੇ ਉਤਾਰ ਆਏ। ਉਨ੍ਹਾਂ ਨੇ ਰੇਲ ਗੱਡੀਆਂ ਫੂਕ ਦਿੱਤੀਆਂ, ਦੁਕਾਨਾਂ ਨੂੰ ਅੱਗ ਲਾ ਦਿੱਤੀ ਅਤੇ ਰਾਜ ਮਾਰਗ ਤੋਂ ਜਾਣ ਵਾਲੇ ਵਾਹਨਾਂ ਨੂੰ ਹਰਜਾ ਪਹੁੰਚਾਇਆ। ਹਜ਼ਾਰਾਂ ਦੀ ਗਿਣਤੀ 'ਚ ਯਾਤਰੀ ਅੱਧ ਵਿਚਾਲੇ ਫਸ ਗਏ। ਪੰਜਾਬ 'ਚੋਂ ਲੰਘਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਰੱਦ ਕਰਨੀਆਂ ਪਈਆਂ। ਖਾਸ ਕਰਕੇ ਵੈਸ਼ਣੂ ਦੇਵੀ ਦੀ ਯਾਤਰਾ ਤੇ ਗਏ ਹਜ਼ਾਰਾਂ ਤੀਰਥ ਯਾਤਰੀ ਜੰਮੂ 'ਚ ਹੀ ਫਸ ਗਏ। ਇਹ ਧਾਰਮਿਕ ਜਨੂੰਨੀ ਭੁੱਲ ਗਏ ਸਨ ਕਿ ਉਹ ਉਸ ਸਿੱਖ ਧਰਮ ਦੇ ਹੀ ਪੈਰੋਕਾਰ ਹਨ ਜੋ ਸ਼ਾਂਤੀ ਤੇ ਸਦਭਾਵਨਾ ਸਿਖਾਉਂਦਾ ਹੈ। ਉਹ ਜਿਸ ਗੁਰੂ ਰਵਿਦਾਸ ਨੂੰ ਆਪਣਾ ਸਭ ਕੁਝ ਮੰਨਦੇ ਹਨ, ਉਨ੍ਹਾਂ ਦੀ ਪੰਦਰਵੀਂ ਸਤਾਬਦੀ 'ਚ ਭਗਤੀ ਅੰਦੋਲਨ ਦੀ ਵਿਚਾਰਧਾਰਾ ਨੂੰ ਅੱਗੇ ਵਧਾਇਆ ਸੀ। ਇਹ ਸਭ ਭੁੱਲ ਕੇ ਦੰਗਾਈ ਬਣ ਚੁੱਕੇ ਇਹ ਭਗਤ ਦੋ ਦਿਨਾਂ ਤੱਕ ਪੰਜਾਬ ਦੀਆਂ ਸੜਕਾਂ 'ਤੇ ਹਿੰਸਾ ਦਾ ਨੰਗਾ ਨਾਚ ਕਰਦੇ ਰਹੇ, ਇਨ੍ਹਾਂ 'ਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ। ਅਸਲ 'ਚ ਵਿਆਨਾ 'ਚ ਹੋਏ ਹਮਲੇ ਤੇ ਉਸ ਪਿੱਛੋਂ ਪੰਜਾਬ 'ਚ ਭੜਕੀ ਹਿੰਸਾ ਕਿਸ ਤਰ੍ਹਾਂ ਦੀ ਸਹਿਜ ਅਮਲ ਨਹੀਂ ਬਲਕਿ ਸਾਲਾਂ ਤੋਂ ਇਕ ਹੀ ਧਰਮ ਦੇ ਦੋ ਵਰਗਾਂ ਵਿਚਕਾਰ ਪਣਪ ਰਹੀ ਆਪਸੀ ਨਫਰਤ ਦਾ ਸਿੱਟਾ ਸੀ ਇਸ ਘਟਨਾ ਨੇ ਬਸ ਚਿੰਗਾਰੀ ਦਾ ਕੰਮ ਕੀਤਾ। ਪੂਰੇ ਘਟਨਾਕ੍ਰਮ ਤੇ ਨਜ਼ਰ ਮਾਰਨ ਲਈ ਥੋੜਾ ਪਿਛੇ ਜਾਣਾ ਹੋਵੇਗਾ। ਸਿੱਖ ਧਰਮ ਦੀ ਸਥਾਪਨਾ ਦਾ ਮੂਲ ਉਦੇਸ਼

ਜਾਤਪਾਤ ਨੂੰ ਖਤਮ ਕਰਕੇ ਇਕ ਬਰਾਬਰੀ 'ਤੇ ਅਧਾਰਤ ਸਮਾਜ ਦੀ ਸਥਾਪਨਾ ਕਰਨਾ ਸੀ ਪਰ ਅਜਿਹਾ ਹੋ ਨਹੀਂ ਸਕਿਆ। ਸਮੇਂ ਦੇ ਨਾਲ-ਨਾਲ ਇਸ ਧਰਮ ਵਿਚ ਵੀ ਜਾਤਪਾਤ ਨੂੰ ਹੱਲਾਸ਼ੇਰੀ ਮਿਲੀ। ਪੰਜਾਬ 'ਚ ਦੇਸ਼ ਦੇ ਸਭ ਤੋਂ ਵੱਧ ਦਲਿਤ ਹਨ। ਉਹ ਰਾਜ ਦੀ ਕੁਲ ਆਬਾਦੀ ਦਾ 29 ਫੀਸਦੀ ਹਨ। ਸਿੱਖ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਉੱਚੀਆਂ ਜਾਤੀਆਂ ਉਸ ਨਜ਼ਰ ਨਾਲ ਵੇਖਦੀਆਂ ਹਨ, ਜਿਵੇਂ ਸਵਰਨ ਹਿੰਦੂ ਆਪਣੇ ਹੀ ਧਰਮ ਦੇ ਦਲਿਤਾਂ ਨੂੰ ਵੇਖਦੇ ਹਨ। ਉਨ੍ਹਾਂ ਦੇ ਅਧਿਕਾਰਾਂ ਤੇ ਧਾਰਮਿਕ ਰਵਾਇਤਾਂ 'ਚ ਵੀ ਫਰਕ ਹੈ। ਉਨ੍ਹਾਂ ਨੂੰ ਪੂਰਨ ਸਿੱਖ ਮੰਨ ਕੇ ਬਰਾਬਰੀ ਦਾ ਦਰਜਾ ਨਹੀਂ ਦਿੱਤਾ ਜਾਂਦਾ। ਰਾਜ ਦੀ ਰਾਜਨੀਤੀ ਅਤੇ ਸੱਤਾ 'ਤੇ ਵੀ ਉੱਚੀ ਜਾਤ ਦੇ ਸਿੱਖ ਖਾਸ ਕਰਕੇ ਜੱਟ ਹੀ ਹਾਵੀ ਹਨ। ਗਿਆਨੀ ਜੈਲ ਸਿੰਘ ਹੀ ਇਕੋ ਇਕ ਅਜਿਹੇ ਨੇਤਾ ਸਨ ਜੋ ਜਾਤ ਦੇ ਤਰਖਾਨ ਹੋਣ ਦੇ ਬਾਵਜੂਦ ਪੰਜਾਬ ਦੇ ਮੁੱਖ ਮੰਤਰੀ ਬਣੇ। ਸਮਾਜਿਕ ਭੇਦਭਾਵ ਕਾਰਨ ਰਾਜ ਦੇ ਦਲਿਤ ਸਿੱਖਾਂ ਤੇ ਆਮ ਸਿੱਖਾਂ 'ਚ ਦੂਰੀਆਂ ਵਧਣੀਆਂ ਸੁਭਾਵਿਕ ਸਨ। ਇਸ ਤੋਂ ਵੱਧ ਦਲਿਤ ਪੰਜਾਬ ਦੇ ਦੋਆਬਾ ਖੇਤਰ ਵਿਚ ਹਨ। ਉੱਥੇ ਉਨ੍ਹਾਂ ਦੀ ਆਬਾਦੀ ਲੱਗਭਗ 50 ਫੀਸਦੀ ਤੱਕ ਹੈ। ਸਮੇਂ ਦੇ ਨਾਲ-ਨਾਲ ਦਲਿਤ ਸਿੱਖ ਵੀ ਵਿਦੇਸ਼ ਗਏ ਅਤੇ ਉਥੇ ਜਾ ਕੇ ਕਾਫੀ ਪੈਸਾ ਕਮਾਉਣ ਲੱਗੇ। ਖੁਸ਼ਹਾਲੀ ਆਉਣ 'ਤੇ ਉਨ੍ਹਾਂ ਨੇ ਪਹਿਲਾਂ ਕੰਮ ਇਹ ਕੀਤਾ ਕਿ ਰਾਜ 'ਚ ਸਮਾਜਕ ਤੇ ਧਾਰਮਿਕ ਬਰਾਬਰੀ ਹਾਸਿਲ ਕਰਨ ਲਈ ਕਰੋੜਾਂ ਰੁਪਏ ਖਰਚ ਕਰਕੇ ਗੁਰਦੁਆਰੇ ਬਣਵਾਏ। ਕਿਸੇ ਨੇ ਵੀ ਸਕੂਲ, ਕਾਲਜ ਤੇ ਹਸਪਤਾਲ ਆਦਿ ਦੀ ਉਸਾਰੀ ਤੇ ਪੈਸਾ ਖਰਚਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਵਿਚ ਜਾਤ ਅਨੁਸਾਰ ਗੁਰਦੁਆਰੇ ਤੇ ਡੇਰੇ ਬਣਦੇ ਗਏ। ਇਸ ਸਮੇਂ ਪੰਜਾਬ 'ਚ 50 ਤੋਂ ਵੱਧ ਡੇਰੇ ਐਸੇ ਹਨ ਜਿਨ੍ਹਾਂ ਦੇ ਭਗਤਾਂ ਦੀ ਗਿਣਤੀ 1 ਲੱਖ ਤੋਂ ਵੱਧ ਹੈ। ਇਨ੍ਹਾਂ 'ਚ ਵੱਡੀ ਗਿਣਤੀ 'ਚ ਸਹਿਜਧਾਰੀ ਸਿੱਖ ਸ਼ਾਮਲ ਹਨ। ਇੰਨ੍ਹਾਂ ਡੇਰਿਆਂ ਤੇ ਉਨ੍ਹਾਂ ਦੇ ਗੁਰਦੁਆਰਿਆਂ ਦਾ ਪ੍ਰਭਾਵ ਏਨਾ ਵਧ ਗਿਆ ਕਿ ਰਾਜਸੀ ਪਾਰਟੀਆਂ ਵੀ ਵੋਟਾਂ ਲਈ ਉਨ੍ਹਾਂ ਦੇ ਮੁਖੀਆਂ ਦੀ ਸ਼ਰਨ 'ਚ ਜਾਣ ਲੱਗੀਆਂ। ਮਾਮਲਾ ਧਰਮ ਤੱਕ ਹੀ ਸੀਮਤ ਨਹੀਂ ਰਿਹਾ। ਡੇਰਿਆਂ ਦੇ ਵਧਦੇ ਪ੍ਰਭਾਵ ਨੇ ਆਮ ਗੁਰਦੁਆਰਿਆਂ ਨੂੰ ਆਰਥਿਕ ਤੌਰ 'ਤੇ ਵੀ ਪ੍ਰਭਾਵਿਤ ਕੀਤਾ। ਵਿਆਨਾ 'ਚ ਜਿਸ ਸੜਕ ਤੇ ਗੁਰੂ ਰਵਿਦਾਸ ਸੱਚਖੰਡ ਦੁਆਰਾ ਗੁਰਦੁਆਰਾ ਬਣਾਇਆ ਗਿਆ ਹੈ, ਉਥੇ ਪਹਿਲਾਂ ਇਕ ਹੋਰ ਗੁਰਦੁਆਰਾ ਸੀ। ਨਵੇਂ ਗੁਰਦੁਆਰੇ ਦੇ ਬਣਨ ਦੇ ਨਾਲ ਪਹਿਲਾਂ ਵਾਲੇ ਗੁਰਦੁਆਰੇ 'ਚ ਜਾਣ ਵਾਲੇ ਭਗਤਾਂ ਦੀ ਗਿਣਤੀ ਘੱਟਣ ਦੇ ਨਾਲ-ਨਾਲ ਚੜ੍ਹਾਵੇ 'ਚ ਬਹੁਤ ਕਮੀ ਆ ਗਈ। ਲੋਕ ਧਾਰਮਿਕ ਕਾਰਜਾਂ ਤੋਂ ਇਲਾਵਾ ਸ਼ਾਂਦੀ ਤੇ ਦੂਜੇ ਪਰਿਵਾਰਕ ਸਮਾਰੋਹਾਂ ਲਈ ਇਸ ਗੁਰਦੁਆਰੇ ਦੀ ਵਰਤੋਂ ਕਰਨ ਲੱਗੇ। ਸੰਯੋਗ ਵੱਸ ਪਹਿਲਾਂ ਵਾਲੇ ਗੁਰਦੁਆਰੇ ਤੇ ਖਾਲਿਸਤਾਨ ਸਮਰਥਕਾਂ ਦਾ ਕਬਜਾ ਸੀ।

ਆਸਟਰੇਲੀਆ ਵਿਚ ਮਨੁੱਖੀ ਅਧਿਕਾਰਾਂ ਨੂੰ ਬੇਹੱਦ ਮਹੱਤਵ ਦਿੱਤਾ ਜਾਂਦਾ ਹੈ ਅਤੇ ਨਾਗਰਿਕਤਾ ਹਾਸਲ ਕਰਨ ਦੇ ਨਿਯਮ ਥੋੜੇ ਮੋਕਲੇ ਹਨ। ਇਨ੍ਹਾਂ ਕਾਰਨ ਵੱਡੀ ਤੈਦਾਦ 'ਚ ਪੰਜਾਬ ਦੇ ਕੱਟੜਪੰਥੀਆਂ ਤੇ ਖਾੜਕੂਆਂ ਨੇ ਉਥੇ ਰਾਜਸੀ ਸ਼ਰਨ ਲੈ ਰੱਖੀ ਹੈ। ਇਹ ਸਾਬਕਾ ਅੱਤਵਾਦੀਆਂ ਦਾ ਗੜ੍ਹ ਬਣ ਚੁੱਕਿਆ ਹੈ। ਡੇਰਾ ਸੱਚਖੰਡ ਅਮਰੀਕਾ, ਕੈਨੇਡਾ ਤੇ ਯੂਰਪੀ ਯੂਨੀਅਨ 'ਚ ਵੀ ਆਪਣੇ ਗੁਰਦੁਆਰੇ ਖੋਲ੍ਹ ਚੁੱਕਿਆ

ਹੈ। ਇਸ ਹਮਲੇ ਪਿੱਛੇ ਵੀ ਬਾਬਰ ਖਾਲਸਾ ਦਾ ਹੱਥ ਮੰਨਿਆ ਜਾ ਰਿਹਾ ਹੈ। ਕਿਉਂਕਿ ਕੁਝ ਸਮੇਂ ਪਹਿਲਾਂ ਉਹ ਨਿਰੰਦਾਸ ਨੂੰ ਈਮੇਲ ਤੇ ਧਮਕੀ ਦੇ ਚੁੱਕਿਆ ਸੀ। ਕੱਟੜਪੰਥੀਆਂ ਦਾ ਦਾਅਵਾ ਹੈ ਕਿ ਉਹ ਆਰਥਿਕ ਤੇ ਸਮਾਜਿਕ ਕਾਰਨਾਂ ਕਰਕੇ ਨਹੀਂ ਬਲਕਿ ਧਾਰਮਿਕ ਕਾਰਨਾਂ ਕਰਕੇ ਇਸ ਦੇ ਡੇਰਿਆਂ ਅਤੇ ਉਨ੍ਹਾਂ ਵੱਲੋਂ ਸੰਚਾਲਤ ਗੁਰਦੁਆਰਿਆਂ ਦਾ ਵਿਰੋਧ ਕਰਦੇ ਹਨ। ਉਨ੍ਹਾਂ ਦੀ ਸ਼ਿਕਾਇਤ ਹੈ ਕਿ ਨਿਰੰਜਨ ਦਾਸ ਵਰਗੇ ਲੋਕ ਧਾਰਮਿਕ ਸੰਚਾਰ ਸੰਚਿਤ ਰਹਿਤ, ਮਰਿਆਦਾ ਦੀ ਉਲੰਘਣਾ ਕਰਦੇ ਹਨ। ਸਿੱਖ ਧਰਮ ’ਚ ਗ੍ਰੰਥ ਨੂੰ ਹੀ ਗੁਰੂ ਮੰਨਿਆ ਜਾਂਦਾ ਹੈ ਜਦਕਿ ਉਹ ਖੁਦ ਨੂੰ ਗੁਰੂ ਦੱਸਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ’ਚ ਕਿਸੇ ਹੋਰ ਦੇ ਪੈਰੀਂ ਮੱਥਾ ਨਹੀਂ ਟੇਕਿਆ ਜਾ ਸਕਦਾ ਪਰ ਡੇਰੇ ਦੇ ਮੁਖੀ ਖੁੱਲ੍ਹੇ ਆਮ ਆਪਣੇ ਪੈਰਾਂ ’ਤੇ ਮੱਥਾ ਟਿਕਾਉਂਦੇ ਹਨ। ਇਉਂ ਕਿਵੇਂ ਬਰਦਾਸ਼ਿਤ ਕੀਤਾ ਜਾ ਸਕਦਾ ਹੈ? ਇਸ ਕਾਰਨ ਡੇਰਾ ਸੱਚਾ ਸੌਦਾ ਮੁਖੀ ਨਾਲ ਵੀ ਉਨ੍ਹਾਂ ਦਾ ਟਕਰਾਓ ਰਿਹਾ। ਇਸ ਟਕਰਾਓ ਪਿੱਛੇ ਇਕ ਕਾਰਨ ਇਹ ਵੀ ਹੈ ਕਿ ਅਜਿਹੇ ਸਾਰੇ ਗੁਰਦੁਆਰੇ ਸਿੱਖਾਂ ਦੀ ਸਰਭਉੱਚ ਧਾਰਮਿਕ ਸੰਸਥਾ (SGPC) ਦੇ ਬਾਹਰ ਹਨ। ਇਨ੍ਹਾਂ ਦਾ ਪ੍ਰਬੰਧ ਨਿੱਜੀ ਹੱਥਾਂ ਵਿਚ ਹੈ ਜਦਕਿ (SGPC) ’ਤੇ ਅਕਾਲੀ ਦਲ ਦੇ ਜੱਟ ਸਿੱਖਾਂ ਦਾ ਕਬਜਾ ਹੈ। ਇਹ ਇਸ ਧਾਰਮਿਕ ਸੱਤਾ ਲਈ ਵੀ ਚੁਣੌਤੀ ਬਣ ਰਿਹਾ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ’ਚ ਅਕਾਲੀ ਨੇਤਾ ਪ੍ਰਕਾਸ਼ ਸਿੰਘ ਬਾਦਲ ਤੇ ਕਾਂਗਰਸੀ ਆਗੂ ਅਮਰਿੰਦਰ ਸਿੰਘ ਦੋਨੋਂ ਹੀ ਵੋਟਾਂ ਲਈ ਡੇਰਿਆਂ ਦੀ ਸ਼ਰਨ ’ਚ ਗਏ ਸਨ। ਉਨ੍ਹਾਂ ਨੂੰ ਹੱਲਾਸ਼ੇਰੀ ਦੇਣ ’ਚ ਰਾਜਨੀਤੀ ਦਾ ਵੀ ਹੱਥ ਰਿਹਾ ਹੈ। ਪੰਜਾਬ ’ਚ ਹਿੰਸਾ ਭਾਵੇਂ ਸ਼ਾਂਤ ਹੋ ਗਈ ਹੋਵੇ ਪਰ ਇਸ ਨੇ ਇਕ ਹੋਰ ਡਰ ਨੂੰ ਜਨਮ ਦਿੱਤਾ ਹੈ ਕਿ ਕੁਝ ਗੈਰ ਸਰਕਾਰੀ ਸੰਗਠਨ ਭਾਰਤ ਨੂੰ ਜਾਤੀਵਾਦ ਰਾਹੀਂ ਦੁਨੀਆਂ ਤੋਂ ਵੱਖਰਾ ਕਰਨਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਜਾਤੀਵਾਦ ਦੇ ਸਾਹਮਣੇ ਨਸਲਵਾਦ ਨੂੰ ਮੰਨਿਆ ਜਾਵੇ।

# ਸਿੱਖਿਆ ਦੇ ਨਾਂ 'ਤੇ ਲੁੱਟ ਘਸੁੱਟ ਕਿਵੇਂ?

ਨਿੱਜੀ ਸਕੂਲਾਂ ਵੱਲੋਂ ਫੀਸਾਂ 'ਚ ਵਾਧੇ ਦੇ ਐਲਾਨ ਨਾਲ ਮਾਪਿਆਂ ਨੂੰ ਇਸ ਮਹਿੰਗਾਈ ਦੇ ਦੌਰ 'ਚ ਇਹ ਵਾਧੂ ਭਾਰ ਅਸਹਿ ਹੋ ਗਿਐ। ਇਹ ਨਿਜੀ ਸਕੂਲ ਸਿੱਖਿਆ ਸਬੰਧੀ ਤਾਂ ਵਿਦਿਆਰਥੀਆਂ ਦੇ ਹਿੱਤ ਵਿਚ ਕੁਝ ਵਿਸ਼ੇਸ਼ ਨਵਾਂ ਨਹੀਂ ਕਰਦੇ ਅਲਬੱਤਾ ਤਮਾਮਦਾਂ ਦੇ ਨਾਂ 'ਤੇ ਵਾਧੂ ਫੀਸ ਵੀ ਜੋੜ ਦਿੰਦੇ ਹਨ। ਇਥੋਂ ਤੱਕ ਕਿ ਇਹ ਨਿੱਜੀ ਸਕੂਲ ਆਪਣੇ ਅਧਿਆਪਕਾਂ ਚੌਥੇ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ ਨਾ ਦੇ ਕੇ ਉਨ੍ਹਾਂ ਦੀ ਜਬਰਦਸ਼ਤ ਲੁੱਟ ਕਰਨ ਤੋਂ ਗੁਰੇਜ ਨਹੀਂ ਕਰਦੇ। ਆਓ ਵੇਖਦੇ ਹਾਂ ਰਾਜਸਥਾਨ 'ਚ ਇਹ ਖੇਡ ਕਿਵੇਂ ਖੇਡੀ ਜਾ ਰਹੀ ਹੈ। ਰਾਜਸਥਾਨ ਸਰਕਾਰ ਦੇ ਦਾਅਵੇ ਤੇ ਕੋਸ਼ਿਸ਼ਾਂ ਨੂੰ ਅੰਗੂਠਾ ਵਿਖਾਉਂਦੇ ਹੋਏ ਨਿੱਜੀ ਅਦਾਰਿਆਂ ਨੇ ਇਕ ਅਪ੍ਰੈਲ ਤੋਂ ਫੀਸਾਂ 'ਚ 23 ਤੋਂ 25 ਫੀਸਦੀ ਵਾਧੇ ਦਾ ਐਲਾਨ ਕੀਤਾ ਹੈ। ਇਸ ਨਾਲ ਸਿੱਖਿਆ ਦੇ ਨਾਂ 'ਤੇ ਚੱਲ ਰਹੀ ਲੁੱਟ 'ਤੇ ਲਗਾਮ ਲਾਉਣ 'ਚ ਸਰਕਾਰ ਦੀ ਨਾਕਾਮੀ ਦੀ ਪੋਲ ਖੁੱਲ੍ਹ ਗਈ ਹੈ। ਅਸ਼ੋਕ ਗਲੋਹਤ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਉਹ ਹੁਣ ਫੀਸਾਂ ਨਹੀਂ ਵਧਾਵੇਗੀ। ਨਿੱਜੀ ਸਕੂਲਾਂ ਵੱਲੋਂ ਵਸੂਲੀ ਜਾ ਰਹੀ ਮਨਮਾਨੀ ਫੀਸ 'ਤੇ ਲਾਉਣ ਲਈ ਉਸ ਨੇ ਮੁੱਢਲੀ ਸਿੱਖਿਆ ਨਿਰਦੇਸ਼ਕ ਦੀ ਪ੍ਰਧਾਨਗੀ 'ਚ ਇਕ ਕਮੇਟੀ ਗਠਿਤ ਕੀਤੀ ਸੀ। ਨਿੱਜੀ ਸਕੂਲਾਂ ਦੀ ਨੁਮਾਇੰਦਗੀ ਕਰਨ ਵਾਲੀ ਇਕ ਸੰਸਥਾ, ਸੋਸਾਇਟੀ ਤੇ ਅਨਏਡਿਡ ਪ੍ਰਾਈਵੇਟ ਸਕੂਲਸ ਆਫ ਰਾਜਸਥਾਨ ਦੇ ਪ੍ਰਧਾਨ ਦਾਮੋਕਰ ਗੋਇਲ ਦਾ ਤਰਕ ਹੈ ਕਿ ਛੇਵੇਂ ਤਨਖਾਹ ਕਮਿਸ਼ਨ, ਮਹਿੰਗਾਈ ਭੱਤੇ 'ਚ ਵਾਧਾ ਅਤੇ ਗ੍ਰੈਚੁਟੀ ਦੀ ਸੰਭਾਵਿਤ ਲੋੜ ਨੂੰ ਵੇਖਦਿਆਂ ਹੀ ਨਿੱਜੀ ਸਿੱਖਿਆ ਸੰਸਥਾਵਾਂ ਨੇ ਫੀਸ ਵਾਧੇ ਦਾ ਫੈਸਲਾ ਲਿਆ ਹੈ। ਵਧੀ ਹੋਈ ਫੀਸ ਨਵੇਂ ਸਿੱਖਿਆ ਸ਼ੈਸਨ ਤੋਂ ਵਸੂਲੀ ਜਾਵੇਗੀ। ਆਪਣੇ ਤਮਾਮ ਵਾਅਦਿਆਂ ਦੇ ਬਾਵਜੂਦ ਰਾਜ ਸਰਕਾਰ ਨੇ ਇਸ ਮਾਮਲੇ 'ਤੇ ਆਪਣੇ ਹੱਥ ਖੜ੍ਹੇ ਕਰ ਦਿੱਤੇ ਹਨ। ਸਿੱਖਿਆ ਮੰਤਰੀ ਭੰਵਰ ਲਾਲ ਮੇਘਵਾਲ ਨੇ ਹੱਥ ਖੜ੍ਹੇ ਕਰਨ ਦੀ ਮੁਦਰਾ 'ਚ ਕਿਹਾ ਕਿ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ ਹੈ। ਇਲੈਕਸ਼ਨ ਕੋਡ ਦਾ ਬਹਾਨਾ ਬਣਾ ਕੇ ਸਿੱਖਿਆ ਮੰਤਰੀ ਹੁਣ ਇਸ ਮੁੱਦੇ ਤੋਂ ਹੀ ਕੰਨੀਂ ਕਤਰਾ ਰਹੇ ਹਨ। ਤਾਜਾ ਫੀਸ ਵਾਧੇ ਤੋਂ ਇਲਾਵਾ ਰਾਜਸਥਾਨ 'ਚ ਨਿੱਜੀ ਸਕੂਲਾਂ ਵੱਲੋਂ ਪਿੱਛੇ ਜਿਹੇ ਹੀ ਫੀਸ 'ਚ ਭਾਰੀ ਵਾਧਾ ਕੀਤਾ ਗਿਆ ਹੈ। ਨਿੱਜੀ ਸਕੂਲਾਂ 'ਚ ਦਸੰਬਰ 2008 'ਚ 20 ਤੋਂ 30 ਫੀਸਦੀ ਤੇ ਇਸ ਸਾਲ 6 ਮਾਰਚ ਨੂੰ ਹੀ 35 ਤੋਂ 45 ਫੀਸਦੀ ਫੀਸ ਵਧਾਈ ਗਈ। ਫੀਸ ਵਸੂਲੀ ਦੇ ਵਿਰੋਧ ਵਿਚ ਸੰਘਰਸ਼ ਸੰਮਤੀ ਹੁਣ ਇਸ ਮੁੱਦੇ ਨੂੰ ਕੌਮੀ ਪੱਧਰ 'ਤੇ ਉਠਾਉਣ ਜਾ ਰਹੀ ਹੈ। ਕੁਝ ਸਾਲ ਪਹਿਲਾਂ ਰਾਜਸਥਾਨ ਹਾਈਕੋਰਟ ਨੇ ਆਪਣੇ 25 ਫਰਵਰੀ 2004 ਦੇ ਹੁਕਮ ਨਾਲ ਰਾਜ ਦੇ ਨਿੱਜੀ ਸਕੂਲਾਂ 'ਚ ਮਨਮਾਨੇ ਤਰੀਕੇ ਨਾਲ ਵਸੂਲੀ ਜਾਣ ਵਾਲੀ ਫੀਸ ਦੇ ਦੋਸ਼ਾਂ ਦੀ ਜਾਂਚ ਲਈ ਨਿਆਂ ਮੂਰਤੀ ਪੀ. ਕੇ. ਤਿਵਾੜੀ ਦੀ ਪ੍ਰਧਾਨਗੀ ਹੇਠ ਚਾਰ ਮੈਂਬਰੀ ਇਕ ਕਮੇਟੀ ਦਾ ਗਠਨ ਕੀਤਾ ਗਿਆ ਸੀ। ਤਿਵਾੜੀ ਕਮੇਟੀ ਨੇ ਦੋ ਸਾਲ ਦੀ ਗੰਭੀਰ ਪੜਤਾਲ ਪਿੱਛੋਂ ਆਪਣੀ ਰਿਪੋਰਟ ਰਾਜ ਸਰਕਾਰ ਤੇ ਹਾਈਕੋਰਟ ਨੂੰ ਸੌਂਪ ਦਿੱਤੀ। ਰਿਪੋਰਟ 'ਚ ਕਿਹਾ ਗਿਆ ਹੈ ਕਿ ਨਿੱਜੀ ਸਿੱਖਿਆ ਅਦਾਰੇ ਸਿੱਖਿਆ ਦੇ ਨਾਂ 'ਤੇ ਲੁੱਟ ਦਾ ਅੱਡਾ ਬਣੇ ਹੋਏ ਹਨ।

ਅਤੇ ਉਹ ਭਾਰੀ ਵਿੱਤੀ ਬੇਨਿਯਮੀ ਵੀ ਕਰ ਰਹੇ ਹਨ। ਜਦਕਿ ਰਾਜ ਸਰਕਾਰ ਨੇ ਇਸ ਪਾਸਿਓ ਅੱਖਾਂ ਬੰਦ ਕਰ ਰੱਖੀਆਂ ਹਨ। ਲਿਹਾਜਾ ਰਾਜਸਥਾਨ ਵਿਚ ਸਿੱਖਿਆ ਦਾ ਕਾਰੋਬਾਰ ਕਈ ਹਜ਼ਾਰ ਕਰੋੜ ਰੁਪਏ ਸਲਾਨਾ ਦਾ ਹੋ ਗਿਆ ਹੈ। ਕਮੇਟੀ ਨੇ 193 ਸਕੂਲਾਂ ਦੀ ਜਾਂਚ ਕੀਤੀ ਜਿਸ ਵਿਚ ਜੈਪੁਰ ਸ਼ਹਿਰ ਦੇ ਇਕ ਕਰੋੜ ਰੁਪਏ ਅਤੇ ਹੋਰ ਸ਼ਹਿਰਾਂ ਦੇ ਪੰਜਾਹ ਲੱਖ ਰੁਪਏ ਸਲਾਨਾ ਤੋਂ ਵੱਧ ਅਮਦਨੀ ਵਾਲੇ ਸਕੂਲਾਂ ਨੂੰ ਸ਼ਾਮਲ ਕੀਤਾ ਗਿਆ ਸੀ। ਕਮੇਟੀ ਦੀ ਜਾਂਚ ਦੇ ਦਾਇਰੇ 'ਚ ਆਏ ਸਭ ਸਕੂਲਾਂ ਦੇ ਦੋ ਸਾਲਾਂ ਦੇ ਵਿੱਤੀ ਖਾਤਿਆਂ ਦੀ ਜਾਂਚ ਪਿੱਛੋਂ ਫੀਸਦੀ ਕਮਾਈ ਦਾ ਸਾਰਾ ਹਿਸਾਬ ਖੋਜ ਲਿਆ। ਕਮੇਟੀ ਨੇ ਵੇਖਿਆ ਕਿ ਇਨ੍ਹਾਂ ਸਕੂਲਾਂ 'ਚ ਵਿਦਿਆਰਥੀਆਂ ਪਾਸੋਂ ਪੈਰ-ਪੈਰ ਤੇ ਵਾਧੂ ਫੀਸ ਵਾਰ-ਵਾਰ ਵਸੂਲ ਕੀਤੀ ਜਾ ਰਹੀ ਹੈ। ਰਿਪੋਟ ਅਨੁਸਾਰ ਐਸੀਂ ਫੀਸ ਵਿਚ ਪ੍ਰੋਸਪੈਕਟਿਸ, ਪ੍ਰਾਰਥਨਾ ਪੱਤਰ ਰਜਿਸਟ੍ਰੇਸ਼ਨ, ਪ੍ਰੀਖਿਆ ਫੀਸ ਸ਼ਾਮਲ ਹਨ। ਇਸ ਤਰ੍ਹਾਂ ਵਿਕਾਸ ਫੰਡ, ਸਲਾਨਾ ਫੰਡ, ਬਿਲਡਿੰਗ ਫੰਡ ਆਦਿ ਮੱਦਾਂ ਵਿਚ ਸਕੂਲ ਕਰੋੜਾਂ ਰੁਪੈ ਇਕੱਠੇ ਕਰ ਲੈਂਦੇ ਹਨ ਜਿਸ ਦਾ ਵਿਦਿਆਰਥੀ ਦੇ ਹਿੱਤਾਂ ਨਾਲ ਕੋਈ ਸਰੋਕਾਰ ਨਹੀਂ ਹੈ। ਸਕੂਲ ਇਸ ਮਦਦ 'ਚ ਵਿਦਿਆਰਥੀ ਤੋਂ ਲਈ ਗਈ ਰਾਸ਼ੀ ਦਾ ਬਹੁਤ ਘੱਟ ਹਿੱਸਾ ਅਸਲ 'ਚ ਖਰਚ ਕਰਦੇ ਹਨ। ਰਿਪੋਟ 'ਚ ਦੱਸਿਆ ਗਿਆ ਹੈ ਕਿ ਜੈਪੁਰ 'ਚ ਸੇਂਟ ਜ਼ੇਵਿਆਰ ਸਕੂਲ ਕੋਲ 114.34 ਲੱਖ ਰੁਪੈ ਸਨ ਜਿਸ 'ਚੋਂ ਉਨ੍ਹਾਂ ਨੇ ਸਿਰਫ ਸਾਢੇ ਚਾਲੀ ਲੱਖ ਰੁਪਏ ਹੀ ਖਰਚ ਕੀਤੇ। ਉਧਰ ਸੈਟਰਲ ਅਕਾਦਮੀ ਸੋਸਾਇਟੀ ਦੇ ਐਕਸਟਰਾ ਕਲਾਸ ਫੀਸ, ਕੰਪਿਊਟਰ ਫੀਸ ਆਦਿ ਅਨੇਕਾਂ ਮੱਦਾਂ ਹਨ। ਜਿਸ ਵਿਚ ਮਨਮਾਨੀ ਫੀਸ ਵਸੂਲੀ ਜਾ ਰਹੀ ਹੈ ਅਤੇ ਖਰਚ ਵੀ ਨਹੀਂ ਕੀਤਾ ਜਾ ਰਿਹਾ। ਜੈਪੁਰ ਦੇ ਮਾਹੇਸ਼ਵਰੀ ਗਰਲਜ਼ ਕਾਲਜ ਦੀ ਉਦਾਹਰਣ ਦਿੰਦਿਆਂ ਇਸ ਰਿਪੋਟ 'ਚ ਦੱਸਿਆ ਗਿਆ ਕਿ ਉਸ ਨੇ ਕੰਪਿਊਟਰ ਫੀਸ ਦੇ ਨਾਂ 'ਤੇ ਵਿਦਿਆਰਥੀਆਂ ਤੋਂ ਡੇਢ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਇਕੱਠੀ ਕਰ ਲਈ ਪਰ ਖਰਚ ਸਿਰਫ 5 ਲੱਖ ਰੁਪਏ ਹੀ ਕੀਤੇ। ਇਸ ਤਰ੍ਹਾਂ ਦਾਖਲਾ ਫੀਸ ਤੇ ਕਾਸ਼ਨ ਮਨੀ ਵਜੋਂ ਵੀ ਭਾਰੀ, ਰਾਸ਼ੀ ਵਿਦਿਆਰਥੀ ਤੋਂ ਵਸੂਲੀ ਜਾਂਦੀ ਹੈ। ਸਾਗਰ ਸਕੂਲ ਵਿਚ ਜਿਥੇ ਦਾਖਲਾ ਫੀਸ 25 ਹਜ਼ਾਰ ਰੁਪੈ ਹੈ, ਉਥੇ ਮੇਓ ਸਕੂਲ 'ਚ ਕਾਸ਼ਨ ਮਨੀ 45 ਹਜ਼ਾਰ ਰੁਪਏ ਹੈ।

ਰਿਪੋਟ 'ਚ ਕਿਹਾ ਗਿਆ ਹੈ ਕਿ ਕਾਸ਼ਨ ਮਨੀ ਦੀ ਮਦਦ 'ਚ ਸਕੂਲ ਕਰੋੜਾਂ ਰੁਪਏ ਤਾਂ ਜਮ੍ਹਾ ਕਰ ਲੈਂਦੇ ਹਨ ਪਰ ਉਸ ਦੇ ਮੁਕਾਬਲੇ ਵਿਦਿਆਰਥੀਆਂ ਨੂੰ ਵਾਪਸ ਕੀਤੀ ਜਾਣ ਵਾਲੀ ਫੀਸ ਬਹੁਤ ਥੋੜ੍ਹੀ ਹੁੰਦੀ ਹੈ। ਇਸ ਤਰ੍ਹਾਂ ਇਨ੍ਹਾਂ ਸਕੂਲਾਂ ਕੋਲ ਇਸ ਮਤ 'ਚ ਕਰੋੜਾਂ ਰੁਪਏ ਪਏ ਹੁੰਦੇ ਹਨ। ਰਾਜਸਥਾਨ ਵਿਚ ਸਭ ਤੋਂ ਵੱਧ ਫੀਸ ਵਸੂਲਣ ਵਾਲੇ ਪਹਿਲੇ ਚਾਰ ਸਕੂਲਾਂ ਵਿਚ ਹੈਃ- ਸਾਗਰ ਸਕੂਲ ਅਲਵਰ, ਦਿੱਲੀ ਪਬਲਿਕ ਸਕੂਲ ਤੇ ਮੇਓ ਗੁਰਲਸ ਤੇ ਬੁਆਇਸ ਸਕੂਲ ਜਿਥੇ ਸਲਾਨਾ ਫੀਸ ਔਸਤਨ ਡੇਢ ਲੱਖ ਤੋਂ ਤਿੰਨ ਲੱਖ ਰੁਪਏ ਹੈ। ਹਾਲ ਇਹ ਹੈ ਕਿ ਛੋਟੇ ਤੋਂ ਛੋਟੇ ਕਿਸੇ ਪਬਲਿਕ ਸਕੂਲ ਦੀ ਫੀਸ ਇਕ ਹਜ਼ਾਰ ਰੁਪਏ ਮਹੀਨਾ ਤੋਂ ਘੱਟ ਨਹੀਂ ਹੈ। ਇਸ ਨਾਲ ਸਿੱਖਿਆ ਕਮਜ਼ੋਰ ਤੇ ਗਰੀਬ ਤਬਕਿਆਂ ਦੀ ਪਹੁੰਚ ਤੋਂ ਬਾਹਰ ਹੋ ਗਈ ਹੈ। ਨਿੱਜੀ ਸਕੂਲਾਂ ਦੀ ਕਮਾਈ ਹਰ ਸਾਲ ਵੱਧ ਰਹੀ ਹੈ। ਪਰ ਇਸ ਦੇ ਬਾਵਜੂਦ ਉਹ ਆਪਣੀ ਫੀਸ ਵਧਾਉਂਦੇ ਹੀ ਜਾ ਰਹੇ ਹਨ। ਸਕੂਲ ਖੋਲ੍ਹਣ ਦਾ ਧੰਦਾ ਇਨ੍ਹਾਂ ਮੁਫੀਦ ਸਾਬਤ ਹੋ ਰਿਹਾ ਹੈ ਕਿ ਦੋ ਤਿੰਨ ਸਾਲ ਪਹਿਲਾਂ ਖੁੱਲ੍ਹੇ ਕਈ ਸਕੂਲ ਵੀ ਚਾਰ-ਪੰਜ ਕਰੋੜ ਦੀ ਕਮਾਈ ਕਰੀ ਬੈਠੇ

ਹਨ। ਕਮੇਟੀ ਨੇ ਨਿੱਜੀ ਸਿੱਖਿਆ ਅਦਾਰਿਆਂ ਨੂੰ ਰਿਆਇਤੀ ਦਰਾਂ 'ਤੇ ਜਾਂ ਤਕਰੀਬਨ ਬਿਨ੍ਹਾਂ-ਰਾਸ਼ੀ ਜ਼ਮੀਨ ਦੇਣ 'ਤੇ ਵੀ ਗੰਭੀਰ ਇੰਤਰਾਜ਼ ਕੀਤਾ ਹੈ ਤੇ ਕਿਹਾ ਹੈ ਕਿ ਸਰਕਾਰ ਦਾ ਅਜਿਹਾ ਕਰਨ ਪਿੱਛੇ ਮਕਸਦ ਤਾਂ ਸਿੱਖਿਆ ਦੇ ਪਸਾਰ ਦਾ ਹੁੰਦਾ ਹੈ। ਪਰ ਸਕੂਲ ਜ਼ਮੀਨ ਅਲਾਟਮੈਂਟ ਦੀਆਂ ਸਾਰੀਆਂ ਸ਼ਰਤਾਂ ਤੇ ਕਲਿਆਣ ਦੀ ਭਾਵਨਾ ਨੂੰ ਦਾਅ 'ਤੇ ਲਾ ਕੇ ਪੂਰੀ ਤਰ੍ਹਾਂ ਨਾਲ ਵਪਾਰਕ ਬਣ ਜਾਂਦੇ ਹਨ। ਰਾਜ ਸਰਕਾਰ ਨੇ ਰੁਕਮਣੀ ਦੇਵੀ ਬਿਡਲਾ ਸਕੂਲ ਨੂੰ ਜੈਪੁਰ ਸ਼ਹਿਰ ਵਿਚਕਾਰ 213 ਵਿਘੇ 14 ਬਿਸਵੇ ਜ਼ਮੀਨ ਸਿਰਫ ਇਕ ਰੁਪਏ ਦੇ ਟੋਕਨ ਟੈਕਸ 'ਤੇ ਦਿੱਤੀ ਸੀ। ਜਦਕਿ ਇਸ ਸਕੂਲ ਨੇ ਆਪਣੇ ਪਹਿਲੇ ਹੀ ਸਾਲ 'ਚ ਇਕ ਕਰੋੜ 16 ਲੱਖ ਦੀ ਕਮਾਈ ਕਰ ਦਿੱਤੀ।

ਤਿਵਾੜੀ ਕਮੇਟੀ ਨੇ ਰਾਜਸਥਾਨ ਦੇ ਨਾਮੀ ਸਕੂਲ ਦੇ ਵਿਦਿਆਰਥੀਆਂ ਦੇ ਮੈਰਿਟ ਰਿਕਾਰਡ ਦੀ ਜਾਂਚ ਕੀਤੀ ਤਾਂ ਸਿੱਟੇ ਬੇਹੱਦ ਨਿਰਾਸ਼ਾਜਨਕ ਮਿਲੇ। ਜ਼ਿਆਦਾਤਰ ਵੱਡੇ ਪਬਲਿਕ ਸਕੂਲ ਸੀ. ਬੀ. ਐਸ. ਈ. ਨਾਲ ਸਬੰਧਤ ਹਨ। ਅਤੇ ਸੰਨ 2002 ਤੋਂ 2004 ਦੇ ਤਿੰਨ ਸਾਲਾਂ ਦੇ ਇਮਤਿਹਾਨੀ ਨਤੀਜਿਆਂ 'ਚ ਸੀ. ਬੀ. ਐਸ. ਈ. ਦੀ ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਦੀ ਪਹਿਲੇ ਸੌ ਸਥਾਨਾਂ ਦੀ ਮੈਰਿਟ 'ਚ ਇਨ੍ਹਾਂ ਦੇ ਸਿਰਫ ਵੀਹ ਵਿਦਿਆਰਥੀ ਹੀ ਥਾਂ ਹਾਸਲ ਕਰ ਸਕੇ।

ਕਮੇਟੀ ਦਾ ਮੰਨਣਾ ਸੀ ਕਿ ਇਸ ਤੋਂ ਬੇਹਤਰ ਸਿੱਖਿਆ ਦੇਣ ਦਾ ਇਨ੍ਹਾਂ ਸਕੂਲਾਂ ਦਾ ਦਾਅਵਾ ਖੋਖਲਾ ਹੀ ਸਾਬਤ ਹੁੰਦਾ ਹੈ। ਨਿੱਜੀ ਅਦਾਰਿਆਂ ਤੇ ਕੰਟਰੋਲ ਰੱਖਣ ਲਈ ਸੰਨ 1993 ਤੋਂ ਪ੍ਰਦੇਸ਼ 'ਚ ਰਾਜਸਥਾਨ ਗੈਰ ਸਰਕਾਰੀ ਸਿੱਖਿਆ ਸੰਸਥਾ ਜਨੂੰਨ ਪ੍ਰਭਾਵੀ ਹੈ। ਪਰ ਸਰਕਾਰ ਨੇ ਹੁਣ ਤੱਕ ਅਜਿਹੇ ਸਕੂਲ ਦੇ ਫੀ-ਸਟ੍ਰਕਚਰ ਤਿਆਰ ਕਰਨ ਦੇ ਨਿਯਮ ਵੀ ਨਹੀਂ ਬਣਾਏ। ਉਲਟਾ 29 ਜੁਲਾਈ 1998 ਨੂੰ ਇਕ ਹੁਕਮ ਜਾਰੀ ਕਰ ਕੇ ਸਿੱਖਿਆ ਵਿਭਾਗ ਨੂੰ ਇਹ ਨਿਰਦੇਸ਼ ਜਾਰੀ ਕਰ ਦਿੱਤਾ ਕਿ ਭਾਰੀ ਫੀਸ ਲੈਣ ਦੇ ਆਧਾਰ 'ਤੇ ਕਿਸੇ ਵੀ ਸਕੂਲ ਦੀ ਮਾਨਤਾ ਰੱਦ ਨਾ ਕੀਤੀ ਜਾਵੇ। ਇਸ ਆਦੇਸ਼ ਪਿੱਛੇ ਕਿਸ ਚੀਜ਼ ਦਾ ਦਬਾਅ ਹੋਵੇਗਾ ਇਹ ਦੱਸਣ ਦੀ ਲੋੜ ਨਹੀਂ ਹੈ।

ਕਮੇਟੀ ਨੇ ਆਪਣੀ ਰਿਪੋਟ 'ਚ ਪ੍ਰਾਈਵੇਟ ਸਕੂਲਾਂ ਦੀ ਲੁੱਟ-ਘਸੁੱਟ ਚੱਕਣ ਲਈ ਇਕ ਰੇਗੂਲੇਰਟਰੀ ਅਥਾਰਟੀ ਬਣਾਏ ਜਾਣ ਦੀ ਵੀ ਸਿਫ਼ਾਰਸ਼ ਕੀਤੀ ਸੀ ਪਰ ਸਰਕਾਰ ਨੇ ਤਿਵਾੜੀ ਕਮੇਟੀ ਦੀ ਰਿਪੋਟ ਨੂੰ ਅਜੇ ਤੱਕ ਠੰਡੇ ਬਸਤੇ 'ਚ ਪਾ ਕੇ ਰੱਖਿਆ ਹੋਇਆ ਹੈ। ਸਰਕਾਰ ਦੇ ਇਸ ਰਵੱਈਏ ਤੋਂ ਸਾਫ ਪਤਾ ਲੱਗਦਾ ਹੈ ਕਿ ਇਸ ਠੰਡੇ ਬਸਤੇ 'ਚ ਪੈਸੇ ਦੀ ਕਿੰਨੀ ਗਰਮਾਇਸ ਹੋਵੇਗੀ।

# ਲਾਲਗੜ੍ਹ ਦੀ ਚਣੌਤੀ ਹੈ ਕੀ?

ਜਦ ਇਰਾਦੇ ਬੁਲੰਦ ਹੋਣ ਤਾਂ ਕਿਸੇ ਨਾਲ ਵੀ ਟੱਕਰ ਲਈ ਜਾ ਸਕਦੀ ਹੈ ਆਪਣੇ ਅਧਿਕਾਰ ਲਈ ਅਤੇ ਇਹੋ ਸਥਿਤੀ ਪੱਛਮੀ ਬੰਗਾਲ ਨੂੰ ਆਪਣਾ ਦੁਰਗ ਬਣਾ ਲੈਣ ਵਾਲੀਆਂ ਖੱਬੀਆਂ ਪਾਰਟੀਆਂ ਨੂੰ ਮਿਦਨਾਪੁਰ ਜ਼ਿਲ੍ਹੇ ਦਾ ਇਕ ਛੋਟਾ ਜਿਹਾ ਖੇਤਰ ਲਾਲਗੜ੍ਹ ਸਖਤ ਚਣੌਤੀ ਦੇ ਰਿਹਾ ਹੈ। ਆਦੀਵਾਸੀ ਬਹੁ-ਗਿਣਤੀ ਇਸ ਇਲਾਕੇ 'ਚ ਕਰੀਬ ਚਾਰ ਮਹੀਨੇ ਤੋਂ ਅੰਦੋਲਨ ਦੇ ਨਾਹਰੇ ਗੂੰਜ ਰਹੇ ਹਨ। ਆਦੀਵਾਸੀਆਂ ਨੇ ਪੁਲਿਸ ਤੋਂ ਪ੍ਰਸ਼ਾਸਨ ਦਾ ਬਾਈਕਾਟ ਕੀਤਾ ਹੋਇਆ ਹੈ। ਪ੍ਰਸ਼ਾਸਨ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਦੀ ਆਵਾਜ਼ ਵਿਚ ਹੀ ਬੋਲ ਰਿਹਾ ਹੈ ਕਿ ਨਕਸਲੀਆਂ ਨੇ ਉਥੋਂ ਦੇ ਆਦਿਵਾਸੀਆਂ ਨੂੰ ਭੜਕਾ ਦਿੱਤਾ ਹੈ ਜਦ ਕਿ ਹਕੀਕਤ ਕੁਝ ਹੋਰ ਹੀ ਹੈ। ਮਿਦਨਾਪੁਰ ਰੇਲਵੇ ਸਟੇਸ਼ਨ ਤੋਂ ਕਰੀਬ 42 ਕਿਲੋਮੀਟਰ ਦੀ ਦੂਰੀ ਤੇ ਸਥਿਤ ਛੋਟਾ ਜਿਹਾ ਪਿੰਡ ਲਾਲਗੜ੍ਹ ਇਸ ਵਕਤ ਦੇਸ਼ ਦੀ 10 ਫੀਸਦੀ ਆਦੀਵਾਸੀ ਰਾਜਨੀਤੀ ਦਾ ਕੇਂਦਰ ਹੈ। ਇਹ ਖੇਤਰ ਹੁਣ ਆਦੀਵਾਸੀ ਤੇ ਪਿਛੜੀ ਆਬਾਦੀ ਦੀ ਨਿਰੰਤਰ ਅਣਦੇਖੀ ਸਬੰਧੀ ਆਵਾਜ਼ਾਂ ਉੱਠਣ ਲੱਗੀਆਂ ਹਨ। ਪੁਰੂਲਿਆ ਦੇ ਸਾਲਬਨੀ ਇਲਾਕੇ 'ਚ 2 ਨਵੰਬਰ 2008 ਨੂੰ ਜਿੰਦਲ ਸਮੂਲ ਦੇ ਪ੍ਰਸਤਾਵਿਤ ਇਸਪਾਤ ਕਾਰਖਾਨੇ ਦੀ ਨੀਂਹ ਰੱਖਣ ਦੇ ਸਮਾਰੋਹ 'ਚ ਹਿੱਸਾ ਲੈਣ ਆਏ ਮੁੱਖ ਮੰਤਰੀ ਬੁੱਧਾਦੇਵ ਭੱਟਾਚਾਰੀਆ, ਕੇਂਦਰੀ ਇਸਪਾਤ ਮੰਤਰੀ ਰਾਮ ਵਿਲਾਸ ਪਾਸਵਾਨ ਅਤੇ ਜਿੰਦਲ ਸਮੂਹ ਦੇ ਪ੍ਰਮੁੱਖ ਨਵੀਨ ਜਿੰਦਲ ਸੜਕ ਰਾਹੀਂ ਜਾ ਰਹੇ ਸਨ। ਲਾਲਗੜ੍ਹ ਦੇ ਨੇੜੇ-ਤੇੜੇ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਵਿਸਫੋਟ ਕੀਤਾ ਗਿਆ। ਕਿਸੇ ਨੂੰ ਨੁਕਸਾਨ ਹੋਣੋ ਤਾਂ ਸਵੱਬੀ ਬਚ ਗਿਆ ਪਰ ਆਦੀਵਾਸੀਆਂ ਦੀਆਂ ਭਾਵਨਾਵਾਂ ਵਿਦਰੋਹੀ ਹੋ ਉੱਠੀਆਂ। ਦਰਅਸਲ ਉਪਰੋਕਿਤ ਘਟਨਾ ਦਾ ਦੋਸ਼ ਲਾਲਗੜ੍ਹ ਆਦੀਵਾਸੀਆਂ ਦੇ ਸਿਰ ਮੜ੍ਹ ਕੇ ਲਾਲਗੜ੍ਹ ਤੇ ਉਸ ਦੇ ਆਸ-ਪਾਸ ਦੇ ਪਿੰਡਾਂ ਵਿਚ ਛਾਪੇ ਮਾਰੇ ਗਏ, ਆਬੇਨ, ਮੁਰਮਰੂ, ਗੌਤਮ ਪਾਤਰ, ਬੁੱਧਦੇਵ ਪਾਤਰ ਵਰਗੇ ਨੌਜਵਾਨ ਆਦੀਵਾਸੀਆਂ ਤੇ ਗਰਭਵਤੀ ਮੁਟਿਆਰ ਲੱਛਮੀ ਨੂੰ ਥਾਣੇ ਲਿਆ ਕੇ ਬੇਰਹਿਮੀ ਨਾਲ ਕੁੱਟਿਆ ਗਿਆ। ਕਿਹਾ ਜਾਂਦਾ ਹੈ ਕਿ ਛਾਪੇ ਦੌਰਾਨ ਪੁਲਸ ਕਰਮਚਾਰੀਆਂ ਨੇ ਆਦੀਵਾਸੀ ਮੁਟਿਆਰਾਂ ਦੇ ਨਾਲ ਬਦਤਮੀਜ਼ੀ ਵੀ ਕੀਤੀ, ਧੱਕਾ ਵੀ ਕੀਤਾ ਗਿਆ। ਆਦੀਵਾਸੀਆਂ 'ਤੇ ਜ਼ੁਲਮ ਦੀ ਇਹ ਗੱਲ ਜੰਗਲ ਦੀ ਅੱਗ ਵਾਂਗ ਫੈਲ ਗਈ। ਅਜਿਹੇ 'ਚ ਗੁੱਸੇ ਹੋਏ ਆਦੀਵਾਸੀਆਂ ਨੇ ਲਾਲਗੜ੍ਹ ਥਾਣੇ ਨੂੰ 6 ਨਵੰਬਰ ਨੂੰ ਘੇਰ ਲਿਆ। ਸੱਤ ਨਵੰਬਰ ਨੂੰ ਜਦ ਕੋਲਕਾਤਾ 'ਚ ਮਾਕਪਾ ਨੇਤਾ ਬਾਲਸ਼ਵਿਕ ਕ੍ਰਾਂਤੀ ਦਿਵਸ ਮਨਾ ਰਹੇ ਸਨ ਤਾਂ ਆਦੀਵਾਸੀਆਂ ਨੇ ਸੜਕਾਂ ਪੁੱਟ ਕੇ ਰਸਤੇ ਬੰਦ ਕਰ ਦਿੱਤੇ। ਦਰਅਸਲ ਸੰਨ 1998 ਤੋਂ ਹੀ ਆਦੀਵਾਸੀ ਬਹੁ-ਗਿਣਤੀ ਵਾਲੇ ਤਿੰਨ ਜ਼ਿਲ੍ਹਿਆਂ ਬਾਂਕੁਡਾਂ, ਪੁਰਲਿਆ ਤੇ ਮਿਦਨਾਪੁਰ 'ਚ ਆਦੀਵਾਸੀਆਂ ਵੱਲੋਂ ਵਿਕਾਸ ਕੰਮਾਂ 'ਚ ਮਤਰੇਈ ਮਾਂ ਵਾਲਾ ਸਲੂਕ ਕੀਤੇ ਜਾਣ ਦੀਆਂ ਗੱਲਾਂ ਉਠਾਈਆਂ ਜਾਂਦੀਆਂ ਰਹੀਆਂ ਹਨ ਪਰ ਇਸ ਪਾਸੇ ਨਾ ਤਾਂ ਪੱਛਮੀ ਬੰਗਾਲ 'ਚ ਰਾਜ ਕਰਨ ਵਾਲੀ ਖੱਬੇ ਮੋਰਚੇ ਦੀ ਸਰਕਾਰ ਦਾ ਧਿਆਨ ਗਿਆ ਤੇ ਨਾ ਹੀ ਆਪਣੇ ਆਪ ਨੂੰ ਗਰੀਬਾਂ ਦਾ ਮਸੀਹਾ ਕਹਿਣ ਵਾਲੀ ਮਮਤਾ ਬੈਨਰਜੀ ਦਾ ਹੀ। ਉਸ ਵਕਤ ਨਕਸਲੀ ਸਰਗਰਮੀਆਂ ਵੀ ਵੱਧ ਰਹੀਆਂ ਸਨ। ਕਈ ਵਾਰ ਕਾਰਵਾਈ ਲਈ ਪਿੰਡਾਂ 'ਚ ਆਈ ਪੁਲਿਸ ਕਿਸੇ ਨਾ ਕਿਸੇ ਨੂੰ ਘਰੋਂ ਚੁੱਕ ਕੇ ਲੈ ਜਾਂਦੀ। ਇਸ ਪ੍ਰਸੰਗ 'ਚ ਦੱਸਿਆ ਜਾਂਦਾ ਹੈ ਕਿ ਜੰਗਲਾਂ 'ਚ ਬੇਹੋਸ਼ ਮੁਟਿਆਰਾਂ ਵੀ ਮਿਲਦੀਆਂ,

ਜੋ ਲਗਭਗ ਨੰਗੀਆਂ ਹੁੰਦੀਆਂ ਸਨ। ਹੋਸ਼ 'ਚ ਆਉਣ ਤੇ ਪੁਲਸ ਵਾਲਿਆਂ ਦੀ ਜ਼ਿਆਦਤੀ ਦਾ ਦਰਦ ਰੋਂਦੇ ਹੋਇਆਂ ਜਦ ਉਹ ਮੁਟਿਆਰਾਂ ਸੁਣਾਇਆ ਕਰਦੀਆਂ ਤਾਂ ਰੋਂਗਟੇ ਖੜ੍ਹੇ ਹੋ ਜਾਂਦੇ। ਸੰਨ 2008 ਆਉਂਦੇ ਆਉਂਦੇ ਕੋਈ ਅਜਿਹਾ ਘਰ ਨਹੀਂ ਬਚਿਆ ਸੀ ਜਿਥੇ ਪੁਲਸ ਦੀ ਜ਼ਿਆਦਤੀ ਦੀ ਕੋਈ ਘਟਨਾ ਨਾ ਹੋਈ ਹੋਵੇ। ਪੁਲਸ ਰਿਕਾਰਡ ਵਿਚ ਵੀ ਇਸ ਦਾ ਸਬੂਤ ਹੈ ਕਿ ਇਨ੍ਹਾਂ ਜ਼ਿਲ੍ਹਿਆਂ ਦੇ ਕਰੀਬ 87 ਪਿੰਡਾਂ ਵਿਚ ਪਿਛਲੇ 10 ਸਾਲਾਂ ਤੋਂ ਸੱਤ ਹਜ਼ਾਰ ਤੋਂ ਵੱਧ ਦੇ ਵਿਰੁੱਧ ਡਾਇਰੀ ਦਰਜ ਕੀਤੀ ਗਈ ਹੈ। ਇਲਾਕੇ ਵਿਚ ਪੁਲਿਸ ਕੈਂਪ ਦੀ ਗਿਣਤੀ ਵਧੀ। ਅਤੀ ਅਧੁਨਿਕ ਹਥਿਆਰਾਂ ਦੀ ਲੋੜ ਪਈ। ਪੰਚਾਇਤ ਨੁਮਾਇੰਦਿਆਂ ਦੇ ਮਕਾਨ ਇੱਟਾਂ ਸੀਮਿੰਟ ਦੇ ਤਾਂ ਬਣਾ ਦਿੱਤੇ ਪਰ ਪਿੰਡ ਦੀਆਂ ਕੱਚੀਆਂ ਝੁੱਗੀਆਂ ਝੌਂਪੜੀਆਂ 'ਚ ਬਿਜਲੀ ਨਹੀਂ ਪੁੱਜੀ, ਸਕੂਲ ਨਹੀਂ ਖੁੱਲ੍ਹੇ, ਸਿੰਚਾਈ ਲਈ ਪੁੱਟੀ ਨਹਿਰ ਸੁੱਕ ਗਈ। ਸਭ ਤੋਂ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇੰਦਰਾ ਆਵਾਸ ਯੋਜਨਾ ਦੇ ਫੰਡ ਨਾਲ ਆਦੀਵਾਸੀ ਤੇ ਪਿਛੜੇ ਵਰਗ ਦੇ ਮਕਾਨ ਬਣਾਏ ਜਾਣ ਦੇ ਅੰਕੜੇ ਹਨ ਪਰ ਹਕੀਕਤ 'ਚ ਮਿੱਟੀ ਦੇ ਬਣੇ ਝੌਂਪੜੇ ਹੀ ਨਜ਼ਰ ਆਉਂਦੇ ਹਨ। ਇਥੇ ਕਿਸੇ ਦੇ ਨਿਰਮਲ ਗ੍ਰਾਮ ਯੋਜਨਾ ਦਾ ਨਾਂ ਵੀ ਨਹੀਂ ਸੁਣਿਆ ਹੈ। ਹੁਣ ਤੱਕ ਵਿਵਾਦ ਦੇ ਜੋ ਵੀ ਸੁਰ ਉਡ ਰਹੇ ਹਨ ਉਨ੍ਹਾਂ ਨੂੰ ਆਪਸ 'ਚ ਬੈਠ ਕੇ ਮਾਕਪਾ ਸਮਰਥਕ ਲੋਕ ਅਦਾਲਤਾਂ ਆਦੀਵਾਸੀਆਂ ਨੂੰ ਸੌਂਪੀਆਂ ਜਾਣਗੀਆਂ ਪਰ ਚਾਰੋਂ ਪਾਸੇ ਜੰਗਲਾਂ 'ਚ ਘਿਰੀ ਜ਼ਮੀਨ ਆਖਰਕਾਰ ਸੌਂਪੀ ਗਈ ਜਿੰਦਲ ਸਮੂਹ ਨੂੰ। ਖੱਬਾ ਮੋਰਚਾ ਦੇ ਨੇਤਾਵਾਂ ਨੇ ਲਾਲਗੜ੍ਹ ਕਾਂਡ ਨੂੰ ਲੈ ਕੇ ਵਿਰੋਧੀ ਧਿਰ ਤੇ ਆਦੀਵਾਸੀਆਂ ਦੀਆਂ ਭਾਵਨਾਵਾਂ ਭੜਕਾਉਣ ਦਾ ਦੋਸ਼ ਲਾਇਆ। ਇਸ ਦੌਰਾਨ ਇਲਾਕੇ 'ਚ ਪ੍ਰਭੂਤਵ ਕਾਇਮ ਕਰਨ ਲਈ ਮਾਕਪਾ ਵਰਕਰਾਂ ਦੀ ਆਵਾਜਾਈ ਵਧੀ। ਗੱਲ ਵੱਧਣ 'ਤੇ 2 ਫਰਵਰੀ 2009 ਨੂੰ ਆਦੀਵਾਸੀਆਂ ਤੇ ਮਾਕਪਾ ਕੇਡਰਾਂ 'ਚ ਹਿੰਸਕ ਸੰਘਰਸ਼ ਹੋਇਆ। ਨਕਸਲੀਆਂ ਵੱਲੋਂ ਸਪਲਾਈ ਕੀਤੇ ਹਥਿਆਰਾਂ ਨਾਲ ਲੈਸ ਆਦੀਵਾਸੀ ਨੇ ਤਿੰਨ ਕੇਡਰਾਂ ਨੂੰ ਮਾਰ ਦਿੱਤਾ। ਪੱਛਮੀ ਬੰਗਾਲ ਸਰਕਾਰ ਨੇ ਸਥਿਤੀ ਨੂੰ ਕੰਟਰੋਲ ਕਰਨ ਲਈ ਉਥੇ ਧੱਕਾ ਵਰਤਣ ਦੀ ਯੋਜਨਾ ਬਣਾਈ ਪਰ ਕੇਂਦਰ ਸਰਕਾਰ ਤੋਂ ਸੀ. ਆਰ. ਪੀ. ਐਫ. ਭੇਜਣ ਦੀ ਸਿਧਾਂਤਕ ਇਜਾਜ਼ਤ ਨਾ ਮਿਲਣ 'ਤੇ ਫਿਲਹਾਲ ਪ੍ਰਸਾਸ਼ਨ ਨੇ ਹੱਥ ਰੋਕ ਰੱਖਿਆ ਹੈ। ਪ੍ਰਸਾਸ਼ਨ ਨੂੰ ਇਹ ਗੱਲ ਸਮਝ 'ਚ ਆ ਚੁੱਕੀ ਹੈ ਕਿ ਲਾਲਗੜ੍ਹ ਹੁਣ ਬਾਰੂਦ ਦੇ ਢੇਰ 'ਤੇ ਬੈਠਾ ਹੈ। ਉਥੋਂ ਦੇ ਮਰਦ ਹੀ ਨਹੀਂ ਔਰਤਾਂ ਵੀ ਕੁਹਾੜੀਆਂ ਤੇ ਹੋਰ ਰਵਾਇਤੀ ਹਥਿਆਰਾਂ ਦੇ ਨਾਲ ਮੁਜ਼ਹਾਰਾ ਕਰਦੀਆਂ ਨਜ਼ਰ ਆਉਂਦੀਆਂ ਹਨ। ਹੁਣ ਕਿਸੇ ਪੁਲਸੀਏ ਦੀ ਹਿੰਮਤ ਨਹੀਂ ਹੈ ਕਿ ਲਾਲਗੜ੍ਹ ਦੀਆਂ ਆਦੀਵਾਸੀ ਔਰਤਾਂ ਦੀ ਆਬਰੂ 'ਤੇ ਹੱਥ ਪਾ ਸਕੇ। ਆਦੀਵਾਸੀਆਂ ਨੇ ਦਰੱਖਤ ਕੱਟ ਕੇ ਰਾਸ਼ਟਰੀ ਰਾਜ ਮਾਰਗ ਵੀ ਬੰਦ ਕਰ ਰੱਖਿਆ ਹੈ। ਹੁਣ ਸਾਰੀ ਰਾਤ ਇਨ੍ਹਾਂ ਖੇਤਰਾਂ ਵਿਚ ਆਦੀਵਾਸੀ ਪਹਿਰਾ ਦਿੰਦੇ ਹਨ। ਇਸ ਦਾ ਅਰਥ ਸਪੱਸ਼ਟ ਹੈ ਕਿ ਉਨ੍ਹਾਂ ਦੇ ਹੁਕਮ ਬਿਨਾ ਪਰਿੰਦਾ ਵੀ ਨਹੀਂ ਆ ਸਕਦਾ। ਇਹ ਤਾਂ ਸਭ ਨੂੰ ਪਤਾ ਹੈ ਕਿ ਰਾਜ ਦੇ ਗ੍ਰਹਿ ਸਕੱਤਰ ਦਾ ਇਹ ਕਹਿਣਾ ਹੈ ਕਿ ਸਰਕਾਰ ਨਹੀਂ ਚਾਹੇਗੀ ਕਿ ਰਾਜ 'ਚ ਨੰਦੀਗ੍ਰਾਮ ਵਰਗੀ ਸਥਿਤੀ ਬਣੇ। ਅਜਿਹੇ ਅਧਿਕਾਰੀ ਹਾਕਮਾਂ ਦੇ ਭੋਂਪੂ ਹੁੰਦੇ ਹਨ। ਇੰਨ੍ਹਾਂ 'ਚ ਜਿੰਨੀ ਚਾਬੀ ਭਰੀ ਜਾਵੇ ਉਨ੍ਹਾਂ ਹੀ ਬੋਲ ਸਕਦੇ ਹਾਂ। ਸੱਚ ਤਾਂ ਇਹ ਹੈ ਜ਼ਿੰਮੇਵਾਰੀ ਨਕਸਲੀਆਂ ਤੇ ਵਿਰੋਧੀ ਧਿਰ ਮਾੜ ਕੇ ਫੁਰਸਤ ਪਾ ਕੇ ਪੱਲਾ ਛੁਡਾ ਲੈਣ ਦੀ ਜਿਥੇ ਮੰਸ਼ਾ ਹੋਵੇ ਉਥੇ ਰਾਜਸੀ ਇੱਛਾ ਸ਼ਕਤੀ ਦੀ ਘਾਟ ਹੋਵੇ ਅਤੇ ਨਾਲ ਹੀ ਆਪਣਾ ਸੁਆਰਥ ਹੋ ਉਥੇ ਤਾਂ ਹੱਲ ਕੱਢਣ ਦੀ ਗੱਲ ਹੀ ਨਹੀਂ ਉੱਠਦੀ।

# ਇਨਕਲਾਬ ਤੋਂ ਕੀ ਭਾਵ ਹੈ?

ਸਾਡੇ ਸਮਾਜ ਵਿਚ ਇਨਕਲਾਬ ਇਕ ਪ੍ਰਚਲਿਤ ਸ਼ਬਦ ਹੈ। ਇਸ ਪ੍ਰਚਲਿਤ ਸ਼ਬਦ ਦੀ ਵਰਤੋਂ ਅਸੀਂ ਕਿਸੇ ਚੀਜ਼ ਦੀ ਇਸ਼ਤਿਹਾਰ ਬਾਜ਼ੀ ਤੋਂ ਲੈ ਕੇ ਕਿਸੇ ਪਾਰਟੀ ਨਾਲ ਜੁੜਿਆ ਹੋਇਆ ਵੇਖ ਸਕਦੇ ਹਾਂ। 'ਇਹ ਇਕ ਅਜਿਹੀ ਇਨਕਲਾਬੀ ਵਸਤੂ ਹੈ ਕਿ ਆਪ ਦੀ ਸੋਚ ਬਦਲ ਕੇ ਰੱਖ ਦੇਵੇਗੀ' ਦੀ ਪੁਕਾਰ ਅਕਸਰ ਹੀ ਟੈਲੀਵਿਜ਼ਨ 'ਤੇ ਦੇਖੀ ਜਾ ਸਕਦੀ ਹੈ। ਇਸ ਤਰ੍ਹਾਂ ਭਾਰਤੀ ਇਨਕਲਾਬੀ ਪਾਰਟੀ ਕੌਮੀ ਇਨਕਲਾਬੀ ਪਾਰਟੀ, ਇਨਕਲਾਬੀ ਕੌਮੀ ਮੋਰਚਾ ਆਦਿ ਵਜੋਂ ਇਨਕਲਾਬੀ ਸ਼ਬਦ ਦੀ ਵਰਤੋਂ ਅਸੀਂ ਵੇਖ ਸਕਦੇ ਹਾਂ।

ਇਨਕਲਾਬ ਸ਼ਬਦ ਦੀ ਇਸ ਤਰ੍ਹਾਂ ਦੀ ਵਰਤੋਂ ਨਾਲ ਹੀ ਇਹ ਸੁਆਲ ਪੈਦਾ ਹੁੰਦਾ ਹੈ ਕਿ ਇਨਕਲਾਬ ਦੇ ਅਰਥ ਕੀ ਹਨ? ਇਨਕਲਾਬ ਸ਼ਬਦ ਦੀ ਵਰਤੋਂ ਜਦ ਕੋਈ ਕਰਦਾ ਹੈ ਤਾਂ ਉਹ ਕੀ ਗੱਲ ਕਰਨੀ ਚਾਹੁੰਦਾ ਹੈ? ਜਦ ਇਸ਼ਤਿਹਾਰ ਬਾਜ਼ੀ 'ਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਉੱਥੇ ਇਸ ਦਾ ਕੀ ਅਰਥ ਹੁੰਦਾ ਹੈ? ਇਸ਼ਤਿਹਾਰ ਬਾਜ਼ੀ ਦੀ ਦੁਨੀਆਂ 'ਚ ਜਦ ਇਨਕਲਾਬ ਇਨਕਲਾਬੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਇਹ ਹੁੰਦਾ ਹੈ ਕਿ ਆਮ ਧਾਰਾ ਤੋਂ ਹਟ ਕੇ ਆਪਣੀ ਵਸਤ ਦੇ ਹੋਣ ਦਾ ਦਾਅਵਾ ਉਕਤ ਕੰਪਨੀ ਵੱਲੋਂ ਕੀਤਾ ਜਾਂਦਾ ਹੈ। ਅਕਸਰ ਹੀ ਛੋਟੇ ਮੋਟੇ ਬਦਲਾਅ ਵੀ ਜੋ ਉਕਤ ਕੰਪਨੀ ਵੱਲੋਂ ਆਪਣੀ ਵਸਤ 'ਚ ਕਰ ਦਿੱਤੇ ਜਾਂਦੇ ਹੋਣ ਤਾਂ ਉਸ ਨੂੰ ਇਸ ਕੰਪਨੀ ਵੱਲੋਂ ਇਕ ਵੱਡੇ ਬਦਲਾਅ ਜਾਂ "ਇਨਕਲਾਬ" ਵਜੋਂ ਪੇਸ਼ ਕਰ ਦਿੱਤਾ ਜਾਵੇਗਾ। ਵੈਸੇ ਅਜਿਹਾ ਹੋ ਸਕਦਾ ਹੈ ਕਿ ਅਜਿਹੀ ਚੀਜ਼ ਦੀ ਖੋਜ ਹੋ ਜਾਵੇ ਜੋ ਕਿਸੇ ਖੇਤਰ ਵਿਸ਼ੇਸ਼ ਵਿਚ ਇਕ ਵੱਡੀ ਤਬਦੀਲੀ ਲਿਆ ਦੇਵੇ। ਇਕ ਸਮੇਂ 'ਚ ਭਾਪ ਦੇ ਇੰਜਣ ਜਾਂ ਬਿਜਲੀ ਦੀ ਵਰਤੋਂ ਅਜਿਹੀਆਂ ਖੋਜਾਂ ਦੀ ਸ਼੍ਰੇਣੀ 'ਚ ਰੱਖੇ ਜਾ ਸਕਦੇ ਹਨ। ਭਾਪ ਦੇ ਇੰਜਣ, ਬਿਜਲੀ ਆਦਿ ਦੀ ਵਰਤੋਂ ਨੇ ਆਪਣੀ ਖੋਜ ਸਮੇਂ ਵਸਤੂਆਂ ਦੀ ਪੈਦਾਵਾਰ 'ਚ ਇਕ ਵੱਡੀ ਤਬਦੀਲੀ ਸ਼ੁਰੂਆਤ ਕਰ ਦਿੱਤੀ। ਭਾਪ ਦੇ ਇੰਜਣ ਨੇ ਰੇਲ ਆਵਾਜਾਈ ਨੂੰ ਜਨਮ ਦਿੱਤਾ ਪਰ ਇਸ ਦੇ ਉਲਟ ਬਹੁਤੇ ਗਮਲਿਆਂ ਵਿਚ ਕੰਪਨੀਆਂ ਦੇ ਇਨਕਲਾਬੀ ਉਤਪਾਦ ਦਾ ਦਾਅਵਾ ਝੂਠਾ ਹੁੰਦਾ ਹੈ। ਕਿਸੇ ਸੰਗਠਨ ਜਾਂ ਪਾਰਟੀ ਵੱਲੋਂ ਆਪਣੇ ਨਾਂ ਨਾਲ ਇਨਕਲਾਬ ਸ਼ਬਦ ਦੀ ਵਰਤੋਂ ਕਿਸੇ ਵਿਸ਼ੇਸ਼ ਪ੍ਰਯੋਜਨ ਵੱਲ ਇਸ਼ਾਰਾ ਕਰ ਸਕਦਾ ਹੈ ਅਤੇ ਕਈ ਦਫਾ ਤਾਂ ਇਸ ਦਾ ਪ੍ਰਯੋਗ ਸਿਰਫ਼ ਇਸ ਲਈ ਕੀਤਾ ਜਾਂਦਾ ਹੈ ਕਿ ਇਹ ਸੰਗਠਨ/ਪਾਰਟੀ ਆਪਣੇ ਆਪ ਨੂੰ ਹੋਰਨਾਂ ਦੇ ਮੁਕਾਬਲੇ ਜੁਝਾਰੂ, ਲੜਾਕੂ ਜਾਂ ਖਾੜਕੂ ਵਿਖਾਉਣਾ ਚਾਹੁੰਦੀ ਹੈ। ਕਿਸੇ ਸਮੇਂ ਭਾਜਪਾ ਤੋਂ ਬਾਹਰ ਆਏ ਕਲਿਆਣ ਸਿੰਘ ਨੇ ਕੌਮੀ ਇਨਕਲਾਬੀ ਪਾਰਟੀ ਦਾ ਗਠਨ ਕੀਤਾ ਸੀ। ਕਲਿਆਣ ਸਿੰਘ ਅਜਿਹਾ ਕਰਕੇ ਆਪਣੇ ਆਪ ਨੂੰ ਭਾਜਪਾ ਤੋਂ ਵੱਧ ਜੁਝਾਰੂ, ਲੜਾਕੂ ਜਾਂ ਖਾੜਕੂ ਵਿਖਾਉਣਾ ਚਾਹੁੰਦੀ ਹੈ। ਕਿਸੇ ਸਮੇਂ ਭਾਜਪਾ ਤੋਂ ਵੱਧ ਜੁਝਾਰੂ ਤੇ ਤੇਜ਼ ਢੰਗ ਨਾਲ ਹਿੰਦੂਆਂ ਦੇ ਹਿੱਤਾਂ ਦੀ ਰਾਖੀ ਕਰਨ ਵਾਲਾ ਸਾਬਤ ਕਰਨਾ ਚਾਹੁੰਦੇ ਸਨ। ਇਸ ਤਰ੍ਹਾਂ ਨਾਲ ਅਸੀਂ ਵੇਖਦੇ ਹਾਂ ਕਿ ਕ੍ਰਾਂਤੀ ਸ਼ਬਦ ਦਾ ਇਹ ਪ੍ਰਸੰਗ ਮਨਮਾਨਾ, ਬੇਤੁਕਾ ਤੇ

ਨਿਰਾਥਕ ਹੈ। ਕਲਿਆਣ ਸਿੰਘ ਦਾ ਇਨਕਲਾਬ ਦਾ ਕੋਈ ਲਾਗਾ ਦੇਗਾ ਨਹੀਂ ਸੀ। ਜਿਉਂ ਹੀ ਭਾਜਪਾ ਨੇ ਉਨ੍ਹਾਂ ਦੀ ਮਿਜਾਜ਼ਪੁਰਸ਼ੀ ਕੀਤੀ ਤਾਂ ਉਹ ਭਾਜਪਾ 'ਚ ਵਾਪਸ ਚਲੇ ਗਏ। ਕੌਮੀ ਇਨਕਲਾਬੀ ਪਾਰਟੀ ਦੀ ਹੋਂਦ ਖਤਮ ਹੋ ਗਈ। ਕਲਿਆਣ ਸਿੰਘ ਅੱਜ ਕੱਲ੍ਹ ਭਾਜਪਾ ਤੋਂ ਫਿਰ ਬਾਹਰ ਆ ਕੇ ਮੁਲਾਇਮ ਸਿੰਘ ਦੇ "ਸਮਾਜਵਾਦ" ਨਾਲ ਹੈ।

ਇਸ ਦੇ ਉਲਟ ਜੇ ਕੋਈ ਜਥੇਬੰਦੀ/ਪਾਰਟੀ ਵਿਸ਼ੇਸ਼ ਪ੍ਰਯੋਜਨ ਨਾਲ ਆਪਣੇ ਨਾਂ ਨਾਲ ਇਸ ਸ਼ਬਦ ਦੀ ਵਰਤੋਂ ਕਰ ਰਹੀ ਹੋਵੇ ਤਾਂ ਇਸ ਰਾਹੀਂ ਉਹ ਇਹ ਸੰਦੇਸ਼ ਦੇਣਾ ਚਾਹ ਸਕਦੀ ਹੈ ਇਨਕਲਾਬੀ ਬਦਲਾਅ ਦੀ ਲੋੜ ਹੈ ਅਤੇ ਅਜਿਹੀ ਤਬਦੀਲੀ ਲਈ ਜਨ ਸਮੂਹ ਨੂੰ ਇਕੱਠੇ ਹੋ ਕੇ ਉਸ ਪਾਰਟੀ ਦੀ ਅਗਵਾਈ 'ਚ ਇਨਕਲਾਬ ਕਰਨਾ ਹੋਵੇਗਾ। ਸਮਾਜ ਵਿਚ ਡੂੰਘੇ ਤੇ ਭਰਵੇਂ ਬੁਨਿਆਦੀ ਬਦਲਾਅ ਦੀ ਲੋੜ ਹੈ, ਇਨਕਲਾਬ ਦੀ ਜ਼ਰੂਰਤ ਹੈ।

ਗੱਲ ਨੂੰ ਆਸਾਨੀ ਨਾਲ ਸਮਝਣ ਲਈ ਸ਼ਹੀਦ ਭਗਤ ਸਿੰਘ ਦੇ ਉਨ੍ਹਾਂ ਸ਼ਬਦਾਂ ਨੂੰ ਵੀ ਯਾਦ ਕਰ ਸਕਦੇ ਹਾਂ ਜੋ ਉਨ੍ਹਾਂ ਆਪਣੇ ਇਕ ਪੱਤਰ 'ਚ ਕਹੇ ਸਨ। "ਇਨਕਲਾਬ ਤੋਂ ਸਾਡਾ ਭਾਵ ਮੌਜੂਦ ਪ੍ਰਬੰਧ ਨੂੰ ਮੁੱਢੋਂ ਬਦਲਣਾ ਹੈ।" ਭਗਤ ਸਿੰਘ ਦੇ ਇਨ੍ਹਾਂ ਸ਼ਬਦਾਂ ਵਿਚ ਇਨਕਲਾਬ ਇਕ ਠੋਸ ਅਰਥ ਗ੍ਰਹਿਣ ਕਰ ਲੈਂਦਾ ਹੈ। ਉਹ ਇਸ ਪੱਤਰ ਵਿਚ ਪਹਿਲਾਂ ਉਸ ਸਮਾਜਕ ਪ੍ਰਬੰਧ ਦੀ ਚਰਚਾ ਕਰਦੇ ਹਨ ਜੋ ਲੁੱਟ ਤੇ ਜਬਰ 'ਤੇ ਟਿਕੀ ਹੋਈ ਹੈ, ਜੋ ਮਜ਼ਦੂਰਾਂ ਕਿਸਾਨਾਂ ਦੀ ਬੇਰਹਿਮ ਲੁੱਟ-ਘਸੁੱਟ ਕਰਦਾ ਹੈ ਅਤੇ ਫਿਰ ਸੱਦਾ ਦਿੰਦੇ ਹਨ ਕਿ ਇਸ ਪ੍ਰਬੰਧ ਨੂੰ ਮੁੱਢੋਂ ਬਦਲ ਦਿੱਤਾ ਜਾਵੇ ਤੇ ਇਕ ਲੁੱਟ ਰਹਿਤ ਸਮਾਜ ਦੀ ਸਥਾਪਨਾ ਕੀਤੀ ਜਾਵੇ। ਇਕ ਅਜਿਹਾ ਸਮਾਜ ਜਿਸ ਵਿਚ ਜਮਾਤਾਂ ਨਾ ਹੋਣ। ਜਿਸ ਵਿਚ ਲੁੱਟ ਨਾ ਹੋਵੇ। ਇਸ ਤਰ੍ਹਾਂ ਭਗਤ ਸਿੰਘ ਮੌਜੂਦਾ ਪੂੰਜੀਵਾਦੀ-ਸਾਮਰਾਜੀ ਪ੍ਰਬੰਧ ਦੀ ਥਾਂ 'ਤੇ ਇਨਕਲਾਬ ਰਾਹੀਂ ਸਮਾਜਵਾਦ ਤੇ ਫਿਰ ਕਮਿਊਨਿਜ਼ਮ ਨੂੰ ਲਿਆਉਣਾ ਚਾਹੁੰਦੇ ਹਨ।

ਇਥੇ ਇਨਕਲਾਬ ਇਕ ਠੋਸ ਅਰਥ ਗ੍ਰਹਿਣ ਕਰ ਲੈਂਦਾ ਹੈ। ਇਕ ਸਮਾਜਿਕ ਪ੍ਰਬੰਧ ਤੋਂ ਦੂਜੇ ਸਮਾਜਿਕ ਪ੍ਰਬੰਧ 'ਚ ਬੁਨਿਆਦੀ ਤਬਦੀਲੀ ਇਨਕਲਾਬ ਬਣ ਜਾਂਦੀ ਹੈ। ਇਨਕਲਾਬੀ ਹੋਣ ਦਾ ਅਰਥ ਸਿਰਫ਼ ਏਨਾ ਨਹੀਂ ਰਹਿ ਜਾਂਦਾ ਹੈ ਕਿ ਉਹ ਸਮਾਜਕ ਪ੍ਰਬੰਧ 'ਚ ਤਬਦੀਲੀ ਲਈ ਇਨਕਲਾਬ ਦੀ ਜ਼ਰੂਰਤ ਨੂੰ ਸਮਝਦਾ ਹੈ ਬਲਕਿ ਇਹ ਵੀ ਬਣ ਜਾਂਦਾ ਹੈ ਕਿ ਉਹ ਇਸ ਤਬਦੀਲੀ ਨੂੰ ਲਿਆਉਣ ਲਈ, ਇਨਕਲਾਬ ਕਰਨ ਲਈ ਆਪਣੇ ਆਪ ਨੂੰ ਪੂਰੇ ਮਾਨਯੋਗ ਨਾਲ ਪੇਸ਼ ਕਰਦਾ ਹੈ ਅਤੇ ਇਸ ਕੰਮ ਵਿਚ ਆਪਣੀ ਪੂਰੀ ਊਰਜਾ ਲਾਉਂਦਾ ਹੈ। ਉਹ ਇਸ ਗੱਲ ਨੂੰ ਸਮਝਦਾ ਹੈ ਕਿ ਇਨਕਲਾਬ ਕਦੋਂ ਤੇ ਕਿਵੇਂ ਹੁੰਦਾ ਹੈ। ਇਕ ਸਮਾਜ ਪ੍ਰਬੰਧ 'ਚ ਰਹਿ ਰਹੇ ਬਹੁਤੇ ਲੋਕ ਇਨਕਲਾਬ ਦੀ ਜ਼ਰੂਰਤ ਨੂੰ ਕਿਸੇ ਖਾਸ ਹਾਲਤਾਂ ਵਿਚ ਹੀ ਤਲਖੀ ਨਾਲ ਮਹਿਸੂਸ ਕਰਦੇ ਹਨ। ਇਹ ਖਾਸ ਹਾਲਤਾਂ ਆਮ ਲੋਕਾਂ ਨੂੰ ਇਸ ਗੱਲ ਲਈ ਪ੍ਰੇਰਿਤ ਤੇ ਤਿਆਰ ਕਰਦੀਆਂ ਹਨ ਕਿ ਉਹ ਆਪਣੇ ਜੀਵਨ 'ਚ ਬਦਲਾਅ ਲਿਆਉਣ ਲਈ ਇਕਜੁੱਟ ਹੋ ਕੇ ਕਾਰਵਾਈ ਕਰਨ। ਕੌਣ ਲੋਕ ਇਨਕਲਾਬ ਦੇ ਸਹਿਯੋਗੀ ਹੋਣਗੇ ਅਤੇ ਕੌਣ ਦੁਸ਼ਮਣ ਇਹ ਉਸ ਸਮਾਜਕ ਪ੍ਰਬੰਧ ਦੇ ਚਰਿੱਤਰ ਤੋਂ ਤਹਿ ਹੁੰਦਾ ਹੈ। ਜਿਵੇਂ ਇਕ ਜਗੀਰੂ ਸਮਾਜਕ ਪ੍ਰਬੰਧ ਨੂੰ ਪੂੰਜੀਵਾਦੀ ਸਮਾਜਕ ਪ੍ਰਬੰਧ 'ਚ ਬਦਲ ਵਾਲਾ ਇਨਕਲਾਬ,

ਜਾਗੀਰੂ ਸਮਾਜ ਦੀ ਹਾਕਮ ਜਮਾਤ ਲੋਕਾਂ 'ਤੇ ਨਿਸ਼ਾਨਾ ਸੇਧੇਗੀ ਜਦ ਕਿ ਕਿਸਾਨ, ਮਜ਼ਦੂਰ, ਦਸਤਕਾਰ, ਬੁਧੀਜੀਵੀ ਤੇ ਪੂੰਜੀਪਤੀ ਵਰਗ ਇਨਕਲਾਬ ਕਤਾਰਾਂ 'ਚ ਹੋਣਗੇ। ਇਨਕਲਾਬ ਦਾ ਜਿਨ੍ਹਾਂ ਖਾਸ ਹਾਲਤਾਂ 'ਚ ਜਨਮ ਹੁੰਦਾ ਹੈ ਜੇ ਅਸੀਂ ਉਨ੍ਹਾਂ ਨੂੰ ਕ੍ਰਮਵਾਰ ਰੱਖੀਏ ਤਾਂ ਉਹ ਇਸ ਪ੍ਰਕਾਰ ਬਣਨਗੀਆਂ ਪਹਿਲੀ ਕਿਸੇ ਦੇਸ਼ 'ਚ ਅਜਿਹਾ ਕੋਈ ਸੰਕਟ ਹੋਵੇ ਜੋ ਹਾਕਮ ਜਮਾਤ ਤੇ ਪ੍ਰਜਾ ਦੋਨਾਂ ਨੂੰ ਵਿਆਪਕ ਤੌਰ 'ਤੇ ਪ੍ਰਭਾਵਿਤ ਕਰ ਰਹੀਆਂ ਹੋਣ। ਨਾ ਸਿਰਫ ਪ੍ਰਜਾ ਬਲਕਿ ਹਾਕਮ ਜਮਾਤ ਲਈ ਪੁਰਾਣੇ ਤੌਰ ਤਰੀਕਿਆਂ 'ਚ ਰਹਿਣਾ ਮੁਸ਼ਕਲ ਹੋ ਗਿਆ ਹੋਵੇ। ਉਸ ਦੇ ਹਕੂਮਤ ਕਰਨ ਦੇ ਤਰੀਕੇ ਕਾਮਯਾਬ ਨਾ ਹੋ ਰਹੇ ਹੋਣ ਅਤੇ ਪ੍ਰਜਾ ਉਨ੍ਹਾਂ ਦੀ ਹਕੂਮਤ ਮੰਨਣ ਨੂੰ ਤਿਆਰ ਨਾ ਹੋਵੇ। ਦੂਸਰੀ ਪ੍ਰਜਾ ਦੇ ਜੀਵਨ 'ਚ ਕਸ਼ਟ ਤੇ ਦੁਖ, ਮੁਸ਼ਕਲਾਂ-ਪ੍ਰੇਸ਼ਾਨੀਆਂ ਆਮ ਤੋਂ ਵੱਧ ਗਈਆਂ ਹੋਣ। ਪ੍ਰਜਾ ਲਈ ਹੁਣ ਹੋਰ ਵੱਧ ਬਹਿਣਾ ਸੰਭਵ ਰਹਿ ਗਿਆ ਹੋਵੇ। ਤੀਜੀ, ਆਮ ਜਨਤਾ ਦੀ ਪਹਿਲ ਕਦਮੀ ਸਰਗਰਮੀ ਕਾਰਵਾਈਆਂ ਕਾਫੀ ਵੱਧ ਗਈਆਂ ਹੋਣ। ਸੰਘਰਸ਼ਾਂ ਦੇ ਇਸ ਸੋਮੇ ਤੋਂ ਪਹਿਲਾਂ ਜਦ ਪ੍ਰਜਾ ਹਾਕਮ ਜਮਾਤ ਦੀ ਲੁੱਟ-ਘਸੁੱਟ ਨੂੰ ਝੱਲ ਲੈਂਦਾ ਸੀ ਹੁਣ ਇਸ ਦੇ ਲਈ ਤਿਆਰ ਨਾ ਹੋਵੇ। ਆਮ ਤੌਰ 'ਤੇ ਇਨ੍ਹਾਂ ਨੂੰ ਇਨਕਲਾਬ ਦੀਆਂ ਵਸਤੂਗਤ ਹਾਲਤਾਂ ਕਿਹਾ ਜਾਂਦਾ ਹੈ।

ਜਦ ਕਿਸੇ ਦੇਸ਼ ਵਿਚ ਉਪਰੋਕਤ ਵਰਨਣ ਅਨੁਸਾਰ ਦੇਸ਼ ਵਿਆਪੀ ਸੰਕਟ ਹੋਵੇ ਤਾਂ ਅਸੀਂ ਕਹਾਂਗੇ ਕਿ ਉਹ ਦੇਸ਼ ਇਨਕਲਾਬ ਦੀ ਦਹਿਲੀਜ਼ 'ਤੇ ਖੜ੍ਹਾ ਹੈ। ਪਰ ਉਪਰੋਕਤ ਹਾਲਤਾਂ ਦੇ ਹੋਣ ਨਾਲ ਹੀ ਕਿਸੇ ਦੇਸ਼ 'ਚ ਇਨਕਲਾਬ ਨਹੀਂ ਹੋ ਜਾਂਦਾ। ਇਨਕਲਾਬ ਹੋਣ ਲਈ ਜ਼ਰੂਰੀ ਹੈ ਕਿ ਉਸ ਦੇਸ਼ 'ਚ ਪ੍ਰਜਾ ਨੂੰ ਇਕਜੁੱਟ, ਜਥੇਬੰਦ ਤੇ ਲੀਡਰਸ਼ਿਪ ਵਾਲੀ ਸ਼ਕਤੀ ਵਜੋਂ ਪ੍ਰਜਾ ਦੀ ਪਾਰਟੀ ਹੋਵੇ। ਮਜ਼ਦੂਰ ਜਮਾਤ ਜੋ ਕਿ ਇਨਕਲਾਬੀ ਜਮਾਤ ਹੈ, ਹੁਣ ਆਤਮ ਤਿਆਗ ਬਲੀਦਾਨ ਤੇ ਹਿੰਮਤ ਦੀ ਭਾਵਨਾ ਨਾਲ ਲੈੱਸ ਹੋ ਕੇ ਸੰਘਰਸ਼ ਲਈ ਸ਼ਕਤੀਆਂ ਵਜੋਂ ਸੰਬੋਧਿਤ ਕੀਤਾ ਜਾਂਦਾ ਹੈ।

ਕਿਸੇ ਦੇਸ਼ ਵਿਚ ਅੰਤਰਮੁਖੀ ਤੇ ਬਾਹਰਮੁਖੀ ਸ਼ਕਤੀਆਂ ਦੇ ਪਰਪੱਕ ਹੋਣ ਅਤੇ ਇਨ੍ਹਾਂ ਦੇ ਮੇਲ ਨਾਲ ਹੀ ਇਨਕਲਾਬ ਦੀ ਸੰਭਾਵਨਾ ਉਸਰਦੀ ਹੈ ਅਤੇ ਸਹੀ ਢੰਗ ਨਾਲ ਸੰਘਰਸ਼ ਨੂੰ ਲੜਨ ਨਾਲ ਇਨਕਲਾਬ ਸਫਲ ਹੁੰਦਾ ਹੈ ਅਤੇ ਇਸ ਤਰ੍ਹਾਂ ਇਕ ਪਿਛੜੀ ਸਮਾਜਕ ਵਿਵਸਥਾ ਦੀ ਥਾਂ ਉਸ ਤੋਂ ਬੇਹਤਰ ਸਮਾਜਕ ਵਿਵਸਥਾ ਲੈ ਲੈਂਦੀ ਹੈ। ਜਦ ਅਜਿਹਾ ਕਿਸੇ ਦੇਸ਼ ਵਿਚ ਹੁੰਦਾ ਹੈ ਤਦ ਅਸੀਂ ਕਹਿੰਦੇ ਹਾਂ ਕਿ ਉਸ ਦੇਸ਼ 'ਚ ਇਨਕਲਾਬ ਹੋ ਗਿਆ। ਕਈ ਵਾਰੀ ਕਿਸੇ ਦੇਸ਼ ਵਿਚ ਪੁਰਾਣੀ ਹਾਕਮ ਜਮਾਤ ਸਾਜ਼ਿਸ਼ ਆਦਿ ਰਚ ਕੇ ਆਪਣੀ ਖੋਈ ਹੋਈ ਸੱਤਾ ਨੂੰ ਮੁੜ ਹਾਸਲ ਕਰ ਲੈਂਦੀ ਹੈ ਇਸ ਨੂੰ ਉਲਟ ਇਨਕਲਾਬ ਕਿਹਾ ਜਾਂਦਾ ਹੈ। ਯਾਨੀ ਜਿਸ ਮਜ਼ਦੂਰ-ਮੇਹਨਤਕਸ਼ ਜਮਾਤ ਨੇ ਬਗਾਵਤ ਕਰਕੇ ਹਾਕਮ ਜਮਾਤ ਤੋਂ ਸੱਤਾ ਖੋਹੀ ਉਹ ਫਿਰ ਗੁਲਾਮ ਬਣ ਗਏ। ਫਿਰ ਉਸ ਦੇਸ਼ ਵਿਚ ਕਿਸੇ ਹੋਰ ਰੂਪ 'ਚ ਪੁਰਾਣੀ ਸਮਾਜਕ ਵਿਵਸਥਾ ਦੀ ਵਾਪਸੀ ਹੋ ਜਾਵੇ। ਜਿਵੇਂ ਕਿਸੇ ਦੇਸ਼ 'ਚ ਭੋਇ ਸਰਕਾਰਾ-ਜਾਗੀਰਦਾਰਾਂ ਨੂੰ ਸੱਤਾ ਤੋਂ ਇਕ ਲੋਕ ਇਨਕਲਾਬ ਰਾਹੀਂ ਹਟਾਇਆ ਜਾਵੇ ਅਤੇ ਕੁੱਝ ਸਮੇਂ ਪਿੱਛੋਂ ਫਿਰ ਜਾਗੀਰਦਾਰਾਂ-ਭੋਇੰ ਸਰਦਾਰਾਂ ਦੀ ਹਕੂਮਤ ਸਥਾਪਤ ਹੋ ਜਾਏ ਤਾਂ ਇਹ ਉਲਟ ਇਨਕਲਾਬ ਕਿਹਾ ਜਾਵੇਗਾ। ਇਨਕਲਾਬ ਨੂੰ ਇਕ ਹੋਰ ਢੰਗ ਨਾਲ ਵੀ ਸਮਝਿਆ ਜਾ ਸਕਦਾ ਹੈ। ਇਸ ਢੰਗ ਨਾਲ ਸਮਝਣ ਲਈ ਸਾਨੂੰ ਗੱਲ ਨੂੰ ਮਨੁੱਖੀ ਜੀਵਨ ਦੀ ਬੁਨਿਆਦੀ ਕਾਰਵਾਈ

ਪੈਦਾਵਾਰ ਤੋਂ ਸ਼ੁਰੂ ਕਰਨੀ ਹੋਵੇਗੀ। ਪੈਦਾਵਾਰ ਮਨੁੱਖੀ ਜੀਵਨ ਦੀ ਅਜਿਹੀ ਬੁਨਿਆਦੀ ਕਾਰਵਾਈ ਹੈ ਜਿਸ ਕਾਰਨ ਮਾਨਵੀ ਜੀਵਨ ਦੀ ਹੋਂਦ ਹੈ। ਇਕ ਸਮਾਜੀ ਪ੍ਰਬੰਧ ਦਾ ਦੂਜੇ ਸਮਾਜਕ ਪ੍ਰਬੰਧ ਤੋਂ ਬੁਨਿਆਦੀ ਵਖਰੇਵਾਂ ਵੀ ਇਸ ਗੱਲ ਨਾਲ ਤਹਿ ਹੁੰਦਾ ਹੈ ਕਿ ਉਸ ਵਿਵਸਥਾ 'ਚ ਪੈਦਾਵਾਰ ਦੇ ਤੌਰ ਤਰੀਕੇ ਕੀ ਹਨ। ਪੈਦਾਵਾਰ ਦੀ ਕਿਹੜੀ ਪ੍ਰਣਾਲੀ ਲਾਗੂ ਹੈ ਅਤੇ ਦੂਜੇ ਪ੍ਰਬੰਧ 'ਚ ਪੈਦਾਵਾਰ ਦੇ ਤੌਰ ਤਰੀਕੇ ਤੇ ਪ੍ਰਣਾਲੀ ਕੀ ਹੈ। ਜਿਵੇਂ ਜਾਗੀਰੂ ਸਮਾਜੀ ਵਿਵਸਥਾ ਤੇ ਪੂੰਜੀਵਾਦੀ ਸਮਾਜ ਵਿਵਸਥਾ ਦੇ ਇਸ ਫਰਕ ਨੂੰ ਇਸ ਨਾਲ ਸਮਝ ਸਕਦਾ ਹੈ।

ਵਿਕਸਤ ਤੋਂ ਵਿਕਸਤ ਜਾਗੀਰੂ ਪ੍ਰਬੰਧ 'ਚ ਵੀ ਪੈਦਾਵਾਰ ਦਾ ਮੁੱਲ ਖੇਤਰ ਖੇਤੀ ਹੁੰਦੀ ਹੈ। ਦਸਤਕਾਰੀਆਂ ਜਾਂ ਬੇਹੱਦ ਛੋਟੇ ਪੈਮਾਨੇ 'ਤੇ ਅਜਿਹੀਆਂ ਵਸਤੂਆਂ ਦੀ ਪੈਦਾਵਾਰ ਹੁੰਦੀ ਸੀ ਜਿਸ ਦਾ ਮਕਸਦ ਵਪਾਰ ਹੁੰਦਾ ਸੀ। ਆਮ ਤੌਰ 'ਤੇ ਪੈਦਾਵਾਰ ਦਾ ਮਕਸਦ ਖਪਤ ਹੁੰਦਾ ਸੀ ਜਦ ਕਿ ਪੂੰਜੀਵਾਦੀ ਪ੍ਰਬੰਧ 'ਚ ਖੇਤੀ ਦੇ ਉੱਪਰ ਉਦਯੋਗ ਭਾਰੂ ਹੈਸੀਅਤ ਹਾਸਲ ਕਰ ਲੈਂਦੇ ਹਨ ਅਤੇ ਪੈਦਾਵਾਰ ਬਜ਼ਾਰ ਲਈ ਤੇ ਮੁਨਾਫੇ ਲਈ ਹੁੰਦੀ ਹੈ। ਜਾਗੀਰੂ ਸਮਾਜ ਵਿਚ ਹਾਕਮ ਜਮਾਤ ਰਾਜਾ, ਜਾਗੀਰਦਾਰ, ਜ਼ਿਮੀਦਾਰ ਆਦਿ ਨਾਲ ਮਿਲ ਕੇ ਬਣਿਆ ਹੁੰਦਾ ਸੀ। ਇਹ ਹਾਕਮ ਜਮਾਤ ਦਾ ਪੈਦਾਵਾਰ ਦੇ ਸਾਰੇ ਵਸੀਲਿਆਂ 'ਤੇ ਕਬਜ਼ਾ ਹੁੰਦਾ ਸੀ। ਜਾਗੀਰੂ ਸਮਾਜ 'ਚ ਕਿਸਾਨ, ਦਸਤਕਾਰ, ਆਦਿ ਮੇਹਨਕਸ਼ ਜਮਾਤ ਦੇ ਹਿੱਸੇ ਹੁੰਦੇ ਹਨ। ਇਕ ਪੈਦਾਵਾਰੀ ਸ਼ਕਤੀਆਂ ਅਤੇ ਦੂਜੇ ਪੈਦਾਵਾਰੀ ਸਬੰਧ। ਮੇਹਨਤਕਸ਼ ਜਮਾਤ ਦਾ ਮੁੱਖ ਕੰਮ ਪੈਦਾਵਾਰ ਕਰਨਾ ਹੁੰਦਾ ਸੀ। ਇਸ ਦੇ ਮੁਕਾਬਲਾਤਨ ਪੂੰਜੀਵਾਦੀ ਸਮਾਜ ਵਿਚ ਹਾਕਮ ਜਮਾਤ, ਪੂੰਜੀਪਤੀ, ਵਪਾਰੀ, ਧਨੀ, ਕਿਸਾਨ, ਫਾਰਮਰ ਆਦਿ ਨਾਲ ਬਣਿਆ ਹੁੰਦਾ ਹੈ। ਇਸ ਜਮਾਤ ਦਾ ਪੈਦਾਵਾਰ ਦੇ ਸਾਰੇ ਮੁੱਖ ਸਾਧਨਾਂ 'ਤੇ ਕਬਜ਼ਾ ਹੁੰਦਾ ਹੈ ਜਾਂ ਤਾਂ ਸਿੱਧੇ ਜਾਂ ਫਿਰ ਇਸ ਦੀ ਹਕੂਮਤ ਰਾਹੀਂ ਹੁੰਦਾ ਹੈ। ਮਜ਼ਦੂਰ ਕਿਸਾਨ ਆਦਿ ਪੈਦਾਵਾਰ ਕਰਦੇ ਹਨ ਪਰ ਪੈਦਾਵਾਰ ਦੇ ਮੁੱਖ ਸਾਧਨਾਂ 'ਤੇ ਇਸ ਦੀ ਕੋਈ ਮਾਲਕੀ ਨਹੀਂ ਹੁੰਦੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੈਦਾਵਾਰੀ ਸ਼ਕਤੀਆਂ ਤੇ ਦੂਜਾ ਪੈਦਾਵਾਰੀ ਸਬੰਧ। ਪੈਦਾਵਾਰੀ ਸ਼ਕਤੀਆਂ ਦੇ ਤਹਿਤ ਪੈਦਾਵਾਰ ਦੇ ਸਾਧਨ ਯਾਨੀ ਜ਼ਮੀਨ, ਮਸ਼ੀਨਾਂ, ਉਪਕਰਨ ਕਲ-ਕਾਰਖਾਨੇ, ਖਾਣਾਂ, ਤੇਲ ਦੇ ਖੂਹ ਆਦਿ ਦੇ ਨਾਲ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਨ ਵਾਲੇ ਲੋਕ ਤੇ ਲੋਕਾਂ ਦੇ ਕੰਮ ਕਰਨ ਦੌਰਾਨ ਹਾਸਲ ਕੀਤੀ ਨਵੀਂ ਨਿਪੁੰਨਤਾ ਤੇ ਕੌਸਲ ਆਦਿ ਆਉਂਦੇ ਹਨ। ਅਸੀਂ ਜਾਣਦੇ ਹਾਂ ਕਿ ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਉਹ ਅਲੱਗ ਥਲੱਗ ਰਹਿ ਕੇ ਕੁੱਝ ਨਹੀਂ ਕਰ ਸਕਦਾ ਹੈ। ਮਨੁੱਖ ਕਿਉਂਕਿ ਇਕ ਸਮਾਜਕ ਪ੍ਰਾਣੀ ਹੈ, ਇਸ ਲਈ ਉਸ ਦੀ ਪੈਦਾਵਾਰ ਦਾ ਕਿਰਦਾਰ ਵੀ ਸਮਾਜਕ ਹੁੰਦਾ ਹੈ। ਪੈਦਾਵਾਰ ਕਰਨ ਲਈ ਮਨੁੱਖਾਂ ਨੂੰ ਕੁਦਰਤ ਦੇ ਨਾਲ ਸੰਘਰਸ਼ ਕਰਨਾ ਹੁੰਦਾ ਹੈ ਅਤੇ ਉਨ੍ਹਾਂ ਨੂੰ ਕੰਮ 'ਚ ਲਿਆਉਣਾ ਹੁੰਦਾ ਹੈ। ਮਨੁੱਖ ਤੇ ਕੁਦਰਤ ਦਾ ਇਹ ਸੰਘਰਸ਼ ਹਰ ਸਮਾਜ ਪ੍ਰਬੰਧ 'ਚ ਚਲਦਾ ਰਹਿੰਦਾ ਹੈ। ਇਸ ਦੌਰਾਨ ਮਨੁੱਖ ਨਾ ਸਿਰਫ ਕੁਦਰਤ ਨੂੰ ਬਦਲਦਾ ਹੈ ਬਲਕਿ ਕੁਦਰਤ ਦੇ ਸਿਧਾਂਤਾਂ ਦੀ ਖੋਜ ਕਰਦੇ ਹੋਏ ਇਹ ਬੇਹਤਰ ਢੰਗ ਨਾਲ ਕੁਦਰਤ ਨੂੰ ਸਮਝਦੇ ਹੋਏ ਵਰਤੋਂ ਕਰਨ ਵੱਲ ਵਧਦਾ ਹੈ। ਇਥੇ ਅਸੀਂ ਵੇਖਦੇ ਹਾਂ ਕਿ ਕੁਦਰਤ ਨਾਲ ਇਹ ਸੰਘਰਸ਼ ਮਨੁੱਖ ਹਰ ਯੁੱਗ ਵਿਚ ਚਾਹੇ ਉਹ ਕਬੀਲਿਆਈ ਸਮਾਜ, ਜਾਗੀਰੂ ਜਾਂ ਪੂੰਜੀਵਾਦੀ ਸਮਾਜ ਹੋਵੇ, ਵਿਚ

ਸਮੂਹਕ ਤੌਰ 'ਤੇ ਮਿਲ ਜੁਲ ਕੇ ਕਰਦੇ ਹਨ। ਇਸ ਤਰ੍ਹਾਂ ਮਨੁੱਖਾਂ ਦਾ ਕੁਦਰਤ ਨਾਲ ਇਹ ਸੰਘਰਸ਼ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਦਾ ਇਕ ਅਜਿਹਾ ਸੰਘਰਸ਼ ਹੈ ਜੋ ਹਮੇਸ਼ਾ ਚਲਦਾ ਰਹਿੰਦਾ ਹੈ। ਜ਼ਰੂਰਤਾਂ ਦੀ ਪੂਰਤੀ ਜਾਂ ਪੈਦਾਵਾਰ ਦੀ ਇਹ ਕਾਰਵਾਈ ਆਪਣੇ ਚਰਿਤਰ 'ਚ ਸਮਾਜਕ ਹੈ। ਸਮਾਜਕ ਪੈਦਾਵਾਰ ਦੌਰਾਨ ਮਨੁੱਖਾਂ ਵਿਚਕਾਰ ਜੋ ਸਬੰਧ ਕਾਇਮ ਹੁੰਦੇ ਹਨ ਉਨ੍ਹਾਂ ਨੂੰ ਪੈਦਾਵਾਰੀ ਸਬੰਧ ਕਿਹਾ ਜਾਂਦਾ ਹੈ।

ਪੈਦਾਵਾਰੀ ਸਬੰਧਾਂ ਤਹਿਤ ਤਿੰਨ ਗੱਲਾਂ ਆਉਂਦੀਆਂ ਹਨ। ਪਹਿਲੀ, ਪੈਦਾਵਾਰ ਦੇ ਸਾਧਨਾਂ 'ਤੇ ਕਿਸ ਦਾ ਕਬਜ਼ਾ ਹੈ। ਕਿਸ ਦੀ ਮਾਲਕੀ ਹੈ। ਦੂਜੀ ਪੈਦਾਵਾਰ ਕਰਨ ਵਾਲੇ ਵਿਅਕਤੀਆਂ ਦੀ ਭੂਮਿਕਾ ਕੀ ਹੈ ਤੇ ਜਿਨ੍ਹਾਂ ਵਿਅਕਤੀਆਂ ਦਾ ਪੈਦਾਵਾਰ ਦੇ ਸਾਧਨਾਂ 'ਤੇ ਕਬਜ਼ਾ ਹੈ, ਉਨ੍ਹਾਂ ਨਾਲ ਉਸ ਦਾ ਕੀ ਸਬੰਧ ਹੈ। ਸਬੰਧਾਂ ਦੀ ਪ੍ਰਕਿਰਤੀ ਕੀ ਹੈ? ਜੋ ਵਸਤ ਬਣਾਈ ਗਈ ਹੈ, ਉਸ ਦੀ ਵੰਡ ਕਿਵੇਂ ਹੋ ਰਹੀਂ ਹੈ? ਕਿਸ ਨੂੰ ਕਿੰਨਾ ਤੇ ਕੀ ਮਿਲ ਰਿਹਾ ਹੈ?

ਉਪਰੋਕਤ ਗੱਲਾਂ ਨੂੰ ਪੂੰਜੀਵਾਦੀ ਸਮਾਜ 'ਤੇ ਲਾਗੂ ਕਰਕੇ ਵੇਖਦੇ ਹਾਂ। ਪੂੰਜੀਵਾਦੀ ਸਮਾਜ 'ਚ ਪੈਦਾਵਾਰ ਦੇ ਸਾਧਨਾਂ 'ਤੇ ਸ਼ਹਿਰ - ਪੇਂਡੂ ਪੂੰਜੀਪਤੀ ਵਰਗ, ਵਪਾਰੀ, ਧਨੀ, ਕਿਸਾਨ ਆਦਿ ਦੇ ਨਾਲ ਪੂੰਜੀਵਾਦੀ ਰਾਜ ਦਾ ਕਬਜ਼ਾ ਹੈ। ਪੂੰਜੀਵਾਦੀ ਰਾਜ ਪੂਰੀ ਪੂੰਜੀਵਾਦੀ ਜਮਾਤ ਦੇ ਹਿੱਤਾਂ ਅਨੁਸਾਰ ਇਸ ਦੀ ਵਰਤੋਂ ਕਰਦੀ ਹੈ। ਸਰਕਾਰੀ ਤੇ ਜਨਤਕ ਖੇਤਰ ਦੇ ਅਧਿਕਾਰੀ, ਮੰਤਰੀ ਸਿੱਧੇ ਤੌਰ 'ਤੇ ਉਨ੍ਹਾਂ ਸਾਧਨਾਂ-ਸਨਅਤਾਂ ਦੇ ਮਾਲਕ ਨਹੀਂ ਹੁੰਦੇ। ਕਹਿਣ ਨੂੰ ਤਾਂ ਮਾਲਕ ਜਨਤਾ ਹੁੰਦੀ ਹੈ ਜੋ ਪੂਰੀ ਪੂੰਜੀਗਤ ਜਮਾਤ ਦੇ ਹਿੱਤ ਵਿਚ ਕੰਮ ਕਰਦਾ ਹੈ ਪੂੰਜੀਪਤੀ ਜਮਾਤ ਇਕ ਪ੍ਰਜੀਵੀ ਜਮਾਤ ਹੈ। ਇਕ ਪੂੰਜੀਵਾਦੀ ਸਮਾਜ 'ਚ ਪੈਦਾਵਾਰ ਕਰਨ ਵਾਲੀ ਮੁੱਖ ਮਜ਼ਦੂਰ ਜਮਾਤ (ਸ਼ਹਿਰੀ ਤੇ ਪੇਂਡੂ) ਦਾ ਪੈਦਾਵਾਰ ਸਾਧਨਾਂ 'ਤੇ ਨਾ ਮਾਤਰ ਦਾ ਹੀ ਕਬਜਾ ਹੁੰਦਾ ਹੈ। ਮੇਹਨਤਕਸ਼ ਵਰਗ ਦੇ ਮੈਂਬਰਾਂ ਵਜੋਂ ਮਜ਼ਦੂਰ ਜਮਾਤ ਤੋਂ ਇਲਾਵਾ ਛੋਟੇ ਦਰਮਿਆਨੇ ਕਿਸਾਨਾਂ, ਅਰਧ ਪ੍ਰੋਲੇਤਾਰੀ, ਦਸਤਕਾਰਾਂ ਆਦਿ ਦਾ ਪੈਦਾਵਾਰ ਦੇ ਸਾਧਨਾਂ ਦੇ ਬੇਹੱਦ ਛੋਟੇ ਹਿੱਸੇ 'ਤੇ ਕਬਜਾ ਹੁੰਦਾ ਹੈ ਜਿਸ ਤੇ ਉਹ ਆਪਣੇ ਪਰਿਵਾਰਿਕ ਮੈਂਬਰਾਂ ਦੇ ਨਾਲ ਮਿਲ ਕੇ ਮੇਹਨਤ ਕਰਦੇ ਹਨ ਅਤੇ ਕਿਸੇ ਤਰ੍ਹਾਂ ਨਾਲ ਉਨ੍ਹਾਂ ਦਾ ਗੁਜ਼ਾਰਾ ਚਲਦਾ ਹੈ। ਇਨ੍ਹਾਂ ਦਾ ਜ਼ਿਆਦਾਤਰ ਹਿੱਸਾ ਕਦੀ ਕਿਸੇ ਦੀ ਕੋਈ ਲੁੱਟ ਨਹੀਂ ਕਰਦਾ ਹੈ। ਮਜ਼ਦੂਰ ਜਮਾਤ ਨੂੰ ਤਾਂ ਪੂੰਜੀਪਤੀ ਜਮਾਤ ਸਿਰਫ ਏਨੀ ਹੀ ਤਨਖਾਹ ਦਿੰਦੀ ਹੈ ਜਿਸ ਨਾਲ ਬੱਸ ਉਹ ਜਿਉਂਦਾ ਰਹੇ ਅਤੇ ਮਜ਼ਦੂਰਾਂ ਦੀ ਇਕ ਨਵੀਂ ਪੀੜੀ ਤਿਆਰ ਕਰ ਸਕੇ ਜੋ ਉਨ੍ਹਾਂ ਕੋਲ ਭਵਿੱਖ 'ਚ ਕੰਮ ਕਰੇ। ਇਸ ਤਰ੍ਹਾਂ ਨਾਲ ਪੂੰਜੀਪਤੀ ਵਰਗ ਤੇ ਮਜ਼ਦੂਰ ਜਮਾਤ ਦੇ ਸਬੰਧ ਲੁੱਟਣ ਵਾਲੇ ਤੇ ਲੁੱਟੇ ਜਾਣ ਵਾਲੇ ਦੇ ਹੁੰਦੇ ਹਨ। ਹੁਣ ਅਸੀਂ ਉਪਰੋਕਤ ਗੱਲਾਂ ਪਿੱਛੋਂ ਉਲਟ ਇਨਕਲਾਬ ਦੇ ਸਬੰਧੀ ਗੱਲ ਕਰੀਏ ਅਤੇ ਇਹ ਕਿ ਇਨ੍ਹਾਂ ਦਾ ਉਸ ਨਾਲ ਸਬੰਧ ਕੀ ਹੈ। ਕਿਸੇ ਇਕ ਸਮਾਜਕ 'ਚ ਪੈਦਾਵਾਰੀ ਸ਼ਕਤੀਆਂ ਦਾ ਇੱਕ ਖਾਸ ਪੱਧਰ ਹੁੰਦਾ ਹੈ ਅਤੇ ਉਸ ਪੱਧਰ ਦੇ ਅਨੁਕੂਲ ਪੈਦਾਵਾਰੀ ਸਬੰਧ ਹੁੰਦੇ ਹਨ। ਪੈਦਾਵਾਰੀ ਸ਼ਕਤੀਆਂ ਦਾ ਲਗਾਤਾਰ ਵਿਕਾਸ ਹੋ ਰਿਹਾ ਹੁੰਦਾ ਹੈ। ਜਗੀਰੂ ਸਮਾਜ 'ਚ ਹੌਲੀ-ਹੌਲੀ ਤਾਂ ਪੂੰਜੀਵਾਦੀ 'ਚ ਤੇਜ਼ੀ ਨਾਲ। ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਪੈਦਾਵਾਰੀ ਸਬੰਧ ਜਦ ਤੱਕ ਕਾਇਮ ਰਹਿੰਦੇ ਹਨ ਤਦ ਤੱਕ ਉਸ ਸਮਾਜ 'ਚ ਇਕ ਸਥਿਰਤਾ ਜਾਂ ਸ਼ਾਂਤੀ ਵਿਖਾਈ ਦਿੰਦੀ ਹੈ। ਇਕ

ਸਮੇਂ 'ਚ ਜਦ ਪੈਦਾਵਾਰੀ ਸ਼ਕਤੀਆਂ ਵੱਧ ਵਿਕਸਤ ਹੋ ਜਾਂਦੀਆਂ ਹਨ ਅਤੇ ਪੈਦਾਵਾਰੀ ਸਬੰਧ ਪੁਰਾਣੇ ਹੀ ਬਣੇ ਰਹਿੰਦੇ ਹਨ ਤਾਂ ਉਹ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਵਿਚ ਅੜਿਕਾ ਬਣ ਜਾਂਦੇ ਹਨ ਅਤੇ ਇਹ ਅੜਿਕਾ ਆਪਣੇ ਆਪ ਸਮਾਜ ਸੰਕਟ 'ਚ ਉਜਾਗਰ ਕਰਨ ਲੱਗਦਾ ਹੈ। ਪੈਦਾਵਾਰੀ ਸ਼ਕਤੀਆਂ ਨਵੇਂ ਪੈਦਾਵਾਰੀ ਸਬੰਧਾਂ ਦੀ ਮੰਗ ਕਰ ਰਹੀਆਂ ਹੁੰਦੀਆਂ ਹਨ। ਇਹ ਅੜਿਕਾ, ਇਹ ਅੰਤਰ ਵਿਰੋਧ ਉਦੋਂ ਹੱਲ ਹੁੰਦਾ ਹੈ ਜਦ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਪੱਧਰ ਦੇ ਅਨੁਕੂਲ ਪੈਦਾਵਾਰੀ ਸਬੰਧ ਕਾਇਮ ਹੋ ਜਾਂਦੇ ਹਨ ਜੋ ਪੈਦਾਵਾਰੀ ਸ਼ਕਤੀਆਂ ਦੇ ਅਨੁਕੂਲ ਹੁੰਦੇ ਹਨ। ਪੁਰਾਣੇ ਪੈਦਾਵਾਰੀ ਸਬੰਧ ਭੰਗ ਹੋ ਜਾਂਦੇ ਹਨ ਅਤੇ ਨਵੇਂ ਪੈਦਾਵਾਰੀ ਸਬੰਧ ਕਾਇਮ ਹੋ ਜਾਂਦੇ ਹਨ।

ਜਾਗੀਰੂ ਸਮਾਜ ਵਿੱਚ ਪੈਦਾਵਾਰੀ ਸ਼ਕੀਤਆਂ 'ਚ ਕੀੜੀ ਦੀ ਰਫ਼ਤਾਰ ਹੋ ਰਿਹਾ ਵਿਕਾਸ ਇਕ ਸਮੇਂ ਉੱਥੇ ਪਹੁੰਚਣ ਲੱਗਿਆ ਜਿਥੇ ਉਹ ਜਾਗੀਰੂ ਪੈਦਾਵਾਰੀ ਸਬੰਧਾਂ ਨੂੰ ਭੰਗ ਕਰਨ ਦੀ ਮੰਗ ਕਰਨ ਲੱਗਾ। ਉਸ ਮੰਗ ਨੂੰ ਉਸ ਯੁੱਗ ਦੇ ਇਨਕਲਾਬੀਆਂ ਨੇ ਪਹਿਚਾਣਿਆ। ਇਸ ਜ਼ਰੂਰਤ ਵੱਲ ਇਸ਼ਾਰਾ ਕੀਤਾ ਕਿ ਸਮਾਜ ਨੂੰ ਬਦਲਣ ਦੀ ਲੋੜ ਹੈ। ਜਨ ਸਮੂਹ ਵੀ ਆਪਣੇ ਅਨੁਭਵਾਂ ਨਾਲ ਇਸ ਨਤੀਜੇ ਵੱਲ ਵਧਣ ਲੱਗਿਆ। ਫਿਰ ਇਹ ਹਾਲਤਾਂ ਜਨਮ ਲੈਣ ਲੱਗੀਆਂ। ਜਿਨ੍ਹਾਂ ਵੱਲ ਇਸੇ ਲੇਖ ਦੇ ਪਿਛਲੇ ਹਿੱਸੇ ਵਿਚ ਜ਼ਿਕਰ ਕੀਤਾ ਯਾਨੀ ਕੌਮੀ ਸੰਕਟ ਦਾ ਜਨਮ ਲੈਣਾ। ਲੋਕਾਂ ਵੱਲੋਂ ਹਕੂਮਤੀ ਜਮਾਤ ਦੇ ਰਾਜ ਨੂੰ ਸਵੀਕਾਰ ਨਾ ਕਰਨਾ ਤੇ ਹਾਕਮ ਜਮਾਤ ਦਾ ਰਾਜ ਚਲਾਉਣ 'ਚ ਅਸਮਰਥ ਹੋਣਾ। ਲੋਕਾਂ ਦੀ ਬਦਹਾਲੀ ਦਾ ਬੁਰੀ ਤਰ੍ਹਾਂ ਨਾਲ ਵਧਣਾ ਅਤੇ ਲੋਕਾਂ ਦੀ ਸਰਗਰਮੀ, ਤਿਆਗ, ਬਲੀਦਾਨ ਉੱਥੇ ਪਹੁੰਚਣਾ ਜਿੱਥੇ ਇਹ ਹਾਕਮ ਜਮਾਤ ਨੂੰ ਸੱਤਾ ਤੋਂ ਬੇਦਖਲ ਕਰ ਦਿੰਦੀ ਹੈ। ਇਸ ਤਰ੍ਹਾਂ ਨਾਲ ਜਾਗੀਰੂ ਸਮਾਜ ਖਿਲਾਫ ਸਭ ਤੋਂ ਵੱਧ ਚਰਚਿਤ ਇਨਕਲਾਬ ਸੰਨ 1789 'ਚ ਹੋਇਆ। ਅਕਤੂਬਰ 1917 ਦਾ ਬਾਲਸ਼ਵਿਕ ਇਨਕਲਾਬ ਜੋ ਕਿ ਸਮਾਜਵਾਦੀ ਇਨਕਲਾਬ ਸੀ। ਉਹ ਇਨਕਲਾਬ ਇਸ ਲੇਖ 'ਚ ਵਰਨਣ ਕੀਤੀਆਂ ਖਾਸ ਹਾਲਤਾਂ ਅਨੁਸਾਰ ਹੋਈ ਅਤੇ ਇਸ ਇਨਕਲਾਬ ਨੇ ਸਮਾਜ ਦੇ ਪੁਰਾਣੇ ਪੈਦਾਵਾਰੀ ਸਬੰਧਾਂ ਨੂੰ ਭੰਗ ਕਰਕੇ ਨਵੇਂ ਪੈਦਾਵਾਰੀ ਸਬੰਧਾਂ ਨੂੰ ਕਾਇਮ ਕੀਤਾ। ਰੂਸ ਵਿਚ ਪੂੰਜੀਪਤੀ ਜਮਾਤ ਨੂੰ ਸੱਤਾ ਤੋਂ ਬੇਦਖਲ ਕਰਕੇ ਮਜ਼ਦੂਰ ਜਮਾਤ ਕਿਸਾਨਾਂ ਦੇ ਸਹਿਯੋਗ ਨਾਲ ਸੱਤਾ ਵਿਚ ਆਈ। ਹੁਣ ਉਹ ਪੈਦਾਵਾਰੀ ਸਬੰਧ ਕਾਇਮ ਹੋਏ ਜੋ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦੇ ਅਨੁਕੂਲ ਸਨ ਅਤੇ ਨਵੇਂ ਪੈਦਾਵਾਰੀ ਸਬੰਧਾਂ ਨੇ ਰੂਸ ਦੀਆਂ ਪੈਦਾਵਾਰੀ ਸ਼ਕਤੀਆਂ ਦਾ ਤੇਜ਼ ਵਿਕਾਸ ਕੀਤਾ ਅਤੇ ਇਕ ਸਮੇਂ ਦਾ ਪਿਛੜਾ ਦੇਸ਼ ਤੇਜ਼ੀ ਨਾਲ ਪ੍ਰਗਤੀ ਕਰਕੇ ਮੁੱਖ ਸਨਅਤੀ ਦੇਸ਼ਾਂ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਿਆ। ਤਦ ਰੂਸ ਤੇ ਹੋਰ ਦੇਸ਼ਾਂ ਵਿਚ ਇਹ ਫਰਕ ਸੀ ਕਿ ਉੱਥੇ ਹੋਰ ਦੇਸ਼ਾਂ ਵਿਚ ਹਕੂਮਤੀ ਸੱਤਾ ਪੂੰਜੀਵਾਦੀ ਵਰਗ ਦੇ ਹੱਥ ਵਿਚ ਸੀ ਉੱਥੇ ਰੂਸ ਮਜ਼ਦੂਰ ਜਮਾਤ ਦੇ ਹੱਥ ਵਿਚ ਸੀ।

ਅੱਜ ਦੁਨੀਆਂ ਸਮਾਜਵਾਦੀ ਇਨਕਲਾਬ ਲਈ ਸੰਘਰਸ਼ਸ਼ੀਲ ਹੈ ਤੀਜੀ ਦੁਨੀਆਂ ਦੇ ਪਿਛੜੇ ਦੇਸ਼ਾਂ ਅੰਦਰ ਮਾਓਵਾਦ ਅਨੁਸਾਰ ਨਵ-ਜਮਹੂਰੀ ਇਨਕਲਾਬ ਪਿੱਛੋਂ ਸਮਾਜਵਾਦ ਦੀ ਉਸਾਰੀ ਹੋਵੇਗੀ ਕਿਉਂਕਿ ਇਨ੍ਹਾਂ ਦੇਸ਼ਾਂ 'ਚ ਅਰਧ ਜਾਗੀਰੂ ਅਰਧ ਬਸਤੀਵਾਦੀ ਪੈਦਾਵਾਰੀ ਸਬੰਧ ਨੂੰ ਤਹਿਸ ਨਹਿਸ ਕਰਨਾ ਹੋਵੇਗਾ।

# ਕੀ ਸੰਕੇਤ ਹਨ ਨਕਸਲਵਾਦ ਦੇ ਮੌਜੂਦਾ ਦੌਰ ਦੇ?

ਮਾਓਵਾਦੀ ਪੰਦਰਵੀਂ ਲੋਕ ਸਭਾ ਚੋਣਾਂ ਮੌਕੇ ਕੁੱਝ ਜ਼ਿਆਦਾ ਹੀ ਹਿੰਸਕ ਹੋ ਗਏ ਹਨ। ਸਰਕਾਰ ਨੂੰ ਨਕਸਲੀਆਂ ਦੇ ਨਵੇਂ ਹਿੰਸਕ ਤੇਵਰ ਦਾ ਅਨੁਭਵ ਤਾਂ 14 ਅਪ੍ਰੈਲ ਨੂੰ ਹੀ ਹੋ ਜਾਣਾ ਚਾਹੀਦਾ ਸੀ ਜਦ ਮਾਓਵਾਦੀਆਂ ਨੇ ਬਿਹਾਰ ਦੇ ਕੈਮੂਰ ਪਹਾੜੀ 'ਤੇ ਬੀ. ਐਸ. ਐਫ. ਦੇ ਇਕ ਅਸਥਾਈ ਕੈਂਪ 'ਤੇ ਹਮਲਾ ਕੀਤਾ ਸੀ। ਦਿੱਲੀ 'ਚ ਬੈਠੀ ਸਰਕਾਰ ਨੂੰ ਉਦੋਂ ਤੋਂ ਲੈ ਕੇ ਹੁਣ ਤੱਕ ਰਣਨੀਤੀ ਬਣਾਉਣ 'ਚ ਜੁਟੀ ਹੈ। 10 ਜੂਨ ਨੂੰ ਸੰਸਦ 'ਚ ਗ੍ਰਹਿ ਮੰਤਰੀ ਪੀ. ਚਿਦੰਬਰਮ ਨਕਸਲੀਆਂ ਨਾਲ ਨਿਬੜਨ ਲਈ ਵਿਸ਼ੇਸ਼ ਯੋਜਨਾ ਬਣਾਉਣ ਦਾ ਐਲਾਨ ਕਰ ਰਹੇ ਹਨ ਤਾਂ ਬਿਹਾਰ, ਝਾਰਖੰਡ, ਉੱਤਰੀ ਉੜੀਸਾ ਸਪੈਸ਼ਲ ਏਰੀਆ ਕਮੇਟੀ ਦੀ ਗੁਰੀਲਾ ਆਰਮੀ ਝਾਰਖੰਡ ਦੇ ਪੱਛਮੀ ਸਿੰਘ ਭੂਮ ਸਥਿਤ। ਸਾਰੂਗੜਾ ਘਾਟੀ (ਸਾਰੰਡਾ ਦੇ ਜੰਗਲ) 'ਚ ਬਾਰੂਦੀ ਸੁਰੰਗ ਵਿਸਫੋਟ ਕਰਕੇ ਇਕ ਇੰਸਪੈਕਟਰ ਸਮੇਤ 11 ਜਵਾਨਾਂ ਨੂੰ ਮੌਤ ਦੀ ਨੀਂਦ ਸੁਲਾ ਰਹੀ ਸੀ। 18 ਜੂਨ ਨੂੰ ਜਦ ਪੁਲਿਸ ਦੇ ਆਲਾ ਅਧਿਕਾਰੀ ਲਾਲਗੜ੍ਹ ਨੂੰ ਮਾਓਵਾਦੀਆਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਮੁਹਿੰਮ ਛੇੜਨ ਦੀ ਯੋਜਨਾ ਬਣਾ ਰਹੇ ਸਨ ਮਾਓਵਾਦੀ ਉੜੀਸਾ ਦੇ ਕੋਰਾਪੁਟ ਜ਼ਿਲ੍ਹੇ ਦੇ ਪਾਲੁਰ ਪਿੰਡ ਦੇ ਪਾਸ ਬਾਰੂਦੀ ਸੁਰੰਗ ਵਿਸਫੋਟ 'ਚ ਸੀ. ਆਰ. ਪੀ. ਐਫ. ਦੇ ਨੌਜਵਾਨਾਂ ਨੂੰ ਉੜਾ ਰਹੇ ਸਨ। ਇਹ ਤਾਂ ਸਿਰਫ ਵੰਨਗੀ ਹੈ। ਸੱਚਾਈ ਇਸ ਤੋਂ ਵੀ ਭਿਆਨਕ ਹੈ। ਖੁਦ ਸਰਕਾਰ ਦਾ ਮੰਨਣਾ ਹੈ ਕਿ 28 'ਚੋ ਘੱਟੋ ਘੱਟ 16 ਰਾਜ ਨਕਸਲ ਪ੍ਰਭਾਵਿਤ ਹਨ। ਸਮਾਜਕ ਵਰਕਰ ਵੀ ਮਾਓਵਾਦੀਆਂ ਦੇ ਇਸ ਤੇਵਰ ਤੋਂ ਹੈਰਾਨ ਹਨ। ਮਾਓਵਾਦੀ ਪੱਤ੍ਰਿਕਾ 'ਜਨ ਜਵਾਰ ਕੇ' ਦੇ ਸੰਪਾਦਕ ਤ੍ਰਿਵੈਣੀ ਸਿੰਘ ਕਹਿੰਦੇ ਹਨ ਕਿ 'ਅਰਧ ਜਾਗੀਰੂ – ਅਰਧ ਬਸਤੀਵਾਦੀ ਭਾਰਤ 'ਚ ਸਾਮਰਾਜ ਦੀ ਦਲਾਲ ਵੱਡੀ ਨੌਕਰਸ਼ਾਹ ਸਰਮਾਏਦਾਰੀ ਦੁਸ਼ਮਣ ਹੈ ਜਿਸ ਦੀ ਰਾਖੀ ਲਈ ਪੁਲਸ ਤੇ ਫੌਜ ਹੈ, ਮਾਓਵਾਦੀਆਂ ਨੂੰ ਲੱਗ ਰਿਹਾ ਹੈ ਕਿ ਮੌਜੂਦਾ ਲੁੱਟ ਅਧਾਰਤ ਪ੍ਰਬੰਧ ਨੂੰ ਟਿਕਾਈ ਰੱਖਣ ਲਈ ਫੌਜ ਤੇ ਪੁਲਸ ਹੈ, ਇਸ ਲਈ ਅਰਧ ਸੈਨਿਕ ਬਲਾਂ 'ਤੇ ਹਮਲੇ ਤੇਜ਼ ਹੋ ਰਹੇ ਹਨ। ਭਾਕਪਾ (ਮਾਓਵਾਦੀ) ਦੀ ਨੌਵੀਂ ਕਾਂਗਰਸ 'ਚ ਵੀ ਇਹ ਤਹਿ ਹੋ ਚੁੱਕਿਆ ਸੀ ਕਿ ਦਲਾਲ ਨੌਕਰਸ਼ਾਹ ਮਾਓਵਾਦੀ ਨਕਸਲੀ ਗੁਰੀਲਾ ਅਧਾਰ 'ਤੇ ਵਿਸਥਾਰ ਖੇਤਰ ਬਣਾਉਣ 'ਚ ਜੁਟ ਗਏ। ਕਦੀ ਉੜੀਸਾ 'ਚ ਬੀ. ਐਸ. ਐਫ. ਦੇ ਜਵਾਨ ਮਾਰੇ ਜਾ ਰਹੇ ਹਨ ਤੇ ਕਦੀ ਮਹਾਂਰਾਸ਼ਟਰ ਕਰਨਾਟਕਾ ਆਦਿ ਰਾਜਾਂ 'ਚ ਮਾਓਵਾਦੀ ਘਾਤ ਲਾ ਕੇ ਹਮਲੇ ਕਰ ਰਹੇ ਹਨ। ਇਹ ਗਲਤ ਤੱਥ ਹੈ ਕਿ ਮਾਓਵਾਦੀਆਂ ਨੇ ਲਾਲਗੜ੍ਹ 'ਤੇ ਕਬਜ਼ਾ ਕਰ ਲਿਆ। ਸੰਥਾਲ ਆਦਿਵਾਸੀਆਂ ਨੇ ਮਾਓਵਾਦੀਆਂ ਦੀ ਅਗਵਾਈ 'ਚ ਸੀ. ਪੀ. ਐਮ. ਦੀ ਜ਼ਿਆਦਤੀ ਤੇ ਪੁਲਸੀਆ ਜ਼ੁਲਮ ਦੇ ਖਿਲਾਫ ਇਕ ਜੁਟ ਹੋ ਕੇ ਬਗਾਵਤ ਕੀਤੀ ਹੈ। ਇਸ ਲਈ ਉਹ ਸੀ. ਪੀ. ਐਮ. ਤੇ ਪੁਲਿਸ ਨੂੰ ਮਹੀਨੇ ਭਰ ਤੋਂ ਉਸ ਖੇਤਰ 'ਚ ਨਹੀਂ ਘੁਸਣ ਦੇ ਰਹੇ ਹਨ। ਲਾਲਗੜ੍ਹ 'ਚ ਆਦਿਵਾਸੀ ਸੰਗਠਨ ਦੇ ਨੇਤਾ ਛਤਰਧਰ ਮਹਤੋਂ ਨੇ ਮੀਡੀਆ ਨੂੰ ਸਾਫ ਕਿਹਾ ਹੈ ਕਿ ਉਹ ਲੋਕ ਉਦੋਂ ਸਮਰਪਣ ਕਰਨਗੇ ਜਦ ਸਰਕਾਰ ਖੁਦ ਆ ਕੇ ਗੱਲਬਾਤ ਕਰੇਗੀ। ਜਦ ਕਿ ਸਰਕਾਰ ਗੱਲਬਾਤ ਕਰਨ ਦੀ ਬਜਾਏ ਫੋਰਸ

ਵਰਤੀ ਜਾ ਰਹੀ ਹੈ। ਲੋਕ ਚਾਹੁੰਦੇ ਹਨ ਕਿ ਮੁੱਖ ਮੰਤਰੀ ਬੁਧਾਦੇਵ ਭੱਟਾਚਾਰੀਆ ਜਨਤਕ ਤੌਰ 'ਤੇ ਸੀ. ਪੀ. ਐਮ. ਵਰਕਰਾਂ ਦੀ ਜ਼ਿਆਦਤੀ ਲਈ ਮੁਆਫ਼ੀ ਮੰਗਣ ਅਤੇ ਜੋ ਪੁਲਿਸ ਅਧਿਕਾਰੀ ਉਸ ਵਕਤ ਤੈਨਾਤ ਸਨ ਉਹ ਖੇਤਰ 'ਚ ਆ ਕੇ ਸ਼ਰੇਆਮ ਲੋਕਾਂ ਸਾਹਮਣੇ ਜ਼ਮੀਨ 'ਤੇ ਨੱਕ ਰਗੜਨ। ਲਗਭਗ ਛੇ ਮਹੀਨੇ ਪਹਿਲਾਂ ਮਾਓਵਾਦੀਆਂ ਨੇ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਬੁਧਦੇਵ ਭੱਟਾਚਾਰੀਆ ਨੂੰ ਲੈਂਡਮਾਈਨ ਨਾਲ ਉਡਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਪਿੱਛੋਂ ਮਿਦਨਾਪੁਰ ਦੇ ਲਗਭਗ ਪੈਂਤੀ ਪਿੰਡਾਂ 'ਚ ਪੁਲਿਸ ਤੇ ਸੀ. ਪੀ. ਐਮ. ਦੇ ਲੋਕਾਂ ਨੇ ਘਰਾਂ ਨੂੰ ਸਾੜਿਆ, ਸੈਂਕੜਿਆਂ ਦੀ ਗਿਣਤੀ 'ਚ ਨਿਰਦੋਸ਼ ਪੇਂਡੂਆਂ ਨੂੰ ਜ਼ੇਲ੍ਹਾਂ ਵਿਚ ਠੋਸ ਦਿੱਤਾ ਗਿਆ ਅਤੇ ਦਰਜਨਾਂ ਲੜਕੀਆਂ ਨਾਲ ਸ਼ਰੇਆਮ ਬਲਾਤਕਾਰ ਕੀਤਾ ਗਿਆ। ਇਸ ਤੋਂ ਹਰਖੇ ਸੰਥਾਲੀ ਆਦਿਵਾਸੀ ਇਨ੍ਹਾਂ ਛੇ ਮਹੀਨਿਆਂ 'ਚ ਮਾਓਵਾਦੀਆਂ ਨਾਲ ਜਥੇਬੰਦ ਹੋਏ, ਜਿਨ੍ਹਾਂ ਦੇ ਘਰ ਸਾੜੇ ਗਏ, ਜਿਨ੍ਹਾਂ ਦੀਆਂ ਭੈਣਾਂ-ਬੇਟੀਆਂ ਦਾ ਬਲਾਤਕਾਰ ਹੋਇਆ, ਜੇ ਉਹ ਮੁਆਫੀ ਮੰਗਣ ਤੇ ਨੱਕ ਰਗੜਨ ਦੀ ਮੰਗ ਕਰਦੇ ਹਨ ਤਾਂ ਸਰਕਾਰ ਨੂੰ ਮੰਨ ਲੈਣ 'ਚ ਕੀ ਦਿੱਕਤ ਹੈ। ਸਰਕਾਰ ਦੇਸ਼ ਦੇ ਜਾਣੇ-ਪਹਿਚਾਣੇ ਬੁਧੀਜੀਵੀਆਂ ਦੀ ਕਮੇਟੀ ਬਣਾ ਕੇ ਇਲਾਕੇ 'ਚ ਭੇਜੇ। ਇਸ ਤਰ੍ਹਾਂ ਦੀ ਮੰਗ ਮੀਡੀਆ ਰਾਹੀਂ ਮਾਓਵਾਦੀ ਵੀ ਕਰ ਰਹੇ ਹਨ। ਮਾਓਵਾਦੀਆਂ ਦੀ ਹੀ ਨਹੀਂ ਦੇਸ਼ ਦੀਆਂ ਜੋ ਵੀ ਨਕਸਲਵਾਦੀ ਪਾਰਟੀਆਂ ਹਨ, ਉਨ੍ਹਾਂ ਵਿਚੋਂ ਕਿਸੇ ਦਾ ਬੁਰਜੂਆ ਪਾਰਟੀਆਂ ਨਾਲ ਕੋਈ ਸਾਂਠ ਗਾਂਠ ਨਹੀਂ ਹੈ। ਇਹ ਹਾਕਮ ਜਮਾਤ ਦਾ ਕੂੜ ਪ੍ਰਚਾਰ ਹੈ। ਪੱਛਮੀ ਬੰਗਾਲ 'ਚ ਨੰਦੀਗ੍ਰਾਮ 'ਚ ਜ਼ਮੀਨ ਖੋਹਣ ਵਿਰੋਧੀ ਕਮੇਟੀ ਦੇ ਨਾਲ ਮਿਲ ਕੇ ਮਾਓਵਾਦੀਆਂ ਨੇ ਸੰਘਰਸ਼ ਕੀਤਾ। ਇਸ ਸੰਘਰਸ਼ ਦੌਰਾਨ ਜਿੰਨੀ ਏਕਤਾ ਦੀ ਲੋੜ ਰਹੀ ਹੋਵੇਗੀ ਇਸ ਤੋਂ ਵੱਧ ਏਕਤਾ ਮਾਓਵਾਦੀਆਂ ਦੀ ਤ੍ਰਿਮੂਲ ਨਹੀਂ ਦਿਸਦੀ। ਸੰਘਰਸ਼ ਮਾਕਪਾ ਤੇ ਤ੍ਰਿਣਮੂਲ ਦੋਨੋਂ ਦੇ ਨਾਲ ਹੈ। ਮਾਓਵਾਦੀਆਂ ਦੀ ਯਾਰੀ ਲੋਕਾਂ ਨਾਲ ਹੈ। ਭਾਰਤ 'ਚ ਸੀ. ਪੀ. ਐਮ. ਸੀ. ਪੀ. ਆਈ ਸਮੇਤ ਦਰਜਨਾਂ ਤੋਂ ਵੱਧ ਅਜਿਹੀਆਂ ਪਾਰਟੀਆਂ ਹਨ ਜੋ ਸੰਸਦ ਦੇ ਰਾਹੀਂ 'ਸਮਾਜਵਾਦ ਆਏਗਾ' ਦੇ ਨਾਹਰੇ ਦੇ ਕੇ ਚੋਣਾਂ 'ਚ ਜੁੱਟ ਗਈਆਂ ਪਰ ਉਹ ਪਾਰਟੀਆਂ ਜਾਂ ਤਾਂ ਹਾਕਮ ਜਮਾਤ ਦੀਆਂ ਹੋਣਗੀਆਂ ਜਾਂ ਆਪਣੀ ਪਹਿਚਾਣ ਲਈ ਸੰਘਰਸ਼ ਕਰ ਰਹੀਆਂ ਹੋਣਗੀਆਂ। ਸੀ. ਪੀ. ਐਮ. ਚਾਹੁੰਦੀ ਹੈ ਕਿ ਉਹ ਇਸ ਆਦਿਵਾਸੀ ਬਗਾਵਤ ਨਾਲ ਆਪਣੇ ਕੇਡਰ ਦੀ ਤਾਕਤ ਨਾਲ ਹੀ ਨਿਪਟ ਲੈਣ। ਦੋ ਹਜ਼ਾਰ ਸੀ. ਪੀ. ਐਮ. ਦੇ ਹਥਿਆਰਬੰਦ ਵਰਕਰ, ਦੋ ਹਜ਼ਾਰ ਰਾਜ ਪੁਲਿਸ, ਏਨੇ ਹੀ ਅਰਧਸੈਨਿਕ ਬਲ ਤੇ ਕੋਬਰਾ ਫੋਰਸ ਤੈਨਾਤ ਕੀਤੇ ਗਏ ਹਨ। ਅੰਗਰੇਜ਼ਾਂ ਦੇ ਸਮੇਂ ਤੋਂ ਹੀ ਲਾਲਗੜ 'ਚ ਸੰਥਾਲ ਜਾਤੀਆਂ ਦੀ ਬਗਾਵਤ ਦੀ ਇਕ ਇਤਿਹਾਸਕ ਰਵਾਇਤ ਹੈ। ਕਿਸੇ ਖੁੱਲੇ ਖੇਤਰ 'ਚ ਨਕਸਲਬਾੜੀ ਬਗਾਵਤ ਪਿੱਛੋਂ ਇਹ ਸਭ ਤੋਂ ਵੱਡੀ ਲੋਕ ਬਗਾਵਤ ਹੈ ਜਿਸ 'ਚ 700 ਪਿੰਡਾਂ ਦੇ ਲੋਕ ਸ਼ਾਮਲ ਹਨ। ਭਾਕਪਾ (ਮਾਓਵਾਦੀ) ਦੇ ਬੁਲਾਰੇ ਆਜ਼ਾਦ ਦੀ ਮੰਨੀਏ ਤਾਂ 'ਸੰਸਦੀ ਰਾਹ ਰਾਹੀਂ ਗਰੀਬ ਤਬਕੇ ਦਾ ਵਿਕਾਸ ਜੇ ਸੰਭਵ ਹੁੰਦਾ ਤਾਂ 60 ਸਾਲ ਦੇ ਲੋਕਰਾਜੀ ਇਤਿਹਾਸ 'ਚ ਵਿਕਾਸ ਦੀ ਰੋਸ਼ਨੀ ਨਾਲ ਸੁਦੂਰ ਪੇਂਡੂ ਇਲਾਕਾ ਜਗਮਗਾ ਉੱਠਦਾ ਪਰ ਐਸਾ ਨਹੀਂ ਹੋ ਸਕਿਆ।'

ਸਰਕਾਰੀ ਅੰਕੜੇ ਵੀ ਮਾਓਵਾਦੀ ਨੇਤਾ ਦੀਆਂ ਗੱਲਾਂ ਦੀ ਹਮਾਇਤ ਕਰਦੇ ਹਨ। ਮਸਲਨ ਦੇਸ਼ ਦੀ ਕਰੀਬ 60 ਕਰੋੜ (ਗੈਰ ਸਰਕਾਰੀ ਸੂਤਰਾਂ ਮੁਤਾਬਕ 80

ਕਰੋੜ) ਲੋਕ ਰੋਜ਼ਾਨਾ 20 ਰੁਪਏ ਆਮਦਨ 'ਤੇ ਗੁਜ਼ਾਰਾ ਕਰਦੀ ਹੈ। 30 ਕਰੋੜ ਦੀ ਆਬਾਦੀ ਰਾਤ ਨੂੰ ਭੁੱਖੇ ਸੌਂਦੀ ਹੈ। ਰੋਜ਼ਾਨਾ 9 ਹਜ਼ਾਰ ਬੱਚੇ ਭੁੱਖ ਤੇ ਕੁਪੋਸ਼ਣ ਦਾ ਸ਼ਿਕਾਰ ਹੁੰਦੇ ਹਨ। 8 ਕਰੋੜ ਲੋਕ ਫੁੱਟਪਾਥਾਂ 'ਤੇ ਸੌਂ ਰਹੇ ਹਨ ਅਤੇ ਕਰੀਬ ਏਨੇ ਹੀ ਆਦਿਵਾਸੀ ਝੁੱਗੀਆਂ 'ਚ ਰਹਿਣ ਲਈ ਮਜ਼ਬੂਰ ਹਨ। 80 ਕਰੋੜ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਨਹੀਂ ਮਿਲ ਰਹੀਆਂ ਹਨ। ਇਸ ਆਬਾਦੀ ਦਾ ਵੱਡਾ ਹਿੱਸਾ ਆਦਿਵਾਸੀਆਂ, ਦਲਿਤਾਂ ਤੇ ਪਿਛੜੇ ਲੋਕਾਂ ਦਾ ਹੈ, ਇਨ੍ਹਾਂ 'ਚੋਂ ਜ਼ਿਆਦਾਤਰ ਅਬਾਦੀ ਪਿੰਡਾਂ, ਜੰਗਲਾਂ ਤੇ ਪਹਾੜਾਂ 'ਚ ਰਹਿੰਦੀ ਹੈ। ਸਿੱਟੇ ਵਜੋਂ ਮੌਜੂਦਾ ਪ੍ਰਬੰਧ ਤੋਂ ਉਪਜਿਆ ਰੋਹ ਨਵ-ਜਨਵਾਦੀ ਰਾਜ ਸਥਾਪਤ ਦੀ ਮੰਗ ਕਰਨ ਵਾਲਿਆਂ ਦੇ ਪੱਖ 'ਚ ਭੁਗਤ ਰਿਹਾ ਹੈ। ਅਮੀਰੀ-ਗਰੀਬੀ ਦੀ ਵਧਦੀ ਖਾਈ ਨੇ ਨਕਸਲੀਆ ਦੇ ਸਿਧਾਂਤ ਨੂੰ ਹੱਲਾਸ਼ੇਰੀ ਦਿੱਤੀ ਹੈ। ਆਦਿਵਾਸੀ ਬਹੁ-ਗਿਣਤੀ ਖੇਤਰਾਂ 'ਚ ਬੇਰੁਜ਼ਗਾਰੀ ਵੀ ਨੌਜਵਾਨਾਂ ਨੂੰ ਨਕਸਲ ਸੰਗਠਨ ਵੱਲ ਲੈ ਜਾ ਰਹੀ ਹੈ। ਪਿਛਲੇ ਦਿਨਾਂ 'ਚ ਮਾਓਵਾਦੀਆਂ ਦਾ ਫੈਲਾਅ ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਤੇ ਉਤਰਾਖੰਡ 'ਚ ਹੋਇਆ ਹੈ। ਲੰਬੇ ਸਮੇਂ ਤੋਂ ਖੱਬੇ ਮੋਰਚੇ ਦੇ ਰਾਜ ਵਾਲੇ ਪੱਛਮੀ ਬੰਗਾਲ 'ਚ ਵੀ ਆਦਿਵਾਸੀਆਂ ਸਮੇਤ ਹੋਰ ਪਿਛੜੀਆਂ ਜਮਾਤਾਂ ਦੀ ਸਮੱਸਿਆ ਦਿਨੋ ਦਿਨ ਵਿਕਰਾਲ ਹੁੰਦੀ ਜਾ ਰਹੀ ਹੈ। ਸੰਨ 1967 'ਚ ਪੱਛਮੀ ਬੰਗਾਲ ਦੇ ਨਕਸਲਬਾੜੀ ਤੇ ਫਾਂਸੀ ਦੇਵਾ 'ਚ ਬੰਦੂਕ ਉਠਾਉਣ ਵਾਲੇ ਲੋਕ ਚਾਹੁੰਦੇ ਹਨ ਕਿ ਜ਼ਿਮੀਦਾਰਾਂ ਤੇ ਵੱਡੇ ਕਿਸਾਨਾਂ ਦੀ ਵਾਧੂ ਜ਼ਮੀਨ ਭੂਮੀਹੀਣ ਗਰੀਬਾਂ 'ਚ ਵੰਡ ਦਿੱਤੀ ਜਾਵੇ। ਬਾਅਦ 'ਚ ਪੱਛਮੀ ਬੰਗਾਲ 'ਤੇ ਕੇਰਲਾ 'ਚ ਕੁੱਝ ਕੰਮ ਹੋਇਆ ਵੀ। ਹੋਰਨਾਂ ਰਾਜਾਂ 'ਚ ਸਰਕਾਰਾਂ ਨੀਤੀਆਂ ਹੀ ਘੜਦੀਆਂ ਰਹਿ ਗਈਆਂ। ਲੋਕ ਭੁੱਖਮਰੀ ਦਾ ਸ਼ਿਕਾਰ ਹੁੰਦੇ ਰਹੇ। ਅਣਦੇਖੀ ਕਾਰਨ ਉਪਜਿਆ ਰੋਹ ਹੁਣ ਇਸ ਕਦਰ ਅੰਦੋਲਿਤ ਹੋ ਗਿਆ ਹੈ ਕਿ ਚਾਕੂ ਨਾਲ ਘਸਾ ਕੇ ਤੇ ਪੱਥਰਾਂ ਨਾਲ ਕੂਚ ਕੂਚ ਕੇ ਪੁਲਿਸ ਦੇ ਜਵਾਨਾਂ ਦੀਆਂ ਹੱਤਿਆਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਮਹੀਨੇ ਬਿਹਾਰ, ਝਾਰਖੰਡ, ਮਹਾਂਰਾਸ਼ਟਰ 'ਚ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਇਸ ਬਾਬਤ ਨਕਸਲੀਆਂ ਦੇ ਜੋ ਵੀ ਤਰਕ ਹੋਣ ਕਾਰਵਾਈ ਭਿਆਨਕ ਹੈ। ਸਮੇਂ ਦੇ ਨਾਲ ਨਕਸਲਬਾੜੀ ਦੇ ਉੱਠੇ ਤੂਫਾਨ ਨੇ ਰਾਜਨੀਤੀ ਨੂੰ ਪ੍ਰਭਾਵਿਤ ਕੀਤਾ। ਇਤਿਹਾਸ ਗਵਾਹ ਹੈ ਕਿ ਰਾਜਨੀਤੀ ਨੂੰ ਪ੍ਰਭਾਵਿਤ ਕੀਤੇ ਬਗੈਰ ਕੋਈ ਵੀ ਸੰਘਰਸ਼ ਜ਼ਿਆਦਾ ਦੇਰ ਤੱਕ ਟਿਕਿਆ ਨਹੀਂ ਰਹਿ ਸਕਦਾ। ਮਾਓਵਾਦੀ ਰਾਜਨੀਤੀ ਨੂੰ ਪ੍ਰਭਾਵਿਤ ਕਰ ਰਹੇ ਹਨ।

# ਓਬਾਮਾ ਦੀ ਨੀਤੀ ਦੋਗਲੀ ਕਿਵੇਂ?

ਮਨੁੱਖ 'ਚ ਪ੍ਰਤੀਰੋਧਕ ਸਮਰਥਾ ਦੀ ਕਮੀ ਹੋ ਜਾਇਆ ਕਰਦੀ ਹੈ ਤਾਂ ਉਹ ਬੀਮਾਰ ਪੈ ਜਾਂਦਾ ਹੈ ਪਰ ਆਤਮ ਵਿਸ਼ਵਾਸ ਦੀ ਘਾਟ ਹੋਣ ਕਾਰਨ ਉਹ ਬੀਮਾਰ ਤਾਂ ਨਹੀਂ ਪੈਂਦਾ ਪਰ ਉਦਾਸੀ ਨਾਲ ਲਾਜ਼ਮੀ ਘਿਰ ਜਾਇਆ ਕਰਦਾ ਹੈ। ਉਸ ਨੂੰ ਡਰ ਦੀ ਬਿਮਾਰੀ 'ਫੋਬੀਆ' ਆਪਣੇ 'ਚ ਜਕੜ ਲੈਂਦੀ ਹੈ। ਕੁਝ ਅਜਿਹੀ ਹੀ ਹਾਲਤ ਅਮਰੀਕਾ ਦੇ ਰਾਸ਼ਟਰਪਤੀ ਓਬਾਮਾ ਦੀ ਹੋਈ ਪਈ ਹੈ। ਜਦ ਉਹ ਪਾਕਿਸਤਾਨ ਦੇ ਤਾਲਿਬਾਨੀ ਇਲਾਕੇ ਦੇ ਬੁਨੇਰ ਦੇ ਤਾਲਿਬਾਨੀਆਂ ਨੂੰ ਡਰਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤਾਂ ਖੁਦ ਉਹ ਭਾਰਤ ਦੇ ਬੈਂਗਲੂਰ ਤੋਂ ਡਰੇ-ਡਰੇ ਦਿਸ ਰਹੇ ਸਨ। ਬੈਂਗਲੂਰ ਭਾਰਤ ਦੀ ਸਾਫਟਵੇਅਰ ਤੇ ਬੀ. ਪੀ. ਓ. ਯੋਗਤਾਵਾਂ ਦਾ ਪ੍ਰਤੀਕ ਹੈ। ਹੁਣ ਓਬਾਮਾ ਇਕ ਨਵੀਂ ਨੀਤੀ ਦੀ ਗੱਲ ਕਰ ਰਹੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਜੋ ਕੰਪਨੀਆਂ ਅਮਰੀਕਾ ਦੇ ਬਫੇਲੋ ਤੋਂ ਭਾਰਤ ਦੇ ਬੈਂਗਲੂਰ 'ਚ ਨੌਕਰੀਆਂ ਟਰਾਂਸਫਰ ਕਰਦੀਆਂ ਹਨ, ਕੰਮ ਟਰਾਂਸਫਰ ਕਰਦੀਆਂ ਹਨ। ਉਨ੍ਹਾਂ ਨੂੰ ਵੱਧ ਟੈਕਸ ਦੇਣਾ ਪਵੇਗਾ। ਇਸ ਦਾ ਅਰਥ ਸਾਫ ਹੈ ਕਿ ਬੰਗਲੂਰ ਵਿਚ ਨੌਕਰੀਆਂ ਅਤੇ ਕੰਮ ਦੇ ਟਰਾਂਸਫਰ ਨੂੰ ਮਹਿੰਗਾ ਬਣਾ ਦਿੱਤਾ ਜਾਵੇ ਤਾਂ ਕਿ ਕੰਪਨੀਆਂ ਭਾਰਤ ਵਿਚ ਕੰਮ ਨੂੰ ਨਾ ਲੈ ਜਾਣ, ਅਮਰੀਕਾ ਵਿਚ ਹੀ ਕਰਵਾਉਣ ਮਹਿੰਗੇ ਭਾਵਾਂ 'ਤੇ ਇਸ ਤਰ੍ਹਾਂ ਦੀ ਨੀਤੀ ਨਾਲ ਅਮਰੀਕਾ ਆਉਣ ਵਾਲੇ ਸਾਲਾਂ ਵਿਚ ਕਰੀਬ 210 ਅਰਬ ਡਾਲਰ ਕਮਾ ਸਕਦਾ ਹੈ। ਓਬਾਮਾ ਦੀਆਂ ਇਨ੍ਹਾਂ ਗੱਲਾਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸਰਵਿਸ ਸੈਕਟਰ ਵਿਚ ਅਮਰੀਕਾ ਭਾਰਤ ਤੋਂ ਘਬਰਾਇਆ ਹੋਇਆ ਹੈ ਅਤੇ ਭਾਰਤ ਦੀ ਸਸਤੀ ਲਾਗਤ ਦਾ ਮੁਕਾਬਲਾ ਕਰਨ ਲਈ ਉਸ ਕੋਲ ਸਿਰਫ਼ ਰਾਖ਼ਵੇਂ ਤੇ ਦਾਦਾਗਿਰੀ ਦੇ ਉਪਾਵਾਂ ਤੋਂ ਇਲਾਵਾਂ ਹੋਰ ਕੁੱਝ ਨਹੀਂ ਹੈ। ਜਦ ਕਿ ਸਸਤੀ ਲਾਗਤ ਤੇ ਬੇਹਤਰ ਕੰਮ ਦਾ ਮੁਕਾਬਲਾ ਹੋਰ ਵੱਧ ਸਸਤੀ ਲਾਗਤ ਤੇ ਬੇਹਤਰ ਕੰਮ ਨਾ ਕੀਤਾ ਜਾਣਾ ਚਾਹੀਦਾ ਸੀ। ਪਰ ਓਬਾਮਾ ਇਹ ਸਮਝ ਗਏ ਹਨ ਕਿ ਅੱਜ ਦੇ ਅਮਰੀਕਾ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਇਸ ਲਈ ਟੈਕਸ ਦੇ ਡੰਡੇ ਨਾਲ ਕੰਪਨੀਆਂ ਨੂੰ ਡਰਾਓ ਅਤੇ ਨੌਕਰੀਆਂ ਵਾਪਸ ਅਮਰੀਕਾ ਲੈ ਕੇ ਆਓ। ਪਰ ਇਹ ਨੀਤੀ ਵੱਧ ਸਮੇਂ ਤੱਕ ਚੱਲਣ ਵਾਲੀ ਨਹੀਂ ਹੈ ਕਿਉਂਕਿ ਬੈਂਗੂਲਰ ਦੇ ਲੋਕ ਬਫੇਲੋ, ਅਮਰੀਕਾ ਦੇ ਮੁਕਾਬਲੇ ਵੱਧ ਸਸਤਾ ਤੇ ਬੇਹਤਰ ਕੰਮ ਕਰਦੇ ਹਨ। ਪਹਿਲਾਂ ਅਮਰੀਕਾ ਲਗਾਤਾਰ ਵਿਸ਼ਵੀਕਰਨ ਦੇ ਤਹਿਤ ਇਸ ਗੱਲ ਦੀ ਵਕਾਲਤ ਕਰਦਾ ਸੀ ਕਿ ਵਸਤੂਆਂ ਤੇ ਸੇਵਾਵਾਂ ਦੀ ਆਵਾਜਾਈ 'ਚ ਕੋਈ ਰੋਕ ਟੋਕ ਨਹੀਂ ਹੋਣੀ ਚਾਹੀਦੀ ਪਰ ਹੁਣ ਅਮਰੀਕਾ ਦੋ ਰੰਗੀਆਂ ਗੱਲਾਂ ਕਰਨ ਲੱਗਿਆ ਹੈ। ਸਪੱਸ਼ਟ ਤੌਰ 'ਤੇ ਉਹ ਉਲਟੀਆਂ ਗੱਲਾਂ ਕਰਨ ਲੱਗਿਆ ਹੈ। ਓਬਾਮਾ ਦੀ ਸਮਝ 'ਚ ਆ ਰਿਹਾ ਹੈ ਕਿ ਮੁਨਾਫਾ ਭਾਵੇਂ ਹੀ ਗਲੋਬਲ ਹੋਵੇ ਪਰ ਵੋਟ ਤਾਂ ਸਥਾਨਕ ਹੀ ਹੁੰਦੇ ਹਨ ਇਸ ਲਈ ਸ਼ਾਰਟ ਟਰਮ ਪਾਲਿਟਿਕਸ ਇਸ 'ਤੇ ਚਲਾਈ ਜਾ ਸਕਦੀ ਹੈ ਦਰਅਸਲ ਕੋਈ ਵੀ ਕੰਪਨੀ ਆਊਟ ਸੋਰਸਿੰਗ ਦਾ ਫੈਸਲਾ ਉਦੋਂ ਕਰਦੀ ਹੈ ਜਦ ਉਹ ਆਸ਼ਵਸਤ ਹੁੰਦੀ ਹੈ ਕਿ ਜਿੱਥੇ ਕੰਮ ਨੂੰ ਲੈ ਜਾਇਆ ਜਾ ਰਿਹਾ ਹੈ ਉਥੇ ਕੰਮ ਬੇਹਤਰ ਹੋ ਸਕੇਗਾ, ਸਸਤਾ ਹੋ ਸਕੇਗਾ। ਭਾਰਤ 'ਚ ਆਈ ਟੀ ਤੇ ਬੀ. ਪੀ. ਓ. ਸੈਂਟਰ 'ਚ

ਸਥਿਤੀਆਂ ਬਹੁਤ ਅੱਛੀਆਂ ਨਹੀਂ ਹਨ। ਭਾਰਤ ਆਈ ਟੀ ਤੇ ਬੀ. ਪੀ. ਓ. ਦੀ ਮਜ਼ਦੂਰੀ ਲਾਗਤ ਅਮਰੀਕਾ ਦੇ ਮੁਕਾਬਲੇ ਅੱਧੀ ਤੋਂ ਵੀ ਘੱਟ ਪੈਂਦੀ ਹੈ। ਸੰਨ 2004 'ਚ ਬਾਪੂ ਪੀ. ਐਸ. ਨੇ ਇਨ੍ਹਾਂ ਬੀ. ਪੀ. ਓ. ਕਾਲ ਸੈਂਟਰ ਕਰਮੀਆਂ 'ਤੇ ਇਕ ਖੋਜ ਕੰਮ ਕੀਤਾ ਸੀ ਜਿਸ ਅਨੁਸਾਰ ਸਸਤੀ ਮਜ਼ਦੂਰੀ ਆਖਰ ਅਮਰੀਕੀ ਕੰਪਨੀਆਂ ਨੂੰ ਹੀ ਫਾਇਦਾ ਪਹੁੰਚਾਉਂਦੀ ਹੈ। ਸਵੀਟ ਹੋਮ ਦੀ ਪੁਸਤਕ 'ਬੈਂਗਲੂਰ ਟਾਈਗਰ' 'ਚ ਲੇਖਕ ਨੇ ਇਹ ਸਾਫ ਕੀਤਾ ਸੀ ਕਿ ਇੰਟਰਨੈੱਟ ਨੇ ਅਰਥਚਾਰੇ ਦਾ ਚਿਹਰਾ ਬਦਲ ਦਿੱਤਾ ਹੈ। ਵਿੱਤੀ ਸੰਪਤੀ ਭਲੇ ਹੀ ਅਮਰੀਕਾ ਵਰਗੇ ਵਿਕਸਤ ਦੇਸ਼ਾਂ 'ਚ ਹੈ ਪਰ ਬੌਧਿਕ ਸੰਪਤੀ ਭਾਰਤ ਵਿਚ ਹੈ। ਭਾਰਤ ਦੀ ਇਸ ਬੌਧਿਕ ਸੰਪਤੀ ਦੀ ਵਿਸ਼ਵ 'ਚ ਮਹੱਤਵਪੂਰਨ ਭੂਮਿਕਾ ਹੈ।

ਮਾਰਕ ਕੋਬਾਆਸ਼ੀ ਅਤੇ ਹਿਲੇਰੀ ਸਿਪ੍ਰੰਗਰ ਨੇ ਆਪਣੀ ਖੋਜ ਰਾਹੀਂ ਇਹ ਸਪੱਸ਼ਟ ਕੀਤਾ ਹੈ ਕਿ ਭਾਰਤ 'ਚ ਕੰਮ ਨੂੰ ਭੇਜਣ ਦਾ ਫਾਇਦਾ ਅਮਰੀਕਨ ਕੰਪਨੀਆਂ ਨੂੰ ਹੀ ਹੋ ਰਿਹਾ ਹੈ ਲਾਗਤ ਦੀ ਸ਼ਕਲ 'ਚ। ਮਾਈਕਲ ਆਫ ਕਾਰਬੇਟ ਨੇ ਆਪਣੀ ਪੁਸਤਕ 'ਆਊਟ ਸੋਰਸਿੰਗ ਰੇਵੋਲੂਸ਼ਨ' 'ਚ ਲਿਖਿਆ ਹੈ ਕਿ ਭਾਰਤ 'ਚ ਕੰਮ ਭੇਜ ਕੇ ਕੰਪਨੀਆਂ ਅਰਬਾਂ ਡਾਲਰ ਬਚਾ ਲੈਂਦੀਆਂ ਹਨ। ਨੱਬੇ ਫੀਸਦੀ ਕੰਪਨੀਆਂ ਲਈ ਆਊਟ ਸੋਰਸਿੰਗ ਵਿਕਾਸ ਲਈ ਮੁੱਖ ਰਣਨੀਤੀ ਹੈ। ਇਸ ਤੋਂ ਬਿਨਾਂ ਉਹ ਵਿਕਾਸ ਕਰਨ 'ਚ ਅਸਮਰਥ ਹੋਵੇਗੀ। ਅਰਥ ਸ਼ਾਸਤਰ ਦਾ ਬੁਨਿਆਦੀ ਗਿਆਨ ਰੱਖਣ ਵਾਲਾ ਵਿਅਕਤੀ ਵੀ ਇਹ ਜਾਣਦਾ ਹੈ ਕਿ ਕਿਸੇ ਦੇਸ਼ ਨੂੰ ਜੇ ਕੋਈ ਕਾਰੋਬਾਰ ਮਿਲਦਾ ਹੈ ਤਾਂ ਉਹ ਉਸ 'ਤੇ ਅਹਿਸਾਨ ਨਹੀਂ ਹੁੰਦਾ ਹੈ। ਬਲਕਿ ਸਸਤਾ, ਕੰਮ ਦੀ ਗੁਣਵੰਣਤਾ ਆਦਿ ਕਾਰਨਾਂ ਨਾਲ ਹੀ ਗ੍ਰਾਹਕ ਉਸ ਵੱਲ ਖਿੱਚਿਆ ਜਾਂਦਾ ਹੈ। ਕਈ ਕੰਪਨੀਆਂ ਨੇ ਅਮਰੀਕਾ ਤੋਂ ਭਾਰਤ ਕੰਮ ਸਿਰਫ ਇਸ ਲਈ ਸ਼ਿਫਟ ਨਹੀਂ ਕੀਤਾ ਕਿ ਭਾਰਤ 'ਚ ਕੰਮ ਸਸਤੇ 'ਚ ਹੋ ਜਾਂਦੇ ਹਨ ਬਲਕਿ ਇੱਥੋਂ ਦੀ ਕੰਮ ਦੀ ਕਵਾਲਟੀ ਹੁੰਦੀ ਹੈ। ਅਮਰੀਕਾ ਵਿਚ ਵੈਸਾ ਕੰਮ ਕਰਨ ਲਈ ਤਕਨੀਕੀ ਤੌਰ 'ਤੇ ਮਾਹਰ ਵਿਅਕਤੀ ਹੈ ਹੀ ਨਹੀਂ।

ਭਾਰਤ ਦੀਆਂ ਮਹੱਤਵਪੂਰਨ ਆਈ. ਟੀ. ਕੰਪਨੀਆਂ ਦਾ ਅਨੁਭਵ ਵੀ ਇਹੀ ਹੈ ਕਿ ਅਮਰੀਕਾ 'ਚ ਲੋਕ ਜ਼ਰੂਰੀ ਤਕਨੀਕੀ ਸਮਰਥਾਵਾਂ ਦੇ ਨਾਲ ਮੁਹਈਆ ਨਹੀਂ ਹਨ। ਇਸ ਕਾਰਨ ਉਨ੍ਹਾਂ ਦੇ ਇੱਥੇ ਕੰਮ ਦੀ ਗੁਣਵੰਣਤਾ ਦਾ ਸੁਆਲ ਹੀ ਨਹੀਂ ਹੈ। ਇਹ ਸਚਾਈ ਅਮਰੀਕਾ ਦੇ ਲਗਾਤਾਰ ਸਿਥਿਲ ਤੇ ਨਿਕੰਮੇ ਹੁੰਦੇ ਜਾਣ ਦਾ ਸਿੱਟਾ ਹੈ। ਅਮਰੀਕਾ 'ਚ ਹੁਣ ਦੀ ਪੀੜ੍ਹੀ ਨੇ ਗਣਿਤ ਅਤੇ ਅਭਿਯਾਂਤ੍ਰਿਕ ਵਰਗੇ ਵਿਸ਼ਿਆਂ 'ਚ ਦਿਲਚਸਪੀ ਘੱਟ ਵਿਖਾਈ ਹੈ। ਇਸੇ ਕਾਰਨ ਅਮਰੀਕੀ ਸਿੱਖਿਆਵਿਦਾਂ ਨੇ ਕਿਹਾ ਹੈ ਕਿ ਅਮਰੀਕਾ 'ਚ ਗਣਿਤ ਤੇ ਵਿਗਿਆਨ ਪ੍ਰਤੀ ਨਵੀਂ ਪੀੜ੍ਹੀ ਦੇ ਬੱਚਿਆਂ 'ਚ ਦਿਲਚਸਪੀ ਵਿਕਸਤ ਕਰਨੀ ਪਵੇਗੀ। ਵਰਨਾ ਅਮਰੀਕਾ ਦੀ ਲੀਡਰਸ਼ਿਪ ਇਨ੍ਹਾਂ ਖੇਤਰਾਂ 'ਚ ਜ਼ੀਰੋ ਹੋ ਜਾਵੇਗੀ। ਅਜਿਹੀ ਸਥਿਤੀ 'ਚ ਜੇ ਅਮਰੀਕਾ 'ਚ ਜ਼ਰੂਰੀ ਤਕਨੀਕੀ ਸਮਰਥਾ ਮੁਹਈਆ ਨਹੀਂ ਹੈ ਤਾਂ ਕੀ ਭਾਰਤ ਤੋਂ ਇੰਜਨੀਅਰਾਂ ਦੀ ਇੱਥੇ ਦਰਾਮਦ ਕੀਤੀ ਜਾਵੇਗੀ? ਪਰ ਇਹ ਕੰਮ ਓਨਾ ਅਸਾਨ ਨਹੀਂ ਹੈ ਕਿਉਂਕਿ ਇਸ ਦੇ ਰਾਜ ਨਿਤਿਤਾਰਥ ਹਨ। ਭਾਰਤ ਦੇ ਇੰਜਨੀਅਰ ਉਥੇ ਜਾ ਕੇ ਕੰਮ ਕਰਨ ਤਾਂ ਇਸ ਨਾਲ ਉੱਥੋਂ ਦੇ ਨੇਤਾਵਾਂ ਨੂੰ ਇਕ ਰਾਜਸੀ ਮੌਕਾ ਮਿਲ ਜਾਵੇਗਾ ਕਿ ਭਾਰਤੀ ਅਮਰੀਕਾ ਆ ਕੇ ਨੌਕਰੀਆਂ ਲੈ ਰਹੇ ਹਨ। ਜਦ ਕਿ ਅਮਰੀਕਾ 'ਚ ਬੇਰੁਜ਼ਗਾਰੀ ਵੱਧ ਰਹੀ ਹੈ।

ਹਾਲਾਂਕਿ ਇਹ ਸੱਚ ਨਹੀਂ; ਸੱਚ ਸਿਰਫ ਇਹ ਹੈ ਬੇਹਤਰ ਪ੍ਰੋਫੈਸ਼ਨਲ ਗੈਰ ਹੁਨਰਮੰਦ ਲੋਕਾਂ ਦੀਆਂ ਨੌਕਰੀਆਂ ਲੈ ਰਹੇ ਹਨ। ਭਾਰਤ ਦੇ ਮੁਕਾਬਲੇ ਜਪਾਨ ਦੇ ਲੋਕ ਸਸਤਾ ਤੇ ਵਧੀਆ ਕੰਮ ਕਰਨਗੇ ਤਾਂ ਨੌਕਰੀ ਉਨ੍ਹਾਂ ਨੂੰ ਮਿਲੇਗੀ। ਵਿਸ਼ਵੀਕਰਨ ਦਾ ਸੱਚ ਇਹ ਹੈ ਕਿ ਗਲੋਬਲ ਪ੍ਰਾਫਿਟ, ਕੌਮੀ ਨਾਗਰਿਕਤਾ ਨਹੀਂ ਵੇਖਦਾ, ਕੌਮਾਂਤਰੀ ਲਾਭ ਦੀਆਂ ਸੰਭਾਵਨਾਵਾਂ ਵੇਖਦਾ ਹੈ। ਇਸ ਸੱਚ ਨੂੰ ਆਪਣੇ ਰਾਖਵੇਂਕਰਨ ਵਾਦੀ ਯਤਨਾਂ ਨਾਲ ਓਬਾਮਾ ਝੁਠਲਾਉਣਾ ਚਾਹੁੰਦੇ ਹਨ ਪਰ ਇਸ 'ਚ ਕਾਮਯਾਬ ਇਸ ਕਾਰਨ ਨਹੀਂ ਹੋਣਗੇ ਕਿ ਨਾ ਤਾਂ ਉਨ੍ਹਾਂ ਨੂੰ ਅਰਥ ਸ਼ਾਸਤਰ ਦੀ ਜਾਣਕਾਰੀ ਹੈ ਤੇ ਨਾ ਹੀ ਕੰਮ ਦੀ ਗੁਣਵੰਣਤਾ ਦੀ ਇਹ ਵੀ ਅਮਰੀਕਾ ਦੇ ਸਾਬਕਾ ਰਾਸ਼ਟਰਪਤੀਆਂ ਵਾਂਗੂੰ ਦਾਦਾਗਿਰੀ ਨਾਲ ਕੰਮ ਕਰਨਾ ਚਾਹੁਣਗੇ ਤਾਂ ਇਹ ਉਨ੍ਹਾਂ ਦੇ ਅਤੇ ਉਨ੍ਹਾਂ ਦੇ ਦੇਸ਼ ਲਈ ਨੁਕਸਾਨਦੇਹ ਹੋਵੇਗਾ ਕਿਉਂਕਿ ਜੇ ਭਾਰਤ ਸਸਤਾ ਤੇ ਗੁਣਵੰਣਤਾ ਭਰਿਆ ਕੰਮ ਕਰੇਗਾ ਤਾਂ ਉਸ ਪਾਸ ਇਕ ਅਮਰੀਕਾ ਹੀ ਨਹੀਂ, ਇਸ ਤੋਂ ਇਲਾਵਾ ਹੋਰ ਵੀ ਕਈ ਦੇਸ਼ ਹਨ। ਭਾਰਤ ਦੇ ਇਸ ਪੂਰੇ ਘਟਨਾਕ੍ਰਮ ਤੋਂ ਇਹ ਸਬਰ ਸਿੱਖਣਾ ਹੋਵੇਗਾ ਕਿ ਅਮਰੀਕਾ ਤੇ ਵੱਧ ਨਿਰਭਰਤਾ ਕਾਰੋਬਾਰ ਦੇ ਮਾਮਲੇ 'ਚ ਠੀਕ ਨਹੀਂ ਕਿਉਂਕਿ ਇਹ ਵਿਕਾਸਸ਼ੀਲ ਦੇਸ਼ ਆਪਣੇ ਫਾਇਦੇ ਲਈ ਕਦੋਂ ਦੋਗਲੀ ਨੀਤੀ ਅਪਣਾਉਣ ਲੱਗੇ। ਇਸ ਦਾ ਕੋਈ ਵਿਸ਼ਵਾਸ ਨਹੀਂ ਹੈ। ਜਪਾਨ ਅਮਰੀਕਾ ਤੋਂ ਬਾਅਦ ਦੂਜਾ ਵੱਡਾ ਮਹੱਤਵਪੂਰਨ ਬਾਜ਼ਾਰ ਹੈ। ਭਾਰਤ ਨੂੰ ਇਸ 'ਤੇ ਧਿਆਨ ਦੇਣਾ ਚਾਹੀਦਾ ਹੈ। ਅਮਰੀਕਾ ਦੇ ਬਜ਼ਾਰਾਂ 'ਚ ਵਿਸਥਾਰ ਦਾ ਸੰਕਲਪ ਹੁਣ ਆਈ. ਟੀ. ਕੰਪਨੀਆਂ ਨੂੰ ਦੇਖਣਾ ਪੈਣਾ ਹੈ। ਅਮਰੀਕਾ ਦੇ ਰਾਖਵੇਂਕਰਨ ਵਾਦੀ ਕਦਮ ਇਸ ਦਿਸ਼ਾ 'ਚ ਹੋਣ ਤਾਂ ਭਾਰਤੀ ਕੰਪਨੀਆਂ ਨੂੰ ਫਾਇਦਾ ਹੀ ਹੋਵੇਗਾ ਜੇ ਅਮਰੀਕਾ ਮਹਿੰਗੇ ਤੇ ਅਨੁਕੂਲ ਕਿਰਤ ਨਾਲ ਵਿਸ਼ਵ ਦੇ ਅਰਥਚਾਰੇ 'ਚ ਮਹੱਤਵਪੂਰਨ ਬਣੇ ਰਹਿਣ ਦੀ ਸੋਚ ਰਿਹਾ ਹੈ ਤੇ ਗਲਤ ਸੋਚਦੈ।

# ਜਿਥੇ ਪਾਣੀ ਵੀ ਜ਼ਹਿਰ ਬਣ ਗਿਆ ਹੈ?

ਹਵਾ ਤੇ ਪਾਣੀ ਨਾ ਸਿਰਫ ਮਨੁੱਖ ਲਈ ਬਲਕਿ ਪਸ਼ੂ-ਪੰਛੀਆਂ ਤੇ ਵਣਵਾਸੀਆਂ ਲਈ ਵੀ ਮਹੱਤਵਪੂਰਨ ਹੈ। ਇਸ ਤੋਂ ਬਿਨਾਂ ਜ਼ਿੰਦਗੀ ਅਧੂਰੀ ਹੀ ਨਹੀਂ ਹੈ ਬਲਕਿ ਨਰਕ ਵੀ ਹੈ। ਜਿੱਥੋਂ ਤੱਕ ਪਾਣੀ ਦੀ ਪਵਿੱਤਰਤਾ ਦੀ ਗੱਲ ਹੁੰਦੀ ਹੈ ਤਾਂ ਭਾਰਤ ’ਚ ਗੰਗਾ ਜਲ ਨੂੰ ਨਾ ਸਿਰਫ ਪਵਿੱਤਰ ਮੰਨਿਆ ਜਾਂਦਾ ਹੈ ਬਲਕਿ ਇਸ ਦੇ ਜਲ ਨੂੰ ਅੰਮ੍ਰਿਤ ਦਾ ਦਰਜਾ ਵੀ ਦਿੱਤਾ ਜਾਂਦਾ ਹੈ। ਇਨ੍ਹਾਂ ਕਾਰਨਾਂ ਕਰਕੇ ਸੱਤਰ ਦੇ ਦਹਾਕੇ ’ਚ ਇਕ ਫਿਲਮ ਬਣੀ ਸੀ-‘ਗੰਗਾ ਤੇਰਾ ਪਾਣੀ ਅੰਮ੍ਰਿਤ’।

ਇਸ ਫਿਲਮ ਦਾ ਇਹੀ ਸਿਰਲੇਖ ਗੀਤ ਵੀ ਸੀ, ਪਰ ਬਿਹਾਰ ਦੇ ਇਕ ਦਰਜਨ ਦੇ ਜ਼ਿਲ੍ਹਿਆਂ ’ਚ ਗੰਗਾ ਕਿਨਾਰੇ ਵਸੇ ਲੋਕਾਂ ਤੋਂ ਜੇ ਕੋਈ ਪੁੱਛੇ ਤਾਂ ਸ਼ਾਇਦ ਹੀ ਕੋਈ ਇਹ ਕਬੂਲ ਕਰਨ ਨੂੰ ਤਿਆਰ ਹੋਵੇ ਕਿ ਗੰਗਾ ਦਾ ਪਾਣੀ ਅੰਮ੍ਰਿਤ ਹੈ। ਇਨ੍ਹਾਂ ਇਲਾਕਿਆਂ ਵਿਚ ਪਾਣੀ ਹੀ ਜੀਵਨ ਹੈ, ਜਿਵੇਂ ਸ਼ਾਸਵਤ ਵਾਕਿਆਂ ਨੇ ਆਪਣਾ ਵਜੂਦ ਗੁਆ ਲਿਆ ਹੈ ਅਤੇ ਇਸ ਦੀ ਥਾਂ ਥੋੜ੍ਹੇ ਸੁਧਾਰ ਦੇ ਨਾਲ ਦੂਜੇ ਵਾਰਮਕ ਨੇ ਥਾਂ ਬਣਾ ਲਈ ਹੈ-ਜਲ ਹੀ ਜ਼ਹਿਰ ਬਣ ਗਿਆ ਹੈ।

ਗੰਗਾ ਦੇ ਪਾਣੀ ਤੋਂ ਨਿਕਲਣ ਵਾਲੇ ਖਾਮੋਸ਼ ਜ਼ਹਿਰ ਆਰਸੇਨਿਕ ਨੇ ਇਨ੍ਹਾਂ ਇਲਾਕਿਆਂ ਦੀਆਂ ਖੁਸ਼ੀਆਂ ਖੋਹ ਲਈਆਂ। ਹਜ਼ਾਰਾਂ ਦੀ ਤੈਦਾਦ ’ਚ ਇਸ ਨੇ ਔਰਤਾਂ, ਬੱਚਿਆਂ ਤੇ ਮਰਦਾਂ ਨੂੰ ਆਪਣੀ ਲਪੇਟ ’ਚ ਲੈ ਕੇ ਉਨ੍ਹਾਂ ਦੇ ਚਿਹਰੇ ਤਾਂ ਵਿਗਾੜ ਹੀ ਦਿੱਤੇ ਹਨ, ਉਨ੍ਹਾਂ ਦਾ ਜੀਵਨ ਵੀ ਨਰਕ ਬਣਾ ਦਿੱਤਾ ਹੈ। ਹੁਣ ਤਾਂ ਗੰਗਾ ਕਿਨਾਰੇ ਵਸੇ ਸ਼ਹਿਰਾਂ ’ਚ ਵੀ ਆਰਸੇਨਿਕ ਦੇ ਖਤਰੇ ਦੇ ਸੰਕੇਤ ਮਿਲ ਰਹੇ ਹਨ। ਗੰਗਾ ਦੇ ਪਾਣੀ ਨੂੰ ਟ੍ਰੀਟਮੈਂਟ ਪਲਾਂਟ ਤੋਂ ਸ਼ੁੱਧ ਕਰਕੇ ਪੀਣ ਵਾਲੇ ਪਾਣੀ ਵਜੋਂ ਸ਼ਹਿਰਾਂ ’ਚ ਸਪਲਾਈ ਕੀਤੀ ਜਾਂਦੀ ਹੈ। ਆਮ ਤੌਰ ’ਤੇ ਭਾਰਤੀ ਕਾਰਜ ਸਭਿਆਚਾਰ ਕਿਸੇ ਸਮੱਸਿਆ ਦੇ ਹੱਲ ਦਾ ਇੰਤਜਾਮ ਤੱਕ ਨਹੀਂ ਕਰਦਾ ਜਦ ਤੱਕ ਕਿ ਪਾਣੀ ਸਿਰ ਤੋਂ ਉੱਪਰ ਨਾ ਵਗਣ ਲੱਗੇ। ਆਰਸੇਨਿਕ ਸਬੰਧੀ ਤਾਂ ਇਹ ਸਾਫ ਦਿਸਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਜੇ ਜਲਦੀ ਤੋਂ ਜਲਦੀ ਇਸ ਦਾ ਉਪਾਅ ਨਹੀਂ ਕੀਤਾ ਜਾਂਦਾ ਤਾਂ ਸਥਿਤੀ ਵਿਸਫੋਟਿਕ ਹੋ ਸਕਦੀ ਹੈ। ਏਡਜ਼ ਪੀੜਤ ਦੀ ਗਿਣਤੀ ਕੁਝ ਹਜ਼ਾਰ ਹੈ ਅਤੇ ਉਸ ਤੋਂ ਹੋਈਆਂ ਮੌਤਾਂ ਦਾ ਅੰਕੜਾ ਵੀ ਡਰਾਉਣ ਵਾਲਾ ਨਹੀਂ ਪਰ ਉਸ ਬਾਰੇ ਲੋਕਾਂ ਨੇ ਜਾਗਰੂਕ ਕਰਨ ’ਤੇ ਸੈਂਕੜੇ ਰੁਪਏ ਖਰਚ ਹੋ ਰਹੇ ਹਨ, ਜਦ ਕਿ ਇਸ ਰੋਗ ਤੋਂ ਬਚਣ ਲਈ ਸਾਵਧਾਨੀ ਹੀ ਜ਼ਰੂਰੀ ਹੈ। ਪਰ ਲੱਖਾਂ ਦੀ ਅਬਾਦੀ ਦੀ ਜ਼ਿੰਦਗੀ ਖਰਾਬ ਕਰਨ ਵਾਲੇ ਤੇਜ਼ੀ ਨਾਲ ਫੈਲ ਰਹੇ ਇਸ ਜ਼ਹਿਰ ਦੇ ਪ੍ਰਕੋਪ ਤੋਂ ਬਚਣ ਲਈ ਕਾਰਜ ਯੋਜਨਾ ਸਬੰਧੀ ਕੋਈ ਗੰਭੀਰਤਾ ਨਹੀਂ ਦਿਸਦੀ।

ਬਿਹਾਰ ’ਚ ਗੰਗਾ ਕਿਨਾਰੇ ਦੇ ਇਲਾਕਿਆਂ ਵਿਚ ਆਰਸੇਨਿਕ ਮੌਜੂਦ ਹੋਣ ਦਾ ਖੁਲਾਸਾ ਤਾਂ ਸੱਤ ਸਾਲ ਪਹਿਲਾਂ ਹੀ ਹੋ ਗਿਆ ਸੀ। ਪੱਛਮੀ ਬੰਗਾਲ ਦੇ ਜਾਧਵਪੁਰ ਯੂਨੀਵਰਸਿਟੀ ਦੇ ਡਾ. ਦੀਪਾਂਕਰ ਭੱਟਾਚਾਰੀਆ ਨੇ ਜੂਨ 2002 ’ਚ ਹੀ ਆਪਣੀ ਰਿਪੋਰਟ ਵਿਚ ਇਸ ਦਾ ਜ਼ਿਕਰ ਕੀਤਾ ਸੀ। ਰਾਜ ਦੇ 12 ਜ਼ਿਲ੍ਹਿਆਂ-ਭਾਗਲਪੁਰ, ਕਟਿਹਾਰ ਖਗੜਿਆ, ਮੁੰਗੇਰ, ਲਖੀਸਰਾਏ, ਬੇਗੁਸਰਾਏ, ਸਮਸਤੀਪੁਰ, ਪਟਨਾ, ਭੋਜਪੁਰ, ਬਕਸਰ, ਵੈਸ਼ਾਲੀ, ਅਤੇ ਸਾਰਣ ਦੇ 80 ਬਲਾਕ ’ਚ ਆਰਸੇਨਿਕ ਫੈਲ ਰਿਹਾ ਹੈ। ਇਸ

ਸਚਾਈ ਨੂੰ ਰਾਜ ਸਰਕਾਰ ਵੀ ਮੰਨਦੀ ਹੈ।

ਭਾਗਲਪੁਰ ਸਥਿਤ ਤਿਲਕਮਾਂਝੀ ਯੂਨੀਵਰਸਿਟੀ ਦੇ ਬਨਸਪਤੀ ਵਿਭਾਗ ਦੀ ਟੀਮ ਨੇ ਡਾ. ਸੁਨੀਲ ਕੁਮਾਰ ਚੌਧਰੀ ਤੇ ਪਟਨਾ ਸਥਿਤ ਅਨੁਗ੍ਰਹਿ ਨਰਾਇਣ ਕਾਲਜ ਦੇ ਵਾਤਾਵਰਣ ਤੇ ਜਲ ਪ੍ਰਬੰਧ ਵਿਭਾਗ ਨੇ ਡਾ. ਐਸ. ਕੇ. ਘੋਸ਼ ਦੀ ਅਗਵਾਈ 'ਚ ਹੋਏ ਸਰਵੇ ਦੌਰਾਨ ਜਮੁਨਾ ਨਦੀ ਦੀ ਸਤਹਿ 'ਤੇ ਆਰਸੇਨਿਕ ਦੀ ਮੌਜੂਦਗੀ ਪਾਈ ਗਈ ਹੈ। ਜਮੁਨਾ ਨਦੀ ਗੰਗਾ ਵਿਚ ਮਿਲਦੀ ਹੈ। ਭਾਗਲਪੁਰ ਨਗਰ ਨਿਗਮ ਜਮੁਨਾ ਨਦੀ ਦਾ ਪਾਣੀ ਹੀ ਪੀਣ ਵਾਲੇ ਪਾਣੀ ਵਜੋਂ ਘਰਾਂ 'ਚ ਪੁੱਜਦਾ ਹੈ। ਜਮਨਾ ਨਦੀ ਦੇ ਪਾਣੀ ਟ੍ਰੀਟਮੈਂਟ ਲਈ ਜੋ ਤਕਨੀਕ ਹੁਣ ਅਪਣਾਈ ਜਾ ਰਹੀ ਹੈ। ਉਹ ਪਾਣੀ 'ਚੋਂ ਆਰਸੇਨਿਕ ਕੱਢਣ ਦੇ ਸਮਰਥ ਨਹੀਂ ਹੈ। ਸ਼ਹਿਰ ਦੀ ਵੱਡੀ ਆਬਾਦੀ ਪੀਣ ਵਾਲੇ ਪਾਣੀ ਲਈ ਇਸੇ ਜਲ ਸਪਲਾਈ 'ਤੇ ਨਿਰਭਰ ਹਨ। ਜ਼ਾਹਿਰ ਹੈ, ਆਰਸੇਨਿਕ ਦਾ ਖਤਰਾ ਇਸ ਸ਼ਹਿਰ ਦੇ ਲੋਕਾਂ 'ਤੇ ਵੀ ਮੰਡਰਾਉਣ ਲੱਗਿਆ ਹੈ। ਗੰਗਾ ਕਿਨਾਰੇ ਦੇ ਹੋਰ ਸ਼ਹਿਰਾਂ ਵਿਚ ਵੀ ਜਲ ਨੂੰ ਟ੍ਰੀਟ ਕਰਕੇ ਇਸ ਦੀ ਸਪਲਾਈ ਪੀਣ ਵਾਲੇ ਪਾਣੀ ਵਜੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਹੁਣ ਤੱਕ ਇਹ ਧਾਰਨਾ ਸੀ ਕਿ ਆਰਸੇਨਿਕ ਸਿਰਫ ਗੰਗਾ ਨਦੀ ਅਤੇ ਧਰਤੀ ਹੇਠ ਪਾਇਆ ਜਾਂਦਾ ਹੈ ਪਰ ਤਾਜ਼ਾ ਸਰਵੇ ਨਾਲ ਖੂਹਾਂ ਵਿਚ ਵੀ ਇਸ ਦੇ ਮੌਜੂਦਗੀ ਦੇ ਸਬੂਤ ਮਿਲੇ ਹਨ। ਗੰਗਾ ਕਿਨਾਰੇ ਰਹਿਣ ਵਾਲੇ ਤਿੰਨ ਕਰੋੜ ਲੋਕ ਖੂਹਾਂ ਦਾ ਪਾਣੀ ਪੀਂਦੇ ਹਨ ਭਾਰਤ ਸਰਕਾਰ ਨੇ ਤੀਹ ਲੱਖ ਡਾਲਰ ਖਰਚ ਕਰਕੇ ਥਾਂ-ਥਾਂ ਟ੍ਰੀਟਮੈਂਟ ਪਲਾਂਟ ਲਾਏ ਸਨ ਪਰ ਇਸ ਵਿਚੋਂ 20 ਫੀਸਦੀ ਹੀ ਅਜਿਹੇ ਹਨ ਜੋ ਠੀਕ ਕੰਮ ਕਰ ਰਹੇ ਹਨ। ਜ਼ਿਆਦਾਤਰ ਪਲਾਂਟ ਆਰਸੇਨਿਕ ਨੂੰ ਪਾਣੀ ਤੋਂ ਬਾਹਰ ਕੱਢਣ ਦੀ ਸਥਿਤੀ ਵਿਚ ਨਹੀਂ ਹੈ।

ਤਿਲਕ ਮਾਂਝੀ ਯੂਨੀਵਰਸਿਟੀ ਦੀ ਟੀਮ ਨੇ ਯੂਨੀਸੇਫ ਪ੍ਰਯੋਜਿਤ ਪ੍ਰੋਗਰਾਮ ਤਹਿਤ ਡਾ. ਚੌਧਰੀ ਤੇ ਡਾ. ਘੋਸ਼ ਦੀ ਅਗਵਾਈ 'ਚ ਸੰਨ 2005-2006 'ਚ ਧਰਤੀ ਹੇਠਲੇ ਪਾਣੀ ਦੀ ਜਾਂਚ ਕੀਤੀ ਸੀ ਅਤੇ ਉਸ ਸਮੇਂ ਇਸ 'ਚ ਆਰਸੇਨਿਕ ਮੌਜੂਦ ਹੋਣ ਦੀ ਪੁਸ਼ਟੀ ਹੋਈ ਸੀ। ਕਈ ਥਾਵਾਂ 'ਤੇ ਇਸ ਦੀ ਮਾਤਰਾ ਪਾਣੀ 'ਚ 10 ਪੀ. ਪੀ. ਬੀ. ਤੋਂ ਵੱਧ ਪਾਈ ਗਈ ਸੀ। ਆਰਸੇਨਿਕ ਤੋਂ ਪੈਦਾ ਹੋਣ ਵਾਲੇ ਰੋਗ ਅੱਜ ਵੀ ਲਾਇਲਾਜ ਹਨ। ਮਾਹਰਾਂ ਦਾ ਕਹਿਣਾ ਹੈ ਕਿ ਅਜੇ ਇਸ ਦਾ ਦਵਾ ਵਿਕਸਤ ਨਹੀਂ ਕੀਤੀ ਜਾ ਸਕੀ ਹੈ। ਸਾਫ ਪਾਣੀ, ਵਿਟਾਮਿਨ ਯੁਕਤ ਭੋਜਨ, ਫ਼ਲ ਤੇ ਸਬਜ਼ੀਆਂ ਖਾਣ ਨਾਲ ਆਰਸੇਨਿਕ ਤੋਂ ਬਚਿਆ ਜਾ ਸਕਦਾ ਹੈ। ਇਸ ਦੀ ਜਦ 'ਚ ਆਉਣ ਪਿੱਛੋਂ ਪੀੜਤਾਂ ਦੇ ਸਰੀਰ ਦੀ ਚਮੜੀ ਕਾਲੀ ਹੋ ਜਾਂਦੀ ਹੈ। ਇਸ ਪਿੱਛੋਂ ਜਾਂ ਤਾਂ ਪੂਰੇ ਸਰੀਰ ਦੀ ਚਮੜੀ ਕਾਲੀ ਹੋ ਜਾਂਦੀ ਹੈ ਜਾਂ ਪੂਰੇ ਸਰੀਰ ਤੇ ਧੱਬਿਆਂ ਵਾਂਗੂੰ ਛਾਲੇ ਪਏ ਹਿੱਸੇ ਸਖਤ ਹੋ ਜਾਂਦੇ ਹਨ। ਗਰਭਵਤੀ ਔਰਤਾਂ ਇਸ ਦੀ ਲਪੇਟ 'ਚ ਆਉਂਦੀਆਂ ਹਨ ਤਾਂ ਸਮੇਂ ਤੋਂ ਪਹਿਲਾਂ ਜਣੇਪੇ ਦੀ ਸਮੱਸਿਆ ਹੋ ਜਾਂਦੀ ਹੈ। ਆਰਸੇਨਿਕ ਤੋਂ ਨਿਕਲੇ ਛਾਲੇ ਕੈਂਸਰ ਤੱਕ ਤਬਦੀਲ ਹੋ ਜਾਂਦੇ ਹਨ। ਪੀੜਤਾਂ ਲਈ ਕੰਮ ਕਰਨਾ ਮੁਸ਼ਕਲ ਹੋ ਜਾਂਦਾ ਹੈ। ਰਾਜ ਦੇ 11 ਜ਼ਿਲ੍ਹਿਆਂ 'ਚ ਫਲੋਰਾਇਡ ਤੇ 9 ਜ਼ਿਲ੍ਹਿਆਂ ਇਰਨ ਦੀ ਅਧਿਕਤਾ ਤੋਂ ਪੀੜਤ ਹਨ। ਸਿੱਕੇ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ ਗੰਭੀਰ ਚੁਣੌਤੀ ਨਾਲ ਜੂਝਣ ਲਈ ਰਾਜ ਸਰਕਾਰ ਪੂਰੀ ਤਰ੍ਹਾਂ ਕੇਂਦਰ ਸਰਕਾਰ ਤੇ ਨਿਰਭਰ ਹੈ। ਲੋਕ ਮੁਹਿੰਮ ਵਿਭਾਗ ਦੇ ਸੂਤਰਾਂ ਨੇ ਦੱਸਿਆ ਕਿ ਲੰਬੀ ਉਡੀਕ ਦੇ ਪਿੱਛੋਂ ਕੇਂਦਰ ਸਰਕਾਰ ਨੇ ਪਟਨਾ ਦੇ ਮਨੇਰ, ਹਾਜੀਪੁਰ ਦੇ ਵਿਧੂਪੁਰ, ਬਕਸਰ ਦੇ ਸਿਮਰੀ ਤੇ ਬਕਸਰ

ਸ਼ਹਿਰ ਦੀ ਟ੍ਰੀਟਮੈਂਟ ਪਲਾਂਟ ਲਾਉਣ ਅਤੇ ਆਰਸੇਨਿਕ ਮੁਕਤ ਪਾਣੀ ਵੰਡਣ ਦੀਆਂ ਪੌਣੇ ਤਿੰਨ ਸੌ ਕਰੋੜ ਰੁਪਏ ਦੀਆਂ ਯੋਜਨਾਵਾਂ ਦੀ ਮੰਜ਼ੂਰੀ ਦਿੱਤੀ ਹੈ। ਕਈ ਜ਼ਿਲ੍ਹਿਆਂ 'ਚ ਆਰਸੇਨਿਕ ਪ੍ਰਭਾਵਿਤ ਐਸੀਆਂ ਬਸਤੀਆਂ ਹਨ ਜਿਨ੍ਹਾਂ ਲਈ ਸੂਰਜੀ ਊਰਜਾ ਤੋਂ ਚੱਲਣ ਵਾਲੇ ਪਲਾਂਟ ਲਾਉਣ ਦੀ ਲੋੜ ਹੈ। ਅਜਿਹੀਆਂ ਕਈ ਯੋਜਨਾਵਾਂ ਲਈ ਰਾਜ ਸਰਕਾਰ ਨੂੰ ਕੇਂਦਰ ਦੀ ਮੰਜ਼ੂਰੀ ਮਿਲਣ ਦੀ ਉਡੀਕ ਹੈ। ਰਾਜ ਸਰਕਾਰ ਨੇ 12 ਜ਼ਿਲ੍ਹਿਆਂ ਦੀਆਂ ਅਜਿਹੀਆਂ 32 ਬਸਤੀਆਂ ਦੀ ਪਹਿਚਾਣ ਕੀਤੀ ਹੈ। ਇਸ ਤੋਂ ਇਲਾਵਾ ਫਲੋਰਾਈਡ ਦੀ ਅਧਿਕਤਾ ਵਾਲੇ ਜ਼ਿਲ੍ਹਿਆਂ ਦੀ ਪਹਿਚਾਣ ਕੀਤੀ ਹੈ। ਭਾਗਲਪੁਰ ਦੀ ਜਗਦੀਸ਼ਪੁਰ ਡਵੀਜ਼ਨ ਦੇ ਕੋਲ ਖੁਰਦ ਪਿੰਡ ਵਿਚ ਫਲੋਰਾਈਡ ਦੀ ਅਧਿਕਤਾ ਦੇ ਕਾਰਨ 25% ਲੋਕ ਅਪਾਹਜ ਹੋ ਗਏ ਹਨ। ਉਨ੍ਹਾਂ ਦੀਆਂ ਗੱਠਾਂ 'ਚ ਦਰਦ ਰਹਿੰਦਾ ਹੈ। ਭਾਗਲਪੁਰ ਦੇ ਦੱਖਣੀ ਖੇਤਰ ਵਿਚ ਵੀ ਫਲੋਰਾਈਡ ਦੀ ਸਮੱਸਿਆ ਹੈ। ਰਾਜ ਸਰਕਾਰ ਦੀ ਇਸ ਸਬੰਧੀ 144 ਕਰੋੜ ਦੀ ਯੋਜਨਾ ਦਾ ਮਨਸੂਬਾ ਹੀ ਹੈ। ਪੀ. ਐੱਚ. ਡੀ. ਨੇ ਪੀਣ ਵਾਲੇ ਪਾਣੀ ਦੇ ਰਵਾਇਤੀ ਸਰੋਤਾਂ ਦੇ ਜੀਨ ਸੋਧਨ ਤੇ ਮੀਂਹ ਦੇ ਪਾਣੀ ਨੂੰ ਸਟੋਰ ਕਰਨ ਦੀ ਜੋ ਮੁਹਿੰਮ ਸ਼ੁਰੂ ਕੀਤੀ ਗਈ ਹੈ ਉਹ ਗਲਤ ਹੋਣ ਕਰਕੇ ਨਾਕਾਮ ਸਾਬਤ ਹੋਈ ਹੈ।

ਹਾਲ ਦੀ ਘੜੀ ਆਰਸੇਨਿਕ ਪ੍ਰਭਾਵਿਤ ਇਲਾਕੇ ਦੇ ਲੋਕ ਕਹਿ ਰਹੇ ਹੋਣ ਕਿ 'ਰਾਮ ਤੇਰੀ ਗੰਗਾ ਮੈਲੀ ਹੋ ਗਈ' ਪਰ ਆਰਸੇਨਿਕ ਤੋਂ ਛੁਟਕਾਰਾ ਦਿਵਾਉਣ ਦੀ ਕਾਰਜ ਯੋਜਨਾ ਜ਼ਮੀਨ 'ਤੇ ਕਦੋਂ ਉਤਰੇਗੀ ਇਹ ਕੋਈ ਨਹੀਂ ਜਾਣਦਾ।

ਪੰਦਰਵੀਂ ਲੋਕ ਸਭਾ ਤੇ ਕਰੋੜਪਤੀ

ਅੱਜ ਤੋਂ ਲਗਭਗ 18 ਸਾਲ ਪਹਿਲਾਂ 1991 'ਚ ਸਾਮਰਾਜੀ ਵਿਸ਼ਵੀਕਰਨ ਨਿੱਜੀਕਰਨ ਤੇ ਬਾਜ਼ਾਰਵਾਦੀ ਨਵ-ਉਦਾਰਵਾਦੀ ਨੀਤੀਆਂ ਨੂੰ ਲਾਗੂ ਕਰਨਾ ਸ਼ੁਰੂ ਕੀਤਾ ਗਿਆ ਸੀ, ਉਦੋਂ ਤੋਂ ਦੇਸ਼ ਵਿਚ ਮੁੱਠੀਭਰ ਲੋਕ ਅਮੀਰ ਤੋਂ ਹੋਰ ਅਮੀਰ ਹੁੰਦੇ ਜਾ ਰਹੇ ਹਨ ਜਦ ਕਿ ਵਿਆਪਕ ਜਨਤਾ ਗਰੀਬ ਤੋਂ ਹੋਰ ਗਰੀਬ ਹੁੰਦੀ ਜਾ ਰਹੀ ਹੈ। ਇਸ ਦੇ ਨਾਲ ਹੀ ਰਾਜਸੀ ਦ੍ਰਿਸ਼ 'ਚ ਵੀ ਬਦਲਾਅ ਆਇਆ ਹੈ ਅਤੇ ਕਰੋੜਪਤੀਆਂ-ਅਰਬਪਤੀਆਂ ਦੀ ਰਾਜਸੀ ਜਮਾਤ ਹਾਵੀ ਹੁੰਦੀ ਜਾ ਰਹੀ ਹੈ। ਇਸ ਦਾ ਨਜ਼ਾਰਾ ਚੋਣਾਂ ਦੌਰਾਨ ਅਤੇ ਚੋਣਾਂ ਤੋਂ ਬਾਅਦ ਦੇਖਣ ਨੂੰ ਮਿਲਦਾ ਹੈ। ਪੂਰੀ ਦੁਨੀਆ ਜਾਣਦੀ ਹੈ ਕਿ ਉਮੀਦਵਾਰਾਂ ਵੱਲੋਂ ਪਰਚੇ ਭਰਦੇ ਸਮੇਂ ਆਪਣੀ ਜਾਇਦਾਦ ਦਾ ਜੋ ਬਿਉਰਾ ਦਿੱਤਾ ਜਾਂਦਾ ਹੈ ਉਹ ਉਨ੍ਹਾਂ ਦੀ ਅਸਲੀ ਜਾਇਦਾਦ ਦਾ ਇਕ ਹਿੱਸਾ ਮਾਤਰ ਹੀ ਹੁੰਦਾ ਹੈ। ਇਸ ਦੇ ਬਾਵਜੂਦ ਸਾਲ 2004 ਦੇ ਮੁਕਾਬਲੇ 2009 'ਚ ਕਰੋੜਪਤੀ ਉਮੀਦਵਾਰਾਂ ਦੀ ਸੰਖਿਆ ਲਗਭਗ ਦੁੱਗਣੀ ਹੋ ਕੇ 600 ਤੱਕ ਪਹੁੰਚ ਗਈ ਹੈ। ਜਿਸ ਤਰ੍ਹਾਂ ਪਹਿਲਾਂ ਰਾਜਨੀਤੀ 'ਚ ਅਪਰਾਧੀਆਂ ਦੀ ਵਰਤੋਂ ਕੀਤੀ ਜਾਂਦੀ ਸੀ ਤੇ ਪਿੱਛੋਂ ਉਹੀ ਅਪਰਾਧੀ ਰਾਜਨੀਤੀ 'ਚ ਆ ਗਏ ਤੇ ਉਨ੍ਹਾਂ ਨੂੰ ਵੱਖ ਵੱਖ ਪਾਰਟੀਆਂ ਟਿਕਟਾਂ ਦੇਣ ਲੱਗੀਆਂ, ਉਸੇ ਤਰ੍ਹਾਂ ਹੀ ਜਿਸ ਤਰ੍ਹਾਂ ਪਹਿਲਾਂ ਪੂੰਜੀਪਤੀ ਤੇ ਉਦਯੋਗਪਤੀ ਹਾਕਮ ਜਮਾਤ ਦੀਆਂ ਪਾਰਟੀਆਂ ਨੂੰ ਪਿੱਛੇ ਰਹਿ ਕੇ ਹਮਾਇਤ ਦਿਆ ਕਰਦੇ ਸਨ ਉਹ ਹੁਣ ਖੁੱਲ ਕੇ ਲੋਕ ਸਭਾ, ਰਾਜ ਸਭਾ ਤੇ ਵਿਧਾਨ ਸਭਾਵਾਂ 'ਚ ਆਉਣ ਲੱਗੇ। ਇਹ ਅਤੀ ਖੁਸ਼ਹਾਲ ਲੋਕਾਂ ਦੇ ਚੁਣਾਵੀ ਪ੍ਰੀਦ੍ਰਿਸ਼ 'ਚ ਦਾਖਲੇ ਨਾਲ, ਸੰਚਾਰ ਮਾਧਿਅਮ ਦੀਆਂ ਖਬਰਾਂ ਮੁਤਾਬਕ ਇਸ ਚੋਣ ਵਿਚ ਮੁੱਖ ਉਮੀਦਵਾਰਾਂ ਵੱਲੋਂ 50,000 ਕਰੋੜ ਰੁਪਏ ਤੋਂ ਵੱਧ ਖਰਚ ਕੀਤਾ ਗਿਆ। ਦੇਸ਼ ਦੇ ਰਾਜਸੀ ਵਰਗ ਦਾ ਇਹ ਤੇਜ਼ੀ ਨਾਲ

ਹੋ ਰਹੇ ਰੁਪਾਂਤਰਣ ਦੀ ਤਸਵੀਰ ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ 'ਚ ਸਾਫ ਨਜ਼ਰ ਆਉਂਦੀ ਹੈ। ਚੋਣ ਕਮਿਸ਼ਨ ਅਨੁਸਾਰ 543 ਸੰਸਦ ਮੈਂਬਰਾਂ ਦੀ ਕੁਲ ਜਾਇਦਾਦ 3075 ਕਰੋੜ ਰੁਪਏ ਹੈ। ਯਾਨੀ ਕਿ ਪ੍ਰਤੀ ਸੰਸਦ ਮੈਂਬਰ 5.5 ਕਰੋੜ ਰੁਪਏ। ਜਦ ਕਿ ਸਰਕਾਰੀ ਅੰਕੜਿਆਂ ਅਨੁਸਾਰ ਹੀ ਦੇਸ਼ ਦੀ 120 ਕਰੋੜ ਅਬਾਦੀ ਦੇ 70 ਫੀਸਦੀ ਲੋਕਾਂ ਦੀ ਦੈਨਿਕ ਆਮਦਨੀ ਸਿਰਫ 20 ਰੁਪਏ ਹੈ ਅਤੇ 30 ਕਰੋੜ ਤੋਂ ਵੱਧ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ (ਬੀ. ਪੀ. ਐਲ.) ਜਿਉਂ ਰਹੇ ਹਨ। ਪਿਛਲੀ ਲੋਕ ਸਭਾ ਵਿਚ ਕਰੋੜਪਤੀਆਂ ਦੀ ਗਿਣਤੀ 154 ਸੀ ਉਥੇ ਹੁਣ ਇਹ ਲਗਭਗ ਦੁਗਣੀ ਹੋ ਕੇ 300 ਹੋ ਗਈ ਜਾਂ ਕਹੋ ਕਿ 543 ਸਾਂਸਦਾਂ ਦੀ ਲੋਕ ਸਭਾ ਵਿਚ ਕਰੋੜਪਤੀਆਂ ਦਾ ਸਪੱਸ਼ਟ ਬਹੁਮਤ ਹੋ ਗਿਆ ਹੈ। ਇਨ੍ਹਾਂ ਕਰੋੜਪਤੀ ਸਾਂਸਦਾਂ 'ਚ ਕਾਂਗਰਸ ਦੇ 138, ਭਾਜਪਾ ਦੇ 58, ਸਪਾ ਦੇ 14, ਬਸਪਾ ਦੇ 13, ਡੀ. ਐਮ. ਕੇ. ਦੇ 11, ਸ਼ਿਵਸੈਨਾ ਦੇ 9, ਜਨਤਾ ਦਲ (ਯੂ) ਦੇ 8, ਰਾਸ਼ਟਰਵਾਦੀ ਕਾਂਗਰਸ ਦੇ 7, ਬੀਜੂ ਜਨਤਾ ਦਲ ਦੇ 6, ਤ੍ਰਿਣਮੂਲ ਕਾਂਗਰਸ ਦੇ 6 ਸਾਂਸਦ ਹਨ। ਚੋਣ ਕਮਿਸ਼ਨ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਸਭ ਉਮੀਦਵਾਰਾਂ ਨੇ ਪਿਛਲੇ ਸਾਲਾਂ 'ਚ ਆਪਣੀ ਜਾਇਦਾਦ ਨੂੰ ਕਈ ਗੁਣਾ ਵਧਾਇਆ ਹੈ ਅਤੇ ਕੁੱਝ ਤਾਂ ਕਰੋੜਪਤੀ ਬਣ ਗਏ ਹਨ ਘੱਟ ਸਮੇਂ 'ਚ ਧਨਵਾਨ ਬਣਨ ਲਈ ਰਾਜਨੀਤੀ ਇਕ ਆਕ੍ਰਸ਼ਿਤ ਖੇਤਰ ਬਣ ਗਈ ਹੈ। ਮਿਸਾਲ ਵਜੋਂ ਪ੍ਰਸਿੱਧ ਤਾਮਿਲ ਸਿਨੇਮਾ ਐਕਟਰ ਸ਼ਿਵ ਜੀ ਗਣੇਸ਼ਨ ਨੇ ਇਕ ਵਾਰੀ ਕਿਹਾ ਸੀ ਕਿ ਆਪਣੀ ਕਿਸ਼ੋਰ ਅਵਸਥਾ 'ਚ ਗਰੀਬੀ ਕਾਰਨ ਚੇਨਈ ਪਹੁੰਚਣ ਲਈ ਉਹ ਤੇ ਐਮ ਕਰੁਣਾਨਿਧੀ ਨੇ ਟ੍ਰੇਨ 'ਚ ਬਿਨਾਂ ਟਿਕਟ ਯਾਤਰਾ ਕੀਤੀ ਸੀ। ਅੱਜ ਕਰੁਣਾਨਿਧੀ ਦਾ ਪਰਿਵਾਰ ਅਰਬਾਂ ਪਤੀ ਹੈ।

ਮਹਾਂਰਾਸ਼ਟਰ ਦੇ ਵਿਦਰਭ ਤੇ ਮਰਾਠਵਾੜਾ ਦੇ ਮਾਮਲੇ ਨੂੰ ਵੇਖੋ। ਇਸ ਅੰਚਲ 'ਚ ਵਿਆਪਕ ਜਨਤਾ ਗਰੀਬੀ ਨਾਲ ਜੂਝ ਰਹੀ ਹੈ ਅਤੇ ਹਜ਼ਾਰਾਂ ਕਿਸਾਨ ਆਤਮ ਹੱਤਿਆ ਕਰ ਰਹੇ ਹਨ। ਪਿਛਲੇ ਪੰਜ ਸਾਲਾਂ ਦੌਰਾਨ ਜਿੱਥੇ ਲੋਕਾਂ ਦੀ ਗਰੀਬੀ ਵਧੀ ਹੈ, ਉਥੇ ਇਸ ਅੰਚਲ ਤੋਂ ਚੋਣ ਲੜ ਰਹੀਆਂ ਮੁੱਖ ਪਾਰਟੀਆਂ ਦੇ 225 ਉਮੀਦਵਾਰਾਂ ਦੀ ਜਾਇਦਾਦ ਔਸਤਨ 37 ਲੱਖ ਤੋਂ ਵੱਧ ਕੇ 68 ਲੱਖ ਹੋ ਗਈ ਹੈ। ਇਸ 'ਚ 28 ਕਰੋੜਪਤੀ ਹਨ।

ਭਾਰੀ ਗਿਣਤੀ 'ਚ ਕਰੋੜਪਤੀ ਅਤੇ ਅਰਬਪਤੀ ਉਮੀਦਵਾਰਾਂ ਨੇ ਦਾਖਲੇ ਨਾਲ ਚੁਣਾਵੀ ਦ੍ਰਿਸ਼ ਦਾ ਵੀ ਬਜ਼ਾਰੀਕਰਨ ਹੋ ਗਿਆ ਹੈ ਅਤੇ ਸਨਅਤੀ ਘਰਾਣੇ ਵੀ ਇਸ ਤਮਾਸ਼ੇ 'ਚ ਸ਼ਾਮਲ ਹੋ ਗਏ ਹਨ। ਮਨਮੋਹਨੀ ਅਰਥਨੀਤੀ ਜੋ ਨਵੀਂ ਸਰਕਾਰ ਦੇ ਗਠਨ ਨਾਲ ਹੋਰ ਵੀ ਤੇਜ਼ੀ ਨਾਲ ਲਾਗੂ ਕੀਤੀ ਜਾਣੀ ਹੈ, ਦੇ ਮੁਤਾਬਕ ਆਰਥਕ ਤਰੱਕੀ ਦਾ ਮਤਲਬ ਹੈ ਰਾਹਤ ਦੇ ਕੇ, ਰੁਜ਼ਗਾਰ ਗਰੰਟੀ ਯੋਜਨਾਵਾਂ ਰਾਹੀਂ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਨੂੰ 2-3 ਰੁਪਏ ਪ੍ਰਤੀ ਕਿਲੋ ਦੀ ਦਰ ਨਾਲ ਚਾਵਲ ਜਾਂ ਕਣਕ ਦੇ ਕੇ ਕਰੋੜਾਂ ਗਰੀਬਾਂ ਨੂੰ ਕੰਟਰੋਲ ਰੱਖੋ। ਅਮਰੀਕਾ ਦੀ ਤਿਜੌਰੀ 'ਚ ਮਾਲ ਅਤੇ ਗਰੀਬਾਂ ਦੇ ਠੂਠੇ 'ਚ ਥੋੜਾ ਰੋਟੀ-ਦਾਲ।

ਅਮੀਰਾਂ ਨੇ ਰਾਜਨੀਤੀ ਨੂੰ ਪਿਛਾਖੜੀ ਨਵ-ਉਦਾਰਵਾਦੀ ਏਜੰਡੇ ਵੱਲ ਲੈ ਜਾਣ ਲਈ ਵੱਡੇ ਪੈਮਾਨੇ ਤੇ ਰਾਜਸੀ ਦ੍ਰਿਸ਼ 'ਚ ਦਾਖਲਾ ਲਿਆ ਹੈ। ਮਨਮੋਹਨ ਸਿੰਘ ਸਰਕਾਰ ਨੇ ਇਸ ਨਵੇਂ ਮੰਤਰੀ ਮੰਡਲ ਦੇ ਬਹੁਤੇ ਕੈਬਨਿਟ ਮੰਤਰੀ ਇਨ੍ਹਾਂ ਹੀ ਕਰੋੜਪਤੀ ਤੇ ਅਰਬਪਤੀ ਮੈਂਬਰ ਪਾਰਲੀਮੈਂਟ 'ਚੋਂ ਹਨ।

# ਭਾਰਤ ਦਾ ਮਜ਼ਦੂਰ ਅੰਦੋਲਨ-ਦਸ਼ਾ ਤੇ ਦਿਸ਼ਾ

1 ਮਈ 1886 ਨੂੰ ਅਮਰੀਕਾ ਦੇ ਸ਼ਿਕਾਗੋ ਸ਼ਹਿਰ 'ਚ ਮਜ਼ਦੂਰਾਂ ਦੇ ਜਲੂਸ 'ਤੇ ਗੋਲੀ ਦਾ ਮੀਂਹ ਤੇ ਫਿਰ ਪਾਰਸੰਸ, ਸਪਾਈਸ ਫਿਸ਼ਰ ਤੇ ਇੰਜੇਲ ਵਰਗੇ ਪ੍ਰਮੁੱਖ ਮਜ਼ਦੂਰ ਨੇਤਾਵਾਂ ਨੂੰ ਫਾਂਸੀ ਦਿੱਤੀ ਜਾਣ ਪਿੱਛੋਂ ਕੌਮਾਂ ਪੱਧਰ ਤੇ ਮਜ਼ਦੂਰ ਅੰਦੋਲਨ ਤੇ ਸੰਗਠਨ ਨਿਰਮਾਣ 'ਚ ਇਕ ਨਵੀਂ ਗਤੀ ਪੈਦਾ ਹੋਈ। ਕੌਮਾਂਤਰੀ ਮਜ਼ਦੂਰ ਅੰਦੋਲਨ ਤੇ ਵਿਕਾਸ ਵਿਚ ਜੁਲਾਈ 1889 'ਚ ਪੈਰਿਸ 'ਚ ਆਯੋਜਿਤ ਦੂਜੀ ਕਮਿਊਨਿਸਟ ਇੰਟਰਨੈਸ਼ਨਲ ਦੇ ਪਹਿਲੇ ਮਹਾਂ ਸੰਮੇਲਨ ਦਾ ਆਯੋਜਨ ਇਕ ਮਹੱਤਵਪੂਰਨ ਕਦਮ ਸੀ। ਇਸ ਵਿਚ ਯੂਰਪ ਦੇ ਲਗਭਗ ਸਭ ਦੇਸ਼ਾਂ ਤੋਂ ਇਲਾਵਾ ਅਮਰੀਕਾ ਤੇ ਅਰਜਨਟਾਈਨਾ ਦੀ ਵਿਗਿਆਨਕ ਸਮਾਜਵਾਦ ਨੂੰ ਮੰਨਣ ਵਾਲੀਆਂ ਪਾਰਟੀਆਂ ਦੇ ਕੁਲ 390 ਨੁਮਾਇੰਦਿਆਂ ਨੇ ਭਾਗ ਲਿਆ ਸੀ ਪਰ ਏਸ਼ੀਆ, ਅਫਰੀਕਾ ਤੇ ਦੱਖਣੀ (ਲਤੀਨੀ) ਅਮਰੀਕਾ ਦੀਆਂ ਬਸਤੀਆਂ, ਅਰਧ ਬਸਤੀਆਂ ਤੇ ਨਿਰਭਰ ਦੇਸ਼ਾਂ ਦੇ ਮਜ਼ਦੂਰ ਅੰਦੋਲਨ 'ਚ, ਜਾਨ ਪਾਉਣ ਦਾ ਕੰਮ ਅਕਤੂਬਰ 1917 'ਚ ਰੂਸ 'ਚ ਨੇਪਰੇ ਚੜ੍ਹੇ ਸੋਵੀਅਤ ਸਮਾਜਵਾਦੀ ਇਨਕਲਾਬ (ਬਾਲਸ਼ਵਿਕ ਕ੍ਰਾਂਤੀ) ਨੇ ਕੀਤਾ। ਇਸ ਕ੍ਰਾਂਤੀ ਦੇ ਮਾਧਿਅਮ ਨਾਲ ਦੁਨੀਆਂ 'ਚ ਪਹਿਲੀ ਵਾਰੀ ਮੇਹਨਤਕਸ਼ਾਂ ਦਾ ਰਾਜ, ਸੋਵੀਅਤ ਸਮਾਜਵਾਦੀ ਲੋਕ ਤਾਂਤਰਿਕ ਸੰਘ ਦੀ ਸਥਾਪਨਾ ਹੋਈ ਸੀ। ਭਾਰਤ 'ਚ ਮਜ਼ਦੂਰ ਅੰਦੋਲਨ ਦਾ ਵਿਕਾਸ 19ਵੀਂ ਸਦੀ ਦੇ ਆਖਰੀ ਦਹਾਕੇ 'ਚ, ਸਾਮਰਾਜ-ਵਿਰੋਧੀ ਸੰਘਰਸ਼ਾਂ ਦੀ ਪਿੱਠਭੂਮੀ 'ਚ ਹੋਇਆ ਸੀ। ਯੂਰਪ 'ਚ ਜਗੀਰੂ-ਦਾਬਾ ਖਤਮ ਕਰਨ ਲਈ ਸੰਘਰਸ਼ ਦੇ ਸਿੱਟੇ ਵਜੋਂ ਉੱਥੋਂ ਦੇ ਸਮਾਜ 'ਚ ਇਨਕਲਾਬੀ ਤਬਦੀਲੀ ਆਈ ਸੀ। ਇਸ ਨਵੇਂ ਸਮਾਜਕ ਢਾਂਚੇ 'ਚ ਮੇਹਨਤਕਸ਼ ਜਮਾਤ ਅਜ਼ਾਦ ਰਾਜਸੀ ਸ਼ਕਤੀ ਵਜੋਂ ਵਿਕਸਤ ਹੋਈ ਸੀ ਪਰ ਭਾਰਤ 'ਚ ਹਲਾਤ ਦੂਜੇ ਸਨ। ਇੱਥੇ ਪੂੰਜੀਪਤੀ ਜਮਾਤ ਸਾਮਰਾਜੀ ਸੱਤਾ ਦੇ ਦਲਾਲਾਂ ਦੀ ਛਤਰਛਾਇਆ ਹੇਠ ਪਣਪੀ ਸੀ। ਇਹੀ ਵਜ੍ਹਾ ਹੈ ਕਿ ਭਾਰਤ ਦਾ ਮਜ਼ਦੂਰ ਅੰਦੋਲਨ ਕਠਪੁਤਲੀਆਂ, ਦਲਾਲ ਬੁਰਜੂਆ ਜਮਾਤ ਤੇ ਜਾਗੀਰਦਾਰੀ ਨਾਲ ਜੂਝਦਾ ਰਿਹਾ। ਭਾਰਤ 'ਚ ਨਵੰਬਰ 1920 'ਚ ਮੁੰਬਈ 'ਚ ਪਹਿਲੇ ਟਰੇਡ ਯੂਨੀਅਨ ਕੇਂਦਰ-ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਦਾ ਗਠਨ ਹੋਇਆ ਸੀ। ਪਰ ਇਸ ਤੋਂ ਬਹੁਤ ਪਹਿਲਾਂ ਹੀ ਭਾਰਤ ਦੀ ਮਜ਼ਦੂਰ ਜਮਾਤ ਸੰਘਰਸ਼ ਦੇ ਕਈ ਇਤਿਹਾਸ ਰਚ ਚੁੱਕੀ ਸੀ। ਵੀਹਵੀਂ ਸਦੀ ਦੇ ਸ਼ੁਰੂ ਵਿਚ ਬਾਲ ਗੰਗਾਧਰ ਤਿਲਕ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਮੁੰਬਈ ਦੇ ਮਜ਼ਦੂਰਾਂ ਨੇ ਰਾਜਸੀ ਹੜਤਾਲ ਕੀਤੀ ਸੀ। ਇਹ ਇਸੇ ਇਤਿਹਾਸ ਦਾ ਇਕ ਪੰਨਾ ਹੈ। ਸਮੁੱਚੇ ਅਜ਼ਾਦੀ ਅੰਦੋਲਨ ਦੌਰਾਨ ਮਜ਼ਦੂਰ ਜਮਾਤ ਦਾ ਦੇਸ਼ 'ਚ ਜਾਰੀ ਸੰਘਰਸ਼ਾਂ ਨਾਲ ਅਟੁੱਟ ਨਾਤਾ ਰਿਹਾ ਸੀ। ਦੂਜੀ ਸੰਸਾਰ ਜੰਗ ਪਿੱਛੋਂ ਸਮੁੰਦਰੀ ਫੌਜ ਬਗਾਵਤ ਦੀ ਹਮਾਇਤ 'ਚ ਮਜ਼ਦੂਰ ਜਮਾਤ ਦੀ ਸਰਗਰਮ ਸਮੂਲੀਅਤ ਤੇ ਮਜ਼ਦੂਰ ਜਮਾਤ ਦੀ ਅਗਵਾਈ 'ਚ ਹੋਇਆ ਕੇਰਲਾ ਦਾ ਪੁੰਨਪ੍ਰਾ ਵਾਇਟਲਰ ਦਾ ਮਹਾਨ ਸੰਘਰਸ਼ ਇਸ ਦੀਆਂ ਮਿਸਾਲਾਂ ਹਨ। ਉਸ ਵਕਤ ਬ੍ਰਿਟਿਸ਼ ਹਕੂਮਤ ਵਾਲੇ ਭਾਰਤ ਅਤੇ ਸਿਆਸਤਾਂ, ਦੋਨਾਂ ਵਿਚ ਆਰਥਕ ਮੰਗਾਂ ਤੇ ਮਜ਼ਦੂਰ ਯੂਨੀਅਨ ਦੀ ਉਸਾਰੀ ਅਤੇ ਜਮਹੂਰੀ ਹੱਕਾਂ ਲਈ ਅਨੇਕਾਂ ਸੰਘਰਸ਼ ਹੋਏ। ਪੋਸਟ ਐਂਡ ਟੈਲੀਗ੍ਰਾਫ (ਡਾਕ ਤੇ ਤਾਰ ਵਿਭਾਗ), ਰੇਲਵੇ ਅਤੇ ਹੋਰ ਸਾਰੇ ਅਦਾਰਿਆਂ ਦੇ ਮਜ਼ਦੂਰਾਂ ਨੇ ਵਿਦੇਸ਼ੀ ਪ੍ਰਸਾਸ਼ਨ ਨੂੰ ਟੱਕਰ ਦਿੱਤੀ ਸੀ। ਅਨੇਕਾਂ ਸੰਘਰਸ਼ਾਂ 'ਚ ਹਿੱਸਾ

ਲੈਣ, ਦ੍ਰਿੜਤਾ ਨਾਲ ਜੂਝਣ ਤੇ ਸਾਰੀਆਂ ਮੁਸੀਬਤਾਂ ਝੱਲਣ ਦੇ ਬਾਵਜੂਦ ਰਾਜਸੀ ਅਗਵਾਈ ਦੀਆਂ ਗੰਭੀਰ ਕਮਜ਼ੋਰੀਆਂ ਤੇ ਸੀਮਾਵਾਂ ਦੀ ਵਜ੍ਹਾ ਨਾਲ ਮੇਹਨਤਕਸ਼ ਜਮਾਤ ਸਾਮਰਾਜ-ਵਿਰੋਧੀ ਅੰਦੋਲਨ ਦੀ ਅਗਵਾਈ ਕਰਨ ਦੇ ਯੋਗ ਨਹੀਂ ਹੋ ਸਕੀ। ਭਾਰਤ ਦੀਆਂ ਹਾਕਮ ਜਮਾਤਾਂ ਦੀ ਮੁਖ ਰਾਜਸੀ ਨੁਮਾਇੰਦਗੀ ਕਰਨ ਵਾਲੀ ਪਾਰਟੀ 'ਭਾਰਤੀ ਕੌਮੀ ਕਾਂਗਰਸ' ਨੂੰ 1947 'ਚ ਸੱਤਾ ਤਬਦੀਲੀ ਰਾਹੀਂ ਅੰਗਰੇਜ਼ਾਂ ਤੋਂ ਪਰੋਸ ਕੇ ਸੱਤਾ ਮਿਲੀ। ਹੁਣ ਮਜ਼ਦੂਰ ਜਮਾਤ ਨੂੰ ਕੰਟਰੋਲ 'ਚ ਰੱਖਣ ਦੀਆਂ ਚਾਲਾਂ ਸ਼ੁਰੂ ਹੋਈਆਂ ਇਸ ਮਕਸਦ ਲਈ ਮੇਹਨਤਕਸ਼ ਵਰਗ ਦੇ ਸੰਘਰਸ਼ਾਂ 'ਤੇ ਬੇਰਹਿਮੀ ਨਾਲ ਅਤਿਆਚਾਰ ਕੀਤਾ ਗਿਆ ਤਾਂ ਦੂਜੇ ਪਾਸੇ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ (ਏਟਕ) ਨੂੰ ਦੋ ਫਾੜ ਕਰਕੇ ਕਾਂਗਰਸ ਜਮਾਤ ਨੇ ਆਪਣੀ ਪਿੱਛਲੱਗ ਇੰਟਕ (ਟ੍ਰੇਡ ਯੂਨੀਅਨ ਕਾਂਗਰਸ) ਬਣਾ ਲਈ। ਕਈ ਸਾਲਾਂ ਪਿੱਛੋਂ ਭਾਕਪਾ ਦੇ ਸੋਧਵਾਧੀ ਪਤਨ ਨੇ ਵੀ ਹਾਕਮ ਜਮਾਤ ਦੀ ਰਾਜਨੀਤੀ ਦਾ ਹਿੱਸਾ ਬਣ ਗਈ।

ਸੱਠ ਦੇ ਦਹਾਕੇ 'ਚ ਕੌਮੀ ਤੇ ਕੌਮਾਂਤਰੀ ਪੱਧਰਾਂ 'ਤੇ ਕਮਿਊਨਿਜ਼ਮ ਲਈ (ਭਾਕਪਾ) ਦੀ ਵੰਡ ਹੋਈ ਅਤੇ ਸੀ. ਪੀ. ਐਮ. (ਮਾਕਪਾ) ਬਣੀ। ਪਰ ਉਸ ਦੀ ਲੀਡਰਸ਼ਿਪ ਵੀ ਖੁਦ ਨੂੰ ਸੋਧਵਾਦ ਤੋਂ ਮੁਕਤ ਨਹੀਂ ਕਰ ਸਕੀ। ਸਿੱਟੇ ਵਜੋਂ ਭਾਕਪਾ ਅਤੇ ਏਟਕ ਤੋਂ ਬਾਹਰੀ ਤੌਰ 'ਤੇ ਵੱਖਰਾ ਨਜ਼ਰੀਆ ਰੱਖਣ ਦੇ ਬਾਵਜੂਦ ਮਾਕਪਾ ਦੀ ਅਗਵਾਈ ਵਾਲੀ ਸੀਟੂ (ਸੈਂਟਰ ਆਫ ਇੰਡੀਅਨ ਟ੍ਰੇਡ ਯੂਨੀਅਨ) ਵੀ ਸੁਧਾਰਵਾਦੀ ਦਲਦਲ 'ਚ ਫਸ ਗਈ ਇਨ੍ਹਾਂ ਭੁੱਲਾਂ ਦਾ ਮੁੱਖ ਕਾਰਨ ਮਾਕਪਾ ਤੇ ਭਾਕਪਾ (ਸੀਟੂ ਤੇ ਏਟਕ) ਦੇ ਨੇਤਾਵਾਂ ਦੀ ਭਾਰਤੀ ਪੂੰਜੀਪਤੀ ਵਰਗ ਦੇ ਅਸਲੀ ਕਿਰਦਾਰ 'ਚ ਸਮਰਥਾ ਦੀ ਘਾਟ ਸੀ। ਭਾਰਤ ਦੇ ਵੱਡੇ ਪੂੰਜੀਪਤੀਆਂ ਦਾ ਸਾਮਰਾਜ ਦੇ ਨਾਲ ਦਲਾਲਾਂ ਵਾਲਾ ਸਬੰਧ ਅਜ਼ਾਦੀ ਅੰਦੋਲਨ ਨੂੰ ਦਿੱਤੀ ਇਸ ਦੀ ਅਗਵਾਈ ਤੋਂ ਸਾਫ ਨਜ਼ਰ ਆਉਂਦਾ ਸੀ। ਭਾਰਤੀ ਪੂੰਜੀਪਤੀ ਜਮਾਤ ਨੇ ਸਾਮਰਾਜ ਤੇ ਜਗੀਰੂ ਤਾਕਤਾਂ ਤੋਂ ਨਾਤਾ ਤੋੜਨਾ ਤਾਂ ਦੂਰ ਬਲਕਿ ਇਸ ਨੇ ਸਾਮਰਾਜ 'ਤੇ ਨਿਰਭਰ ਹੋਣਾ ਤੇ ਜਾਗੀਰੂ ਤਾਕਤਾਂ ਨਾਲ ਸਮਝੌਤਾ ਕਰਨਾ ਵੱਧ ਨਹੀਂ ਸਮਝਿਆ। ਭਾਰਤੀ ਪੂੰਜੀਪਤੀ ਵਰਗ ਨੇ ਇਸ ਸਮਝੌਤਾ-ਪ੍ਰਸਤ ਕਿਰਦਾਰ ਦੀ ਠੀਕ ਸ਼ਨਾਖਤ ਨਾ ਕਰ ਸਕਣ ਦੀ ਵਜ੍ਹਾ ਕਾਰਨ ਹੀ ਮਜ਼ਦੂਰ ਵਰਗ ਦਾ ਅੰਦੋਲਨ ਜਨਤਾ ਦੀ ਜਨਵਾਦੀ ਕ੍ਰਾਂਤੀ ਦੇ ਮੁੱਖ ਕਾਰਜਾਂ ਨੂੰ-ਸਾਮਰਾਜ-ਜਾਗੀਰਵਾਦ ਵਿਰੋਧੀ ਸੰਘਰਸ਼ਾਂ ਤੇ ਜ਼ਮੀਨ ਹਲ ਵਾਹਕ ਦੇ ਨਾਹਰੇ ਨੂੰ ਅਗਵਾਈ ਮੁਹੱਈਆ ਕਰਨ ਦੇ ਕਾਰਜ ਨੂੰ ਨੇਪਰੇ ਚਾੜ੍ਹ ਸਕਿਆ। ਇਹ ਸਥਿਤੀ ਭਾਰਤ ਦੇ ਮੇਹਨਤਕਸ਼ ਵਰਗ ਦੇ ਅੰਦੋਲਨ ਨੂੰ ਸਾਮਰਾਜ ਵਿਰੋਧੀ ਤੇ ਲੋਕ ਰਾਜਸੀ ਕ੍ਰਾਂਤੀ ਦੀ ਦਿਸ਼ਾ ਤੋਂ ਦੂਰ ਲੈ ਗਈ। ਇਸ ਲਈ ਇਸ ਦਾ ਸਿੱਟਾ ਹਾਕਮ ਜਮਾਤ ਦੇ ਸੁਆਰਥਾਂ ਅੱਗੇ ਗੋਡੇ ਟੇਕਣ ਵਜੋਂ ਹੋਇਆ। ਸੋਧਵਾਦੀ ਭਾਕਪਾ ਤੇ ਮਾਕਪਾ ਨਾਲ ਵਿਚਾਰਧਾਰਕ ਮਤਭੇਦ ਕਾਰਨ 1969 'ਚ ਭਾਕਪਾ (ਐਮ. ਐਲ.) ਬਣੀ। ਮਈ 1967 'ਚ ਸ਼ੁਰੂ ਹੋਏ ਨਕਸਲਬਾੜੀ ਸੰਘਰਸ਼ ਨਾਲ ਸੁਧਾਰਵਾਦੀ ਸੋਧਵਾਦੀ ਅੰਦੋਲਨ ਨੂੰ ਭਾਰੀ ਧੱਕਾ ਲੱਗਾ ਸੀ ਪਰ ਤੰਗ ਨਜ਼ਰ ਨਜ਼ਰੀਏ ਇਸ ਕੰਮ ਨੂੰ ਅੱਗੇ ਲੈ ਕੇ ਜਾਣ 'ਚ ਗੰਭੀਰ ਮੁਸ਼ਕਲ ਪੈਦਾ ਕਰ ਦਿੱਤੀ। ਭਾਰਤ ਦੇ ਟ੍ਰੇਡ ਯੂਨੀਅਨ ਅੰਦੋਲਨ 'ਚ ਪੈਦਾ ਸੁਧਾਰਵਾਦ ਕਾਰਨ ਮਜ਼ਦੂਰ ਵਰਗ ਦੇ ਅੰਦੋਲਨ ਦਾ ਇਕ ਪਾਸੇ ਤਾਂ ਪਤਨ ਹੋਇਆ ਤਾਂ ਦੂਜੇ ਪਾਸੇ ਦੇਸ਼ ਭਰ 'ਚ ਵੱਖ ਵੱਖ ਰਾਜਸੀ ਨੁਮਾਇੰਦਗੀਆਂ ਤਹਿਤ ਟ੍ਰੇਡ ਯੂਨੀਅਨਾਂ ਦੀ ਗਿਣਤੀ 'ਚ ਵਾਧਾ ਹੋਇਆ। ਅੱਜਕਲ ਫਿਰਕੂ ਤੇ

ਜਾਤੀਵਾਦੀ ਤਾਕਤਾਂ ਖਾਸ ਕਰਕੇ ਹਿੰਦੂਤਵ ਵਾਦੀਆਂ ਦੇ ਮਜ਼ਦੂਰ ਸੰਗਠਨ ਭਾਰਤੀ ਮਜ਼ਦੂਰ ਸੰਘ (ਬੀ. ਐਮ. ਐਸ.) ਨੇ ਮੁੱਖ ਤਾਕਤ ਹਾਸਲ ਕਰ ਲਈ ਹੈ। ਇਹ ਫਿਰਕੂ ਤੇ ਜਾਤੀਵਾਦੀ ਸੰਗਠਨ ਮਜ਼ਦੂਰਾਂ ਦਰਮਿਆਨ ਵੰਡ ਦੀ ਖਾਈ ਨੂੰ ਚੋੜਾ ਕਰ ਰਹੇ ਹਨ ਅਤੇ ਕਿਰਤੀ ਜਮਾਤ ਦੇ ਅੰਦੋਲਨ ਲਈ ਗੰਭੀਰ ਖਤਰਾ ਬਣ ਗਏ ਹਨ। ਇੱਥੋਂ ਤੱਕ ਕਿ ਸਵੈ ਸੇਵੀ ਸੰਗਠਨ (ਐਨ. ਜੀ. ਓ.) ਵੀ ਅੱਜ ਕਿਰਤੀਆਂ ਦੇ ਅੰਦੋਲਨ 'ਚ ਘੁਸਪੈਂਠ ਕਰਕੇ ਕਿਰਤੀ ਜਮਾਤ ਨੂੰ ਉਨ੍ਹਾਂ ਦੇ ਟੀਚੇ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਅੱਜ ਹਾਲਤ ਇਹ ਹੈ ਕਿ ਮਜ਼ਦੂਰ ਜਮਾਤ ਦੀ ਤਦਾਦ ਪਿਛਲੇ ਕਈ ਦਹਾਕਿਆਂ 'ਚ ਕਈ ਗੁਣਾ ਹੋ ਗਈ ਹੈ। ਪਰ ਭਾਰਤ ਦੀ ਇਹ ਮਜ਼ਦੂਰ ਸ਼ਕਤੀ ਅੱਖ ਬਿਖਰੀ ਹੋਈ ਹੈ, ਵੰਡੀ ਹੋਈ ਹੈ। ਰਾਜਸੀ ਸੰਘਰਸ਼ ਤੋਂ ਬੇਮੁਖ ਹੋ ਕੇ ਇਹ ਸ਼ਕਤੀ ਆਪਣੀ ਕ੍ਰਾਂਤੀਕਾਰੀ ਭੂਮਿਕਾ ਨਿਭਾਉਣ 'ਚ ਅਸਮਰਥ ਹੋ ਗਈ ਹੈ। ਅੱਜ ਮਜ਼ਦੂਰ ਜਮਾਤ ਤੇ ਭਾਰਤ ਦੇ ਬਹੁਗਿਣਤੀ ਮੇਹਨਤਕਸ਼ ਲੋਕਾਂ ਦੀਆਂ ਅੱਖਾਂ ਦੇ ਮੂਹਰੇ ਹਾਕਮ ਜਮਾਤ ਸਾਮਰਾਜ ਦੀ ਸੁਆਰਥ ਪੂਰਤੀ 'ਚ ਜੁਟਿਆ ਹੋਇਆ ਹੈ ਅਤੇ ਦੇਸ਼ ਨਵ-ਉਪ ਨਿਵੇਸ਼ਕ ਲੁੱਟ ਦੇ ਮੈਦਾਨ 'ਚ ਬਦਲਦਾ ਜਾ ਰਿਹਾ ਹੈ। ਸਾਮਰਾਜੀ ਪ੍ਰਬੰਧ ਦੇ ਵਧਦੇ ਸੰਕਟਾਂ ਤੇ ਸੋਵੀਅਤ ਸੰਘ ਦੇ ਖਿੰਡਣ ਦੇ ਸਿੱਟੇ ਵਜੋਂ ਸੰਸਾਰ ਪ੍ਰਬੰਧ 'ਚ ਭਾਰੀ ਬਦਲਾਅ ਹੋ ਰਹੇ ਹਨ। ਮੌਜੂਦਾ ਸਮੇਂ 'ਚ ਪੂੰਜੀਵਾਦੀ-ਸਾਮਰਾਜੀ ਵਿਸ਼ਵ ਪ੍ਰਬੰਧ ਆਪਣੇ ਵੱਲੋਂ ਪੈਦਾ ਕੀਤੇ ਵਿਸ਼ਵ ਵਿਆਪੀ ਮੰਦੀ ਵਰਗੇ ਸੰਕਟ ਨਾਲ ਜੂਝ ਰਹੀ ਹੈ। ਇਸ ਸੰਕਟ 'ਤੇ ਕਾਬੂ ਪਾਉਣ ਅਤੇ ਸਾਮਰਾਜੀ ਵਿਸ਼ਵ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਅਪਣਾਈਆਂ ਜਾ ਰਹੀਆਂ ਬਹੁਤ ਸਾਰੀਆਂ ਨੀਤੀਆਂ ਵਿਚੋਂ ਇਕ ਨਵੀਂ ਆਰਥਕ ਨੀਤੀ ਵੀ ਹੈ। ਭਾਰਤ ਵਰਗੇ ਦੇਸ਼, ਅਮਰੀਕੀ ਅਗਵਾਈ ਵਾਲੇ ਸਾਮਰਾਜੀ ਆਪਣੀ ਮੌਤ ਦੇ ਨੇੜੇ ਜਾ ਰਿਹਾ ਹੈ। ਤਿਵੇਂ-ਤਿਵੇਂ ਨਵ-ਬਸਤੀਵਾਦ ਦੇ ਤਹਿਤ, ਗਰੀਬ ਮੁਲਕਾਂ 'ਤੇ ਲੁੱਟ ਦਾ ਦਬਾਅ ਵੱਧ ਰਿਹਾ ਹੈ। ਆਈ. ਐਮ. ਐਫ. (ਕੌਮਾਂਤਰੀ ਮੁਦਰਾ ਕੋਸ਼) ਸੰਸਾਰ ਬੈਂਕ ਤੇ ਡਬਲਯੂ. ਟੀ. ਓ. (ਵਿਸ਼ਵ ਵਪਾਰ ਸੰਗਠਨ) ਦੀ ਸਥਾਪਨਾ ਨਾਲ ਅਜਿਹੀਆਂ ਹਾਲਤਾਂ ਬਣ ਗਈਆਂ ਹਨ ਕਿ ਸਾਮਰਾਜੀ ਤਾਕਤਾਂ ਖੁੱਲੇਆਮ ਬਹੁਕੌਮੀ ਕੰਪਨੀਆਂ ਦੇ ਫਾਇਦੇ ਲਈ ਕਰਜਦਾਰ ਦੇਸ਼ਾਂ ਦੀਆਂ ਨੀਤੀਆਂ ਵਿਚ ਦਖਲ ਹੀ ਨਹੀਂ ਦੇ ਰਹੀਆਂ ਹਨ ਬਲਕਿ ਉਨ੍ਹਾਂ ਨੂੰ ਨਿਰਦੇਸ਼ਿਤ ਵੀ ਕਰ ਰਹੀਆਂ ਹਨ।

ਆਧੁਨਿਕ ਭਾਰਤੀ ਸਨਅਤ ਦਾ ਵਿਕਾਸ ਬ੍ਰਿਟਿਸ਼ ਬਸਤੀਵਾਦ ਦੇ ਤਹਿਤ ਹੋਇਆ ਸੀ। ਅੱਜ ਵੀ ਇਨ੍ਹਾਂ 'ਤੇ ਸਾਮਰਾਜੀ ਪੂੰਜੀ ਦਾ ਕੰਟਰੋਲ ਹੈ। ਅੱਜ ਛੋਟੇ ਕਰਜੇ ਦੇ ਉਦਯੋਗ ਵੀ ਸਾਮਰਾਜੀ ਪੂੰਜੀ ਦੇ ਫੰਦੇ 'ਚ ਬੰਨ ਕੇ ਹੀ ਆਪਣੀ ਹੋਂਦ ਰੱਖ ਸਕਦੇ ਹਨ। ਜਨਤਕ ਅਦਾਰਿਆਂ ਦਾ ਨਿੱਜੀਕਰਨ ਹੋ ਰਿਹਾ ਹੈ। ਜਨਤਕ ਖੇਤਰ ਦੇ ਉਦਯੋਗਾਂ (ਪਬਲਿਕ ਸੈਕਟਰ ਅੰਡਰ ਟੇਕਿੰਗ) ਤੇ ਦੇਸ਼ ਦੀ ਪੂੰਜੀਪਤੀ ਜਮਾਤ ਦਾ ਹੁਣ ਤੱਕ ਜਿਨ੍ਹਾਂ ਖੇਤਰਾਂ 'ਚ ਦਾਬਾ ਰਿਹਾ ਸੀ, ਉੱਥੇ ਹੀ ਹੁਣ ਬਹੁਕੌਮੀ ਕੰਪਨੀਆਂ ਦੀ ਜਕੜ ਮਜ਼ਬੂਤ ਹੋ ਗਈ ਹੈ। ਸਭ ਲਾਭਦਾਇਕ ਖੇਤਰ, ਮਸਲਨ ਬੈਂਕ, ਬੀਮਾ ਆਦਿ ਦਾ ਵੀ ਨਿੱਜੀਕਰਨ ਹੋ ਰਿਹਾ ਹੈ। ਸਿੱਧਾ ਵਿਦੇਸ਼ੀ ਨਿਵੇਸ਼ ਅਤੇ ਸੱਟਾ ਪੂੰਜੀ ਦਾ ਬੋਲਬਾਲਾ ਹੋ ਰਿਹਾ ਹੈ। ਤਕਨੀਕੀ ਪਾਰਕ, ਵਿਸ਼ੇਸ਼ ਆਰਥਕ ਖੇਤਰ (ਸੇਜ), ਸੀ. ਐਮ. ਜੈੱਡ. (ਸਮੁੰਦਰੀ ਤੱਟ ਪ੍ਰਬੰਧਕੀ ਖੇਤਰ) ਅਤੇ ਐਕਸਪੋਰਟ ਪ੍ਰੋਸੈਸਿੰਗ ਜੋਨ, ਹਰ ਥਾਂ ਸਥਾਪਤ ਹੋ ਰਹੇ ਹਨ। ਇਨ੍ਹਾਂ ਨੀਤੀਆਂ ਦੇ ਤਹਿਤ ਲੋਕਾਂ ਦਾ ਬਹੁਤਾ ਹਿੱਸਾ ਬੇਰੁਜ਼ਗਾਰ ਹੋਇਆ ਹੈ, ਤਾਲਾਬੰਦੀ ਤੇ ਉਦਯੋਗਾਂ ਦੀ ਬੰਦੀ ਹੋਈ ਹੈ। ਲੋਕਾਂ ਦੀ ਹਤਾਸ਼ਾ ਤੇ ਤਕਲੀਫ਼ਾਂ

ਵਧੀਆਂ ਹਨ। ਨਾਲ ਹੀ ਨਵੀਂ ਆਰਥਕ ਨੀਤੀ ਤਹਿਤ ਖੇਤੀ ਖੇਤਰ ਨੂੰ ਕੌਮਾਂਤਰੀ ਬਾਜ਼ਾਰ ਨਾਲ ਜੋੜਨ ਲਈ ਸਨਅਤੀ ਖੇਤੀ ਤੇ ਠੇਕਾ ਖੇਤੀ ਜ਼ਮੀਨ ਦੀ ਜੋਤ ਨੂੰ ਵਧਾਇਆ ਜਾ ਰਿਹਾ ਹੈ ਸਰਕਾਰੀ ਗਰਾਂਟਾਂ ਦੇ ਖਾਤਮੇ ਅਤੇ ਖੇਤੀ ਦੇ ਸਾਰੇ ਖਰਚਿਆਂ ਵਿਚ ਬੇਹਿਸਾਬਾ ਵਾਧੇ ਨੇ ਇਸ ਖੇਤਰ ਦੀਆਂ ਵਿਰੋਧਤਾਈਆਂ ਹੋਰ ਤਿੱਖੀਆਂ ਕਰ ਦਿੱਤੀਆਂ ਹਨ। ਦੂਜੇ ਪਾਸੇ ਵੇਖੀਏ ਤਾਂ ਉਹ ਸਾਰੀਆਂ ਸਹੂਲਤਾਂ ਜੋ ਮੇਹਨਤਕਸ਼ ਜਮਾਤ ਨੇ ਭਾਰੀ ਕੁਰਬਾਨੀ ਦੇ ਕੇ ਹਾਸਲ ਕੀਤੀਆਂ ਸਨ, ਉਨ੍ਹਾਂ ਸਾਰੀਆਂ 'ਤੇ ਚਾਰੋ ਪਾਸੇ ਹਮਲਾ ਹੋ ਰਿਹਾ ਹੈ। ਈ. ਐਸ. ਆਈ. ਐਕਟ (ਕਾਰਗਰ ਰਾਜ ਬੀਮਾ ਕਨੂੰਨ) ਤੇ ਪ੍ਰੋਵੀਡੈਂਟ ਫੰਡ ਐਕਟ 'ਚ ਜੋ ਸੋਧਾਂ ਕੀਤੀਆਂ ਗਈਆਂ ਹਨ, ਉਨ੍ਹਾਂ ਨੇ ਮੇਹਨਤਕਸ਼ਾਂ ਦੀ ਕਮਾਈ ਤੱਕ ਵੀ ਲੁੱਟ ਦਾ ਰਾਹ ਖੋਲ ਦਿੱਤਾ ਹੈ। ਪੁਰਾਣੀ ਪੈ ਚੁੱਕੀ ਅਤੇ ਗੈਰ ਵਾਜਬ ਤਨਖਾਹ ਦਰਾਂ ਅਤੇ ਬੋਨਸ ਐਕਟ ਦੇ ਤਹਿਤ ਦਿੱਤੀ ਗਈ ਯੋਗਤਾ ਸੀਮਾ ਸਾਫ ਦੱਸਦੀ ਹੈ ਕਿ ਰਾਜ ਆਪਣੇ ਪਹਿਲਾਂ ਐਲਾਨੇ 'ਲਾਭ 'ਚ ਹਿੱਸੇਦਾਰੀ' ਦੇ 'ਸਮਾਜਵਾਦੀ' ਦਾਅਵੇ ਦੇ ਦਿਖਾਵੇ ਤੱਕ ਤੋਂ ਮੁਕਰ ਗਿਆ ਹੈ। ਬੇਸ਼ਕ ਇਸ ਕਿਸਮ ਦੀ ਮਜ਼ਦੂਰ-ਵਿਰੋਧੀ, ਲੋਕ-ਵਿਰੋਧੀ ਨੀਤੀਆਂ ਨੇ ਜਨਤਾ 'ਚ ਭਾਰੀ ਬੇਚੈਨੀ ਪੈਦਾ ਕੀਤੀ ਹੈ। ਸਾਰੇ ਤਰ੍ਹਾਂ ਦੀਆਂ ਸਮਾਜਕ ਅੰਤਰ ਵਿਰੋਧਤਾਈਆਂ ਤਿੱਖੀਆਂ ਹੋਈਆਂ ਹਨ। ਅਜਿਹੀ ਸਥਿਤੀ 'ਚ ਸਾਮਰਾਜੀ ਤਾਕਤਾਂ ਅਤੇ ਉਨ੍ਹਾਂ ਦੇ ਭਾਰਤੀ ਪਿੱਠੂਆਂ ਦਾ ਪ੍ਰਭਾਵ ਬਣਾਈ ਰੱਖਣ ਅਤੇ ਲੋਕਾਂ ਦੀ ਅਵਾਜ਼ ਨੂੰ ਬੇਰਹਿਮ ਅਤਿਆਚਾਰ ਦੇ ਨਾਲ ਦਬਾ ਦੇਣ ਲਈ ਆਏ ਦਿਨ ਕਾਲੇ ਕਨੂੰਨ ਲੋਕਾਂ 'ਤੇ ਲੱਦੇ ਜਾ ਰਹੇ ਹਨ। ਹੜਤਾਲ ਤੇ ਬੰਦ ਵਰਗੇ ਸੰਘਰਸ਼ ਦੇ ਜਨਵਾਦੀ ਰੂਪਾਂ 'ਤੇ ਪਿਛਲੇ ਦਿਨੀ ਅਦਾਲਤਾਂ ਨੇ ਜੋ ਫੈਸਲੇ ਦਿੱਤੇ ਹਨ, ਉਹ ਸਿਰਫ ਇਹੀ ਦੱਸਦੇ ਹਨ ਕਿ ਭਾਰਦੀ ਰਾਜ ਕਿਸ ਕਦਰ ਪਹਿਲਾਂ ਤੋਂ ਵੱਧ ਫਾਂਸੀਵਾਦੀ ਤੇ ਦਮਨਕਾਰੀ ਹੋ ਗਿਆ ਹੈ। ਨਤੀਜਾ ਇਹ ਹੋਇਆ ਹੈ ਕਿ ਸੰਗਠਿਤ ਹੋਣ ਅਤੇ ਸੰਘਰਸ਼ ਕਰਨ ਦੇ ਅਧਿਕਾਰ 'ਤੇ ਵੀ ਬੰਦਸ਼ਾਂ ਲੱਗ ਰਹੀਆਂ ਹਨ। ਭਾਰਤ ਦੀ ਇਕ ਮੁਖ ਕ੍ਰਾਂਤੀਕਾਰ ਟ੍ਰੇਡ ਯੂਨੀਅਨਾਂ ਦਾ ਸੱਦਾ ਹੈ ਕਿ ਇਕਮੁੱਠ ਸੰਘਰਸ਼ ਬਿਨਾਂ ਆਰਥਕ ਲੜਾਈਆਂ ਵੀ ਨਹੀਂ ਜਿੱਤੀਆਂ ਜਾ ਸਕਦੀਆਂ। 'ਅਰਥਵਾਦ', 'ਕਾਨੂੰਨਵਾਦ' ਤੇ 'ਟ੍ਰੇਡ ਯੂਨੀਅਨ ਵਾਦ' ਦਾ ਜ਼ਮਾਨਾ ਬੀਤ ਚੁੱਕਿਆ ਹੈ। ਹਾਲਾਤ ਵੱਡੇ ਪੈਮਾਨੇ 'ਤੇ ਰਾਜਸੀ ਸੰਘਰਸ਼ ਲੜਨ ਦੀ ਮੰਗ ਕਰ ਰਹੇ ਹਨ। ਸਾਰੇ ਰੂੜੀਵਾਦੀ ਤੇ ਪ੍ਰਤੀਗਾਮੀ ਵਿਚਾਰਾਂ ਦੇ ਨਾਲ-ਨਾਲ ਫਿਰਕਾਪ੍ਰਸਤੀ, ਧਾਰਮਕ ਜਨੂੰਨ ਤੇ ਜਾਤੀਵਾਦ ਨੇ ਭਾਰਤ ਦੀ ਮੌਜੂਦਾ ਸਮਾਜਕ-ਰਾਜਸੀ ਹਾਲਤਾਂ 'ਚ ਘੁਸਪੈਂਠ ਕਰਕੇ ਆਪਣਾ ਪਿਛਾਖਰੀ ਜੋਰ ਵਧਾ ਰਹੀਆਂ ਹਨ। ਪੈਦਾਵਾਰੀ ਸਬੰਧਾਂ ਬਾਰੇ ਜਾਗਰੂਕਤਾ ਦੀ ਘਾਟ ਨਾਲ ਇਨ੍ਹਾਂ ਤਾਕਤਾਂ ਨੂੰ ਆਪਣਾ ਕੰਮ ਕਰਨ 'ਚ ਸੋਖ ਹੋ ਰਹੀ ਹੈ। ਦੂਜੇ ਸਾਰੇ ਖੇਤਰਾਂ ਵਾਂਗੂੰ ਸਭਿਆਚਾਰ ਦੇ ਖੇਤਰ ਵਿਚ ਵੀ ਬਸਤੀਵਾਦੀ ਤਾਕਤਾਂ ਨਾਲ ਜੁੜ ਕੇ ਆਪਣੀ ਜਕੜ ਮਜ਼ਬੂਤ ਕਰ ਰਹੀਆਂ ਹਨ। ਧਾਰਮਕ ਜਨੂੰਨ, ਬਸਤੀਵਾਦੀ ਸਿੱਖਿਆ ਪ੍ਰਣਾਲੀ, ਜਨ-ਸੰਚਾਰ ਦੇ ਸਾਧਨ, ਇਲੈਕਟ੍ਰੋਨਿਕੀ 'ਤੇ ਟਿਕੇ ਇਸ਼ਤਿਹਾਰ-ਤੰਤਰ ਦੀਆਂ ਸ਼ਕਤੀਆਂ ਹਰ ਪਾਸਿਓ ਮਜ਼ਦੂਰ ਜਮਾਤ 'ਤੇ ਵਾਰ ਕਰਨ 'ਚ ਜੁਟੀਆਂ ਹੋਈਆਂ ਹਨ। ਉਹ ਸਾਮਰਾਜੀ ਹਿੱਤਾਂ ਦੀ ਸੇਵਾ ਕਰ ਰਹੀਆਂ ਹਨ ਅੱਜ ਸਭਿਆਚਾਰ ਦੇ ਖੇਤਰ 'ਚ ਇਨ੍ਹਾਂ ਪਿਛਾਖੜੀ ਤਾਕਤਾਂ ਦੇ ਅਸਰ ਤੋਂ ਮੁਕਤ ਕਰਨ ਤੇ ਨਵੀਂ ਲੋਕ ਰਾਜੀ ਸੰਸਕ੍ਰਿਤੀ ਦੀ ਲੋੜ ਹੈ। ਜੋ ਮਜ਼ਦੂਰ ਜਮਾਤ ਤੇ ਲੋਕਤੰਤਰਕਾਰਾਂ ਨੂੰ ਹੀ ਅਤੇ ਸਾਮਰਾਜੀ ਦਲਾਲ ਵਿਵਸਥਾ ਤੇ ਜਾਗੀਰੂ ਮੁੱਲਾਂ ਦੇ ਪ੍ਰਭਾਵਾਂ ਖਿਲਾਫ ਸੰਘਰਸ਼ ਕਰੇ।

# ਬਲਾਤਕਾਰੀ ਕਿਉਂ ਬਣਦੈ ਕੋਈ?

ਹਰ ਰੋਜ਼ ਖ਼ਬਰਾਂ ਦੀਆਂ ਸੁਰਖੀਆਂ ਨਵੀਂ ਦਹਿਸ਼ਤ ਪੈਦਾ ਕਰਦੀਆਂ ਹਨ। 12 ਜੂਨ ਨੂੰ ਸੂਰਤ 'ਚ ਤਿੰਨ ਲੜਕਿਆਂ ਨੇ ਚਲਦੀ ਕਾਰ ਦੀ ਪਿਛਲੀ ਸੀਟ 'ਤੇ 12ਵੀਂ ਜਮਾਤ ਦੀ ਇੱਕ ਲੜਕੀ ਦੇ ਨਾਲ ਵਾਰੀ-ਵਾਰੀ ਬਲਾਤਕਾਰ ਕੀਤਾ ਅਤੇ ਆਪਣੀ ਇਸ ਹੈਵਾਨੀਅਤ ਨੂੰ ਮੋਬਾਇਲ ਫੋਨ 'ਚ ਕੈਦ ਕਰ ਲਿਆ। ਇਸ ਦੇ ਦੋ ਦਿਨ ਬਾਅਦ ਭਾਰਤ ਇਸ ਖ਼ਬਰ ਦੇ ਨਾਲ ਜਾਗਿਆ ਕਿ ਅਭਿਨੇਤਾ ਸ਼ਾਹਨੀ ਅਹੂਜ਼ਾ ਨੇ ਆਪਣੀ ਉਮਰ ਅਤੇ ਕੱਦ ਕਾਠ 'ਚ ਅੱਧੀ 18 ਸਾਲਾ ਕਾਲਜ ਵਿਦਿਆਰਥਣ ਨਾਲ ਬਲਾਤਕਾਰ ਕੀਤਾ। 19 ਜੂਨ ਨੂੰ ਇਕ 19 ਸਾਲਾ ਕਾਲਜ ਵਿਦਿਆਰਥਣ ਦੇ ਨਾਲ ਸਮੂਹਕ ਬਲਾਤਕਾਰ ਕੀਤਾ ਗਿਆ। ਇਸ ਤੋਂ ਪਹਿਲਾਂ ਵਿਦਿਆਰਥਣ ਦੇ ਬੁਆਏ ਫਰੈਂਡ ਅਤੇ ਉਸ ਦੇ ਦੋਸਤਾਂ ਨੇ ਲੜਕੀ ਦੇ ਨਾਲ ਯੌਨ ਸਬੰਧਾਂ ਦੀ ਐਮ. ਐਮ. ਐਸ. ਤਿਆਰ ਕਰਕੇ ਐਮ. ਐਮ. ਐਸ. ਕਿਲਪ ਵਿਤਰਿਤ ਕੀਤੀ ਸੀ। ਉਸ ਦਿਨ ਇੱਕ ਬ੍ਰਿਟਿਸ਼ ਸਵੈ ਸੇਵੀ ਸੰਸਥਾ ਦੀ ਵਰਕਰ ਨੂੰ ਹਿਮਾਚਲ ਪ੍ਰਦੇਸ਼ ਦੇ ਪਾਲਮਪੁਰ 'ਚ ਦੋ ਟੈਕਸੀ ਡਰਾਈਵਰਾਂ ਨੇ ਬੁਰੀ ਤਰ੍ਹਾਂ ਅਪਮਾਨਿਤ ਕੀਤਾ ਅਤੇ 22 ਜੂਨ ਨੂੰ ਦੇਸ਼ ਦੀ ਬਲਾਤਕਾਰ ਰਾਜਧਾਨੀ ਦਿੱਲੀ ਦੇ ਇੰਦਰਪੁਰੀ ਇਲਾਕੇ ਦੀ ਇੱਕ ਔਰਤ ਨੇ ਦੋਸ਼ ਲਾਇਆ ਕਿ ਉਸ ਦਿਨ ਦੁਪਹਿਰੇ 6 ਪੁਲਸੀਆਂ ਨੇ ਥਾਣੇ 'ਚ ਉਸ ਨਾਲ ਬਲਾਤਕਾਰ ਕੀਤਾ, ਯਾਨੀ ਤਾਰੀਖ ਬਦਲਦੀ ਰਹਿੰਦੀ ਹੈ, ਅਪਰਾਧ ਉਹੀ ਰਹਿੰਦਾ ਹੈ। ਆਖ਼ਰ ਕਾਰਨ ਕੀ ਹੈ ਕਿ ਸਫ਼ਲਤਾ ਦੀਆਂ ਪੌੜੀਆਂ ਚੜ੍ਹਦਾ ਇੱਕ ਹੀਰੋ ਤੇ ਵਾਸਣਾ ਤੋਂ ਉਤੇਜਿਤ ਕੁਝ ਨੌਜਵਾਨ ਘ੍ਰਿਣਿਤ ਯੌਨ ਹਿੰਸਾ 'ਤੇ ਉਤਰ ਆਉਂਦੇ ਹਨ? ਕੀ ਇਸ ਦੀ ਵਜ੍ਹਾ ਸਿਰਫ਼ ਕਾਮ ਵਾਸ਼ਣਾ ਹੈ? ਜਾਂ ਇਹ ਔਰਤਾਂ ਖਿਲਾਫ਼ ਗੁੱਸੇ ਜ਼ਾਹਰ ਕਰਨਾ ਹੈ? ਇਹ ਨਰ ਮਿਸ਼ਾਚ ਆਖ਼ਰ ਕੌਣ ਹੈ? ਦਿੱਲੀ ਦੀ ਸਵੈ ਸੇਵੀ ਸੰਸਥਾ ਸਵੰਚੇਤਨ ਵੱਲੋਂ ਪੰਜ ਸਾਲਾਂ 'ਚ ਤਿਹਾੜ ਜੇਲ੍ਹ ਦੇ 242 ਕੈਦੀਆਂ 'ਤੇ ਕੀਤਾ ਗਿਆ ਡੂੰਘਾ ਅਧਿਐਨ ਬਲਾਤਕਾਰੀਆਂ ਦੇ ਮਨ 'ਚ ਝਾਕ ਕੇ ਇਹ ਸਿੱਟਾ ਕੱਢਦੀ ਹੈ ਕਿ ਬਲਾਤਕਾਰੀ ਕੋਈ ਵੀ ਹੋ ਸਕਦਾ ਹੈ। ਇਸ ਤੋਂ ਵੀ ਵੱਧ ਫ਼ਿਕਰ ਦੀ ਗੱਲ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਮੁਤਾਬਿਕ-ਇਹ ਹੈ ਕਿ 92 ਫੀਸਦੀ ਮਾਮਲਿਆਂ 'ਚ ਬਲਾਤਕਾਰ ਕਰਨ ਵਾਲਾ ਪੀੜਤ ਔਰਤ ਦਾ ਵਾਕਫ਼ ਹੋ ਸਕਦਾ ਹੈ ਜਿਸ 'ਤੇ ਉਹ ਭਰੋਸਾ ਕਰਦੀ ਹੈ। ਸਵੰਚੇਤਨ ਨੇ ਜਿਨ੍ਹਾਂ ਬਲਾਤਕਾਰੀਆਂ ਦਾ ਅਧਿਐਨ ਕੀਤਾ ਉਹ ਫੜੇ ਜਾਣ ਤੋਂ ਪਹਿਲਾਂ ਕਈ ਬਲਾਤਕਾਰ ਕਰ ਚੁੱਕੇ ਸਨ, ਔਸਤਨ ਚਾਰ ਇਨ੍ਹਾਂ ਸਾਰਿਆਂ ਦੇ ਮਨ ਵਿਚ ਔਰਤਾਂ ਪ੍ਰਤੀ ਗਹਿਰੀ ਨਫ਼ਰਤ ਸੀ, ਉਹ ਆਦਤਨ ਉਨ੍ਹਾਂ ਪ੍ਰਤੀ ਅਮਪਾਨਜਨਕ ਤੇ ਅਸ਼ਲੀਲ ਗਾਲਾਂ ਦੀ ਵਰਤੋਂ ਕਰਦੇ ਸਨ। ਆਪਣੇ ਸ਼ਿਕਾਰ 'ਤੇ ਯੌਨ ਫੰਤਾਸਿਆ (ਜਨੂੰਨ) ਅਜਮਾਉਣ ਦੀ ਕਦੀ ਨਾ ਮਿਟਣ ਵਾਲੀ ਭੁੱਖ ਵੀ ਉਹਨਾਂ 'ਚ ਪਾਈ ਗਈ। ਵੱਧ ਆਨੰਦ ਅਤੇ ਰੋਮਾਂਚ ਲਈ ਸ਼ਿਕਾਰ ਦੀ ਤਲਾਸ਼ 'ਚ ਇਹ ਨਵੀਆਂ-ਨਵੀਆਂ ਥਾਵਾਂ 'ਤੇ ਵੀ ਜਾਂਦੇ। ਸੋ ਹੈਰਤ ਦੀ ਗੱਲ ਨਹੀਂ ਕਿ 70 ਫ਼ੀਸਦੀ ਤੋਂ ਵੱਧ 'ਚ ਮਨੋਰੋਗੀਆਂ ਵਰਗੇ ਲੱਛਣ ਪਾਏ ਗਏ। ਇਸ ਨਾਲ ਇਸ ਗੱਲ ਦਾ ਖੰਡਣ ਹੁੰਦਾ ਹੈ ਕਿ ਬਲਾਤਕਾਰ ਸਿਹਤਮੰਦ ਮਾਨਸਿਕਤਾ ਵਾਲਿਆਂ ਵੱਲੋਂ ਕੀਤਾ ਘਿਨੌਣਾ ਅਪਰਾਧ ਹੈ। ਸਵੰਚੇਤਨ ਵੱਲੋਂ ਕੀਤੇ ਗਏ ਅਧਿਐਨ ਵਿਚ ਪਾਇਆ ਗਿਆ

ਕਿ 68 ਫ਼ੀਸਦੀ ਅਪਰਾਧੀਆਂ ਦਾ ਬਚਪਨ ਨਾ ਬਰਾਬਰ ਰਿਹਾ ਸੀ ਜਿਸ ਨੂੰ ਦਿੱਲੀ ਦੇ ਮਨੋਰੋਗ ਮਾਹਰ ਡਾ. ਜਤਿੰਦਰ ਨਾਗਪਾਲ 'ਬਾਲ ਯੌਨ ਸੋਸ਼ਣ ਦਾ ਵਿਸਥਾਰ' ਕਹਿੰਦੇ ਹਨ। ਬਲਾਤਕਾਰੀ ਆਮ ਤੌਰ 'ਤੇ ਪੀੜਤਾਂ ਨੂੰ ਚੰਗੀ ਤਰ੍ਹਾਂ ਜਾਣਦੇ ਹੁੰਦੇ ਹਨ ਉਨ੍ਹਾਂ ਦਾ ਵੀ ਅਜਿਹੇ ਹੀ ਯੌਨ ਲੁੱਟ ਦਾ ਇਤਿਹਾਸ ਹੁੰਦਾ ਹੈ। ਰਿਜ਼ਰਵ ਪੁਲਿਸ ਤੇ ਸਾਬਕਾ ਹੌਲਦਾਰ ਰੈਡੀ ਦਾ ਹੀ ਕੇਸ ਲਵੋ। ਜਿਸ ਨੂੰ ਔਰਤਾਂ ਨਾਲ ਬਲਾਤਕਾਰ ਤੇ ਹੱਤਿਆ ਦੇ 20 ਤੋਂ ਵੱਧ ਅਪਰਾਧਾਂ 'ਚ ਦੋਸ਼ੀ ਪਾਇਆ ਗਿਆ। 11 ਸਾਲ ਚੱਲੇ ਮੁਕੱਦਮਿਆਂ ਪਿੱਛੋਂ ਫਰਵਰੀ 'ਚ ਹਾਈਕੋਰਟ ਨੇ ਉਸ ਨੂੰ ਫ਼ਾਸੀ ਦੀ ਸਜ਼ਾ ਸੁਣਾਈ। ਸੂਰਤ ਤੇ ਮੁੰਬਈ ਦੇ ਕੇਸਾਂ ਵਿਚ ਜਾਹਰ ਹੁੰਦਾ ਹੈ ਕਿ ਗੁੑਹ 'ਚ ਹੋਣ ਤੇ ਅਜਿਹੇ ਅਪਰਾਧੀ ਖੁਦ ਨੂੰ ਵੱਧ ਤਾਕਤਵਰ ਮਹਿਸੂਸ ਕਰਦੇ ਹਨ। ਸਮੂਹਕ ਬਲਾਤਕਾਰ 'ਚ ਇੱਕ ਨੇਤਾ ਹੁੰਦਾ ਹੈ ਜੋ ਸ਼ੁਰੂਆਤ ਕਰਦਾ ਹੈ। ਉਹ ਉੱਥੇ ਮੌਜੂਦ ਸਭ ਨੂੰ ਉਕਸਾਉਂਦਾ ਹੈ ਕਿ ਉਹ ਇਸ ਅਪਰਾਧ 'ਚ ਸ਼ਾਮਲ ਹੋਣ ਤਾਂ ਕਿ ਕੋਈ ਵੀ ਮਾਮਲੇ ਦੀ ਰੀਪੋਟ ਨਾ ਕਰ ਸਕੇ। ਉਹਨਾਂ ਦੇ ਚੇਲੇ ਹੁੰਦੇ ਹਨ ਜਿਨ੍ਹਾਂ ਨੂੰ ਉਹ ਸ਼ਾਮਲ ਹੋਣ ਨੂੰ ਕਹਿੰਦੇ ਹਨ। 2005 'ਚ ਇਹੀ ਹੋਇਆ ਸੀ ਜਦ ਛੇ ਲੋਕਾਂ ਨੇ ਦਿੱਲੀ ਦੇ ਸਜਫਗੜ੍ਹ ਇਲਾਕੇ 'ਚ ਤ੍ਰਿਪੋ 'ਚ ਖੜੀ ਬਸ ਵਿਚ 16 ਸਾਲਾ ਲੜਕੀ ਦੇ ਨਾਲ ਬਲਾਤਕਾਰ ਕੀਤਾ ਸੀ, ਇੱਥੇ ਦੋ ਬਲਾਤਕਾਰੀਆਂ ਨੇ ਪਹਿਲ ਕੀਤੀ, ਲੜਕੀ ਨੂੰ ਬੇਰਹਿਮੀ ਨਾਲ ਕੁੱਟਦੇ ਹੋਏ ਉਸ ਨਾਲ ਬਲਾਤਕਾਰ ਕੀਤਾ ਅਤੇ ਉਹਨਾਂ 'ਚੋਂ ਇੱਕ ਨੇ ਜਦ ਦੂਸਰਿਆਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਵੀ ਲੜਕੀ ਨਾਲ ਮਾੜਾ ਕੰਮ ਕਰਨ ਨੂੰ ਮਜ਼ਬੂਰ ਕੀਤਾ ਗਿਆ। ਜ਼ਿਆਦਾਤਰ ਬਲਾਤਕਾਰੀ ਐਸੇ ਪੇਸ਼ੇ ਨੂੰ ਤਰਜੀਹ ਦਿੰਦੇ ਹਨ ਜਿਥੇ ਉਹਨਾਂ ਨੂੰ ਸਹਿਜ ਸ਼ਿਕਾਰ ਮਿਲ ਜਾਂਦੇ ਹਨ ਅਸਲਨ ਅਧਿਆਪਨ, ਡਾਕਟਰੀ, ਅਨਾਥ ਆਸ਼ਰਮ 'ਚ ਪ੍ਰਸ਼ਾਸ਼ਨ ਇਥੋਂ ਤੱਕ ਕਿ ਅਧਿਆਤਮਿਕ ਗੁਰੂ ਬਣਨਾ ਵੀ। ਦਿੱਲੀ 'ਚ 2003 ਦਾ ਇੱਕ ਕਿੱਸਾ ਲਵੋ, ਜਿੱਥੇ ਦੋ ਬੇਟੀਆਂ ਦੇ ਪਿਤਾ 54 ਸਾਲਾ ਡਾਕਟਰ ਨੂੰ 13 ਸਾਲਾ ਕਿਸ਼ੋਰੀ ਨਾਲ ਬਲਾਤਕਾਰ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ। ਲੜਕੀ ਵਸਤਿ ਵਿਹਾਰ 'ਚ ਡਾਕਟਰ ਦੇ ਨਿਜੀ ਨਰਸਿੰਗ ਹੋਮ 'ਚ ਟੀ. ਬੀ. ਦੇ ਇਲਾਜ ਲਈ ਆਈ ਸੀ ਅਤੇ ਕਮਰੇ ਦੇ ਬਾਹਰ ਉਨ੍ਹਾਂ ਦੇ ਨਾਲ ਆਈ ਉਸ ਦੀ ਇੱਕ ਰਿਸ਼ਤੇਦਾਰ ਵੀ ਸੀ। 2007 'ਚ ਪੂਰਵੀ ਦਿੱਲੀ ਦੇ 44 ਸਾਲਾ ਸ਼ਾਦੀਸ਼ੁਦਾ ਨਿਜੀ ਟਿਊਟਰ ਨੇ 17 ਸਾਲਾ ਲੜਕੀ ਦੇ ਨਾਲ ਬਲਾਤਕਾਰ ਕਰਨ ਤੋਂ ਪਹਿਲਾਂ ਉਸ ਨੂੰ ਮੁੱਖ ਯੌਨਾਚਾਰ ਲਈ ਮਜ਼ਬੂਰ ਕੀਤਾ। ਉਸ ਨੂੰ ਫੁਸਲਾਇਆ ਕਿ ਇਸ ਨਾਲ ਪੜ੍ਹਾਈ 'ਚ ਇਕਾਰਗਤਾ ਵਧਦੀ ਹੈ। ਇਸ ਸਾਲ ਫਰਵਰੀ 'ਚ ਉਤਰ ਪ੍ਰਦੇਸ਼ ਦੇ ਫੈਜਾਬਾਦ 'ਚ 15 ਸਾਲਾ ਲੜਕੀ ਦੇ ਨਾਲ ਅਧਿਆਪਕ ਅਜੀਤ ਕੁਮਾਰ ਸਿੰਘ ਨੇ ਲੜਕੀ ਨੂੰ ਦੋ ਦਿਨ ਤੱਕ ਕੈਦ ਕਰਕੇ ਰੱਖਿਆ ਅਤੇ ਉਸ ਨਾਲ ਬਲਾਤਕਾਰ ਕੀਤਾ। ਮੁੰਬਈ ਦੇ ਮਨੋਚਿਕਿਤਸਕ ਹਰੀਸ਼ ਸ਼ੇਟੀ ਕਹਿੰਦੇ ਹਨ, 'ਇਸ ਵਿਸ਼ਵੀਕ੍ਰਿਤ ਦੁਨੀਆਂ 'ਚ ਜੋ ਵੀ ਤਾਕਤਵਰ ਹੋਵੇਗਾ, ਉਹ ਕਮਜ਼ੋਰ ਨੂੰ ਨਿਸ਼ਾਨਾ ਬਣਾਵੇਗਾ ਤਾਂ ਇਸ 'ਚ ਹੈਰਾਨੀ ਵਾਲੀ ਕੀ ਗੱਲ ਹੈ ਕਿ ਅਜਿਹੇ ਤੇਜ਼ ਸਮਾਜਕ ਦਬ ਦਬਾਅ ਦੇ ਮਾਹੌਲ 'ਚ ਭਾਰਤ ਅਮਰੀਕਾ ਤੇ ਦੱਖਣੀ ਅਫ਼ਰੀਕਾ ਪਿੱਛੋਂ ਔਰਤਾਂ ਲਈ ਸਭ ਤੋਂ ਅਸੁਰੱਖਿਅਤ ਦੇਸ਼ ਬਣ ਗਿਆ ਹੈ, ਗ੍ਰਹਿ ਮੰਤਰਾਲੇ ਵੱਲੋਂ 2008 'ਚ ਜਾਰੀ ਅੰਕੜੇ ਤਾਂ ਇਹੀ ਕਹਿੰਦੇ ਹਨ, ਜਦ ਕਿ ਨਾਗਪਾਲ ਮੁਤਾਬਕ ਯੌਨ ਸ਼ੋਸ਼ਣ ਦੇ ਇਕ ਚੌਥਾਈ ਮਾਮਲੇ ਹੀ ਦਰਜ ਕੀਤੇ ਜਾਂਦੇ ਹਨ। ਇਹ ਵੀ ਗੱਲ ਹੈਰਾਨੀ ਦੀ ਨਹੀਂ ਹੈ ਕਿ ਬਲਾਤਕਾਰ ਭਾਰਤ 'ਚ ਤੇਜ਼ੀ

ਨਾਲ ਵਧਦੇ ਬਲਾਤਕਾਰਾਂ 'ਚ ਇਕ ਹੈ। 1971 'ਚ ਜਦ ਐਨ. ਸੀ. ਆਰ. ਬੀ. ਨੇ ਅਜਿਹੇ ਮਾਮਲਿਆਂ ਦਾ ਰਿਕਾਰਡ ਰੱਖਣਾ ਸ਼ੁਰੂ ਕੀਤਾ ਤਦ ਪ੍ਰਤੀ ਦਿਨ ਔਸਤਨ ਸੱਤ ਬਲਾਤਕਾਰ ਹੁੰਦੇ ਸਨ ਹੁਣ ਇਹ ਅੰਕੜੇ 57 'ਤੇ ਜਾ ਪਹੁੰਚਿਆ ਹੈ ਅਤੇ ਇਸ ਤਰ੍ਹਾਂ ਇਸ ਵਿਚ 800 ਫੀਸਦੀ ਵਾਧਾ ਹੋ ਗਿਆ ਹੈ ਇਸ ਦੇ ਉਲਟ ਅਪਰਾਧਾਂ ਵਿਚ 1953 ਜਦ ਐਨ. ਸੀ. ਅਰਬੀ ਨੇ ਰਿਕਾਰਡ ਰੱਖਣਾ ਸ਼ੁਰੂ ਕੀਤਾ – ਤੋਂ 300 ਫੀਸਦੀ ਵਾਧਾ ਹੀ ਹੋਇਆ ਹੈ।

ਭਾਰਤ 'ਚ ਬਲਾਤਕਾਰ ਫਿਰਕੂ ਵੀ ਹੋ ਸਕਦਾ ਹੈ। ਜਿਵੇਂ ਸੂਰਤ ਦੇ ਸਮੂਹਕ ਬਲਾਤਕਾਰ ਮਾਮਲੇ 'ਚ ਸਾਹਮਣੇ ਆਇਆ ਜਿੱਥੇ ਅਪਰਾਧੀ ਨੌਜਵਾਨ ਮੁਸਲਿਮ ਲੜਕੇ ਸਨ ਜਿਨੀ ਤੇ ਸਿਟੀ ਹਸਪਤਾਲ 'ਚ ਭੜਕੀ ਭੀੜ ਨੇ ਹਮਲਾ ਕੀਤਾ। ਉਹਨਾਂ ਨੂੰ ਇੱਥੇ ਪੁਲਿਸ ਮੈਡੀਕਲ ਚੈੱਕਅੱਪ ਲਈ ਲਿਆਂਦਾ ਸੀ। ਬਲਾਤਕਾਰ ਰਾਜਸੀ ਸ਼ਕਲ ਵੀ ਅਖ਼ਤਿਆਰ ਕਰ ਲੈਂਦਾ ਹੈ ਜਿਹਾ ਕਿ ਜੰਮੂ ਕਸ਼ਮੀਰ ਦੇ ਛੋਪਿਆਂ 'ਚ ਹੋਇਆ। ਜਿੱਥੇ 22 ਸਾਲਾ ਨੀਲੋਫਰ ਜਾਨ ਤੇ ਉਸ ਦੀ 17 ਸਾਲਾ ਨਨਦ ਆਈਸ਼ਾ ਦੀਆਂ ਲਾਸ਼ਾਂ ਨਾਲੇ ਤੋਂ ਕੱਢੀਆਂ ਗਈਆਂ। ਇਹ ਹਮੇਸ਼ਾ ਹੀ ਗ਼ੈਰ ਮਨੁੱਖੀ ਹੁੰਦਾ ਹੈ ਅਤੇ ਬੇਰਹਿਮ ਤਰੀਕੇ ਨਾਲ ਵਿਉਂਤਬੱਧ ਵੀ, ਜਿੱਥੇ ਤਾਕਤ ਦੀ ਜਗ੍ਹਾ ਮਨੋਵਿਗਿਆਨਕ ਜਾਂ ਭਾਵਨਾਤਮਕ ਦਬਾਅ ਦੇ ਨਾਲ ਅਪਰਾਧ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਦਾ ਦਬਾਅ ਤਦ ਹੋਰ ਸਾਹਮਣੇ ਆ ਜਾਂਦਾ ਹੈ ਜਦ ਪਹਿਲਾਂ ਤੋਂ ਵਿਸ਼ਵਾਸ ਤੇ ਭਰੋਸੇ ਦਾ ਰਿਸ਼ਤਾ ਹੋਵੇ। 2007 'ਚ ਗਾਜ਼ੀਆਬਾਦ 'ਚ ਅਜਿਹਾ ਹੋਇਆ ਜਦ 17 ਸਾਲਾ ਲੜਕੀ ਦੇ ਰਿਸ਼ਤੇ ਦੇ 21 ਸਾਲਾ ਭਾਈ ਨੇ ਲੜਕੀ ਨਾਲ ਬਲਾਤਕਾਰ ਕਰਨ ਤੋਂ ਪਹਿਲਾਂ ਭਾਵਨਾਤਮਕ ਤੌਰ 'ਤੇ ਦਬਾਅ ਪਾਉਣ ਲਈ ਕਈ ਤਿਕੜਮਾ ਅਪਣਾਈਆਂ–ਉਸ ਨੂੰ ਹੋਮਵਰਕ 'ਚ ਮਦਦ ਤੋਂ ਲੈ ਕੇ ਕਿਸ਼ੋਰਾਂ ਵਾਲੇ ਵਿਸ਼ਿਆਂ 'ਤੇ ਵਿਚਾਰ ਚਰਚਾ ਤੱਕ ਜਾਂ ਫਿਰ ਅਜਿਹਾ ਕਿ ਮੁੰਬਈ 'ਚ ਜਦ ਮੀਰਾ ਰੋਡ ਬਲਾਤਕਾਰ ਵਜੋਂ ਜਾਣੇ ਜਾਣ ਵਾਲਾ ਮਾਮਲਾ ਜਿਸ 'ਚ ਦੋਸ਼ੀ ਪ੍ਰਾਗ ਮਹਾਤਰੇ ਨੇ ਪੀੜਤਾ ਨੂੰ ਕਥਿਤ ਤੌਰ 'ਤੇ ਸੱਤ ਮਹੀਨਿਆਂ ਤੱਕ ਫੁਸਲਾਇਆ, ਇੱਥੋਂ ਤੱਕ ਕਿ ਉਸ ਨਾਲ ਸ਼ਾਦੀ ਦਾ ਵਾਅਦਾ ਵੀ ਕੀਤਾ, ਮੁੰਬਈ ਤੋਂ ਇਲਾਵਾ ਪੁਲਿਸ ਕਮਿਸ਼ਨਰ (ਅਪਰਾਧਸ਼ਾਖਾ) ਦੇਵੇਨ ਭਾਰਤੀ ਕਹਿੰਦੇ ਹਨ, 'ਬਲਾਤਕਾਰੀ ਸਥਿਤੀ ਦਾ ਫ਼ਾਇਦਾ ਉਠਾਉਂਦਾ ਹੈ ਅਤੇ ਮੰਨਦਾ ਹੈ ਕਿ ਪੀੜਤ ਔਰਤ ਸਰੀਰਕ ਜਾਂ ਮਾਨਸਿਕ ਤੌਰ 'ਤੇ ਉਸ ਉੱਪਰ ਭਾਰੀ ਨਹੀਂ ਪੈ ਸਕਦੀ।" ਫਰੈਂਸਿਕ ਮੇਂਟਲ ਹੈਲਥ ਐਸੋਸੀਏਸ਼ਨ ਦੇ ਨਿਰਦੇਸ਼ਕ, ਅਮਰੀਕੀ ਮਨੋਵਿਗਿਆਨਕ ਨਿਕੋਲਸ ਗ੍ਰਾਥ ਆਪਣੀ ਪ੍ਰੈਕਟਿਸ ਦੇ 25 ਸਾਲਾਂ 'ਚ 3000 ਤੋਂ ਵੱਧ ਯੌਨ ਅਪਰਾਧਾਂ ਦੀ ਜਾਂਚ ਕਰ ਚੁੱਕੇ ਹਨ, ਉਹਨਾਂ ਨੇ ਬਲਾਤਕਾਰ ਦੀ ਤਿੰਨ ਤਰ੍ਹਾਂ ਨਾਲ ਪਹਿਚਾਣ ਕੀਤੀ ਹੈ। ਗੁੱਸੇ 'ਚ ਕੀਤਾ ਗਿਆ ਬਲਾਤਕਾਰ, ਭਾਰਤ ਦਾ ਵਿਖਾਵਾ ਅਤੇ ਲੁੱਟ ਸਵੰਚੇਤਨ ਦਾ ਅਧਿਐਨ ਵੀ ਇਸ ਦੇ ਕਾਫ਼ੀ ਕਰੀਬ ਹਨ। ਜਿਸ 'ਚ ਇਸ ਅਪਰਾਧ ਦੀਆਂ ਤਿੰਨ ਸ਼੍ਰੇਣੀਆਂ ਬਣਾਈਆਂ ਗਈਆਂ ਹਨ–ਹਿੰਸਕ, ਪਰਪੀੜਕ ਤੇ ਜਾਨਲੇਵਾ ਇਸ ਦੇ ਵਰਗੀਕਰਨ ਅਨੁਸਾਰ ਬਲਾਤਕਾਰ ਦੇ 45 ਫੀਸਦੀ ਮਾਮਲੇ ਵੱਧ ਹਿੰਸਕ ਹੁੰਦੇ ਹਨ ਜਿਨ੍ਹਾਂ 'ਚ ਪੀੜਤਾਂ ਨੂੰ ਗੰਭੀਰ ਸੱਟਾਂ ਮਾਰੀਆਂ ਜਾਂਦੀਆਂ ਹਨ ਤੇ ਸਰੀਰ ਨੂੰ ਤਹਿਸ ਨਹਿਸ ਕਰ ਦਿੱਤਾ ਜਾਂਦਾ ਹੈ। 15 ਫੀਸਦੀ ਮਾਮਲਿਆਂ 'ਚ ਬਲਾਤਕਾਰੀ ਪਰਪੀੜਤ ਹਰਕਤਾਂ 'ਤੇ ਉਤਾਰਾ ਹੋ ਜਾਂਦਾ ਹੈ ਜਿਸ 'ਚ ਪੀੜਤ ਦੇ ਬਚਾਅ ਲਈ ਸੰਘਰਸ਼, ਉਸ ਨੂੰ ਹੋਰ ਉਕਸਾਉਂਦਾ ਹੈ। 5 ਫੀਸਦੀ ਮਾਮਲਿਆਂ 'ਚ

ਅਪਰਾਧ ਦਰਜ ਕੀਤੇ ਜਾਣ ਦੇ ਡਰ ਨਾਲ ਪੀੜਤ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ। 2007 'ਚ ਨਫਜਗੜ੍ਹ 'ਚ ਹੋਏ ਬਲਾਤਕਾਰ ਦੇ ਮਾਮਲੇ 'ਚ ਅਜਿਹਾ ਹੀ ਹੋਇਆ ਜਿਸ 'ਚ ਇਕ ਉਸਾਰੀ ਵਾਲੀ ਥਾਂ 'ਤੇ ਬਲਾਤਕਾਰ ਕਰਦੇ ਹੋਇਆਂ ਅਪਰਾਧੀ ਨੇ ਆਪਣੇ ਹੱਥ ਨਾਲ ਲੜਕੀ ਦੀਆਂ ਅੱਖਾਂ ਢਕ ਦਿੱਤੀਆਂ ਸੀ, ਉਸ ਨੇ ਦੱਸਿਆ "ਮੈਨੂੰ ਉਸ ਦੀਆਂ ਅੱਖਾਂ 'ਚ ਬਾਚਨਾ ਦਿਖ ਰਹੀ ਸੀ ਕਿ ਮੈਂ ਉਸ ਨੂੰ ਮਾਰਾਂ, ਇਹ ਮੈਨੂੰ ਪ੍ਰੇਸ਼ਾਨ ਕਰ ਰਹੀ ਸੀ" ਹਰ ਮਾਮਲੇ 'ਚ ਉਕਸਾਉਣ ਵਾਲਾ ਤੱਤ ਤਾਕਤ ਦਾ ਮੁਜ਼ਾਹਰਾ ਹੁੰਦਾ ਹੈ। ਕਾਮੁਕਤਾ ਨਹੀਂ, ਮਹਿਲਾ ਅਧਿਕਾਰਾਂ ਦੀ ਵਕੀਲ ਫਲਾਵਿਆ ਇਗਲੇਸ ਕਹਿੰਦੀ ਹੈ, "ਇਹ ਸਮਝ ਸਕਣਾ ਮੁਸ਼ਕਲ ਹੈ ਕਿ ਔਰਤ ਨੂੰ ਜ਼ਲੀਲ ਕਰਨ ਅਤੇ ਨਫ਼ਰਤ ਜ਼ਾਹਰ ਕਰਨ ਲਈ ਸੈਕਸ ਨੂੰ ਇੱਕ ਹਥਿਆਰ ਵਜੋਂ ਕਿਵੇਂ ਵਰਤੋਂ ਕੀਤੀ ਜਾਂਦੀ ਹੈ।" ਅਪਰਾਧ ਨੂੰ ਹੁਣ ਆਧੁਨਿਕ ਤਕਨੀਕ ਦਾ ਸਹਾਰਾ ਮਿਲ ਗਿਆ ਹੈ। ਜੋ ਅਪਰਾਧੀ ਰੁਝਾਨ ਨੂੰ ਸੰਤੁਸ਼ਟ ਕਰਨ ਦਾ, ਵਾਧਾ ਕਰਦੀ ਹੈ। ਬਲਾਤਕਾਰ ਦੀ ਫ਼ਿਲਮ ਬਣਾਉਣ ਲਈ ਮੋਬਾਇਲ ਫੋਨ ਅਤੇ ਉਸ ਨੂੰ ਵਿਤਰਿਤ ਕਰਨ ਲਈ ਡਿਜ਼ੀਟਲ ਫਾਰਮੈੱਟ ਦੀ ਵਰਤੋਂ ਨੇ ਵਧਦਾ-ਫੁਲਦਾ ਪ੍ਰੋਗ੍ਰਾਫ਼ੀ ਉਦਯੋਗ ਤਿਆਰ ਕਰ ਲਿਆ ਹੈ ਜਿਸ ਤੱਕ ਡੀ. ਵੀ. ਡੀ. ਲਾਇਬ੍ਰੇਰੀ ਅਤੇ ਇੰਟਰਨੈੱਟ ਕੈਫੇ ਰਾਹੀਂ ਪਹੁੰਚਾਇਆ ਜਾ ਸਕਦਾ ਹੈ। ਅਸਲ ਵਿਚ ਅਪਰਾਧਿਕ ਰੁਝਾਨ ਦੇ ਬੀਜ ਬਚਪਨ 'ਚ ਹੀ ਬੀਜੇ ਜਾਂਦੇ ਹਨ। ਜਦ ਬੱਚੇ ਵੱਡੇ ਪਰਦੇ 'ਤੇ ਖ਼ੂਨ ਖਰਾਬੇ ਵਾਲੀਆਂ ਫ਼ਿਲਮਾਂ ਦੇਖ ਕੇ ਜਾਂ ਵੀਡੀਓ ਗੇਮ ਰਾਹੀਂ ਦੂਸਰਿਆਂ ਪ੍ਰਤੀ ਹਿੰਸਾ ਦੇ ਮੁਜ਼ਾਹਰੇ ਨੂੰ ਆਤਮਸ਼ਾਤ ਕਰਨ ਲਗਦੇ ਹਨ। ਨਾਗਪਾਲ ਕਹਿੰਦੇ ਹਨ ਕਿ "ਪਰਦੇ 'ਤੇ ਹਿੰਸਾ ਬੱਚਿਆਂ ਨੂੰ ਦੂਸਰਿਆਂ ਦੀ ਪੀੜਾ ਪ੍ਰਤੀ ਢੀਠ ਬਣਾ ਦਿੰਦੀ ਹੈ।"

ਇਹ ਬਲਾਤਕਾਰੀ ਬਣਨ ਦਾ ਪਹਿਲਾ ਪੜਾਅ ਬਣ ਜਾਂਦਾ ਹੈ, ਜੋ ਆਪਣੇ ਪੀੜਤ ਨੂੰ ਸਰੀਰਕ ਪੀੜਾ ਪਹੁੰਚਾ ਕੇ ਸੁੱਖ ਦਾ ਅਨੁਭਵ ਕਰਦਾ ਹੈ। ਅਹਿਮਦਾਬਾਦ ਦੇ ਮਸ਼ਹੂਰ ਮਨੋਰੋਗ ਡਾਕਟਰ ਪ੍ਰਸ਼ਾਤ ਭਿਮਾਣੀ ਪੁਸ਼ਟੀ ਕਰਦੇ ਹਨ ਕਿ ਅੱਜਕੱਲ੍ਹ 13 ਸਾਲ ਦੇ ਬੱਚੇ ਇੰਟਰਨੈੱਟ 'ਤੇ ਪੋਰਨ ਫਿਲਮਾਂ ਵੇਖਦੇ ਹਨ ਜਦ ਕਿ 10 ਸਾਲ ਪਹਿਲਾਂ ਇਹ ਸਿਰਫ਼ ਸ਼ਾਦੀ ਸ਼ੁਦਾ ਜੋੜਿਆਂ ਜਾਂ ਕਾਲਜ ਦੇ ਵਿਦਿਆਰਥੀਆਂ ਤੱਕ ਸੀਮਤ ਸਨ। ਭਿਮਾਣੀ ਕਹਿੰਦੇ ਹਨ "ਇੱਕ ਪਾਸੇ ਤਾਂ ਕੇਂਦਰੀ ਫ਼ਿਲਮ ਪ੍ਰਸਾਸ਼ਨ ਬੋਰਡ ਨੂੰ ਵੱਡੇ ਪਰਦੇ 'ਤੇ ਜ਼ਰੂਰਤ ਤੋਂ ਵੱਧ ਸੈਕਸ ਪੇਸ਼ ਕਰਨ 'ਤੇ ਰੋਕ ਲਾਉਣੀ ਚਾਹੀਦੀ ਹੈ, ਦੂਜੇ ਪਾਸੇ ਮਾਤਾ-ਪਿਤਾ ਨੂੰ ਬੱਚਿਆਂ 'ਤੇ ਸਖ਼ਤ ਨਜ਼ਰ ਰੱਖਣ ਦੀ ਲੋੜ ਹੈ ਕਿ ਉਹ ਘਰ ਵਿਚ ਕੀ ਵੇਖਦੇ ਹਨ।" ਅਮਰੀਕਾ 'ਚ ਨਵ-ਰੱਖਿਆਵਾਦੀ ਸਮੂਹਾਂ ਕੋਲ ਇਸ ਕਿਸਮ ਦਾ ਡਾਟਾ ਮੁਹੱਈਆ ਹੈ। ਨੈਸ਼ਨਲ ਕਾਲਿਸ਼ਨ ਆਨ ਟੈਲੀਵਿਜ਼ਨ ਵਾਇਲੈਂਸ ਮੁਤਾਬਕ ਹਾਲੀਵੁੱਡ ਦੀ ਅੱਠ ਵਿਚੋਂ ਇੱਕ ਫ਼ਿਲਮ 'ਚ ਬਲਾਤਕਾਰ ਵਿਖਾਇਆ ਜਾਂਦਾ ਹੈ ਅਤੇ 18 ਸਾਲ ਦੀ ਉਮਰ ਤੱਕ ਪਹੁੰਚਦੇ-ਪਹੁੰਚਦੇ ਇਕ ਔਰਤ ਅਮਰੀਕੀ ਹਿੰਸਾ ਦੇ ਢਾਈ ਲੱਖ ਤੇ ਕਤਲ ਦੀ ਕੋਸ਼ਿਸ਼ ਦੇ 40,000 ਕਾਰਨਾਮੇ ਜੋੜ ਦੇਈਏ ਜੋ ਬਰਾਬਰੀ ਦਾ ਦਰਜਾ ਹਾਸਲ ਕਰਕੇ ਹਰ ਥਾਂ ਮੌਜੂਦ ਦਿਸਦੀ ਹੈ। ਘੱਟੋ-ਘੱਟ ਸਿਧਾਂਤ ਵਜੋਂ, ਕਿਉਂਕਿ ਅਕਸਰ ਹੀ ਸਮਾਜ ਇਨ੍ਹਾਂ ਮੁਟਿਆਰਾਂ ਦੇ ਅਧਿਕਾਰਾਂ ਦੀ ਰਾਖੀ 'ਚ ਸਮਰਥ ਨਹੀਂ ਹੈ। ਐਨ. ਸੀ. ਬੀ. ਅੰਕੜੇ ਦੱਸਦੇ ਹਨ ਕਿ ਬਲਾਤਕਾਰ ਦੀਆਂ ਸ਼ਿਕਾਰ ਔਰਤਾਂ 'ਚ ਅੱਧੀਆਂ ਤੋਂ ਘੱਟ ਉਮਰ ਦੀਆਂ ਬੱਚੀਆਂ ਵੀ ਸੁਰੱਖਿਅਤ ਨਹੀਂ ਹਨ। ਇਸ ਮਈ 'ਚ ਰਾਜਕੋਟ 'ਚ ਸਾਹਮਣੇ ਆਇਆ ਇਕ ਮਾਮਲਾ ਗੌਰ ਕਰਨ ਲਾਇਕ ਹੈ। ਉਥੇ

ਦਿਆਬਾ ਨਾਂ ਦੀ 15 ਸਾਲਾ ਲੜਕੀ ਇਕ ਕੇਟਰਰ ਦੇ ਨਾਲ ਕੰਮ ਕਰਦੀ ਸੀ, ਉਸ ਨੂੰ ਉਸੇ ਆਟੋ ਰਿਕਸ਼ਾ ਡ੍ਰਾਈਵਰ ਕਿਲਾਵਰ ਨੇ ਅਗਵਾ ਕਰ ਲਿਆ ਜਿਸ 'ਚ ਉਹ ਆਉਂਦੀ ਜਾਂਦੀ ਸੀ। ਬਾਅਦ 'ਚ ਦੋ ਅਣਜਾਣ ਲੋਕ ਉਹਨਾਂ ਦੇ ਨਾਲ ਆ ਮਿਲੇ ਅਤੇ ਉਸ ਨੂੰ ਜਬਰਦਸਤੀ ਨੀਂਦ ਦੀ ਸੂਈ ਦੇ ਦਿੱਤੀ, ਜਦ ਉਸ ਨੂੰ ਹੋਸ਼ ਆਇਆ ਤਾਂ ਉਸ ਨੇ ਖੁਦ ਨੂੰ ਅਹਿਮਦਾਬਾਦ ਦੇ ਇਕ ਕਮਰੇ 'ਚ ਪਾਇਆ। ਉਸ ਪਿਛੋਂ ਤਿੰਨ ਲੋਕ 18 ਦਿਨ ਤੱਕ ਉਸ ਨਾਲ ਬਲਾਤਕਾਰ ਕਰਦੇ ਰਹੇ। ਅੰਤ ਵਿਚ ਇਕ ਦਿਨ ਉਹ ਉਹਨਾਂ ਦੇ ਚੁੰਗਲ 'ਚੋਂ ਭੱਜ ਨਿਕਲੀ। ਦਿਲਾਵਰ ਤਾਂ ਫੜਿਆ ਗਿਆ ਪਰ ਬਾਕੀ ਦੋਨੋਂ ਬਲਾਤਕਾਰੀ ਅਜੇ ਲਾਪਤਾ ਹਨ।

ਅਜਿਹੇ ਮਰਦਾਂ ਨੂੰ ਕਾਇਰ ਬਣਾਉਣ ਦੀ ਹਿੰਮਤ ਇਸ ਲਈ ਮਿਲਦੀ ਹੈ ਕਿ ਅਦਾਲਤਾਂ ਵੱਲੋਂ ਬਲਾਤਕਾਰ ਦੇ ਮਾਮਲੇ ਨਿਪਟਾਉਣ ਦੀ ਦਰ ਬੇਹੱਦ ਘੱਟ ਹੈ NCRB ਮੁਤਾਬਕ ਦਰਜ ਮਾਮਲਿਆਂ 'ਚ ਸਿਰਫ਼ 18 ਫੀਸਦੀ ਨੂੰ ਹੀ ਸਜ਼ਾ ਮਿਲ ਸਕੀ ਹੈ ਇੱਥੋਂ ਤੱਕ ਕਿ ਬਹੁਚਰਚਿਤ ਕੇਸਾਂ ਵਿਚ ਵੀ ਅਪਰਾਧੀ ਬਚ ਨਿਕਲਦੇ ਹਨ। 2003 ਦਾ ਮਾਮਲਾ ਹੀ ਲਓ, ਇੱਥੋਂ ਤੱਕ ਇਕ ਸਿਵਸ ਕੂਟਨਾਇਕ ਨੂੰ ਦਿੱਲੀ 'ਚ ਸਿਰੀ ਫੋਰਟ ਆਡਿਟੋਰੀਅਮ ਦੇ ਬਾਹਰੋਂ ਚੁੱਕ ਲਿਆ ਗਿਆ ਸੀ ਤੇ ਚਲਦੀ ਕਾਰ 'ਚ ਦੋ ਲੋਕਾਂ ਨੇ ਉਸ ਦੇ ਨਾਲ ਬਲਾਤਕਾਰ ਕੀਤਾ ਸੀ। ਬੇਸ਼ੱਕ ਭਾਰਤ ਲਈ ਇਹ ਬਹੁਤ ਸ਼ਰਮਿੰਦਗੀ ਦਿਵਾਉਣ ਵਾਲਾ ਕੇਸ ਸੀ ਜਿਸ ਵਿਚ ਉਥੋਂ ਦੀ ਰਾਖੀ ਲਈ ਜਿੰਮੇਵਾਰ ਦਰਜਨ ਭਰ ਪੁਲਸੀਆਂ ਨੂੰ ਕਿਊਟੀ 'ਚ ਲਾਹਪ੍ਰਵਾਹੀ ਵਰਤਣ ਬਦਲੇ ਮੁਆਤਲ ਕੀਤਾ ਗਿਆ ਹਾਲਾਂਕਿ ਪੁਲਿਸ ਨੇ ਭਾਰੀ ਤਲਾਸ਼ ਕੀਤੀ ਇੱਥੋਂ ਤੱਕ ਕਿ ਦੋਸ਼ੀ 'ਤੇ 6 ਲੱਖ ਰੁਪਏ ਦਾ ਇਨਾਮ ਵੀ ਰੱਖਿਆ ਗਿਆ ਪਰ ਅਪਰਾਧੀ ਫੜੇ ਨਹੀਂ ਗਏ। ਪੰਜ ਸਾਲਾਂ ਬਾਅਦ ਪੁਲਿਸ ਨੇ 2008 ਦਸੰਬਰ 'ਚ ਕੇਸ ਬੰਦ ਕਰ ਦਿੱਤਾ। ਇਕ ਹੋਰ ਚਰਚਿਤ ਕੇਸ 'ਚ ਵੀ ਸਜ਼ਾ ਮਿਲਣੀ ਅਜੇ ਰਹਿੰਦੀ ਹੈ। 2006 'ਚ ਸ੍ਰੀ ਰਾਮ ਮਿਲਜ਼ ਦੇ ਮਾਲਕਾਂ ਦੇ ਵੰਸ਼ਜ ਅਭਿਸ਼ੇਕ ਕਾਸਲੀਵਾਲ ਨੇ 50 ਸਾਲਾ ਔਰਤ ਨੂੰ ਦੱਖਣੀ ਮੁੰਬਈ ਤੋਂ ਆਪਣੀ ਕਾਰ 'ਚ ਲਿਫ਼ਟ ਦਿੱਤੀ, ਉਹ ਔਰਤ ਨੂੰ ਉਪ ਨਗਰ ਵਾਲੀ ਸਥਿਤ ਮਿਲ ਕੈਂਪਸ 'ਚ ਲੈ ਗਿਆ, ਜਿੱਥੇ ਉਸ ਨਾਲ ਬਲਾਤਕਾਰ ਕੀਤਾ, ਉਹ ਜੇਲ੍ਹ 'ਚ ਇੱਕ ਮਹੀਨਾ ਹੀ ਰਿਹਾ ਅਤੇ ਬੰਬੇ ਹਾਈਕੋਰਟ ਨੇ ਉਸ ਨੂੰ ਜ਼ਮਾਨਤ ਦੇ ਦਿੱਤੀ, ਫੈਸਲੇ ਦੀ ਅਜੇ ਉਡੀਕ ਹੈ ਹਾਲਾਂਕਿ ਪੀੜਤ ਨੇ ਅਦਾਲਤ 'ਚ ਇਸ ਦੀ ਪੁਸ਼ਟੀ ਵੀ ਕੀਤੀ। ਕਲਿਨਾ ਮੁੰਬਈ 'ਚ ਅਪਰਾਧ ਵਿਗਿਆਨ ਲਬਾਟਰੀ ਤੋਂ ਮਿਲੀ ਡੀ. ਐਨ. ਏ. ਰਿਪੋਟ ਦੇ ਪਹਿਲੇ ਸੈਟ ਵਿਚ ਤਾਂ ਕਾਸਲੀਵਾਲ ਨੂੰ ਦੋਸ਼ੀ ਨਹੀਂ ਪਾਇਆ ਗਿਆ। ਪਰ ਜਦ ਵੀਰਜ ਦੇ ਨਮੂਨੇ ਡੀ. ਐਨ. ਏ. ਫਿੰਗਰ ਪ੍ਰਿੰਟਸ ਹੋਰ ਜਾਂਚ ਲਈ ਹੈਦਰਾਬਾਦ ਦੇ ਸੈਂਟਰ ਫਾਰ ਡੀ. ਐਨ. ਏ. ਫਿੰਗਰ ਪ੍ਰਿੰਟਸ ਐਂਡ ਡਾਇਗਨੋਸਟਿਕਸ 'ਚ ਭੇਜੇ ਗਏ ਤਾਂ ਕਾਸਲੀਵਾਲ ਨੂੰ ਬਲਾਤਕਾਰ ਦਾ ਦੋਸ਼ੀ ਪਾਇਆ ਗਿਆ। ਸ਼ੈਟੀ ਕਹਿੰਦੇ ਹਨ "ਅਸਲ 'ਚ ਕਨੂੰਨ ਦਾ ਡਰ ਹੀ ਨਹੀਂ ਰਹਿ ਗਿਆ ਹੈ ਕਿਉਂਕਿ ਜੋ ਥੋੜ੍ਹੇ ਜਿਹੇ ਕੇਸ ਦਰਜ ਹੁੰਦੇ ਹਨ, ਉਹਨਾਂ 'ਚ ਵੀ ਨਿਆਂ ਨਹੀਂ ਕੀਤਾ ਜਾਂਦਾ।"

ਬੰਗਲੂਰ ਦੀ ਨੌਜਵਾਨ ਤੇ ਹੋਣਹਾਰ ਪ੍ਰਤਿਭਾ ਸ੍ਰੀਕਾਂਤ ਮੂਰਤੀ ਦਾ ਕੇਸ ਇਸ ਦੀ ਮਿਸਾਲ ਹੈ, ਹੈਵਲੇਟ ਪੈਕਾਰਡ 'ਚ ਕੰਮ ਕਰਨ ਵਾਲੀ ਮੂਰਤੀ ਨਾਲ ਬਲਾਤਕਾਰ ਕਰਕੇ ਹੱਤਿਆ ਕਰ ਦਿੱਤੀ ਗਈ। ਫਾਸਟ ਟ੍ਰੈਕ ਅਦਾਲਤ 'ਚ ਮਾਮਲਾ ਤਿੰਨ ਸਾਲ ਬਾਅਦ ਵੀ ਸੁਲਝ ਨਹੀਂ ਸਕਿਆ ਹੈ। ਕਰਨਾਟਕਾ ਰਾਜ ਮਹਿਲਾ ਕਮਿਸ਼ਨ ਦੀ ਸਾਬਕਾ

ਮੁਖੀ ਪ੍ਰੋਮਿਲਾ ਨੇਸਾਰਗੀ ਦੱਸਦੀ ਹੈ ਕਿ ਇਹ ਤਾਂ ਅਨੇਕਾਂ ਮਾਮਲਿਆਂ ਦਾ ਰੱਤੀਭਰ ਹੀ ਹੈ। "ਬਲਾਤਕਾਰ ਦੀ ਪੀੜਤ ਹਰ ਔਰਤ, ਜਿਸ ਦਾ ਕੇਸ ਚਰਚਿਤ ਹੁੰਦਾ ਹੈ। ਪਿੱਛੇ ਅਜਿਹੀਆਂ ਬਹੁਤ ਸਾਰੀਆਂ ਹੋਰ ਪੀੜਤ ਹੁੰਦੀਆਂ ਹਨ ਜੋ ਚੁੱਪਚਾਪ ਇਸ ਅਤਿਆਚਾਰ ਨੂੰ ਝੱਲਦੀਆਂ ਹਨ। ਸਮਾਜਕ ਕਲੰਕ ਜੁੜੇ ਹੋਣ ਦੀ ਵਜ੍ਹਾ ਕਰਕੇ ਇਹਨਾਂ 'ਚੋਂ ਕਈ ਮਾਮਲਿਆਂ ਨੂੰ ਉਹ ਜਨਤਕ ਨਹੀਂ ਹੋਣਾ ਚਾਹੁੰਦੀਆਂ।" ਵੱਧ ਚਿੰਤਾ ਦੀ ਗੱਲ ਇਹ ਹੈ ਕਿ ਬਲਾਤਕਾਰੀ ਦੇ ਨਾਲ ਅਜਿਹਾ ਕੋਈ ਕਲੰਕ ਨਹੀਂ ਜੁੜਿਆ ਹੁੰਦਾ। ਬਲਾਤਕਾਰ ਦੇ ਦੋਸ਼ 'ਚ ਤਿਹਾੜ 'ਚ ਬੰਦ 39 ਕੈਦੀਆਂ 'ਚੋਂ ਜੋ ਪੜ੍ਹੇ ਲਿਖੇ ਮੁਖਰ, ਮੱਧ ਵਰਗੀ ਪਿੱਠਭੂਮੀ ਵਾਲੇ ਹਨ, ਗੱਲ ਕਰਨ 'ਤੇ ਸਵੰਚੇਤਨ ਦੇ ਨਿਰਦੇਸ਼ਕ ਰਜਤ ਮਿਸ਼ਰਾ ਨੇ ਪਾਇਆ ਕਿ "ਇਸ ਬਾਰੇ ਗੱਲ ਕਰਨ 'ਤੇ ਉਹ ਸ਼ੇਖੀ ਮਾਰਦੇ ਹਨ" ਹੁਣ ਐਸੀ ਘਿਸੀ ਪਿਟੀ ਮਾਨਸਿਕਤਾ ਨਾਲ ਮਰਦ ਔਰਤਾਂ ਦਾ ਆਦਰ ਕਰਨਾ ਕਿਵੇਂ ਸਿਖਣਗੇ? ਇੰਟਰਨੈਸ਼ਨਲ ਸੈਂਟਰ ਫਾਰ ਰਿਸਰਚ ਆਨ ਵਿਮੂਨ ਦਾ ਹਾਲ ਦਾ ਇਕ ਅਧਿਐਨ ਦਸਦਾ ਹੈ ਕਿ ਪੰਜਾਬ ਦੇ 80 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਜੇ ਪਤਨੀਆਂ ਇੱਜ਼ਤ ਨਾ ਕਰਨ ਤਾਂ ਹਿੰਸਾ ਜਾਇਜ਼ ਹੈ ਅਤੇ 60 ਫੀਸਦੀ ਦਾ ਮੰਨਣਾ ਹੈ ਕਿ ਜੇ ਪਤਨੀਆਂ ਕਹਿਣਾ ਨਾ ਮੰਨਣ ਤਾਂ ਹਿੰਸਾ ਦੀ ਵਰਤੋਂ ਗ਼ਲਤ ਨਹੀਂ ਹੈ। ਮਿਸ਼ਰਾਇਕ ਅਧੇੜ ਉਮਰ ਦੇ ਨੇਤਾ ਦਾ ਕਿੱਸਾ ਦਸਦੇ ਹਨ ਜਿਸ ਨੇ ਸਾਹਮਸ਼ਵਰਾ ਸੈਸ਼ਨ ਦੌਰਾਨ ਦੱਸਿਆ ਕਿ ਉਹ ਕਿਸੇ ਔਰਤ ਤੋਂ ਨਾਂਹ ਨਹੀਂ ਸੁਣ ਸਕਦਾ। ਇਕ ਵਾਰੀ ਜਦ ਇੱਕ ਪਾਰਟੀ 'ਚ ਉਸ ਨੇ ਇੱਕ ਔਰਤ ਨਾਲ ਯੌਨ ਸਬੰਧ ਬਣਾਉਣ ਦਾ ਪ੍ਰਸਤਾਵ ਰੱਖਿਆ ਤਾਂ ਉਸ ਦੇ ਨਾਂਹ ਕਹਿਣ 'ਤੇ ਉਹ ਬੇਚੈਨ ਨਹੀਂ ਹੋਇਆ ਬਲਕਿ ਤਿੰਨ ਦਿਨ ਬਾਅਦ ਆਪਣੇ ਸੁਰੱਖਿਆ ਕਰਮੀ ਦੀ ਮਦਦ ਨਾਲ ਉਸ ਦੇ ਘਰ ਵੜਿਆ ਤੇ ਉਸ ਨਾਲ ਬਲਾਤਕਾਰ ਕੀਤਾ। ਉਹ ਸ਼ੇਖੀ ਮਾਰਦਾ ਹੈ 'ਉਸ ਨੇ ਜ਼ਰਾ ਵੀ ਵਿਰੋਧ ਨਹੀਂ ਕੀਤਾ, ਨਾ ਹੀ ਮਾਮਲੇ ਦੀ ਰਿਪੋਟ ਪੁਲਿਸ 'ਚ ਕੀਤੀ ਬਲਕਿ ਸ਼ਹਿਰ ਛੱਡ ਕੇ ਜਾਣ ਵਿਚ ਹੀ ਆਪਣੀ ਭਲਾਈ ਸਮਝੀ।" ਤਾਂ ਕੀ ਇਹ ਫਰਜ਼ ਔਰਤਾਂ ਦਾ ਹੈ ਕਿ ਉਹ ਚੌਕਸ ਰਹਿਣ? ਸਾਬਕਾ ਪੁਲਿਸ ਅਧਿਕਾਰੀ ਤੇ ਅਪਰਾਧ ਵਿਗਿਆਨ ਮਾਹਰ ਕਿਰਨਬੇਦੀ ਦੀ ਵਿਵਾਦਿਤ ਦਲੀਲ ਹੈ-ਹਾਂ "ਐਸੇ ਅਪਰਾਧਾਂ 'ਚ (ਜਿੱਥੇ ਕੁਕਰਮੀ ਅਪਰਾਧ ਕਰਨ 'ਤੇ ਉਤਾਰੂ ਹੋਣ, ਸਰੀਰਕ ਦ੍ਰਿਸ਼ਟੀ ਤੋਂ ਕਮਜ਼ੋਰ ਔਰਤਾਂ ਨੂੰ ਅਜਿਹੇ ਮਾਮਲੇ ਰੋਕਣੇ ਹੋਣਗੇ। 80 ਫ਼ੀਸਦੀ ਔਰਤਾਂ 'ਚ ਬਲਾਤਕਾਰ ਦੇ ਮਾਮਲੇ ਟਾਲੇ ਜਾ ਸਕਦੇ ਹਨ, ਮਸਲਨ ਰੇਵ ਪਾਰਟੀਆਂ 'ਚ ਜਿੱਥੇ ਮਾਦਕ ਦਵਾਈਆਂ ਅਤੇ ਸ਼ਰਾਬ ਖ਼ੂਬ ਪਿਲਾਈ ਜਾਂਦੀ ਹੈ। ਜਾਣਾ ਅਸਲ 'ਚ ਬਲਾਤਕਾਰ ਦੇ ਜਾਲ 'ਚ ਫਸਣਾ ਹੈ।" ਜਿੱਥੇ ਬਲਾਤਕਾਰ ਦੇ ਬਹੁਤੇ ਘੱਟੇ ਕੇਸ ਦਰਜ ਕੀਤੇ ਜਾਂਦੇ ਹੋਣ, ਨਿਆਂ ਵੀ ਨਾ ਮਿਲਦਾ ਹੋਵੇ ਅਤੇ ਔਰਤਾਂ ਪ੍ਰਤੀ ਪੱਖਪਾਤ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹੋਣ, ਐਸੇ ਪ੍ਰੀਵੇਸ਼ 'ਚ ਤਾਂ ਇਸ 'ਚ ਜ਼ਰਾ ਵੀ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਅਪਰਾਧੀ ਦਾ ਦਿਲ ਤੇ ਦਿਮਾਗ਼ ਅਸਲ 'ਚ ਸਮਾਜ ਦੀ ਹਰ ਬੀਮਾਰੀ ਦਾ ਪ੍ਰਤੀਬਿੰਬ ਹੁੰਦਾ ਹੈ।

# ਹੁਣ ਸਿੱਖਿਆ ਦੇ ਨਵੇਂ ਬਾਜ਼ਾਰ

ਉੱਚ ਸਿੱਖਿਆ ਦੇ ਵਿਰਾਟ ਵਿਸ਼ਵੀਕਰਨ ਨੂੰ ਅਸਟ੍ਰੇਲੀਆ ਦੀਆਂ ਘਟਨਾਵਾਂ ਨੇ ਝੰਜੋੜਿਆ ਹੈ। ਹੁਣ ਅਮਰੀਕਾ, ਕੈਨੇਡਾ ਤੇ ਬ੍ਰਿਟੇਨ ਨਵੇਂ ਬਾਜ਼ਾਰ ਹਨ। ਪਰ ਰੰਗਭੇਦ ਦੇ ਸੁਆਲ ਉਥੇ ਵੀ ਮੌਜੂਦ ਹਨ।

ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ 'ਤੇ ਹਮਲੇ ਪਿੱਛੋਂ ਅਮਰੀਕਾ, ਕੈਨੇਡਾ, ਬ੍ਰਿਟੇਨ, ਨਿਊਜ਼ੀਲੈਂਡ ਵਰਗੇ ਦੇਸ਼ਾਂ ਨੇ ਭਾਰਤੀ ਵਿਦਿਆਰਥੀਆਂ ਨੂੰ ਆਪਣੇ ਇੱਥੇ ਉਚ ਸਿੱਖਿਆ ਦੀ ਸਹੂਲਤ ਦੇਣ ਲਈ ਪ੍ਰੋਗਰਾਮ ਕੱਢਣੇ ਸ਼ੁਰੂ ਕਰ ਦਿੱਤੇ ਹਨ। ਬਕਾਇਦਾ ਇਸ਼ਤਿਹਾਰਬਾਜ਼ੀ ਕੀਤੀ ਜਾ ਰਹੀ ਹੈ। ਕੈਂਪ ਲਾਏ ਜਾ ਰਹੇ ਹਨ। ਆਪਣੀਆਂ ਸੰਸਥਾਵਾਂ ਤੇ ਕਾਲਜਾਂ ਦੀ ਤਰਫ਼ੋਂ ਅਖ਼ਬਾਰ ਤੋਂ ਲੈ ਕੇ ਇੰਟਰਨੈਟ ਤੱਕ ਹਰ ਮਾਧਿਅਮ ਦੀ ਵਰਤੋਂ ਕੀਤੀ ਜਾ ਰਹੀ ਹੈ। ਜਾਨੀ ਮਾਨੀ ਬਿਜਨਸ ਪ੍ਰਤਿਕਾ 'ਫੋਬਰਸ' ਮੁਤਾਬਕ ਦੁਨੀਆਂ ਭਰ 'ਚ ਸਭ ਤੋਂ ਵਿਦਿਆਰਥੀ ਭਾਰਤ ਤੋਂ ਉੱਚ ਸਿੱਖਿਆ ਲਈ ਪੜ੍ਹਨ ਨਿਕਲਦੇ ਹਨ। ਅੰਕੜਿਆਂ ਨੂੰ ਵੇਖੀਏ ਤਾਂ ਪੜ੍ਹਨ ਲਈ ਭਾਰਤੀ ਵਿਦਿਆਰਥੀਆਂ ਦੀ ਸਭ ਤੋਂ ਪਸੰਦੀਦਾ ਥਾਂ ਸੰਯੁਕਤ ਰਾਜ ਅਮਰੀਕਾ ਹੈ। ਪਰ ਪਿਛਲੇ ਸਾਲ ਤੋਂ ਆਸਟ੍ਰੇਲੀਆ ਉਸ ਨੂੰ ਟੱਕਰ ਦੇ ਰਿਹਾ ਹੈ। ਅੰਕੜਿਆਂ ਮੁਤਾਬਕ 2008 'ਚ ਆਸਟ੍ਰੇਲੀਆਈ ਯੂਨੀਵਰਸਿਟੀਆਂ 'ਚ ਲਗਭਗ 90,000 ਭਾਰਤੀ ਵਿਦਿਆਰਥੀ ਨੇ ਰਜਿਸਟ੍ਰੇਸ਼ਨ ਕਰਵਾਈ ਤਾਂ ਅਮਰੀਕਾ 'ਚ ਇਸ ਅਰਸੇ ਦੌਰਾਨ ਰਜਿਸਟ੍ਰੇਸ਼ਨ ਕਰਾਉਣ ਵਾਲੇ ਕਰੀਬ 94000 ਭਾਰਤੀ ਵਿਦਿਆਰਥੀ ਹਨ ਪਰ ਜਦੋਂ ਤੋਂ ਆਸਟ੍ਰੇਲੀਆ 'ਚ ਨਸਲਵਾਦ ਕਾਰਨ ਹੰਗਾਮਾ ਹੋਇਆ ਹੈ, ਦੂਜੇ ਦੇਸ਼ਾਂ ਦੀਆਂ ਸੰਸਥਾਵਾਂ ਮੁਨਾਫ਼ੇ ਦੀ ਸੰਭਾਵਨਾ ਤਲਾਸ਼ਣ 'ਚ ਜੁਟ ਗਈਆਂ ਹਨ। ਉੱਚ ਸਿੱਖਿਆ ਦਾ ਬਾਜ਼ਾਰ ਕਿੰਨੀ ਅਧਾਰ ਪੂੰਜੀ ਸੰਭਾਵਨਾਵਾਂ ਤੇ ਗਲਵੱਢ ਕਿਸਮ ਦੇ ਮੁਕਾਬਲੇ ਵਾਲਾ ਹੈ। ਆਸਟ੍ਰੇਲੀਆ ਦੀਆਂ ਘਟਨਾਵਾਂ ਨੇ ਇਕ ਪਹਿਲੂ ਇਹ ਵੀ ਉਜਾਗਰ ਕੀਤਾ ਹੈ। ਦਰਅਸਲ ਸਿੱਖਿਆ ਦਾ ਇਹ ਕਾਰੋਬਾਰ ਪੱਛਮੀ ਦੇਸ਼ਾਂ ਦੀ ਘਰੇਲੂ ਅਰਥ ਵਿਵਸਥਾ ਦਾ ਅੰਗ ਬਣ ਚੁੱਕਿਆ ਹੈ ਅਤੇ ਆਰਥਕ ਮੰਦੀ ਦੇ ਪਰਛਾਵੇਂ 'ਚ ਇਹ ਹੋਰ ਵੀ ਜ਼ਰੂਰੀ ਬਣ ਗਿਆ ਹੈ। ਭਾਰਤੀ ਵਿਦਿਆਰਥੀਆਂ ਨੂੰ ਅਮਰੀਕੀ ਸਿੱਖਿਆ ਅਦਾਰਿਆਂ 'ਚ ਖਿੱਚਣ ਲਈ ਤਤਪਰ ਇਕ ਸੰਸਥਾ ਹੈ। ਯੂਨਾਈਟਡ ਸਟੇਟਸ ਇੰਡੀਆ ਏਜੂਕੇਸ਼ਨਲ ਫਾਊਂਡੇਸ਼ਨ। ਕੌਮਾਂਤਰੀ ਯੂਨੀਵਰਸਿਟੀਆਂ ਲਈ ਭਾਰਤ ਇਕ ਖਿੱਚ ਪਾਊ ਬਾਜ਼ਾਰ ਕਿਉਂ ਬਣ ਰਿਹਾ ਹੈ, ਫਾਊਂਡੇਸ਼ਨ ਦੇ ਅੰਕੜਿਆਂ ਤੋਂ ਇਹ ਸਾਫ਼ ਹੋ ਜਾਂਦਾ ਹੈ। ਅਮਰੀਕਾ 'ਚ ਵਿਦਿਆਰਥੀ ਆਬਾਦੀ ਦਾ 15 ਫੀਸਦੀ ਭਾਰਤੀ ਹਨ ਅਤੇ ਅਮਰੀਕੀ ਅਰਥਚਾਰੇ 'ਚ ਉਹ ਹਰ ਸਾਲ ਕਰੀਬ ਢਾਈ ਅਰਬ ਦਾ ਯੋਗਦਾਨ ਦਿੰਦੇ ਹਨ। ਇਸ ਤਰ੍ਹਾਂ ਨਾਲ ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਦਾ ਯੋਗਦਾਨ 2.3 ਅਰਬ ਅਸਟ੍ਰੇਲੀਆਈ ਡਾਲਰ ਹੈ ਬ੍ਰਿਟੇਨ ਵੀ ਇਸ ਦੌਰ 'ਚ ਨਵੇਂ ਸਿਰੇ ਤੋਂ ਕੁੱਦਿਆ ਹੈ। ਬ੍ਰਿਟਿਸ਼ ਕੌਂਸਲ ਦਾ ਦਾਅਵਾ ਹੈ ਕਿ ਯੂਨਾਈਟੇਡ ਕਿੰਗਡਮ 'ਚ ਉੱਚ ਸਿੱਖਿਆ ਲਈ ਆਉਣ ਵਾਲੇ ਨੌਜਵਾਨਾਂ ਦੀ ਗਿਣਤੀ 'ਚ ਵਾਧਾ ਹੋ ਰਿਹਾ ਹੈ ਪਰ ਅਧਿਕਾਰੀ ਨਹੀਂ ਮੰਨਦੇ ਕਿ ਇਸ ਦਾ ਸਬੰਧ ਕਿਸੇ ਤਰ੍ਹਾਂ ਦੀ ਮੰਦੀ ਜਾਂ ਹਿੰਸਾ ਨਾਲ ਹੈ। ਕੁੱਝ ਰੀਪੋਟਾਂ ਮੁਤਾਬਕ ਆਸਟ੍ਰੇਲੀਆ ਦੀ ਛਵੀ ਨੂੰ ਜੋ ਧੱਕਾ ਲੱਗਿਆ ਹੈ ਉਸ ਦਾ ਸਿੱਧਾ ਤੇ ਸਭ ਤੋਂ ਵੱਧ ਫਾਇਦਾ ਨਿਊਜ਼ੀਲੈਂਡ

ਨੂੰ ਹੋਵੇਗਾ। ਇਹ ਭਾਰਤੀ ਵਿਦਿਆਰਥੀਆਂ 'ਚ ਆਪਣਾ ਸਿੱਕਾ ਜਮਾਉਣ ਭਾਵੇਂ ਹੀ ਦੇਰ ਨਾਲ ਉਤਰਿਆ ਹੋਵੇ ਪਰ ਇਹ ਲਗਦਾ ਹੈ ਕਿ ਉਸ ਦਾ ਦਾਬਾ ਵਧੇਗਾ। ਪਿਛਲੇ ਸਾਲ ਦੇ ਮੁਕਾਬਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 75% ਵਾਧਾ ਦੱਸਿਆ ਜਾ ਰਿਹਾ ਹੈ। 2000 ਤੋਂ ਵਧ ਕੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 8000 ਹੋ ਗਈ ਹੈ। ਉਧਰ ਅਮਰੀਕਾ ਦੇ ਗੁਆਂਢੀ ਕੈਨੇਡਾ ਦੀ ਵੀ ਕੁਲ ਮਿਲਾ ਕੇ ਅੱਛੀ ਸਥਿਤੀ ਦੱਸੀ ਜਾ ਰਹੀ ਹੈ। 2010 ਦੇ ਸੈਸ਼ਨ ਲਈ ਅਧਿਕਾਰੀਆਂ ਮੁਤਾਬਕ ਬੇਨਤੀਕਰਤਾਵਾਂ ਦੀ ਗਿਣਤੀ 'ਚ ਇਜਾਫ਼ਾ ਹੋ ਸਕਦਾ ਹੈ। ਇਕ ਅਨੁਮਾਨ ਹੈ ਕਿ ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਇਸ ਸਮੇਂ 700 ਹੈ ਅਤੇ ਅਗਲੇ ਪੰਜ ਸਾਲਾਂ 'ਚ ਇਹ ਦੁੱਗਣੇ ਤੋਂ ਵੱਧ ਹੋ ਸਕਦੀ ਹੈ। ਚਾਹੇ ਕਾਰਨ ਜੋ ਮਰਜ਼ੀ ਹੋਣ ਆਸਟ੍ਰੇਲੀਆ ਦੇ ਹਾਲਾਤ ਦਾ ਫਾਇਦਾ ਹੋਰਨਾਂ ਦੇਸ਼ਾਂ ਨੂੰ ਮਿਲੇਗਾ ਹੀ ਅਤੇ ਮੁਨਾਫ਼ੇ ਦੀ ਦੌੜ ਤੇ ਮੰਦੀ ਨਾਲ ਪ੍ਰਭਾਵਿਤ ਮਾਹੌਲ 'ਚ ਕੋਈ ਵੀ ਇਸ ਮੌਕੇ ਨੂੰ ਹੱਥੋਂ ਨਹੀਂ ਗੁਆਉਣਾ ਚਾਹੇਗਾ।

ਬ੍ਰਿਟੇਨ 'ਚ ਯੂਨੀਵਰਸਿਟੀਆਂ ਦੇ ਮੁਖੀ ਰਿਕ ਟ੍ਰੇਨਰ ਕਹਿ ਚੁੱਕੇ ਹਨ ਕਿ ਵਿਸ਼ਵੀ ਉੱਚ ਸਿੱਖਿਆ ਬਾਜ਼ਾਰ ਨੂੰ ਬ੍ਰਿਟੇਨ ਇੱਕ ਮੁੱਖ ਖਿਡਾਰੀ ਹੈ। ਉਹਨਾਂ ਨੇ ਆਪਣੇ ਇੱਥੇ ਆਉਣ ਵਾਲੇ ਵਿਦੇਸ਼ੀ ਵਿਦਿਆਰਥੀਆਂ ਖਾਸ ਕਰਕੇ ਭਾਰਤੀਆਂ ਦੀ ਵਧਦੀ ਗਿਣਤੀ 'ਤੇ ਵਿਸ਼ੇਸ਼ ਖੁਸ਼ੀ ਜਾਹਰ ਕੀਤੀ। ਕਿਹਾ ਜਾ ਰਿਹਾ ਹੈ ਕਿ ਆਪਣੇ ਆਕਾਰ ਤੇ ਸੈਸ਼ਨ 'ਚ ਬ੍ਰਿਟੇਨ ਤੋਂ ਭਾਰੀ ਸਿਰਫ਼ ਅਮਰੀਕਾ ਹੀ ਪੈਂਦਾ ਹੈ। ਜਿੱਥੇ ਵੱਧ ਵਿਦੇਸ਼ੀ ਵਿਦਿ: ਦੀ ਮਦਦ ਲਈ ਸਰਕਾਰੀ ਪੈਸੇ ਨਾਲ ਦਿੱਤੇ ਜਾਣ ਵਾਲੇ ਵਿਦਿਆਰਥੀ ਵਜੀਫ਼ਿਆਂ 'ਚ ਕਟੌਤੀ ਕਰ ਦੇਣ ਦੇ ਸੁਆਲ 'ਤੇ ਵੀ ਬਹਿਸ ਛਿੜ ਗਈ ਹੈ। ਇਹ ਇਮਦਾਦ ਘੱਟ ਹੋਵੇ ਜਾਂ ਨਾ ਪਰ ਭਾਰਤ ਤੇ ਚੀਨ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ। ਮੰਨਿਆ ਜਾ ਰਿਹਾ ਹੈ ਕਿ ਚੀਨ ਤੇ ਭਾਰਤ ਦੇ ਵਿਦਿ: ਦੇ ਇਰਦ ਗਿਰਦ ਹੀ ਵੱਧ ਵਿਦਿ: ਵਜੀਫ਼ੇ ਕੇਂਦਰਿਤ ਕੀਤੇ ਜਾਣਗੇ ਕਿਉਂਕਿ ਖੁਦ ਵਿਦੇਸ਼ ਮੰਤਰੀ ਡੇਵਿਡ ਮਿਲੀਬੈਂਡ ਕਹਿ ਚੁੱਕੇ ਹਨ ਕਿ ਇਹ ਦੋਨੋਂ ਦੇਸ਼ ਬ੍ਰਿਟੇਨ ਦੀ ਭਾਵੀ ਵਿਦੇਸ਼ ਨੀਤੀ ਦੀ ਕਾਮਯਾਬੀ ਲਈ ਮਹੱਤਵਪੂਰਨ ਹੈ। ਅਮਰੀਕਾ ਦੇ ਨਾਲ ਹੀ ਸਮਰਿਕ ਕੂਟਨੀਤਿਕ ਤੇ ਵਪਾਰਕ ਸਭਿਆਚਾਰਕ ਰਿਸ਼ਤਿਆਂ ਦੀ ਪਿੱਠਭੂਮੀ ਇਸ ਆਵਾਜਾਈ ਨਾਲ ਬਣਦੀ ਹੈ। ਸੰਨ 2000 ਤੱਕ ਚੀਨ ਦਾ ਨੰਬਰ ਪਹਿਲਾ ਸੀ। ਖ਼ੈਰ ਅੰਕੜਿਆਂ ਦੀ ਇਸ ਖੇਡ 'ਚ ਦੇਖਣ ਵਾਲੀ ਗੱਲ ਇਹ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਕੀ ਨਸਲ ਭੇਦੀ ਮਾਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਕੀ ਉਹਨਾਂ ਲਈ ਇਕ ਗੋਰੇ ਸਭਿਆਚਾਰ 'ਚ ਤਾਲਮੇਲ ਬਿਠਾਉਣਾ ਮੁਸ਼ਕਿਲ ਹੈ। ਕਈ ਜਾਣਕਾਰਾਂ ਦਾ ਮੰਨਣਾ ਹੈ ਕਿ ਇਕ ਭਾਵਨਾ ਤਾਂ ਰਹਿੰਦੀ ਹੀ ਹੈ ਪਰ ਜੇ ਤੁਸੀਂ ਉਸ ਨੂੰ ਨਜ਼ਰ ਅੰਦਾਜ਼ ਕਰਦੇ ਰਹੇ ਤਾਂ ਹੀ ਠੀਕ ਹੈ ਪਰ ਫੂਡ ਪ੍ਰੋਸੈਸਿੰਗ ਇੰਜਨੀਰਿੰਗ 'ਚ ਅਮਰੀਕਾ ਦੀ ਇਕ ਸੰਸਥਾ ਦੇ ਖੋਜ ਵਿਦਿ: ਅਨੰਦ ਗੁਪਤਾ ਕਹਿੰਦੇ ਹਨ 'ਨਿਜੀ ਅਨੁਭਵ ਦੀ ਗੱਲ ਹੈ, ਮੈਂ ਕਿਸੇ ਤਰ੍ਹਾਂ ਦੀ ਦੁਰਭਾਵਨਾ ਨਹੀਂ ਵੇਖੀ, ਬਲਕਿ ਭਾਰਤੀ ਵਿਦਿ: ਦੀ ਲਗਨ ਤੇ ਮੇਹਨਤ ਦੀ ਕਦਰ ਕੀਤੀ ਜਾਂਦੀ ਹੈ।' ਇਸ ਵਿਸ਼ੇ 'ਚ ਇਕ ਕਿਤਾਬ ਵੀ ਆਈ ਹੈ 'ਰੇਸਿਜ਼ਮ ਸੇਕਸਿਜਮ ਐਂਡ ਦ ਯੂਨੀਵਰਸਿਟੀ'। ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ ਨਾਲ ਜੁੜੇ ਇਕ ਅਧਿਐਨ ਦੇ ਆਧਾਰ 'ਤੇ ਜਿਸ 'ਚ ਨਸਲ ਭੇਦ, ਲਿੰਗ ਭੇਦ ਤੇ ਦੂਜੇ ਪੂਰਵ ਗ੍ਰਹਿਆਂ ਸਬੰਧੀ ਯੂਨੀਵਰਸਿਟੀ ਨਾਂ ਦੀ ਧਾਰਨਾ ਤੇ ਉਸ ਦੀ

ਜਮਾਤਾਂ ਤੇ ਵਿਸ਼ਿਆਂ ਦੇ ਵਰਗ ਚਰਿਤਰ ਦੇ ਸਹਾਰੇ ਮਾਹੌਲੀ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਕੁਝ ਜਾਣਕਾਰ ਸੋਚਦੇ ਹਨ ਕਿ ਵਿਦੇਸ਼ ਜਾ ਕੇ ਪੜ੍ਹਨ ਪਿੱਛੇ ਬ੍ਰਿਤਾਨੀ ਗੁਲਾਮੀ ਦੇ ਆਪਣੇ ਅਤੀਤ ਤੋਂ ਪਿੱਛਾ ਛਡਾਉਣ ਦੀ ਕੋਸ਼ਿਸ਼ ਤੇ ਸੋਚ ਹੈ। ਅਮਰੀਕੀ ਯੂਨੀਵਰਸਿਟੀਆਂ 'ਚ ਸਭ ਤੋਂ ਵੱਧ ਵਿਦੇਸ਼ੀ ਤੇ ਭਾਰਤੀ ਵਿਦਿਆਰਥੀ ਗਿਣਤੀ ਵਾਲੀ ਹੈ, ਯੂਨੀਵਰਸਿਟੀ ਆਫ਼ ਸਦਰਨ ਕੇਲੀਫੋਰਨੀਆ। ਉਥੇ ਇੰਡੀਅਨ ਸਟੂਡੈਂਟ ਇਲਾਇੰਸ ਨਾਂ ਹੇਠ ਵਿਦਿਆਰਥੀਆਂ ਦੀ ਇੱਕ ਜਥੇਬੰਦੀ ਵੀ ਸਰਗਰਮ ਹੈ। ਫੋਬਰਸ ਦੀ ਇਕ ਵੇਬ ਰਿਪੋਰਟ 'ਚ ਇਸ ਸੰਗਠਨ ਦੇ ਮੁਖੀ ਗੌਰਵ ਕੁਮਾਰ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਕੈਰੀਅਰ ਬਣਾਉਣ ਲਈ ਅਮਰੀਕਾ 'ਚ ਸਭ ਤੋਂ ਅੱਛੇ ਪ੍ਰੋਗ੍ਰਾਮ ਹਨ। ਹਾਲਾਂਕਿ 2001 'ਚ ਹਮਲੇ ਪਿੱਛੋਂ ਵੀਜ਼ਾ ਅਮਲ ਸਖ਼ਤ ਹੋਇਆ ਹੈ। ਪਰ ਜਾਣਕਾਰਾਂ ਦਾ ਕਹਿਣਾ ਹੈ ਕਿ ਇਹ ਏਨਾ ਸਖ਼ਤ ਨਹੀਂ ਜਿੰਨਾ ਮੁਸ਼ਕਿਲ ਕਾਲਜ 'ਚ ਦਾਖ਼ਲੇ ਦਾ ਫਾਰਮ ਭਰਨਾ ਹੈ ਅਤੇ ਖੁਸ਼ਹਾਲੀ ਦੇ ਦੌਰ 'ਚ ਅਤੇ ਫਾਇਲ ਦੀ ਦੌੜ ਭੱਜ ਦੇ ਮਾਹੌਲ 'ਚ ਪਸੀਨਾ ਵਹਾਉਣ ਲਈ ਤਿਆਰ ਰਹਿਣਾ ਹੈ। ਬ੍ਰਿਟੇਨ 'ਚ ਦਬੇ-ਛਿਪੇ ਪੱਧਰ 'ਤੇ ਨਸਲ ਭੇਦ ਦੇ ਸਰਗਰਮ ਰਹਿਣ ਦੇ ਸੰਕੇਤ ਮਿਲਦੇ ਰਹੇ ਹਨ। ਇਹ ਆਮ ਨਾਗਰਿਕ ਸਮਾਜ ਵਿਚ ਵੀ ਹੈ ਅਤੇ ਯੂਨੀਵਰਸਿਟੀ ਦੇ ਗਲਹਿਰਿਆਂ ਵਿਚ ਵੀ ਲੰਦਨ ਦੇ ਸੋਆਸ ਸਕੂਲ ਆਫ਼ ਸਾਊਥ ਏਸ਼ੀਅਨ ਸਟੱਡੀਜ਼ 'ਚ ਘੱਟ ਸਮੇਂ ਦੇ ਕੋਰਸ ਦੀ ਵਿਦਿਆਰਥਣ ਰਹੀ ਉਜਵਲਾ ਬੈਨਰਜੀ ਕਹਿੰਦੀ ਹੈ ਕਿ 'ਅੰਗਰੇਜ਼ਾਂ ਦੀ ਬਸਤੀਵਾਦੀ ਮਨੋਬਿਰਤੀ ਤੇ ਸ੍ਰੇਸ਼ਟਤਾ ਦੀ ਗ਼ੰਥੀ ਬਣੀ ਹੋਈ ਹੈ ਜਿਸ ਦੇ ਕਾਰਨ ਕਦੀ ਕਦੀ ਭੈੜੀਆਂ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਆਪ ਮਨ ਮਸੋਸ ਕਰਦੇ ਰਹਿ ਰਹਿ ਜਾਂਦੇ ਹਨ।' ਨਸਲ ਭੇਦ ਦੀਆਂ ਕਾਲਸਾਵਾਂ 'ਤੇ ਕੈਰੀਅਰ ਯੂਨੀਵਰਸਿਟੀ ਤੋਂ ਜਨ ਸੰਚਾਰ ਦੀ ਪੜ੍ਹਾਈ ਕਰ ਚੁੱਕੇ ਇਕ ਵਿਦਿਆਰਥੀ ਦਾ ਕਹਿਣਾ ਹੈ ਕਿ ਇਸ 'ਚ ਕੋਈ ਸ਼ੱਕ ਨਹੀਂ ਕਿ ਪ੍ਰਦੇਸ਼ 'ਚ ਤੁਹਾਡਾ ਬਹੁਤਾ ਸੁਆਗਤ ਨਹੀਂ ਹੁੰਦਾ ਅਤੇ ਇਕ ਪਰਾਇਪਨ ਦਾ ਭਾਵ ਬਣਿਆ ਰਹਿੰਦਾ ਹੈ ਪਰ ਅਸੀਂ ਕੈਰੀਅਰ ਬਣਾਉਣ ਆਉਂਦੇ ਹਾਂ ਅਤੇ ਬੇਹਤਰ ਹੋਵੇ ਕਿ ਇਨ੍ਹਾਂ ਝਮੇਲਿਆਂ 'ਚ ਨਾ ਪਵੋ ਤਾਂ ਕਿ ਰਾਹ ਬੰਦ ਨਾ ਹੋਵੇ।" ਸ਼ਾਇਦ ਮਹਿਮਾਨ ਦੇਸ਼ ਵੀ ਇਹੀ ਮੰਨਦੇ ਹਨ ਕਿ ਇਨ੍ਹਾਂ ਝਮੇਲਿਆਂ ਨਾਲ ਰਸਤੇ ਬੰਦ ਨਾ ਹੋਣ। ਜੇ ਹਿੰਸਕ ਹਮਲੇ ਹੁੰਦੇ ਹਨ ਤਾਂ ਮਹਿਮਾਨ ਦੇਸ਼ ਦੀ ਪੂਰੀ ਮਸ਼ੀਨਰੀ ਡੈਮੇਜ਼ ਕੰਟਰੋਲ ਦੀ ਕਸਰਤ ਵਿਚ ਫੌਰਨ ਜੁਟ ਜਾਂਦੀ ਹੈ। ਜਿਵੇਂ ਕਿ ਇਸ ਮਹੀਨੇ ਵੈਂਕੂਵਰ 'ਚ ਹੋਇਆ ਕੈਨੇਡਾ ਦੇ ਕਿਸ਼ੋਰ ਲੜਕਿਆਂ ਦੇ ਇੱਕ ਗਰੁੱਪ ਨੇ ਘੇਰ ਕੇ ਕੁੱਟਿਆ ਤਾਂ ਪੁਲਿਸ ਨੇ ਫ਼ੌਰਨ ਉਹਨਾਂ ਨੂੰ ਹਿਰਾਸਤ 'ਚ ਲੈ ਲਿਆ ਅਤੇ ਬਿਆਨ ਉੱਪਰ ਬਿਆਨ ਦਿੱਤੇ ਗਏ ਕਿ ਇਹ ਨਸਲੀ ਕਾਰਵਾਈ ਨਹੀਂ ਸੀ ਬਲਕਿ ਉਹ ਅਪਰਾਧੀ ਕਿਸ ਕਿਸਮ ਦੇ ਲੜਕੇ ਸਨ।

ਚਮੜੀ ਦੇ ਰੰਗ 'ਚ ਫਰਕ ਦੀ ਸੌੜੀ ਸੋਚ ਤੋਂ ਕਿਤੇ ਵੱਧ ਅਹਿਮ ਤੇ ਈਰਖਾ ਕਾਰਨ ਟਕਰਾਅ ਪੈਦਾ ਹੋ ਰਹੇ ਹਨ ਅਤੇ ਇਹ ਉਥਲ ਪੁਥਲ ਕਿਸੇ ਨਾ ਕਿਸੇ ਰੂਪ 'ਚ ਪੂੰਜੀ ਬਾਜ਼ਾਰ ਤੋਂ ਵੀ ਪ੍ਰਭਾਵਿਤ ਹੈ। ਜਾਣਕਾਰ ਮੰਨਦੇ ਹਨ ਕਿ ਸੰਘਰਸ਼ ਦੀ ਰਚਨਾ ਨੂੰ ਸਮਝਣ ਦੀ ਲੋੜ ਹੈ। ਇਸ 'ਤੇ ਕਾਬੂ ਪਾਉਣ ਲਈ ਔਜ਼ਾਰ ਵੀ ਹੋਰ ਹੋਣਗੇ ਪਰ ਖੁਸ਼ਹਾਲੀ ਦੇ ਦੌਰ ਦਾ ਕੌੜਾ, ਦੁਖਦਾਈ ਪਰ ਸੁਭਾਵਿਕ ਸਿੱਟਾ ਹੈ।

# ਉੱਚ ਸਿੱਖਿਆ ਸੁਧਰੇ ਤਾਂ ਕਿਵੇਂ?

ਜਦ ਤੱਥ ਖੁਦ ਹੀ ਅਸਲੀਅਤ ਕਰਨ ਤਾਂ ਕਰਨ ਦਿਓ। ਕੁਝ ਤੱਥਾਂ 'ਤੇ ਆਓ ਨਜ਼ਰ ਮਾਰੀਏ : ਸਕੂਲ ਦੀ ਪੜ੍ਹਾਈ ਪੂਰੀ ਕਰਨ ਪਿੱਛੋਂ ਨੌਂ ਸੌ ਵਿਚੋਂ ਸਿਰਫ ਇਕ ਬੱਚਾ ਕਾਲਜ 'ਚ ਦਾਖਲ ਹੁੰਦਾ ਹੈ। ਭਾਰਤ 'ਚ ਉੱਚ ਸਿੱਖਿਆ 'ਚ ਦਾਖਲਾ ਲੈਣ ਦੀ ਦਰ ਬਹੁਤ ਘੱਟ, 11 ਫੀਸਦੀ ਹੈ। ਅਮਰੀਕਾ 'ਚ ਇਹ 83 ਫੀਸਦੀ ਹੈ। 2012 ਤੱਕ ਦਾਖਲੇ ਦੀ ਦਰ 15 ਫੀਸਦੀ ਤੱਕ ਕਰਨ ਲਈ 11ਵੀਂ ਯੋਜਨਾ ਦਾ ਅਨੁਮਾਨ ਹੈ ਕਿ ਭਾਰਤ ਨੂੰ 2,26,410 ਕਰੋੜ ਰੁਪਏ ਨਿਵੇਸ਼ ਕਰਨੇ ਹੋਣਗੇ। ਇਸ ਦੇ ਬਾਵਜੂਦ ਸਿਰਫ 77,933 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ ਜੋ ਕੁਲ ਰਕਮ ਦਾ ਇਕ ਚੌਥਾਈ ਹੈ। ਨੈਸਕਾਮ-ਮਾਕਿੰਸੇ ਦਾ ਤਾਜ਼ਾ ਅਧਿਐਨ ਦੱਸਦਾ ਹੈ ਕਿ ਮਾਨਵਿਕਾਂ 'ਚ ਡਿਗਰੀ ਲੈਣ ਵਾਲੇ 10 ਭਾਰਤੀਆਂ ਵਿਚੋਂ ਸਿਰਫ ਇਕ, ਅਤੇ ਚਾਰ ਇੰਜੀਨੀਰਿੰਗ ਗ੍ਰੈਜੂਏਟ ਵਿਚੋਂ ਸਿਰਫ ਇਕ ਨੌਕਰੀ ਹਾਸਲ ਕਰਨ ਦੇ ਕਾਬਿਲ ਹੁੰਦਾ ਹੈ। ਉਹ ਵੀ ਉਦੋਂ ਜਦ ਭਾਰਤ ਦਾ ਦਾਅਵਾ ਹੈ ਕਿ ਇਥੇ ਤਕਨੀਕ ਵਿਧੀਆਂ ਤੇ ਵਿਗਿਆਨਕਾਂ ਦਾ ਦੁਨੀਆਂ 'ਚ ਇਕ ਵੱਡਾ ਭੰਡਾਰ ਹੈ। ਨੈਸ਼ਨਲ ਅਸੇਸਮੈਂਟ ਐਂਡ ਇਕ੍ਰੀਡਿਟੇਸ਼ਨ ਕਾਊਂਸਿਲ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਕਾਊਂਸਿਲ ਨੇ ਜਿਨ੍ਹਾਂ ਕਾਲਜਾਂ ਤੇ ਯੂਨੀਵਰਸਿਟੀਆਂ ਦੀ ਗ੍ਰੇਡਿੰਗ ਕੀਤੀ, ਉਨ੍ਹਾਂ ਵਿਚੋਂ 90 ਫੀਸਦੀ ਕਾਲਜ ਅਤੇ 70 ਫੀਸਦੀ ਯੂਨੀਵਰਸਿਟੀਆਂ ਔਸਤ ਜਾਂ ਨੀਵੇਂ ਪੱਧਰ ਦੀ ਪੜ੍ਹਾਈ ਕਰਵਾਉਂਦੀਆਂ ਸਨ। ਅਧਿਆਪਕਾਂ ਦੀ ਵੀ ਭਾਰੀ ਕਮੀ ਹੈ, ਇਥੋਂ ਤੱਕ ਕਿ ਆਈ. ਆਈ. ਟੀ. ਫੈਕਲਟੀ ਵਿਚ ਵੀ 15 ਤੋਂ 25 ਫੀਸਦੀ ਦੀ ਘਾਟ ਪਾਈ ਗਈ। ਜ਼ਿਆਦਾਤਰ ਭਾਰਤੀ ਯੂਨੀਵਰਸਿਟੀਆਂ ਪੰਜ ਤੋਂ ਦਸ ਸਾਲਾਂ 'ਚ ਆਪਣਾ ਸਲੇਬਸ ਬਦਲਦੀਆਂ ਹਨ। ਇਸ ਦੇ ਬਾਵਜੂਦ ਉਹ ਪੜ੍ਹਾਈ ਦੇ ਪੱਧਰ ਤੋਂ ਪਿੱਛੇ ਰਹਿੰਦੀਆਂ ਹਨ। ਸਰਕਾਰੀ ਨਿਯਮਾਂ ਤੇ ਏਜੰਸੀਆਂ ਦੀ ਜ਼ਰੂਰਤ ਤੋਂ ਵੱਧ ਗਿਣਤੀ ਦੇ ਕਾਰਨ ਉੱਚ ਸਿੱਖਿਆ ਵਿਚ ਠਹਿਰਾਅ ਤੇ ਭ੍ਰਿਸ਼ਟਾਚਾਰ ਵਿਆਪਕ ਹੋ ਗਿਆ ਹੈ। ਪੰਜਾਹ ਸਾਲਾਂ ਵਿਚ ਯੂਨੀਵਰਸਿਟੀ ਗਰਾਂਟਾਂ ਕਮਿਸ਼ਨ (ਯੂ. ਜੀ. ਸੀ.) ਨੇ ਸਿਰਫ 44 ਨਿੱਜੀ ਅਦਾਰਿਆਂ ਨੂੰ ਡੀਮਡ ਯੂਨੀਵਰਸਿਟੀ ਦਾ ਦਰਜਾ ਦਿੱਤਾ। ਪਿਛਲੇ ਪੰਜ ਸਾਲਾਂ ਵਿਚ ਇਹ ਦਰਜਾ 49 ਸੰਸਥਾਵਾਂ ਨੂੰ ਹੋਰ ਦਿੱਤਾ ਗਿਆ ਜਿਸ 'ਤੇ ਘਪਲੇ ਦੇ ਦੋਸ਼ ਵੀ ਲੱਗੇ। ਅੱਛੀਆਂ ਸੰਸਥਾਵਾਂ ਦੀ ਕਮੀ ਕਾਰਨ ਅੱਛੇ ਕਾਲਜਾਂ ਵਿਚ ਦਾਖਲੇ ਦੇ ਕਟਆਫ ਨੰਬਰ ਬਹੁਤ ਉੱਚੇ ਹੋ ਗਏ। ਇਸ ਸਾਲ ਦਿੱਲੀ ਦੇ ਐਸ. ਆਰ. ਸੀ. ਸੀ. 'ਚ ਬੀ ਕਾਮ (ਆਨਰਜ਼) 'ਚ ਦਾਖਲੇ ਦਾ ਬੋਰਡ ਪ੍ਰੀਖਿਆ ਵਿਚ ਅੱਛੇ ਨੰਬਰ ਲੈਣ ਦੇ ਦਬਾਅ ਦੀ ਵਜ੍ਹਾ ਕਾਰਨ ਆਤਮ ਹੱਤਿਆ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ। ਭਾਰਤੀ ਵਿਦਿਆਰਥੀ ਹੁਣ ਵਿਦੇਸ਼ੀ ਯੂਨੀਵਰਸਿਟੀਆਂ 'ਚ ਪੜਨ 'ਤੇ ਸੱਤ ਅਰਬ ਡਾਲਰ ਖਰਚ ਕਰਦੇ ਹਨ। ਕਿਉਂਕਿ ਦੇਸ਼ ਵਿਚ ਸਿੱਖਿਆ ਦਾ ਪੱਧਰ ਬਹੁਤ ਖਰਾਬ ਹੋ ਗਿਆ ਹੈ। ਇਸ ਦੇ ਬਾਵਜੂਦ ਸਰਕਾਰ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਭਾਰਤ 'ਚ ਆਪਣੇ ਕਾਲਜ ਖੋਲ੍ਹਣ ਦੀ ਇਜਾਜ਼ਤ ਦੇਣ 'ਚ ਹਿਚਕ ਕਚਾ ਰਹੀ ਹੈ। ਸਕੂਲੀ ਸਿੱਖਿਆ ਦਾ ਪੱਧਰ ਨਹੀਂ ਸੁਧਰਿਆ ਹੈ, ਇਕ ਤਾਜ਼ਾ ਅਧਿਐਨ ਤੋਂ ਪਤਾ ਲੱਗਿਆ

ਹੈ ਕਿ ਉਤਰ ਭਾਰਤ ਦੇ ਪੇਂਡੂ ਖੇਤਰਾਂ 'ਚ ਲਗਭਗ ਅੱਧੇ ਸਕੂਲਾਂ 'ਚ ਰੋਜ਼ਾਨਾ ਪੜ੍ਹਾਈ ਨਹੀਂ ਹੁੰਦੀ।

ਤਾਂ ਫਿਕਰ ਕੀ? – ਵਾਕਿਆ ਹੀ ਇਹ ਜਾਨਣਾ ਲਾਜ਼ਮੀ ਹੋਵੇਗਾ ਕਿ ਸਿੱਖਿਆ ਵਿਚ ਇਹ ਸਥਿਤੀ ਤੇ ਸੁਸਤੀ ਕਾਰਨ ਆਖਰ ਭਾਰਤ ਕੀ ਗੁਆ ਰਿਹਾ ਹੈ। ਇਕ ਦਹਾਕੇ ਪਹਿਲਾਂ ਮੈਨੇਜਮੈਂਟ ਗੁਰੂ ਪੀਟਰ ਡ੍ਰਕਰ ਨੇ ਕਿਹਾ ਸੀ, "ਨਾਲਜ ਸੁਸਾਇਟੀ (ਗਿਆਨਵਾਨ ਸਮਾਜ) ਹੁਣ ਤੱਕ ਸੱਤ ਸਮਾਜਾਂ ਦੀ ਤੁਲਨਾ 'ਚ ਵੱਧ ਪ੍ਰਤੀਯੋਗੀ ਹੋ ਜਾਵੇਗਾ..... ਦੁਨੀਆਂ 'ਚ ਕੋਈ ਗਰੀਬ ਦੇਸ਼ ਨਹੀਂ ਹੋਵੇਗਾ, ਸਿਰਫ ਅਗਿਆਨੀ ਦੇਸ਼ ਹੋਣਗੇ। ਇਸ ਤਰ੍ਹਾਂ ਮੁਕਾਬਲੇ 'ਚ ਹਰ ਦੇਸ਼ ਉਦਯੋਗ ਸੰਸਥਾ ਤੇ ਵਿਅਕਤੀ ਦੀ ਸਥਿਤੀ ਗਿਆਨ ਜੁਟਾਉਣ ਅਤੇ ਉਸ ਨੂੰ ਅਮਲ 'ਚ ਲਿਆਉਣ ਦੀ ਉਸ ਦੀ ਯੋਗਤਾ 'ਤੇ ਨਿਰਭਰ ਕਰੇਗੀ।" ਭਾਰਤ ਦੇ ਟੈਲੀਕਾਮ ਖੇਤਰ ਦੇ ਮਹਾਂਰਿਸ਼ੀ ਤੇ ਗਿਆਨ ਕਮਿਸ਼ਨ ਦੇ ਮੁਖੀ ਸੈਮ ਪਿਤ੍ਰੋਦਾ ਨੇ ਹਾਲ 'ਚ ਐਲਾਨ ਕੀਤਾ, "ਅਸਲ 'ਚ ਗਿਆਨ ਹੀ ਹੁਣ ਵਿਸ਼ਵ ਭਾਈਚਾਰੇ, ਵਿਕਾਸ, ਪੂੰਜੀ ਨਿਰਮਾਣ ਅਤੇ ਖੁਸ਼ਹਾਲੀ ਨੂੰ ਗਤੀ ਦੇ ਰਿਹਾ ਹੈ।

ਹਰ ਕੋਈ ਮੰਨਦਾ ਹੈ ਕਿ ਭਾਰਤ ਨੂੰ ਮੁੱਖ ਵਿਸ਼ਵ ਸ਼ਕਤੀ ਬਣਾਉਣਾ ਹੈ ਤਾਂ ਇਥੇ ਉੱਚ ਸਿੱਖਿਆ ਦਾ ਪੱਧਰ ਇਸ 'ਚ ਇਕ ਮਹੱਤਵਪੂਰਨ ਭੂਮਿਕਾ ਅਦਾ ਕਰੇਗਾ। ਇੰਫੋਸਿਸ ਦੇ ਮੁਖੀ, ਐਨ. ਆਰ. ਨਰਾਇਣ ਮੂਰਤੀ ਕਹਿੰਦੇ ਹਨ ਕਿ ਅਮਰੀਕੀ ਸਿੱਖਿਆ ਪ੍ਰਣਾਲੀ ਨੇ ਆਪਣੀਆਂ ਯੂਨੀਵਰਸਿਟੀਆਂ 'ਚ ਖੋਜ ਰਾਹੀਂ ਉਥੇ ਸੈਮੀ ਕੰਡਕਟਰ, ਇੰਫਾਇਸ਼ਨ ਟੈਕਨਾਲੋਜੀ ਤੇ ਬਾਇਓ ਟੈਕਨੋਲੋਜੀ ਵਰਗੇ ਨਵੇਂ ਉਦਯੋਗਾਂ ਦੇ ਵਿਕਾਸ ਵਿਚ ਮਦਦ ਕੀਤੀ ਹੈ, ਫਿਲਹਾਲ ਪੂਰੇ ਸੰਸਾਰ ਵਿਚ ਵਿਗਿਆਨ ਤੇ ਇੰਜਨੀਰਿੰਗ 'ਤੇ ਲਿਖੇ ਜਾਣ ਵਾਲੇ ਇਕ ਤਿਹਾਈ ਲੇਖਾਂ ਦਾ ਸਿਹਰਾ ਅਮਰੀਕਾ ਨੂੰ ਹੀ ਜਾਂਦਾ ਹੈ ਜਦਕਿ ਭਾਰਤ ਖੋਜ ਪੱਤਰਾਂ ਵਿਚ ਸਿਰਫ 3 ਫੀਸਦੀ ਦਾ ਯੋਗਦਾਨ ਦਿੰਦਾ ਹੈ ਜਿੱਥੋਂ ਤੱਕ ਸਾਈਟੇਸ਼ਨ ਦਾ ਸੁਆਲ ਹੈ ਇਸ ਦਾ ਯੋਗਦਾਨ ਇਕ ਫੀਸਦੀ ਤੋਂ ਵੀ ਘੱਟ ਹੈ। ਭਾਰਤ ਇਕ ਪਾਸੇ ਲਾਭ ਦੀ ਸਥਿਤੀ ਵਿਚ ਹੈ। ਜਿਸ ਨੂੰ ਯੂਨੀਕ ਆਈਡੇਂਟੀਫੀਕੇਸ਼ਨ ਅਥਾਰਟੀ ਆਫ ਇੰਡੀਆ ਦੇ ਮੁਖੀ ਨੰਦਨ ਨੀਲੇਕਣੀ ਜਨਸੰਖਿਆ ਸਬੰਧੀ ਬਹੁਤ ਕਹਿੰਦੇ ਹਨ ਉਹ ਇਹ ਕਿ ਭਾਰਤ ਦੀ ਅੱਧੀ ਆਬਾਦੀ 25 ਸਾਲਾਂ ਤੋਂ ਘੱਟ ਉਮਰ ਵਾਲਿਆਂ ਦੀ ਹੈ। ਭਾਰਤ ਨੂੰ ਇਸ ਸਥਿਤੀ ਨੂੰ ਬਦਲਣ ਦੀ ਲੋੜ ਹੈ। ਲਗਭਗ 10 ਫੀਸਦੀ ਜਾਂ 12 ਕਰੋੜ ਨੌਜਵਾਨ 18 ਤੋਂ 23 ਸਾਲ ਦੇ ਵਿਚਕਾਰ ਦੀ ਉਮਰ ਦੇ ਹਨ; ਜੇ ਉਹ ਗਿਆਨ ਤੇ ਕੌਸ਼ਲ ਨਾਲ ਲੈੱਸ ਹੋਣ ਤਾਂ ਭਾਰਤ ਦੀ ਕਿਸਮਤ ਬਦਲ ਸਕਦੇ ਹਨ। ਫਿਰ ਵੀ ਜਿਵੇਂ ਕਿ ਪ੍ਰੋ. ਯਸ਼ਪਾਲ ਦੀ ਪ੍ਰਧਾਨਗੀ ਹੇਠ ਕਮੇਟੀ ਆਨ ਰਿਨੋਵੇਸ਼ਨ ਐਂਡ ਰਿਜ਼ਵਨੇਸ਼ਨ ਆਫ ਹਾਇਰ ਐਜੂਕੇਸ਼ਨ ਦਾ ਕਹਿਣਾ ਹੈ, "ਸਾਡੀ ਸਿੱਖਿਆ ਦੀ ਜ਼ਿਆਦਾਤਰ ਧੂਮਧਾਮ ਨਵੇਂ ਗਿਆਨ ਦੇ ਉਦੈ ਤੇ ਵਿਕਾਸ ਲਈ ਮਨੁੱਖੀ ਦਿਮਾਗ ਦੀਆਂ ਯੋਗਤਾਵਾਂ ਨੂੰ ਚੋਟ ਪਹੁੰਚਾਉਂਦੇ ਹਨ, ਅਸੀਂ ਸੂਚਨਾ ਦੇ ਪ੍ਰਸਾਰਣ 'ਤੇ ਜ਼ੋਰ ਦਿੱਤਾ ਅਤੇ ਸੂਚਨਾ ਨੂੰ ਜਮਾ ਕਰਨ ਦੀ ਯੋਗਤਾ ਨੂੰ ਵਿਕਸਤ ਕੀਤਾ। ਇਸ ਨਾਲ ਗਿਆਨਵਾਨ ਸਮਾਜ ਬਣਨ 'ਚ ਮਦਦ ਨਹੀਂ ਮਿਲਦੀ।"

ਸੁਧਾਰ ਸ਼ੁਰੂ ਤੋਂ ਕਰਨੇ ਚਾਹੀਦੇ ਹਨ : 1991 ਦੇ ਭਾਰੀ ਆਰਥਕ ਸੰਕਟ ਦੇ ਕਾਰਨ ਉਸ ਵੇਲੇ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਉਦਾਰੀਕਰਨ ਲਾਗੂ

ਕੀਤਾ। ਜਿਸ ਨਾਲ ਜ਼ਿਕਰ ਕਰਨਯੋਗ ਵਾਧਾ ਦਰ ਹਾਸਲ ਹੋਈ। ਅੱਜ ਸਿੱਖਿਆ ਖੇਤਰ ਦੇ ਸਾਹਮਣੇ ਲਗਭਗ ਉਹੋ ਜਿਹਾ ਸੰਕਟ ਆ ਖੜਾ ਹੋਇਆ ਹੈ ਅਤੇ ਵੈਸੀਆਂ ਹੀ ਦਿੱਕਤਾਂ ਪੇਸ਼ ਆ ਰਹੀਆਂ ਹਨः ਭ੍ਰਿਸ਼ਟਾਚਾਰ ਨੂੰ ਹੱਲਾ ਸ਼ੇਰੀ ਦੇਣ ਅਤੇ ਪਹਿਲਕਦਮੀ ਤੇ ਵਿਕਾਸ ਨੂੰ ਨਸ਼ਟ ਕਰਨ ਵਾਲੇ ਲਾਇਸੰਸ-ਪਰਮਿਟ ਰਾਜ, ਯੋਜਨਾ ਕਮਿਸ਼ਨ ਦੇ ਮੈਂਬਰ ਡਾ. ਨਰਿੰਦਰ ਜਾਧਵ ਜੋ ਹਾਲ ਤੱਕ ਪੁਣੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਨ, ਇਹ ਵੇਖ ਕੇ ਹੈਰਾਨ ਰਹਿ ਗਏ ਕਿ ਉਥੇ ਸਲੇਬਸ ਨੂੰ ਪਿਛਲੇ 30 ਸਾਲਾਂ ਤੋਂ ਬਦਲਿਆ ਨਹੀਂ ਗਿਆ ਹੈ ਅਤੇ ਅਧਿਆਪਕ ਵੀ ਕਾਲਖੰਡ 'ਚ ਬੰਦ ਹੋ ਕੇ ਰਹਿ ਗਏ ਹਨ। ਉਹ ਕਹਿੰਦੇ ਹਨ ਵੇਲਾ ਵਹਾ ਚੁਕਿਆ ਸਲੇਬਸ ਅਤੇ ਸਿੱਖਿਆ ਤੋਂ ਦੂਰ ਹੋ ਚੁੱਕੇ ਅਧਿਆਪਕ ਉੱਚ ਸਿੱਖਿਆ ਦੇ ਅਸਲੀ ਕਾਤਲ ਹੋ ਸਕਦੇ ਹਨ।" ਜਾਧਵ ਨੇ ਆਪਣੇ ਕਾਰਜਕਾਲ ਦੌਰਾਨ ਹਾਲਾਂਕਿ ਯੂਨੀਵਰਸਿਟੀ ਦੀਆਂ ਖਾਮੀਆਂ ਨੂੰ ਦੂਰ ਕਰਨ ਦਾ ਯਤਨ ਕੀਤਾ, ਉਹ ਮੰਨਦੇ ਹਨ ਕਿ ਪੂਰੇ ਪ੍ਰਬੰਧ ਵਿਚ ਵੀ ਮੁੱਢਲੀ ਤਬਦੀਲੀ ਦੀ ਜ਼ਰੂਰਤ ਹੈ। ਮਨੁੱਖੀ ਵਸੀਲਿਆਂ ਬਾਰੇ ਮੰਤਰੀ ਕਪਿਲ ਸਿਬਲ ਨੇ 'ਇਨਕਲਾਬੀ' ਤਬਦੀਲੀਆਂ ਦਾ ਵਾਅਦਾ ਤਾਂ ਕੀਤਾ ਹੈ ਜਿਸ ਵਿਚ ਜ਼ਰੂਰਤ ਤੋਂ ਵੱਧ ਸਰਕਰੀ ਕੰਟਰੋਲ ਨੂੰ ਹਟਾਉਣਾ ਵੀ ਸ਼ਾਮਲ ਹੈ। ਸਿੱਖਿਆ ਦੇ ਖੇਤਰ ਵਿਚ ਉਦਾਰੀਕਰਨ ਦੇ ਕੀ ਅਰਥ ਹਨ? ਲਗਭਗ ਉਹੀ ਜੋ ਇਸ ਨੇ ਅਰਥਚਾਰੇ ਦੇ ਖੇਤਰ ਵਿਚ ਕੀਤਾ। ਇਸ ਨਾਲ ਸਿੱਖਿਆ ਦੇ ਖੇਤਰ 'ਚ ਦਾਖਲੇ ਦੇ ਇਛੁਕ ਨਵੇਂ ਖਿਡਾਰੀਆਂ ਨੂੰ ਦਾਖਲੇ, ਨਿਕਾਸ ਤੇ ਕੰਮ ਕਰਨ ਦੀ ਸਹੂਲਤ ਮਿਲੇਗੀ, ਸੰਸਾਰ ਪੱਧਰੀ ਪ੍ਰਤਿਭਾ ਵਿਕਾਸ ਦੀ ਕੰਪਨੀ NIIT ਦੇ ਪ੍ਰਧਾਨ ਰਜਿੰਦਰ ਪਵਾਰ ਦਾ ਕਹਿਣਾ ਹੈ ਕਿ "ਨਿਯਮ ਸਿਰਫ ਬਰਾਬਰ ਦੀ ਭਾਗੀਦਾਰੀ ਦੀ ਵਿਵਸਥਾ ਕਰਨ ਲਈ ਹੋਣ, ਹਰ ਚੀਜ਼ ਖਪਤਕਾਰ ਯਾਨੀ ਵਿਦਿਆਰਥੀ ਦੀ ਚੋਣ 'ਤੇ ਹੀ ਛੱਡ ਦੇਣੀ ਚਾਹੀਦੀ ਹੈ।" ਪਵਾਰ ਨੇ NIIT ਦੇ ਸਹਿ ਸੰਸਥਾਪਕਾਂ ਦੇ ਨਾਲ ਮੁਨਾਫਾ ਨਾ ਕਮਾਉਣ ਦੇ ਉਦੇਸ਼ ਨਾਲ ਰਾਜਸਥਾਨ 'ਚ ਇਕ NIIT ਯੂਨੀਵਰਸਿਟੀ ਸਥਾਪਤ ਕੀਤੀ ਹੈ। ਨਰਾਇਣ ਮੂਰਤੀ ਵੀ ਸਿੱਖਿਆ ਸੰਸਥਾਵਾਂ ਨੂੰ 'ਪੂਰਨ ਆਜ਼ਾਦੀ' ਜਾਂ ਖੁਦ ਮੁਖਤਿਆਰੀ ਦੇਣ ਦੇ ਪੱਖ ਵਿਚ ਹੈ ਜਿਸ ਵਿਚ ਦਾਖਲੇ, ਫੈਕਲਟੀ ਦੀ ਨਿਯੁਕਤੀ ਤੇ ਵਿਸਥਾਰ ਦੀਆਂ ਨੀਤੀਆਂ 'ਤੇ ਫੈਸਲਾ ਕਰਨ ਦੀ ਆਜ਼ਾਦੀ ਵੀ ਹੋਵੇ।

ਪਰਮਿਟ ਰਾਜ ਖਤਮ ਹੋਵੇ - ਫਿਲਹਾਲ ਤਾਂ ਭਾਰਤ ਇਕ ਯੂਨੀਵਰਸਿਟੀ ਸਥਾਪਤ ਕਰਨ ਦੇ ਇੱਛੁਕ ਲੋਕਾਂ ਨੂੰ ਨੌਕਰਸ਼ਾਹੀ ਦੀ ਘੁੰਮਣ-ਘੇਰੀ ਰਸਤਿਆਂ ਨੂੰ ਪਾਰ ਕਰਨਾ ਪੈਂਦਾ ਹੈ। ਸਖ਼ਤ ਪੂਰਵ ਸ਼ਰਤਾਂ ਮੰਨਣੀਆਂ ਪੈਂਦੀਆਂ ਹਨ, ਤਕੜੇ ਰਾਜਸੀ ਸੰਪਰਕਾਂ ਦਾ ਜੁਗਾੜ ਕਰਨਾ ਪੈਂਦਾ ਹੈ ਅਤੇ ਕਈ ਮਾਮਲਿਆਂ ਵਿਚ ਵਿਵਾਦਿਤ ਤਰੀਕੇ ਵੀ ਅਪਣਾਉਣੇ ਪੈਂਦੇ ਹਨ। ਸਿੱਖਿਆ ਹਲਕਿਆਂ ਵਿਚ ਇਹ ਚੁਟਕਲਾ ਆਮ ਹੈ ਕਿ ਦਰਖਾਸਤਾਂ 'ਤੇ ਫੈਸਲਾ 'ਮਾਮਲੇ' ਯਾਨੀ ਅਰਜੀ ਦੀ ਯੋਗਤਾ 'ਤੇ ਨਹੀਂ ਬਲਕਿ ਸੂਟਕੇਸ ਦੇ ਆਧਾਰ 'ਤੇ ਹੁੰਦਾ ਹੈ। ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਸਾਬਤ ਕਰਨਾ ਕਠਿਨ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਵਿਵਸਥਾ 'ਤੇ ਸਰਕਾਰ ਦਾ ਲੋੜੋਂ ਵੱਧ ਕੰਟਰੋਲ ਹੈ ਅਤੇ ਪ੍ਰਸ਼ਾਸਨ ਚੁਸਤ ਕੀਤੇ ਜਾਣ ਦੀ ਬਹੁਤ ਵੱਧ ਦਰਕਾਰ ਹੈ, ਕੋਈ ਵੀ ਯੂਨੀਵਰਸਿਟੀ ਜਾਂ ਤਾਂ ਕੇਂਦਰੀ ਜਾਂ ਰਾਜ ਵੱਲੋਂ ਪਾਸ ਕਾਨੂੰਨ ਜ਼ਰੀਏ ਸਥਾਪਤ ਕੀਤੀ ਜਾ ਸਕਦੀ ਹੈ ਜਾਂ ਫਿਰ ਯੂ. ਜੀ. ਸੀ. ਵੱਲੋਂ 'ਡੀਮਡ ਟੂ=ਬੀ' ਸਥਿਤੀ ਰਾਹੀਂ

ਜਿਸ ਦੀ ਹਾਲ ਹੀ 'ਚ ਕਾਫੀ ਦੁਰਵਰਤੋਂ ਹੋਈ ਹੈ। ਇਸ ਸਥਿਤੀ ਤਹਿਤ ਇਨ੍ਹਾਂ ਸੰਸਥਾਵਾਂ ਨੂੰ ਵੱਖ ਵੱਖ ਕੋਰਸ ਸ਼ੁਰੂ ਕਰਨ ਤੇ ਡਿਗਰੀਆਂ ਦੇਣ ਦੀ ਇਜਾਜ਼ਤ ਮਿਲ ਜਾਂਦੀ ਹੈ। ਸੁਪਰੀਮ ਕੋਰਟ ਨੇ ਵੱਖ ਵੱਖ ਫੈਸਲਿਆਂ 'ਚ ਇਹ ਰਾਇ ਜ਼ਾਹਿਰ ਕੀਤੀ ਹੈ ਕਿ ਉੱਚ ਸਿੱਖਿਆ ਨੂੰ ਕਮਾਈ ਦਾ ਜ਼ਰੀਆ ਨਹੀਂ ਬਣਾਇਆ ਜਾਣਾ ਚਾਹੀਦਾ ਹੈ। ਪਰ ਸਿੱਖਿਆ ਕਿਉਂਕਿ ਸਮਵਰਤੀ ਸੂਚੀ ਵਿਚ ਹੈ ਇਸ ਲਈ ਰਾਜਾਂ ਨੇ ਸਿੱਖਿਆ ਨੂੰ ਇਸ ਭਾਵਨਾ ਤੋਂ ਕਿਨਾਰਾ ਕਰਨ ਦੀ ਤਰਕੀਬ ਲੱਭ ਲਈ ਹੈ ਅਤੇ ਪ੍ਰੋਫੈਸ਼ਨਲ ਕਾਲਜਾਂ 'ਚ ਨਿੱਜੀਕਰਨ ਨੇ ਪਿਛਲੇ ਦਰਵਾਜ਼ੇ ਤੋਂ ਧੂਮਧਾਮ ਨਾਲ ਪ੍ਰਵੇਸ਼ ਕਰ ਲਿਆ ਹੈ। ਸਿੱਟੇ ਵਜੋਂ ਮੋਟੀ ਕੈਪੀਟੇਸ਼ਨ ਫੀਸ ਵਸੂਲਣ ਜਾਣ ਦੀ ਪ੍ਰੰਪਰਾ ਪੈ ਗਈ ਹੈ। ਇਸ ਲਈ ਸੁਪਰੀਮ ਕੋਰਟ ਨੂੰ ਇਕ ਵਾਰੀ ਫਿਰ ਭ੍ਰਿਸ਼ਟਾਚਾਰ ਨੂੰ ਰੋਕਣ ਅਤੇ ਬੇਰਹਿਮ ਵਪਾਰੀਕਰਨ 'ਤੇ ਰੋਕ ਲਾਉਣ ਲਈ ਫੈਸਲਾ ਦੇਣਾ ਪਿਆ। ਯਸ਼ਪਾਲ ਦਾ ਮੰਨਣਾ ਹੈ ਕਿ ਮੁਖ ਸਮੱਸਿਆ ਉਸ ਕੰਮ ਚਲਾਊ ਤਰੀਕੇ ਦੀ ਵਜ੍ਹਾ ਨਾਲ ਸੀ ਜਿਸ ਦੇ ਤਹਿਤ ਨਿਆਂਇਕ ਵਿਵਸਥਾ ਸਥਾਪਤ ਕੀਤੀ ਗਈ ਅਤੇ ਸਿੱਟੇ ਵਜੋਂ ਕਈ ਏਜੰਸੀਆਂ ਤਿਆਰ ਹੋ ਗਈਆਂ, ਉਹ ਕਹਿੰਦੇ ਹਨ, 'ਜਲਦੀ ਕੰਮ ਕਰਨ ਲਈ ਇਨ੍ਹਾਂ ਲੋਕਾਂ ਨੇ ਛੋਟੇ-ਛੋਟੇ ਬਕਸੇ ਬਣਾਏ ਅਤੇ ਦੀਵਾਰਾਂ ਖੜੀਆਂ ਕਰ ਦਿੱਤੀਆਂ। ਮੈਡੀਕਲ ਕਾਊਂਸਿਲ ਆਫ ਇੰਡਿਆ ਦਾ ਹੀ ਕੇਸ ਲਓ। ਅਸਲ ਵਿਚ ਇਸ ਨੂੰ ਇਸ ਗੱਲ ਦੀ ਵਿਵਸਥਾ ਕਰਨੀ ਚਾਹੀਦੀ ਹੈ ਕਿ ਡਾਕਟਰ ਬੀਮਾਰ ਲੋਕਾਂ ਦੀ ਸੇਵਾ ਕਰੇ ਨਾ ਕਿ ਉਨ੍ਹਾਂ ਦਾ ਕਤਲ ਪਰ ਇਸ ਨੂੰ ਅਧਿਕਾਰ ਕਿਵੇਂ ਮਿਲ ਗਿਆ ਕਿ ਉਹ ਤਹਿ ਕਰੇ ਕਿ ਮੈਡੀਕਲ ਕਾਲਜਾਂ 'ਚ ਕੀ ਪੜਾਇਆ ਜਾਵੇ ਅਤੇ ਰਾਹ 'ਚ ਅੜਿੱਕੇ ਪੈਦਾ ਕਰੇ?"

ਯਸ਼ਪਾਲ ਦੀ ਸੰਮਤੀ ਨੇ ਹੁਣ ਸੁਝਾਅ ਦਿੱਤਾ ਹੈ ਕਿ ਹੁਣ ਨਿਆਮਕ ਏਜੰਸੀਆਂ ਦੀ ਥਾਂ ਸਰਕਾਰ ਉੱਚ ਸਿੱਖਿਆ ਅਤੇ ਖੋਜ ਲਈ ਇਕ ਆਜ਼ਾਦ ਰਾਸ਼ਟਰੀ ਕਮਿਸ਼ਨ ਦੀ ਸਥਾਪਨਾ ਕਰੇ ਅਤੇ ਸਿੱਖਿਆ ਆਜ਼ਾਦੀ ਅਤੇ ਸੰਸਥਾਗਤ ਖੁਦਮੁਖਤਿਆਰੀ ਦੀ ਪਾਲਣਾ ਲਈ ਬਿਨਾਂ ਨਿਆਮਕ ਸੰਸਥਾ ਵਾਂਗੂੰ ਕੰਮ ਕਰੇ, ਰਾਸ਼ਟਰੀ ਗਿਆਨ ਕਮਿਸ਼ਨ ਨੇ ਵੀ ਕੁਝ ਐਸੀ ਹੀ ਸਿਫਾਰਸ਼ ਕੀਤੀ ਸੀ। ਕਮਿਸ਼ਨ ਤੋਂ ਵਾਜਬੀਅਤ ਅਤੇ ਪੁਸ਼ਟੀ ਦੀ ਅਜਿਹੀ ਵਿਵਸਥਾ ਵਿਕਸਤ ਕਰਨ ਦੀ ਉਮੀਦ ਹੈ ਜੋ ਨਿਰੀਖਣ ਪਿੱਛੋਂ ਮਨਜ਼ੂਰੀ ਦੇਣ ਵਾਲੀ ਸੰਸਥਾ ਦੀ ਥਾਂ ਪਾਰਦਰਸ਼ੀ ਹੋਵੇਗੀ ਅਤੇ ਲੋਕਾਂ ਦੀਆਂ ਨਜ਼ਰਾਂ ਵਿਚ ਹੀ ਰਹੇਗੀ। ਯੂਨੀਵਰਸਿਟੀ ਗਰਾਂਟਸ ਕਮਿਸ਼ਨ ਅਤੇ ਦੂਜੀਆਂ ਨਿਆਮਕ ਏਜੰਸੀਆਂ ਨੂੰ ਨਵੇਂ ਕਮਿਸ਼ਨ ਵਿਚ ਸ਼ਾਮਲ ਕਰ ਲਿਆ ਜਾਵੇਗਾ ਅਤੇ ਇਸ ਦੇ ਸਿੱਖਿਆ ਫਰਜਾਂ ਤੋਂ ਮੁਕਤ ਕਰ ਦਿੱਤਾ ਜਾਵੇਗਾ ਸਿੱਬਲ ਨੇ ਸੰਕੇਤ ਦਿੱਤਾ ਕਿ ਸਰਕਾਰ ਇਨ੍ਹਾਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਦਿਸ਼ਾ ਵਿਚ ਕੰਮ ਕਰੇਗੀ।

ਨਿੱਜੀਕਰਨ ਸਿੱਖਿਆ ਦੇ ਖੇਤਰ 'ਚ ਲੁਕੇ ਛਿਪੇ ਦਾਖਲ ਹੋ ਵੀ ਚੁੱਕਿਆ ਹੈ। ਪਰ ਮੌਜੂਦਾ ਸੰਕਟ 'ਚ ਇਸ ਨੂੰ ਪੂਰੀ ਤਰ੍ਹਾਂ ਖੋਲ੍ਹਣ ਦੀ ਮੰਗ ਰੱਖ ਰਿਹਾ ਹੈ। ਯਸ਼ਪਾਲ ਦਾ ਕਹਿਣਾ ਹੈ, "ਸਿੱਖਿਆ ਨੂੰ ਨਿੱਜੀ ਕਾਰੋਬਾਰ ਵਾਂਗੂੰ ਨਹੀਂ ਚਲਾਇਆ ਜਾਣਾ ਚਾਹੀਦਾ ਜਿਥੇ ਪਰਮੋਟਰ ਖੁਦ ਕੁਲਪਤੀ ਬਣ ਜਾਂਦਾ ਹੈ ਅਤੇ ਫਿਰ ਆਪਣੇ 25 ਸਾਲਾ ਬੇਟੇ ਨੂੰ ਕੁਲਪਤੀ ਬਣਾ ਦਿੰਦਾ ਹੈ।" ਜੇ ਵਿਅਕਤੀ ਦੀ ਦਿਲਚਸਪੀ ਮੁਨਾਫ਼ੇ ਵਿਚ ਹੈ ਤਾਂ ਉਸ ਦੀ ਦਿਲਚਸਪੀ ਅੱਛੀ ਕਿਸਮ ਦੀ ਸਿੱਖਿਆ ਦੇਣ ਵਿਚ ਨਹੀਂ ਹੋਵੇਗੀ ਜਿਵੇਂ ਕਿ ਜੇ ਟਾਟਾ ਕੰਪਨੀ ਦਾ ਇਰਾਦਾ ਮੁਨਾਫਾ ਕਮਾਉਣਾ ਹੈ ਤਾਂ ਉਸ ਦੀ

ਦਿਲਚਸਪੀ ਛੋਟੀ ਕਾਰ ਬਣਾਉਣ ਵਿਚ ਨਹੀਂ ਹੋਵੇਗੀ ਪਰ ਅਸਲ ਵਿਚ ਅੱਛੀ ਛੋਟੀ ਕਾਰ ਬਣਾਉਣ ਵਿਚ ਇਸ ਦੀ ਦਿਲਚਸਪੀ ਦੀ ਵਜ੍ਹਾ ਮੁਨਾਫਾ ਕਮਾਉਣਾ ਹੀ ਹੋ ਸਕਦੀ ਹੈ। ਇਸ ਲਈ ਜੇ ਮੁਨਾਫਾ ਕਮਾਉਣ ਵਾਲੀ ਕੰਪਨੀ ਯੂਨੀਵਰਸਿਟੀ ਸ਼ੁਰੂ ਕਰਦੀ ਹੈ ਤਾਂ ਉਹ ਮੁਨਾਫਾ ਤਾਂ ਜ਼ਰੂਰ ਕਮਾਵੇਗੀ। 11ਵੀਂ ਯੋਜਨਾ 'ਚ ਟੀਚਾ ਰੱਖਿਆ ਗਿਆ ਹੈ ਕਿ 2012 ਤੱਕ ਸਕੂਲ ਪਾਸ ਕਰਨ ਵਾਲੇ ਘੱਟੋ ਘੱਟ 15 ਫੀਸਦੀ ਬੱਚੇ ਕਾਲਜ 'ਚ ਦਾਖਲਾ ਲੈਣ। ਫਿਲਹਾਲ ਇਹ ਦਰ 11 ਫੀਸਦੀ ਹੈ। ਇਸ ਦਾ ਅਰਥ ਇਹ ਹੋਇਆ ਕਿ ਇਸ ਟੀਚੇ ਨੂੰ ਪੂਰਾ ਕਰਨ ਲਈ ਅਗਲੇ ਪੰਜ ਸਾਲਾਂ ਤੱਕ ਦੇਸ਼ ਭਰ 'ਚ 1500 ਨਵੀਆਂ ਯੂਨੀਵਰਸਿਟੀਆਂ ਖੋਹਲੀਆਂ ਜਾਣਗੀਆਂ ਜੋ ਕਿ ਉਨ੍ਹਾਂ ਦੀ ਮੌਜੂਦਾ ਅਵਸਥਾ ਤੋਂ ਪੰਜ ਗੁਣਾ ਹੋਣਗੀਆਂ। ਮਾਹਰਾਂ ਦਾ ਕਹਿਣਾ ਹੈ ਕਿ ਅੱਜ ਦਾ ਮੂਲ ਮੰਤਰ ਹੈ – ਉਦਯੋਗ ਨਾਲ ਜੁੜੀ ਸਿੱਖਿਆ ਜਾਂ ਨੌਕਰੀ ਦੇਣ ਵਾਲੇ ਕੋਰਸ। ਕਿੱਤਾ ਮੁਖੀ ਸਿੱਖਿਆ ਪ੍ਰਤੀ ਨਿਰਣਾਇਕ ਮੰਡਲ ਦੀ ਰੁਚੀ ਵਧਦੀ ਜਾ ਰਹੀ ਹੈ ਕਿਉਂਕਿ ਇਸ ਨੂੰ 'ਹਾਰਨ ਵਾਲਿਆਂ ਦੀ ਪਸੰਦ' ਯਾਨੀ ਉਸ ਵਿਦਿਆਰਥੀ ਦੀ ਪਸੰਦ ਮੰਨਿਆ ਜਾਂਦਾ ਹੈ ਜਿਸ ਨੂੰ ਕਿਧਰੇ ਹੋਰ ਦਾਖਲਾ ਨਾ ਮਿਲੇ। ਭਾਰਤੀ ਉੱਚ ਸਿੱਖਿਆ ਖੇਤਰ 'ਤੇ ਵਿਆਪਕ ਖੋਜ ਕਰਨ ਵਾਲੇ ਆਈ. ਏ. ਐੱਸ. ਅਧਿਕਾਰੀ ਪਵਨ ਅਗਰਵਾਲ ਅਨੁਸਾਰ ਹੁਣ ਅਡੰਬਰਪੂਰਨ ਧਾਰਨਾ ਦੂਰ ਕਰਨ ਦੀ ਲੋੜ ਹੈ ਕਿ ਭਾਰਤੀ ਯੂਨੀਵਰਸਿਟੀਆਂ ਦਾ ਮੁੱਖ ਉਦੇਸ਼ ਅਭਿਜਾਤ ਨਾਗਰਿਕ ਤਿਆਰ ਕਰਨਾ ਹੀ ਹੈ। ਦੁਨੀਆਂ 'ਚ ਹਰ ਥਾਂ ਸਿੱਖਿਆ ਰਾਹੀਂ ਯੋਗਤਾ ਵਿਕਸਤ ਕਰਨ ਪ੍ਰਤੀ ਬਹਿਸ ਕੇਂਦਰਿਤ ਹੋ ਚੁੱਕੀ ਹੈ। ਸਰਕਾਰ ਨੇ ਵੀ ਇਸ ਨੂੰ ਸਿੱਖਿਆ ਵਿਭਾਗ ਕਹਿਣਾ ਬੰਦ ਕਰ ਦਿੱਤਾ ਹੈ ਬ੍ਰਿਟੇਨ ਦੀ ਸਰਕਾਰ ਇਸ ਨੂੰ ਡਿਪਾਰਟਮੈਂਟ ਆਫ ਐਜੂਕੇਸ਼ਨ, ਇਮਪਲਾਈਮੈਂਟ ਤੇ ਵਰਕ ਪਲੇਸ ਰਿਲੇਸ਼ਨ (ਸਿੱਖਿਆ ਰੁਜ਼ਗਾਰ ਤੇ ਕਾਰਜ ਸਥਲ ਵਿਭਾਗ) ਨਾਂ ਦਿੱਤਾ ਹੈ। ਅਸਲੀ ਮੁੱਦਾ ਡਿਗਰੀ ਕੋਰਸਾਂ ਨੂੰ ਉਦਯੋਗਾਂ ਤੇ ਉਨ੍ਹਾਂ ਦੀਆਂ ਜ਼ਰੂਰਤਾਂ ਨਾਲ ਜੋੜਨ ਦਾ ਹੈ, ਕੋਈ ਹੁਨਰ ਵਿਕਸਤ ਕਰਨਾ ਅੱਛੀ ਸਿੱਖਿਆ ਦੀ ਕਸੌਟੀ ਮੰਨਿਆ ਜਾਂਦਾ ਹੈ। ਅਸੀਂ ਹੁਨਰ 'ਤੇ ਹੀ ਧਿਆਨ ਕੇਂਦਰ ਸ਼ੁਰੂ ਕਰਨਾ ਹੈ ਅਤੇ ਉਦਾਰਵਾਦੀ ਕਲਾ ਗ੍ਰੈਜੂਏਟ ਹੀ ਤਿਆਰ ਕਰਨ ਦੀ ਜ਼ਰੂਰਤ ਹੈ ਜੋ ਕੁਝ ਸਾਲ ਕੰਮ ਕਰਨ ਪਿੱਛੋਂ ਵਿਦਿਆਰਥੀ ਨੂੰ ਕਿੱਤਾਮੁਖੀ ਸਿੱਖਿਆ ਤੋਂ ਉੱਚ ਸਿੱਖਿਆ ਵੱਲ ਲੈ ਜਾਣਾ ਲਾਇਕ ਬਣਾ ਸਕੇ।"

NIIT ਦੇ ਪਵਾਰ ਦਾ ਕਹਿਣਾ ਹੈ ਕਿ ਹੁਣ ਸਿੱਖਿਆ 'ਚ ਵਿਕਸਿਤ ਹੋ ਚੁੱਕੀ ਜਾਤੀ ਵਿਵਸਥਾ ਤੋਂ ਛੁਟਕਾਰਾ ਪਾਉਣ ਦਾ ਸਮਾਂ ਆ ਗਿਆ ਹੈ। ਇਸ ਦੇ ਤਹਿਤ ਜੇ ਵਿਦਿਆਰਥੀ ਇਕ ਵਾਰੀ ਕਿੱਤਾ ਮੁਖੀ ਕੋਰਸ ਕਰਨ ਲੱਗਦਾ ਹੈ ਤੇ ਉੱਚ ਸਿੱਖਿਆ ਦੀ ਗੱਡੀ 'ਤੇ ਸਵਾਰ ਹੋ ਜਾਂਦੈ ਤਾਂ ਵਿਵਸਥਾ ਉਸ ਨੂੰ ਉੱਚ ਸਿੱਖਿਆ ਦੇ ਡੱਬੇ 'ਚ ਸਵਾਰ ਹੋਣ ਦਾ ਮੌਕਾ ਨਹੀਂ ਦਿੰਦੀ। ਅਗਰਵਾਲ ਦੋਨੋਂ ਵਿਵਸਥਾਵਾਂ ਨੂੰ ਸਮੇਕਿਤ ਕਰਨ ਤੇ ਕਿੱਤਾਮੁਖੀ ਸਿੱਖਿਆ ਸੰਸਥਾ ਦਾ ਦਰਜਾ ਯੂਨੀਵਰਸਿਟੀ ਪੱਧਰ ਤੱਕ ਵਧਾਉਣ ਦੀ ਸਿਫ਼ਾਰਸ਼ ਕਰਦੇ ਹਨ। ਸਿਬਲ ਚੀਨ ਵਾਂਗੂੰ ਹੀ ਕਿੱਤਾਮੁਖੀ ਕੋਰਸਾਂ 'ਚ ਵਿਆਪਕ ਵਿਸਥਾਰ ਚਾਹੁੰਦੇ ਹਨ। ਜਾਘਟ ਕਹਿੰਦੇ ਹਨ 'ਭਾਰਤ ਨੂੰ ਬਲਿਊ ਕਾਲਰ ਰੁਜ਼ਗਾਰ ਵਾਲੇ ਕਰਮਚਾਰੀਆਂ ਨੂੰ ਤਿਆਰ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਕਿਉਂਕਿ ਉਹ ਵੀ ਦੇਸ਼ ਨੂੰ ਮੁਕਾਬਲੇ 'ਚ ਖੜ੍ਹਾ ਕਰਨ 'ਚ ਮਦਦਗਾਰ

ਹੋਣਗੇ।" ਸਕੂਲ ਦੀ ਪੜ੍ਹਾਈ ਛੱਡਣ ਵਾਲਿਆਂ ਦੀ ਦਰ ਵੀ ਘਟਣੀ ਚਾਹੀਦੀ ਹੈ। ਜੇ ਆਪ ਦੀ ਸਿੱਖਿਆ ਵਿਵਸਥਾ ਅੱਜ ਵੀ 19ਵੀਂ ਸਦੀ ਦੀ ਯੂਨੀਵਰਸਿਟੀ ਵਿਵਸਥਾ ਵਿਕਸਤ ਨਹੀਂ ਕਰ ਸਕਦੇ। ਸਕੂਲਾਂ ਲਈ ਭੌਤਿਕ ਬੁਨਿਆਦੀ ਸਹੂਲਤਾਂ ਵਧਾਉਣ ਦੇ ਭਾਰਤ ਦੇ ਯਤਨ ਸਫਲ ਹੋ ਰਹੇ ਹਨ ਹਾਲ ਦੀ ਮਾਹਰਾਂ ਦੀ ਰਿਪੋਰਟ ਤਾਂ ਇਹੀ ਕਹਿੰਦੀ ਹੈ। 1996-97 'ਚ ਆਜ਼ਾਦ ਮਾਹਰਾਂ ਦੀ ਇਕ ਟੀਮ ਦੀ 'ਪਬਲਿਕ ਰਿਪੋਰਟ ਆਨ ਬੇਸਿਕ ਐਜੂਕੇਸ਼ਨ (ਪ੍ਰੋਬ) ਨੇ ਮੁੱਢਲੇ ਸਕੂਲਾਂ ਦੇ ਸਰਵੇਖਣ ਲਈ ਬਿਹਾਰ, ਮੱਧ ਪ੍ਰਦੇਸ਼ ਰਾਜਸਥਾਨ ਤੇ ਉਤਰ ਪ੍ਰਦੇਸ਼ ਦੇ 200 ਪਿੰਡਾਂ ਦਾ ਦੌਰਾ ਕੀਤਾ, ਦਸ ਸਾਲ ਬਾਅਦ 2006 'ਚ ਟੀਮਾਂ ਬਦਲਾਅ ਵੇਖਣ ਲਈ ਫਿਰ ਉਨ੍ਹਾਂ ਹੀ ਪਿੰਡਾਂ 'ਚ ਗਈਆਂ ਟੀਮਾਂ ਨੇ ਪਾਇਆ ਕਿ ਸਕੂਲਾਂ 'ਚ ਦਾਖਲੇ ਦੀ ਦਰ 'ਚ ਭਾਰੀ ਵਾਧਾ ਹੋਇਆ ਹੈ ਅਤੇ 6-12 ਸਾਲ ਦੀ ਉਮਰ ਵਰਗ ਦੇ 80 ਤੋਂ 95 ਫੀਸਦੀ ਬੱਚੇ ਸਕੂਲ ਜਾਣ ਲੱਗੇ ਹਨ। ਸਕੂਲਾਂ ਦੀਆਂ ਬੁਨਿਆਦੀ ਸਹੂਲਤਾਂ 'ਚ ਸੁਧਾਰ ਹੋਇਆ। ਘੱਟੋ ਘੱਟ ਦੋ ਪੱਕੇ ਕਮਰੇ ਤਾਂ ਬਣੇ। ਤਿੰਨ ਚੌਥਾਈ ਸਕੂਲਾਂ 'ਚ ਪੀਣ ਵਾਲੇ ਪਾਣੀ ਦੀ ਸਹੂਲਤ ਸੀ। ਪਰ ਕਲਾਸਾਂ ਫਿਰ ਵੀ ਖਾਲੀ ਹਨ। ਸਿੱਖਿਆ ਇਕਦਮ ਸਤਰਹੀਣ ਦਿੱਤੀ ਜਾ ਰਹੀ ਹੈ। ਖਾਲੀ ਕਲਾਸਾਂ 'ਚ ਪੜ੍ਹਾਈ ਦੀ ਕੋਈ ਸਰਗਰਮੀ ਨਜ਼ਰ ਨਹੀਂ ਆਈ। ਜਿਥੇ ਅਧਿਆਪਕ ਸਨ ਉਥੇ ਵੀ ਰੱਟਾ ਪੜ੍ਹਾਈ ਦਾ ਹੀ ਜ਼ੋਰ ਸੀ ਤੇ ਨਤੀਜੇ ਨਿਰਾਸ਼ਾਜਨਕ। ਚਾਕ ਤੇ ਬਲੈਕ ਬੋਰਡ ਦੀ ਪੜ੍ਹਾਈ ਵਾਲੇ ਦੌਰ ਨੂੰ ਅਲਵਿਦਾ ਕਹਿਣ ਅਤੇ ਪੇਂਡੂ ਭਾਰਤ ਵਿਚ ਬੁਨਿਆਦੀ ਸਿੱਖਿਆ ਬਦਲਣ ਲਈ ਤਕਨੀਕ ਵਰਤਣ ਦੇ ਪੱਖ 'ਚ ਹਨ। ਦੂਸਰੇ 'ਤੇ ਸ਼ਹਿਰੀ ਖੇਤਰਾਂ ਵਿਚ ਯੋਗ ਅਧਿਆਪਕਾਂ ਤੋਂ ਇਲਾਵਾ ਮੁੱਖ ਸ਼ਿਕਾਇਤ ਸੈਕੰਡਰੀ ਬੋਰਡ ਦੀਆਂ ਤਣਾਅਪੂਰਨ ਪ੍ਰੀਖਿਆਵਾਂ ਸਨ। ਵਿਦਿਆਰਥੀਆਂ ਨੂੰ ਕਾਲਜਾਂ 'ਚ ਦਾਖਲਾ ਦੇਣ ਲਈ ਬੋਰਡ ਇਮਤਿਹਾਨ ਖ਼ਤਮ ਕਰਨੀ ਚਾਹੀਦੀ ਹੈ। ਵੱਧ ਤੋਂ ਵੱਧ ਨੰਬਰ ਲਾਉਣ ਦੇ ਦਬਾਅ ਕਾਰਨ ਦੇਸ਼ ਭਰ 'ਚ ਆਤਮ ਹੱਤਿਆ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਯੂਨੀਵਰਸਿਟੀਆਂ ਨੂੰ ਐਸੇ ਆਜ਼ਾਦ ਮੁਲਅੰਕਣ ਅਵਸਥਾ ਵਿਕਸਤ ਕਰਨੀ ਹੋਵੇਗੀ ਜੋ ਬੋਰਡ ਪ੍ਰੀਖਿਆਵਾਂ 'ਚ ਹਾਸਲ ਨੰਬਰਾਂ ਤੋਂ ਪਰ੍ਹੇ ਵੀ ਕੁਝ ਦੇਖਦੀ ਹੋਵੇ।' ਪ੍ਰੀਖਿਆਵਾਂ ਨੂੰ ਤਣਾਅ ਮੁਕਤ ਕਰਨਾ ਉਨ੍ਹਾਂ ਦੀਆਂ ਤਰਜੀਹਾਂ 'ਚ ਇਕ ਹੈ। ਉਨ੍ਹਾਂ ਦੀ ਯੋਜਨਾ 10ਵੀਂ ਦੀ ਬੋਰਡ ਪ੍ਰੀਖਿਆ ਨੂੰ ਹਟਾਉਣ ਦੀ ਵੀ ਹੈ।

# ਮਜ਼ਬੂਰੀ ਦਾ ਨਾਂ ਆਸਟਰੇਲੀਆ

ਬਾਰਾਂ ਜੂਨ ਦੀ ਰਾਤ ਸਨੀ ਬਜਾਜ ਨੂੰ ਜ਼ਿੰਦਗੀ ਦਾ ਸਭ ਤੋਂ ਖੌਫਨਾਕ ਤਜਰਬਾ ਹੋਇਆ। ਮੈਲਬਰਨ ਦੇ ਪੂਰਬੀ ਹਿੱਸੇ 'ਚ ਰਹਿ ਕੇ ਆਪਣੀ ਪੜ੍ਹਾਈ ਜਾਰੀ ਰੱਖ ਰਹੇ ਡ੍ਰੇਕਿਨ ਯੂਨੀਵਰਸਿਟੀ ਦੇ ਇਸ ਵਿਦਿਆਰਥੀ ਨੂੰ ਕਾਰ 'ਚੋਂ ਖਿੱਚ ਕੇ ਦੋ ਲੜਕਿਆਂ ਨੇ ਬਾਹਰ ਕੱਢਿਆ ਤੇ ਉਸ ਨੂੰ ਗੰਦੀਆਂ ਗਾਲਾਂ ਦਿੱਤੀਆਂ। ਇਸ ਤੋਂ ਪਹਿਲਾਂ ਕਿ ਦਿੱਲੀ ਦਾ ਇਹ ਨੌਜਵਾਨ ਕੁਝ ਸਮਝ ਸਕਦਾ, ਉਸ 'ਤੇ ਨਸਲੀ ਟਿੱਪਣੀਆਂ ਦੇ ਨਾਲ ਨਾਲ ਲੱਤਾਂ ਘਸੁੰਨਾਂ ਦੀ ਬੁਛਾੜ ਹੋ ਗਈ। ਉਸ ਦੇ ਨੱਕ 'ਤੇ ਚੋਟ ਸੀ, ਇਕ ਉਂਗਲੀ ਟੁੱਟ ਗਈ ਸੀ ਤੇ ਪੈਸੇ ਗਾਇਬ ਸਨ। ਇਨ੍ਹੀਂ ਦਿਨੀਂ ਆਸਟਰੇਲੀਆ 'ਚ ਇਹ ਘਟਨਾ ਦੀ ਗੱਲ ਆਈ ਗਈ ਹੋ ਗਈ। ਇਹ ਦੇਸ਼ ਭਾਰਤੀ ਵਿਦਿਆਰਥੀਆਂ ਲਈ ਤਸੀਹਾ ਕੇਂਦਰ ਬਣ ਚੁੱਕਿਆ ਹੈ। ਭਾਰਤੀ ਵਿਦਿਆਰਥੀ ਪੜ੍ਹਾਈ ਲਈ ਬ੍ਰਿਟੇਨ, ਅਮਰੀਕਾ, ਕੈਨੇਡਾ ਵੀ ਜਾਂਦੇ ਹਨ ਪਰ ਆਸਟਰੇਲੀਆ ਉਨ੍ਹਾਂ ਦੀ ਪਹਿਲੀ ਪਸੰਦ ਹੈ। ਆਸਟਰੇਲੀਆ 'ਚ ਕਰੀਬ ਇਕ ਲੱਖ ਭਾਰਤੀ ਪੜ੍ਹ ਰਹੇ ਹਨ। ਪਿਛਲੇ ਇਕ ਸਾਲ ਤੋਂ ਆਸਟਰੇਲੀਆ 'ਚ ਭਾਰਤੀਆਂ 'ਤੇ ਨਸਲ ਭੇਦੀ ਹਮਲੇ ਤੇਜ਼ ਹੋ ਗਏ ਹਨ। ਪੁਲਿਸ ਨੇ ਕਰੀਬ 500 ਛੋਟੇ ਵੱਡੇ ਕੇਸ ਦਰਜ ਕੀਤੇ ਹਨ। ਆਖਰ ਭਾਰਤੀ ਨਸਲ ਭੇਦ ਦਾ ਸ਼ਿਕਾਰ ਕਿਉਂ ਹੁੰਦੇ ਹਨ? ਜੁਆਬ ਹੈ – ਭਾਰਤੀ ਵਿਦਿਆਰਥੀ ਦਾ ਪ੍ਰਤੀਬੱਧ ਤੇ ਮੇਹਨਤੀ ਹੋਣਾ। ਹਕੀਕਤ ਇਹ ਹੈ ਕਿ ਭਾਰਤੀ ਵਿਦਿਆਰਥੀ ਦੀ ਮੌਜੂਦਗੀ ਨਾਲ ਦੁਨੀਆਂ ਦੇ ਕਿਸੇ ਵੀ ਦੇਸ਼ ਦੇ ਸਿਖਿਅਕ ਅਦਾਰਿਆਂ ਦਾ ਪੱਧਰ ਉੱਚਾ ਹੋ ਜਾਂਦਾ ਹੈ। ਇਸ ਦਾ ਅਸਰ ਇਹ ਹੁੰਦਾ ਹੈ ਕਿ ਇਨ੍ਹਾਂ ਸੰਸਥਾਵਾਂ 'ਚ ਦੇਸੀ–ਵਿਦੇਸੀ ਦਾ ਦਾਖਲਾ ਵੀ ਵੱਧ ਹੁੰਦਾ ਹੈ। ਜ਼ਿਆਦਾਤਰ ਭਾਰਤੀ ਵਿਦਿਆਰਥੀ ਵਿਦੇਸ਼ਾਂ 'ਚ ਪੜ੍ਹਾਈ ਦੇ ਖਰਚ ਦਾ ਇਕ ਹਿੱਸਾ ਪਾਰਟ ਟਾਈਮ ਨੌਕਰੀ ਦੇ ਰਾਹੀਂ ਪੂਰਾ ਕਰਦੇ ਹਨ। ਪਾਰਟ ਟਾਈਮ ਨੌਕਰੀ ਕਰਨ ਵਾਲੇ ਲੋਕ ਰਾਤ ਨੂੰ ਸਫਰ ਕਰਦੇ ਹਨ ਅਤੇ ਹਮਲਾਵਰਾਂ ਦੇ ਨਿਸ਼ਾਨੇ 'ਤੇ ਅਸਾਨੀ ਨਾਲ ਆ ਜਾਂਦੇ ਹਨ। ਇਸ ਦਾ ਇਕ ਦੂਜਾ ਪਹਿਲੂ ਵੀ ਹੈ। ਵਿਦੇਸ਼ੀ ਸੰਸਥਾਵਾਂ 'ਚ ਦਾਖਲੇ ਲਈ ਜੋ ਏਜੰਸੀਆਂ ਭਾਰ 'ਚ ਕੰਮ ਕਰਦੀਆਂ ਹਨ, ਉਹ ਸ਼ੁਰੂ 'ਚ ਤਾਂ ਵੱਡੇ ਵੱਡੇ ਵਾਅਦੇ ਕਰਦੀਆਂ ਹਨ ਪਰ ਵਿਦੇਸ਼ੀ ਧਰਤੀ 'ਤੇ ਕਦਮ ਰੱਖਦੇ ਹੀ ਵਿਦਿਆਰਥੀ ਉਨ੍ਹਾਂ ਦੀ ਹਕੀਕਤ ਨਾਲ ਰੂ–ਬ–ਰੂ ਹੋਣ ਲੱਗਦੇ ਹਨ। ਆਸਟਰੇਲੀਆ ਵਿਚ ਤਾਂ ਬਹੁਤੇ ਅਦਾਰਿਆਂ ਦਾ ਆਪਣਾ ਹੋਸਟਲ ਵੀ ਨਹੀਂ ਹੈ। ਦਾਖਲੇ ਤੋਂ ਪਹਿਲਾਂ ਵਿਦਿਆਰਥੀ ਰਹਿਣ ਦੀ ਸਹੂਲਤ ਸਬੰਧੀ ਨਿਰਭਰ ਰਹਿੰਦੇ ਹਨ ਪਰ ਦਾਖਲਾ ਲੈਣ ਪਿੱਛੋਂ ਇਹ ਸਭ ਤੋਂ ਵੱਡੀ ਸਮੱਸਿਆ ਬਣ ਜਾਂਦੀ ਹੈ। ਬਹੁਤੇ ਵਿਦਿਆਰਥੀ ਨੂੰ ਉਪਨਗਰੀ ਇਲਾਕਿਆਂ 'ਚ ਕਿਰਾਏ 'ਤੇ ਰਹਿਣਾ ਪੈਂਦਾ ਹੈ। ਸ਼ੁਰੂਆਤ 'ਚ ਉਨ੍ਹਾਂ ਨੂੰ ਹੋਸਟਲ ਦਾ ਝਾਂਸਾ ਦਿੱਤਾ ਜਾਂਦਾ ਹੈ। ਬਾਅਦ 'ਚ ਉਨ੍ਹਾਂ ਨੂੰ ਇਕ ਪੈਸੇ ਦੀ ਵੀ ਵਿਤੀ ਸਹਾਇਤਾ ਨਹੀਂ ਮਿਲਦੀ। ਇਸੇ ਕਾਰਨ ਬਹੁਤਿਆਂ ਕੋਲ ਰਾਤ ਦੀ ਸ਼ਿਫਟ 'ਚ ਕੰਮ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ਦੱਖਣੀ ਆਸਟਰੇਲੀਆ ਦੇ ਵਿਕਟੋਰੀਆ 'ਚ ਵੱਡੀ ਗਿਣਤੀ 'ਚ ਭਾਰਤੀ ਵਿਦਿਆਰਥੀ

ਹਨ। ਸਭ ਪਾਰਟ ਟਾਈਮ ਨੌਕਰੀ ਕਰਦੇ ਹਨ। ਕੁਝ ਵਿਦਿਆਰਥੀ 24 ਘੰਟੇ ਚੱਲਣ ਵਾਲੇ ਸਰਵਿਸ ਸਟੇਸ਼ਨਾਂ 'ਤੇ ਕੰਮ ਕਰਦੇ ਹਨ ਤਾਂ ਕੁਝ ਸਵੇਰੇ-ਸਵੇਰੇ ਅਖਬਾਰ ਵੰਡਦੇ ਹਨ। ਪਹਿਲਾਂ ਇਹ ਕੰਮ ਇਟਲੀ, ਯੂਨਾਨ ਤੇ ਵੀਅਤਨਾਮ ਦੇ ਨੌਜਵਾਨ ਕਰਦੇ ਸਨ ਪਰ ਘੱਟ ਪੈਸਿਆਂ 'ਚ ਕੰਮ ਕਰਨ ਲਈ ਰਜ਼ਾਮੰਦ ਹੋ ਜਾਣ ਦਾ ਰੁਝਾਣ ਤੇ ਮੇਹਨਤੀ ਹੋਣ ਕਰਕੇ ਇਨ੍ਹਾਂ ਦੀ ਥਾਂ ਹੁਣ ਭਾਰਤੀਆਂ ਨੇ ਲੈ ਲਈ ਹੈ। ਇੱਥੋਂ ਤੱਕ ਕਿ ਆਸਟਰੇਲੀਆਈ, ਅਮਰੀਕਾ ਜਾਂ ਬ੍ਰਿਟਿਸ਼ ਮੱਧਵਰਗੀ ਸਮਾਜ ਲਈ ਨੌਜਵਾਨ ਭਾਰਤੀ ਚੁਣੌਤੀ ਬਣ ਗਏ ਹਨ। 12 ਜੂਨ ਨੂੰ ਸ਼ਿਕਾਗੋ 'ਚ ਹੈਲਥ ਕੇਅਰ 'ਤੇ ਆਯੋਜਿਤ ਇਕ ਸੈਮੀਨਾਰ 'ਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਭਾਸ਼ਣ ਨਾਲ ਇਹ ਵੀ ਜ਼ਾਹਿਰ ਹੁੰਦਾ ਹੈ ਕਿ ਅਮਰੀਕੀ ਹੁਣ ਮੱਧ ਦਰਜੇ ਦੀ ਜ਼ਿੰਦਗੀ ਜਿਉਣ ਦੇ ਆਦੀ ਹੋ ਗਏ ਹਨ। ਜਦ ਗੱਲ ਵਿਗਿਆਨ ਦੀ ਹੁੰਦੀ ਹੈ ਤਾਂ ਸਾਡੇ ਬੱਚੇ ਕਿਧਰੇ ਨਹੀਂ ਖੜਦੇ। ਪਿਛਲੇ ਨੌਂ ਸਾਲਾਂ 'ਚ ਅਮਰੀਕਾ ਸਭ ਤੋਂ ਖੁਸ਼ਹਾਲ ਦੇਸ਼ ਸਿਰਫ ਇਸ ਵਜ੍ਹਾ ਕਰਕੇ ਬਣ ਗਿਆ ਕਿ ਉਹ ਸਭ ਤੋਂ ਵੱਧ ਪੜ੍ਹਿਆ ਲਿਖਿਆ ਦੇਸ਼ ਰਿਹਾ ਹੈ ਪਰ ਅੱਜ ਅਮਰੀਕੀ ਨੌਜਵਾਨ ਵੀਡੀਓ ਗੇਮ ਖੇਡਣ 'ਚ ਰੁੱਝੇ ਦਿਸਦੇ ਹਨ ਅਤੇ ਭਾਰਤੀ ਬੱਚੇ ਪੜ੍ਹਾਈ 'ਚ ਆਸਟਰੇਲੀਆ ਭੂਗੋਲਿਕ ਨਜ਼ਰੀਏ ਤੋਂ ਭਾਰਤ ਦੇ 28 ਵੇਂ ਰਾਜ ਝਾਰਖੰਡ ਤੋਂ 100 ਗੁਣਾ ਵੱਡਾ ਹੈ ਪਰ ਆਬਾਦੀ 'ਚ ਝਾਰਖੰਡ ਤੋਂ ਇਕ ਕਰੋੜ ਘੱਟ ਹੈ। ਝਾਰਖੰਡ ਦੀ ਆਬਾਦੀ ਤਿੰਨ ਕਰੋੜ ਦੇ ਕਰੀਬ ਹੈ ਅਤੇ ਆਸਟਰੇਲੀਆ ਦੀ ਕੁਲ ਆਬਾਦੀ ਦੋ ਕਰੋੜ। ਇਸ ਵਿਚ ਪੰਜਾਹ ਫੀਸਦੀ ਤਾਂ ਮੱਧ ਵਰਗ ਹੀ ਹੈ। ਯਾਨੀ ਇਕ ਕਰੋੜ ਆਬਾਦੀ ਲਈ ਸਥਾਨਕ ਕਿੱਤਾ ਹੀ ਰੋਟੀ ਰੋਜ਼ੀ ਦਾ ਸਾਧਨ ਹੈ। ਭਾਰਤੀਆਂ ਤੋਂ ਮਿਲਣ ਵਾਲੀ ਅਸਥਾਈ ਸੇਵਾ ਆਸਟਰੇਲੀਆ ਤੇ ਹੋਰ ਦੇਸ਼ਾਂ ਦੀ ਜ਼ਰੂਰਤ ਨੂੰ ਕੁਝ ਹੱਦ ਤੱਕ ਪੂਰਾ ਕਰ ਦਿੰਦੀ ਹੈ। ਭਾਰਤੀਆਂ ਦੀ ਵਧਦੀ ਮੰਗ ਸਥਾਨਕ ਲੋਕਾਂ 'ਚ ਈਰਖਾ ਪੈਦਾ ਕਰਦੀ ਹੈ, ਆਏ ਦਿਨ ਉਹ ਹਿੰਸਕ ਹੋ ਰਹੇ ਹਨ। ਅਜਿਹਾ ਨਹੀਂ ਹੈ ਕਿ ਵਿਦੇਸ਼ਾਂ 'ਚ ਪੁਲਸ ਦੰਗਾਕਾਰੀਆਂ ਦੇ ਨਾਲ ਹੈ ਜਾਂ ਸਰਕਾਰ ਦੇ ਕੰਨ 'ਚ ਤੇਲ ਪਾ ਰੱਖਿਆ ਹੈ। ਕਾਰਵਾਈ ਦੀ ਮੱਠੀ ਰਫ਼ਤਾਰ ਦੀ ਇਕ ਵਜ੍ਹਾ ਇਹ ਵੀ ਹੈ ਕਿ ਜਿਨ੍ਹਾਂ ਲੋਕਾਂ ਨਾਲ ਨਸਲੀ ਦੁਰਵਿਹਾਰ ਹੁੰਦਾ ਹੈ, ਉਹ ਖੁੱਲ੍ਹ ਕੇ ਸਾਹਮਣੇ ਨਹੀਂ ਆਉਂਦੇ। ਬਹੁਤੇ ਵਿਦਿਆਰਥੀ ਤਾਂ ਪੁਲਸ 'ਚ ਕੇਸ ਰਜਿਸਟਰ ਕਰਵਾਉਣ ਤੱਕ ਵੀ ਨਹੀਂ ਜਾਂਦੇ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਪੜ੍ਹਾਈ ਨਾ ਅਧੂਰੀ ਰਹਿ ਜਾਵੇ। ਮੁਕੱਦਮੇਬਾਜੀ ਕਾਰਨ ਉਨ੍ਹਾਂ ਨੂੰ ਆਪਣੀ ਸੰਸਥਾ ਤੋਂ ਲੀਵਿੰਗ ਸਰਟੀਫਿਕੇਟ ਮਿਲਣ ਦਾ ਡਰ ਹਮੇਸ਼ਾ ਸਤਾਉਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਉਹ ਜਿਥੇ ਰਹਿੰਦੇ ਹਨ ਉਥੋਂ ਉਨ੍ਹਾਂ ਨੂੰ ਪੁਲਿਸ ਕੇਸ ਪਿੱਛੋਂ ਹਟਾਇਆ ਜਾ ਸਕਦਾ ਹੈ। ਅਜਿਹੇ ਕਈ ਹੁਕਮ ਵਿਦੇਸ਼ 'ਚ ਭਾਰਤੀਆਂ ਦੇ ਮਨਾਂ 'ਚ ਸਮਾਏ ਰਹਿੰਦੇ ਹਨ ਇਸ ਲਈ ਕਈ ਵਾਰੀ ਕੁਝ ਵੱਡੇ ਮਾਮਲੇ ਵੀ ਸਾਹਮਣੇ ਨਹੀਂ ਆਉਂਦੇ ਅਮਰੀਕਾ ਮਸ਼ਹੂਰ ਪੱਤ੍ਰਿਕਾ ਫੋਬਰਸ ਅਨੁਸਾਰ ਭਾਰਤੀ ਵਿਦਿਆਰਥੀ ਵਿਦੇਸ਼ 'ਚ ਪੜ੍ਹਾਈ ਲਈ ਹਰ ਸਾਲ 13 ਅਰਬ ਡਾਲਰ ਖਰਚ ਕਰਦੇ ਹਨ। ਹੁਣ ਸੁਆਲ ਇਹ ਉੱਠਦਾ ਹੈ ਕਿ ਆਖਰ ਏਨਾ ਕੁਝ ਸਹਿ ਕੇ ਵਿਦੇਸ਼ 'ਚ ਪੜ੍ਹਨ ਦੀ ਕੀ ਮਜ਼ਬੂਰੀ ਹੈ? ਦਰਅਸਲ ਇਹ ਭਾਰਤ ਦੀ ਉੱਚ ਸਿੱਖਿਆ ਪ੍ਰਣਾਲੀ ਦੀ ਬਦਹਾਲੀ ਹੈ। ਜੋ ਪ੍ਰਤਿਭਾ ਦੀ ਹਿਜ਼ਰਤ ਨੂੰ ਰੋਕ ਨਹੀਂ ਸਕੀ ਹੈ। ਜੋ ਮੁਠੀਭਰ ਉਚ ਪੱਧਰੀ ਸਿੱਖਿਆ ਅਦਾਰੇ ਭਾਰਤ ਵਿਚ ਵੀ ਹਨ, ਉਨ੍ਹਾਂ 'ਚ ਵਿਦਿਆਰਥੀ ਦੀ

ਵਧਦੀ ਗਿਣਤੀ ਦੇ ਮੁਕਾਬਲੇ ਸੀਟਾਂ ਘੱਟ ਹਨ। ਇਹੀ ਵਜ੍ਹਾ ਹੈ ਕਿ ਇਥੋਂ ਦੇ ਵਿਦਿਆਰਥੀ ਆਸਟਰੇਲੀਆ, ਨਿਊਜੀਲੈਂਡ ਤੇ ਸਿੰਗਾਪੁਰ ਵਰਗੇ ਦੇਸ਼ਾਂ 'ਚ ਪੜਨ ਜਾ ਰਹੇ ਹਨ ਭਾਰਤ ਵਿਚ ਉਸ ਸਿੱਖਿਆ ਨੂੰ ਬਾਜ਼ਾਰ ਦੇ ਭਰੋਸੇ ਛੱਡ ਦਿੱਤਾ ਗਿਆ ਹੈ। ਸਰਕਾਰ ਹਮੇਸ਼ਾ ਕੱਚਾ ਹੱਲ ਲੱਭਦੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਲਈ ਦੇਸ਼ ਦੇ ਦਰਵਾਜੇ ਖੋਲ੍ਹੇ ਜਾ ਰਹੇ ਹਨ। ਆਸਟਰੇਲੀਆ, ਕੈਨੇਡਾ 'ਚ ਹਾਲ ਹੀ ਵਿਚ ਹੋਏ ਨਸਲੀ ਹਮਲਿਆਂ ਪਿੱਛੋਂ ਭਾਰਤ ਸਰਕਾਰ ਨੇ ਆਪਣੇ ਰੁਖ 'ਚ ਥੋੜ੍ਹੀ ਤਬਦੀਲੀ ਲਿਆਉਣ ਦਾ ਸੰਕੇਤ ਦਿੱਤਾ ਹੈ ਪਰ ਇਸ ਨਾਲ ਸਥਿਤੀ 'ਚ ਸੁਧਾਰ ਨਹੀਂ ਹੋਣਾ ਵਿਦੇਸ਼ 'ਚ ਪੜਨ ਵਾਲੇ ਸਾਰੇ ਭਾਰਤੀ ਨੌਜਵਾਨਾਂ ਦਾ ਭਵਿੱਖ ਉਜਵਲ ਹੋਵੇਗਾ ਐਸੀ ਗੱਲ ਨਹੀਂ ਹੈ। ਆਰਥਕ ਮੰਦੀ ਦੇ ਇਸ ਦੌਰ ਵਿਚ ਵਿਦੇਸ਼ 'ਚ ਨੌਕਰੀ ਮਿਲਣਾ ਹੋਰ ਔਖਾ ਹੋ ਗਿਆ ਹੈ। ਯੂਨੀਵਰਸਿਟੀ ਆਫ ਕੈਲੀਫੋਰਨੀਆ, ਬਰਕਲੇ ਵੱਲੋਂ ਕਰਾਏ ਗਏ ਇਕ ਅਧਿਐਨ ਮੁਤਾਬਕ 84 ਫੀਸਦੀ ਭਾਰਤੀ ਵਿਦਿਆਰਥੀਆਂ ਦਾ ਮਤ ਹੈ ਕਿ ਅਮਰੀਕਾ 'ਚ ਉਨ੍ਹਾਂ ਦੇ ਅਧਿਐਨ ਨਾਲ ਜੁੜੇ ਖੇਤਰ 'ਚ ਨੌਕਰੀ ਹਾਸਲ ਕਰਨਾ ਨਾ-ਮੁਮਕਿਨ ਹੈ। ਵਿਦਿਆਰਥੀਆਂ ਨੂੰ ਕਰਜਾ ਦੇਣ ਸਬੰਧੀ ਕਰਜ ਦਾਤਿਆਂ ਨੇ ਵੀ ਆਪਣੇ ਹੱਥ ਘੁੱਟ ਲਏ ਹਨ। ਅਮਰੀਕੀ ਬੈਂਕਾਂ ਤੋਂ ਮਿਲਣ ਵਾਲੇ ਕਰਜੇ 'ਤੇ ਨਿਰਭਰ ਪਹਿਲੇ ਸਾਲ ਦੇ ਵਿਦਿਆਰਥੀ ਦੁਵਿਧਾ 'ਚ ਹਨ ਕਿਉਂਕਿ ਬੈਂਕ ਗਰੰਟੀ ਨਾ ਦੇਣ 'ਤੇ ਕਰਜਾ ਦੇਣ ਤੋਂ ਇਨਕਾਰ ਕਰ ਰਹੇ ਹਨ। ਨਾਲ ਹੀ ਨਾਲ ਵੀਜਾ ਨਾਲ ਜੁੜੀਆਂ ਪਬੰਦੀਆਂ ਕਾਰਨ ਵਿਦੇਸ਼ 'ਚ ਪੜਨ ਵਾਲੇ ਵਿਦਿਆਰਥੀਆਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਭੇਦਭਾਵ ਤੇ ਨਸਲਭੇਦ ਦੀ ਮਾਰ ਝੱਲ ਰਹੇ ਵਿਦਿਆਰਥੀਆਂ ਲਈ ਆਸਟਰੇਲੀਆ ਅਮਰੀਕਾ ਵਰਗਾ ਸਿੱਖਿਆ ਪੱਧਰ ਭਾਰਤ 'ਚ ਕਾਇਮ ਕਰਨਾ ਸਮੇਂ ਦੀ ਮੰਗ ਹੈ।

# ਯੂਰਪ 'ਚ ਜੂਝਦੇ ਭਾਰਤੀ ਵਿਦਿਆਰਥੀ

ਇਕ ਪਾਸੇ ਯੂਰਪ 'ਚ ਪੜ੍ਹਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਤਾਂ ਦੂਜੇ ਪਾਸੇ ਮੰਦੀ ਦੇ ਇਸ ਦੌਰ ਵਿਚ ਰੰਗਭੇਦ ਸਿਰ ਉਠਾਉਣ ਲੱਗਿਆ ਹੈ ਇਸ ਦਾ ਸਾਹਮਣਾ ਕਦੇ-ਕਦਾਈਂ ਭਾਰਤੀ ਵਿਦਿਆਰਥੀਆਂ ਨੂੰ ਕਰਨਾ ਪੈਂਦਾ ਹੈ।

29 ਅਗਸਤ 2007 ਜਰਮਨੀ ਦੇ ਸੈਕਸੋਨੀ ਪ੍ਰਾਂਤ ਮੁਗਲਨ ਸ਼ਹਿਰ। 50 ਦੇ ਕਰੀਬ ਜਰਮਨ ਲੋਕਾਂ ਦਾ ਸਮੂਹ ਸੜਕਾਂ 'ਤੇ ਸਮਾਨ ਵੇਚ ਰਹੇ ਭਾਰਤੀਆਂ 'ਤੇ ਹਮਲਾ ਕਰ ਦਿੰਦਾ ਹੈ। ਭਾਰਤੀਆਂ ਦੀ ਗਿਣਤੀ 8 ਹੈ। ਉਹ ਜਾਨ ਬਚਾਉਣ ਲਈ ਭੱਜਦੇ ਹਨ। ਜਰਮਨ ਭੀੜ ਗਲੀਆਂ 'ਚ ਉਨ੍ਹਾਂ ਦਾ ਪਿੱਛਾ ਕਰਦੀ ਹੈ। 'ਵਿਦੇਸ਼ੀਓ ਬਾਹਰ ਜਾਓ, ਜਰਮਨੀ, ਜਰਮਨੀ ਦੇ ਲਈ ਹੈ।' ਇਸੇ ਤਰ੍ਹਾਂ ਨਾਲ ਸਭ ਭਾਰਤੀ ਕਿਸੇ ਹੋਰ ਭਾਰਤੀ ਦੀ ਦੁਕਾਨ 'ਚ ਸ਼ਰਨ ਲੈਂਦੇ ਹਨ। ਪਿੱਛੋਂ ਪੁਲਸ ਉਨ੍ਹਾਂ ਨੂੰ ਬਚਾਉਂਦੀ ਹੈ।

ਨੌਂ ਮਾਰਚ 2009। ਜਰਮਨੀ ਦਾ ਉਹੀ ਸ਼ਹਿਰ ਇਕ ਪਿਤਜ਼ਾ ਰੈਸਟੋਰੈਂਟ ਵਿਚ ਅੱਧੀ ਰਾਤ ਸਮੇਂ ਕੁਝ ਜਰਮਨ ਨੌਜਵਾਨ ਅਚਾਨਕ ਹਮਲਾ ਕਰ ਦਿੰਦੇ ਹਨ। ਰੈਸਟੋਰੈਂਟਾਂ ਵਿਚ ਕੰਮ ਕਰਨ ਵਾਲੇ ਦੋ ਭਾਰਤੀਆਂ ਨੂੰ ਖਿੱਚ ਕੇ ਬਾਹਰ ਲਿਆਉਂਦੇ ਹਨ। ਗੰਦੀਆਂ ਗਾਲਾਂ ਦਿੰਦੇ ਹਨ ਅਤੇ ਬੈਲਟ ਨਾਲ ਉਨ੍ਹਾਂ ਨੂੰ ਮਾਰਦੇ ਹਨ। ਇਸ ਹਮਲੇ 'ਚ ਇਕ ਦਾ ਨੱਕ ਟੁੱਟ ਜਾਂਦਾ ਹੈ। ਸੰਨ 2009 'ਚ ਆਸਟਰੇਲੀਆ ਦੀਆਂ ਘਟਨਾਵਾਂ ਤੋਂ ਪਹਿਲਾਂ ਅਮਰੀਕਾ 'ਚ ਭਾਰਤੀ ਇੰਜਨੀਅਰਾਂ ਤੇ ਵਿਦਿਆਰਥੀਆਂ ਦੀ ਹੱਤਿਆ ਦੇ ਮਾਮਲੇ ਸੁਰਖੀਆਂ ਵਿਚ ਰਹੇ ਹਨ ਅਤੇ ਦੁਨੀਆਂ ਭਰ ਵਿਚ ਖਾਸ ਕਰਕੇ ਯੂਰਪ ਵਿਚ ਪੜ੍ਹਾਈ ਲਈ ਆਏ ਭਾਰਤੀ ਨੌਜਵਾਨਾਂ ਸਹਿਜੇ ਹੀ ਇਕ ਅਣਚਾਹੇ ਡਰ 'ਚ ਘਿਰ ਗਏ ਹਨ। ਬਾਜ਼ਾਰ ਤੇ ਵਿਤੀ ਪ੍ਰਬੰਧ ਵੀਹਵੀਂ ਸਦੀ ਦਾ ਅੰਤ ਸਨ। ਉਨ੍ਹਾਂ ਦਾ ਇਹ ਪਿੰਡ ਤਾਂ ਬਣ ਗਿਆ ਪਰ ਉਥੇ ਸਿਰਫ਼ ਉਦਯੋਗ ਤੇ ਖੁਸ਼ਹਾਲੀ ਤੇ ਪੈਸੇ ਦਾ ਬੋਲਬਾਲਾ ਹੈ। ਨਾਗਰਿਕਤਾਵਾਂ ਤੇ ਕੌਮੀ ਉਚਤਾਵਾਂ ਦੇ ਅਹਿਮ ਦੇ ਟਕਰਾਅ ਤੋਂ ਅਛੂਤੀ ਚਹਿਲ ਪਹਿਲ ਇਸ ਕਥਿਤ ਪਿੰਡ ਵਿਚ ਨਹੀਂ ਹੈ ਅਤੇ ਜਿਸ ਨੂੰ ਗਲੋਬਲ ਵਿਲੇਜ ਕਿਹਾ ਜਾ ਰਿਹਾ ਹੈ। ਇਹ ਦੁਨੀਆਂ ਹੁਣ ਵੀ ਆਪਣੀਆਂ ਕੁੰਠਾਵਾਂ, ਮੁਸ਼ਕਲਾਂ ਤੇ ਅੰਤਰ-ਵਿਰੋਧਾਂ 'ਚ ਵੰਡੀ ਹੋਈ ਹੈ। ਭਾਰਤੀ ਵਿਦਿਆਰਥੀਆਂ 'ਤੇ ਹੋ ਰਹੇ ਹਮਲੇ ਇਸ ਦੁਨੀਆਂ ਦੇ ਇਨ੍ਹਾਂ ਅੰਤਰ ਵਿਰੋਧਾਂ ਦੀ ਉਪਜ ਹਨ ਜਿਥੇ ਜਾਤੀ ਤੇ ਨਸਲੀ ਉਚਤਾ ਦੀ ਲੜਾਈ ਤੋਂ ਵੱਧ ਵੱਡਾ ਸੰਘਰਸ਼ ਮੌਕਿਆਂ ਦੇ ਮੁਹੱਈਆ ਨਾ ਹੋਣਾ ਹੈ। ਜਰਮਨੀ ਵਰਗੇ ਖੂੰਖਾਰ ਇਤਿਹਾਸ ਵਾਲੇ ਦੇਸ਼ਾਂ ਵਿਚ ਮੌਕੇ ਖੋਹੇ ਜਾਣ ਦੀ ਈਰਖਾ ਨਸਲ-ਭੇਦ ਦੀ ਅੱਗ ਨਾਲ ਭੜਕਾ ਰਹੀ ਹੈ। ਦੂਜੇ ਪਾਸੇ ਅੰਕੜੇ ਦੱਸਦੇ ਹਨ ਕਿ ਅਮਰੀਕਾ ਤੇ ਬ੍ਰਿਟੇਨ ਪਿੱਛੋਂ ਹੁਣ ਯੂਰਪ ਭਾਰਤੀਆਂ ਦਾ ਮਨਪਸੰਦ ਵਿਦੇਸ਼ੀ ਸਿੱਖਿਆ ਦੀ ਥਾਂ ਬਣ ਗਿਆ ਹੈ। ਜਿਥੇ ਉਨ੍ਹਾਂ ਨੂੰ ਖੁੱਲ੍ਹੇ ਦਿਲ ਨਾਲ ਦਾਖਲ ਕੀਤਾ ਜਾਂਦਾ ਹੈ। ਸ਼ਾਇਦ ਉਨ੍ਹਾਂ ਦੀ ਉੱਚੀ ਪ੍ਰਤਿਭਾ ਦੇ ਕਾਰਨ। ਸਚਾਈ ਇਹ ਹੈ ਕਿ ਵਿਸ਼ਵੀਕਰਨ ਨੇ ਨਾ ਸਿਰਫ ਕੰਪਨੀਆਂ ਦੇ ਵਪਾਰ ਲਈ ਬਾਜ਼ਾਰ ਖੋਲ੍ਹੇ ਹਨ। ਬਲਕਿ ਵਿਦਿਆਰਥੀਆਂ ਲਈ ਵਿਦੇਸ਼ੀ

ਯੂਨੀਵਰਸਿਟੀਆਂ ਦੇ ਗੇਟ ਵੀ ਖੋਲ੍ਹ ਦਿੱਤੇ ਹਨ। ਪਿੱਛੇ ਦੇ ਸਾਲਾਂ 'ਚ ਜਰਮਨੀ ਭਾਰਤੀ ਵਿਦਿਆਰਥੀਆਂ 'ਚ ਸਭ ਤੋਂ ਹਰਮਨ ਪਿਆਰੇ ਦੇਸ਼ ਵਜੋਂ ਉਭਰ ਆਇਆ ਹੈ। ਕਾਰਨ ਇਹ ਹੈ ਕਿ ਇਕ ਤਾਂ ਇਥੇ ਫੀਸ ਘੱਟ ਹੈ ਅਤੇ ਦੂਜੇ ਇਥੇ ਪੜ੍ਹਾਈ ਦੇ ਵਿਹਾਰਕ ਤਰੀਕੇ ਅਤੇ ਪੜ੍ਹਾਈ ਦੇ ਨਾਲ ਪਾਰਟ ਟਾਈਮ ਕੰਮ ਕਰਨ ਦੀ ਸਹੂਲਤ, ਕਈ ਤਰ੍ਹਾਂ ਦੇ ਪ੍ਰੋਜੈਕਟ ਅਤੇ ਖੋਜ ਕਰਨ ਅਤੇ ਸਕਾਲਰਸ਼ਿਪ ਮਿਲਣ ਦੀ ਗੁਜਾਇਸ਼ ਕਾਰਨ ਵਿਦਿਆਰਥੀ ਇਥੇ ਦਾਖਲਾ ਲੈਣਾ ਚਾਹੁੰਦੇ ਹਨ। ਇੰਜਨੀਰਿੰਗ, ਬਾਇਓ ਟੈਕਨੋਲੋਜੀ, ਜਹਾਜ਼ੀ ਤੇ ਆਈ. ਟੀ. ਵਿਦਿਆਰਥੀਆਂ ਵਿਚਕਾਰ ਲੋਕ ਲਭਾਉਣੇ ਵਿਸ਼ੇ ਹਨ। ਨਵੇਂ ਟ੍ਰੇਂਡ ਅਨੁਸਾਰ ਅਮਰੀਕਾ ਬ੍ਰਿਟੇਨ ਤੇ ਆਸਟਰੇਲੀਆ ਵਰਗੇ ਪਹਿਲਾਂ ਦੇ ਹਰਮਨ ਪਿਆਰੇ ਦੇਸ਼ਾਂ ਦੀ ਬਜਾਏ ਹੁਣ ਭਾਰਤੀ ਵਿਦਿਆਰਥੀ ਯੂਰਪ 'ਚ ਸਵੀਡਨ, ਫਰਾਂਸ ਤੇ ਜਰਮਨੀ ਵਰਗੇ ਯੂਰਪੀ ਦੇਸ਼ਾਂ ਦਾ ਰੁਖ ਕਰ ਰਹੇ ਹਨ ਅਤੇ ਹਰ ਸਾਲ ਇਨ੍ਹਾਂ ਦੇਸ਼ਾਂ ਵਿਚ ਆਉਣ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ 'ਚ 20 ਤੋਂ 25 ਫੀਸਦੀ ਦਾ ਵਾਧਾ ਹੋ ਰਿਹਾ ਹੈ। ਇਕ ਅਨੁਮਾਨ ਹੈ ਕਿ 2008-09 'ਚ ਕਰੀਬ ਡੇਢ ਲੱਖ ਭਾਰਤੀ ਵਿਦਿਆਰਥੀ ਵੱਖ-ਵੱਖ ਦੇਸ਼ਾਂ 'ਚ ਪੜਨ ਗਏ ਜਿਨ੍ਹਾਂ 'ਚੋਂ ਕਰੀਬ 5000 ਨੇ ਜਰਮਨੀ ਅਤੇ 1700 ਨੇ ਫਰਾਂਸ ਦੀਆਂ ਸਿੱਖਿਆ ਸੰਸਥਾਵਾਂ 'ਚ ਦਾਖਲਾ ਲਿਆ। ਦੈਨਿਦਨ 'ਚ ਉਨ੍ਹਾਂ ਦਾ ਜੀਵਨ 'ਚ ਕਿੰਨਾ ਸਵਾਗਤ ਹੁੰਦਾ ਹੈ। ਜਰਮਨ ਮਾਂ ਤੇ ਭਾਰਤੀ, ਪਿਤਾ ਦੀ ਔਲਾਦ ਹੰਸਪਾਲ ਸਿੰਘ ਬਾਨ ਦੇ ਡਯੂਸ ਡੋਰਫ ਇਲਾਕੇ 'ਚ ਰਹਿੰਦੇ ਹਨ। ਉਹ ਦੱਸਦੇ ਹਨ ਕਿ ਇਥੇ ਭਾਰਤੀਆਂ ਨਾਲ ਕਿਸੇ ਨੂੰ ਕੋਈ ਰੋਸ ਨਹੀਂ ਹੈ। ਪਰ ਇਕ ਵੱਡੀ ਗਿਣਤੀ ਐਸੇ ਬੇਰੁਜ਼ਗਾਰ ਨੌਜਵਾਨਾਂ ਦੀ ਜ਼ਰੂਰ ਹੈ ਜੋ ਵਿਦੇਸ਼ੀਆਂ ਨੂੰ, ਇਥੇ ਵੇਖਣਾ ਨਹੀਂ ਚਾਹੁੰਦੇ, ਉਨ੍ਹਾਂ ਨੂੰ ਲੱਗਦਾ ਹੈ ਕਿ ਵਿਦੇਸ਼ੀ ਇਥੇ ਆ ਕੇ ਉਨ੍ਹਾਂ ਦਾ ਹਿੱਸਾ ਖੋਹ ਰਹੇ ਹਨ। ਨਫਰਤ ਦਾ ਇਹ ਭਾਵ ਆਰਥਕ ਮੰਦੀ, ਛਾਂਟੀ ਤੇ ਨੌਕਰੀਆਂ 'ਤੇ ਮੰਡਰਾ ਰਹੇ ਖਤਰੇ ਦੇ ਇਸ ਦੌਰ 'ਚ ਵਧਦਾ ਜਾ ਰਿਹਾ ਹੈ। ਹਮਲਾ ਹੀ ਨਹੀਂ ਨਸਲੀ ਭੇਦਭਾਵ ਦੇ ਕਈ ਰੂਪ ਹੋ ਸਕਦੇ ਹਨ। ਜ਼ਿਆਦਾਤਰ ਅਜਿਹੇ ਕੇਸਾਂ ਨੂੰ ਭਾਰਤੀ ਵਿਦਿਆਰਥੀ ਨਜ਼ਰਅੰਦਾਜ ਕਰ ਦੇਣਾ ਬੇਹਤਰ ਸਮਝਦੇ ਹਨ। ਕਿਉਂਕਿ ਪ੍ਰਦੇਸ਼ ਵਿਚ ਕੋਈ ਝੰਜਟ 'ਚ ਨਹੀਂ ਪੈਣਾ ਚਾਹੁੰਦਾ। ਬਰਲਿਨ ਯੂਨੀਵਰਸਿਟੀ ਤੋਂ ਪੱਤਰਕਾਰਿਤਾ ਕਰਨ ਵਾਲੇ ਇਕ ਸਾਬਕਾ ਭਾਰਤੀ ਵਿਦਿਆਰਥੀ ਯਾਦ ਕਰਦੇ ਹਨ ਕਿ ਕਿਵੇਂ ਇਕ ਵਾਰੀ ਉਹ ਬਸ ਵਿਚ ਸਫਰ ਕਰ ਰਹੇ ਸਨ ਅਤੇ ਇਕ ਬੁੱਢੀ ਜਰਮਨ ਔਰਤ ਨੇ ਉਸ ਦੇ ਨਾਲ ਦੀ ਖਾਲੀ ਸੀਟ 'ਤੇ ਬੈਠਣ ਤੋਂ ਇਨਕਾਰ ਕਰ ਦਿੱਤਾ ਸੀ। ਬਾਨ 'ਚ ਨੌਕਰੀ ਕਰ ਰਹੇ ਗਾਜੀਆਬਾਦ ਦੇ ਅਨੂਪ ਦੱਸਦੇ ਹਨ ਕਿ ਜਦ ਉਹ ਬਿਜਲੀ ਦਾ ਮਾਸਕ ਬਿੱਲ ਜਮਾ ਕਰਨ ਜਾਂਦੇ ਹਨ ਤਾਂ ਕਾਊਂਟਰ 'ਤੇ ਬੈਠਾ ਜਰਮਨ ਕਰਮਚਾਰੀ ਉਨ੍ਹਾਂ ਨੂੰ ਅਜਿਹੀ ਨਜ਼ਰ ਨਾਲ ਵੇਖਦਾ ਹੈ। ਜਿਸ ਵਿਚ ਯਕੀਨਨ ਮਿੱਤਰਤਾ ਦਾ ਭਾਵ ਤਾਂ ਬਿਲਕੁਲ ਨਹੀਂ ਹੁੰਦਾ ਐਸਾ ਹੀ ਅਨੁਭਵ ਬੈਂਗਲੂਰ ਤੋਂ ਜਰਮਨੀ ਆਏ ਇਕ ਦੂਜੇ ਵਿਦਿਆਰਥੀ ਦਾ ਵੀ ਹੈ ਜਿਸ ਨੂੰ ਲੱਗਦਾ ਹੈ ਕਿ ਪੈਰ-ਪੈਰ 'ਤੇ ਇਥੇ ਪਰਾਏਪਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ 'ਲੋਗ ਜਿਵੇਂ ਸਾਡੀ ਹੱਦ ਹੀ ਨਹੀਂ ਮੰਨਦੇ।' ਮਈ 'ਚ ਪੈਰਿਸ ਏਅਰਪੋਰਟ 'ਤੇ ਏਅਰ ਫਰਾਂਸ ਵੱਲੋਂ 55 ਭਾਰਤੀ ਯਾਤਰੀਆਂ ਦੇ ਨਾਲ ਕੀਤੇ ਗਏ ਭੇਦਭਾਵ 'ਤੇ ਹੋਇਆ ਬਾਵੇਲਾ ਬਹੁਤੀ ਪੁਰਾਣੀ ਗੱਲ ਨਹੀਂ ਹੈ ਹਾਲਾਂ ਕਿ ਬਾਅਦ ਵਿਚ ਏਅਰ ਲਾਈਂਸ ਨੇ ਇਸ ਲਈ ਲਿਖਤੀ ਮਾਫੀ ਮੰਗ ਲਈ। ਫਰਾਂਸ 'ਚ

ਪੜ ਰਹੀ ਵਨੀਤਾ ਥੋੜੇ ਗੁੱਸੇ 'ਚ ਕਹਿੰਦੀ ਹੈ ਕਿ 'ਜੇ ਤੁਹਾਡੇ ਕੋਲ ਅਮਰੀਕੀ ਪਾਸਪੋਰਟ ਹੈ ਤਾਂ ਲੋਕ ਹੱਥ ਖਿੱਚ ਲੈਂਦੇ ਹਨ।' ਪਰ ਯੂਨੀਵਰਸਿਟੀ ਤੋਂ ਪੀ. ਐਚ. ਡੀ. ਕਰ ਰਹੇ ਬੰਬਈ ਦੇ ਜਿਤੇਂਦਰ ਜੈਨ ਕਹਿੰਦੇ ਹਨ 'ਜੇ ਤੁਹਾਨੂੰ ਨਸਲੀ ਭੇਦਭਾਵ ਦਾ ਡਰ ਹੈ ਤਾਂ ਉਸ ਨਾਲ ਨਿਪਟਣ ਦਾ ਇਕ ਹੀ ਤਰੀਕਾ ਹੈ। ਆਪ ਜਿਸ ਦੇਸ਼ ਵਿਚ ਵੀ ਰਹਿੰਦੇ ਹੋ, ਉਥੋਂ ਦੀ ਭਾਸ਼ਾ ਸਿੱਖੋ ਤੇ ਉਥੋਂ ਦੀਆਂ ਰੀਤੀ ਰਿਵਾਜ ਮਾਣਤਾਵਾਂ ਦਾ ਸਨਮਾਨ ਕਰੋ ਕਿਉਂਕਿ ਅਜਿਹਾ ਨਹੀਂ ਹੋਵੇਗਾ ਤਾਂ ਇਕ ਖਤਰਾ ਭਾਰਤੀ ਵਿਦਿਆਰਥੀ ਬਰਾਦਰੀ ਦੇ ਆਪਣੇ ਆਪ 'ਚ ਹੀ ਸੁੰਗੜ ਜਾਣ ਹੈ।' ਜਰਮਨੀ 'ਚ ਅਜਿਹੀਆਂ ਉਦਾਹਰਣਾਂ ਵੀ ਘੱਟ ਨਹੀਂ ਜਿਥੇ ਵਿਦੇਸ਼ਾਂ ਤੋਂ ਆਏ ਲੋਕ ਖਾਸ ਕਰਕੇ ਨੌਜਵਾਨ ਆਪਣੇ 'ਚ ਹੀ ਬੰਦ ਤੇ ਸਥਾਈ ਚਤਰਾਈ ਤੇ ਹੀਣਤਾ ਦੀ ਮਿਲੀ ਜੁਲੀ ਭਾਵਨਾ ਦੇ ਨਾਲ ਰਹਿ ਰਹੇ ਹਨ ਤੇ ਖੁਦ ਨੂੰ ਮੰਜੂਰ ਕਰਾਉਣ ਦੀ ਕੋਸ਼ਿਸ਼ ਤੋਂ ਕਤਰਾਉਂਦੇ ਹਨ। ਇਹ ਵੀ ਇਕ ਦੰਭ ਦੀ ਮਾਨਸਿਕਤਾ ਹੈ ਜੋ ਮੰਨ ਲੈਂਦੀ ਹੈ ਕਿ ਸਾਹਮਣੇ ਵਾਲਾ ਕਿਸੇ ਵੀ ਸੂਰਤ 'ਚ ਦੋਸਤ ਨਹੀਂ ਹੋ ਸਕਦਾ। ਜਰਮਨੀ ਦੇ ਗ੍ਰਿਹ ਮੰਤਰਾਲੇ ਦੇ ਇਕ ਸਰਵੇ ਅਨੁਸਾਰ ਵਿਦੇਸ਼ੀਆਂ ਪ੍ਰਤੀ ਨੌਜਵਾਨਾਂ 'ਚ ਬੇਰੁਖੀ ਵਧ ਰਹੀ ਹੈ। ਕਰੀਬ 45000 ਨੌਜਵਾਨਾਂ ਦੇ ਸਰਵੇ ਤੋਂ ਪਤਾ ਲੱਗਿਆ ਕਿ ਸਾਢੇ ਚੌਦਾਂ ਫੀਸਦੀ ਯਾਨੀ ਹਰ 7 ਜਰਮਨੀ ਨੌਜਵਾਨਾਂ 'ਚੋਂ ਇਕ ਵਿਦੇਸ਼ੀਆਂ ਪ੍ਰਤੀ ਅਨੁਦਾਰ ਮੰਨਿਆ ਜਾਂਦਾ ਹੈ। ਕਰੀਬ 5 ਫੀਸਦੀ ਮਰਦ ਧੁਰ ਦੱਖਣ ਪੰਥੀ ਗੁਟਾਂ ਨਾਲ ਸਬੰਧ ਰੱਖਣ ਵਾਲੇ ਪਾਏ ਗਏ। ਯਾਨੀ ਉਸ ਤੋਂ ਵੀ ਵੱਧ ਜਿੰਨੇ ਮੁਖ ਧਾਰਾ ਦੀ ਜਰਮਨ ਰਾਜਨੀਤੀ 'ਚ ਵੀ ਜੁੜੇ ਨਹੀਂ ਸਨ। ਕਰੀਬ ਸਾਢੇ ਛੇ ਫੀਸਦੀ ਅਜਿਹੇ ਨੌਜਵਾਨ ਸਨ ਜਿਨ੍ਹਾਂ ਦੇ ਜੁਆਬਾਂ ਤੋਂ ਪਤਾ ਲੱਗਦਾ ਸੀ ਕਿ ਉਹ ਨਸਲਵਾਦੀ ਵਿਚਾਰ ਰੱਖਦੇ ਹਨ।

# ਦਾਂਤੇਵਾੜਾ ਦਾ ਸੱਚ ਬਿਆਨ ਕਰਦੀ ਰਿਪੋਟ

***ਕੀ ਸਲਵਾ ਜੁਡੂਮ ਆਦੀਵਾਸੀਆਂ ਤੇ ਜਬਰ ਦਾ ਯੰਤਰ ਹੈ?***

ਛਤੀਸ਼ਗੜ੍ਹ 'ਚ ਨਕਸਲੀਆਂ ਦੇ ਸਫਾਏ ਦੇ ਨਾਂ 'ਤੇ ਆਦੀਵਾਸੀ ਪੇਂਡੂਆਂ 'ਤੇ ਅਤਿਆਚਾਰ ਜਾਰੀ ਹੈ। ਰਾਜ ਦੇ ਨਕਸਲ ਪ੍ਰਭਾਵਿਤ ਜ਼ਿਲ੍ਹੇ ਬਸਤਰ ਤੇ ਦਾਂਤੇਵਾੜਾ 'ਚ ਪੁਲਸ ਪ੍ਰਸਾਸ਼ਨ ਦੀ ਮਿਲੀ ਭੁਗਤ ਨਾਲ ਸਰਕਾਰੀ ਹਿੰਸਾ ਵੱਖ ਵੱਖ ਰੂਪਾਂ ਵਿਚ ਸਾਹਮਣੇ ਆਉਂਦਾ ਰਿਹਾ ਹੈ। ਸਲਵਾ ਜੂਡਮ ਰਾਹੀਂ ਨਕਸਲੀਆਂ ਨਾਲ ਨਿਪਟਣ ਲਈ, ਸਰਕਾਰ ਤੇ ਸਥਾਨਕ ਪੁਲਸ ਪ੍ਰਸਾਸ਼ਨ ਜਿਸ ਤਰ੍ਹਾਂ ਦੇ ਤੌਰ ਤਰੀਕੇ ਅਪਣਾਉਂਦਾ ਹੈ ਉਹ ਉਨਾ ਹੀ ਨਹੀਂ ਹੈ ਜਿੰਨਾ ਅਖਬਾਰੀ ਮਾਧਿਅਮਾਂ ਰਾਹੀਂ ਲੋਕਾਂ ਸਾਹਮਣੇ ਆਉਂਦਾ ਹੈ। ਆਦੀਵਾਸੀਆਂ ਵਿਚਕਾਰ ਕੰਮ ਕਰਨ ਵਾਲੀਆਂ ਸੰਸਥਾਵਾਂ ਤੇ ਸਮਾਜਕ ਕਰਿੰਦੇ ਜਦ ਪ੍ਰਸਾਸ਼ਨ ਦੇ ਨਿਸ਼ਾਨੇ 'ਚ ਹਨ ਦਾਂਤੇਵਾੜਾ 'ਚ ਸਮਾਜਕ ਵਰਕਰਾਂ ਦੇ ਦਮਨ ਨੂੰ ਸਮਝਣ ਲਈ ਇਕ ਟੀਮ ਤੱਥ ਖੋਜਣ ਉਥੇ ਗਈ। ਇਸ ਟੀਮ ਨੇ ਖੇਤਰ ਦੇ ਪੇਂਡੂਆਂ ਤੇ ਪ੍ਰਭਾਵਿਤ ਵਿਅਕਤੀਆਂ ਨਾਲ ਗੱਲਬਾਤ ਕੀਤੀ।

ਦਾਂਤੇਵਾੜਾ ਦਾ ਇਕ ਪਿੰਡ ਹੈ ਕਾਮਾਰਾਮ। ਇਹ ਪਿੰਡ ਪੁਲਸ ਤੇ ਸਲਵਾ ਜੁਡੂਮ ਤੋਂ ਡਰੇ ਹੋਏ ਹਨ। ਕਮੇਟੀ ਨੇ ਪੇਂਡੂਆਂ ਦੇ ਨਾਲ ਨਾਲ ਸਾਬਕਾ ਸਰਪੰਚ ਨਰ ਸਿੰਘ ਅਤੇ ਮੌਜੂਦਾ ਸਰਪੰਚ 29 ਸਾਲਾ ਪ੍ਰਥਮ ਸਿੰਘ ਨਾਲ ਗੱਲਬਾਤ ਕੀਤੀ। ਪ੍ਰਥਮ ਸਿੰਘ ਨੇ ਸਥਾਨਕ ਪ੍ਰਸਾਸ਼ਨ ਵੱਲੋਂ ਕੀਤੀ ਕਾਰਵਾਈ ਬਾਰੇ ਦੱਸਿਆ, "ਨਵੰਬਰ 2008 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਸੀਂ ਸਭ ਲੋਕ ਚੋਣ ਮੁਹਿੰਮ 'ਚ ਲੱਗੇ ਸੀ। ਉਸ ਸਮੇਂ ਸਲਵਾ ਜੁਡੂਮ ਦੇ ਕਾਮੇ ਪਿੰਡ 'ਚ ਆਏ। ਉਨ੍ਹਾਂ ਨੇ ਪੇਂਡੂਆਂ ਦੀ ਮਾਰ ਕੁੱਟ ਕੀਤੀ। ਇਕ ਲੜਕੇ ਨੂੰ ਫੜ ਕੇ ਇਕ ਹਫਤੇ ਤੱਕ ਸਲਵਾ ਜੁਡੂਮ ਦੇ ਕੈਂਪ 'ਚ ਰੱਖਿਆ। ਪਿੱਛੋਂ ਹੈਲੀਕਾਪਟਰ ਰਾਹੀਂ ਉਸ ਨੂੰ ਪਿੰਡ ਵਾਪਸ ਛੱਡ ਦਿੱਤਾ ਗਿਆ। ਉਸ ਦੇ ਨਾਲ ਕੈਂਪ ਵਿਚ ਇਕ ਥਾਣੇਦਾਰ ਉਸ ਨੂੰ ਜਾਣਦਾ ਸੀ ਇਸ ਲਈ ਉਹ ਮਾਰ ਕੁੱਟ ਤੋਂ ਬਚ ਗਿਆ। ਇਹ ਲੜਕਾ ਪਹਿਲਾਂ ਗੱਡੀ 'ਚ ਕੰਡਕਟਰ ਸੀ ਇਸ ਲਈ ਆਉਂਦੇ ਜਾਂਦੇ ਥਾਣੇਦਾਰ ਨਾਲ ਮੁਲਾਕਾਤ ਹੋ ਜਾਂਦੀ ਸੀ। ਪਿਛਲੀ ਤਿੰਨ ਮਈ ਨੂੰ ਸਵੇਰੇ ਸਲਵਾ ਜੁਡੂਮ ਦੇ ਕਰਿੰਦੇ ਤੇ ਪੁਲਸ ਵਾਲੇ ਸਾਡੇ ਘਰ ਆ ਗਏ। ਸਾਡੇ ਪਿੰਡ 'ਚ 130 ਘਰ ਹਨ। ਉਨ੍ਹਾਂ ਨੇ ਘੇਰ ਲਿਆ। ਪਿੰਡ ਦੇ ਕਈ ਲੋਕ ਪੱਤੇ ਤੋੜਨ ਗਏ ਸਨ। ਇਨ੍ਹਾਂ ਲੋਕਾਂ ਨੇ ਪਿੰਡ ਦੇ ਘਰਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੇ ਪਿੰਡ ਘੁਸ ਕੇ ਘਰਾਂ ਦਾ ਖਾਣਾ ਖਾਧਾ ਤੇ ਘਰਾਂ ਦਾ ਸਮਾਨ ਚੁੱਕ ਕੇ ਲੈ ਗਏ। ਪਿੱਛੋਂ ਉਨ੍ਹਾਂ ਨੂੰ ਛੱਡ ਦਿੱਤਾ। ਉਨ੍ਹਾਂ ਨੇ ਸਾਨੂੰ ਸਲਵਾ ਜੁਡੂਮ 'ਚ ਸ਼ਾਮਲ ਹੋਣ ਲਈ ਕਿਹਾ। ਤਿੰਨ ਮਈ ਨੂੰ, 400 ਲੋਕ ਆਏ। ਉਨ੍ਹਾਂ ਨਾਲ ਪੁਲਸ ਵੀ ਸੀ। ਉਹ ਹਮੇਸ਼ਾ ਭਾਰੀ ਗਿਣਤੀ 'ਚ ਆਉਂਦੇ ਹਨ। ਉਨ੍ਹਾਂ ਨੇ ਕਈ ਲੋਕਾਂ ਦੀ ਮਾਰਕੁੱਟ ਕੀਤੀ। ਇਕ ਲੜਕੀ ਨੂੰ ਜਬਰਦਸਤੀ ਲਿਜਾਣ ਦੀ ਕੋਸ਼ਿਸ਼ ਕੀਤੀ। ਉਸ ਦੇ ਘਰ ਦਾ ਸਾਰਾ ਸਮਾਨ ਲੁੱਟ ਲਿਆ। ਜੇ ਉਸ ਦਾ ਪਿਤਾ ਨਾ ਆ ਗਿਆ ਹੁੰਦਾ ਤਾਂ ਉਹ ਉਸ ਨੂੰ ਚੁੱਕ ਕੇ ਲੈ ਜਾਂਦੇ। ਕੁਝ ਲੋਕ ਮੁਰਗਾ ਮਾਰਨ 'ਚ ਵੀ ਲੱਗੇ ਰਹੇ ਤੇ ਸ਼ਰਾਬ ਵੀ ਪੀ ਰਹੇ ਸਨ। ਉਨ੍ਹਾਂ ਨੇ ਸਾਡੇ ਘਰਾਂ ਦਾ ਸਾਰਾ ਸਮਾਨ ਲੁੱਟ ਲਿਆ। ਅਸੀਂ ਅਜੇ ਆਪਣਾ ਪਿੰਡ

ਨਹੀਂ ਛੱਡਿਆ ਹੈ। ਅਸੀਂ ਦੋ ਲੱਖ ਦੇ ਪੱਤੇ ਤੋੜੇ ਹਨ। ਅਜੇ ਤੱਕ ਉਸ ਦਾ ਭੁਗਤਾਨ ਨਹੀਂ ਹੋ ਸਕਿਆ ਹੈ। ਸਲਵਾ ਜੁਡੂਮ ਸ਼ਾਮਲ ਹੋਣਾ ਸਾਡੇ ਲਈ ਕੋਈ ਵਿਕਲਪ ਨਹੀਂ ਹੈ। ਸਾਨੂੰ ਡਰ ਹੈ ਕਿ ਉਹ ਸਾਨੂੰ ਕਿਸੇ ਪ੍ਰਕਾਰ ਦੀ ਸ਼ਰਨ ਨਹੀਂ ਦੇ ਸਕਦੇ। ਇਸ ਖੇਤਰ 'ਚ ਸਰਗਰਮ ਨਕਸਲੀਆਂ ਨੇ ਕਦੀ ਪੇਂਡੂਆਂ 'ਤੇ ਹਮਲੇ ਨਹੀਂ ਕੀਤੇ। ਜਦ ਕਦੀ ਉਹ ਪਿੰਡ ਦੇ ਰਾਹ ਵਿਚਦੀ ਲੰਘਦੇ ਸਨ ਤਾਂ ਪਿੰਡ ਦੇ ਲੋਕ ਉਨ੍ਹਾਂ ਨੂੰ ਰਾਹ ਦੱਸ ਕੇ ਉਨ੍ਹਾਂ ਦੀ ਅਗਵਾਈ ਕਰਦੇ ਸਨ। ਦਾਂਤੇਵਾੜਾ ਤੋਂ ਸਾਡਾ ਪਿੰਡ 85 ਕਿਲੋਮੀਟਰ ਦੂਰ ਹੈ। ਇਸ ਤਿੰਨ ਮਈ ਨੂੰ ਤਾਂ ਸਲਵਾ ਜੁਡੂਮ ਦੇ ਲੋਕ ਪਿੰਡ ਨੂੰ ਲੁੱਟਣ ਆਏ ਸਨ। ਅਸੀਂ ਉਨ੍ਹਾਂ ਦਾ ਮਕਸਦ ਕਦੀ ਸਮਝ ਨਹੀਂ ਸਕੇ। ਉਨ੍ਹਾਂ ਦਾ ਮਕਸਦ ਸਾਨੂੰ ਡਰਾ ਧਮਕਾ ਕੇ ਪਿੰਡ ਛੱਡਣ ਲਈ ਮਜ਼ਬੂਰ ਕਰਨਾ ਵੀ ਹੋ ਸਕਦਾ ਹੈ। ਪਰ ਅਸੀਂ ਪਿੰਡ ਨਹੀਂ ਛੱਡ ਸਕਦੇ, ਸਾਡੇ ਕੋਲ ਜ਼ਮੀਨ ਹੈ, ਘਰ ਹੈ, 25 ਸਾਲਾ ਬਿਮਲਾ ਨੇ ਦੱਸਿਆ, "ਸੁਕਰਾਤ ਨਾਂ ਦੀ ਇਕ ਲੜਕੀ ਉਸ ਦੀ ਉਮਰ 19 ਸਾਲ ਦੀ ਹੈ। 28 ਤਰੀਕ ਨੂੰ ਉਸ ਦੀ ਸ਼ਾਦੀ ਹੋਣੀ ਸੀ। ਉਸ ਦੀ ਸ਼ਾਦੀ ਲਈ ਘਰ ਵਿਚ ਰੱਖਿਆ ਸਾਰਾ ਸਮਾਨ ਸਲਵਾ ਜੁਡੂਮ ਦੇ ਲੋਕ ਚੱਕ ਕੇ ਲੈ ਗਏ। ਸਲਵਾ ਜੁਡੂਮ ਦੇ ਲੋਕਾਂ ਨੂੰ ਕਈ ਵਾਰ ਕਿਹਾ ਗਿਆ ਸੀ ਕਿ ਉਹ ਜਬਰਦਸਤੀ ਉਸ ਨਾਲ ਸ਼ਾਦੀ ਕਰੇਗਾ। ਇਨ੍ਹਾਂ ਲੋਕਾਂ ਨੇ ਉਸ ਦੇ ਸ਼ਿੰਗਾਰ ਦੇ ਸਮਾਨ ਅਤੇ ਪਾਊਡਰ ਤੱਕ ਨੂੰ ਨਹੀਂ ਛੱਡਿਆ। ਇਹ ਸਭ ਸਲਮਾ ਜੁਡੂਮ ਕੈਂਪ ਦੇ ਲੋਕ ਸਨ। ਅਸੀਂ ਪੁਲਸ ਨੂੰ ਲੁੱਟ ਦੀ ਰਿਪੋਟ ਦਰਜ ਕਰਵਾਈ ਹੈ।"

ਹਿੰਮਾਸ਼ੂ ਕੁਮਾਰ ਗਾਂਧੀਵਾਦੀ ਵਿਚਾਰਧਾਰਾ ਦੇ ਵਰਕਰ ਹਨ। ਉਹ ਪਿਛਲੇ 17 ਸਾਲਾਂ ਤੋਂ ਛਤੀਸ਼ਗੜ ਦੇ ਆਦੀਵਾਸੀਆਂ ਵਿਚਕਾਰ ਕੰਮ ਕਰ ਰਹੇ ਹਨ ਉਨ੍ਹਾਂ ਨੇ ਆਪਣੇ ਕੰਮ ਤੇ ਸਲਵਾ ਜੁਡੂਮ ਦੀ ਆੜ ਵਿਚ ਪੁਲਸ ਜੁਲਮ ਨੂੰ ਸਿਲਸਿਲੇਵਾਰ ਦੱਸਿਆ। ਉਨ੍ਹਾਂ ਦੱਸਿਆ ਸਾਡਾ ਖੇਤਰ 'ਚ ਕੰਮ ਕਰਨ ਦਾ ਉਦੇਸ਼ ਸਾਫ ਸੀ। ਦੇਸ਼ ਦੇ ਵਿਕਾਸ ਦੀ ਮੁਖ ਧਾਰਾ ਥਿੜਕੇ ਆਦੀਵਾਸੀਆਂ ਵਿਚਕਾਰ ਕੰਮ ਕਰਨ ਦੀ ਜੁਅਰਤ ਨੂੰ ਅਸੀਂ ਮਹਿਸੂਸ ਕੀਤਾ। ਸਾਡੇ ਇਕ ਬਹੁਤ ਪੁਰਾਣੇ ਗਾਂਧੀਵਾਦੀ ਸਾਥੀ ਹਨ। ਉਨ੍ਹਾਂ ਨੇ ਸਾਨੂੰ ਸਲਾਹ ਦਿੱਤੀ ਕਿ ਅਸੀਂ ਬਸਤਰ 'ਚ ਜਾ ਕੇ ਆਦੀਵਾਸੀਆਂ 'ਚ ਕੰਮ ਕਰੀਏ। ਉਥੇ ਇਸ ਤਰ੍ਹਾਂ ਦੀ ਕੋਈ ਸੰਸਥਾ ਕੰਮ ਨਹੀਂ ਕਰ ਰਹੀ ਹੈ ਉਨ੍ਹਾਂ ਨੇ ਕਿਹਾ ਕਿ ਉਥੇ ਸ਼ਾਂਤੀ ਹੈ। ਤੁਸੀਂ ਸ਼ਾਂਤਮਈ ਤਰੀਕੇ ਨਾਲ ਉਥੇ ਕੰਮ ਕਰੋ। ਨਿਰਮਲਾ ਦੇਸ਼ ਪਾਂਡੇ ਦੀ ਸਲਾਹ ਤੇ ਮੈਂ ਜਨਵਰੀ 1992 'ਚ ਇਥੇ ਆਇਆ। ਮੈਂ ਇਸ ਖੇਤਰ 'ਚ ਆਦੀਵਾਸੀਆਂ 'ਚ ਘੁੰਮ ਰਿਹਾ ਸੀ। ਕਮਰਨਾਰ ਪਿੰਡ ਦੇ ਲੋਕਾਂ ਨੇ ਮੈਨੂੰ ਕਿਹਾ ਕਿ ਤੁਸੀਂ ਸਾਡੇ ਪਿੰਡ 'ਚ ਕੰਮ ਕਰਨ ਲਈ ਆਓ। ਅਸੀਂ ਤੁਹਾਨੂੰ ਆਸ਼ਰਮ ਬਣਾਉਣ ਲਈ ਜ਼ਮੀਨ ਦਿਆਂਗੇ ਪਿੰਡ ਵਾਲਿਆਂ ਨੇ ਸਾਨੂੰ ਜ਼ਮੀਨ ਵੀ ਵਿਖਾਈ। ਨਵੰਬਰ 1992 'ਚ ਮੈਂ ਸ਼ਾਦੀ ਕੀਤੀ। ਮੇਰੀ ਪਤਨੀ ਪਹਿਲਾਂ ਤੋਂ ਹੀ ਸਮਾਜਕ ਕੰਮਾਂ ਨਾਲ ਜੁੜੀ ਸੀ। ਅਸੀਂ ਦੋਹਾਂ ਨੇ ਕਮਰਨਾਰ ਪਿੰਡ 'ਚ ਝੌਂਪੜੀ ਬਣਾ ਲਈ ਸੀ। ਅਸੀਂ ਇਸ ਵਿਚ ਰਹਿਣਾ ਸ਼ੁਰੂ ਕੀਤਾ। ਆਸ ਪਾਸ ਦੇ ਖੇਤਰਾਂ 'ਚ ਜਿਥੇ ਕਦੀ ਅਧਿਆਪਕ ਨਹੀਂ ਆਉਂਦੇ ਸਨ, ਡਾਕਟਰ ਨਹੀਂ ਸਨ, ਉਨ੍ਹਾਂ ਇਲਾਕਿਆਂ 'ਚ ਅਸੀਂ ਪੜ੍ਹਾਉਣਾ ਤੇ ਦਵਾਈਆਂ ਵੰਡਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਦੇ ਹੱਕਾਂ ਨੂੰ ਦੱਸਣਾ ਸ਼ੁਰੂ ਕੀਤਾ ਤਾਂਕਿ ਉਹ ਦੇਸ਼ ਦੀ ਮੁਖ ਧਾਰਾ ਨਾਲ ਜੁੜ ਸਕਣ। ਅਸੀਂ ਹੌਲੀ-ਹੌਲੀ ਕੰਮ ਕਰਦੇ

ਰਹੇ। ਪਿਛਲੇ ਚਾਰ-ਪੰਜ ਸਾਲਾਂ ਤੱਕ ਕਿਧਰੋਂ ਵੀ ਕੋਈ ਫੰਡ ਨਹੀਂ ਸਨ ਮਿਲੇ। ਮਿੱਤਰਾਂ ਤੇ ਪਰਿਵਾਰ ਵਾਲਿਆਂ ਦੀ ਮਦਦ ਨਾਲ ਅਸੀਂ ਕੰਮ ਕਰਦੇ ਰਹੇ। ਪਿੱਛੋਂ ਸਰਕਾਰ, ਕੌਮੀ ਤੇ ਕੌਮਾਂਤਰੀ ਸੰਗਠਨਾਂ ਨੇ ਕਿਹਾ ਤੁਸੀਂ ਅੱਛਾ ਕੰਮ ਕਰ ਰਹੇ ਹੋ, ਅਸੀਂ ਤੁਹਾਡੀ ਮਦਦ ਕਰਨਾ ਚਾਹੁੰਦੇ ਹਾਂ। ਹੌਲੀ-ਹੌਲੀ ਸੰਸਥਾ ਦਾ ਪਰਿਵਾਰ ਵਧਣ ਲੱਗਿਆ। ਲਗਭਗ ਢਾਈ ਸੌ ਸਾਥੀਆਂ ਦੀ ਮਦਦ ਨਾਲ ਇਹ ਸੰਸਥਾ ਚਾਰ ਜ਼ਿਲ੍ਹਿਆਂ 'ਚ ਕੰਮ ਕਰਨ ਲੱਗੀ। ਆਦੀਵਾਸੀਆਂ ਦੀ ਸਿੱਖਿਆ, ਸਿਹਤ, ਮਹਿਲਾ ਮਜ਼ਬੂਤੀ, ਜਾਗਰੂਕਤਾ ਅਤੇ ਉਨ੍ਹਾਂ ਦੇ ਸ਼ਹਿਰੀ (ਸੰਵਿਧਾਨਕ) ਹੱਕਾਂ ਨੂੰ ਲੈ ਕੇ ਕੰਮ ਕਰ ਰਹੀ ਹੈ। ਇਸ ਦੌਰਾਨ ਇਥੇ ਸਲਵਾ ਜੁਡੂਮ ਨਾਂ ਦਾ ਇਕ ਅੰਦੋਲਨ ਸ਼ੁਰੂ ਹੋਇਆ। ਅਸੀਂ ਵੇਖਿਆ ਕਿ ਜਿਨ੍ਹਾਂ ਆਦੀਵਾਸੀਆਂ ਦੀ ਅਸੀਂ ਸੇਵਾ ਕਰ ਰਹੇ ਸੀ ਉਨ੍ਹਾਂ 'ਤੇ ਹਮਲੇ ਹੋਣ ਲੱਗੇ। ਇਹ ਹਮਲੇ ਸਲਵਾ ਜੁਡੂਮ ਦੇ ਵਰਕਰਾਂ ਵੱਲੋਂ ਸਰਕਾਰ ਤੇ ਪੁਲਸ ਦੀ ਸ਼ਹਿ ਹੇਠ ਕੀਤੇ ਜਾਂਦੇ ਸਨ। ਅਸੀਂ ਸਰਕਾਰ ਦਾ ਧਿਆਨ ਇਸ ਪਾਸੇ ਦਿਵਾਇਆ। ਅਸੀਂ ਕਿਹਾ ਕਿ ਜੋ ਕੁਝ ਹੋ ਰਿਹਾ ਹੈ, ਉਹ ਗ਼ਲਤ ਹੈ। ਸਰਕਾਰ ਕਹਿੰਦੀ ਸੀ ਕਿ ਇਹ ਗਾਂਧੀਵਾਦੀ ਅੰਦੋਲਨ ਹੈ, ਇਹ ਨਕਸਲੀਆਂ ਨੂੰ ਖ਼ਤਮ ਕਰਨ ਲਈ ਹੈ। ਪਰ ਅਸੀਂ ਵੇਖ ਰਹੇ ਸਾਂ ਕਿ ਇਸ ਦੀ ਆੜ 'ਚ ਆਦੀਵਾਸੀਆਂ ਦੇ ਪਿੰਡਾਂ 'ਚ ਹਮਲੇ ਹੋਣ ਲੱਗੇ। ਔਰਤਾਂ ਨਾਲ ਬਲਾਤਕਾਰ ਹੋਣ ਲੱਗੇ। ਇਸ ਦੇ ਸਿੱਟੇ ਵਜੋਂ ਪ੍ਰਭਾਵਿਤ ਲੋਕ ਮਾਓਵਾਦੀਆਂ/ ਨਕਸਲਵਾਦੀਆਂ ਨਾਲ ਜੁੜਨ ਲੱਗੇ ਮਾਓਵਾਦੀਆਂ ਦੀ ਗਿਣਤੀ ਵਧਣ ਲੱਗੀ। ਅਸੀਂ ਦੇਖਿਆ ਕਿ ਇਹ ਤਾਂ ਮਾਓਵਾਦੀਆਂ ਨੂੰ ਵਧਾਉਣ ਵਾਲਾ ਅਮਲ ਹੈ। ਜਦ ਅਸੀਂ ਇਸ ਤੱਥ ਵੱਲ ਧਿਆਨ ਦਵਾਇਆ ਤਾਂ ਕੁਝ ਸਥਾਨਕ ਲੋਕ ਜਿਨ੍ਹਾਂ ਰਾਹੀਂ ਸਰਕਾਰ ਤੋਂ ਸਲਵਾ ਜੁਡੂਮ ਨੂੰ ਪੈਸਾ ਆਉਂਦਾ ਸੀ, ਸਾਡੇ ਵਿਰੁੱਧ ਹੋ ਗਏ ਤੇ ਪ੍ਰਸ਼ਾਸ਼ਨ ਨੂੰ ਸਾਡੇ ਵਿਰੁੱਧ ਹੱਲਾ-ਸ਼ੇਰੀ ਦੇਣ ਲੱਗੇ। ਇਸ ਪਿੱਛੋਂ ਪ੍ਰਸ਼ਾਸਨ ਨੇ ਸਾਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਸਾਲ 2007 'ਚ ਸਾਡੇ ਨਾਲ ਨੋਟਿਸ ਆਇਆ ਕਿ ਤੁਸੀਂ ਜਿਸ ਜ਼ਮੀਨ 'ਤੇ ਆਸ਼ਰਮ ਚਲਾਉਂਦੇ ਹੋ ਉਹ ਜ਼ਮੀਨ ਗੈਰ ਕਨੂੰਨੀ ਹੈ। ਅਸੀਂ ਕਿਹਾ ਪਿੰਡ ਵਾਲਿਆਂ ਨੇ ਸਾਨੂੰ ਇਹ ਜ਼ਮੀਨ ਦਿੱਤੀ ਹੈ। ਜਦ ਅਸੀਂ ਇਥੇ ਆਏ ਸੀ ਤਾਂ ਜ਼ਿਲ੍ਹਾ ਅਧਿਕਾਰੀ ਤੇ ਸਥਾਨਕ ਪ੍ਰਸਾਸ਼ਨ ਨੇ ਸਾਡੇ ਕੰਮ ਦੀ ਤਾਰੀਫ ਕੀਤੀ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜਿਥੇ ਤੁਸੀਂ ਕੰਮ ਕਰ ਰਹੇ ਹੋ ਉਥੇ ਸਾਡੇ ਕਰਮਚਾਰੀ ਵੀ ਨਹੀਂ ਜਾਂਦੇ। ਆਪ ਦਿੱਲੀ ਤੋਂ ਆ ਕੇ ਆਦੀਵਾਸੀਆਂ ਵਿਚਕਾਰ ਕੰਮ ਕਰ ਰਹੇ ਹੋ, ਇਹ ਇਕ ਅੱਛੀ ਪਹਿਲ ਹੈ। ਪ੍ਰਸਾਸ਼ਨ ਨੇ ਸਾਨੂੰ ਕਿਹਾ ਸੀ ਤੁਸੀਂ ਜ਼ਮੀਨ ਲਈ ਅਰਜ਼ੀ ਦਿਉ ਅਸੀਂ ਜ਼ਮੀਨ ਆਸ਼ਰਮ ਦੇ ਨਾਂ ਕਰ ਦਿਆਂਗੇ। ਅਸੀਂ 1993 'ਚ ਜ਼ਮੀਨ ਲਈ ਅਰਜੀ ਦਿੱਤੀ। ਉਸ ਸਮੇਂ ਇਸ ਜ਼ਮੀਨ ਦੀ ਵਰਤੋਂ ਖੇਤੀ ਸੀ। ਸਾਲ 2007 'ਚ ਜਦ ਸਾਨੂੰ ਨੋਟਿਸ ਦਿੱਤਾ ਗਿਆ ਤਾਂ ਇਸ ਨੂੰ ਜੰਗਲ ਦੀ ਜ਼ਮੀਨ ਦੱਸ ਕੇ ਕਬਜਾ ਮੰਨਿਆ ਗਿਆ। ਅਸੀਂ ਜਦ ਦੱਸਿਆ ਕਿ ਅਸੀਂ ਪ੍ਰਸਾਸ਼ਨ ਨੂੰ ਅਰਜ਼ੀ ਦਿੱਤੀ ਸੀ ਤਾਂ ਉਨ੍ਹਾਂ ਕਿਹਾ ਤੁਹਾਡੀ ਅਰਜੀ ਤਾਂ ਅਸੀਂ 2004 'ਚ ਹੀ ਰੱਦ ਕਰ ਦਿੱਤੀ ਸੀ। ਅਸੀਂ ਜਦ ਦੱਸਿਆ ਕਿ ਰਿਕਾਰਡ 'ਚ ਤਾਂ ਇਹ ਜ਼ਮੀਨ ਖੇਤੀ ਦੀ ਹੈ ਤਾਂ ਪ੍ਰਸਾਸ਼ਨ ਨੇ ਕਿਹਾ ਕਿ ਅਸੀਂ ਇਸ ਦੀ ਵਰਤੋਂ ਨੂੰ 1996 'ਚ ਬਦਲ ਦਿੱਤਾ ਸੀ। ਸਾਨੂੰ ਸ਼ੱਕ ਹੋਇਆ ਕਿ ਸਾਡੇ ਨਾਲ ਸਾਜ਼ਿਸ਼ ਰਚੀ ਜਾ ਰਹੀ ਹੈ। ਅਸੀਂ ਇਸ ਖਿਲਾਫ਼ ਸਿਵਲ ਕੋਰਟ ਗਏ ਉਥੇ ਇਹ ਮਾਮਲਾ ਅਜੇ ਵੀ ਚੱਲ ਰਿਹਾ ਹੈ। ਇਸ ਦੀ ਅਗਲੀ ਤਰੀਕ 17 ਮਈ

2007 ਤਹਿ ਕੀਤੀ ਗਈ ਸੀ। ਇਸ ਦੌਰਾਨ 3 ਮਈ ਨੂੰ ਦਾਂਤੇਵਾੜਾ ਦੇ ਤਹਿਸੀਲਦਾਰ ਤੇ ਐਸ. ਡੀ. ਐਮ. ਇਕ ਹਜ਼ਾਰ ਐਸ. ਪੀ. ਓ. ਤੇ ਪੁਲਸ ਫੋਰਸ ਦੇ ਨਾਲ ਪਿੰਡ ਆ ਧਮਕੇ। ਉਨ੍ਹਾਂ ਨੇ ਆਸ਼ਰਮ ਨੂੰ ਚਾਰੋਂ ਪਾਸੇ ਘੇਰ ਲਿਆ। ਆਸ਼ਰਮ ਦੀ ਹਰ ਚੀਜ਼ ਨੂੰ ਨਸ਼ਟ ਕਰਨ ਲੱਗੇ ਇਥੋਂ ਤੱਕ ਉਨ੍ਹਾਂ ਨੇ ਸਰਕਾਰ ਵੱਲੋਂ ਲਾਏ ਗਏ ਹੈਂਡ ਪੰਪ ਨੂੰ ਵੀ ਪੁਟ ਦਿੱਤਾ ਪ੍ਰਸਾਸ਼ਨ ਦਾ ਇਸ ਤਰ੍ਹਾਂ ਦਾ ਗੁੱਸਾ ਦੋ ਤਿੰਨ ਗੱਲਾਂ ਕਰਕੇ ਹੈ। ਸਲਵਾ ਜੁਡੂਮ ਨੇ ਜਿਨ੍ਹਾਂ ਪਿੰਡਾਂ 'ਤੇ ਹਮਲਾ ਕੀਤਾ ਹੈ ਅਤੇ 650 ਪਿੰਡ ਖਾਲੀ ਕਰਵਾ ਲਏ, ਸਾਨੂੰ ਲੱਗਦਾ ਹੈ ਕਿ ਇਹ ਉਦਯੋਗ ਲਾਉਣ ਲਈ ਜ਼ਮੀਨ ਖਾਲੀ ਕਰਵਾਉਣ ਦੀ ਕੋਈ ਸਾਜ਼ਿਸ਼ ਹੈ ਜਿਸ ਨੂੰ ਨਕਸਲੀਆਂ ਖਿਲਾਫ ਮੁਹਿੰਮ ਵਜੋਂ ਪ੍ਰਚਾਰਿਆ ਗਿਆ। ਮਾਓਵਾਦੀਆਂ ਦੀ ਤਾਕਤ ਵਧ ਰਹੀ ਹੈ। ਉਜਾੜੇ ਗਏ ਲੱਖਾਂ ਲੋਕ ਮਾਓਵਾਦੀਆਂ ਵੱਲ ਜਾ ਜੁੜੇ ਹਨ। ਸੁਪਰੀਮ ਕੋਰਟ ਨੇ ਆਦੀਵਾਸੀਆਂ ਦੇ ਮੁੜ ਵਸੇਬੇ ਦੇ ਆਦੇਸ਼ ਦਿੱਤੇ, ਅਸੀਂ ਕੋਰਟ ਦੇ ਆਦੇਸ਼ ਦੀ ਪਾਲਣਾ ਖਾਤਰ ਜ਼ੋਰ ਪਾਇਆ ਤਾਂ ਪ੍ਰਸਾਸ਼ਨ ਸਾਡੇ ਨਾਲ ਨਾਰਾਜ਼ ਹੋ ਗਿਆ। ਕਰੀਬ 550 ਸ਼ਿਕਾਇਤਾਂ ਅਸੀਂ ਪੁਲਸੀਆਂ ਖਿਲਾਫ਼ ਪੁਲਸ ਮੁਖੀ ਨੂੰ ਦਿੱਤੀਆਂ। ਇਸ ਸਾਲ ਦੇ ਸ਼ੁਰੂ 'ਚ ਜਨਵਰੀ 2009 ਨੂੰ ਪੁਲਸ ਤੇ ਐਸ. ਪੀ. ਓ. ਨੇ ਸੁਦਰਾਮ ਪਿੰਡ 'ਚ ਜਾ ਕੇ 19 ਆਦੀਵਾਸੀਆਂ ਨੂੰ ਮਾਰ ਦਿੱਤਾ ਇਸ 'ਚ ਚਾਰ ਲੜਕੀਆਂ ਸਨ। ਇਨ੍ਹਾਂ ਨਾਲ ਪਹਿਲਾਂ ਬਲਾਤਕਾਰ ਕੀਤਾ ਗਿਆ। ਫਿਰ ਚਾਕੂਆਂ ਨਾਲ ਉਨ੍ਹਾਂ ਦੀ ਹੱਤਿਆ ਕੀਤੀ ਗਈ। ਸਾਡੀ ਸੰਸਥਾ ਨੇ ਇਸ ਸਬੰਧੀ ਰਾਇਪੁਰ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਜਿਸ ਦਾ ਅਜੇ ਫੈਸਲਾ ਹੀ ਨਹੀਂ ਹੋਇਆ। ਜਿਥੋਂ ਤੱਕ ਜ਼ਮੀਨ ਦਾ ਸੁਆਲ ਹੈ ਆਸ਼ਰਮ ਦੀ ਜ਼ਮੀਨ ਦੇ ਕਾਗਜ਼ਾਤ ਤਿਆਰ ਹਨ। ਨਿਯਮਾਂ ਅਨੁਸਾਰ ਜ਼ਮੀਨ ਅਲਾਟ ਕਰ ਦਿੱਤੀ ਜਾਣੀ ਹੈ ਕਿ ਇਹ ਛੋਟੇ ਝਾੜ ਦਾ ਜੰਗਲ ਹੈ। ਅਸੀਂ ਇਸ ਦੇ ਭੂ-ਭਾਗ ਨੂੰ ਬਦਲਿਆ ਹੈ ਪਰ ਜ਼ਿਲ੍ਹਾ ਦਫ਼ਤਰ 'ਚ ਤਾਂ ਇਸ ਦਾ ਰਿਕਾਰਡ ਹੀ ਗਾਇਬ ਹੈ। ਉਨ੍ਹਾਂ ਦੱਸਿਆ ਕਿ ਇਸ ਜ਼ਮੀਨ ਦੀ ਵਰਤੋਂ ਨੂੰ 1996 'ਚ ਬਦਲਿਆ ਗਿਆ, ਅਸੀਂ ਇਸ ਨੂੰ ਅਦਾਲਤ 'ਚ ਚੁਣੌਤੀ ਦਿਆਂਗੇ। ਵੈਸੇ ਬਸਵਰ 'ਚ ਜਿੰਨੀਆਂ ਵੀ ਜ਼ਮੀਨਾਂ ਹਨ, ਉਹ ਸਰਕਾਰ ਦੀਆਂ ਹਨ ਜ਼ਮੀਨ ਜਿਥੇ ਆਸ਼ਰਮ ਬਣਿਆ ਹੈ, ਉਸੇ ਪਲਾਟ ਤੇ ਪੂਰਾ ਆਸ਼ਰਮ ਬਣਿਆ ਹੋਇਆ ਹੈ। ਅਜੇ ਤੱਥ ਕਿਸੇ ਕੋਲ ਪਟਾ ਨਹੀਂ ਹੈ। ਮਾਲਕੀ ਤੇ ਕਬਜਾ ਪਿੰਡ ਦਾ ਹੈ। ਬਸਵਰ ਦੇ 90 ਫੀਸਦੀ ਪਿੰਡ ਜੰਗਲਾਂ 'ਚ ਵਸੇ ਹਨ। ਕਈ ਹਾਕਮ ਇਸੇ ਤਰ੍ਹਾਂ ਸਭਦੇ ਘਰ ਢਾਹੁੰਦੇ ਰਹਿਣਗੇ। ਪ੍ਰਸ਼ਾਸਨ ਨੂੰ ਆਸ਼ਰਮ ਦੀ ਜ਼ਮੀਨ ਦੀ ਹੀ ਕਿਉਂ ਲੋੜ ਹੈ? ਪਰ ਆਸ਼ਰਮ ਤੋੜਨ ਦਾ ਕੰਮ ਤਾਂ ਜਾਣਬੁਝ ਕੇ ਕੀਤਾ ਜਾ ਰਿਹਾ ਹੈ।"

# ਮਨੋਰੰਜਨ ਦਾ ਬਾਜ਼ਾਰ ਬਨਾਮ ਟੈਲੀਵਿਜ਼ਨ

ਟੈਲੀਵਿਜ਼ਨ ਮਨੋਰੰਜਨ ਸਨਅਤ (ਫਿਕੀ ਮੁਤਾਬਕ) 19064 ਕਰੋੜ ਰੁਪਏ ਦੀ ਹੈ ਜੋ ਸੰਨ 2015 ਤੱਕ ਵਧ ਕੇ ਲਗਭਗ 27 ਹਜ਼ਾਰ ਕਰੋੜ ਰੁਪਏ ਹੋ ਜਾਵੇਗੀ। ਦੇਸ਼ ਵਿਚ ਕੁਲ 372 ਟੀ. ਵੀ. ਚੈਨਲ ਹਨ ਜਿਨ੍ਹਾਂ 'ਚੋਂ 200 ਵੱਡੇ ਸਨਅਤੀ ਘਰਾਣਿਆਂ ਨਾਲ ਸਬੰਧਤ ਹਨ ਅਤੇ ਉਨ੍ਹਾਂ 'ਚ 49.9 ਫੀਸਦੀ ਸ਼ੇਅਰ ਬਹੁਕੌਮੀ ਕੰਪਨੀਆਂ ਦੇ ਹਨ। ਟੈਲੀਵਿਜ਼ਨ ਸਨਅਤ ਦੇ ਸਿਖਰ ਦੇ ਅਹੁਦਿਆਂ 'ਤੇ ਬੈਠੇ 1084 ਲੋਕ ਅਜਿਹੇ ਹਨ ਜਿਨ੍ਹਾਂ ਨੇ ਆਰੰਭਕ ਸਿੱਖਿਆ ਅੰਗਰੇਜ਼ੀ ਸਕੂਲ 'ਚ ਪਾਈ ਅਤੇ ਉੱਚ ਸਿੱਖਿਆ ਕੈਂਬਰਜ ਵਰਗੀ ਯੂਨੀਵਰਸਿਟੀ ਵਿਚ। ਪਰ ਇਥੇ ਸਰਗਰਮ 40 ਤੋਂ ਵੱਧ ਵੱਡੇ ਨਿਰਦੇਸ਼ਕਾਂ ਨੇ 10ਵੀਂ ਜਮਾਤ ਤੋਂ ਵੀ ਘੱਟ ਪੜ੍ਹਾਈ ਕੀਤੀ ਹੈ। ਉਨ੍ਹਾਂ ਨੇ ਸਟੂਡੀਓ ਵਿਚ ਝਾੜੂ-ਪੋਚਾ ਲਾਉਣ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਏਕਤਾ ਕਪੂਰ ਦੀ ਕ੍ਰਿਪਾ ਨਾਲ ਉਹ ਕਾਲੰਤਰ 'ਚ ਡਾਇਰੈਕਟਰ ਬਣ ਬੈਠੇ। ਸੀਰੀਅਲਾਂ ਦੇ ਲੇਖਕਾਂ ਵਿਚ 86% ਨੇ ਵਿਗਿਆਨ, ਵਪਾਰ ਜਾਂ ਹੋਟਲ ਮੈਨੇਜਮੈਂਟ ਦੀ ਪੜ੍ਹਾਈ ਕੀਤੀ ਹੈ ਅਤੇ ਸਾਹਿਤ ਨਾਲ ਉਨ੍ਹਾਂ ਦੀਆਂ ਅਲਮਾਰੀਆਂ ਭਰੀਆਂ ਪਈਆਂ ਹਨ, ਉਹ ਮਨੋਹਰ ਕਹਾਣੀਆਂ, ਅਪਰਾਧ ਕਥਾਵਾਂ ਦੇ ਸਮਰਪਿਤ ਪਾਠਕ ਹਨ ਅਤੇ ਜੈ ਸ਼ੰਕਰ ਪ੍ਰਸ਼ਾਦ, ਨਿਰਮਲਾ, ਪ੍ਰੇਮ ਚੰਦ, ਉਨ੍ਹਾਂ ਦੇ ਲਈ ਪ੍ਰਹਸਨ ਦੇ ਪਾਤਰ ਹਨ। ਉਨ੍ਹਾਂ ਨੂੰ ਮੰਟੋ ਦੀਆਂ ਕਹਾਣੀਆਂ ਵਿਚ 'ਸੈਕਸਰਸ' ਮਿਲਦਾ ਹੈ। ਪਰ ਮੰਟੋ ਦੀ ਸੰਵੇਦਨਾ ਸਿਰ ਦੇ ਉਪਰੋਂ ਲੰਘ ਜਾਂਦੀ ਹੈ। ਮਾਸ-ਕਾਮ ਕਾਲਜਾਂ 'ਚ ਪੜ੍ਹੀਆਂ ਤੇ ਹਾਲੀਵੁੱਡ ਫਿਲਮਾਂ ਤੋਂ ਚੌਂਧਿਆਈਆਂ ਸੁੰਦਰੀਆਂ ਟੈਲੀਵਿਜ਼ਨ ਚੈਨਲਾਂ ਵਿਚ 'ਕ੍ਰਿਏਟਿਵ ਐਸੋਸੀਏਟ' ਅਤੇ ਪ੍ਰੋਗਰਾਮਿੰਗ ਅਫਸਰ ਦੇ ਅਹੁਦਿਆਂ 'ਤੇ ਬੈਠੀਆਂ ਹਨ। ਜਿਨ੍ਹਾਂ ਨੂੰ ਦ੍ਰਿਸ਼ਾਂ ਦੀ ਗੁਣਵੰਣਤਾ ਦਾ ਕੋਈ ਗਿਆਨ ਨਹੀਂ ਹੈ। ਪਰ ਉਹ ਏਪੀਸੋਡ ਦੇ ਪ੍ਰਸਾਰਣ ਸਬੰਧੀ ਫੈਸਲੇ ਲੈਣ ਦਾ ਹੱਕ ਰੱਖਦੀਆਂ ਹਨ। 'ਸੌਂਈ ਹੁਈ ਨਾਇਕਾ ਦਾ ਟੇਡਾ ਝੁਮਕਾ, 'ਡਬਡਬਾਈ ਅੱਖਾਂ ਨਾਲ ਇਕ ਬੂੰਦ ਦੀ ਥਾਂ ਲੁੜਕਿਆ ਦੂਸਰਾ ਬੂੰਦ ਹੰਝੂ', 'ਭੱਜਦੀ ਹੋਈ ਨਾਇਕਾ ਦਾ ਬੇਤਰਤੀਬ ਹੋਇਆ ਇਕ ਵੀ ਵਾਲ ਜਾਂ ਜੇਵਰ' ਪੂਰੇ ਦ੍ਰਿਸ਼ ਨੂੰ ਫਿਰ ਤੋਂ ਜਿਨ੍ਹਾਂ ਦੀ ਰਚਨਾਤਮਿਕਤਾ 'ਸੋਚ' ਦੇ ਪੱਧਰ 'ਤੇ ਨਹੀਂ ਹੁੰਦੀ, ਸਿਰਫ 'ਦਿੱਖ' ਉਨ੍ਹਾਂ ਨੂੰ ਫ਼ਿਕਰ ਲਾਈ ਰੱਖਦੀ ਹੈ। ਇਕ ਸਮਾਂ ਸੀ ਜਦ ਜੀ. ਟੀ. ਵੀ. ਵਿਚ ਪ੍ਰੋਗਰਾਮਿੰਗ ਹੈੱਡ ਡਾ. ਚੰਦਰਪ੍ਰਕਾਸ਼ ਦਿਵੇਦੀ ਸਨ। ਮਸ਼ਹੂਰ ਫਿਲਮਕਾਰ ਗੁਲਜਾਰ ਪ੍ਰੇਮਚੰਦ ਦੀਆਂ ਕਹਾਣੀਆਂ 'ਤੇ ਸੀਰੀਅਲ ਬਣਾਉਣ ਦਾ ਪ੍ਰਸਤਾਵ ਲੈ ਕੇ ਗਏ। ਉਨ੍ਹਾਂ ਦਾ ਇਹ ਪ੍ਰਸਤਾਵ ਇਸ ਲਈ ਖਾਰਜ ਹੋ ਗਿਆ ਕਿ ਉਨ੍ਹਾਂ ਨੇ ਲੇਖਕ ਪ੍ਰੇਮ ਚੰਦ ਦਾ ਬਾਇਓਡਾਟਾ ਪ੍ਰਸਤਾਵ ਦੇ ਨਾਲ ਨੱਥੀ ਨਹੀਂ ਕੀਤਾ ਸੀ। ਸਬੰਧਿਤ ਪ੍ਰੋਗਰਾਮਿੰਗ ਅਫਸਰ ਨੇ ਗੁਲਜਾਰ ਨੂੰ ਕਿਹਾ, 'ਪ੍ਰੇਮਚੰਦ ਨੂੰ ਭੇਜੋ, ਮੈਂ ਦੱਸਾਂਗੀ ਕਿ ਸ਼ੋਅ ਦੀ ਦਿੱਖ ਕੀ ਹੋਵੇ ਤੇ ਸਕਰੀਨ ਪਲੇਅ ਦਾ ਕਿਹੋ ਜਿਹਾ ਡਿਜ਼ਾਇਨ ਕਰਨਾ ਹੈ।' ਡਾ. ਦਿਵੇਦੀ ਦੇ ਸਹਿਯੋਗੀ ਰਵਿੰਦਰ ਤਿਆਗੀ ਨੇ ਦਖਲਅੰਦਾਜੀ ਕੀਤੀ ਪਰ ਸਿੱਟਾ ਸਿਫਰ ਰਿਹਾ। ਉਨ੍ਹੀਂ ਦਿਨੀਂ ਜੀ. ਟੀ. ਵੀ. 'ਤੇ ਹਿੰਗਲਿਸ਼ ਦਾ ਤੁਗਲਕੀ ਬੁਖਾਰ ਸੀ ਡਾ. ਦਿਵੇਦੀ ਅਜਿਹੀ ਟੀਮ ਪਾ ਕੇ ਹੈਰਾਨ-ਪ੍ਰੇਸ਼ਾਨ ਸਨ। ਉਹ ਸਿਰ 'ਤੇ ਪੈਰ

ਰੱਖ ਕੇ ਜੀ. ਟੀ. ਵੀ. ਤੋਂ ਭੱਜ ਨਿਕਲੇ। ਜੀ. ਟੀ. ਵੀ. ਨੇ ਹਿੰਦੀ ਦੀ ਦੁਰਗਤੀ ਕੀਤੀ ਤਾਂ ਸਟਾਰ ਇੰਡੀਆ ਨੇ ਸਾਡੇ ਸੱਭਿਆਚਾਰ ਨੂੰ ਵਿਗਾੜਿਆ। ਅਭਿਨੇਤਾ ਜਤਿੰਦਰ ਦੀ ਕੰਪਨੀ ਬਾਲਾ ਜੀ ਟੈਲੀਫਿਲਮ ਨੇ 'ਸਟਾਰ ਟੀ. ਵੀ.' ਦੇ ਸ਼ੇਅਰ ਲਏ ਤੇ ਉਨ੍ਹਾਂ ਦੀ ਬੇਟੀ ਏਕਤਾ ਕਪੂਰ ਨੇ ਔਰਤਾਂ ਦੇ ਅਧਿਕਾਰਾਂ ਦੀ ਆਵਾਜ਼ ਬਣਨ ਦੇ ਨਾਂ 'ਤੇ ਜਿਸ ਤਰ੍ਹਾਂ ਦੇ ਸੀਰੀਅਲ ਬਣਾਏ ਉਹ ਭਾਰਤੀ ਸਮਾਜ 'ਚ ਟੁੱਟ ਭੱਜ, ਅਸਹਿਣਸ਼ੀਲਤਾ ਤੇ ਸਾਜ਼ਿਸ਼ ਦੇ ਨਵੇਂ ਅਧਿਆਇ ਲਿਖ ਗਏ। ਭਾਰਤੀ ਪਰਿਵਾਰਾਂ 'ਚ ਬਹੂਆਂ ਘਰ ਜੋੜਦੀਆਂ ਸਨ। ਉਨ੍ਹਾਂ ਦੇ ਇਸ ਸੰਸਕਾਰ ਨੂੰ ਪਿਛੜੇਪਣ ਦੀ ਨਿਸ਼ਾਨੀ ਵਿਖਾਇਆ ਗਿਆ। ਰਸੋਈ 'ਚ ਖਾਣਾ ਘੱਟ, ਸਾਜ਼ਿਸ਼ਾਂ ਵੱਧ ਪੱਕਣ ਲੱਗੀਆਂ। ਅਭਿਨੇਤਾ ਮੁਕੇਸ਼ ਖੰਨਾ ਨੂੰ ਅਮਰੀਕਾ ਦੇ ਇਕ ਭਾਰਤੀ ਨੇ ਫੋਨ ਕੀਤਾ ਕਿ ਉਸ ਨੂੰ ਏਕਤਾ ਕਪੂਰ ਦਾ ਮੋਬਾਇਲ ਨੰਬਰ ਚਾਹੀਦਾ ਹੈ। ਵਜ੍ਹਾ ਇਹ ਹੈ ਕਿ ਬਾਲਾ ਜੀ ਟੈਲੀਫਿਲਮ ਦੇ ਸੀਰੀਅਲ 'ਕਿਉਂਕਿ ਸੱਸ ਵੀ ਕਭੀ ਬਹੂ ਸੀ' ਕਾਰਨ ਉਨ੍ਹਾਂ ਦੀ ਪਤਨੀ ਮਾਨਸਿਕ ਰੋਗੀ ਬਣ ਗਈ ਸੀ। ਤਦ ਏਕਤਾ ਕਪੂਰ ਦੀ ਕੰਪਨੀ ਇਕ ਤਰ੍ਹਾਂ ਦੇ 48 ਸੀਰੀਅਲਾਂ ਦਾ ਪ੍ਰਸਾਰਣ ਕਰ ਰਹੀ ਸੀ। ਉਸ ਖਿਲਾਫ ਅਮਰੀਕਾ ਵਿਚ ਭਾਰਤੀਆਂ ਨੇ ਜੋਰਦਾਰ ਅੰਦੋਲਨ ਕੀਤਾ। ਨਤੀਜੇ ਵਜੋਂ ਰੂਪਰਟ ਮੇਰਡੌਕ ਦੇ ਬੇਟੇ ਨੇ ਬਾਲਾ ਜੀ ਫਿਲਮਜ ਦੇ ਨਾਲ ਆਪਣੀ ਸਾਂਝੀ ਰਾਤੋ ਰਾਤ ਜੋੜ ਲਈ ਅਤੇ ਏਕਤਾ ਕਪੂਰ ਦੀ ਕੰਪਨੀ ਮੂਧੇ ਮੂੰਹ ਡਿੱਗੀ। ਬਾਲਾ ਜੀ ਟੈਲੀਫਿਲਮਸ ਨੇ ਸੀਰੀਅਲਾਂ ਵਿਚ ਜੋ ਚਲਣ ਸ਼ੁਰੂ ਕੀਤਾ ਉਸੇ ਲਕੀਰ ਨੂੰ ਅੱਜ ਵੀ 97 ਫੀਸਦੀ ਨਿਰਮਾਤਾ ਪਿਟ ਰਹੇ ਹਨ। ਉਨ੍ਹਾਂ ਦੇ ਸ਼ੋਅ ਦੀ ਟੀ. ਆਰ. ਪੀ. ਡਿੱਗ ਰਹੀ ਸੀ। ਉਹ ਸੈਕਸ ਗਾਣੇ ਅਤੇ ਦੂਜੇ ਆਕਰਸ਼ਣ ਲਿਆ ਕੇ ਵੀ ਆਪਣੀ ਸ਼ਾਖ ਨਹੀਂ ਬਚਾ ਸਕੇ ਸਨ ਜਦ ਸ਼ੋਅ ਨਵਾਂ ਹੁੰਦਾ ਤਾਂ ਉਹ ਨਵੇਂ ਲੋਕੇਸ਼ਨ, ਨਵੇਂ ਕੱਥ ਤੇ ਨਵੀਂ ਪੇਸ਼ਕਾਰੀ ਦਾ ਆਕਰਸ਼ਣ ਦਰਸ਼ਕਾਂ ਨੂੰ ਖਿੱਚਦਾ ਹੈ। ਪਰ ਜਿਉਂ ਹੀ ਚਾਲੀ ਏਪੀਸੋਡ ਖਤਮ ਹੁੰਦੇ ਹਨ, ਟੀ. ਆਰ. ਪੀ. ਵੀ ਘੱਟ ਜਾਂਦੀ ਹੈ। ਕਿਉਂਕਿ ਕਹਾਣੀ ਕਲਨਾਇਕਾਂ ਦੀ ਗੋਦ ਵਿਚ ਚਲੀ ਜਾਂਦੀ ਹੈ ਅਤੇ ਸਾਜ਼ਿਸ਼ਾਂ-ਰੰਜਸ਼ਾਂ ਦੀ ਪੇਸ਼ਕਾਰੀ ਸ਼ੁਰੂ ਹੋ ਜਾਂਦੀ ਹੈ। ਸਿੱਟਾ - ਅਨੁਬੰਧਿਤ ਸਮਾਂ-ਸੀਮਾ ਤੋਂ ਪਹਿਲਾਂ ਹੀ ਸੀਰੀਅਲਾਂ ਨੂੰ ਬੰਦ ਕਰ ਦਿੱਤਾ ਜਾਂਦਾ ਹੈ। ਦੂਰਦਰਸ਼ਨ 'ਤੇ 'ਔਰਤ ਤੇਰੀ ਕਹਾਣੀ' ਜੀ. ਟੀ. ਵੀ. ਤੇ 'ਰਣਬੀਰ ਰਾਣੋ' ਆਦਿ ਇਸ ਦੀਆਂ ਉਦਾਹਰਣਾਂ ਹਨ। ਟੀ. ਆਰ. ਪੀ. ਲਈ ਸੀਰੀਅਲ ਨਿਰਮਾਤਾਵਾਂ ਨੇ ਰਿਆਇਲਟੀ ਸ਼ੋਅ ਦਾ ਸੋਸ਼ਾ ਚਲਾਇਆ।

ਪ੍ਰਯੋਜਿਤ ਤੇ ਪਹਿਲਾਂ ਨਿਯੋਜਿਤ ਘਟਨਾਕ੍ਰਮ ਦੇ ਹਿਸਾਬ ਨਾਲ ਇਸੇ ਵਿਚ ਘਟਨਾਵਾਂ ਘਟੀਆਂ। ਮਾਰਕਿਟ ਵਾਲਿਆਂ ਨੇ ਸ਼ੋਅ ਚਲਾਉਣ ਲਈ ਉਤੇਜਨਾਵਾਂ ਭਰੀਆਂ। ਇਕ ਅਜਿਹੇ ਹੀ ਰਾਇਲਟੀ ਸ਼ੋਅ 'ਚ ਰਾਮਦਾਸ ਆਠਵਲੇ ਨੂੰ ਅਨੁਬੰਧਿਤ ਕਰਕੇ ਫਿਰ ਉਸ ਦੀ ਥਾਂ ਸੰਜੇ ਨਿਰੂਪਮ ਨੂੰ ਸ਼ਾਮਲ ਕੀਤਾ ਗਿਆ। ਆਠਵਲੇ ਦੇ ਸਮਰਥਕਾਂ ਨੇ ਹੰਗਾਮਾ ਕੀਤਾ ਤਾਂ ਟੀ. ਆਰ. ਪੀ. ਵਧੀ। ਸੰਜੇ ਨੇ ਰਾਹੁਲ ਅਤੇ ਪ੍ਰਮੋਦ ਮਹਾਜਨ 'ਤੇ ਟਿੱਪਣੀ ਕੀਤੀ ਤਾਂ ਹੰਗਾਮਾ ਹੋਇਆ ਤੇ ਟੀ. ਆਰ. ਪੀ. ਵਧੀ। ਬਿੱਗ ਬਾਸ ਦੀ ਵਧਦੀ ਟੀ. ਆਰ. ਪੀ. ਰੋਕਣ ਲਈ 'ਇੰਡੀਅਨ ਆਇਲ' ਦੇ ਫੈਸਲਾਕੁੰਨ ਸਕਰੀਨ 'ਤੇ ਹੀ ਲੜ ਪਏ ਇਕ ਗਾਇਕਾ ਨੇ ਆਪਣੀ ਕਥਿਤ ਭਤੀਜੀ ਨੂੰ ਗਾਇਕੀ ਵਿਚ ਫੇਲ੍ਹ ਕੀਤਾ ਮੀਡੀਆ ਵਿਚ ਪ੍ਰਯੋਜਿਤ ਖਬਰਾਂ ਛਪੀਆਂ, ਟੀ. ਆਰ. ਪੀ. ਵਧੀ। ਹੁਣ ਇਕ ਰਿਆਲਟੀ ਸ਼ੋਅ ਮਲੇਸ਼ੀਆ ਦੇ ਜੰਗਲ ਵਿਚ ਪ੍ਰਸਾਰਿਤ ਕੀਤਾ ਜਾ ਰਿਹਾ

ਹੈ। ਸਿਰਫ ਛੇ ਯੂਨਿਟ ਲਾਈਟ ਨਾਲ ਪੂਰਾ ਜੰਗਲ ਕਵਰ ਕੀਤਾ ਜਾ ਰਿਹਾ ਹੈ। ਇਹ ਅਸੰਭਵ ਤੇ ਗੈਰਵਿਹਾਰਕ ਹੈ ਪਰ ਟੀ. ਵੀ. ਰਿਆਲਟੀ ਸ਼ੋਅ ਦੇ ਨਾਂ ਹੇਠ ਇਸ ਨੂੰ ਪਰੋਸ ਰਿਹਾ ਹੈ। ਫਿਲਮ ਵਾਲੇ ਦਰਸ਼ਕਾਂ ਨੂੰ ਬੇਵਕੂਫ ਮੰਨਦੇ ਹਨ ਟੈਲੀਵਿਜ਼ਨ ਵੀ ਮੰਨ ਰਿਹਾ ਹੈ। ਕਲਪਨਿਕ ਕਥਾ ਤੇ ਅਸਲੀ ਕਥਾ ਦਾ ਭੇਦ ਮਿਟਾਇਆ ਜਾ ਰਿਹਾ ਹੈ। ਅਸਲੀਅਤ ਦੀ ਕਲਪਨਾ ਦੀ ਚਾਸ਼ਨੀ 'ਚ ਪਕਾ ਕੇ ਵੇਚੀ ਜਾ ਰਹੀ ਹੈ, ਕਲਪਨਾ ਨੂੰ ਸੱਚ ਦਾ ਜਾਮਾ ਪਹਿਨਾ ਕੇ ਸੌਦਾ ਕੀਤਾ ਜਾ ਰਿਹਾ ਹੈ। ਹੁਣ ਸਮਾਚਾਰ ਚੈਨਲਾਂ ਵਿਚ ਵੀ ਅਪਰਾਧ ਕਥਾਵਾਂ, ਤੰਤਰ-ਮੰਤਰ, ਰਾਹੀਂ ਕਥਿਤ ਮਨੋਰੰਜਕ ਪ੍ਰੋਗਰਾਮ ਸ਼ੁਰੂ ਕਰ ਦਿੱਤੇ ਗਏ ਹਨ। ਹਾਸ ਰਸ ਕਵੀ ਸੰਮੇਲਨਾਂ ਦੇ ਨਾਂ 'ਤੇ 'ਅਸ਼ਲੀਲ ਚੁਟਕਲੇ ਬਾਜੀ' ਨੂੰ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। ਕਿਉਂਕਿ ਟੀ. ਆਰ. ਪੀ. ਨੂੰ ਪ੍ਰਭਾਵਿਤ ਕਰਨ ਲਈ ਸਭ ਚੈਨਲਾਂ ਨੇ ਆਪਣੇ 'ਐਵਾਰਡਦਾਤਾ' ਮਿੱਥ ਲਏ ਹਨ। ਇਹ ਏਨਾ ਵੱਡਾ ਭਰਮ ਜਾਲ, ਦੁਸ਼ਚੱਕਰ ਹੈ ਜਿਥੇ ਅਭਿਨੈ ਸਮਰਾਟ ਦਲੀਪ ਕੁਮਾਰ ਵੀ ਖਾਮੋਸ਼ ਰਹਿੰਦੇ ਹਨ ਤਾਂ ਕਿ ਉਨ੍ਹਾਂ ਦਾ ਪ੍ਰੋਡਕਸ਼ਨ ਹਾਊਸ ਚਲਦਾ ਰਹੇ।

ਕਈ ਟੈਲੀਵਿਜ਼ਨ ਚੈਨਲਾਂ ਲਈ ਕੰਮ ਕਰ ਚੁੱਕੇ ਅਤੇ ਲਗਭਗ ਵੀਹ ਟੈਲੀਵਿਜ਼ਨ ਸੀਰੀਅਲਾਂ ਦੇ ਨਿਰਦੇਸ਼ਕ ਰਹੇ ਸੁਨੀਲ ਪ੍ਰਸ਼ਾਦ ਕਹਿੰਦੇ ਹਨ, ਟੈਲੀਵਿਜ਼ਨ 'ਚ ਵਿਹਾਰਿਕ ਗੱਲਾਂ ਤੋਂ ਪਰ੍ਹੇ ਕਾਲਪਨਿਕ ਦ੍ਰਿਸ਼ ਪਾਏ ਜਾ ਰਹੇ ਹਨ। ਸਿਨੇਮੇ ਵਾਂਗੂੰ ਟੈਲੀਵਿਜ਼ਨ ਨੂੰ 'ਲਾਰਜ ਦੈਨ ਲਾਈਫ' ਬਣਾਇਆ ਜਾ ਰਿਹਾ ਹੈ। ਇਸ ਨਾਲ ਚਮਕ-ਦਮਕ ਅਤੇ ਗ੍ਰੈਂਜਰ ਤਾਂ ਦਿਖ ਰਿਹਾ ਹੈ ਪਰ ਦਿਲ ਨੂੰ ਛੂਹਣ ਦਾ ਸਵੱਬ ਖੁਸ ਗਿਆ ਹੈ।

ਰੋਜ਼ਾਨਾ ਸੀਰੀਅਲ ਰਚਨਾਤਮਿਕਤਾ ਨੂੰ ਦਾਅ 'ਤੇ ਲਾ ਕੇ ਮੱਧਵਰਗ 'ਚ ਨਵੇਂ-ਨਵੇਂ ਹੌਂਦੇ ਖੜੇ ਕਰ ਰਿਹਾ ਹੈ। ਵੀਹ-ਵੀਹ ਘੰਟਿਆਂ ਤੱਕ ਰੋਜ਼ਾਨਾ ਇਕ ਟੀਮ ਹੀ ਕੰਮ ਕਰਦੀ ਹੈ। ਟੈਲੀਵਿਜ਼ਨ ਸੀਰੀਅਲਾਂ ਲਈ ਸਭ ਨੂੰ ਬਾਜ਼ਾਰ 'ਚ ਪ੍ਰਸਿੱਧ ਲੇਖਕ, ਨਿਰਦੇਸ਼ਕ ਤਕਨੀਸ਼ਿਅਨ ਅਤੇ ਐਕਟਰ ਚਾਹੀਦੇ ਹਨ। ਵੱਡੀ ਪੂੰਜੀ ਝੋਕੀ ਜਾਂਦੀ ਹੈ ਅਤੇ ਫਿਰ ਚਾਰ-ਪੰਜ ਸਾਲਾਂ ਤੱਕ ਉਸੇ ਕਹਾਣੀ ਨੂੰ ਖਿੱਚ ਕੇ ਵਿਆਜ-ਪੜ-ਵਿਆਜ ਵਾਂਗੂੰ ਮੁਨਾਫਾ ਵਸੂਲਿਆ ਜਾਂਦਾ ਹੈ। ਪ੍ਰਸਿੱਧ ਕਾਸਟਰਊਮ ਡਿਜ਼ਾਇਨਰ ਤਮਾਲ ਘੋਸ਼ ਕਹਿੰਦੇ ਹਨ, 'ਹਰ ਟੈਲੀਵਿਜ਼ਨ ਸ਼ੋਅ ਪ੍ਰਯੋਜਿਕਾਂ ਲਈ ਚਲਾਇਆ ਜਾਂਦਾ ਹੈ। ਕਰੋੜਾਂ ਰੁਪਏ ਦੇ ਸੈਟ ਅਤੇ ਕਾਸਟਿਊਮ ਪ੍ਰਯੋਜਿਤ ਹੁੰਦੇ ਹਨ। ਚੈਨਲ ਪਹਿਲੇ ਪ੍ਰਯੋਜਿਕ ਲੱਭਦਾ ਹੈ ਫਿਰ ਪ੍ਰੋਗਰਾਮ ਬਣਾਉਂਦਾ ਹੈ। ਕਿਉਂਕਿ ਅਸੀਂ ਤਾਂ ਮੁਫਤ ਦੇ ਦਰਸ਼ਕ ਹਾਂ, ਸਾਨੂੰ ਮੰਗਣ ਦਾ ਅਧਿਕਾਰ ਨਹੀਂ ਹੈ। ਬਾਜ਼ਾਰ ਜੋ ਵੇਖਣਾ ਚਾਹੇ, ਸਾਨੂੰ ਉਹ ਦੇਖਣਾ ਪਵੇਗਾ।' 1993-94 'ਚ ਸੈਟੇਲਾਈਟ ਚੈਨਲ ਟੀ. ਵੀ. ਸੀਰੀਅਲਾਂ ਨੂੰ ਭਾਰਤ 'ਚ ਪ੍ਰਸਾਰਣ ਦੀ ਇਜਾਜ਼ਤ ਮਿਲੀ ਸੰਨ 1996 'ਚ ਬੰਗਲੌਰ 'ਚ ਵਿਸ਼ਵ ਸੁੰਦਰੀ ਮੁਕਾਬਲਾ ਹੋਇਆ ਸੰਨ 1995-96 'ਚ ਬ੍ਰਾਂਡੇਡ ਕੱਪੜਿਆਂ ਤੇ ਗਹਿਣਿਆਂ ਦਾ ਬਾਜ਼ਾਰ ਕ੍ਰਮਵਾਰ 207 ਕਰੋੜ ਅਤੇ 86 ਕਰੋੜ ਰੁਪਏ ਸੀ ਜੋ ਸਾਲ 2007-08 'ਚ ਕ੍ਰਮਵਾਰ 28000 ਕਰੋੜ ਅਤੇ 21000 ਕਰੋੜ ਰੁਪਏ ਪਾਸ ਪਹੁੰਚ ਗਿਆ। ਸਾਲ 1991 ਤੋਂ 2006 ਤੱਕ ਭਾਰਤੀ ਮੱਧਵਰਗ ਦੀ ਆਮਦਨ 16 ਫੀਸਦੀ ਵਧੀ ਪਰ ਬੈਂਕਾਂ 'ਚ ਉਨ੍ਹਾਂ ਦੀ ਬੱਚਤ 24 ਫੀਸਦੀ ਤੋਂ ਘਟ ਕੇ 3.97 ਫੀਸਦੀ ਰਹਿ ਗਈ। ਇਹ ਅੰਕੜੇ ਕੋਈ ਉਲਝੀ ਹੋਈ ਕਹਾਣੀ ਨਹੀਂ ਕਹਿ ਰਹੇ। ਇਹ ਸੱਚ ਉਜਾਗਰ ਕਰ ਰਹੇ ਹਨ ਕਿ ਦੇਸ਼

'ਚ ਟੀ. ਵੀ. ਕਾਰਨ ਖਪਤਕਾਰ ਸਭਿਆਚਾਰ ਵਧੀਆ ਤੇ ਲੋਕ ਖਰਚੀਲੇ ਹੋਏ। ਲੋਕਾਂ ਨੂੰ ਖਰਚੀਲਾ ਬਣਾਉਣ ਦੀ ਇਹ ਖੇਡ ਟੈਲੀਵਿਜ਼ਨ ਸੀਰੀਅਲਾਂ ਰਾਹੀਂ ਖੇਡੀ ਗਈ ਸਿਰਫ ਤਿੰਨ ਲੱਖ ਰੁਪਏ ਦੇ ਖਰਚੇ 'ਤੇ ਟੈਲੀਵਿਜ਼ਨ ਚੈਨਲ ਖੋਲ੍ਹ ਕੇ ਤਿੰਨ ਸੌ ਕਰੋੜ ਰੁਪਏ ਦਾ ਵਪਾਰ ਕਰਨ ਦਾ ਲਾਇਸੰਸ ਹਾਸਲ ਕਰਨ ਵਾਲਾ ਪੂਰੀ ਤਰ੍ਹਾਂ ਬਜ਼ਾਰ ਦੀ ਬੁਕਲ 'ਚ ਜਾ ਬੈਠਦਾ ਹੈ ਅਤੇ ਬਾਜ਼ਾਰ ਮੁਨਾਫੇ ਲਈ ਉਸ ਦੀ ਸ਼ਕਤੀ ਦੀ ਲੁਟ ਕਰਦਾ ਹੈ, ਉਹ ਮਨੋਰੰਜਨ ਦੀ ਭਾਸ਼ਾ ਨਹੀਂ ਪਰਿਭਾਸ਼ਾ ਵੀ ਬਦਲ ਦਿੰਦਾ ਹੈ।

# ਮੰਦੀ ਨੇ ਯੂਰਪੀ ਯੂਨੀਅਨ ਦੀ ਨੀਂਹ ਹਿਲਾਈ?

27 ਦੇਸ਼ਾਂ ਨਾਲ ਮਿਲ ਕੇ ਬਣੀ ਯੂਰਪੀ ਯੂਨੀਅਨ (ਈ. ਯੂ.) ਵਿਸ਼ਵ ਆਰਥਕ ਸੰਕਟ ਦੇ ਬੋਝ ਹੇਠ ਡਿੱਕ ਡੋਲੇ ਖਾ ਰਹੀ ਹੈ। ਇਸ ਦਾ ਅਰਥ ਹੈ ਕਿ ਯੂਰਪੀ ਯੂਨੀਅਨ ਦੀ ਏਕਤਾ 'ਤੇ ਸੰਕਟ ਦੇ ਬੱਦਲ ਛਾ ਰਹੇ ਹਨ। ਇਸ ਸੰਕਟ ਨੂੰ ਜਾਹਰ ਕਰਨ ਵਾਲੀਆਂ ਕਈ ਚੀਜ਼ਾਂ ਪਿਛਲੇ ਦਿਨੀਂ ਵਾਪਰੀਆਂ। ਇਨ੍ਹਾਂ ਵਿਚੋਂ ਕੁਝ ਦੀ ਚਰਚਾ ਕੀਤੀ ਜਾਵੇ। ਸਭ ਤੋਂ ਪਹਿਲਾਂ 7 ਜੂਨ ਨੂੰ ਹੋਏ ਯੂਰਪੀ ਸੰਸਦ ਦੀਆਂ ਚੋਣਾਂ ਦੀ ਗੱਲ ਕਰੀਏ। ਇਨ੍ਹਾਂ ਚੋਣਾਂ ਵਿਚ ਸਿਰਫ 47 ਫੀਸਦੀ ਵੋਟਰਾਂ ਨੇ ਹੀ ਆਪਣੀ ਵੋਟ ਦੀ ਵਰਤੋਂ ਕੀਤੀ ਯਾਨੀ 57 ਫੀਸਦੀ ਵੋਟਰਾਂ ਨੇ ਵੋਟ ਹੀ ਨਹੀਂ ਪਾਈ। ਇਹ ਸਥਿਤੀ ਤਦ ਹੋਈ ਜਦ ਕਿ ਕਈ ਦੇਸ਼ਾਂ ਵਿਚ ਚੋਣਾਂ ਨੂੰ ਲਾਜ਼ਮੀ ਕਰਾਰ ਦਿੱਤਾ ਹੋਇਆ ਹੈ। ਅਸਲ ਵਿਚ ਯੂਰਪੀ ਯੂਨੀਅਨ 'ਚ ਪਿਛਲੇ ਦਿਨਾਂ ਵਿਚ ਸੱਜੇ ਪੱਖੀ ਤੇ ਫਾਂਸੀਵਾਦੀ ਪਾਰਟੀਆਂ ਦੇ ਪ੍ਰਭਾਵ 'ਚ ਵਿਸਥਾਰ ਹੋਇਆ ਹੈ। ਇਹ ਪਾਰਟੀਆਂ ਨਾ ਸਿਰਫ਼ ਯੂਰਪੀ ਯੂਨੀਅਨ ਦਾ ਵਿਰੋਧ ਕਰਦੀਆਂ ਹਨ ਬਲਕਿ ਯੂਰਪੀ ਯੂਨੀਅਨ ਦੇ ਅਮੀਰ ਦੇਸ਼ਾਂ ਵਿਚ ਇਹ ਯੂਰਪੀ ਯੂਨੀਅਨ ਦੇ ਹੀ ਗਰੀਬ ਦੇਸ਼ਾਂ ਤੇ ਹੋਰ ਨਾਗਰਿਕਾਂ ਦਾ ਵਿਰੋਧ ਕੀਤਾ ਜਾਂਦਾ ਹੈ। ਨਸਲੀ ਹਮਲੇ ਕੀਤੇ ਜਾਂਦੇ ਹਨ। ਇਨ੍ਹਾਂ ਪਾਰਟੀਆਂ ਦੇ ਤਿੱਖੇ ਕੌਮਵਾਦੀ ਪ੍ਰਚਾਰ ਨੇ ਇਨ੍ਹਾਂ ਚੋਣਾਂ 'ਚ ਇਕ ਨਕਾਰਾਤਮਕ ਭੂਮਿਕਾ ਨਿਭਾਈ। ਬੇਰੁਜਗਾਰੀ ਕਾਰਨ ਯੂਰਪੀ ਯੂਨੀਅਨ ਦੇ ਇਕ ਦੇਸ਼ ਤੋਂ ਦੂਜੇ ਦੇਸ਼ 'ਚ ਹਿਜਰਤ ਹੋ ਰਹੀ ਹੈ ਇਹ ਉਹੀ ਸਮੱਸਿਆ (ਆਰਥਕ ਸੰਕਟ ਕਾਰਨ ਵਧਦੀ ਬੇਰੁਜ਼ਗਾਰੀ) ਮੌਜੂਦਾ ਸਮੇਂ 'ਚ ਕਈ ਦੇਸ਼ਾਂ 'ਚ ਖਤਰਨਾਕ ਪੱਧਰ ਤੱਕ ਪੁੱਜ ਗਈ ਹੈ। ਆਇਰਲੈਂਡ, ਸਪੇਨ ਵਰਗੇ ਪੱਛਮੀ ਯੂਰਪ ਦੇ ਦੇਸ਼ਾਂ ਵਿਚ ਇਹ 11 ਫੀਸਦੀ ਤੋਂ ਉੱਪਰ ਪਹੁੰਚ ਚੁੱਕੀ ਹੈ ਤਾਂ ਇਹੀ ਗੱਲ ਪੂਰਵੀ ਯੂਰਪ ਦੇ ਦੇਸ਼ਾਂ ਚੈਕਰੀ ਪਬਲਿਕ ਇਸਤੋਨੀਆ, ਲਾਟਵਿਆ, ਲਿਥੂਆਨਿਆ ਵਰਗੇ ਦੇਸ਼ਾਂ ਦਾ ਵੀ ਹੈ। ਇਥੇ ਵੀ ਇਹ 11 ਫੀਸਦੀ ਜਾਂ ਉਸ ਤੋਂ ਉੱਪਰ ਹੈ। ਯੂਰਪੀ ਯੂਨੀਅਨ ਦੇ ਹੋਰ ਦੇਸ਼ਾਂ ਦੇ ਹਾਲ ਵੀ ਬਹੁਤ ਚੰਗੇ ਨਹੀਂ ਹਨ। ਫਰਾਂਸ, ਜਰਮਨੀ ਇਸ ਦੇ ਨੇਤਾ ਬਣਕੇ ਉਭਰੇ ਹਨ। ਇਕ ਤਰ੍ਹਾਂ ਨਾਲ ਸਭ ਦੇਸ਼ਾਂ ਦੀ ਯੂਰਪੀ ਯੂਨੀਅਨ ਦੇ ਸਾਂਝੇ ਹਿੱਤਾਂ ਦੀ ਥਾਂ 'ਤੇ ਆਪਣੇ ਕੌਮੀ ਹਿੱਤਾਂ ਦੀ ਚਿੰਤਾ ਸਤਾ ਰਹੀ ਹੈ। ਇਹ ਚਿੰਤਾਵਾਂ ਤਿੱਖੇ ਬਿਆਨਾਂ ਵਿਚ ਵੀ ਜ਼ਾਹਰ ਹੋ ਰਹੀਆਂ ਹਨ ਤਾਂ ਐਸੇ ਕਦਮਾਂ 'ਚ ਹੋ ਰਹੀ ਹੈ ਜਿਸ ਵਿਚ ਇਹ ਦੇਸ਼ ਆਪਣੇ ਬੈਂਕਾਂ 'ਤੇ ਸਨਅਤੀ ਅਦਾਰਿਆਂ ਨੂੰ ਸਰਕਾਰੀ ਸਹਾਇਤਾ ਦੇ ਕੇ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਰਮਨੀ ਤੇ ਫਰਾਂਸ ਵਿਚਕਾਰ ਅੰਤਰ ਵਿਰੋਧ ਅਕਸਰ ਹੀ ਸਾਹਮਣੇ ਰਹਿੰਦੇ ਹਨ। ਇਹ ਮੁੱਦੇ ਯੂਰਪੀਅਨ ਸੈਂਟਰਲ ਬੈਂਕ ਦੀ ਭੂਮਿਕਾ ਤੋਂ ਲੈ ਕੇ ਆਪਣੇ ਆਪਣੇ ਦੇਸ਼ ਅੰਦਰ ਡੂੰਘੇ ਹੁੰਦੇ ਸੰਕਟ ਨਾਲ ਕਿਵੇਂ ਨਿਪਟਣ ਇਸ ਸਬੰਧੀ ਵੀ ਹੈ। ਪਰ ਇਕ ਦੇਸ਼ ਆਪਣੇ ਦੇਸ਼ ਦੀ ਕੰਪਨੀ ਨੂੰ ਸਹਾਇਤਾ ਤੇ ਮਜ਼ਦੂਰਾਂ ਦੀ ਨੌਕਰੀ ਨੂੰ ਬਚਾਉਂਦਾ ਹੈ ਤਾਂ ਦੂਸਰਾ ਆਪਣੇ ਦੇਸ਼ 'ਚ ਵੀ ਇਹੀ ਕਰਦਾ ਹੈ। ਜਰਮਨੀ ਤੇ ਫਰਾਂਸ ਦੀ ਉਦਾਹਰਣ ਯੂਰਪੀ ਯੂਨੀਅਨ ਦੇ ਹਰ ਦੇਸ਼ ਲਈ ਢੁਕਵੀਂ ਬਣਦੀ ਹੈ। ਯੂਰਪੀ ਯੂਨੀਅਨ 'ਚ ਯੂਰੋ ਦੀ ਭੂਮਿਕਾ ਸਬੰਧੀ ਬਹੁਤ ਵਿਵਾਦ ਹੈ। 27 ਦੇਸ਼ਾਂ ਵਿਚੋਂ ਸਿਰਫ 16 ਦੇਸ਼ਾਂ ਨੇ ਯੂਰਪ

ਨੂੰ ਆਪਣੀ ਕਰੰਸੀ ਮੰਨਿਆ ਹੈ। ਮੌਜੂਦਾ ਆਰਥਕ ਸੰਕਟ ਸਮੇਂ ਇਸ ਸੁਆਲ ਨੇ ਹੋਰ ਤੀਖਣਤਾ ਅਖਤਿਆਰ ਕਰ ਲਈ ਹੈ। ਏਕਲ ਮੁਦਰਾ ਨੂੰ ਨਾ ਅਪਣਾਏ ਜਾਣ ਨਾਲ ਯੂਰਪੀ ਯੂਨੀਅਨ ਦੇ ਏਕੀਕਰਨ 'ਚ ਕਈ ਅੜਿਕੇ ਉਠਣੇ ਲਾਜ਼ਮੀ ਹਨ। ਇਹ ਆਰਥਕ ਸੰਕਟ ਇਸ ਏਕੀਕਰਨ ਦੇ ਅਮਲ ਨੂੰ ਗੰਭੀਰ ਖਤਰੇ 'ਚ ਪਾ ਰਿਹਾ ਹੈ ਕਿ ਲੁਟੇਰਿਆਂ ਦੀ ਏਕਤਾ ਖੇਰੂੰ ਖੇਰੂੰ ਹੁੰਦੀ ਹੈ ਤੇ ਝਗੜਾ ਜੱਗ ਜ਼ਾਹਰ।

# ਕੌਮੀਅਤ ਦੀ ਸਮੱਸਿਆ ਹੈ ਕੀ?

ਦੁਨੀਆਂ ਦੇ ਕਈ ਦੇਸ਼ਾਂ ਵਿਚ ਕੌਮੀਅਤਾਂ ਦੇ ਅੰਦੋਲਨ ਪਿਛਲੇ ਸਮੇਂ 'ਚ ਕਾਫ਼ੀ ਮਖਰ ਹੋ ਗਏ ਹਨ। ਕੁੱਝ ਦੇਸ਼ਾਂ ਵਿੱਚ ਤਾਂ ਇਹ ਅੰਦੋਲਨ ਕਦੀ ਸ਼ਾਂਤ ਹੀ ਨਹੀਂ ਹੋਏ ਤਾਂ ਕੁਝ ਦੇਸ਼ਾਂ ਵਿਚ ਰਹਿ ਰਹਿ ਕੇ ਇਹ ਅੱਗ ਭੜਕ ਉੱਠਦੀ ਹੈ। ਇਨ੍ਹਾਂ ਦੇਸ਼ਾਂ ਵਿਚ ਦੁਨੀਆਂ ਦੇ ਸਾਮਰਾਜੀ ਦੇਸ਼ਾਂ ਦੇ ਨਾਲ ਅਜਿਹੇ ਦੇਸ਼ ਵੀ ਸ਼ਾਮਲ ਹਨ, ਜੋ ਕਦੀ ਖ਼ੁਦ ਬਸਤੀ ਜਾਂ ਅਰਧ ਬਸਤੀ ਸਨ। ਕੈਨੇਡਾ, ਸਪੇਨ, ਰੂਸ, ਬ੍ਰਿਟੇਨ ਜਿਥੇ ਸਾਮਰਾਜਵਾਦੀ ਦੇਸ਼ ਹਨ, ਉਥੇ ਚੀਨ, ਭਾਰਤ, ਸ੍ਰੀਲੰਕਾ ਵਰਗੇ ਦੇਸ਼ ਕਦੀ ਖ਼ੁਦ ਸਾਮਰਾਜ ਤੋਂ ਮੁਕਤੀ ਦੀ ਲੜਾਈ ਲੜ ਰਹੇ ਸਨ। ਭਾਰਤ, ਇਜ਼ਰਾਇਲ, ਸ੍ਰੀਲੰਕਾ, ਤੁਰਕੀ ਵਰਗੇ ਦੇਸ਼ਾਂ ਵਿਚ ਕੌਮੀਅਤ ਨੂੰ ਲੈ ਕੇ ਹਥਿਆਰਬੰਦ ਸੰਘਰਸ਼ ਦਹਾਕਿਆਂ ਬੱਧੀ ਜਾਰੀ ਹਨ। ਸ੍ਰੀਲੰਕਾ ਦੀ ਸਰਕਾਰ ਲਿਟੇ ਦੇ ਸਫਾਏ ਪਿੱਛੋਂ ਇਸ ਗੱਲ ਦਾ ਦਾਅਵਾ ਕਰ ਰਹੀ ਹੈ ਕਿ ਉਸ ਨੇ ਤਮਿਲ ਸਮੱਸਿਆ ਦਾ ਹੱਲ ਕੱਢ ਲਿਆ ਹੈ ਪਰ ਇਹ ਦਾਅਵਾ ਖੋਖਲਾ ਤੇ ਬਹੁਤ ਜਲਦੀ ਹੀ ਝੂਠਾ ਸਾਬਿਤ ਹੋ ਜਾਵੇਗਾ। ਇਸ ਤਰ੍ਹਾਂ ਕੁਰਦ ਸਮੱਸਿਆ ਦੇ ਹੱਲ 'ਚ ਤੁਰਕੀ ਦੀ ਸਰਕਾਰ ਲੱਗੀ ਹੋਈ ਹੈ। ਕੁਰਦਾਂ ਨਾਲ ਲੜਦੇ ਹੋਇਆਂ ਇਹ ਇਰਾਕ ਦੀਆਂ ਹੱਦਾਂ ਅੰਦਰ ਵੀ ਪ੍ਰਵੇਸ਼ ਕਰ ਗਈ ਸੀ। ਕੁਰਦ ਤਾਂ ਤੁਰਕਾਂ ਦੇ ਨਾਲ ਇਰਾਨ-ਇਰਾਕ ਦੀ ਲੁਟ-ਘਸੁਟ ਦਾ ਸ਼ਿਕਾਰ ਰਹੇ ਹਨ। ਫਿਲਸਤੀਨ ਦੀ ਮੁਕਤੀ ਦਾ ਅੰਦੋਲਨ ਤਾਂ ਪੂਰੀ ਦੁਨੀਆਂ 'ਚ ਕੌਮੀਅਤਾਂ ਲਈ ਲੜੇ ਜਾਣ ਵਾਲੇ ਸੰਘਰਸ਼ਾਂ ਦਾ ਸਿਰਮੌਰ ਹੈ। ਫਿਲਸਤੀਨ ਦੀ ਜਨਤਾ ਇਜ਼ਰਾਇਲ ਦੇ ਹਾਕਮਾਂ ਨਾਲ ਹੀ ਨਹੀਂ, ਅਮਰੀਕੀ ਸਾਮਰਾਜ ਨਾਲ ਵੀ ਲੜ ਰਹੀ ਹੈ ਅਤੇ ਉਸ ਨੂੰ ਅਰਬ ਦੇਸ਼ਾਂ ਦੀਆਂ ਸਾਜ਼ਿਸ਼ਾਂ ਦਰ ਸਾਜ਼ਿਸ਼ਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਮਿਸਰ, ਜਾਰਡਨ, ਸਾਊਦੀ ਅਰਬ, ਅਮਰੀਕਾ-ਇਜ਼ਰਾਇਲ ਦੇ ਦੋਸਤ ਬਣ ਕੇ ਫਿਲਸਤੀਨ ਦੇ ਲੋਕਾਂ ਦੇ ਹਮਦਰਦ ਅਖਵਾਉਂਦੇ ਹਨ। ਇਹੀ ਹਾਲ ਭਾਰਤ, ਰੂਸ, ਪਾਕਿਸਤਾਨ, ਤੁਰਕੀ, ਚੀਨ ਵਰਗੇ ਫਿਲਸਤੀਨ ਮੁਕਤੀ ਸੰਘਰਸ਼ ਦੇ ਸਮਰਥਕ ਦੇਸ਼ਾਂ ਦਾ ਹੈ ਚੀਨ ਜੋ ਕਿ ਖ਼ੁਦ ਕਿ ਇਕ ਸਮੇਂ ਵੱਖ ਵੱਖ ਸਾਮਰਾਜੀ ਦੇਸ਼ਾਂ (ਅਮਰੀਕਾ, ਜਪਾਨ, ਬ੍ਰਿਟੇਨ ਆਦਿ) ਦੀ ਬਸਤੀ, ਅਰਧ ਬਸਤੀ ਰਿਹਾ ਹੈ। ਅੱਜ ਆਪਣੇ ਦੇਸ਼ ਅੰਦਰ ਕੌਮੀਅਤਾਂ 'ਤੇ ਬੇਹੱਦ ਅਤਿਆਚਾਰ ਕਰ ਰਿਹਾ ਹੈ। ਪਿਛਲੇ ਦੋ ਸਾਲਾਂ ਵਿਚ ਤਿੱਬਤ ਤੇ ਸ਼ਿਨਸ਼ਿਆਂਗ 'ਚ ਕੌਮੀਅਤਾਂ ਦੇ ਅੰਦੋਲਨਾਂ 'ਤੇ ਚੀਨ ਦੀ ਸਰਕਾਰ ਨੇ ਕਰੂਰ ਅਤਿਆਚਾਰ ਢਾਲਿਆ ਹੈ। ਚੀਨ 'ਚ ਹਾਨ, ਜੋ ਕਿ ਇਕ ਲੁਟੀ ਜਾਂਦੀ ਕੌਮੀਅਤ ਬਣਦੀ ਹੈ, ਦਾ ਚੀਨ ਦੇ ਹਰ ਖੇਤਰ 'ਚ ਦਬਦਬਾ ਹੈ। ਚੀਨ ਦੇ ਹਾਕਮ ਕੌਮੀਅਤਾਂ ਦੇ ਅੰਦੋਲਨ ਦੇ ਅਤਿਆਚਾਰਾਂ ਦੇ ਨਾਲ ਹਾਨ ਅੰਨੀ ਕੌਮ ਪ੍ਰਸਤੀ ਨੂੰ ਵੀ ਹਵਾ ਦੇ ਰਹੇ ਹਨ। ਚੀਨੀ ਹਾਕਮ ਕੌਮੀਅਤ ਦੀ ਸਮੱਸਿਆ ਦਾ ਹੱਲ ਕਰਨ ਲਈ ਤਿੱਬਤ ਤੇ ਸ਼ਿਨਸ਼ਿਆਂਗ ਪ੍ਰਾਂਤਾਂ 'ਚ ਹਾਨ ਕੌਮੀਅਤਾਂ ਦੇ ਲੋਕਾਂ ਨੂੰ ਪਿਛਲੇ ਕੁਝ ਦਹਾਕਿਆਂ ਵਿਚ ਭਾਰੀ ਪੈਮਾਨੇ 'ਤੇ ਵਸਾ ਕੇ, ਇਨ੍ਹਾਂ ਸੂਬਿਆਂ ਦੀ ਜਾਤੀ ਰਚਨਾ ਨੂੰ ਹੀ ਬਦਲਦੇ ਰਹੇ ਹਨ। ਇਨ੍ਹਾਂ ਕੌਮੀਅਤਾਂ ਦੇ ਰੋਹ ਦੇ ਫੁਟ ਪੈਣ 'ਤੇ ਚੀਨ ਦੀ ਸੋਧਵਾਦੀ ਕਮਿਊਨਿਸਟ ਪਾਰਟੀ ਨੇ ਆਪਣੇ ਸਾਬਕਾ ਬਸਤੀਵਾਦੀ ਪ੍ਰਭੂਆਂ ਦੇ ਪੂਰਨਿਆਂ 'ਤੇ ਚਲਣਾ ਪਿਆ ਹੈ। ਜਾਪਾਨੀ

ਸਾਮਰਾਜੀਆਂ ਨੇ ਜੋ ਕੁਝ ਚੀਨ 'ਚ ਪਿਛਲੀ ਸਦੀ ਦੇ ਤੀਹ-ਚਾਲੀ ਦੇ ਦਹਾਕਿਆਂ 'ਚ ਕੀਤਾ ਸੀ, ਉਹੀ ਕੁਝ ਅੱਜ ਤਿੱਬਤ ਤੇ ਸ਼ਿਨਸ਼ਿਆਂਗ 'ਚ ਹੁੰਦਾ ਹੋਇਆ ਦਿਸਦਾ ਹੈ। ਚੀਨ ਵਾਂਗੂੰ ਭਾਰਤ ਵੀ ਇਕ ਸਮੇਂ ਸਾਮਰਾਜੀ ਦੇਸ਼ਾਂ ਦੀ ਬਸਤੀਵਾਦੀ ਗੁਲਾਮੀ ਤੇ ਲੁਟ ਘਸੁਟ ਦਾ ਸ਼ਿਕਾਰ ਸੀ। ਭਾਰਤ ਦੀ ਜਨਤਾ ਬ੍ਰਿਟਿਸ਼ ਸਾਮਰਾਜੀਆਂ ਨਾਲ ਲੰਬੀ ਜੱਦੋ ਜਹਿਦ ਕੀਤੀ। 1947 ਦੀ ਸੱਤਾ ਬਦਲੀ ਪਿੱਛੋਂ ਭਾਰਤ 'ਚ ਕਈ ਕੌਮੀਅਤਾਂ ਦੇ ਅੰਦੋਲਨ ਤੇਜ਼ ਹੋ ਗਏ। ਕਸ਼ਮੀਰ, ਨਾਗਾ, ਅਸਮੀ, ਮਣੀਪੁਰੀ ਅੰਦੋਲਨ ਅੰਗਰੇਜ਼ਾਂ ਤੋਂ ਭਾਰਤੀ ਹਾਕਮ ਹੱਥਾਂ ਸੱਤਾਬਦਲੀ ਦੇ ਨਾਲ ਹੀ ਸ਼ੁਰੂ ਹੋ ਗਏ ਸਨ।

ਭਾਰਤ ਦੇ ਹਾਕਮਾਂ ਨੇ ਅਤਿਆਚਾਰਾਂ ਤੇ ਕਾਲੇ ਕਾਨੂੰਨਾਂ ਦਾ ਜੋ ਸਿਲਸਿਲਾ ਸੱਠ ਦੇ ਦਹਾਕੇ 'ਚ ਸ਼ੁਰੂ ਕੀਤਾ ਸੀ, ਉਹ ਅੱਜ ਤੱਕ ਨਹੀਂ ਰੁਕਿਆ ਹੈ। ਹਾਂ! ਇਸ ਦੌਰਾਨ ਭਾਰਤੀ ਹਾਕਮਾਂ ਨੇ ਆਪਣੀ ਪ੍ਰਣਾਲੀ 'ਚ ਕਈ ਅੰਦੋਲਨਾਂ ਨੂੰ ਆਗੂ ਰਹਿਤ ਕਰਨ ਅਤੇ ਉਨ੍ਹਾਂ ਦੀ ਧਾਰ ਨੂੰ ਖੁੰਢਾ ਕਰਨ ਲਈ 'ਆਤਮ ਸ਼ਾਂਤੀ ਕਰਨ' ਦੀ ਨੀਤੀ ਅਪਣਾਈ। ਸੱਤਰ-ਅੱਸੀ ਦੇ ਦਹਾਕੇ ਦੇ ਕਈ ਮੁੱਖ ਕੌਮੀ ਅੰਦੋਲਨਾਂ (ਜਿਵੇਂ ਨਾਗਾ, ਮੀਜੋ) ਅੱਜ ਆਪਣੀ ਧਾਰ ਗੁਆ ਚੁੱਕੇ ਹਨ। ਭਾਰਤੀ ਹਾਕਮਾਂ ਨੇ ਇਨ੍ਹਾਂ ਅੰਦੋਲਨਾਂ ਨੂੰ ਕਮਜ਼ੋਰ ਕਰਨ ਲਈ ਸਾਜ਼ਿਸ਼ ਦਾ ਵੀ ਆਸਰਾ ਲਿਆ। ਇਸ ਵਿਚ ਇਨ੍ਹਾਂ ਅੰਦੋਲਨਾਂ ਵਿਚ ਫੁੱਟ ਪਾਉਣ ਦੇ ਨਾਲ ਇਕ ਕੌਮੀਅਤ ਦੇ ਅੰਦੋਲਨ ਨੂੰ ਦੂਜੇ ਦੇ ਖਿਲਾਫ ਖੜਾ ਕਰ ਦਿੱਤਾ ਗਿਆ। ਭਾਰਤ 'ਚ ਕੌਮੀਅਤ ਦੀ ਸਮੱਸਿਆ ਮਰਾਠੀ, ਉਤਰ ਭਾਰਤੀ, ਅਸਮਿਆ ਹਿੰਦੀ ਭਾਸ਼ੀ ਦੇ ਰੂਪ 'ਚ ਸਾਹਮਣੇ ਆਉਂਦੀ ਰਹਿੰਦੀ ਹੈ। ਕਸ਼ਮੀਰ, ਫਿਲਸਤੀਨ, ਚੇਚਨੀਆ, ਸ਼ਿਨਸ਼ਿਆਂਗ, ਕੁਰਦ ਆਦਿ ਕੌਮੀ ਅੰਦੋਲਨਾਂ 'ਚ ਕਿਉਂਕਿ ਸੰਘਰਸ਼ਸ਼ੀਲ ਲੋਕ ਇਸਲਾਮ ਧਰਮ ਨੂੰ ਮੰਨਣ ਵਾਲੇ ਸਨ ਇਸ ਲਈ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਵੱਲੋਂ ਬਹੁਤ ਅਸਾਨੀ ਨਾਲ ਇਸ ਨੂੰ 'ਇਸਲਾਮਿਕ ਅੱਤਵਾਦ' ਨਾਲ ਜੋੜ ਦਿੱਤਾ ਜਾਂਦਾ ਹੈ ਅਤੇ ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਦੇ ਹਾਕਮਾਂ ਨੂੰ ਅੱਤਵਾਦ ਨਾਲ ਲੜਨ ਦੇ ਨਾਂ 'ਤੇ ਇਨ੍ਹਾਂ ਅੰਦੋਲਨਾਂ ਨੂੰ ਕੁਚਲਣ ਦਾ ਕੌਮੀ-ਕੌਮਾਂਤਰੀ ਲਾਇੰਸਸ ਹਾਸਲ ਹੋ ਜਾਂਦਾ ਹੈ। ਇਹ ਗੱਲ ਅਫਗਾਨਿਸਤਾਨ, ਇਰਾਕ, ਸੋਮਾਲੀਆ ਵਰਗੇ ਦੇਸ਼ਾਂ 'ਤੇ ਵੀ ਲਾਗੂ ਹੋ ਜਾਂਦੀ ਹੈ। ਜਿਥੇ ਅਮਰੀਕੀ ਸਾਮਰਾਜ ਨੇ ਸਿੱਧਾ ਹਮਲਾ ਬੋਲਿਆ ਹੋਇਆ ਹੈ। ਅਫਰੀਕੀ ਮਹਾਂਦੀਪ ਦੇ ਬਹੁਤੇ ਦੇਸ਼ਾਂ ਵਿਚ ਅਮਰੀਕਾ, ਫਰਾਂਸ, ਬ੍ਰਿਟੇਨ ਨੇ ਇਨ੍ਹਾਂ ਦੇਸ਼ਾਂ ਦੇ ਕੁਦਰਤੀ ਸਾਧਨਾਂ 'ਤੇ ਕਬਜਾ ਕਰਨ ਲਈ 'ਇਸਲਾਮਿਕ ਅੱਤਵਾਦ' ਨੂੰ ਬਹਾਨਾ ਬਣਾਇਆ ਹੋਇਆ ਹੈ 'ਇਸਲਾਮਿਕ ਅੱਤਵਾਦ' ਖਿਲਾਫ ਲੜਾਈ ਦੇ ਨਾਂ 'ਤੇ ਇਸ ਤਰ੍ਹਾਂ ਅਮਰੀਕਾ, ਰੂਸ, ਬ੍ਰਿਟੇਨ, ਫਰਾਂਸ, ਭਾਰਤ, ਇਜਰਾਇਲ, ਚੀਨ, ਤੁਰਕੀ ਆਦਿ ਸਭ ਇਕੱਠੇ ਹੋ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦੇਸ਼ਾਂ ਦੇ ਹਾਕਮ ਆਪਣੇ ਆਪਣੇ ਘ੍ਰਿਣਾ ਹਿੱਤਾਂ ਨੂੰ ਪੂਰਾ ਕਰਨ ਲਈ ਹਮਲਾਵਰ ਨੀਤੀ ਬਣਾਉਂਦੇ ਹਨ ਅਤੇ ਆਪਸੀ ਸਹਿਯੋਗ ਕਰਦੇ ਹਨ। ਇੱਕ ਦੂਜੇ ਦੇ ਮਾਮਲੇ 'ਚ ਅਕਸਰ ਚੁੱਪ ਧਾਰ ਲੈਂਦੇ ਹਨ ਤਾਂ ਹੱਲਾ ਮਚਾਉਂਦੇ ਹਨ। ਜਦ ਇਕ-ਦੂਜੇ ਤੋਂ ਕੁਝ ਹਾਸਲ ਕਰਨਾ ਹੁੰਦਾ ਹੈ। ਸਾਮਰਾਜੀ ਦੇਸ਼ ਭਾਰਤ, ਚੀਨ ਵਰਗੇ ਦੇਸ਼ਾਂ ਅੰਦਰ ਚਲਣ ਵਾਲੇ ਅੰਦੋਲਨਾਂ ਦੀ ਰਾਜਸੀ ਵਰਤੋਂ ਕਰਦੇ ਹਨ, ਦਬਾਅ ਬਣਾ ਕੇ ਅਕਸਰ ਕੁਝ ਸਹੂਲਤਾਂ ਹਾਸਲ ਕਰ ਲੈਂਦੇ ਹਨ। ਸਪੇਨ, ਕੈਨੇਡਾ, ਰੂਸ ਅੰਦਰ ਚਲ ਰਹੇ ਅੰਦੋਲਨਾਂ ਦੀ ਵੀ ਕੁਝ ਇਸ ਤਰ੍ਹਾਂ ਹੀ ਵਰਤੋਂ ਹੁੰਦੀ ਹੈ। ਕੌਮੀਅਤਾਂ ਦੇ ਇਨ੍ਹਾਂ ਅੰਦੋਲਨਾਂ ਦੇ ਬੇਰਹਿਮ ਅਤਿਆਚਾਰ

ਦੀ ਸਭ ਤੋਂ ਤਾਜ਼ੀ ਉਦਾਹਰਣ ਵਜੋਂ ਸ੍ਰੀ ਲੰਕਾ 'ਚ ਆਈ ਹੈ। ਸ੍ਰੀ ਲੰਕਾ ਦੀ ਸਰਕਾਰ ਨੇ ਤਾਮਿਲ ਆਬਾਦੀ ਉੱਪਰ ਨਾ ਸਿਰਫ ਹਵਾਈ ਹਮਲੇ ਕੀਤੇ ਬਲਕਿ ਰਸਾਇਣਕ ਹਥਿਆਰਾਂ ਦੀ ਵੀ ਵਰਤੋਂ ਕੀਤੀ। ਸ੍ਰੀਲੰਕਾ ਦੀ ਸਰਕਾਰ ਲਿਟੇ 'ਸਫਾਈ ਮੁਹਿੰਮ' ਨੂੰ ਭਾਰਤ, ਚੀਨ, ਪਾਕਿਸਤਾਨ, ਇਜਰਾਇਲ, ਅਮਰੀਕਾ, ਬ੍ਰਿਟੇਨ ਆਦਿ ਸਭ ਦੇਸ਼ਾਂ ਦੀ ਹਮਾਇਤ ਹਾਸਲ ਸੀ। ਤਿੱਬਤੀਆਂ ਦੇ ਮੁਜਾਹਰਿਆਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਨ ਵਾਲੇ ਸਾਮਰਾਜੀ ਮੀਡੀਆ ਨੇ ਪੂਰੀ ਦੁਨੀਆਂ ਵਿਚ ਤਾਮਿਲ ਅਬਾਦੀ ਦੇ ਮੁਜਹਾਰਿਆਂ ਨੂੰ ਖਾਸ ਥਾਂ ਜਾਂ ਤਵਜੋ ਨਹੀਂ ਦਿੱਤੀ। ਕੌਮੀਅਤਾਂ ਦੀ ਸਮੱਸਿਆ ਦਾ ਹੱਲ ਪੂੰਜੀਵਾਦ ਤੇ ਅਰਧ ਜਾਗੀਰ, ਅਰਧ ਬਸਤੀਵਾਦੀ ਦਾਇਰੇ 'ਚ ਸੰਭਵ ਨਹੀਂ ਹੈ। ਸੋਵੀਅਤ ਸੰਘ ਅਤੇ ਚੀਨ ਦੀਆਂ ਸਕਾਰਤਮਕ ਤੇ ਨਕਾਰਤਮਕ ਉਦਾਹਰਣਾਂ ਨੇ ਇਸ ਗੱਲ ਨੂੰ ਸਥਾਪਤ ਕਰ ਦਿੱਤਾ ਹੈ। ਚੀਨ ਤੇ ਸੋਵੀਅਤ ਸੰਘ 'ਚ ਜਦ ਤੱਕ ਸਮਾਜਵਾਦ ਸੀ ਤਦ ਤੱਕ ਕੌਮੀਅਤ ਦੀ ਸਮੱਸਿਆ ਹੱਲ ਹੋਣ ਵੱਲ ਵਧ ਰਹੀ ਸੀ ਪਰ ਪੂੰਜੀਵਾਦੀ ਦੀ ਮੁੜ ਸਥਾਪਤੀ ਪਿੱਛੋਂ ਇਨ੍ਹਾਂ ਦੇਸ਼ਾਂ 'ਚ ਕੌਮੀਅਤਾਂ ਦੀ ਸਮੱਸਿਆ ਫਿਰ ਗੰਭੀਰ ਹੋ ਗਈ। ਸੋਵੀਅਤ ਸੰਘ, ਯੂਗੋਸਲਾਵੀਆ, ਚੈਕੋਸਲਵਾਲੀਆ ਦੇ ਟੁੱਟਣ 'ਚ ਤਾਂ ਇਸ ਦੀ ਅਹਿਮ ਭੂਮਿਕਾ ਰਹੀ ਹੈ।

# ਦਲਿਤ ਅਧਿਕਾਰਾਂ ਤੋਂ ਵੰਚਿਤ ਕਿਉਂ?

ਤਿੰਨ ਜੁਲਾਈ 2006 ਦੀ ਤਰੀਕ। ਭੀਲਵਾੜਾ ਦਾ ਭਗਵਾਨਪੁਰ ਪਿੰਡ ਦੋ ਦਲਿਤ ਬੱਚਿਆਂ ਬੰਟੀ ਤੇ ਮੋਨੂੰ ਨੇ ਆਈਸਕ੍ਰੀਮ ਕੱਪ 'ਚ ਆਈਸਕ੍ਰੀਮ ਖਾਧੀ। ਦੁਕਾਨਦਾਰ ਨੇ ਬੱਚਿਆਂ ਤੋਂ ਉਨ੍ਹਾਂ ਦੀ ਜਾਤ ਪੁੱਛੀ। ਜਿਉਂ ਹੀ ਉਸ ਨੂੰ ਪਤਾ ਲੱਗਿਆ ਕਿ ਬੱਚੇ ਦਲਿਤ ਹਨ ਤਾਂ ਉਸ ਨੇ ਉਨ੍ਹਾਂ ਦੇ ਹੱਥਾਂ 'ਚੋਂ ਆਈਸਕ੍ਰੀਮ ਖੋਹ ਲਈ ਤੇ ਉਨ੍ਹਾਂ ਨੂੰ ਗਾਲਾਂ ਦੇਣ ਲੱਗਾ। ਬੱਚੇ ਨਹੀਂ ਜਾਣਦੇ ਸਨ ਕਿ ਉਨ੍ਹਾਂ ਜੋ ਖਤਾ ਕੀਤੀ ਹੈ ਉਸ ਦੀ ਸਜ਼ਾ ਉਨ੍ਹਾਂ ਦਾ ਪੂਰਾ ਸਮਾਜ ਭੁਗਤੇਗਾ। ਰਾਤ ਦੇ ਹਨੇਰੇ 'ਚ ਸਵਰਨਾ ਨੇ ਦਲਿਤਾਂ ਨੂੰ ਉਨ੍ਹਾਂ ਦੇ ਘਰਾਂ 'ਚੋਂ ਕੱਢ ਕੇ ਕੁੱਟਿਆ। ਉਨ੍ਹਾਂ ਦੀਆਂ ਔਰਤਾਂ ਨਾਲ ਬਦਸਲੂਕੀ ਕੀਤੀ ਗਈ। ਇਹ ਜ਼ੁਲਮ ਅੰਗਰੇਜ਼ਾਂ ਨੇ ਨਹੀਂ ਕੀਤਾ ਸੀ। ਜ਼ੁਲਮ ਦੀ ਇਹ ਇਬਾਰਤ 60 ਸਾਲਾਂ ਦੇ ਅਜ਼ਾਦ ਕਹੇ ਜਾਂਦੇ ਭਾਰਤ 'ਚ ਲਿਖੀ ਗਈ ਸੀ। ਇਸ ਆਈਸਕ੍ਰੀਮ ਦੀ ਸਜਾ ਅੱਜ ਵੀ ਇਸ ਸਮਾਜ ਦੇ ਮੱਥੇ 'ਤੇ ਲਿਖੀ ਹੋਈ ਹੈ। ਉਨ੍ਹਾਂ ਦਾ ਸਮਾਜਕ ਬਾਈਕਾਟ ਅੱਜ ਵੀ ਜਾਰੀ ਹੈ। ਸਾਲ 2009 ਤੱਕ ਵੀ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲੀ ਜਦ ਕਿ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ ਕਨੂੰਨ ਬਣੇ ਵੀ 20 ਸਾਲ ਹੋ ਚੁਕੇ ਹਨ। ਪਰ ਅੱਜ ਵੀ ਦਲਿਤ ਜਾਨਵਰਾਂ ਤੋਂ ਵੀ ਬਦਤਰ ਜ਼ਿੰਦਗੀ ਜਿਉਂ ਰਹੇ ਹਨ। ਇਹ ਮਹਿਜ ਇਕ ਵੰਨਗੀ ਹੈ ਜਿਸ ਤੇ ਮੀਡੀਆ ਜਾਂ ਸਮਾਜਕ ਸੰਗਠਨ ਦੀ ਨਜ਼ਰ ਪੈ ਗਈ। ਕਾਨੂੰਨ ਦੇ 20 ਸਾਲ ਪੂਰੇ ਹੋਣ 'ਤੇ ਕੁਝ ਦਲਿਤ ਸੰਗਠਨਾਂ ਅਤੇ ਨਾਗਰਿਕ ਸੰਗਠਨਾਂ ਨੇ ਮਿਲ ਕੇ ਦਲਿਤ ਅਤਿਆਚਾਰਾਂ ਦੀ ਸਥਿਤੀ ਉਜਾਗਰ ਕਰਨ ਲਈ ਇਕ ਜਨਤਕ ਕਮਿਸ਼ਨ (ਪੀਪਲਸ ਕਮਿਸ਼ਨ) ਦਾ ਗਠਨ ਕੀਤਾ। ਕਮਿਸ਼ਨ ਮੁਤਾਬਕ 1992-2007 ਦੌਰਾਨ ਦਲਿਤਾਂ ਖਿਲਾਫ ਕੁਲ 4 ਲੱਖ 745 ਹਜ਼ਾਰ ਕੇਸ ਦਰਜ ਹੋਏ। ਇਹ ਕੇਸ ਬਲਾਤਕਾਰ ਅਗਜਨੀ, ਅਗਵਾਅ, ਡਕੈਤੀ, ਚੋਰੀ ਤੇ ਹੱਤਿਆ ਦੇ ਹਨ। ਤਕਰੀਬਨ ਹਰ ਦਿਨ ਦਲਿਤਾਂ ਖਿਲਾਫ 27 ਮਾਮਲੇ ਦਰਜ ਹੋ ਰਹੇ ਹਨ। ਏਨੀ ਜਾਣਕਾਰੀ ਤਾਂ ਸਰਕਾਰੀ ਫਾਇਲਾਂ ਵਿਚ ਦਰਜ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ ਕਿ ਦਲਿਤ ਦਮਨ ਦੇ 1992-2000 'ਚ 67 ਫੀਸਦੀ ਤੇ 2001-07 'ਚ 64.9 ਫੀਸਦੀ ਕੇਸ ਅਨਸੂਚਿਤ ਜਾਤੀ ਤੇ ਜਨਜਾਤੀ ਕਾਨੂੰਨ 1989 ਦੇ ਤਹਿਤ ਦਰਜ ਨਹੀਂ ਕੀਤੇ ਗਏ ਸਨ। ਹਾਲਾਤ ਅਜਿਹੇ ਹਨ ਕਿ ਜੇ ਆਪ ਦਲਿਤ ਹੋ ਤੇ ਉੱਚੇ ਅਹੁਦੇ 'ਤੇ ਹੋ ਤਾਂ ਵੀ ਆਪ ਬਾਕੀ ਸਮਾਜ ਦੀ ਤਰ੍ਹਾਂ ਅਛੂਤ ਵਾਂਗ ਹੀ ਵੇਖੇ ਜਾਂਦੇ ਹੋ। ਮਹਾਂਨਗਰਾਂ 'ਚ ਇਹ ਗੱਲਾਂ ਕਹੀਆਂ ਨਹੀਂ ਜਾਂਦੀਆਂ ਪਰ ਪਹਿਚਾਣ ਦੇ ਨਾਲ ਦਿਮਾਗ 'ਚ ਜਗ੍ਹਾ ਬਣਾਈ ਰੱਖਦੀਆਂ ਹਨ। ਦਲਿਤ ਦਾ ਇਕ ਹੋਰ ਸੱਚ ਹੈ - ਰਾਜਨੀਤੀ। ਸਿਆਸਤਦਾਨ ਕਿਸੇ ਇਕ ਦਲਿਤ ਚਿਹਰੇ ਨੂੰ ਕਿ ਕੋਈ ਅਹੁਦਾ ਪਰੋਸ ਕੇ ਪੂਰੇ ਸਮਾਜ ਲਈ ਲਾਲੀ ਪਾਪ ਦੇ ਦਿੰਦੇ ਹਨ ਤਾਂ ਕਿ ਅਜਿਹੇ ਕੇਸ ਉਦਾਹਰਣ ਵਜੋਂ ਪੇਸ਼ ਕੀਤੇ ਜਾ ਸਕਣ ਅਤੇ ਨਾਲ ਹੀ ਉਨ੍ਹਾਂ ਨੂੰ ਹਾਸ਼ੀਏ 'ਤੇ ਵੀ ਰੱਖਿਆ ਜਾ ਸਕੇ। ਹਾਲ ਹੀ 'ਚ ਇਕ ਗੈਰ ਸਰਕਾਰੀ ਸੰਸਥਾ ਨੈਸ਼ਨਲ ਦਲਿਤ ਮੂਵਮੈਂਟ ਫਾਰ ਜਸਟਿਸ ਨੇ ਇਕ ਸਰਵੇ ਕਰਵਾਇਆ ਹੈ। ਸੰਸਥਾ ਦੇ ਸਕੱਤਰ ਡਾ. ਸਿਰਿਵੇਲਾ ਪ੍ਰਸ਼ਾਦ ਕਹਿੰਦੇ ਹਨ ਕਿ

ਦਲਿਤਾਂ ਸਬੰਧੀ ਜਬਰ ਦੇ ਨਵੇਂ ਤਰੀਕੇ ਖੋਜ ਲਏ ਗਏ ਹਨ। ਕਰੀਬ 70 ਫੀਸਦੀ ਅਤਿਆਚਾਰ ਨਵੇਂ ਢੰਗ ਨਾਲ ਹੋ ਰਹੇ ਹਨ। ਪੁਲਸ ਦਲਿਤ ਅਤਿਆਚਾਰ ਦੀਆਂ ਸਿਰਫ 27 ਫੀਸਦੀ ਸ਼ਿਕਾਇਤਾਂ ਹੀ ਦਰਜ ਕਰਦੀ ਹੈ। ਇਸ ਮੁਤਾਬਕ ਦੇਸ਼ ਵਿਚ ਅੱਜ ਵੀ ਦਲਿਤਾਂ ਨਾਲ 154 ਤਰੀਕਿਆਂ ਨੂੰ ਛੂਆਛਾਤ ਹੋ ਰਿਹਾ ਹੈ। ਮਿਸਾਲ ਲਈ 64 ਫੀਸਦੀ ਪਿੰਡਾਂ 'ਚ ਦਲਿਤ ਪਿੰਡ ਦੇ ਖੂਹਾਂ ਤੋਂ ਪਾਣੀ ਨਹੀਂ ਭਰ ਸਕਦੇ ਅਤੇ 78 ਫੀਸਦੀ ਪਿੰਡਾਂ 'ਚ ਦਲਿਤਾਂ ਨੂੰ ਮੰਦਰਾਂ 'ਚ ਜਾਣ ਦੀ ਇਜਾਜਤ ਨਹੀਂ। ਖੁਦ ਸਹਾਇਤਾ ਸਮੂਹਾਂ 'ਚ ਦਲਿਤ ਔਰਤਾਂ ਨੂੰ ਮੈਂਬਰ ਨਹੀਂ ਬਣਾਇਆ ਜਾ ਰਿਹਾ। ਸਿੰਚਾਈ ਲਈ ਦਲਿਤਾਂ ਨੂੰ ਨਹਿਰ ਦਾ ਪਾਣੀ ਨਹੀਂ ਦਿੱਤਾ ਜਾ ਰਿਹਾ, ਦਿੱਤਾ ਜਾਂਦਾ ਹੈ ਤਾਂ ਸਭ ਤੋਂ ਅੰਤ ਵਿਚ। ਦਲਿਤਾਂ ਨੂੰ ਚਾਹ ਪੀਣ ਲਈ ਦੁਕਾਨਾਂ 'ਚ ਅਲੱਗ ਕੱਪ ਦਿੱਤਾ ਜਾਂਦਾ ਹੈ ਜਿਸ ਨੂੰ ਉਨ੍ਹਾਂ ਨੂੰ ਖੁਦ ਧੋਣਾ ਹੁੰਦਾ ਹੈ। ਦਲਿਤ ਬੱਚਿਆਂ ਨੂੰ ਮਿਡ-ਡੇ-ਮੀਲ ਸਕੂਲਾਂ 'ਚ ਵੱਖਰੀਆਂ ਥਾਲੀਆਂ ਵਿਚ ਦਿੱਤਾ ਜਾਂਦਾ ਹੈ। ਸਕੂਲਾਂ 'ਚ ਦਲਿਤ ਵਿਦਿਆਰਥੀਆਂ ਨੂੰ ਅੱਗੇ ਤੋਂ ਸਭ ਤੋਂ ਪਿਛਲੀ ਕਤਾਰ 'ਚ ਬਿਠਾਇਆ ਜਾਂਦਾ ਹੈ। ਖਾਸ ਕਰਕੇ ਬਿਹਾਰ, ਉੱਤਰ ਪ੍ਰਦੇਸ਼, ਰਾਜਸਥਾਨ ਵਿਚ। ਉਹ ਸਕੂਲ ਦੇ ਗੁਸਲਖਾਨਿਆਂ ਦੀ ਵਰਤੋਂ ਨਹੀਂ ਕਰ ਸਕਦੇ। ਦਲਿਤ ਤੇ ਗੈਰ ਦਲਿਤ ਅਧਿਆਪਕਾਂ 'ਚ ਫਰਕ ਕੀਤਾ ਜਾਂਦਾ ਹੈ। ਰਾਜਸਥਾਨ 'ਚ ਅੱਜ ਵੀ ਦਲਿਤ ਦੁਲਹਿਆਂ (ਲਾੜਿਆਂ) ਨੂੰ ਘੋੜੀ ਚੜ੍ਹਨ ਦਾ ਅਧਿਕਾਰ ਨਹੀਂ ਹੈ। ਉਹ ਬਾਰਾਤ ਨਹੀਂ ਲੈ ਜਾ ਸਕਦੇ, ਉਨ੍ਹਾਂ ਨੂੰ ਪੈਦਲ ਜਾਣਾ ਪੈਂਦਾ ਹੈ ਉਨ੍ਹਾਂ ਨੂੰ ਜ਼ਮੀਨ ਖਰੀਦਣ ਦਾ ਅਧਿਕਾਰ ਨਹੀਂ। ਦਲਿਤ ਸਰਪੰਚ ਨੂੰ ਕੁਰਸੀ 'ਤੇ ਬੈਠਣ ਅਤੇ ਅਜ਼ਾਦ ਤੌਰ 'ਤੇ ਫੈਸਲਾ ਲੈਣ ਦਾ ਹੱਕ ਨਹੀਂ ਹੈ। ਅੱਜ ਵੀ ਦਲਿਤਾਂ ਦੇ ਘਰ ਮੁੱਖ ਪਿੰਡਾਂ ਤੋਂ ਬਾਹਰ ਹੁੰਦੇ ਹਨ। ਕਾਰਜ ਸਥਲ 'ਤੇ ਦਲਿਤਾਂ ਨੂੰ ਗਿਲਾਸ ਦੀ ਬਜਾਏ ਅੰਜੂਰੀ 'ਚ ਪੀਣ ਦਾ ਪਾਣੀ ਦਿੱਤਾ ਜਾਂਦਾ ਹੈ। ਦਲਿਤਾਂ ਨੂੰ ਉੱਚ ਜਾਤੀ ਵਾਲਿਆਂ ਦੇ ਘਰ ਜਾਣ ਦੀ ਇਜਾਜ਼ਤ ਨਹੀਂ ਹੈ। ਉਹ ਘਰ ਤੋਂ ਬਾਹਰ ਖੜੇ ਹੁੰਦੇ ਹਨ। ਉੱਚੇ ਘਰਾਂ ਦੀਆਂ ਸ਼ਾਦੀਆਂ 'ਚ ਦਲਿਤ ਨਹੀਂ ਬੁਲਾਏ ਜਾਂਦੇ। ਜੇ ਉਨ੍ਹਾਂ ਨੂੰ ਬੁਲਾਉਣਾ ਮਜ਼ਬੂਰੀ ਹੋਵੇ ਤਾਂ ਉਨ੍ਹਾਂ ਨੂੰ ਪਿੱਛੋਂ ਹੀ ਖਾਣ ਨੂੰ ਮਿਲਦਾ ਹੈ। ਕੁਝ ਘਰਾਂ 'ਚ ਉਹ ਆਪਣੇ ਖਾਣ ਦੀ ਥਾਲੀ ਘਰੋਂ ਹੀ ਲੈ ਕੇ ਜਾਂਦੇ ਹਨ। ਕੁਝ ਥਾਵਾਂ 'ਤੇ ਉਨ੍ਹਾਂ ਨੂੰ ਵਿਹੜੇ 'ਚ ਬਿਠਾ ਕੇ ਕਸੋਰਿਆਂ 'ਚ ਖਾਣਾ ਦਿੱਤਾ ਜਾਂਦਾ ਹੈ। ਕਈ ਥਾਵਾਂ 'ਤੇ ਦਲਿਤ ਸਾਫ ਸੁਥਰੇ ਤੇ ਸੁੰਦਰ ਕੱਪੜੇ ਨਹੀਂ ਪਹਿਨ ਸਕਦੇ। ਦਲਿਤਾਂ ਨੂੰ ਬਸ ਸਟਾਪ 'ਤੇ ਬੈਠਣ ਦੀ ਇਜਾਜ਼ਤ ਨਹੀਂ। ਬੱਸਾਂ 'ਚ ਗੈਰ ਦਲਿਤਾਂ ਨੂੰ ਚੜਨ ਪਿੱਛੋਂ ਹੀ ਦਲਿਤ ਬੱਸ ਚੜਦੇ ਹਨ। ਦਲਿਤ ਸਵਰਨਾ ਦੇ ਨਾਲ ਨੇੜੇ ਹੋ ਕੇ ਨਹੀਂ ਬੈਠ ਸਕਦੇ। ਦਲਿਤ ਸਵਰਨਾ ਤੋਂ ਦੂਰ ਹੋ ਕੇ ਜ਼ਮੀਨ ਤੇ ਬਹਿੰਦੇ ਹਨ। ਉਨ੍ਹਾਂ ਨੂੰ ਦੋਨੋਂ ਬਾਹਾਂ ਕੱਛ 'ਚ ਦਬਾ ਕੇ ਖੜੇ ਹੋਣ ਲਈ ਕਿਹਾ ਜਾਂਦਾ ਹੈ। ਸਵਰਨਾ ਦੇ ਇਲਾਕਿਆਂ 'ਚ ਛਤਰੀ ਲੈ ਕੇ ਨਹੀਂ ਚਲ ਸਕਦੇ। ਕਈ ਕੇਸਾਂ 'ਚ ਉਹ ਸਾਈਕਲ ਰਿਕਸ਼ਾ ਤੇ ਬੈਲਗੱਡੀ ਵਰਤ ਨਹੀਂ ਸਕਦੇ। ਕਈ ਥਾਂ ਦਲਿਤ ਔਰਤਾਂ ਨੂੰ ਬਲਾਊਜ਼ ਤੇ ਸੋਨਾ ਪਹਿਨਣ ਦੀ ਇਜਾਜ਼ਤ ਨਹੀਂ ਹੈ। ਦਲਿਤਾਂ ਨੂੰ ਅੱਜ ਵੀ ਢੋਲ ਵਜਾਉਣ, ਡੋਰਾ ਦਾ ਕੰਮ ਕਰਨ, ਕਬਰ ਪੱਟਣ, ਜੁੱਤੇ ਬਣਾਉਣ, ਮਰੇ ਪਸ਼ੂਆਂ ਦੀ ਖੱਲ ਲਾਹੁਣ ਵਰਗੇ ਕੰਮਾਂ ਲਈ ਮਜ਼ਬੂਰ ਕੀਤਾ ਜਾਂਦਾ ਹੈ। ਦਲਿਤ ਮੱਛੀ ਨਹੀਂ ਵੇਚ ਸਕਦੇ। ਉਨ੍ਹਾਂ ਨੂੰ ਉਨ੍ਹਾਂ ਦੀ ਪਗਾਰ ਚਲਾ ਕੇ ਮਾਰੀ ਜਾਂਦੀ ਹੈ। ਜਦ ਦਲਿਤ ਗੈਰ ਦਲਿਤਾਂ ਨੂੰ ਘਰੇ ਬੁਲਾਉਂਦੇ

ਹਨ ਤਾਂ ਗੈਰ-ਦਲਿਤਾਂ ਲਈ ਖਾਣਾ ਵੱਖਰਾ ਬਣਦਾ ਹੈ। ਗ੍ਰਾਮ ਪ੍ਰੀਸ਼ਦ 'ਚ ਦਲਿਤਾਂ ਦੇ ਬੈਠਣ ਲਈ ਜਗ੍ਹਾ ਵੱਖਰੀ ਹੁੰਦੀ ਹੈ। ਡਾ. ਪ੍ਰਸਾਦ ਕਹਿੰਦੇ ਹਨ ਕਿ ਵਿਕਾਸ ਤੇ ਯੋਜਨਾਵਾਂ 'ਚ ਦਲਿਤਾਂ ਦੀ ਅਣਦੇਖੀ ਜਾਰੀ ਹੈ। ਇਸ ਪ੍ਰਕਾਰ ਸੰਸਥਾ ਨੇ ਵੇਖਿਆ ਕਿ ਅਜੇ ਵੀ 154 ਪ੍ਰਕਾਰ ਦਾ ਛੂਆਛਾਤ ਹੋ ਰਿਹਾ ਹੈ। ਪਰ ਸਰਕਾਰ ਮੰਨਣ ਲਈ ਤਿਆਰ ਨਹੀਂ। ਮਹੀਨੇ 'ਚ ਜ਼ਿਲ੍ਹਾ ਅਧਿਕਾਰੀਆਂ ਦੀ ਪ੍ਰਧਾਨਗੀ ਹੇਠ ਜ਼ਿਲ੍ਹੇ ਵੱਲੋਂ ਹਰ ਛੇ ਮਹੀਨੇ 'ਚ ਮੁੱਖ ਮੰਤਰੀ ਦੀ ਪ੍ਰਧਾਨਗੀ 'ਚ ਰਾਜ ਪੱਧਰੀ ਮਨੀਟਰਿੰਗ ਤੇ ਵਿਜੀਲੈਂਸ ਕਮੇਟੀ ਦੀ ਮੀਟਿੰਗ ਹੋਣੀ ਚਾਹੀਦੀ ਹੈ ਕਿ ਦਲਿਤਾਂ ਨਾਲ ਅਤਿਆਚਾਰ ਦੇ ਕਿੰਨੇ ਕੇਸ ਦਰਜ ਹੋਏ ਪਰ ਅਸਲ 'ਚ ਅਜਿਹਾ ਕਿਸੇ ਵੀ ਸੂਬੇ 'ਚ ਨਹੀਂ ਹੋ ਰਿਹਾ।

ਹੁਣ ਉਨ੍ਹਾਂ ਸਰਕਾਰੀ ਯੋਜਨਾਵਾਂ ਦਾ ਸੱਚ ਵੀ ਜਾਣ ਲਓ ਜੋ ਦਲਿਤ ਦੀ ਭਲਾਈ ਦੇ ਨਾਂ 'ਤੇ ਬਣਾਈਆਂ ਜਾਂਦੀਆਂ ਹਨ। ਦਲਿਤ ਆਰਥਕ ਅੰਦੋਲਨ ਦੇ ਸਕੱਤਰ ਪਾਲ ਦਿਵਾਕਾਰ ਦੱਸਦੇ ਹਨ ਕਿ 1978 'ਚ ਬਣੇ ਸਪੈਸ਼ਨ ਕਮਪੀਏਟ ਪਲਾਨ ਦੇ ਤਹਿਤ ਦਲਿਤਾਂ ਪਾਸ ਇਕ ਰੁਪਿਆ ਨਹੀਂ ਆਇਆ। ਯੋਜਨਾ ਅਨੁਸੂਚਿਤ ਜਾਤੀ ਦੇ ਲੋਕਾਂ ਦੇ ਵਿਕਾਸ ਲਈ ਸੀ ਜੋ ਕੁਲ ਅਬਾਦੀ ਦਾ 15% ਹੈ। ਅਜ਼ਾਦੀ ਦੇ 30 ਸਾਲ ਬਾਅਦ ਤੱਕ (1979-80) ਯੋਜਨਾ ਦੇ ਤਹਿਤ ਅਨੁਸੂਚਿਤ ਜਾਤੀ ਤੇ ਜਨਜਾਤੀ ਪ੍ਰਧਾਨ ਮੰਤਰੀ ਨੇ ਯੋਜਨਾ ਨੂੰ ਕਾਗਜ਼ਾਂ 'ਚ ਸਖਤੀ ਨਾਲ ਲਾਗੂ ਕਰਨ ਦੇ ਹੁਕਮ ਦਿੱਤੇ। ਇਸ 'ਚ ਦਲਿਤਾਂ ਦੀ ਗਰੀਬੀ ਦੂਰ ਕਰਨਾ, ਉਨ੍ਹਾਂ ਦੀ ਸਿਹਤ, ਸਿੱਖਿਆ ਆਰਥਕ ਮਦਦ ਸ਼ਾਮਲ ਸਨ। ਨਿਯਮ ਇਹ ਹੈ ਕਿ ਯੋਜਨਾ ਦਾ ਫੰਡ ਦੂਜੇ ਕੰਮ 'ਚ ਨਹੀਂ ਲਾਇਆ ਜਾ ਸਕਦਾ। ਸਾਲ 2009-10 'ਚ ਕੁਲ 212, 413 ਕਰੋੜ ਰੁਪਏ 'ਚੋਂ 16.2 ਫੀਸਦੀ ਸਪੈਸ਼ਲ ਕਪੀਨੈਂਟ ਪਲਾਨ ਤਹਿਤ ਅਨੁਸੂਚਿਤ ਜਾਤੀ ਅਤੇ 7.5 ਫੀਸਦੀ ਅਨੁਸੂਚਿਤ ਜਨਜਾਤੀ ਲਈ ਜਾਰੀ ਕੀਤੇ ਗਏ। ਕਾਨੂੰਨਾਂ ਦੇ ਬਾਵਜੂਦ ਸਰਕਾਰੀ ਅਣਦੇਖੀ ਦੀ ਇਹ ਸਿਰਫ ਇਕ ਵੰਨਗੀ ਹੈ।

# ਕੀ ਆਸਟਰੇਲੀਆ 'ਚ ਭਾਰਤੀਆਂ 'ਤੇ ਹਮਲੇ ਦਾ ਕਾਰਨ ਬਜ਼ਾਰਵਾਦ ਹੈ?

## ਸਿੱਖਿਆ ਦੇ ਧੰਦੇ ਦੀ ਮਾਰ ਹੇਠ ਭਾਰਤੀ

ਆਸਟਰੇਲੀਆ 'ਚ ਭਾਰਤੀ ਵਿਦਿਆਰਥੀਆਂ 'ਤੇ ਹੋ ਰਹੇ ਹਮਲੇ ਨੂੰ ਮੀਡੀਆ ਖਾਸ ਕਰਕੇ ਭਾਰਤੀ ਮੀਡੀਆ ਨੇ ਨਸਲੀ ਹਮਲਿਆਂ ਵਜੋਂ ਪੇਸ਼ ਕੀਤਾ ਹੈ। ਇਸ ਪਾਸੇ ਕਿਸੇ ਦਾ ਧਿਆਨ ਹੀ ਨਹੀਂ ਜਾ ਰਿਹਾ ਕਿ ਹਾਲ ਦੇ ਸਾਲਾਂ ਵਿਚ ਆਸਟ੍ਰੇਲੀਆਈ ਸਿੱਖਿਆ ਨੂੰ ਭਾਰਤ 'ਚ ਕਿਸੇ ਜਿਣਸ ਵਾਂਗੂੰ ਵੇਚਿਆ ਗਿਆ। ਕਿਸੇ ਅਨਾਜ ਵਾਂਗੂੰ। ਇਹੀ ਵਜ੍ਹਾ ਹੈ ਕਿ ਵਿਦੇਸ਼ੀ ਸਿੱਖਿਆ ਲਈ ਲਲਚਾਉਂਦੇ ਵਿਦਿਆਰਥੀਆਂ ਨੂੰ ਭਰਮਾਉਣ ਦੇ ਇਰਾਦੇ ਨਾਲ ਆਸਟਰੇਲੀਆ 'ਚ ਸਿੱਖਿਆ ਸੰਸਥਾਵਾਂ ਖੁੰਭਾਂ ਵਾਂਗੂੰ ਪਣਪ ਰਹੀਆਂ ਹਨ ਅਤੇ ਇਨ੍ਹਾਂ 'ਚ ਦਾਖਲੇ ਸਬੰਧੀ ਕੋਈ ਨਿਯਮ ਕਾਨੂੰਨ ਨਹੀਂ ਹੈ, ਨਾ ਹੀ ਵਿਦਿਆਰਥੀਆਂ ਦੀ ਯੋਗਤਾ ਨੂੰ ਜਾਚਣ ਪਰਖਣ ਦਾ ਪੁਖਤਾ ਇੰਤਜ਼ਾਮ। ਦਰਅਸਲ ਇਸ ਵਿਵਸਥਾ ਨੇ ਅਧਿਐਨ ਤੇ ਪ੍ਰਵਾਸਨ ਦੇ ਨਾਕਾਰਤਮਕ ਗਠਜੋੜ ਨੂੰ ਜਨਮ ਦਿੱਤਾ ਹੈ ਵਰਨਾ ਸੁਆਲ ਹੈ ਕਿਉਂ ਕਿਸੇ ਪਿੰਡ ਦਾ ਲੜਕਾ 30 ਹਜ਼ਾਰ ਡਾਲਰ ਖਰਚ ਕਰਕੇ ਆਸਟਰੇਲੀਆ ਪੜ੍ਹਨ ਆਵੇਗਾ? ਉਹ ਵੀ ਸਿਰਫ ਵਾਲ ਕਟਾਈ ਜਾਂ ਫਿਰ ਅਜਿਹੇ ਹੀ ਕਿਸੇ ਸਲੇਬਸ ਲਈ ਜਿਸ ਦੀ ਨਾ ਭਾਰਤ 'ਚ ਵੁੱਕਤ ਹੈ ਅਤੇ ਨਾ ਹੀ ਰੁਜ਼ਗਾਰ ਦਾ ਕੋਈ ਵੱਡਾ ਮੌਕਾ। ਆਸਟ੍ਰੇਲੀਆ ਵਿਚ ਪੇਸ਼ੇਵਰ ਸਲੇਬਸ ਚਲਾਉਣ ਵਾਲੀਆਂ ਅਜਿਹੀਆਂ ਕਈ ਸੰਸਥਾਵਾਂ ਵਿਦਿਆਰਥੀਆਂ ਦੀ ਕੋਰਸ 'ਚ ਥੋੜ੍ਹੀ ਬਹੁਤ ਦਿਲਚਸਪੀ ਹੈ ਜਾਂ ਫਿਰ ਬਿਲਕੁਲ ਹੀ ਨਹੀਂ, ਸਭ ਦਾ ਇਕ ਹੀ ਮਕਸਦ ਹੈ ਵੱਧ ਤੋਂ ਵੱਧ ਨੰਬਰ (ਆਸਟਰੇਲੀਆਈ ਕਾਨੂੰਨ ਦੇ ਤਹਿਤ ਨਾਗਰਿਕਤਾ ਹਾਸਲ ਕਰਨ ਲਈ) ਹਾਸਲ ਕਰਕੇ ਇਸ ਮੁਲਕ ਦੇ ਸਥਾਈ ਨਾਗਰਿਕ ਬਣ ਜਾਣ। ਆਸਟ੍ਰੇਲੀਆਈ ਕਾਨੂੰਨ ਦੇ ਤਹਿਤ ਕੋਈ ਵਿਅਕਤੀ ਅਪ੍ਰਵਾਸਨ ਪ੍ਰੋਗਰਾਮ ਤਹਿਤ ਅਰਜੀ ਦਿੰਦਾ ਹੈ ਤਾਂ ਵਾਜਿਬ ਯੋਗਤਾ ਦਿਖਾਉਣ ਦੇ ਨਾਲ ਪਿੱਛੇ ਜਿਹੇ ਆਸਟਰੇਲੀਆ 'ਚ 12 ਮਹੀਨੇ ਦਾ ਪੂਰੇ ਸਮੇਂ ਦਾ ਰੁਜ਼ਗਾਰ ਵੀ ਸਾਬਤ ਕਰਨਾ ਹੁੰਦਾ ਹੈ। ਜਦ ਕਿ ਦੋ ਸਾਲ ਆਸਟਰੇਲੀਆ ਵਿਚ ਪੜ੍ਹਨ ਪਿੱਛੋਂ ਰੁਜ਼ਗਾਰ ਦੀ ਇਹ ਸ਼ਰਤ ਲਾਗੂ ਨਹੀਂ ਹੁੰਦੀ ਤੇ ਵਿਦਿਆਰਥੀ ਨੂੰ ਆਸਟਰੇਲੀਆ ਦੇ ਸਥਾਈ ਨਾਗਰਿਕ ਦਾ ਦਰਜਾ ਹਾਸਲ ਹੋ ਜਾਂਦਾ ਹੈ ਇਸ ਗੱਲ ਦੀ ਵੀ ਉਸ ਨੂੰ ਛੋਟ ਹੁੰਦੀ ਹੈ, ਕਿ ਉਹ ਚਾਹੇ ਤਾਂ ਸਬੰਧਤ ਸਲੇਬਸ ਦੇ ਖੇਤਰ ਵਿਚ ਕੰਮ ਨਾ ਵੀ ਕਰੇ। ਸਾਫ਼ ਹੈ ਕਿ ਸਲੇਬਸ ਦਾ ਰੁਜ਼ਗਾਰ ਨਾਲ ਕੋਈ ਤੁਅਲਕ ਨਹੀਂ ਹੈ। ਇਕ ਅਧਿਐਨ ਅਨੁਸਾਰ ਭਾਰਤ ਤੋਂ ਆਉਣ ਵਾਲੇ 70 ਫੀਸਦੀ ਤੋਂ ਵੱਧ ਵਿਦਿਆਰਥੀ ਪ੍ਰਵਾਸੀ ਹਨ ਅਤੇ ਇਥੇ ਸਥਾਈ ਨਾਗਰਿਕਤਾ ਹਾਸਲ ਕਰਨ ਦੇ ਮਕਸਦ ਨਾਲ ਆਪਣੇ ਹੋਏ ਹਨ। ਦਰੁਸਤ ਹੈ ਕਿ ਆਸਟਰੇਲੀਆ 'ਚ ਭਾਰਤੀ ਵਿਦਿਆਰਥੀ ਭਾਰੀ ਗਿਣਤੀ 'ਚ ਪੜ੍ਹਨ ਜਾ ਰਹੇ ਹਨ। ਬਾਵਜੂਦ ਇਸ ਦੇ ਭਾਰਤ ਦੀਆਂ ਪ੍ਰਖਰ ਪ੍ਰਤਿਭਾਵਾਂ ਅੱਜ ਵੀ ਉਸ ਸਿੱਖਿਆ ਲਈ ਅਮਰੀਕਾ ਤੇ ਬ੍ਰਿਟੇਨ ਵੱਲ ਵੀ ਆਪਣਾ ਰੁਖ ਕਰਨਾ ਪਸੰਦ ਕਰਦੀਆਂ ਹਨ। ਜਿਥੇ ਦਾਖਲੇ ਲਈ ਵੱਧ ਸਖਤ

ਇਮਤਿਹਾਨ ਪਾਸ ਕਰਨੀ ਪੈਂਦੀ ਹੈ, ਜੋ ਇਨ੍ਹਾਂ ਦੇਸ਼ਾਂ ਵਿਚ ਪੜ੍ਹਾਈ ਦੀ ਗੁਣਵੰਣਤਾ ਵੀ ਤਹਿ ਕਰਦੀ ਹੈ ਜਦ ਕਿ ਆਸਟਰੇਲੀਆ ਆਉਣ 70 ਫੀਸਦੀ ਭਾਰਤੀ ਵਿਦਿਆਰਥੀ ਪੇਸ਼ਾਵਰ ਸਲੇਬਸਾਂ 'ਚ ਦਾਖਲਾ ਲੈਂਦੇ ਹਨ ਜਿਥੇ 'ਤੁਸੀਂ ਜਦ ਤੱਕ ਫੀਸ ਦੇ ਸਕਦੇ ਹੋ, ਬਣੇ ਰਹਿ ਸਕਦੇ ਹੋ' ਦਾ ਸਿਧਾਂਤ ਲਾਗੂ ਹੁੰਦਾ ਹੈ। ਇਨ੍ਹਾਂ ਪੇਸ਼ਾਵਰ ਸਲੇਬਸਾਂ ਤੇ ਭਾਰਤੀ ਵਿਦਿਆਰਥੀਆਂ ਦੀ ਵਜ੍ਹਾ ਨਾਲ ਅੱਜ ਦੀ ਤਰੀਕ ਵਿਚ ਆਸਟਰੇਲੀਆ ਦੁਨੀਆ ਦਾ ਸਭ ਤੋਂ ਵੱਡਾ ਸਿੱਖਿਆ ਦਾ ਬਰਾਮਦਕਾਰ ਮੁਲਕ ਬਣ ਚੁਕਿਆ ਹੈ। ਜਿਸ ਨਾਲ ਉਸ ਨੂੰ ਸਾਲ 'ਚ 16 ਅਰਬ ਡਾਲਰ ਦੀ ਕਮਾਈ ਹੋ ਰਹੀ ਹੈ। ਆਸਟਰੇਲੀਆਈ ਨਾਗਰਿਕਤਾ ਪਾਉਣ ਲਈ ਭਾਰਤੀ ਵਿਦਿਆਰਥੀ ਦੀ ਵਧਦੀ ਲਲਕ ਦਾ ਸੰਕੇਤ ਉਥੇ ਲਗਾਤਾਰ ਵਧਦੇ ਭਾਰਤੀ ਵਿਦਿਆਰਥੀ ਦੀ ਗਿਣਤੀ ਤੋਂ ਲੱਗਦਾ ਹੈ। ਸੰਨ 2008 ਵਿਚ ਦੂਜੇ ਮੁਲਕਾਂ ਤੋਂ ਆਸਟਰੇਲੀਆ ਪੜਨ ਆਏ ਵਿਦਿਆਰਥੀਆਂ ਦੀ ਗਿਣਤੀ 17.3 ਸੀ, ਇਨ੍ਹਾਂ ਵਿਚੋਂ 75.5 ਫੀਸਦੀ ਲੜਕੇ ਅਤੇ 24.5 ਫੀਸਦੀ ਲੜਕੀਆਂ ਹਨ। ਹਾਲਾਂ ਕਿ ਸੰਨ 2004 ਤੱਕ ਇਹ ਮਹੌਲ ਨਹੀਂ ਸੀ। ਪੰਜ ਸਾਲ ਪਹਿਲਾਂ ਤੱਕ ਭਾਰਤ ਤੋਂ ਆਉਣ ਵਾਲੇ ਬਹੁਤ ਵਿਦਿਆਰਥੀਆਂ ਦਾ ਮੁਖ ਉਦੇਸ਼ ਉੱਚ ਸਿੱਖਿਆ ਹਾਸਲ ਕਰਨਾ ਸੀ ਤੇ ਉਨ੍ਹਾਂ ਦੀ ਗਿਣਤੀ ਵੀ ਕੁਝ ਵਿਦੇਸ਼ੀ ਵਿਦਿਆਰਥੀ ਦੀ 8 ਫੀਸਦੀ ਹੀ ਸੀ। ਇਸ ਪਿੱਛੋਂ ਇਹ ਬੁਖਾਰ ਤੇਜ਼ੀ ਨਾਲ ਵਧਿਆ। ਅੱਜ ਆਸਟਰੇਲੀਆ ਦੇ ਪੇਸ਼ਾਵਰ ਸਲੇਬਸਾਂ 'ਚ 52 ਹਜ਼ਾਰ ਵਿਦਿਆਰਥੀ ਦਾਖਲਾ ਲਈ ਬੈਠੇ ਹਨ ਅਤੇ 16 ਹਜ਼ਾਰ ਵਿਦਿਆਰਥੀਆਂ ਨੇ ਅੰਗਰੇਜ਼ੀ ਭਾਸ਼ਾ ਦੀਆਂ ਸੰਸਥਾਵਾਂ ਵਿਚ ਰਜਿਸਟਰੇਸ਼ਨ ਕਰਵਾ ਰੱਖੀ ਹੈ। ਪੰਜ ਸਾਲਾਂ 'ਚ ਇਹ ਦੀ ਗਿਣਤੀ 'ਚ 12 ਗੁਣਾ ਵਾਧਾ ਹੋਇਆ ਹੈ। ਸੂਬੇ ਵਾਰ ਵੇਖੀਏ ਤਾਂ "ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ 'ਚ 40 ਫੀਸਦੀ ਸਿਰਫ ਪੰਜਾਬ ਤੋਂ ਆਉਂਦੇ ਹਨ ਮੈਲਬੋਰਨ ਦੀ ਇਕ ਸੰਸਥਾ ਵਿਚ ਖਾਣਾ ਪਕਾਉਣ ਦੇ ਕੋਰਸ ਵਿਚ ਤਿੰਨ ਚੌਥਾਈ ਵਿਦਿਆਰਥੀ ਪੰਜਾਬ ਦੇ ਇਕ ਪਿੰਡ ਦੇ ਹਨ। ਜ਼ਿਆਦਾਤਰ ਦੀ ਕਹਾਣੀ ਇਕੋ ਜਿਹੀ ਹੈ। ਇਨ੍ਹਾਂ ਦੇ ਮਾਪਿਆਂ ਨੇ ਆਸਟਰੇਲੀਆ ਭੇਜਣ ਲਈ ਆਪਣੀ ਜ਼ਮੀਨ ਵੇਚੀ ਜਾਂ ਗਹਿਣੇ ਰੱਖੀ ਜਾਂ ਫਿਰ ਬੈਂਕ ਤੋਂ ਭਾਰੀ ਕਰਜਾ ਲਿਆ। ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਪਤਾ ਹੈ ਕਿ ਇਨ੍ਹਾਂ ਦੇ ਡਿਪਲੋਮੇ ਦੀ ਨਾ ਤਾਂ ਆਸਟਰੇਲੀਆ 'ਚ ਕੋਈ ਕੀਮਤ ਹੈ ਅਤੇ ਨਾ ਹੀ ਭਾਰਤ ਵਿਚ। ਐਸਾ ਨਹੀਂ ਆਸਟਰੇਲੀਆ ਦੀਆਂ ਸੰਸਥਾਵਾਂ ਨੂੰ ਇਨ੍ਹਾਂ ਵਿਦਿਆਰਥੀਆਂ ਦੇ ਮਕਸਦ ਦਾ ਪਤਾ ਨਹੀਂ ਹੈ, ਉਹ ਖੁਦ ਵੀ ਇਸ ਖੇਡ ਵਿਚ ਸ਼ਾਮਲ ਹਨ। ਹਾਲ ਦੇ ਸਾਲਾਂ ਵਿਚ ਬਿਨਾਂ ਸਮੂਚੀ ਸਹੂਲਤ ਵਾਲੇ ਅਜਿਹੇ ਕਈ ਸੰਸਥਾਨ ਆਸਟਰੇਲੀਆ 'ਚ ਪਣਪੇ ਹਨ। ਆਸਟਰੇਲੀਆਈ ਐਨ. ਆਰ. ਆਈ. ਵਿਭਾਗ ਮੁਤਾਬਕ ਉਸ ਤਰ੍ਹਾਂ ਦੀਆਂ ਸੰਸਥਾਵਾਂ ਦੀ ਜਾਂਚ ਚੱਲ ਰਹੀ ਹੈ। ਇਨ੍ਹਾਂ ਵਿਚ ਨਿਊ ਸਾਊਥ ਵੇਲਸ ਦੇ ਪੰਜ ਅਤੇ ਵਿਕਟੋਰੀਆ ਦੀਆਂ 23 ਸੰਸਥਾਵਾਂ ਦੀ ਜਾਂਚ ਹੋ ਰਹੀ ਹੈ। ਜਿਨ੍ਹਾਂ ਨੇ ਐਨ. ਆਰ. ਆਈ. ਕਾਨੂੰਨ ਦੀ ਉਲੰਘਣਾ ਕੀਤੀ ਹੈ। ਸਥਾਨਕ ਰੇਡੀਓ ਵਿਚ ਆਸਟਰੇਲੀਆ ਦੇ ਐਨ. ਆਰ. ਆਈ. ਮੰਤਰੀ ਕ੍ਰਿਸ ਹਵਾਂਸ ਨੇ ਕਿਹਾ ਹੈ, "ਸਾਡੇ ਇਥੇ ਕੁਝ ਗੋਰਖ ਧੰਦਾ ਚਲ ਰਿਹਾ ਹੈ ਅਤੇ ਕੁਝ ਕਾਲਜ ਸਿੱਖਿਆ ਦੇਣ ਦੀ ਬਜਾਏ ਵੀਜਾ ਵੇਚਣ 'ਚ ਲੱਗੇ ਹੋਏ ਹਨ। ਇਨ੍ਹਾਂ ਸੰਸਥਾਵਾਂ ਦਾ ਸਿੱਖਿਆ ਨਾਲ ਕੋਈ ਲੈਣਾ ਦੇਣਾ ਨਹੀਂ ਹੈ।" ਆਸਟਰੇਲੀਆ 'ਚ ਸਿੱਖਿਆ ਦੇ ਕਾਰੋਬਾਰ ਸਬੰਧੀ

ਪਹਿਲਾ ਹੀ ਅਭਾਸ ਹੋ ਚੁੱਕਿਆ ਹੈ। ਸੰਨ 2006 'ਚ ਜਦ ਆਸਟਰੇਲੀਆ ਦੇ ਸਾਬਕਾ ਪ੍ਰਧਾਨ ਮੰਤਰੀ ਜਾਨ ਹਾਰਵਰਡ ਇਕ ਵਪਾਰ ਮੰਡਲ ਦੀ ਨੁਮਾਇੰਦਗੀ ਕਰਦੇ ਹੋਏ ਦਿਲੀ ਪਹੁੰਚੇ ਤਾਂ ਭਾਰਤ ਦੇ ਸਿੱਖਿਆ ਸੰਸਥਾਵਾਂ ਨੇ ਚੇਤਾਵਨੀ ਦਿੱਤੀ ਸੀ ਕਿ ਭਾਰਤ ਵੱਲ ਆਸਟਰੇਲੀਆ ਹਮਲਾਵਰ ਸਿੱਖਿਆ ਬਾਜ਼ਾਰ ਵਾਂਗੂੰ ਨਾ ਵੇਖੇ। ਸਿਡਨੀ ਵਿਚ ਵਿਰੋਧ ਮੁਜਾਹਰੇ ਦੌਰਾਨ ਕਈ ਭਾਰਤੀ ਵਿਦਿਆਰਥੀਆਂ ਨੇ ਕਿਹਾ, "ਅਸੀਂ ਨਸਲਵਾਦ ਨੂੰ ਉਸ ਤਰ੍ਹਾਂ ਨਾਲ ਨਹੀਂ ਵੇਖ ਰਹੇ ਹਾਂ, ਸਾਡੇ 'ਚੋਂ ਬਹੁਤੇ ਇਥੋਂ ਦੀ ਅਰਾਮਦੇਹ ਜੀਵਨ ਸ਼ੈਲੀ 'ਚ ਰਹਿਣਾ ਚਾਹੁੰਦੇ ਹਨ।" ਕਈ ਵਿਆਰਥੀਆਂ ਨੇ ਤਾਂ ਇਥੋਂ ਤੱਕ ਕਿਹਾ 'ਆਸਟਰੇਲੀਆ ਦੇ ਰਸਤੇ ਅਮਰੀਕਾ ਜਾਣ ਦਾ ਰਾਹ ਕਿਤੇ ਵੱਧ ਸੌਖਾ ਹੈ', ਇਸ ਮਾਹੌਲ ਵਿਚ ਕੁਝ ਹੋਰ ਪੱਖਾਂ 'ਤੇ ਗੌਰ ਕਰਨਾ ਵੀ ਜ਼ਰੂਰੀ ਹੈ। ਬਹੁਤੇ ਭਾਰਤੀ ਵਿਦਿਆਰਥੀ ਅਜਿਹੇ ਹਨ ਜੋ ਇਕ ਸ਼ਾਂਤ-ਸੁਰੱਖਿਅਤ ਪੇਂਡੂ ਪਿੱਠ ਭੂਮੀ ਤੋਂ ਨਿਕਲੇ ਸਿੱਧੇ ਇਕ ਅਣਜਾਣ ਜਗ੍ਹਾ ਪਹੁੰਚ ਗਏ ਹਨ। ਲਿਹਾਜਾ ਇਥੇ ਵੀ ਸਮੂਹ ਵਿਚ ਵੀ ਰਹਿਣਾ ਪਸੰਦ ਕਰਦੇ ਹਨ। ਆਮ ਤੌਰ 'ਤੇ ਸਸਤੇ ਇਲਾਕਿਆਂ ਵਿਚ ਰਹਿਣਾ ਚਾਹੁੰਦੇ ਹਨ ਤਾਂ ਕਿ ਖਰਚ ਦਾ ਬੋਝ ਜ਼ਿਆਦਾ ਨਾ ਪਵੇ। ਆਮ ਤੌਰ 'ਤੇ ਇਨ੍ਹਾਂ ਇਲਾਕਿਆਂ ਵਿਚ ਅਪਰਾਧ ਦਰ ਵੀ ਵੱਧ ਹੁੰਦੀ ਹੈ। ਰਿਹਾਇਸ਼ ਖਰਚ ਤੇ ਆਸਟਰੇਲੀਆ ਆਉਣ ਲਈ ਬੈਂਕ ਤੋਂ ਲਏ ਭਾਰੀ ਕਰਜ਼ੇ ਦੀ ਕਿਸ਼ਤ ਕੱਢਣ ਲਈ ਉਹ ਭਾਰਤੀ ਵਿਦਿਆਰਥੀ ਦਫ਼ਤਰਾਂ 'ਚ ਸਫ਼ਾਈ, ਪੈਟਰੋਲ ਪੰਪਾਂ, ਰੈਸਟੋਰੈਂਟਾਂ ਤੇ ਡਿਪਾਰਟਮੈਂਟਲ ਸਟੋਰਾਂ 'ਚ ਕੰਮ ਕਰਦੇ ਹਨ। ਐਸੇ 'ਚ ਉਹ ਸਥਾਨਕ ਨੌਜਵਾਨਾਂ ਨਾਲ ਸਬੰਧ ਬਣ ਜਾਂਦੇ ਹਨ ਅਤੇ ਪੁਲਿਸ ਵੀ ਮੰਨਦੀ ਹੈ ਕਿ ਇਹ ਪੜ੍ਹਨ ਨਹੀਂ ਕਮਾਉਣ ਆਏ ਹਨ। ਦੇਰ ਰਾਤ ਤੱਕ ਕੰਮ ਕਰਕੇ ਜਨਤਕ ਵਾਹਨ ਰਾਹੀਂ ਘਰ ਮੁੜਦੇ ਹਨ ਅਤੇ ਤੰਗ ਗਲੀਆਂ ਤੋਂ ਲੰਘਦੇ ਹਨ, ਦੂਜਿਆਂ ਵਿਦਿਆਰਥੀਆਂ ਵਾਂਗੂੰ ਇਨ੍ਹਾਂ ਕੋਲ ਵੀ ਮੋਬਾਇਲ ਫੋਨ, ਆਈ ਪੈਡ, ਲੈਪ ਟਾਪ, ਨਕਦੀ ਤਾਂ ਹੁੰਦੀ ਹੀ ਹੈ, ਕਈ ਵਿਦਿਆਰਥੀ ਗਹਿਣੇ ਪਹਿਣ ਕੇ ਵੀ ਰੱਖਦੇ ਹਨ। ਅਜਿਹੀ ਹਾਲਤ 'ਚ ਦੇਰ ਰਾਤ ਨਸ਼ੇੜੀਆਂ ਤੇ ਗੁੰਡਿਆਂ ਦਾ ਸ਼ਿਕਾਰ ਬਣਦੇ ਹਨ ਭਾਰਤੀ ਵਿਦਿਆਰਥੀ। ਅਜਿਹੇ 70 ਫੀਸਦੀ ਕੇਸਾਂ ਦੀ ਪੁਲਸ 'ਚ ਰਿਪੋਟ ਹੀ ਨਹੀਂ ਜਾਂਦੀ ਕਿਉਂਕਿ ਸਥਾਈ ਨਾਗਰਿਕਤਾ ਦਾ ਦਰਜਾ ਹਾਸਲ ਕਰਨ ਲਈ ਪੁਲਿਸ ਦੀ ਸਵੀਕਾਰਿਤਾ ਲਾਜ਼ਮੀ ਹੈ ਤੇ ਕੋਈ ਭਾਰਤੀ ਆਪਣੇ ਮਕਸਦ ਨੂੰ ਐਵੇਂ ਇਸ ਤਰ੍ਹਾਂ ਨਹੀਂ ਗਵਾਉਣਾ ਚਾਹੁੰਦਾ। ਹਾਲਾਂ ਕਿ ਆਸਟਰੇਲੀਆਈ ਪੁਲਿਸ ਦੇ ਰਵੱਈਏ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਜਦ ਮੈਲਬੋਰਨ 'ਚ ਹਮਲਿਆਂ ਦੇ ਵਿਰੋਧ 'ਚ ਭਾਰਤੀ ਵਿਦਿਆਰਥੀ ਜਮ੍ਹਾ ਹੋਏ ਤਾਂ ਪੁਲਸੀਆ ਬੰਦੋਬਸਤ ਤੇ ਸ਼ਕਤੀ ਪ੍ਰਦਰਸ਼ਨ ਲੋੜੋਂ ਕਿਤੇ ਵੱਧ ਸੀ। ਹਾਲ ਦੀ ਘੜੀ ਹਾਲ ਦੇ ਤਾਜ਼ਾ ਹਮਲਿਆਂ ਪਿੱਛੋਂ ਭਾਰਤੀ ਵਿਦਿਆਰਥੀ ਨੇ ਜਿਥੇ ਮੈਲਬੋਰਨ ਤੇ ਸਿਡਨੀ 'ਚ ਮੁਜਾਹਰੇ ਕਰਕੇ ਵਿਰੋਧ ਜ਼ਾਹਰ ਕੀਤਾ ਉਥੇ ਆਪਣੀ ਰਾਖੀ ਲਈ ਖੁਦ ਸੁਰੱਖਿਆ ਦਸਤੇ ਵੀ ਬਣਾਏ। ਦੋਨੋਂ ਹੀ ਮੁਲਕਾਂ ਦੇ ਪ੍ਰਧਾਨ ਮੰਤਰੀਆਂ ਨੇ ਅਮਨ ਦੀ ਅਪੀਲ ਕਰਦਿਆਂ ਉੱਚ ਸਿੱਖਿਆ ਹਾਸਲ ਕਰਨ 'ਤੇ ਧਿਆਨ ਦੇਣ ਦੀ ਅਪੀਲ ਕੀਤੀ। ਪਰ ਅਜੇ ਵੀ ਬੁਨਿਆਦੀ ਮੁੱਦਾ ਜਿਉਂ ਦਾ ਤਿਉਂ ਕਾਇਮ ਹੈ, ਹੱਲ ਨਹੀਂ ਹੋਇਆ।

# ਸਿਆਸੀ ਜਨੂੰਨ ਦੀ ਵੀ ਕੋਈ ਹੱਦ ਹੈ?

ਇਤਿਹਾਸ ਕਦੋਂ, ਕਿਥੇ ਤੇ ਕਿਸ ਰੂਪ 'ਚ ਤਰਾਸਦੀ ਬਣ ਕੇ ਉਭਰੇ, ਕੋਈ ਸੋਚ ਵੀ ਨਹੀਂ ਸਕਦਾ। ਬੀਤੇ ਹਫ਼ਤੇ ਉੱਤਰ ਪ੍ਰਦੇਸ਼ ਦੀ ਰਾਜਧਾਨੀ ਵਿਚ ਜਿਸ ਅੰਦਾਜ਼ 'ਚ ਮੁੱਖ ਮੰਤਰੀ ਮਾਇਆਵਤੀ ਦੇ ਖਾੜਕੂ ਨਕਾਬ ਪੋਸ਼ ਹਮਾਇਤੀਆਂ ਨੇ ਉੱਚ ਸੁਰੱਖਿਆ ਖੇਤਰ ਵਿਚ ਸਥਿਤ ਰਾਜ ਕਾਂਗਰਸ ਪ੍ਰਧਾਨ ਰੀਤਾ ਬਹੁਗੁਣਾ-ਜੋਸ਼ੀ ਦੇ ਮਕਾਨ ਨੂੰ ਸਾੜ ਦਿੱਤਾ, ਉਸ ਨਾਲ ਨਾ ਸਿਰਫ਼ ਦਿੱਲੀ ਤੋਂ ਲਖਨਊ ਤੱਕ ਦੀ ਰਾਜਨੀਤੀ ਵਿਚ ਭੂਚਾਲ ਆ ਗਿਆ, ਕੁਝ ਲੋਕਾਂ ਨੂੰ 19ਵੀਂ ਸਦੀ ਦੇ ਉਸ ਖੂੰਖਾਰ ਵਿਦੇਸ਼ੀ ਸਮੂਹ ਦੀ ਯਾਦ ਵੀ ਤਾਜ਼ਾ ਕਰ ਦਿੱਤੀ ਜੋ ਕੇ. ਕੇ. ਕੇ. ਯਾਨੀ (ਕੂ ਕਲਕਸ ਕਲਾਨ) ਦੇ ਨਾਂ ਹੇਠ ਇਤਿਹਾਸ 'ਚ ਦਰਜ ਹੈ। ਕੇ. ਕੇ. ਕੇ. ਦੀ ਖਾਸੀਅਤ ਇਹ ਸੀ ਕਿ ਉਹ ਗੋਰਿਆਂ ਦੇ ਅਧਿਕਾਰਾਂ ਤੇ ਇੱਜ਼ਤ ਦੀ ਰਾਖੀ ਲਈ ਕਾਲੀ ਚਮੜੀ ਵਾਲਿਆਂ ਖਿਲਾਫ਼ ਹਿੰਸਾ ਅਤੇ ਧਮਕੀਆਂ ਦੀ ਵਰਤੋਂ ਕਰਦਾ ਸੀ। ਨਕਾਬ ਉਸ ਦੀ ਪਹਿਚਾਣ ਸੀ ਤੇ ਕਰੂਰਤਾ ਉਸ ਦੀ ਸ਼ਾਨ। ਫਿਰ ਕੋਈ 100 ਸਾਲ ਬਾਅਦ ਯਾਨੀ 1965-68 ਦੇ ਦੌਰਾਨ ਮਾਓ ਦੇ ਚੀਨ 'ਚ ਸਭਿਆਚਾਰਕ ਇਨਕਲਾਬ ਦਾ ਦੌਰ ਆਇਆ ਜਿਸ 'ਚ ਮਾਓ ਦੇ ਲਾਲ ਰਾਖਿਆਂ ਨੇ ਪੂੰਜੀਪਤੀ ਤੱਤਾਂ ਖਿਲਾਫ਼ ਮੁਹਿੰਮ ਚਲਾਈ, ਪ੍ਰੋਲੇਤਾਰੀ ਦੀ ਤਾਨਾਸ਼ਾਹੀ ਅਧੀਨ ਇਨਕਲਾਬੀ ਸੰਘਰਸ਼ ਦੇ ਵਿਰੋਧੀਆਂ ਨੂੰ ਸਜ਼ਾ ਦਿੱਤੀ ਜਾਂਦੀ ਸੀ।

ਪਰ ਲੋਕ ਰਾਜ ਵਿਵਸਥਾ 'ਚ ਡਰਾਉਣ ਧਮਕਾਉਣ ਤੇ ਸਜ਼ਾ ਦੇਣ ਦੀ ਕੋਈ ਵਿਵਸਥਾ ਨਹੀਂ ਹੁੰਦੀ। ਅਲੋਚਨਾ ਬਦਲੇ ਸਜ਼ਾ ਨਹੀਂ ਦਿੱਤੀ ਜਾਂਦੀ ਪਰ ਮੂਰਤੀਆਂ ਦੇ ਸਹਾਰੇ ਉੱਤਰ ਪ੍ਰਦੇਸ਼ 'ਚ ਆਪਣੀ ਕਿਸਮ ਦੀ ਲੋਕਰਾਜੀ 'ਸਭਿਆਚਾਰਕ ਕ੍ਰਾਂਤੀ' ਆਈ ਹੋਈ ਹੈ ਅਤੇ ਹੁਣ ਬਸਪਾ ਦੇ ਨਕਾਬਪੋਸ਼ ਸਮਰਥਕਾਂ ਨੇ ਜਿਨ੍ਹਾਂ 'ਚ ਕਈ ਕਥਿਤ ਪੁਲਸ ਵਾਲੇ ਵੀ ਸ਼ਾਮਲ ਹਨ। ਸਭ ਨੂੰ ਉਸੇ ਤਰ੍ਹਾਂ ਦਹਿਲਾ ਦਿੱਤੇ ਜਿਵੇਂ ਕੇ. ਕੇ. ਕੇ. ਲੋਕ ਦਹਿਲਾਉਂਦੇ ਸਨ। ਬਹੁਗੁਣਾ ਜੋਸ਼ੀ ਦੇ ਘਰ ਨੂੰ ਸਾੜਿਆ ਗਿਆ ਅਤੇ ਸਾਰਾ ਸਾਸ਼ਨ ਪੁਲਿਸ ਤੰਤਰ ਉਸ ਵਕਤ ਤੱਕ ਚੁੱਪ ਰਿਹਾ ਜਦ ਤੱਕ ਸਭ ਕੁੱਝ ਸੜ ਕੇ ਸੁਆਹ ਨਹੀਂ ਹੋ ਗਿਆ। ਇਸ ਘਟਨਾ ਨੇ ਸਭ ਨੂੰ ਹੈਰਾਨੀ 'ਚ ਪਾ ਦਿੱਤਾ। ਜੀ. ਬੀ. ਪੰਤ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼ ਦੇ ਦਲਿਤ ਰਾਜਨੀਤੀ ਦੇ ਮਾਹਰ ਬਦਰੀ ਨਰਾਇਣ ਕਹਿੰਦੇ ਹਨ, "ਲੱਗਦਾ ਹੈ, ਬਸਪਾ ਵਰਕਰਾਂ ਵਿਚ ਮਤਾਂਧਤਾ ਵਧ ਰਹੀ ਹੈ।" ਇਧਰ ਬਕੌਲ ਭਾਕਪਾ ਨੇਤਾ ਅਤੁਲ ਕੁਮਾਰ ਅਨਜਾਨ, "ਬਦਲੇ ਦੀ ਰਾਜਨੀਤੀ ਦੀ ਸ਼ੁਰੂਆਤ ਉਤਰ ਪ੍ਰਦੇਸ਼ ਛੀਛਾ-ਲਦਰੀਕਰਨ ਦੇ ਮਾਧਿਅਮ ਰਾਹੀਂ ਹੋ ਰਹੀ ਹੈ ਜੋ ਖਤਰਨਾਕ ਸੰਕੇਤ ਹੈ, ਵੈਸੇ ਜਿਹੋ ਜਿਹੀ ਭਾਸ਼ਾ ਬਹੁਗੁਣਾ ਜੋਸ਼ੀ ਨੇ ਵਰਤੀ ਹੈ ਅਤੇ ਉਸ ਦੇ ਬਦਲੇ 'ਚ ਇਹ ਘਟਨਾ ਘਟੀ, ਉਸ ਨਾਲ ਰਾਜਸੀ ਇਮਾਨਦਾਰੀ ਅਤੇ ਰਾਜ ਮਸ਼ੀਨਰੀ ਦੇ ਗੰਵਾਰਪਣ ਦੀ ਝਲਕ ਪੈਂਦੀ ਹੈ।"

ਗੱਲ 15-16 ਜੁਲਾਈ 2009 ਦੀ ਵਿਚਕਾਰਲੀ ਰਾਤ ਦੀ, ਜਦ ਸਾਰੀ ਦੁਨੀਆਂ ਸੌਂ ਰਹੀ ਸੀ, ਨਕਾਬਪੋਸ਼ਾਂ ਦੀ ਇਕ ਭੀੜ ਨਾਹਰਾ ਲਾਉਂਦੀ ਹੋਈ ਉਸ ਬੰਗਲੇ ਵੱਲ ਵਧੀ ਜਿਸ 'ਚ ਕਾਂਗਰਸ ਪ੍ਰਧਾਨ ਬਹੁਗੁਣਾ ਜੋਸ਼ੀ ਰਹਿੰਦੀ ਸੀ। ਉਨ੍ਹਾਂ ਨੇ ਬਸਪਾ

ਦੇ ਅਖਿਲੇਸ਼ ਦਾਸ ਨੂੰ ਲਖਨਊ ਸੀਟ 'ਤੇ ਸਖ਼ਤ ਚੁਣੌਤੀ ਦਿੱਤੀ ਸੀ। ਉਨ੍ਹਾਂ ਦਾ ਮਕਾਨ ਜੋ ਅਸਲ 'ਚ ਪੁਰਾਣੇ ਕਾਂਗਰਸੀ ਨੇਤਾ ਕ੍ਰਾਂਤੀ ਕੁਮਾਰ ਦਾ ਹੈ, ਉੱਚ ਸੁਰੱਖਿਆ ਵਾਲੇ, ਖੇਤਰ ਵਿਚ ਪੈਂਦਾ ਹੈ, ਉਸ ਦੇ ਆਸ ਪਾਸ ਮੁੱਖ ਮੰਤਰੀ ਦਾ ਦਫ਼ਤਰ, ਯੋਜਨਾ ਭਵਨ, ਮਾਇਆਵਤੀ ਦੀ ਪਰਛਾਈਂ ਬਣ ਚੁਕੇ ਸਤੀਸ਼ ਮਿਸ਼ਰ ਦਾ ਬੰਗਲਾ ਤੇ ਬਸਪਾ ਦਾ ਵਿਸ਼ਾਲ ਮੁੱਖ ਦਫ਼ਤਰ ਹੈ, ਜਿਥੇ ਮਾਇਆਵਤੀ ਦੇ ਬੁੱਤਾਂ ਸਮੇਂ ਪ੍ਰੇਰਣਾ ਪਾਰਕ ਹੈ ਇਨ੍ਹਾਂ ਸਾਰਿਆਂ 'ਤੇ ਨਜ਼ਰ ਰਾਜ ਭਵਨ ਦੇ ਵਾਚ ਟਾਵਰ 'ਤੇ ਤੈਨਾਤ ਸੁਰੱਖਿਆ ਬਲ ਰੱਖਦੇ ਹਨ। ਰਾਤ ਨੂੰ ਉਸ ਖੇਤਰ 'ਚ ਕੋਈ ਵੀ ਵਿਅਕਤੀ ਪੁਲਸ ਦੀ ਜਾਣਕਾਰੀ ਦੇ ਬਗੈਰ ਜਾ ਨਹੀਂ ਸਕਦਾ। ਪਰ ਭੀੜ ਵਧਦੀ ਹੈ ਮਕਾਨ 'ਚ ਮੁੰਨੀ ਨਾਂ ਦੀ ਬਜ਼ੁਰਗ ਨੇਤਾ (ਜੋ ਰੀਤਾ ਦੀ ਕਰੀਬੀ ਹੈ) ਦੇ ਸਿਵਾ ਕੋਈ ਨਹੀਂ ਸੀ। ਭੀੜ ਨੇ ਪਹਿਲਾਂ ਤਿੰਨ ਗੱਡੀਆਂ ਸਾੜ ਦਿੱਤੀਆਂ ਤੇ ਫਿਰ ਬੰਗਲੇ ਦੀ ਲੁਟ ਕਰਕੇ ਅੱਗ ਲਾ ਦਿੱਤੀ। ਲਪਟਾਂ ਇਕ ਪਾਸੇ ਸਭ ਕੁਝ ਚੱਟ ਰਹੀਆਂ ਸਨ ਤਾਂ ਦੂਜੇ ਪਾਸੇ ਸਰਕਾਰੀ ਸੁਰੱਖਿਆ ਕਰਮੀਆਂ ਨੂੰ ਬੇਵਸੀ ਨਾਲ ਦੇਖ ਰਹੀਆਂ ਸਨ। ਕੋਈ ਦੋ ਘੰਟੇ ਪਿੱਛੋਂ ਅੱਗ ਬੁਝਾਊ ਮਾਮਲੇ ਦੀਆਂ ਗੱਡੀਆਂ ਸੁਆਹ 'ਤੇ ਪਾਣੀ ਪਾਉਣ ਪਹੁੰਚੀਆਂ ਅਤੇ ਫਿਰ ਅਣਜਾਣ ਜਿਹੇ ਬਣੇ ਹੋਏ ਲਖਨਊ ਖੇਤਰ ਦੇ ਪੁਲਸ ਮਹਾਂ ਨਿਰੀਖਕ ਏ. ਕੇ. ਜੈਨ ਆ ਗਏ, ਲੋਕਾਂ ਦਾ ਕਹਿਣਾ ਸੀ ਕਿ ਜੈਨ ਭੀੜ ਦੀ ਹਿੰਸਾ ਦੇ ਕ੍ਰਮ ਵਿਚ ਚੁਪਕੇ ਜਿਹੇ ਦੌਰਾ ਕਰ ਚੁੱਕੇ ਸਨ। ਕਾਂਗਰਸੀਆਂ ਦਾ ਇਹ ਵੀ ਦੋਸ਼ ਹੈ ਕਿ ਭੀੜ 'ਚ ਮੂੰਹ ਢੱਕ ਕੇ ਆਏ ਪੁਲਸ ਵਾਲੇ ਵੀ ਸ਼ਾਮਲ ਸਨ ਜੇ ਉਹ ਵੀ ਅੱਧੀ ਰਾਤ ਨੂੰ, ਦਿੱਲੀ 'ਚ ਕਾਂਗਰਸੀ ਨੇਤਾ ਦਿਗਵਿਜੈ ਸਿੰਘ ਨੇ ਕਿਹਾ, "ਸਭ ਕੁਝ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਦੇ ਇਸ਼ਾਰੇ 'ਤੇ ਰਾਜ ਸਰਕਾਰ ਦੀ ਸ਼ਹਿ 'ਤੇ ਹੋਇਆ ਹੈ। ਐਫ. ਆਈ. ਆਰ. 'ਚ ਬਸਪਾ ਵਿਧਾਇਕ ਬਬਲੂ ਤਿਵਾੜੀ ਦਾ ਨਾਂ ਹੈ ਜੋ ਹਮਲੇ ਦੀ ਅਗਵਾਈ ਕਰ ਰਹੇ ਸਨ।" ਉਨ੍ਹਾਂ ਦਾ ਅੱਗੇ ਕਹਿਣਾ ਸੀ, "ਪੁਲਿਸ ਨੂੰ ਦੱਸ ਦਿੱਤਾ ਸੀ ਕਿ ਕੀ ਹੋਣ ਵਾਲਾ ਹੈ, ਜਦ ਵਾਰਦਾਤ ਹੋਈ ਤਾਂ ਸਭ ਉੱਚ ਅਧਿਕਾਰੀ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਮੌਜੂਦ ਸਨ - ਜਿਸ ਤਰ੍ਹਾਂ ਮਾਇਆਵਤੀ ਸਰਕਾਰ ਕਨੂੰਨ ਨੂੰ ਆਪਣੇ ਰਾਜਸੀ ਵਿਰੋਧੀਆਂ ਦੇ ਦਮਨ ਲਈ ਵਰਤ ਰਹੀ ਹੈ। ਕਾਂਗਰਸ ਉਸ ਦਾ ਮੁਕਾਬਲਾ ਕਰੇਗੀ।"

ਦਰਅਸਲ, ਉਸੇ ਦਿਨ ਮੁਰਦਾਬਾਦ 'ਚ ਬਹੁਗੁਣਾ-ਜੋਸ਼ੀ ਨੇ ਮਹਿਲਾ ਕਾਂਗਰਸ ਦੀ ਇਕ ਸਭਾ 'ਚ ਕਿਹਾ ਸੀ ਕਿ ਮਾਇਆਵਤੀ ਸਰਕਾਰ ਬਲਾਤਕਾਰ ਦਾ ਸ਼ਿਕਾਰ ਹੋਈਆਂ ਔਰਤਾਂ ਨੂੰ ਕੁਝ ਪੈਸਾ ਦੇ ਕੇ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਉਨ੍ਹਾਂ ਦਾ ਦੋਸ਼ ਸੀ ਕਿ ਪੁਲਸ ਦੇ ਡੀ. ਜੀ. ਪੀ., ਇਸ ਤਰ੍ਹਾਂ ਦੀ ਘਟਨਾਵਾਂ 'ਚ ਹੈਲੀਕਾਪਟਰ 'ਤੇ ਉੱਡ ਕੇ ਜਾਂਦੇ ਹਨ, ਜਿਸ 'ਤੇ ਲੱਖਾਂ ਰੁਪਏ ਖਰਚ ਹੁੰਦੇ ਹਨ ਅਤੇ ਪੀੜਤ ਸਰਕਾਰ ਨੂੰ ਸਿਰਫ 2500 ਰੁਪਏ ਮੁਆਵਜ਼ੇ 'ਚ ਦਿੱਤੇ ਜਾ ਰਹੇ ਹਨ। ਗੱਲ ਜੇ ਇੱਥੋਂ ਤੱਕ ਹੁੰਦੀ ਤਾਂ ਕੋਈ ਗੱਲ ਨਹੀਂ ਸੀ, ਇਹ ਰਾਜਸੀ ਬਿਆਨ ਸੀ ਪਰ ਖੁਦ ਨੂੰ ਔਰਤ ਅੰਦੋਲਨ ਦੀ ਉਪਜ ਕਹਿਣ ਵਾਲੀ ਬਹੁਗੁਣਾ ਜੋਸ਼ੀ ਨੇ ਸ਼ਲੀਨਤਾ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਅਤੇ ਮੁੱਖ ਮੰਤਰੀ ਮਾਇਆਵਤੀ ਦਾ ਨਾਂ ਲੈਂਦੇ ਹੋਏ "ਜੇ ਮਾਇਆਵਤੀ ਦਾ (ਰੇਪ..) ਹੋ ਜਾਵੇ ਤਾਂ ਉਨ੍ਹਾਂ ਨੂੰ ਇਕ ਕਰੋੜ ਮੁਆਵਜ਼ੇ ਵਜੋਂ ਦਿੱਤੇ ਜਾਣਗੇ।" ਇਸ ਨਾਲ ਤਾਂ ਸਮਝੋ ਭੂਚਾਲ ਹੀ ਆ ਗਿਆ ਤੇ ਫਿਰ ਆਪਣੀ ਗਲਤੀ ਨੂੰ ਮੰਨਦੇ ਹੋਏ ਕਿਹਾ ਕਿ, "ਜੇ ਮੇਰੀ ਗੱਲ ਨਾਲ ਮੁੱਖ ਮੰਤਰੀ ਮਾਇਆਵਤੀ ਨੂੰ ਕਸ਼ਟ ਹੋਇਆ ਹੈ

ਤਾਂ ਮੈਂ ਉਸ ਲਈ ਅਫਸੋਸ ਜ਼ਾਹਰ ਕਰਦੀ ਹਾਂ।" ਪਰ ਮਾਇਆਵਤੀ ਤੇ ਉਸ ਦੇ ਸਮਰਥਕਾਂ ਦੀਆਂ ਨਜ਼ਰਾਂ ਵਿਚ ਇਹ ਕਾਫ਼ੀ ਨਹੀਂ ਸੀ। ਅਜਿਹੇ 'ਚ ਬਹੁਗੁਣਾ-ਜੋਸ਼ੀ ਆਪਣੀ ਹੀ ਪਾਰਟੀ 'ਚ ਇਕੱਲੀ ਕਹਿਰੀ ਰਹਿ ਗਈ ਅਤੇ ਪਾਰਟੀ ਨਾ ਤਾਂ ਦਿੱਲੀ ਵਿਚ ਅਤੇ ਨਾ ਹੀ ਲਖਨਊ ਵਿਚ ਉਨ੍ਹਾਂ ਦੀ ਹਮਾਇਤ 'ਚ ਖੁੱਲ੍ਹ ਕੇ ਸਾਹਮਣੇ ਆ ਸਕੀ ਉਨ੍ਹਾਂ ਨੂੰ ਉਸ ਸ਼ਾਮ ਦਿੱਲੀ ਜਾਂਦੇ ਸਮੇਂ ਗਾਜੀਆਬਾਦ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕਿਉਂਕਿ ਉਨ੍ਹਾਂ ਨੇ ਮੁੱਖ ਮੰਤਰੀ ਖਿਲਾਫ਼ ਮੁਰਦਾਬਾਦ 'ਚ ਅਪਸ਼ਬਦ ਵਰਤੇ ਸਨ, ਇਸ ਲਈ ਮਝੌਲਾ ਥਾਣੇ ਵਿਚ ਅਨੁਸੂਚਿਤ ਜਾਤੀ-ਜਨਜਾਤੀ ਕਨੂੰਨ ਦੇ ਤਹਿਤ ਗੈਰ-ਜਮਾਨਤੀ ਕਾਨੂੰਨ ਤੇ ਤਹਿਤ ਗੈਰ-ਜਮਾਤੀ ਧਰਾਵਾਂ ਤੋਂ ਇਲਾਵਾ ਭਾਰਤੀ ਦੰਡ ਵਿਧਾਨ ਦੀ ਧਾਰਾ 153 ਏ (ਭੜਕਾਊ ਭਾਸ਼ਣ ਦੇਣਾ) ਅਤੇ 109 (ਗਾਲੀ ਗਲੋਚ ਵਾਲੀ ਭਾਸ਼ਾ ਦੀ ਵਰਤੋਂ ਕਰਨਾ) ਦੇ ਤਹਿਤ ਗ੍ਰਿਫ਼ਤਾਰ ਕਰਕੇ ਸੁਬ੍ਹਾ ਹੁੰਦੇ ਹੀ ਅਦਾਲਤ 'ਚ ਪੇਸ਼ ਕਰਕੇ 14 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ, ਇਸ ਦੌਰਾਨ ਉਨ੍ਹਾਂ ਦੇ ਘਰਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ। ਅੱਗ ਦੀਆਂ ਲਪਟਾਂ ਨੇ ਕਾਂਗਰਸੀਆਂ ਨੂੰ ਏਨਾ ਡਰਾ ਦਿੱਤਾ ਕਿ ਬਾਮੁਸ਼ਕਿਲ ਇਕ ਦਰਜਨ ਵਰਕਰ ਉੱਥੇ ਪਹੁੰਚ ਸਕੇ, ਪਾਰਟੀ ਦੇ ਉੱਚ ਨੇਤਾ ਪ੍ਰਮੋਦ ਤਿਵਾੜੀ ਨੇ ਅਚੰਭੇ 'ਚ ਕਿਹਾ, "ਕੋਈ ਕਿਵੇਂ ਮੰਨ ਲਵੇ ਕਿ ਕੋਈ ਕਾਂਗਰਸੀ ਨੇਤਾ ਅਪਸ਼ਬਦ ਬੋਲੇਗਾ, ਇਹ ਸਿਰਫ ਦੋਸ਼ ਹੈ।"

ਹਾਲ ਦੀ ਘੜੀ ਬਸਪਾ ਸੁਪਰੀਮੋ ਮਾਇਆਵਤੀ ਕਾਂਗਰਸ ਦੇ ਖਿਲਾਫ ਆਪਣੀ ਲੜਾਈ ਦਾ ਪਹਿਲਾ ਪੜਾਅ ਜਿੱਤ ਗਈ ਹੈ ਕਿਉਂਕਿ ਬਹੁਗੁਣਾ-ਜੋਸ਼ੀ ਦੀ ਅਪਮਾਨ ਜਨਕ ਟਿੱਪਣੀ 'ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਅਫਸੋਸ ਜ਼ਾਹਰ ਕੀਤਾ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੋਨੀਆ ਗਾਂਧੀ ਦੇ ਅਫਸੋਸ ਜ਼ਾਹਰ ਕਰਨ ਪਿੱਛੋਂ ਉਨ੍ਹਾਂ ਨੇ ਆਪਣੇ ਸਾਂਸਦਾਂ ਨੂੰ ਸਾਂਸਦ ਦੀ ਕਾਰਵਾਈ ਸਚਾਰੂ ਰੂਪ ਨਾਲ ਚਲਾਉਣ ਲਈ ਕਹਿ ਦਿੱਤਾ ਹੈ ਦੇਸ਼ ਭਰ 'ਚ ਦਲਿਤਾਂ ਖਾਸ ਕਰਕੇ ਬਸਪਾ ਵਰਕਰਾਂ ਦੇ ਕੋਪਭਾਜਨ ਤੋਂ ਬਚਣ ਲਈ ਦਬਾਅ 'ਚ ਆ ਕੇ ਕਾਂਗਰਸ ਪ੍ਰਧਾਨ ਨੇ ਅਫ਼ਸੋਸ ਜ਼ਾਹਰ ਕੀਤਾ ਹੈ। ਹਾਲਾਂ ਕਿ ਮਾਇਆਵਤੀ ਨੇ ਐਲਾਨ ਕੀਤਾ ਹੈ ਕਿ, ਬਸਪਾ ਕਿਸੇ ਵੀ ਮਾਹਨਿਆਂ 'ਚ ਕਮਜ਼ੋਰ ਨਹੀਂ ਹੈ, ਦੂਜੇ ਪਾਸੇ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉੱਤਰ ਪ੍ਰਦੇਸ਼ 'ਚ ਵਿਕਾਸ ਰੁਕਿਆ ਹੋਇਆ ਹੈ ਕਿਉਂਕਿ ਪੈਸੇ ਬੁੱਤ (ਮੂਰਤੀਆਂ) ਬਣਾਉਣ 'ਤੇ ਖਰਚ ਕੀਤਾ ਜਾ ਰਿਹਾ ਹੈ। ਪਾਰਟੀ ਬੁਲਾਰੇ ਅਖਿਲੇਸ਼ ਪ੍ਰਤਾਪ ਸਿੰਘ ਨੇ ਕਿਹਾ, "ਪਿਛਲੇ ਦਸ ਸਾਲਾਂ ਤੋਂ ਮਾਇਆਵਤੀ ਤੇ ਉਨ੍ਹਾਂ ਦੀ ਪਾਰਟੀ ਦੇ ਲੋਕ ਦੇਸ਼ ਦੇ ਮਹਾਂਪੁਰਸ਼ਾਂ ਖਿਲਾਫ਼ ਅਪਸ਼ਬਦ ਵਰਤਦੇ ਰਹੇ ਹਨ, ਉਨ੍ਹਾਂ ਨੂੰ ਅਪਮਾਨਿਤ ਕਰਦੇ ਰਹੇ ਹਨ, ਇਸ 'ਤੇ ਉਨ੍ਹਾਂ ਨੇ ਕਦੀ ਅਫ਼ਸੋਸ ਜ਼ਾਹਰ ਨਹੀਂ ਕੀਤਾ। ਉਨ੍ਹਾਂ ਨੂੰ ਸ਼ਰਮ ਨਹੀਂ ਆਈ ਪਰ ਰੀਤਾ ਜੀ ਦੀ ਜ਼ੁਬਾਨ ਫਿਸਲਨ 'ਤੇ ਮੁਆਫੀ ਵੀ ਮੰਗ ਲਈ। ਰਾਜਨੀਤੀ 'ਚ ਦੂਹਰੇ ਮਾਪਦੰਡ ਨਹੀਂ ਹੁੰਦੇ, "ਪਰ ਬਿਆਨਾਂ ਨੂੰ ਛੱਡ ਕੇ ਕੋਈ ਕੁਝ ਕਰ ਨਹੀਂ ਸਕਿਆ, ਦਿੱਲੀ ਤੋਂ ਵੀ ਕੋਈ ਬਹੁਗੁਣਾ-ਜੋਸ਼ੀ ਦੇ ਘਰ ਦਾ ਹਾਲ ਵੇਖਣ ਨਹੀਂ ਆਇਆ। ਕੁਝ ਕਾਂਗਰਸੀ ਉਨ੍ਹਾਂ ਦੇ ਸੜੇ ਹੋਏ ਘਰ ਵਿਚ ਵੀ ਧਰਨੇ 'ਤੇ ਬੈਠ ਗਏ। ਫਿਰ ਕਾਂਗਰਸੀ ਨੇਤਾ ਰਾਜਭਵਨ ਜਾ ਕੇ ਰਾਜਪਾਲ ਟੀ. ਵੀ. ਰਾਜੇਸ਼ਵਰ ਨੂੰ ਮੰਗ ਪੱਤਰ ਦੇ ਆਏ। ਉਧਰ ਮਾਇਆਵਤੀ ਅੱਗ ਬਬੂਲਾ ਸੀ ਉਨ੍ਹਾਂ ਨੇ ਕਿਹਾ ਕਿ

ਬਹੁਗੁਣਾ-ਜੋਸ਼ੀ ਦੇ ਭੱਦੇ ਬਿਆਨ ਨਾਲ ਸਾਰੇ ਬਸਪਾ ਵਰਕਰ ਦੇਸ਼ ਭਰ 'ਚ ਸੜਕਾਂ 'ਤੇ ਉਤਰਨ ਨੂੰ ਤਿਆਰ ਸਨ ਪਰ ਅਮਨ-ਕਨੂੰਨ ਨੂੰ ਧਿਆਨ 'ਚ ਰੱਖ ਕੇ ਮੈਂ ਉਨ੍ਹਾਂ ਨੂੰ ਰੋਕਿਆ, ਬੇਕਸੂਰ ਲੋਕਾਂ ਦੀ ਜਾਨ-ਮਾਲ ਦਾ ਨੁਕਸਾਨ ਹੋ ਸਕਦਾ ਸੀ। ਪਰ ਭਾਜਪਾ ਬੁਲਾਰੇ ਹਿਰਦੇ ਨਰਾਇਣ ਦੀਕਸ਼ਤ ਕਹਿੰਦੇ ਹਨ ਕਿ ਸਭ ਠੀਕ ਹੈ, ਬਹੁਗੁਣਾ-ਜੋਸ਼ੀ ਨੇ ਸਭਿਆ ਭਾਸ਼ਾ ਦੀਆਂ ਹੱਦਾਂ ਪਾਰ ਕਰ ਦਿੱਤੀਆਂ ਫਿਰ ਵੀ ਉਨ੍ਹਾਂ ਖਿਲਾਫ ਅਨੁਸੂਚਿਤ ਜਾਤੀ-ਜਨਜਾਤੀ ਕਨੂੰਨ ਦੇ ਤਹਿਤ ਮਾਮਲਾ ਨਹੀਂ ਬਣਦਾ ਕਿਉਂਕਿ ਉਨ੍ਹਾਂ ਨੇ ਜਾਤੀ ਨੂੰ ਅਪਮਾਨਿਤ ਨਹੀਂ ਕੀਤਾ ਫਿਰ ਵੀ ਉਹ ਯਾਦ ਦਿਵਾਉਂਦੇ ਹਨ ਕਿ ਜਨਵਰੀ 2007 'ਚ ਮਾਇਆਵਤੀ ਜੇ ਇਕ ਸਭਾ 'ਚ ਕਿਹਾ ਸੀ ਕਿ, "ਜੇ ਮੁਸਲਿਮ ਔਰਤ ਦੇ ਨਾਲ ਬਲਾਤਕਾਰ ਦੀ ਕੀਮਤ ਦੋ ਲੱਖ ਰੁਪਏ ਹੈ ਤਾਂ ਫਿਰ ਜੇ ਆਪ ਦੀ (ਮੁਲਾਇਮ ਸਿੰਘ ਯਾਦਵ ਦੀ) ਬੇਟੀ ਨਹੀਂ ਤਾਂ ਆਪ ਦੇ ਭਾਈ ਭਤੀਜੇ ਦੀ ਭੈਣ-ਬੇਟੀ ਤਾਂ ਹੋਵੇਗੀ, ਉਸ ਦਾ ਬਲਾਤਕਾਰ ਕਰਵਾ ਦਿਉ ਅਤੇ ਮੁਸਲਿਮ ਸਮਾਜ ਉਨ੍ਹਾਂ ਨੂੰ 4-4 ਲੱਖ ਰੁਪਏ ਮੁਆਵਜ਼ੇ 'ਚ ਦੇ ਦੇਵੇਗਾ।" ਦੀਕਸ਼ਤ ਸੁਆਲ ਖੜਾ ਕਰਦੇ ਹਨ ਕਿ ਇਹ ਕਿਹੜੀ ਭਾਸ਼ਾ ਸੀ? ਉਨ੍ਹਾਂ ਅਨੁਸਾਰ ਦੋਨੇ ਪਾਸੇ (ਮਾਇਆਵਤੀ ਤੇ ਕਾਂਗਰਸ) ਸਾਫ ਸੁਥਰੀ ਰਾਜਨੀਤੀ ਦੀ ਥਾਂ ਭੱਦੀ ਤੇ ਗੁੰਡਾ ਸਿਆਸਤ ਖੇਡੀ ਜਾ ਰਹੀ ਹੈ ਤਾਂ ਕਿ ਲੋਕਾਂ ਦੀਆਂ ਸਮੱਸਿਆਵਾਂ ਤੋਂ ਧਿਆਨ ਲਾਂਭੇ ਰੱਖਿਆ ਜਾ ਸਕੇ। ਮਾਇਆਵਤੀ ਕਦੇ ਆਪਣੇ ਅਲੋਚਕਾਂ ਨੂੰ ਨਹੀਂ ਬਖਸ਼ਦੀ, ਉਨ੍ਹਾਂ ਦੀ ਤਾਨਾਸ਼ਾਹੀ ਦਾ ਆਪਣਾ ਅੰਦਾਜ਼ ਹੈ। ਲੋਕਾਂ ਨੂੰ ਯਾਦ ਹੈ ਕਿ ਪਿਛਲੀ 31 ਮਾਰਚ ਨੂੰ ਜਦ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਮਹਿੰਦਰ ਸਿੰਘ ਟਿਕੈਤ ਨੇ, ਜਿਸ ਤੋਂ ਕੇਂਦਰ ਵੀ ਡਰਦਾ ਹੈ, ਜਦ ਬਿਜਨੌਰ ਵਿਚ ਮਾਇਆਵਤੀ ਖਿਲਾਫ ਜਾਤੀਵਾਦੀ ਟਿੱਪਣੀ ਕੀਤੀ ਸੀ ਤਾਂ ਨਾ ਸਿਰਫ ਮੁਜ਼ਫਰ ਨਗਰ 'ਚ ਦੰਗਾ ਭੜਕ ਉੱਠਿਆ ਸੀ ਬਲਕਿ ਪੁਲਸ ਨੇ ਇਸ ਤਰ੍ਹਾਂ ਉਨ੍ਹਾਂ ਖਿਲਾਫ਼ ਹੱਲਾ ਬੋਲਿਆ ਸੀ ਕਿ ਪੂਰਾ ਖੇਤਰ ਕੰਬ ਉੱਠਿਆ ਸੀ ਅਤੇ ਆਖਰਕਾਰ ਉਨ੍ਹਾਂ ਨੂੰ ਆਤਮ ਸਮਰਪਣ ਕਰਨਾ ਪਿਆ ਸੀ। ਸੂਬਾਈ ਸਪਾ ਪ੍ਰਧਾਨ ਅਖਿਲੇਸ਼ ਯਾਦਵ ਦਾ ਦੋਸ਼ ਹੈ ਕਿ ਉੱਤਰ ਪ੍ਰਦੇਸ਼ ਹੁਣ "ਪੁਲਸ ਰਾਜ" 'ਚ ਬਦਲ ਚੁੱਕਿਆ ਹੈ। "ਸਪਾ ਦੇ ਸਮਰਥਕਾਂ ਨੂੰ ਜਾਂ ਤਾਂ ਗੈਂਗਸਟਰ ਐਕਟ ਤਹਿਤ ਜ਼ੇਲ੍ਹ ਭੇਜ ਦਿੱਤਾ ਜਾਂਦਾ ਹੈ।" ਉਹ ਆਪਣੇ ਲੋਕ ਸਭਾ ਖੇਤਰ ਕਨੌਜ ਦੀ ਮਿਸਾਲ ਦਿੰਦੇ ਹਨ। ਤਿੰਨ ਬਲਾਕ ਮੁਖੀਆਂ ਨੂੰ ਇਸ ਲਈ ਜ਼ਿਲ੍ਹਾ ਬਦਲ ਕਰ ਦਿੱਤਾ ਗਿਆ ਕਿਉਂਕਿ ਬਸਪਾ ਉੱਥੇ ਲੋਕ ਸਭਾ ਚੋਣਾਂ ਹਾਰ ਗਈ ਸੀ ਇਸ ਤੋਂ ਇਲਾਵਾ ਇਕ ਹੀ ਥਾਣੇ ਦੇ ਤਹਿਤ ਉਨ੍ਹਾਂ ਦੇ 12 ਨੌਜਵਾਨ ਹਮਾਇਤੀਆਂ ਨੂੰ ਇਲਾਕਾ ਬਦਲ ਕਰ ਦਿੱਤਾ ਗਿਆ ਹੈ ਕਰੀਬ 1200 ਲੋਕਾਂ 'ਤੇ ਗੁੰਡਾ ਐਕਟ ਤਹਿਤ ਕੇਸ ਬਣਾਏ ਗਏ ਹਨ ਜਦ ਕਿ 800 ਨੂੰ ਜ਼ਿਲ੍ਹਾ ਬਦਰ ਕਰ ਦਿੱਤਾ ਗਿਆ ਹੈ। ਲੋਕਾਂ ਨੂੰ ਇਹ ਵੀ ਯਾਦ ਹੈ ਕਿ ਪੁਲਸ ਨੇ ਜਿਸ ਕਿਸੇ ਨੂੰ ਮਾਇਆਵਤੀ ਦੇ ਪੋਸਟਰ ਫਾੜ ਦੇ ਜਾਂ ਉਨ੍ਹਾਂ ਨੂੰ ਅੱਗ ਲਾਉਂਦੇ ਵੇਖਿਆ, ਉਨ੍ਹਾਂ 'ਤੇ ਗੈਂਗਸਟਰ ਐਕਟ ਲਾ ਦਿੱਤਾ ਗਿਆ। ਹਾਲ 'ਚ ਹੀ ਕਿਰਨ ਜਾਟਵ ਨਾਮਕ ਲੜਕੀ ਮੇਰਠ ਤੋਂ ਲਖਨਊ ਮੁੱਖ ਮੰਤਰੀ ਨੂੰ ਮਿਲਣ ਆਈ, ਪੁਲਸ ਨੇ ਉਸ ਨੂੰ ਮਿਲਣ ਨਹੀਂ ਦਿੱਤਾ, ਜਦ ਉਹ ਵਿਧਾਨ ਭਵਨ ਦੇ ਸਾਹਮਣੇ ਮਾਇਆਵਤੀ ਦੇ ਪੋਸਟਰ ਨੂੰ ਛੂਹ ਰਹੀ ਸੀ ਤਾਂ ਉਸ ਨੂੰ ਪੁਲਸ ਨੇ ਘਰ ਦਬੋਚ ਲਿਆ। ਪਿਛਲੀ ਸਰਕਾਰ ਵਿਚ ਆਪਣੇ ਜਾਤੀ-ਸਮਾਜ 'ਚ ਸੂਆ ਸਮਝੇ ਜਾਂਦੇ

ਕਈ (ਠਾਕੁਰ) ਨੇਤਾਵਾਂ ਦਾ ਇਸ ਕਦਰ ਦਮਨ ਹੋਇਆ ਕਿ ਅੱਜ ਉਨ੍ਹਾਂ ਦੀ ਜ਼ੁਬਾਨ ਮਾਇਆਵਤੀ ਖਿਲਾਫ਼ ਕੁਝ ਵੀ ਬੋਲਣ ਤੋਂ ਕੰਬਦੀ ਹੈ। ਤਾਜ਼ਾ ਘਟਨਾ ਪਿੱਛੋਂ ਲੱਗਦਾ ਹੈ ਕਿ ਮਾਇਆਵਤੀ ਬੇਚੈਨ ਹੈ ਅਤੇ ਹਰ ਵਕਤ ਕੇਂਦਰ ਸਰਕਾਰ ਨਾਲ ਟਕਰਾ ਦੇ ਮੂਡ 'ਚ ਰਹਿੰਦੀ ਹੈ। ਵਜ੍ਹਾ ਉਨ੍ਹਾਂ ਨੂੰ ਲੱਗਦੀ ਹੈ ਕਿ ਕਾਂਗਰਸ, ਸੋਨੀਆ ਤੇ ਰਾਹੁਲ ਕਾਰਨ ਦਲਿਤਾਂ ਦਾ ਇਕ ਵਰਗ, ਮੁਸਲਮਾਨ ਤੇ ਬ੍ਰਾਹਮਣ ਕਾਂਗਰਸ ਵੱਲ ਝੁਕ ਗਏ ਜਿਸ ਨਾਲ ਬਸਪਾ 21 ਦਾ ਅੰਕੜਾ ਨਹੀਂ ਪਾਰ ਕਰ ਸਕੀ ਜਦ ਕਿ ਕਾਂਗਰਸ ਰਾਜ ਵਿਚ ਹੀ 21 ਸੀਟਾਂ ਲੈ ਕੇ ਦਿੱਲੀ ਵੱਲ ਵਧਦੇ ਉਸ ਦੇ ਰਾਹ 'ਚ ਖੜ੍ਹੀ ਹੀ ਹੋ ਗਈ, ਫਿਰ ਜਿਸ ਤਰ੍ਹਾਂ ਕਾਂਗਰਸ ਦਾ ਗ੍ਰਾਫ ਵਧ ਰਿਹਾ ਹੈ ਤੇ ਜਿਸ ਤਰ੍ਹਾਂ ਸਪਾ ਲੜਾਈ ਦੇ ਮੂਡ ਵਿਚ ਹੈ, ਉਸ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਲਈ ਖਤਰਾ ਪੈਦਾ ਹੋ ਸਕਦਾ ਹੈ। ਦੂਜੇ ਪਾਸੇ ਸੀ. ਬੀ. ਆਈ. ਵੱਲੋਂ ਆਮਦਨ ਤੋਂ ਵੱਧ ਜਾਇਦਾਦ ਸਬੰਧੀ ਪੱਤਰ ਦਾਖਲ ਕਰਨ ਦੀ ਤਿਆਰੀ ਅਤੇ ਲਖਨਊ ਅਤੇ ਨੋਇਢਾ ਨੂੰ ਆਪਣੀਆਂ ਮੂਰਤੀਆਂ ਦੇ ਸ਼ਹਿਰ 'ਚ ਬਦਲਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ 'ਚ ਰੁਕਾਵਟ, ਕਾਨੂੰਨ ਪ੍ਰਣਾਲੀ ਤੇ ਵਿਕਾਸਹੀਣਤਾ 'ਤੇ ਕਾਂਗਰਸ, ਸਪਾ ਤੇ ਭਾਜਪਾ ਵੱਲੋਂ ਹਮਲਾ ਤੇ ਨੌਕਰਸ਼ਾਹੀ ਅੰਦਰ ਇਕ ਵਰਗ 'ਚ ਬੇਚੈਨੀ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਕਾਂਗਰਸ ਦੇ ਕੌਮੀ ਬੁਲਾਰੇ ਮਨੀਸ਼ ਤਿਵਾੜੀ ਦਾ ਕਹਿਣਾ ਹੈ ਕਿ, "ਉਤਰ ਪ੍ਰਦੇਸ਼ 'ਚ ਜੰਗਲ ਰਾਜ ਹੈ, ਆਪਣੇ ਖਿਲਾਫ ਚਲ ਰਹੇ ਕਾਨੂੰਨੀ ਮਾਮਲਿਆਂ ਤੋਂ ਮੁੱਖ ਮੰਤਰੀ ਦੀ ਬੁਖਲਾਹਟ ਆ ਰਹੀ ਹੈ। ਕਾਂਗਰਸ ਦੇ ਲਈ ਵਿਕਾਸ ਦਾ ਮੁੱਦਾ ਉਸ ਸਮੇਂ ਗੰਭੀਰ ਹੋ ਗਿਆ ਜਦ ਬਿਜਲੀ ਸਪਲਾਈ ਸਬੰਧੀ ਅਮੇਠੀ 'ਚ ਅੰਦੋਲਨਕਾਰੀਆਂ 'ਤੇ ਪੁਲਿਸ ਨੇ ਲਾਠੀਆਂ ਬਰਸਾਈਆਂ, ਲਾਠੀਚਾਰਜ ਨਾਲ ਮਾਇਆਵਤੀ ਤੇ ਕੇਂਦਰ ਵਿਚਕਾਰ ਦੀ ਰਾਜਨੀਤੀ ਗਰਮਾ ਗਈ। ਜਦ ਰਾਹੁਲ ਦੇ ਆਉਣ ਦੀ ਖ਼ਬਰ ਫੈਲੀ ਤਾਂ ਮੁੱਖ ਮੰਤਰੀ ਨੇ ਸੁਲਤਾਨਪੁਰ ਦੇ ਪੁਲਸ ਮੁਖੀ ਦੀ ਬਦਲੀ ਕਰ ਦਿੱਤੀ ਤੇ ਐਸ. ਐਚ. ਓ. ਨੂੰ ਲਾਈਨ ਹਾਜ਼ਰ ਹੋਣ ਦਾ ਹੁਕਮ ਦਿੱਤਾ। ਨਾਲ ਹੀ ਪੀ. ਏ. ਸੀ. ਦੀ ਯੂਨਿਟ ਨੂੰ ਵੀ ਅਮੇਠੀ ਤੋਂ ਹਟਾਉਣ ਦਾ ਹੁਕਮ ਦਿੱਤਾ, ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ" ਕਿਸੇ ਵਿਅਕਤੀ ਨੂੰ ਉਹ ਰਾਹ ਚਾਹੇ ਕਿਸੇ ਰਾਜਸੀ ਪਾਰਟੀ ਨਾਲ ਜੁੜਿਆ ਹੋਵੇ ਜਾਂ ਸਰਕਾਰੀ ਕਰਮਚਾਰੀ, ਕਨੂੰਨ ਹੱਥ 'ਚ ਲੈਣ ਦੀ ਇਜਾਜ਼ਤ ਨਹੀਂ ਹੋਵੇਗੀ ਤੇ ਅਜਿਹੇ ਤੱਤਾਂ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ ਕਿਉਂਕਿ ਬਿਜਲੀ ਦੇ ਨਾਂ 'ਤੇ ਰਾਜਨੀਤੀ ਹੋਣ ਲੱਗੀ ਤਾਂ ਮਾਇਆਵਤੀ ਨੇ ਕਿਹਾ, "ਮੈਂ ਕਨੂੰਨ ਪ੍ਰਣਾਲੀ 'ਚ ਖਲਲ ਪਾਉਣ ਵਾਲਿਆਂ ਖਿਲਾਫ ਕਾਰਵਾਈ ਕਰੂੰਗੀ।" ਕਿਉਂਕਿ ਬਿਜਲੀ ਦੀਆਂ ਮੁਸ਼ਕਲਾਂ ਲਈ ਕਾਂਗਰਸ ਦੋਸ਼ੀ ਹੈ ਪਰ ਹੁਣ ਬਹੁਗੁਣਾ-ਜੋਸ਼ੀ ਦੀ ਗ੍ਰਿਫ਼ਤਾਰੀ ਅਤੇ (ਸਰਕਾਰੀ ਦੇਖ ਰੇਖ) ਉਨ੍ਹਾਂ ਦਾ ਘਰ ਜਲਾਏ ਜਾਣ ਤੋਂ ਪਹਿਲੀ ਵਾਰੀ ਰਾਜ ਵਿਆਪੀ ਅੰਦੋਲਨ ਦੀ ਗੱਲ ਹੋਣ ਲੱਗੀ ਅਤੇ ਸਾਰੀਆਂ ਵਿਰੋਧੀ ਪਾਰਟੀਆਂ ਨੇ 'ਤਾਨਾਸ਼ਾਹ' ਮਾਇਆਵਤੀ ਸਰਕਾਰ ਤੋੜਨ ਦੀ ਮੰਗ ਰੱਖ ਦਿੱਤੀ। ਕਾਂਗਰਸ ਨੇ ਵੀ ਰਾਜ ਵਿਆਪੀ ਐਮਰਜੈਂਸੀ ਸੰਘਰਸ਼ ਦਾ ਐਲਾਨ ਕਰ ਦਿੱਤਾ। ਮਾਇਆਵਤੀ ਵੀ ਜੰਗ ਦੇ ਮੂਡ ਵਿਚ ਹੈ। ਲੋਕਾਂ ਦੇ ਮਸਲੇ ਜਾਣ ਢੱਠੇ ਖ਼ੂਹ ਵਿਚ ਬਸ ਹਾਕਮ ਦੀ ਸੱਤਾ ਖਾਤਰ ਕੁੱਕੜ ਖੋਹ ਹੀ ਜਾਰੀ ਹੈ। ਰੋਟੀ, ਕੱਪੜਾ, ਮਕਾਨ ਲਈ ਤਰਸਦੇ ਲੋਕ ਇਨ੍ਹਾਂ ਦੇ ਮੂੰਹ ਵੱਲ ਵੇਖ ਰਹੇ ਹਨ।

# ਸਰਮਾਏਦਾਰਾਂ ਦੀ ਸੇਵਾ ਲਈ ਅਖੌਤੀ ਲੋਕ ਫਤਵਾ

ਕੇਂਦਰ ਦੀ ਯੂ. ਪੀ. ਏ. ਸਰਕਾਰ ਤੇ ਉਨ੍ਹਾਂ ਤੇ ਕੋਲੀ ਚੱਟ ਇਹ ਕਹਿਣ 'ਚ ਲੱਗੇ ਹੋਏ ਹਨ ਕਿ ਇਸ ਸਰਕਾਰ ਨੂੰ ਆਰਥਕ ਸੁਧਾਰਾਂ ਨੂੰ ਤੇਜ਼ ਕਰਨ ਦਾ ਜਨਮਤ (ਲੋਕਾਂ ਦਾ ਫਤਵਾ) ਮਿਲਿਆ ਹੋਇਆ ਹੈ। ਸਰਕਾਰ ਨੂੰ ਇਸ ਜਨਮਤ ਨੂੰ ਲਾਗੂ ਕਰਨ 'ਚ ਦੇਰੀ ਨਹੀਂ ਕਰਨੀ ਚਾਹੀਦੀ। ਸਰਕਾਰ ਨੇ ਆਪਣੇ ਬਣਦੇ ਹੀ ਵਿੱਤ, ਬੀਮਾ, ਪ੍ਰਚੂਨ ਵਪਾਰ ਤੇ ਅਪ ਨਿਵੇਸ਼ ਦੇ ਖੇਤਰ 'ਚ ਸੁਧਾਰਾਂ ਦਾ ਐਲਾਨ ਕਰ ਦਿੱਤਾ ਸੀ। ਕੀ ਅਸਲ ਵਿਚ ਵੈਸਾ ਹੀ ਹੈ ਜੈਸਾ ਪੂੰਜੀਪਤੀ ਜਮਾਤ ਦੇ ਇਹ ਪਿੱਛਲੱਗ ਕਹਿ ਰਹੇ ਹਨ? ਕੀ ਦੇਸ਼ ਦੀ ਵਿਸ਼ਾਲ ਗਰੀਬ ਆਬਾਦੀ ਅਸਲ ਵਿਚ ਆਰਥਕ ਸੁਧਾਰਾਂ ਨੂੰ ਆਪਣੇ ਲਈ ਫਾਇਦੇਮੰਦ ਮੰਨਦੀ ਹੈ? ਅਜੇ ਸੁਪਰੀਮ ਕੋਰਟ ਵੱਲੋਂ ਗਠਿਤ ਇਕ ਖਾਦ ਕਮਿਸ਼ਨਰ ਐੱਨ. ਸੀ. ਸਕਸੈਨਾ ਨੇ ਰਿਪੋਟ ਦਿੱਤੀ ਹੈ ਕਿ ਗਰੀਬੀ ਦੀ ਰੇਖਾ ਪਿੰਡ 'ਚ ਵਿਅਕਤੀ ਮਾਸਕ 700 ਰੁਪਏ ਖਰਚਾ ਤੇ ਸ਼ਹਿਰਾਂ ਵਿਚ 1000 ਰੁਪਏ ਖਰਚ ਹੋਣੀ ਚਾਹੀਦੀ ਹੈ। ਇਸ ਦੇ ਹਿਸਾਬ ਨਾਲ ਦੇਸ਼ ਦੀ ਤਿੰਨ ਚੌਥਾਈ ਆਬਾਦੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੀ ਹੈ। ਕੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਵਾਲੀ ਦੇਸ਼ ਦੀ ਤਿੰਨ ਚੌਥਾਈ ਆਬਾਦੀ ਆਰਥਕ ਸੁਧਾਰਾਂ ਦੀ ਸਮਰਥਕ ਹੈ? ਕੀ ਇਸ ਨੂੰ ਆਰਥਕ ਸੁਧਾਰਾਂ ਨਾਲ ਫਾਇਦਾ ਹੋਇਆ ਹੈ ਅਤੇ ਹੋਵੇਗਾ? ਖੁਦ ਸਰਕਾਰ ਦੀਆਂ ਸੰਸਥਾਵਾਂ ਇਸ ਬਾਰੇ ਕੀ ਕਹਿੰਦੀਆਂ ਹਨ। ਸਰਕਾਰ ਦੇ ਵਿੱਤ ਮੰਤਰੀ ਆਪਣੇ ਸਲਾਨਾ ਬਜਟ ਭਾਸ਼ਣਾਂ 'ਚ ਝੂਠ ਚਾਹੇ ਜੋ ਮਰਜ਼ੀ ਕਹਿੰਦੇ ਰਹਿਣ ਦੇਸ਼ ਦਾ ਯੋਜਨਾ ਕਮਿਸ਼ਨ ਆਰਥਕ ਸੁਧਾਰਾਂ ਨੂੰ ਗਰੀਬ ਸੁਧਾਰਾਂ ਦੇ ਗਰੀਬ ਅਬਾਦੀ 'ਤੇ ਗੰਭੀਰ ਪ੍ਰਭਾਵ ਪੈਣ ਦੀ ਚਿੰਤਾ ਜ਼ਾਹਰ ਕਰਦਾ ਹੈ। ਉਨ੍ਹਾਂ ਦਾ ਸਾਫ਼ ਕਹਿਣਾ ਹੈ ਕਿ ਆਰਥਕ ਸੁਧਾਰਾਂ ਦਾ ਫਾਇਦਾ ਜ਼ਿਆਦਾਤਰ ਉੱਪਰ ਦੇ ਲੋਕਾਂ ਨੂੰ ਹੋਇਆ ਹੈ, ਗਰੀਬ ਆਬਾਦੀ ਦੀਆਂ ਪ੍ਰੇਸ਼ਾਨੀਆਂ ਇਸ ਨਾਲ ਵਧੀਆਂ ਹਨ। ਇਸ ਦੇ ਹਿਸਾਬ ਨਾਲ ਆਰਥਕ ਸੁਧਾਰਾਂ ਨਾਲ ਮਜ਼ਦੂਰਾਂ ਦੀ ਹਾਲਤ ਖਰਾਬ ਹੋਈ ਹੈ। ਦੇਸ਼ ਵਿਚ ਨਾ ਬਰਾਬਰੀ ਵਧੀ ਹੈ। ਸਰਕਾਰ ਵੱਲੋਂ ਗਠਿਤ ਗੈਰ ਜਥੇਬੰਦ ਖੇਤਰ ਦੇ ਲਈ ਕਮਿਸ਼ਨ ਤਾਂ ਹੋਰ ਵੀ ਅੱਗੇ ਜਾਂਦਾ ਹੈ। ਇਹ ਸਾਫ਼ ਕਹਿੰਦਾ ਹੈ ਕਿ ਆਰਥਕ ਸੁਧਾਰਾਂ ਦੇ ਦੌਰ ਵਿਚ ਜੋ ਵੀ ਨਵੇਂ ਰੁਜ਼ਗਾਰ ਪੈਦਾ ਹੋਏ ਹਨ। ਉਹ ਸਾਰੇ ਗੈਰ ਰਵਾਇਤੀ ਖੇਤਰ 'ਚ ਹਨ ਜਿਥੇ ਘੱਟੋ ਘੱਟ ਮਜ਼ਦੂਰੀ ਵੀ ਨਹੀਂ ਮਿਲਦੀ, ਨੌਕਰੀ ਦੀ ਕੋਈ ਸੁਰੱਖਿਆ ਨਹੀਂ। ਇਸ ਦੇ ਹਿਸਾਬ ਨਾਲ ਦੇਸ਼ ਦੀ 77 ਫੀਸਦੀ ਆਬਾਦੀ ਰੋਜ਼ਾਨਾ 20 ਰੁਪਏ ਤੋਂ ਘੱਟ 'ਤੇ ਕੰਮ ਚਲਾਉਂਦੀ ਹੈ। ਹੁਣ ਜਿਨ੍ਹਾਂ ਆਰਥਕ ਸੁਧਾਰਾਂ ਨਾਲ ਦੇਸ਼ ਦੇ ਗਰੀਬ ਲੋਕਾਂ ਦੀ, ਮਜ਼ਦੂਰਾਂ ਦੀ ਹਾਲਤ ਪਹਿਲਾਂ ਤੋਂ ਖਰਾਬ ਹੋਈ ਹੈ ਉਹ ਭਲਾ ਆਰਥਕ ਸੁਧਾਰਾਂ ਦੇ ਪੱਖ 'ਚ ਕਿਉਂ ਵੋਟ ਪਾਉਣਗੇ? ਕਿਉਂ ਉਹ ਇਸ ਨੂੰ ਹੋਰ ਅੱਗੇ ਵਧਾਉਣ ਦੀ ਵਕਾਲਤ ਕਰਨ ਵਾਲਿਆਂ ਦੀ ਹਮਾਇਤ ਕਰਨਗੇ? ਅਸਲ 'ਚ ਗੱਲ ਠੀਕ ਇਸ ਦੇ ਉਲਟ ਹੈ। ਚੋਣਾਂ ਦੇ ਨਤੀਜੇ ਆਉਣ ਸਮੇਂ ਕਈ ਵਿਸਲੇਸ਼ਕਾਂ ਨੇ ਕਿਹਾ ਕਿ ਦੋਵਾਂ 'ਚ ਕਾਂਗਰਸ ਪਾਰਟੀ ਦੀ ਜਿੱਤ ਦਾ ਕਾਰਨ ਦੋ ਯੋਜਨਾਵਾਂ ਹਨ। ਜਿਨ੍ਹਾਂ ਨੇ ਗਰੀਬਾਂ ਨੂੰ ਰਾਹਤ ਦਿੱਤੀ ਹੈ। ਕਿਸਾਨਾਂ ਦਾ ਕਰਜ਼ੇ ਮੁਆਫੀ ਦੀ ਯੋਜਨਾ ਤੇ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਇਹ ਗੱਲਾਂ 'ਚ ਜੇ

ਥੋੜ੍ਹਾ ਜਿਹਾ ਵੀ ਦਮ ਹੈ ਤਾਂ ਇਹ ਆਰਥਿਕ ਸੁਧਾਰਾਂ ਨੂੰ ਫਤਵਾ ਮਿਲਣ ਵਾਲੀ ਗੱਲ ਦੀਆਂ ਧੱਜੀਆਂ ਉਡਾ ਦਿੰਦੀ ਹੈ। ਕਿਸਾਨਾਂ ਦੀ ਕਰਜਾ ਮੁਆਫ਼ੀ ਦੀ ਯੋਜਨਾ ਚਾਹੇ ਜਿਹੋ ਜਿਹੀ ਹੋਵੇ, ਉਹ ਆਰਥਕ ਸੁਧਾਰਾਂ ਦੇ ਅਨੁਕੂਲ ਨਹੀਂ ਹੈ। ਉਹ ਆਰਥਕ ਸੁਧਾਰਾਂ 'ਚੋਂ ਉਪਜੀ ਭਿਅੰਕਰਤਾ 'ਤੇ ਕਿਸ ਹੱਦ ਤੱਕ ਕੰਟਰੋਲ ਕਰਨ 'ਚ ਕਾਮਯਾਬ ਹੈ। ਇਹ ਤਾਂ ਨਿੱਕੀ ਜਿਹੀ ਕੋਸ਼ਿਸ਼ ਹੀ ਹੈ। ਇਸ ਤਰ੍ਹਾਂ ਪੇਂਡੂ ਰੁਜ਼ਗਾਰ ਯੋਜਨਾ ਇਸ ਗੱਲ ਦੀ ਖੁੱਲ੍ਹੀ ਕਬੂਲੀਅਤ ਹੈ ਕਿ ਭਾਰਤ ਦਾ ਉਦਾਰੀਕ੍ਰਿਤ ਢਾਂਚਾ ਲੋਕਾਂ ਨੂੰ ਰੁਜ਼ਗਾਰ ਨਹੀਂ ਦੇ ਰਿਹਾ ਹੈ ਅਤੇ ਭਾਰਤ ਸਰਕਾਰ ਨੂੰ ਬੇਰੁਜ਼ਗਾਰ ਲੋਕਾਂ ਨੂੰ ਭੀਖ ਦੇਣ ਲਈ ਅੱਗੇ ਆਉਣਾ ਪੈ ਰਿਹਾ ਹੈ। ਜਿਸ ਨਾਲ ਸਥਿਤੀ ਵਿਸਫੋਟਿਕ ਨਾ ਕਿਤੇ ਹੋ ਜਾਵੇ। ਇਸ ਤਰ੍ਹਾਂ ਇਹ ਵੀ ਆਰਥਕ ਸੁਧਾਰਾਂ ਦੇ ਸਿੱਟਿਆਂ ਤੋਂ ਖੈਰਾਤ ਵੰਡ ਕੇ ਨਿਪਟਣ ਦੀ ਕੋਸ਼ਿਸ਼ ਹੈ। ਇਸ ਤਰ੍ਹਾਂ ਆਰਥਕ ਸੁਧਾਰਾਂ ਨੂੰ ਜਨਮਤ ਮਿਲਣ ਦੀ ਗੱਲ ਪੂੰਜੀਪਤੀ ਜਮਾਤ ਦੇ ਕੌਲੀਚੱਟਾਂ ਵੱਲੋਂ ਪ੍ਰਚਾਰਿਤ ਗੱਲ ਹੈ। ਇਸ ਨਾਲ ਸਿਰਫ ਤੇ ਸਿਰਫ ਪੂੰਜੀਪਤੀ ਵਰਗ ਨੂੰ ਫਾਇਦਾ ਹੈ। ਅਜੇ ਤੱਕ ਆਰਥਕ ਸੁਧਾਰਾਂ ਨਾਲ ਭਾਰਤ ਦੀ ਸਰਮਾਏਦਾਰ ਜਮਾਤ ਦੀ ਹੀ ਚਾਂਦੀ ਹੋਈ ਹੈ, ਉਸ ਦੀ ਪੂੰਜੀ 'ਚ ਖੂਬ ਵਾਧਾ ਹੋਇਆ ਹੈ। ਹੁਣ ਉਹ ਵੀ ਖੁੱਲੀ ਛੁੱਟੀ ਚਾਹੁੰਦਾ ਹੈ। ਉਹ ਬਚੇ ਖੁਚੇ ਬੰਧਨਾਂ ਨੂੰ ਵੀ ਤੋੜ ਕੇ ਹੋਰ ਲੁੱਟ ਮਾਰ ਕਰਨੀ ਚਾਹੁੰਦਾ ਹੈ। ਉਨ੍ਹਾਂ ਦੀ ਨਜ਼ਰ ਖਾਸ ਕਰਕੇ ਮਜ਼ਦੂਰਾਂ ਤੇ ਛੋਟੀ ਪੂੰਜੀ ਵਾਲਿਆਂ ਤੋਂ ਹੈ। ਉਹ ਮਜ਼ਦੂਰਾਂ ਲਈ ਬਚੇ-ਖੁਚੇ ਨਿਯਮਾਂ-ਕਾਨੂੰਨਾਂ ਨੂੰ ਵੀ ਖਤਮ ਕਰ ਦੇਣਾ ਚਾਹੁੰਦਾ ਹੈ। ਦੇਸ਼ ਦੇ 90 ਫੀਸਦੀ ਤੋਂ ਵੱਧ ਮਜ਼ਦੂਰਾਂ 'ਤੇ ਇਹ ਨਿਯਮ ਪਹਿਲਾਂ ਹੀ ਲਾਗੂ ਨਹੀਂ ਹੋ ਰਹੇ ਹਨ। ਇਹ ਬਾਕੀਆਂ 'ਤੇ ਵੀ ਲਾਗੂ ਨਹੀਂ ਹੋਣ ਦੇਣਾ ਚਾਹੁੰਦੇ। ਕਿਉਂਕਿ ਇਹ ਦਸ ਫੀਸਦੀ ਮਜ਼ਦੂਰ ਜ਼ਿਆਦਾਤਰ ਸਰਕਾਰੀ ਸੰਸਥਾਵਾਂ ਜਾਂ ਦੇਸ਼ ਦੇ ਵੱਡੇ ਪੂੰਜੀਪਤੀਆਂ ਦੇ ਅਦਾਰਿਆਂ ਵਿੱਚ ਹਨ? ਤਾਂ ਕਿ ਉਹ ਤੇ ਇਨ੍ਹਾਂ ਪੂੰਜੀਵਤੀਆਂ ਨੂੰ ਆਪਣੇ ਅਦਾਰਿਆਂ 'ਚ ਮਜ਼ਦੂਰਾਂ ਦਾ ਖੂਨ ਚੂਸਣ ਦੀ ਪੂਰੀ ਤਰ੍ਹਾਂ ਖੁੱਲ ਮਿਲ ਜਾਵੇ। ਪੂੰਜੀਪਤੀ ਵਰਗ ਨਹੀਂ ਚਾਹੁੰਦਾ ਹੈ। ਉਸ ਦੀ ਸਰਕਾਰ ਵੀ ਇਸ ਦਿਸ਼ਾ 'ਚ ਵਧ ਰਹੀ ਹੈ। ਉਹ ਹੋਰ ਵਧ ਨਿੱਜੀਕਰਨ ਉਦਾਰੀਕਰਨ-ਵਿਸ਼ਵੀਕਰਨ ਦੀ ਦਿਸ਼ਾ ਵਿਚ ਦੇਸ਼ ਦੇ ਅਰਥਚਾਰੇ ਨੂੰ ਧੱਕ ਰਹੀ ਹੈ। ਪਰ ਅਜਿਹਾ ਕਰਕੇ ਨਾਲ ਹੀ ਉਹ ਸਥਿਤੀ ਹੋਰ ਵੱਧ ਧਮਾਕਾਖੇਜ ਹੋਣ ਵੱਲ ਵੀ ਧੱਕ ਰਹੀ ਹੈ। ਵਕਤ ਆਉਣ 'ਤੇ ਪੂੰਜੀਪਤੀ ਵਰਗ ਇਸ ਨੂੰ ਮਹਿਸੂਸ ਕਰੇਗਾ ਪਰ ਤਦ ਤੱਕ ਵਕਤ ਉਸ ਦੇ ਹੱਥੋਂ ਨਿਕਲ ਚੁੱਕਿਆ ਹੋਵੇਗਾ।

# ਕੀ ਹੈ ਚੀਨ 'ਚ ਘੱਟ ਗਿਣਤੀਆਂ ਦੀ ਸਮੱਸਿਆ?

ਚੀਨ ਦੇ ਉਤਰ ਪੱਛਮੀ ਪ੍ਰਾਂਤ ਵਿੱਚ ਵਿਦਰੋਹ ਦੀ ਅੱਗ ਭੜਕ ਪਈ ਹੈ। ਸਥਾਨਕ ਊਈਗਰਾਂ ਤੇ ਹਾਨ ਚੀਨੀਆਂ ਵਿਚਕਾਰ ਖ਼ੂਨੀ ਸੰਘਰਸ਼ 'ਚ ਹੁਣ ਤਕ ਕਰੀਬ 200 ਲੋਕ ਦੀਆਂ ਜਾਨਾਂ ਜਾ ਚੁੱਕੀਆਂ ਹਨ ਅਤੇ ਕੇਂਦਰੀ ਪ੍ਰਸ਼ਾਸ਼ਨ ਦੀ ਸਖਤੀ ਦੇ ਬਾਵਜੂਦ ਇਹ ਵਿਦਰੋਹ ਰਹਿ ਰਹਿ ਕੇ ਉਭਰ ਰਿਹਾ ਹੈ। ਪੰਜ ਜੁਲਾਈ ਨੂੰ ਸਿਨਯਾਂਗ ਦੀ ਰਾਜਧਾਨੀ ਉਰੀਮੁਛੀ 'ਚ ਹਾਨ ਜਾਤੀ ਤੇ ਉਈਗੁਰਾਂ 'ਚ ਹੋਈ ਝੜੱਪ 'ਚ ਮਾਰੇ ਗਏ ਬਹੁਤ ਲੋਕ ਹਾਨ ਮੂਲ ਦੇ ਦੱਸੇ ਜਾਂਦੇ ਹਨ। ਸ਼ਿਨਯਾਂਗ ਨਵੇਂ ਚੀਨ ਦੇ ਪੰਜ ਪ੍ਰਮੁੱਖ ਸਵਾਗਤ ਖੇਤਰਾਂ ਵਿੱਚੋਂ ਇਕ ਹੈ ਅਤੇ ਇਸ ਦਾ ਇਤਿਹਾਸ ਕਾਫੀ ਪੁਰਾਣਾ ਹੈ। ਮੱਧ ਏਸ਼ੀਆ ਦੱਖਣੀ ਏਸ਼ੀਆ ਤੇ ਰੋਮਤਕ ਜਾਣ ਵਾਲੇ ਪ੍ਰਾਚੀਨ ਰੇਸ਼ਮ ਮਾਰਗ ਦਾ ਇਹ ਇਕ ਮਹੱਤਵਪੂਰਨ ਤੇ ਲਾਜਮੀ ਪੜਾਅ ਰਿਹਾ ਹੈ। ਚੀਨ ਸਰਕਾਰ ਦਾ ਦਾਅਵਾ ਹੈ ਕਿ ਸ਼ਿਨਯਾਂਗ ਈਸ ਤੋਂ ਕੋਈ 300 ਸਾਲ ਪਹਿਲਾਂ ਤੋਂ ਉਸ ਦੇ ਅਧਿਕਾਰੀ ਦਾਬੇ ਹੇਠ ਰਿਹਾ ਹੈ ਪਰ ਇਹ ਵੀ ਸੱਚ ਹੈ ਕਿ ਵਿਚ-ਵਿਚ 'ਚ ਇਹ ਉਸ ਦੇ ਹੱਥੋਂ ਜਾਂਦਾ ਵੀ ਰਿਹਾ ਹੈ। ਉਨੀਵੀਂ ਸ਼ਤਾਬਦੀ 'ਚ ਛਿੰਗ ਰਾਜਵੰਸ ਦੌਰਾਨ ਕਈ ਟਕਰਾ ਹਟਾ ਦਰਮਿਆਨ ਇਹ ਫਿਰ ਚੀਨੀ ਮੁੱਖ ਭੂਮੀ ਦਾ ਹਿੱਸਾ ਬਣਿਆ। ਚੀਨੀ ਯਾਤਰੀ ਹਵੇਨਤਸਾਂਗ ਨੇ ਪੱਛਮੀ ਖੇਤਰ ਦੀ ਧਾਰਮਿਕ ਯਾਤਰਾ ਸਮੇਂ ਇਸ ਦਾ ਜ਼ਿਕਰ 'ਅੱਗਰੀ ਪ੍ਰਬਤ' ਵਜੋਂ ਕੀਤਾ ਗਿਆ ਸੀ। ਸ਼ਾਇਦ ਐਸਾ ਉਨ੍ਹਾਂ ਨੇ ਇਸ ਇਲਾਕੇ ਦੇ ਉਚ-ਤਾਪਮਾਨ ਦੇ ਅਧਾਰ 'ਤੇ ਕਿਹਾ ਹੋਵੇਗਾ। ਯਾਨੀ ਚੀਨੀ ਗ੍ਰੰਥਾਂ 'ਚ ਇਸ ਇਲਾਕੇ ਦੇ ਉਚ-ਤਾਪਮਾਨ ਦੇ ਅਧਾਰ 'ਤੇ ਕਿਹਾ ਹੋਵੇਗਾ। ਯਾਨੀ ਚੀਨੀ ਗ੍ਰੰਥਾਂ 'ਚ ਇਸ ਇਲਾਕੇ ਦਾ ਜ਼ਿਕਰ 'ਸ੍ਰੀਮਤੀ' ਯਾਨੀ ਪੱਛਮੀ ਖੇਤਰ ਵਜੋਂ ਮਿਲਦਾ ਹੈ। ਪਰ 1949 'ਚ ਚੀਨ ਲੋਕ ਗਣਰਾਜ ਪਿਛੋਂ ਇਹ ਸ਼ਿਨਚਆਂਗ ਜਾਂ ਨਵਾਂ ਸੀਮਾਂਤ ਅਖਵਾਇਆ। ਅੱਜ ਚੀਨੀ ਰਾਜਕਾਜ 'ਚ ਇਸ ਨਾਂ ਨਾਲ ਕਈ ਵਿਦਵਾਨਾਂ ਨੂੰ ਇਤਰਾਜ ਹੈ। ਉਹ ਇਸ ਨੂੰ ਮੱਧ ਮਾਰਗ ਵਜੋਂ ਵੱਖ ਮੰਗਦੇ ਹਨ। ਪੰਜ ਜੁਲਾਈ ਨੂੰ ਹੋਈਆਂ ਸਥਾਨਕ ਝੜਪਾਂ ਨੇ ਕੁਝ ਐਸਾ ਵਿਕਰਾਲ ਰੂਪ ਧਾਰਨ ਕਰ ਲਿਆ ਕਿ ਚੀਨ ਸਰਕਾਰ ਲਈ ਇਹ ਇਕ ਚੁਣੌਤੀ ਬਣ ਗਿਆ। ਇਨੀ ਵੱਡੀ ਕਿ ਇਟਲੀ 'ਚ ਹੋਏ ਜੀ-8 ਦੇਸ਼ਾਂ ਦੇ ਸੰਮੇਲਨ ਨੂੰ ਛੱਡ ਕੇ ਚੀਨ ਦੇ ਰਾਸ਼ਟਰਪਤੀ ਹੂ-ਚਿੰਨ-ਥਾਓ ਨੂੰ ਆਪਣੇ ਦੇਸ਼ ਪਰਤਨਾ ਪਿਆ। ਹਾਲਾਂਕਿ ਹੁਣ ਇਹ ਵਿਦਰੋਹ ਦਬ ਗਿਆ ਲਗਦਾ ਹੈ ਪਰ ਉਸ ਦੇ ਪਰਛਾਵੇਂ 'ਚ ਸ਼ਿਨਚਆਂਗ 'ਚ ਇਕ ਨਵੇਂ ਬਵੰਡਰ ਦਾ ਡਰ। ਸ਼ਕ ਖਤਮ ਨਹੀਂ ਹੋਇਆ ਹੈ। ਬਹੁਤੇ ਲੋਕ ਇਸ ਨੂੰ ਜਾਤੀ ਵਿਦਰੋਹ ਮੰਨਦੇ ਹਨ ਪਰ ਲਗਦਾ ਹੈ ਕਿ ਇਹ ਘਟਨਾ ਹੁਣ ਅੱਤਵਾਦ ਦੀ ਸ਼ਰਨ 'ਚ ਚਲੀ ਗਈ ਹੈ। ਸੂਚਨਾਵਾਂ ਅਨੁਸਾਰ ਅਲ ਕਾਇਦਾ ਨੇ ਉਰੂਮੁਛੀ 'ਚ ਹੋਏ ਇਸ ਕਾਂਡ ਬਦਲੇ ਚੀਨ ਦੇ ਬਾਹਰ ਕੰਮ ਕਰ ਰਹੇ ਉਸ ਦੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਦਾ ਐਲਾਨ ਕੀਤਾ ਹੈ। ਇਹ ਵੇਖਦੇ ਹੋਏ ਚੀਨ ਨੇ ਅਲਜ਼ੀਰੀਆ 'ਚ ਰਹਿ ਰਹੇ ਆਪਣੇ ਦੇਸ਼ ਦੇ ਨਾਗਰਿਕਾਂ ਨੂੰ ਅਲ-ਕਾਇਦਾ ਦੇ ਸੰਭਾਵਿਤ ਹਮਲੇ ਖਿਲਾਫ ਸੁਚੇਤ ਰਹਿਣ ਨੂੰ ਕਿਹਾ ਹੈ। ਇਸ ਤੋਂ ਸਾਫ਼ ਹੈ ਕਿ ਹੁਣ ਚੀਨ ਵੀ ਅੱਤਵਾਦ ਦੇ ਦਾਇਰੇ 'ਚ ਆ ਗਿਆ ਹੈ। ਇਸ ਤਰ੍ਹਾਂ ਹੁਣ

ਉਸ ਨੂੰ ਪਾਕਿਸਤਾਨ ਦੇ ਉਹਾਂ ਸੂਬਿਆਂ ਤੋਂ ਖਤਰਾ ਪੈਦਾ ਹੋ ਗਿਆ ਹੈ ਜੋ ਅੱਤਵਾਦੀ ਸਰਗਰਮੀਆਂ ਲਈ ਜਾਣੇ ਜਾਂਦੇ ਹਨ। ਪਾਕਿਸਤਾਨ ਨਾਲ ਅੱਛੇ ਸੰਬੰਧਾਂ ਦੇ ਬਾਵਜੂਦ ਚੀਨ ਸਰਕਾਰ ਨੇ ਇਸ ਆਸ ਦੇ ਸੰਕੇਤ ਦਿੱਤੇ ਹਨ ਕਿ ਇਹਨਾਂ ਵਿਦਰੋਹੀ ਤੱਤਾਂ ਦੇ ਸਿਖਲਾਈ ਕੈਂਪ ਸ਼ਾਇਦ ਪਾਕਿਸਤਾਨ ਦੀ ਸੀਮਾ ਦੇ ਅੰਦਰ ਚਲ ਰਹੇ ਹਨ। ਸੰਭਵ ਹੈ ਕਿ ਇਸ ਹਾਲਤ 'ਚ ਉਸ ਨੂੰ ਅੱਤਵਾਦ ਖਿਲਾਫ ਵਿਸ਼ਵ ਵਿਆਪੀ ਮੁਹਿੰਮ 'ਚ ਸ਼ਾਮਲ ਹੋਣਾ ਪਵੇ ਪਰ ਇਹ ਗੱਲ ਅੱਗੇ ਦੀ ਹੈ। ਹਾਲ ਦੀ ਘੜੀ ਏਨਾ ਸਪੱਸ਼ਟ ਹੈ ਕਿ ਵਿਦਰੋਹ ਦੀ ਇਸ ਅੱਗ ਨਾਲ ਚੀਨ ਦੀਆਂ ਚੁਣੌਤੀਆਂ ਵਧ ਗਈਆਂ ਹਨ। ਹਾਲਾਂਕਿ ਚੀਨ ਸਰਕਾਰ ਨੇ ਇਕ ਪ੍ਰਵਾਸ਼ੀ ਸ਼ਿਨਚਆਂਗੀ ਰੇਬਿਆ ਕਾਦਿਰ 'ਤੇ ਦੰਗਾ ਭੜਕਾਉਣ ਦਾ ਦੋਸ਼ ਲਾਇਆ। ਪਰ ਕਾਦਿਰ ਨੇ ਇਸ ਨੂੰ ਸ਼ਿਨੇਚਆਂਗ 'ਚ ਪਨਪ ਰਹੀ ਆਜਾਦੀ ਦਾ ਪ੍ਰਮਾਣ ਦੱਸਿਆ। ਧਿਆਨ ਰਹੇ ਇਸ ਇਲਾਕੇ ਨੂੰ ਕਦੀ ਕਦੀ ਪੂਰਵੀ ਤੁਰਕਿਸਤਾਨ ਵੀ ਕਿਹਾ ਜਾਂਦਾ ਹੈ ਅਤੇ ਸ਼ਿਨਚਆਂਗ ਦੇ ਉਈਗਰ ਜਾਤੀ ਦੇ ਲੋਕ ਇਕ ਖੁਦਮੁਖਤਿਆਰ ਪੂਰਵੀ ਤੁਰਕਿਸਤਾਨ ਦੀ ਸਥਾਪਨਾ ਚਾਹੁੰਦੇ ਹਨ। ਉਹਨਾਂ ਦੇ ਅਤੇ ਚੀਨ ਦੇ ਕੇਂਦਰੀ ਪ੍ਰਸਾਸ਼ਨ ਵਿਚਕਾਰ ਇਸ ਝਮੇਲੇ ਕਾਰਨ ਹਿੰਸਕ ਟਕਰਾਅ ਪਹਿਲਾਂ ਹੀ ਹੁੰਦੇ ਰਹਿੰਦੇ ਹਨ। ਇਸ ਦਾ ਇਕ ਨਮੂਨਾ ਪੇਈਚਿੰਗ 'ਚ ਆਯੋਜਿਤ ਔਲੰਪਿਕ ਖੇਡਾਂ ਦੌਰਾਨ ਵੀ ਵੇਖਣ ਨੂੰ ਮਿਲਿਆ ਸੀ ਜਿਸ ਦਾ ਵਿਕਰਾਲ ਰੂਪ ਬੀਤੀ ਪੰਜ ਜੁਲਾਈ ਨੂੰ ਪ੍ਰਗਟ ਹੋਇਆ। ਦਰਅਸਲ ਚੀਨ ਵਿਚ 1978 'ਚ ਸੁਧਾਰਵਾਦੀ ਨੀਤੀਆਂ ਲਾਗੂ ਹੋਣ ਪਿੱਛੋਂ ਇਹ ਮੰਨਿਆ ਜਾ ਰਿਹਾ ਸੀ ਕਿ ਚੀਨ ਨੂੰ ਇਸ ਲਈ ਕਈ ਤਰ੍ਹਾਂ ਦੇ ਨੀਤੀਗਤ ਤਾਲਮੇਲ ਬਿਠਾਉਣੇ ਪੈਣਗੇ। ਕਿਉਂਕਿ ਦਰਵਾਜ਼ੇ ਖੁਲ੍ਹਣ ਨਾਲ ਬਾਹਰੀ ਹਵਾਵਾਂ ਵੀ ਅੰਦਰ ਆਉਣਗੀਆਂ ਅਤੇ ਆਪਣੇ ਨਾਲ ਖੁਦਮੁਖਤਿਆਰੀ ਜਾਂ ਜਾਤੀ ਆਜ਼ਾਦੀ ਦਾ ਵਿਚਾਰ ਲੈ ਕੇ ਆਵੇਗੀ। ਹਾਂਗਕਾਂਗ ਤੋਂ ਚਲੀਆਂ ਇਹ ਹਵਾਵਾਂ ਹੁਣ ਤਿਬਤ ਖੁਦਮੁਖਤਿਆਰ ਸੂਬੇ ਤੇ ਸ਼ਿਨਚਆਂਗ ਤੱਕ ਆਪਣੇ ਰੰਗ 'ਚ ਆਉਣ ਲੱਗੀ ਹੈ। ਇਹੀ ਨਹੀਂ 1989 ਦੀ ਧਐਨ ਆਨ ਮਨ ਦੀ ਘਟਨਾ ਨੇ ਇਕ ਘਟਗਿਣਤੀ ਜਾਤੀ ਸੂਬਿਆਂ ਤੋਂ ਇਲਾਵਾ ਹਾਨ ਜਾਤੀ ਅੰਦਰ ਵੀ ਅੰਸਤੋਸ਼ ਦੇ ਰੰਗ ਵਿਖਾਏ ਹਨ। ਇਸ ਨੂੰ ਸੁਲਝਾਉਣ ਲਈ ਚੀਨ ਦੇ ਆਪਣੇ ਤਰਕ ਹੋ ਸਕਦੇ ਹਨ। ਪਰ ਨਵੀਆਂ ਨੀਤੀਆਂ ਪਿੱਛੋਂ ਅਜੇਹੇ ਤੂਫਾਨਾਂ ਨੂੰ ਰੋਕ ਸਕਣਾ ਏਨਾ ਸੌਖਾ ਨਹੀਂ ਹੈ। ਇਹ ਸਥਿਤੀ ਊਂਗਮੁਛੀ ਵਿਚ ਹੈ। ਦੂਜਾ ਮਹੱਤਵਪੂਰਨ ਕਾਰਨ ਇਹ ਹੈ ਕਿ ਘੱਟ ਗਿਣਤੀ ਜਾਤੀ ਦੇ ਮੁਕਾਬਲੇ ਇਕ ਪ੍ਰਕਾਰ ਦੇ ਆਰਥਕ ਨਿਰਵਾਸਨ 'ਚ ਵੀ ਖਾਮੀਆਂ ਰਹਿੰਦੀਆਂ ਹਨ ਜਿਸ ਦਾ ਇਲਾਜ ਉਹ ਜਾਤੀ ਪ੍ਰਸਾਸ਼ਨਕ ਖੁਦਮੁਖਤਿਆਰੀ 'ਚ ਵੇਖਦਿਆਂ ਹਨ ਤਾਂ ਅੱਗੇ ਜਾ ਕੇ ਇਕ ਆਜ਼ਾਦ ਦੇਸ਼ ਦੀ ਲੜਾਈ 'ਚ ਬਦਲ ਜਾਂਦਾ ਹੈ। ਸ਼ਿਨਚਆਂਗ ਦਾ ਮੌਜੂਦਾ ਵਿਦਰੋਹ ਇਸ ਦੀ ਇਕ ਝਲਕ ਹੈ। ਜੇ ਕੋਈ ਬਾਹਰੀ ਸਹਾਰਾ ਮਿਲੇ ਤਾਂ ਇਸ ਤਰ੍ਹਾਂ ਦੀਆਂ ਲਾਲਸਾਵਾਂ ਦੇ ਅੱਗ 'ਚ ਬਦਲ ਜਾਣ ਦੀ ਹਾਲਤਾਂ ਕਿਸੇ ਵੀ ਵਕਤ ਸਿਰ ਉਠਾ ਸਕਦੀਆਂ ਹਨ। ਸ਼ਿਨਚਆਗ 'ਚ ਇਸ ਤਰ੍ਹਾਂ ਦੇ ਹਾਲਾਤ ਕਦੀ ਵੀ ਪੈਦਾ ਹੋ ਸਕਦੇ ਹਨ।

ਚੀਨ ਸਰਕਾਰ ਨੂੰ ਅਜੇਹੇ ਅੰਸਤੋਸ਼ ਲਈ ਹੁਣ ਸਥਾਈ ਤੌਰ 'ਤੇ ਤਿਆਰ ਹੋਣਾ ਪਵੇਗਾ ਕਿਉਂਕਿ ਇਹ ਸੋਚ ਹੋਰ ਘੱਟ-ਗਿਣਤੀ ਇਲਾਕਿਆਂ ਵਿਚ ਵੀ ਦਾਖਲ ਹੋ ਸਕਦੀ ਹੈ ਅਤੇ ਹੋ ਸਕਦਾ ਹੈ ਕਿ ਅਪ੍ਰਗਟ ਰੂਪ ਵਿਚ ਇਹਨਾਂ ਇਲਾਕਿਆਂ 'ਚ

ਆਪਣੇ ਆਲ੍ਹਣੇ ਬਣਾ ਚੁੱਕੀਆਂ ਹੋਣ। ਭਾਰਤ ਲਈ ਤਾਂ ਸਮੱਸਿਆਵਾਂ ਨਵੀਆਂ ਨਹੀਂ ਹਨ ਪਰ ਇਕ ਲੋਕ ਰਾਜ ਦਾਇਰੇ 'ਚ ਇਸ ਦੇ ਹੱਲ ਦੀ ਹਾਲਤਾਂ ਵੀ ਤਿਆਰ ਕਰ ਲਈਆਂ ਜਾਂਦੀਆਂ ਹਨ। ਚੀਨ 'ਚ ਨਵੀਂ ਨੀਤੀ ਪਿੱਛੋਂ ਉਸ ਦੇ ਹੱਲ ਦਾ ਇਕ ਰਾਹ ਸਖਤ ਨਾਲ ਕੁਚਲਣਾ ਵੀ ਹੋ ਸਕਦਾ ਹੈ। ਤਾਜ਼ਾ ਘਟਨਾਕ੍ਰਮ 'ਚ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਪੱਛਮੀ ਤਾਕਤਾਂ ਵਲੋਂ ਚੀਨ 'ਤੇ ਇਸ ਦੇ ਦੋਸ਼ ਲਗਦੇ ਰਹੇ ਹਨ। ਤੁਰਕੀ ਨੇ ਤਾਂ ਇਸ ਹੱਤਿਆਕਾਂਡ ਨੂੰ ਰੋਕਣ ਦੀ ਗੁਹਾਰ ਤੱਕ ਲਾਈ ਜਿਸ ਦਾ ਚੀਨ ਸਰਕਾਰ ਨੇ ਸਖਤ ਸ਼ਬਦਾਂ 'ਚ ਖੰਡਨ ਕੀਤਾ। ਇਸ ਤਰ੍ਹਾਂ ਹੁਣ ਚੀਨ ਕੌਮਾਂਤਰੀ ਲੋਕਮਤ ਪ੍ਰਤੀ ਵੀ ਜੁਆਬਦੇਹ ਹੈ। ਇਸ ਵਿਵਾਦ ਦਾ ਸਭ ਤੋਂ ਖਤਰਨਾਕ ਪਹਿਲੂ ਇਹ ਹੈ ਕਿ ਅਲਕਾਇਦਾ ਨੇ ਚੀਨ ਦੇ ਬਾਹਰ ਇਸ ਦਾ ਬਦਲਾ ਲੈਣ ਦਾ ਐਲਾਨ ਕੀਤਾ ਹੈ ਜਿਸ ਦਾ ਮਤਲਬ ਹੈ ਕਿ ਹੁਣ ਅੱਤਵਾਦ ਨਾਲ ਲੜਨ ਦੀ ਵਿਸ਼ਵਵਿਆਪੀ ਮੋਰਚੇ 'ਚ ਚੀਨ ਦੀ ਆਪਣੀ ਹਿੱਸੇਦਾਰੀ ਬਣਾਉਣੀ ਹੋਵੇਗਾ ਜਿਸ ਦੇ ਲਈ ਉਸ ਨੂੰ ਆਪਣੇ ਰਵੱਈਏ ਨੂੰ ਬਦਲਣਾ ਹੋਵੇਗਾ ਅਤੇ ਹੋਰ ਦੇਸ਼ਾਂ ਅੰਦਰ ਚਲ ਰਹੀਆਂ ਇਸ ਪ੍ਰਕਾਰ ਦੀਆਂ ਹਰਕਤਾਂ ਪ੍ਰਤੀ ਸੰਵੇਦਨਸ਼ੀਲ ਹੋਣਾ ਪਵੇਗਾ। ਉਸ ਪਾਸਿਓਂ ਅੱਖਾਂ ਮੀਚ ਕੇ ਚੀਨ ਆਪਣੇ ਆਪ ਨੂੰ ਸੁਰੱਖਿਅਤ ਨਹੀਂ ਸਮਝ ਸਕਦਾ।

ਫਿਰ ਚੀਨ ਲਈ ਸ਼ਿਨਚਆਂਗ ਨੂੰ ਨਜ਼ਰਅੰਦਾਜ਼ ਕਰਨਾ ਵੀ ਇਸ ਲਈ ਸੰਭਵ ਨਹੀਂ ਹੋਵੇਗਾ ਇਹ ਖੇਤਰ ਗੈਸ ਅਤੇ ਜੇਡ ਦੇ ਭੰਡਾਰਾਂ 'ਚ ਗਿਣਿਆ ਜਾਂਦਾ ਹੈ ਅਤੇ ਮੱਧ ਏਸ਼ੀਆ ਅਤੇ ਆਸ ਪਾਸ ਦੇ ਇਲਾਕਿਆਂ ਲਈ ਚੀਨ ਦਾ ਸੰਪਰਕ ਦਰਵਾਜ਼ਾ ਹੈ। ਇਹ ਇਲਾਕਾ ਇਕ ਸਭਿਆਚਾਰ ਕੇਂਦਰ ਵੀ ਰਿਹਾ ਹੈ। ਭਾਰਤ ਵਾਂਗ ਸ਼ਿਨਚਆਂਗ 'ਚ ਵੀ ਇਕ ਕਾਸ਼ੀ ਹੈ। ਜਿਸ ਦੇ ਮਹੱਤਵ ਨੂੰ ਪ੍ਰਾਚੀਨ ਚੀਨੀ ਗ੍ਰੰਥਾਂ 'ਚ ਸਵੀਕਾਰ ਕੀਤਾ ਗਿਆ ਹੈ। ਸਭਿਆਚਾਰ ਦੇ ਇਸ ਕੇਂਦਰ ਨੂੰ ਅੱਤਵਾਦ ਦੇ ਕੇਂਦਰ 'ਚ ਤਬਦੀਲ ਹੋਣ ਤੋਂ ਬਚਾਉਣਾ ਚੀਨ ਲਈ ਇਕ ਵੱਡੀ ਚੁਣੌਤੀ ਹੈ। ਦੇਖਣਾ ਇਹ ਹੈ ਕਿ ਨਵੇਂ ਪ੍ਰਸੰਗ 'ਚ ਚੀਨ ਇਸ ਸਮੱਸਿਆ ਨੂੰ ਦਬਾਉਂਦਾ ਹੈ ਅਤੇ ਉਸ ਦੇ ਕਾਰਨਾਂ ਨੂੰ ਸਮਝ ਕੇ ਕੋਈ ਵਿਚਕਾਰਲਾ ਰਾਹ ਕੱਢਦਾ ਹੈ। ਸਮਝਦਾਰੀ ਦਾ ਵਿਚਕਾਰਲੇ ਰਾਹ ਵਿਚ ਹੀ ਹੈ ਕਿਉਂਕਿ ਸ਼ਿਨਚਆਂਗ ਚੀਨ ਦਾ ਇਕ ਖੁਦਮੁਖਤਿਆਰ ਦੇਸ਼ ਹੈ ਅਤੇ ਆਮ ਜਨਤਾ ਨੂੰ ਉਸ ਖੁਦਮੁਖਤਿਆਰੀ ਪ੍ਰਤੀ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਜਿੱਥੋਂ ਤੱਕ ਬਾਹਰੀ ਤਾਕਤਾਂ ਦੇ ਦਾਖਲ ਦਾ ਸੁਆਲ ਹੈ ਇਸ ਨਾਲ ਨਿਪਟਣ ਦਾ ਇਕ ਉਪਾਅ ਹੈ ਕਿ ਚੀਨ ਵਰਗੀਆਂ ਸਮੱਸਿਆਵਾਂ ਨਾਲ ਗ੍ਰਸਿਤ ਦੇਸ਼ਾਂ ਦੇ ਨਾਲ ਇਕ ਸਾਂਝੀ ਰਣਨੀਤੀ ਬਣਾਵੇ ਤਾਂ ਕਿ ਖੁਦਮੁਖਤਿਆਰੀ ਵੀ ਬਣੀ ਰੀ ਅਤੇ ਚੀਨ ਦੀ ਪ੍ਰਭੂਸੱਤਾ ਵੀ।

# ਪੇਂਡੂਆਂ ਦੇ ਰੁਜ਼ਗਾਰ ਦੇ ਹੱਕਾਂ ’ਤੇ ਫਿਰ ਹਮਲਾ ਕਿਵੇਂ?

ਕੌਮੀ ਰੁਜ਼ਗਾਰ ਗਰੰਟੀ ਕਨੂੰਨ–2005 (ਨਰੇਗਾ) ਦੇ ਮੁਤਾਬਿਕ ਪੇਂਡੂ ਵਿਕਾਸ ਮੰਤਰਾਲੇ ਅਤੇ ਲਾਤੇਹਾਰ ਦੇ ਦਰਮਿਆਨ ਕੀ ਰਿਸ਼ਤਾ ਹੈ? ਦਰਅਸਲ ਮੰਤਰਾਲੇ ਨਰੇਗਾ ਦੀ ਕੇਂਦਰੀ ਨਿਗਰਾਨੀ ਪ੍ਰੀਸ਼ਦ ਦੇ ਗਠਨ ’ਚ ਦੇਰੀ ਕਰਕੇ ਕਨੂੰਨ ’ਤੇ ਅਫਸਰਸ਼ਾਹੀ ਦੀ ਪਕੜ ਮਜ਼ਬੂਤ ਪਕੜ ਦੇ ਦਿਸੇ ਨਤੀਜ਼ਿਆਂ ਨਾਲ ਦੇਸ਼ ਦੇ ਕਰੋੜਾਂ ਬੇਰੁਜ਼ਗਾਰਾਂ ਲਈ ਮੁਸ਼ਕਲ ਤੇ ਹੇਠਲੇ ਪੱਧਰਾਂ ਦੋਹਾਂ ਤੋਂ ਹੈ। ਬੀਤੇ ਨੌ ਮਹੀਨਿਆਂ ਤੋਂ ਨਰੇਗਾ ਕਨੂੰਨ ਦੇ ਮਹੱਤਵਪੂਰਨ ਪੈਰੋਕਾਰ ਕੇਂਦਰੀ ਨਿਗਰਾਨੀ ਪ੍ਰੀਸ਼ਦ ’ਚ ਗੈਰ ਸਰਕਾਰੀ ਮੈਂਬਰਾਂ ਦੀ ਭਾਰੂ ਹੈਸੀਅਤ ਹੈ ਕਿਉਂਕਿ ਗ਼ੈਰ ਸਰਕਾਰੀ ਮੈਂਬਰਾਂ ਦੀ ਸਮਾ ਸੀਮਾ ਖ਼ਤਮ ਹੋ ਚੁੱਕੀ ਹੈ ਅਤੇ ਨਵੇਂ ਚੁਣੇ ਹੀ ਨਹੀਂ ਗਏ ਹਨ। ਸਮਾ ਸੀਮਾ ਖਤਮ ਹੋ ਚੁੱਕੀ ਹੈ ਕਿਉਂਕਿ ਗੈਰ ਸਰਕਾਰੀ ਮੈਂਬਰਾਂ ਦੀ ਭਾਰੂ ਹੈਸੀਅਤ ਹੈ ਅਤੇ ਨਵੇਂ ਚੁਣੇ ਗਏ ਹਨ। ਬੀਤੇ ਸਾਲ ਅਕਤੂਬਰ ’ਚ ਪ੍ਰੀਸ਼ਦ ਕਾਰਜਕਾਲ ਖਤਮ ਹੋ ਚੁਕਿਆ ਹੈ। ਨਵੀਂ ਪ੍ਰੀਸ਼ਦ ਦੇ ਗਠਨ ਸਬੰਧੀ ਫਿਲਹਾਲ ਨਰੇਗਾ ਦੇ ਪਾਲਣ ਹਾਰ ਪੇਂਡੂ ਵਿਕਾਸ ਇਸ ’ਤੇ ਪੇਂਡੂ ਵਿਕਾਸ ਮੰਤਰਾਲੇ ਤੋਂ ਅਜੇ ਕੋਈ ਸੰਕੇਤ ਵੀ ਨਹੀਂ ਮਿਲਿਆ ਹੈ। ਹੁਣ ਇਹ ਕਦੋਂ ਤੱਕ ਹੋਵੇਗਾ? ਇਸ ’ਤੇ ਪੇਂਡੂ ਵਿਕਾਸ ਮੰਤਰੀ ਸੀ. ਪੀ. ਜੋਸ਼ੀ ਸੰਖੇਪ ਜੁਆਬ ਹੈ ‘ਜਲਦੀ ਹੋਵੇਗਾ’ ਨਰੇਗਾ ਕਨੂੰਨ ਦੀ ਧਾਰਾ 17 ਦੇ ਤਹਿਤ ਨਰੇਗਾ ਦੇ ਕੰਮਕਾਜ ਦੇ ਸੋਸ਼ਲ ਅਡਿਟ ਅਤੇ ਕੌਮੀ ਨਿਗਰਾਨ ਪ੍ਰੀਸ਼ਦ ਦੀ ਵਿਵਸਥਾ ਹੈ। ਪ੍ਰੀਸ਼ਦ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ ਜੋ ਨਰੇਗਾ ਕਾਨੂੰਨ ਵਿੱਚ ਸੋਧ, ਪ੍ਰਸਾਸ਼ਨ ਦੇ ਜੁਆਬਦੇਹੀ ਸੋਸ਼ਲ ਅਡਿਟ ਦੇ ਅਮਲ ਤੋਂ ਇਲਾਵਾ ਦੇਸ਼ ਦੇ ਲੱਖਾਂ ਪਿੰਡਾਂ ਵਿੱਚ ਮੌਜੂਦ ਕਰੋੜਾਂ ਕਾਬਲ ਹੱਥਾਂ ਨੂੰ ਸਾਲ ’ਚ 100 ਦਿਨ ਰੁਜ਼ਗਾਰ ਦੇਣ ਲਈ ਸਰਕਾਰ ਦੀ ਵੱਚਨਬੱਧਤਾ ਨੂੰ ਸੁਨਿਸ਼ਚਤਤ ਕਰਦੀ ਹੈ। ਲੋਕਾਂ ਤੇ ਹਕੂਮਤ ਦਰਮਿਆਨ ਭਵਾਜਨ ਰੱਖਣ ਲਈ ਹੀ ਪ੍ਰੀਸਦ ਵਿਚ 15 ਗੈਰ ਸਰਕਾਰੀ ਮੈਂਬਰਾਂ ਦੀ ਵਿਵਸਥਾ ਰੱਖੀ ਗਈ ਹੈ। ਇਸ ਤੋਂ ਇਲਾਵਾ 12 ਨੁਮਾਇੰਦੇ ਦੂਜੇ ਮੰਤਰਾਲਿਆਂ ਤੋਂ ਅਤੇ 8 ਮੈਂਬਰ ਅਜਿਹੇ ਵਿਅਕਤੀ ਹੁੰਦੇ ਹਨ। ਜਿਨ੍ਹਾਂ ਨੇ ਜ਼ਮੀਨੀ ਪੱਧਰ ’ਤੇ ਸਥਾਨਕ ਸੰਸਥਾਵਾਂ ਅਤੇ ਸਥਾਨਕ ਲੋੜਾਂ ਦੇ ਅਨਰੂਪ ਵਿਕਾਸ ਕਾਰਜ ਦੀ ਯੋਜਨਾ ਦਾ ਅਨੁਭਵ ਹੋਏ ਜਦਕਿ ਨਰੇਗਾ ਦਾ ਚੇਅਰਮੈਨ ਪੇਂਡੂ ਵਿਕਾਸ ਮੰਤਰੀ ਹੁੰਦਾ ਹੈ।

ਇਹ ਜਾਨਣਾ ਜ਼ਰੂਰੀ ਹੈ ਕਿ ਕੇਂਦਰੀ ਪ੍ਰੀਸ਼ਦ ਬਾਬਤੇ ਮੰਤਰਾਲੇ ਦੀ ਇਸ ਬੇਰੁਖੀ ਦੇ ਸਿੱਟੇ ਕੀ ਨਿਕਲ ਰਹੇ ਹਨ? ਇਸ ਸਬੰਧੀ ਸੱਤ ਫਰਵਰੀ 2009 ਨੂੰ ਝਾਰਖੰਡ ਦੇ ਲਾਤੇਹਾਰ ਜ਼ਿਲ੍ਹੇ ਵਿੱਚ ਲੱਗੀ ਦੇਸ਼ ਦੀ ਪਹਿਲੀ ਲੋਕ ਅਦਾਲਤ ਅਤੇ ਇਸ ਅਦਾਲਤ ’ਤੇ ਸਰਕਾਰ ਨੂੰ ਸੌਂਪੀ ਗਈ ਸਰਕਾਰੀ ਰਿਪੋਰਟ ਦੀ ਪੜਤਾਲ ਵਾਕਈ ਦਿਲਚਸਪ ਹੈ। ਇਸ ਰਿਪੋਰਟ ਨੂੰ ਤਿਆਰ ਕੀਤਾ ਗਿਆ ਹੈ। ਭਾਰਤੀ ਪ੍ਰਸਾਸ਼ਨਿਕ ਸੇਵਾ ਅਧਿਕਾਰੀ ਨਿਤਿਨ ਚੰਦਰਾ ਅਤੇ ਭਾਰਤੀ ਰਾਜਸਵ ਸੇਵ ਅਧਿਕਾਰੀ ਸਤੇਂਦਰ ਦੁਆਰ ਸਿੰਘ ਦੋਨੋਂ ਹੀ ਨਰੇਗਾ ਪ੍ਰੋਗਰਾਮ ਵਿੱਚ ਨਿਰਦੇਸ਼ਕ ਹਨ ਅਤੇ ਕੌਤੀ ਪ੍ਰਵੇਸ਼ ਦੀ ਹੈਸੀਅਤ ਵਿੱਚ ਲਾਤੇਹਾਰ ਦੀ ਲੋਕ ਅਦਾਲਤ ’ਚ ਮੌਜੂਦ ਸਨ। ਅਜਿਹਾ ਇਹਨਾਂ ਦਾ ਦਾਅਵਾ ਹੈ। ਦੋ ਅਕਤੂਬਰ 2008 ਨੂੰ ਇਕ ਕੌਮੀ ਗਸ਼ਤੀ ’ਚ ਪ੍ਰਧਾਨ ਮੰਤਰੀ

ਮਨਮੋਹਨ ਸਿੰਘ ਦੇ ਸੁਝਾਅ ਪਿਛੋਂ ਪ੍ਰਸਿੱਧ ਅਰਥ ਸ਼ਾਸਤਰੀ ਜਆਦ੍ਰੇਜ ਨੇ ਲਾਤੇਹਾਰ ਵਿੱਚ ਫਰਵਰੀ 2009 ਨੂੰ ਨਰੇਗਾ ਤੇ ਦੇਸ਼ ਦੀ ਪਹਿਲੀ ਲੋਕ ਅਦਾਲਤ ਦੀ ਪਹਿਲ ਕੀਤੀ। ਦ੍ਰੇਜ ਪ੍ਰੀਸ਼ਦ ਦੇ ਗੈਰ ਸਰਕਾਰੀ ਮੈਂਬਰ ਵੀ ਹਨ। ਦੋ ਦਿਨ ਪਹਿਲਾਂ ਹੀ ਪੰਜ ਫਰਵਰੀ ਨੂੰ ਲਾਤੇਹਾਰ ਅਤੇ ਆਸ ਪਾਸ ਦੇ ਇਲਾਕਿਆਂ ’ਚ ਸ਼ੱਕ ਮਚਿਆ ਕਿ ਜਿਸ ਪਾਸ ਜਾਬ ਕਾਰਡ ਹੈ ਅਤੇ 100 ਦਿਨ ਕੰਮ ਨਹੀਂ ਮਿਲਿਆ, ਉਹਨਾਂ ਨੂੰ ਲੋਕ ਅਦਾਲਤ ’ਚ ਭੱਤਾ ਦਿੱਤਾ ਜਾਵੇਗਾ। ਜਦ ਕਿ ਨਰੇਗਾ ਤਹਿਤ ਸਿਰਫ ਕੰਮ ਦੀ ਅਰਜੀ ਦੇਣ ਅਤੇ ਕੰਮ ਨਾ ਮਿਲਣ ਵਾਲਿਆਂ ਨੂੰ ਭੱਤਾ ਦਿੱਤੇ ਜਾਣ ਦੀ ਵਿਵਸਥਾ ਹੈ। ਇਹ ਅਫਵਾਹ ਫੈਲਦਿਆਂ ਹੀ ਕੋਈ ਵੀਹ ਹਜ਼ਾਰ ਲੋਕ ਆਪਣੇ ਜਾਬ ਕਾਰਡਾਂ ਨਾਲ ਅਦਾਲਤ ਵਿੱਚ ਜਮ੍ਹਾ ਹੋ ਗਏ। ਸਭ ਨੇ ਭੱਤੇ ਦੀ ਮੰਗ ਦਿੱਤੀ। ਇਸ ਨਾਲ ਭਿਆਨਕ ਅਫਰਾ ਤਫਰੀ ਮੱਚੀ। ਜ਼ਿਲ੍ਹਾ ਪ੍ਰਸ਼ਾਸਨ ਜਦ ਬੇਰੁਖ਼ ਹੋਇਆ ਤਾਂ ਦ੍ਰੇਜ ਅੰਤ ਦੂਜੇ ਵਰਕਰਾਂ ਨੇ ਵਿਰੋਧ ਦਰਸਾਉਂਦੇ ਸੁਝਾਅ ਦਿੱਤਾ ਕਿ ਭੱਤੇ ਦੀ ਅਰਜੀ ਨੂੰ ਕੰਮ ਦੀ ਦਰਖ਼ਾਸਤ ਮੰਨਦੇ ਹੋਇਆਂ ਪ੍ਰਸਾਸ਼ਨ ਪਾਵਤੀ ਦੇ ਦੇਵੇ। ਲਾਤੇਹਾਰ ਦੇ ਉਪ ਕਮਿਸ਼ਨਰ ਸਰਵੇਦੂ ਨੇ ਪ੍ਰਵਾਨਗੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਪਿਛੋਂ ਮਾਹੌਲ ਖਰਾਬ ਹੋ ਗਿਆ। ਗੱਲ ਵਿਰੋਧ ਜਲੂਸ ਤਕ ਪਹੁੰਚੀ। ਬਾਵਜੂਦ ਲਾਤੇਹਾਰ ਦੇ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਕੋਈ ਹੱਲ ਨਾ ਦੇ ਸਕੇ। ਇਸ ’ਤੇ ਹਾਲ ਦੀ ਘੜੀ ਮੁੜ ਕੇ ਆਈ. ਪੀ. ਸੀ. ਅਫਸਰਾਂ ਨਿਤਿਨ ਚੰਦਰਾ ਅਤੇ ਸਤੇਂਦਰ ਦੁਆਰ ਸਿੰਘ ਨੇ ਜੋ ਰਿਪੋਰਟ ਕੇਂਦਰ ਸਰਕਾਰ ਦੇ ਪੇਂਡੂ ਵਿਕਾਸ ਮੰਤਰਾਲੇ ਨੂੰ ਸੌਂਪੀ ਹੈ ਕਿ ਨਿਤਿਨ ਚੰਦਰਾ ਲੋਕ ਅਦਾਲਤ ਤੋਂ ਇਕ ਦਿਨ ਪਹਿਲਾਂ ਛੇ ਫਰਵਰੀ ਨੂੰ ਬਾਅਦ ਦੁਪਹਿਰ ਲਾਤੇਹਾਰ ਪਹੁੰਚੇ ਸਨ ਅਤੇ ਅਗਲੇ ਦਿਨ ਸ਼ਾਮ ਨੂੰ ਲਾਤੇਹਾਰ ਵਿੱਚ ਮੌਜੂਦ ਨਹੀਂ ਸਨ। ਜਦਕਿ ਰਿਪੋਰਟ ਦੇ ਸਹਿ ਲੇਖਕ ਸਤੇਂਦਰ ਦੁਆਰ ਸਿੰਘ ਦੀ ਮੌਜੂਦਗੀ ਦੀ ਮੌਜੂਦਗੀ ਦਾ ਲੋਕਾਂ ਨੂੰ ਪਤਾ ਤੱਕ ਨਾ ਲੱਗਿਆ। ਸਰਸਰੀ ਨਜ਼ਰ ਮਾਰਨ ਤੋਂ ਸਾਫ ਪਤਾ ਲੱਗਦਾ ਹੈ ਕਿ ਪੂਰੀ ਰਿਪੋਰਟ ਤੱਥਾਂ ਤੋਂ ਪੂਰੀ ਤਰ੍ਹਾਂ ਖਾਲੀ ਹੈ। ਰਿਪੋਰਟ ’ਚ ਜ਼ਿਕਰ ਹੈ ਦਿਨ ਭਰ ਭਾਰਤੀ ਸਟੇਟ ਬੈਂਕ ਅਤੇ ਖੋਹਲਣ ’ਚ ਰੁੱਝੇ ਦਿਸੇ।’ ਪਰ ਕਿੰਨੇ ਖਾਤੇ ਖੋਹਲੇ ਗਏ। ਰਿਪੋਰਟ ’ਚ ਗਿਣਤੀ ਦਰਜ ਨਹੀਂ ਹੈ। ਪੂਰੀ ਰਿਪੋਰਟ ’ਚ ਇਕ ਵੀ ਪੇਂਡੂ ਬੇਰੁਜ਼ਗਾਰ ਦਾ ਜ਼ਿਕਰ ਤਕ ਨਹੀਂ ਹੈ ਜਦਕਿ ਲੋਕ ਅਦਾਲਤ ਦਾ ਮਕਸਦ ਹੀ ਪੇਂਡੂ ਬੇਰੁਜ਼ਗਾਰਾਂ ਨੂੰ ਰਾਹਤ ਦੇਣਾ ਸੀ। ਸਭ ਤੋਂ ਵੱਧ ਇਤਰਾਜ਼ ਉਠ ਰਿਹਾ ਹੈ। ਅਫਵਾਹ ਅਤੇ ਅਫਵਾਹ ਫੈਲਾਉਣ ਵਾਲਿਆਂ ਦੀ ਭੂਮਿਕਾ ’ਤੇ ਹੈ। ਰਿਪੋਰਟ ਮੁਤਾਬਕ ਕੁਝ ਲੋਕਾਂ ਨੇ ਸੁਆਰਥ ਤੋਂ ਪ੍ਰੇਰਿਤ ਹੋ ਕੇ ਬੇਰੁਜ਼ਗਾਰੀ ਭੱਤੇ ਦੀ ਅਫਵਾਹ ਫੈਲਾਈ।’ ਮਾਮਲੇ ਦੀ ਤਹਿ ਵਿੱਚ ਜਾਣ ਦੀ ਪ੍ਰਵਾਹ ਕੀਤੇ ਬਣੇ ਰਪਟ ’ਚ ਡਿਪਟੀ ਕਮਿਸ਼ਨਰ ਦੇ ਦਫਤਰ ਤਕ ਜਲੂਸ ਦੀ ਅਗਵਾਈ ਕਰਨ ਵਾਲਿਆਂ ਨੂੰ ਜਿੰਮੇਵਾਰ ਠਹਿਰਾ ਦਿੱਤਾ ਗਿਆ ਹੈ। ਅਗਵਾਈ ਇਥੇ ਦ੍ਰੇਜ ਕਰ ਰਹੇ ਸਨ। ਪਰ ਦ੍ਰੇਜ ਨੇ ਵਿਰੋਧ ਜਲੂਸ ਦੀ ਅਗਵਾਈ ਕਿਉਂ ਕੀਤੀ? ਦਰਅਸਲ ਜਦ ਬੇਰੁਜ਼ਗਾਰਾਂ ਦਾ ਗੁੱਸਾ ਬੇਕਾਬੂ ਹੋ ਉਠਿਆ ਤੇ ਦ੍ਰੇਜ ਸਿਰਫ ਭੱਠਿਆਂ ਦੀਆਂ ਦਰਖਾਸਤਾਂ ਨੂੰ ਕੰਮ ਦੀ ਅਰਜੀ ਮੰਨੇ ਜਾਣ ਦੀ ਮੰਗ ਸਬੰਧੀ ਡੀ. ਸੀ. ਦੀ ਰਿਹਾਇਸ਼ ਤਕ ਟੋਲੀ ਦੀ ਸਕਲ ਵਿਚ ਗਏ ਸਨ।

ਰਿਪੋਰਟ ’ਚ ਲਾਤੇਹਾਰ ’ਚ ਸਰਗਰਮ ਗੈਰ ਸਰਕਾਰੀ ਸੰਗਠਨ ‘ਗ੍ਰਾਮ ਸਵਰਾਜ ਮੁਹਿੰਮ’ ’ਤੇ ਵੀ ਪ੍ਰਤੀਕੂਲ ਟਿੱਪਣੀ ਕੀਤੀ ਗਈ ਹੈ। ਜਦ ਕਿ ਇਸ ਸੰਗਠਨ

ਦੀ ਪਹਿਲ 'ਤੇ ਨਰੇਗਾ ਉਤੇ ਪਹਿਲੀ ਲੋਕ ਅਦਾਲਤ ਸੰਭਵ ਹੋ ਸਕੀ। ਦੋਨੋਂ ਅਧਿਕਾਰੀ ਹੀ ਆਪਣੀ ਰਿਪੋਰਟ 'ਚ ਇਸ ਸੰਗਠਨ ਦੀ ਅਹਿਮ ਭੂਮਿਕਾ ਮੰਨਦੇ ਹਨ ਪਰ ਸੰਗਠਨ ਦੀ ਸ਼ਾਖ ਨੂੰ ਸ਼ੱਕੀ ਕਰਾਰ ਦੇਣ ਵਿਚ ਵੀ ਗੁਰੇਜ ਨਹੀਂ ਕਰਦੇ। ਸਥਾਨਕ ਅਫਸਰਾਂ ਦੀ ਮਾਰਫਤ ਬਿਨਾ ਕਿਸੇ ਅਫਸਰ ਦੇ ਨਾਂ-ਅਹੁਦੇ ਦਾ ਜ਼ਿਕਰ ਕੀਤੇ ਬਗੈਰ ਰਿਪੋਰਟ ਦੱਸਣ ਦੀ ਕੋਸ਼ਿਸ਼ ਕਰਦੀ ਹੈ ਕਿ ਅਫਵਾਹ ਫੈਲਾਉਣ ਵਿੱਚ ਇਸ ਸੰਗਠਨ ਦੀ ਭੂਮਿਕਾ ਨੂੰ ਸੰਦੇਹ ਤੋਂ ਪਰਾਂ ਨਹੀਂ ਰੱਖਿਆ ਜਾ ਸਕਦਾ।

ਕਾਨੂੰਨ ਦੇ ਤਹਿਤ ਗਠਿਤ ਕੇਂਦਰੀ ਨਿਗਰਾਨ ਪ੍ਰੀਸ਼ਦ ਦੀ ਦੁਰਲਬਤਾ ਦੇ ਪ੍ਰੀਮਾਣਾ ਦਾ ਅਹਿਸਾਸ ਹੋ ਜਾਂਦਾ ਹੈ। ਰਿਪੋਰਟ ਵਿੱਚ ਗੈਰ-ਸਰਕਾਰੀ ਮੈਂਬਰਾਂ ਦੀ ਰਾਇ ਸ਼ਾਮਲ ਕਰਨ ਦੀ ਲੋੜ 'ਤੇ ਸਤਿੰਦਰ ਸਿੰਘ ਨੇ ਕਿਹਾ, 'ਅਸੀਂ ਜ਼ਰੂਰੀ ਨਹੀਂ ਸਮਝਿਆ, ਕਿਉਂਕਿ ਮੇਰੇ ਸਰਕਾਰੀ ਮੈਂਬਰਾਂ ਦਾ ਕਾਰਜਕਾਲ ਖਤਮ ਹੋ ਚੁੱਕਿਆ ਹੈ ਅਤੇ ਨਵੇ ਮੈਂਬਰ ਅਜੇ ਨਿਯੁਕਤ ਨਹੀਂ ਹੋਏ ਹਨ। ਫਿਰ ਪ੍ਰੀਸ਼ਦ ਕਿਸ ਨਾਲ ਕੰਮ ਕਰ ਰਹੀ ਹੈ? ਇਸ 'ਤੇ ਸਤੇਂਦਰ ਸਿੰਘ ਨੇ ਕਿਹਾ, ਪ੍ਰੀਸ਼ਦ ਦੇ ਗੈਰ ਸਰਕਾਰੀ ਮੈਂਬਰਾਂ ਦਾ ਕਾਰਜਕਾਲ ਖਤਮ ਹੋ ਚੁਕਿਐ ਸਰਕਾਰੀ ਮੈਂਬਰਾਂ ਦਾ ਨਹੀਂ ਫਿਰ ਕਿਸ ਹੈਸੀਅਤ ਨਾਲ ਪ੍ਰਸ਼ੀਦ ਸਰਗਰਮ ਕਿਉਂ ਹੈ? ਜਾਂ ਫਿਰ ਬਿਨਾਂ ਪ੍ਰੀਸ਼ਦ ਦੇ ਹੀ ਨਰੇਗਾ ਦਾ ਕੰਮ ਚੱਲ ਰਿਹਾ ਹੈ। ਇਸ 'ਤੇ ਸਤੇਂਦਰ ਸਿੰਘ ਨੇ ਕਿਹਾ ਜਿਵੇਂ ਰਾਜ ਸਭਾ ਕਦੇ ਭੰਗ ਨਹੀਂ ਹੁੰਦੀ। ਉਵੇਂ ਹੀ ਪ੍ਰਸ਼ੀਦ ਸਥਾਈ ਹੈ ਅਤੇ ਸਰਕਾਰੀ ਮੈਂਬਰ ਬਣੇ ਰਹਿੰਦੇ ਹਨ। ਸਮਾਜਕ ਵਰਕਰਾਂ ਨੇ ਰਿਪੋਰਟ ਦੇ ਕੁਝ ਅੰਸ਼ਾਂ 'ਤੇ ਗੰਭੀਰ ਇਤਰਾਜ਼ ਉਠਾਇਆ ਹੈ। ਇਸ 'ਤੇ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੀ ਸਕੱਤਰ ਗੀਤਾ ਸ਼ਰਮਾ ਅਤੇ ਸੰਯੁਕਤ ਸਕੱਤਰ ਅਮਿਤਾ ਸ਼ਰਮਾ ਨੂੰ ਨਿਰਾਜਗੀ ਪੱਤਰ ਵੀ ਲਿਖਿਆ ਜਾ ਚੁਕਿਆ ਹੈ। ਇਲਾਹਾਬਾਦ ਦੇ ਗੋਬਿੰਦ ਵਲਭ ਪੰਤ ਸਮਾਜਿਕ ਵਿਗਿਆਨ ਸੰਸਥਾਨ ਦੇ ਨਿਰਦੇਸ਼ਕ ਪ੍ਰਦੀਪ ਭਾਰਗਵ ਪਹਿਲਾਂ ਹੀ ਲੋਕ ਅਦਾਲਤ ਨੂੰ ਭੇਦ ਖੋਲ੍ਹ ਚੁੱਕੇ ਹਨ। ਭਾਰਗਵ ਇਕ ਸੁਝਾਅ ਵੀ ਦਿੰਦੇ ਹਨ, "ਪਿੰਡ ਪੱਧਰ 'ਤੇ ਨਰੇਗਾ ਲਈ ਪੈਸਾ ਤਾਂ ਪੰਚਾਇਤ ਦਿੰਦੀ ਹੈ ਪਰ ਕਾਰਯੋਜਨਾ ਡਵੀਜਨ ਵਿਕਾਸ ਅਧਿਕਾਰ ਦੇ (ਬੀ. ਡੀ. ਓ.) ਹੱਥਾਂ ਵਿੱਚ ਰਹਿੰਦੀ ਹੈ। ਕੋਈ ਤਾਲਮੇਲ ਨਹੀਂ ਬੈਠਦਾ ਇਹ ਅਧਿਕਾਰ ਵੀ ਪੰਚਾਇਤਾਂ ਨੂੰ ਵੀ ਦੇ ਦਿੱਤਾ ਜਾਣਾ ਚਾਹੀਦੈ।

✪✪✪